ੴ ਸਤਿਗੁਰ ਪ੍ਰਸਾਦਿ॥

# ਪੰਜ ਗ੍ਰੰਥੀ ਸਟੀਕ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ
ਨਵੀਂ ਦਿੱਲੀ--110 001



www.sikhbookclub.com

**Panj Granthi Steek**

*Bhai Vir Singh*

ISBN # 978-93-80854-97-7
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
11ਵੀਂ ਛਾਪ, ਮਈ, 2010

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer :***
Print Media
1331, Chok Sangatrashan,
Paharganj, New Delhi - 110055
(m) 9810765258

ਮੁੱਲ : 250/- ਰੁਪਏ


www.sikhbookclub.com

## ਛਪਾਈ ਦਾ ਵੇਰਵਾ


| | | | |
|---|---|---|---|
| ਪਹਿਲੀ | ਵਾਰ | – – | 1940 |
| ਦੂਜੀ | ” | ਨਵੰਬਰ, | 1950 |
| ਤੀਜੀ | ” | ਜੂਨ, | 1966 |
| ਚੌਥੀ | ” | ਜਨਵਰੀ, | 1976 |
| ਪੰਜਵੀਂ | ” | ਦਸੰਬਰ, | 1980 |
| ਛੇਵੀਂ | ” | ਫਰਵਰੀ, | 1992 |
| ਸਤਵੀਂ | ” | ਫਰਵਰੀ, | 1996 |
| ਅਠਵੀਂ | ” | ਅਕਤੂਬਰ, | 1999 |
| ਨੌਵੀਂ | ” | ਜੁਲਾਈ, | 2005 (Computerized) |
| ਦਸਵੀਂ | ” | ਜੂਨ, | 2008 |




www.sikhbookclub.com

ੴ ਸਤਿਗੁਰ ਪ੍ਰਸਾਦਿ॥

*****************

# ਪੰਜ ਗ੍ਰੰਥੀ ਸਟੀਕ

## ਜਪੁਜੀ*

**ਇਸ** ਬਾਣੀ ਦੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਨਾਮ 'ਜਪੁਜੀ' ਨਹੀਂ ਲਿਖਿਆ ਹੋਇਆ, ਪਰ 'ਗੁਰ ਪ੍ਰਸਾਦਿ' ਦੇ ਮਗਰੋਂ 'ਜਪੁ' ਲਿਖਿਆ ਹੋਇਆ ਹੈ ਤੇ ਤਤਕਰੇ ਵਿਚ ਇਸ ਦਾ ਨਾਮ 'ਜਪੁ ਨੀਸਾਣ'[੧] ਦਿਤਾ ਹੋਇਆ ਹੈ। ਆਮ ਪ੍ਰਸਿੱਧ ਨਾਮ 'ਜਪੁਜੀ' ਹੈ। 'ਜਪੁ' ਦੇ ਨਾਲ 'ਜੀ' ਪਦ ਅਦਬ ਵਾਸਤੇ ਵਰਤਦੇ ਹਨ। ਇਹ ਬਾਣੀ ਆਦਿ ਗੁਰੂ ਸਾਹਿਬ ਜੀ ਦੀ ਹੈ ਤੇ ਇਹ ਸਿਖਾਂ ਦੇ ਅੰਮ੍ਰਿਤ ਵੇਲੇ ਦਾ ਨਿਤਨੇਮ ਦਾ ਪਾਠ ਹੈ, ਭਾਈ ਗੁਰਦਾਸ ਜੀ ਨੇ ਲਿਖਿਆ ਹੈ:- 'ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ'। ਅਰਥਾਤ ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ (ਸ਼ਾਮਾਂ ਨੂੰ) ਸੋਦਰ (ਰਹਿਰਾਸ) ਆਰਤੀ ਅਤੇ ਸਵੇਰੇ ਜਪੁਜੀ ਦਾ ਪਾਠ ਹੁੰਦਾ ਹੈ। 'ਨਾਮ' ਤੇ 'ਵਡਿਆਈ ਵੀਚਾਰੁ' ਅਰਥਾਤ 'ਸਿਫਤ ਸਲਾਹ' ਦਾ ਵੇਲਾ ਜਪੁਜੀ ਦੇ ਵਿਚ ਗੁਰੂ ਜੀ ਨੇ ਆਪ ਬੀ ਅੰਮ੍ਰਿਤ ਵੇਲਾ ਦੱਸਿਆ ਹੈ- 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ[੨]'।

ਇਹ ਬਾਣੀ ਆਸਾ ਦੀ ਵਾਰ ਵਾਂਗੂ ਦੀਵਾਨ ਵਿਚ ਸੰਗੀਤ ਵਿਚ ਗਾਈ ਨਹੀਂ ਜਾਂਦੀ, ਪਰ ਹਰੇਕ ਸਿੱਖ ਨੂੰ ਆਪੇ ਆਪ ਮਨ ਜੋੜ ਕੇ ਇਸ ਦੇ ਰੋਜ਼ ਪਾਠ ਕਰਨੇ ਦੀ ਰਹੁਰੀਤਿ ਹੈ, ਯਥਾ: 'ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤ੍ਰ ਜਪਾਇਆ।' (ਵਾਰ ੨੬-੪)। ਰਹਿਤਨਾਮਿਆਂ ਵਿਚ ਗੁਰੂ ਸਾਹਿਬਾਂ ਦੇ ਆਪ ਇਸ ਦੇ ਪਾਠ ਕਰਨ ਦੇ ਜ਼ਿਕਰ ਆਉਂਦੇ ਹਨ।

ਜਪੁਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਵਾਂ ਦਾ ਸਾਰ ਭੀ ਸਮਝਿਆ ਜਾਂਦਾ ਹੈ। ਇਸ ਵਿਚ ਗੁਰਸਿੱਖੀ ਦੇ ਨੇਮ, ਸਾਧਨ ਤੇ ਆਦਰਸ਼ ਆਦਿਕ ਨਿਰੂਪਣ ਹੋਏ ਹਨ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧ ਤੋਂ ੮ ਤਕ।

੧. 'ਉਹਾਂ ਦਰਗਾਹ ਵਿਚਿ ਜਿਸੁ ਪਾਸਿ ਜਪੁ ਨੀਸਾਣ ਹੋਵੈਗਾ ਸੁ ਮੈ ਪਾਸਿ ਆਵੈਗਾ'। (ਟੀ:,੧੭੫੮, ੧੮੨੫ ਬਿ:)। ਜਿਸ ਦਾ ਅਰਥ ਇਹ ਦੱਸਿਆ ਹੈ ਕਿ ਜਪੁਜੀ ਨੂੰ ਪਰਮੇਸ਼ੁਰ ਦੀ ਸਿਫਤ ਸਲਾਹ ਜਾਣਕੇ ਪੜ੍ਹਨ ਵਾਲਾ ਮੁਕਤ ਹੋਵੇਗਾ, 'ਇਹ 'ਨੀਸਾਣ' ਉਸ ਦੇ ਨਾਲ ਦਰਗਾਹ ਵਿਚ ਜਾਵੇਗਾ।

੨. 'ਗੁਣ ਗਾਉਣ ਤੇ ਵੀਚਾਰਣ' ਸੱਚੀ ਬਾਣੀ ਦ੍ਵਾਰਾ ਸਭ ਤੋਂ ਉਤਮ ਹੁੰਦਾ ਹੈ, ਇਉਂ 'ਵਡਿਆਈ ਵੀਚਾਰੁ' ਦਾ ਭਾਵ ਗੁਰਬਾਣੀ ਤੇ ਆ ਘਟਦਾ ਹੈ।


www.sikhbookclub.com

੧ਓ

ਸਤਿਨਾਮੁ

ਕਰਤਾ ਪੁਰਖੁ

ਨਿਰਭਉ

ਨਿਰਵੈਰੁ

ਏਕਤ੍ਵ[1] ਹੈ (ਨਿਰੰਕਾਰ, ਜੋ ਨਾਨਤ੍ਵ ਵਿਚ) ਓਂਕਾਰ[2] (ਰੂਪ ਹੋ ਕੇ ਫੇਰ ਏਕਤ੍ਵ) ਹੈ। (ਉਹ ਏਕਤ੍ਵ) ਸਦਾ ਥਿਰ (ਏਕਤ੍ਵ ਹੈ, ਉਸ ਦਾ) ਨਾਮ ਹੀ ਹੈ ('ਸਤ੍ਯ' ਅਰਥਾਤ) ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ[3]। (ਉਹੀ ਦਿੱਸ ਰਹੀ ਤੇ ਨਾ ਦਿੱਸ ਰਹੀ ਨਾਨਤ੍ਵ ਦਾ) ਰਚਣਹਾਰ ਹੈ, (ਨਿਰੀ ਕੋਈ ਨਿਰਜਿੰਦ ਸ਼ਕਤੀ ਜਾਂ ਸੱਤਾ ਮਾਤ੍ਰ ਨਹੀਂ ਪਰ ਉਹ) ਪੁਰਖ ਹੈ, (ਪੁਰਖ ਉਹ ਜੀਵ ਅਰਥਾਂ ਵਿਚ ਨਹੀਂ ਪਰ ਜੀਵ ਸ਼ਰੇਣੀ ਦੇ ਬਨਾਉਣ ਵਾਲਾ ਕਰਤਾ ਪੁਰਖ[4] ਹੈ, ਬ੍ਰਹਮਾਦਿਕਾਂ ਵਾਂਙੂ ਦੇਵਤਾ ਸ਼ਰੇਣੀ ਵਿਚੋਂ ਵੀ ਪੁਰਖ ਨਹੀਂ ਜੋ ਭੈ ਤੇ ਵੈਰ ਵਿਰੋਧ ਵਿਚ ਆਏ, ਓਹ ਤਾਂ) ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ[5]। (ਇਨ੍ਹਾਂ ਸਭਨਾਂ ਤੋਂ ਓਹ ਇਉਂ ਬੀ ਉੱਚਾ ਹੈ ਕਿ ਏਹ ਸਾਰੇ ਕਾਲ ਵਿਚ ਆਏ ਪਰ ਉਹ ਅਕਾਲ[6]

---

੧. ੧=ਇਕ, ਇਹ ਸੰਗਯਾ ਹੈ, ਸੰਖ੍ਯਾ ਵਾਚਕ ਵਿਸ਼ੇਸ਼ਣ ਨਹੀਂ। 'ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥' (ਬਿ: ਮ: ੧-੮੩੮)

੨. 'ਓਂ' ਇਹ ਪੁਰਾਤਨ ਸਮੇਂ ਤੋਂ ਪਰਮੇਸ਼੍ਵਰ ਦਾ ਲਖਾਯਕ ਅੱਖਰ ਹੈ। ਗੁਰਮਤ ਵਿਚ ਉਚਾਰਣ ਇਸ ਦਾ 'ਓਅੰਕਾਰ' ਹੈ। ਯਥਾ-ਓਅੰਕਾਰੁ ਕੀਆ ਜਿਨਿ ਚਿਤਿ॥ (ਰਾ:ਦਖ:ਓਅੰ:)। ਇਹ ਅੱਖਰ ਸੰਕੇਤ ਹੈ ਵਾਹਿਗੁਰੂ ਜੀ ਦੇ ਸਮੁੱਚੇ ਸਰੂਪ ਦਾ, ਜਿਸ ਵਿਚ ਉਸ ਦੀ ਨਿਰਗੁਣਤਾ ਤੇ ਸਰਗੁਣਤਾ ਅਭੇਦ ਰੂਪ ਵਿਚ ਵਿਦਮਾਨ ਹੈ, ਕਾਰਜ ਤੇ ਕਾਰਣ ਰੂਪਤਾ ਸੰਮਿਲਿਤ ਹੈ। ਪਰੰਤੂ ਵ੍ਯਾਕਰਣ ਵਾਲੇ 'ਓਂ' ਦਾ (ਧਾਤੂ ਅਵ=ਰੱਖ੍ਯਾ ਕਰਨੀ ਤੋਂ ਬਣਿਆ ਦੱਸ ਕੇ) ਰਖ੍ਯਕ ਅਰਥ ਭੀ ਕਰਦੇ ਹਨ। ਇਸ ਨੂੰ ਮੰਗਲ ਜਨਕ ਪਦ ਬੀ ਦੱਸਦੇ ਹਨ। ਉਪਨਿਸ਼ਦਾਂ ਵਿਚ ਇਹ ਨਿਰਗੁਨ ਸਰਗੁਨ ਦਾ ਲਖਾਯਕ ਦੱਸਿਆ ਹੈ ਤੇ ਹੋਰ ਤ੍ਰੈ ਆਦਿ ਵੰਡ ਵਿਚ ਕਰਕੇ ਵੇਰਵੇ ਬਹੁਤ ਦਿਤੇ ਹਨ। ਪੌਰਾਣਕਾਂ ਨੇ ਇਸ ਨੂੰ ਉ.ਅ.ਮ. ਤ੍ਰੈ ਅੱਖਰਾਂ ਤੋਂ ਬਣਿਆਂ ਦੱਸ ਕੇ ਬ੍ਰਹਮਾ ਬਿਸ਼ਨੁ ਮਹੇਸ਼ ਅਰਥ ਬੀ ਲਏ ਹਨ। ਪਰ ਗੁਰਮਤਿ ਵਿਚ ਇਹ ਕਿਸੇ ਐਸੀ ਵੰਡ ਵਿਚ ਨਹੀਂ ਵੰਡੀਜਦਾ। ਇਹ ਇਕ ਅੱਖਰ ਹੈ ਤੇ ਪਰਮੇਸ਼ੁਰ ਇਸ ਦਾ ਅਰਥ ਹੈ। ਇਹ ਲਖਾਯਕ ਹੈ ਓਸ ਨਿਰਗੁਣ ਦਾ ਜੋ ਸਰਗੁਣਤਾ ਧਾਰਨ ਕਰਕੇ ਫਿਰ ਇਕ ਹੀ ਹੈ। ਯਥਾ- ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ॥ (ਬਾ:ਅ:ਮ:੫-੨੫੦)

੩. ਸਤਿ=ਜੋ ਕਾਲ ਅਕਾਲ ਸਦਾ ਹੀ ਥਿਰ ਰਹੇ, ਕਾਲ ਜਿਸ ਪਰ ਹਾਵੀ ਨਾ ਹੋਵੇ।

੪. ਕਰਤਾ ਪੁਰਖ=ਸਾਂਖ (ਤੇ ਯੋਗ) ਨੇ 'ਪੁਰਖੁ' ਮੰਨਿਆਂ ਹੈ, ਜਿਸ ਦੀ ਮੁਰਾਦ ਅਰਬੀ ਪਦ 'ਰੂਹ' ਸਮਾਨ ਹੈ। ਸਾਂਖ ਦਾ 'ਪੁਰਖ' ਕਰਤਾ ਨਹੀਂ ਹੈ। ਯੋਗ ਦਾ 'ਪੁਰਖ ਵਿਸ਼ੇਖ' ਬੀ ਕਰਤਾ ਨਹੀਂ, ਇਹ ਗੁਰੂ ਜੀ ਦਾ ਦੱਸਿਆ 'ਪੁਰਖ' ਕਰਤਾ ਹੈ, ਅਰਥਾਤ ਕਰਤਾ ਪੌਰਖ੍ਤ੍ਵ ਵਾਲਾ ਚੇਤਨ ਵਜੂਦ ਹੈ। ਕੋਈ ਅਚੇਤਨ ਸ਼ਕਤੀ ਮਾਤ੍ਰ ਨਹੀਂ, ਨਾ ਹੀ ਕੋਈ ਨਿਸ਼ਚਖ੍ਟ (Passive) ਅਚੇਤਨ ਹੋਂਦ ਮਾਤ੍ਰ ਹੈ; ਪੁਰਖ ਦਾ ਹੋਰ ਅਰਥ-ਸਾਰੇ ਪਰਿਪੂਰਣ-ਬੀ ਹੈ, ਜੋ ਕਰਤਾ ਹੋ ਕੇ ਵੱਖ ਨਹੀਂ ਬੈਠਾ ਹੋਇਆ, ਪਰ ਆਪਣੀ ਰਚਨਾ ਵਿਚ ਪਰਿਪੂਰਣ ਹੈ।

੫. ਬ੍ਰਹਿਮਾਂ ਆਦਿਕਾਂ ਨੂੰ 'ਕਰਤਾ', 'ਚੇਤਨ' ਤੇ 'ਦੇਵਤਾ' ਕਰਕੇ ਮੰਨਿਆਂ ਜਾਂਦਾ ਹੈ, ਪਰ ਓਹ ਡਰ ਤੇ ਵੈਰ, ਆਦਿਕ ਭਾਵਾਂ ਵਿਚ ਵਰਤੇ। ਇਸ ਕਰਕੇ ਆਪਣੇ ਕਰਤਾ ਪੁਰਖ ਨੂੰ ਗੁਰੂ ਜੀ ਨੇ ਨਿਰਭਉ ਨਿਰਵੈਰ ਕਿਹਾ ਹੈ। ਫਿਰ ਉਸ ਤੋਂ ਵੱਡਾ ਕੋਈ ਹੈ ਨਹੀਂ, ਇਸ ਕਰਕੇ ਨਿਰਭਉ ਹੈ। ਉਸ ਦੇ ਤੁੱਲ ਕੋਈ ਨਹੀਂ ਇਸ ਕਰਕੇ ਨਿਰਵੈਰ ਹੈ।

੬. ਇਹ ਕਰਤਾ ਪੁਰਖ ਕਾਲ ਦੇ ਵੱਸ ਵਿਚ ਬੀ ਨਹੀਂ ਹੈ। ਦਸਮ ਗੁਰੂ ਜੀ ਫੁਰਮਾਉਂਦੇ ਹਨ:-

ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸ ਕਾਲ ਸਬੈ ਹੈਂ॥ (ਦੇਵ ਗੰਧਾਰੀ ਪਾ: ੧੦)। ਮੂਰਤਿ ਤੋਂ ਮੁਰਾਦ ਵਜੂਦ ਯਾ ਸਰੂਪ ਦੀ ਹੈ। ਭਾਵ, ਉਸ ਦਾ ਸਰੂਪ ਹੈ ਅਰ ਉਹ ਸਰੂਪ ਕਾਲ ਤੋਂ ਰਹਿਤ ਹੈ।


www.sikhbookclub.com

| | |
|---|---|
| ਅਕਾਲ ਮੂਰਤਿ<br>ਅਜੂਨੀ ਸੈਭੰ<br>ਗੁਰਪ੍ਰਸਾਦਿ॥<br>॥ਜਪੁ॥<br>ਆਦਿ ਸਚੁ<br>ਜੁਗਾਦਿ ਸਚੁ॥<br>ਹੈ ਭੀ ਸਚੁ<br>ਨਾਨਕ ਹੋਸੀ ਭੀ ਸਚੁ॥੧॥ | ਹੈ, ਅਕਾਲ ਹੋ ਕੇ ਉਹ ਅਣਹੋਂਦ ਨਹੀਂ, ਉਹ ਮੂਰਤ=ਹੋਂਦ ਹੈ ਅਰਥਾਤ ਉਸ ਦਾ) ਸਰੂਪ ਕਾਲ ਤੋਂ ਰਹਿਤ ਹੈ, (ਸੋ ਉਸ ਦਾ ਵਜੂਦ ਜੀਵਾਂ ਯਾ ਅਵਤਾਰਾਂ ਵਾਂਙੂ ਜਨਮ ਵਿਚ ਆਉਣੇ ਵਾਲਾ ਨਹੀਂ) ਉਹ ਜੂਨ (ਵਿਚ ਆਉਣ) ਤੋਂ ਰਹਿਤ ਹੈ[੧] (ਅਰਥਾਤ ਉਸ ਦੇ ਵਜੂਦ ਦਾ ਕੋਈ ਕਾਰਣ ਨਹੀਂ, ਸਗੋਂ ਉਹ ਤਾਂ) ਆਪਣੇ ਆਪ ਤੋਂ, ਆਪ ਪ੍ਰਕਾਸ਼ ਸਰੂਪ ਹੈ[੨]। (ਐਸਾ ਹੈ ਉਹ ਸਤਜ ਸਰੂਪ ਅਕਾਲ ਪੁਰਖ ਜਿਸ ਦਾ ਪ੍ਰਤਿਪਾਦਨ ਜਪੁਜੀ ਵਿਚ ਹੋਣਾ ਹੈ, ਉਹ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ[੩]। ਜਪੁ[੪]।<br><br>(ਉਹ) ਆਦਿ ਵਿਚ ਸੱਚ ਸੀ, ਜੁਗਾਂ ਦੇ ਆਦਿ ਵਿਚ ਸੱਚ ਸੀ ਹੁਣ ਭੀ ਸਚੁ ਹੈ, ਹੋਵੇਗਾ ਭੀ ਸਚੁ[੫] (ਕਹਿੰਦੇ ਹਨ ਗੁਰੂ) ਨਾਨਕ। |

---

੧ ਸੰਸ:, ਯੋਨਿ। ਪ੍ਰਾਕ੍ਰਿਤ, ਜੋਨਿ। ਪੁ: ਪੰਜਾਬੀ, ਜੋਨ ਤੇ ਜੂਨ। ਅ+ਜੂਨ+ਈ=ਅਜੂਨੀ=ਜੋ ਗਰਭ ਵਿਚ ਨਾ ਆਵੇ, ਜਿਸ ਦੀ ਉਤਪਤੀ ਦਾ ਕਾਰਣ ਨਾ ਹੋਵੇ। ਕਾਰਣ ਰਹਿਤ। (ਦੇਖੋ ਅਗਲੀ ਟੂਕ)

੨. ਸੋ ਗੁਰਮਤ ਦਾ ਨਿਰੰਕਾਰ ਜੀਕੂੰ ਭੈ, ਵੈਰ ਤੇ ਕਾਲ ਤੋਂ ਉਪਰ ਹੈ ਤਿਵੇਂ ਜਨਮ ਤੋਂ ਯਾ ਕਿਸੇ ਕਾਰਣ ਤੋਂ ਵਜੂਦ ਵਿਚ ਆਉਣ ਵਾਲੇ ਸਰੂਪ ਤੋਂ ਬੀ ਉਪਰ ਹੈ। ਸ੍ਵੇਤਾ ਸ੍ਵਤਰ ਉਪਨਿਖਦ ਦੇ ੬, ੧੬ ਵਿਚ ਪਰਮਾਤਮਾਂ ਨੂੰ ਆਤਮਯੋਨਿ (=Self Sourced) ਕਿਹਾ ਹੈ (ਸਫਾ ੪੧੦ ਹਜ਼ੂਮ ਦੇ ਤਰਜੁਮੇ ਦਾ)। ਇਹੋ ਭਾਵ 'ਅਜੋਨਿ' ਦਾ ਹੈ। ਜਿਸ ਦਾ ਕਾਰਣ ਕੋਈ ਨਹੀਂ, ਉਹ ਆਪ ਹੀ ਆਪਣਾ ਕਾਰਣ ਹੈ। ਉਹ ਤਾਂ ਸੈਭੰ='ਸੁਤੇ ਪ੍ਰਕਾਸ਼ ਆਪਣੇ ਆਪ ਤੋਂ' ਹੈ। (ਸੰਸ:,ਸ੍ਵਯੰ। ਪ੍ਰਾਕ੍ਰਿਤ, ਸਯੰ। ਪੁ: ਪੰਜਾਬੀ, ਸਯ, ਸੈ। ਸੰਸ: ਤੇ ਪ੍ਰਾਕ੍ਰਿਤ 'ਭਾ'=ਪ੍ਰਕਾਸ਼, ਚਾਨਣਾ। 'ਭਾ' ਤੋਂ, 'ਭੰ', ਸੈਭੰ=ਆਪਣੇ ਆਪ ਤੋਂ ਆਪ ਪ੍ਰਕਾਸ਼ ਸਰੂਪ)।

੩. ਉਸ ਦੀ ਪ੍ਰਾਪਤੀ ਦਾ ਸਾਧਨ ਸੰਖੇਪ ਵਿਚ ਐਉਂ ਕਥਨ ਕਰਦੇ ਹਨ, ਕਿ ਉਸ ਦੀ ਪ੍ਰਾਪਤੀ ਗੁਰੂ ਦੀ ਮਿਹਰ ਨਾਲ ਹੁੰਦੀ ਹੈ। ਪ੍ਰਸਾਦਿ, ਸੰਸਕ੍ਰਿਤ 'ਪ੍ਰਸਾਦਜ' ਦਾ ਰੂਪ ਹੈ, ਅਰਥ ਹੈ ਗੁਰੂ ਕ੍ਰਿਪਾ ਦੁਆਰਾ। ਗੁਰਬਾਣੀ ਵਿਚ ਗੁਰਪ੍ਰਸਾਦਿ ਦਾ ਇਹ ਅਰਥ ਆਪ ਬੀ ਕੀਤਾ ਹੋਯਾ ਹੈ: 'ਗੁਰ ਪ੍ਰਸਾਦਿ ਪਾਈਐ ਪਰਮਾਰਥੁ'॥ (ਸਵ:ਮ:੪ ਕੇ)। ਗੁਰਪ੍ਰਸਾਦਿ ਦਾ ਅਰਥ ਗੁਰੂ ਦੀ ਕ੍ਰਿਪਾ ਦ੍ਵਾਰਾ ਹੈ 'ਗੁਰੂ ਵੱਡਾ' ਨਹੀਂ ਉਸ ਦਾ ਪ੍ਰਮਾਣ ਇਹ ਹੈ- 'ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥'(ਮਾ:ਸੋ:ਮ:੫-੮-੧੦੧੮)। ਪੁਨਾ:-'ਹਰਿ ਜੀਉ ਸਭ ਮਹਿ ਰਹਿਆ ਸਮਾਈ॥ ਗੁਰਪਰਸਾਦੀ ਪਾਇਆ ਜਾਈ॥' (ਮਾ:ਸੋ:ਮ:੩-੧੫-੧੦੬੬)।

ਅਗੇ ਉਸਦੇ ਸਰੂਪ ਗੁਣ ਤੇ ਪ੍ਰਾਪਤੀ ਦੇ ਵੇਰਵੇ ਦੇਣਗੇ। ਇਸ ਮੂਲਮੰਤ੍ਰ ਵਿਚ ਸਰੂਪ ਦਾ ਵਰਣਨ ਕੀਤਾ ਹੈ।

੪. ਜਪੁ, ਇਸ ਬਾਣੀ ਦਾ ਨਾਉਂ ਹੈ, ਤਤਕਰੇ ਵਿਚ ਨਾਮ 'ਜਪੁ ਨੀਸਾਣੁ' ਆਇਆ ਹੈ। ਪਰ ਇਸ ਪਦ ਦੇ ਏਥੇ ਰਖਣ ਵਿਚ ਭਾਵ ਇਹ ਹੈ ਕਿ ਇਹ ਪਾਠ ਜਪ ਕਰਨ ਵਾਸਤੇ ਹੈ, ਜਪੁ ਕਰੋ। (ਦੇਖੋ ਪੁਸਤਕ ਪੰਜ ਪਉੜੀਆਂ ਦਾ ਟੀਕਾ) 'ਜਪੁ' ਪਦ ਦਾ ਅਰਥ 'ਜਪੁ ਕਰੋ' ਬੀ ਆਉਂਦਾ ਹੈ, (ਦੇਖੋ ਸਵ:ਮ:੧ ਕੇ:-'ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ'। ਸੁਖਮਨੀ ਵਿਚ 'ਜਾਪੁ' ਪਦ ਵੀ 'ਜਪੁ ਕਰੋ' ਦੇ ਅਰਥਾਂ ਵਿਚ ਆਇਆ ਹੈ:- 'ਰੇ ਮਨ ਮੂੜ ਤੂ ਤਾਕਉ ਜਾਪੁ'॥ (ਗਉ:ਸੁਖ:।)

੫. ਆਦਿ-ਜਿਸ ਨੂੰ ਸਮਾਂ ਕਹੀਦਾ ਹੈ ਉਸ ਦੇ ਆਰੰਭ ਹੋਣੇ ਤੋਂ ਪਹਿਲੋਂ। ਸ੍ਰਿਸ਼ਟੀ ਦੇ ਆਦਿ ਹੋਣ ਤੋਂ ਪਹਿਲੋਂ। ਜੁਗਾਦਿ=ਜਦੋਂ ਯੁਗ ਸ਼ੁਰੂ ਹੋਏ ਗਿਣੀਂਦੇ ਹਨ, ਸ੍ਰਿਸ਼ਟੀ ਰਚਨਾ ਦੇ ਮੁੱਢ ਤੋਂ। ਇਸ ਦਾ ਭਾਵ ਹੈ ਕਿ ਉਹ ਸਦਾ ਸਤਿ ਹੈ। ਅਰਥਾਤ ਸਦਾ ਆਪਣੇ ਸਰੂਪ ਵਿਚ ਜਿਉਂ ਕਾ ਤਿਉਂ ਸਥਿਤ ਹੈ। ਅਰਥਾਤ ਜੋ ਦੇਸ਼ ਕਾਲ ਨਮਿਤ ਯਾ ਦੇਸ਼ ਕਾਲ ਵਸਤੂ ਤਿੰਨਾਂ ਤੋਂ ਅਤੀਤ ਹੋਵੇ ਅਰ ਫੇਰ ਨੇਸਤੀ ਨਾ ਹੋਵੇ, ਪਰ ਹਸਤੀ ਹੋਵੇ। (ਧਾਤੂ, ਅਸ=ਹੋਣਾ)।


www.sikhbookclub.com

[੧]

ਇਸ 'ਸੱਚ' ਦੀ ਪ੍ਰਾਪਤੀ ਕਿਵੇਂ ਹੋਵੇ? ਇਹ ਗੱਲ ਜਪੁਜੀ ਵਿਚ ਨਿਰੂਪਣ ਹੋਣੀ ਹੈ। ਪਹਿਲਾਂ ਓਹ ਸਾਧਨ ਦੱਸਦੇ ਹਨ ਜੋ ਪਰਵਿਰਤ ਹਨ, ਪਰ ਕਾਰੀ ਨਹੀਂ, ਫੇਰ ਓਹ ਦੱਸਣਗੇ ਜੋ ਸੱਚ ਮੁੱਚ ਕਾਰਗਰ ਹਨ।

[ਸਚਿਆਰ ਬਣਨੇ ਦੇ ਪਰਵਿਰਤ ਸਾਧਨ :-]

[੧]

**ਸੋਚੈ ਸੋਚਿ ਨ ਹੋਵਈ**
**ਜੇ ਸੋਚੀ ਲਖ ਵਾਰ॥**

(ਇਸ ਸਤਜ ਸਰੂਪ ਨੂੰ ਪ੍ਰਾਪਤ ਕਰਨੇ ਨਮਿਤ ਸਚਿਆਰ ਹੋਣ ਲਈ ਕੂੜ ਦੀ ਕੰਧ ਤੋੜਨੇ ਦੀ ਲੋੜ ਹੈ ਜੋ ਕੰਧ ਕਿ ਨਹੀਂ ਟੁੱਟਦੀ ਇਸਨਾਨ ਆਦਿ ਸਰੀਰ ਧੋਣ ਵਾਲੇ ਕਰਮਾਂ ਨਾਲ, ਕਿਉਂਕਿ ਸਰੀਰਕ) ਸੋਚ ਕਰਨ ਨਾਲ (ਮਨ ਦੀ) ਸੁਚ ਨਹੀਂ ਪ੍ਰਾਪਤ ਹੁੰਦੀ, ਚਾਹੇ ਲਖ ਵਾਰੀ ਸੁੱਚਮ ਪਿਆ ਕਰਾਂ[੧]।

**ਚੁਪੈ ਚੁਪ ਨ ਹੋਵਈ**
**ਜੇ ਲਾਇ ਰਹਾ ਲਿਵਤਾਰ॥**

(ਭਲਾ ਜੇ ਮੈਂ ਬੋਲਾਂ ਹੀ ਨਾਂ, ਤਾਂ ਤਾਂ ਝੂਠ ਬੰਦ ਹੋ ਗਿਆ? ਆਪੇ ਸਚਿਆਰ ਬਣ ਗਿਆ, ਇਸ ਪਰ ਦੱਸਦੇ ਹਨ ਕਿ ਬੋਲਣ ਵੱਲੋਂ) ਚੁੱਪ ਕਰ ਰਹਿਣ ਨਾਲ (ਮਨ ਨੂੰ ਵਾਸ਼ਨਾ ਦੇ ਵੇਗ ਦੀ ਕੂੜੀ ਲਗਨ ਵੱਲੋਂ) ਚੁੱਪ (ਸ਼ਾਂਤੀ) ਨਹੀਂ ਹੋ ਸਕਦੀ, ਚਾਹੇ (ਇਕ) ਤਾਰ (ਬੱਝਵੀਂ) ਲਿਵ ਲਾਈ ਰਖਾਂ[੨]। (ਭਲਾ ਜੇ ਬ੍ਰਤ ਧਾਰਨ ਕਰ ਲਵਾਂ ਤਾਂ ਸਚਜਾਰ ਹੋ ਜਾਵਾਂ? ਫੁਰਮਾਉਂਦੇ ਹਨ: ਇਸੇ ਤਰ੍ਹਾਂ ਬ੍ਰਤ ਧਾਰਨ ਕਰਕੇ=)

**ਭੁਖਿਆ ਭੁਖ ਨ ਉਤਰੀ**
**ਜੇ ਬੰਨਾ ਪੁਰੀਆ ਭਾਰ॥**

ਭੁਖਿਆਂ ਰਹਿਣੇ ਨਾਲ (ਵਾਸ਼ਨਾਂ ਵਿਚ ਵੱਸਣੇ ਵਾਲੀ ਕੂੜੇ ਪਦਾਰਥਾਂ ਦੀ) ਭੁੱਖ (=ਤ੍ਰਿਸ਼ਨਾ ਕਦੇ) ਤ੍ਰਿਪਤ ਨਹੀਂ ਹੁੰਦੀ, ਚਾਹੇ (ਬ੍ਰਤਾਂ ਦੇ ਪ੍ਰਭਾਵ

---

੧. ਸੋਚੈ=ਸੋਚ ਕਰਨੇ ਨਾਲ। ਸ਼ੋਚ=ਸੌਚ, ਸੁਚ, ਪਵਿਤ੍ਰਤਾ। ਸ਼ੋਚੀ=ਸੌਚ ਕਰਾਂ। (ਸੰਸ: ਸੌਚ=ਜਲ ਮਿੱਟੀ ਆਦਿ ਨਾਲ ਪਵਿਤ੍ਰਤਾ ਕਰਨੀ)। ਸੁਚਿ=ਪਵਿਤ੍ਰਤਾ (ਦੇਖੋ ਕੋਸ਼ ਖਾ:ਟ੍ਰੈ:ਸੁ:)। ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ (ਸੁਖ:)। (ਅ) ਸੋਚੇ=ਸੋਚ ਕਰਨੇ ਨਾਲ। ਮਾਨਸਿਕ ਵੀਚਾਰ ਮਾਤ੍ਰ ਦੇ ਕਰਨੇ ਨਾਲ। ੧੮੨੫ ਬਿ: ਤੋਂ ਪਹਿਲੇ 'ਸੋਚ' ਦਾ ਅਰਥ 'ਮਨ ਦੀ ਵੀਚਾਰ ਨਾਲ' ਕੀਤਾ ਜਾਂਦਾ ਰਿਹਾ ਹੈ। ਸੋਚਣਾ=ਵੀਚਾਰ ਕਰਨਾ। ੧੮੫੨ ਵਿਚ 'ਪਵਿਤ੍ਰਤਾ ਕਰਨੇ ਨਾਲ' ਅਰ 'ਸ਼ੰਸ਼ਾ ਕਰਨੇ ਨਾਲ' ਅਰਥ ਕੀਤੇ ਗਏ। ਫਿਰ ਭਾਈ ਮਨੀ ਸਿੰਘ ਦੇ ਟੀਕੇ ਵਿਚ ਤੇ ੧੮੯੯ ਵਿਚ ਭਾ: ਸੰਤੋਖ ਸਿੰਘ ਦੇ ਲਿਖੇ ਟੀਕੇ ਵਿਚ 'ਜਲ ਮ੍ਰਿਤਕਾ ਆਦਿ ਤੋਂ ਜੋ ਸੋਚ ਕੀਤੀ ਜਾਵੇ' ਅਰਥ ਕੀਤੇ ਗਏ। ਇਸ ਤੋਂ ਮਗਰੋਂ ਪੰਡਤ ਟੀਕਾਕਾਰਾਂ ਨੇ ਦੁਇ ਅਰਥ ਐਉਂ ਮਿਲਾ ਲਏ:- (ਕੇਵਲ) ਸੋਚ (ਵੀਚਾਰ) ਮਾਤ੍ਰ ਦੇ ਕਰਨ ਨਾਲ ਮਨ ਦੀ ਸ਼ੋਚ(=ਪਵਿਤ੍ਰਤਾ) ਨਹੀਂ ਹੋ ਸਕਦੀ, (ਪਵਿਤ੍ਰਤਾ ਦੇ ਕਰਮ ਨਾਮ ਜਪ ਆਦਿ ਦੇ ਕਰਨ ਨਾਲ ਪਵਿਤ੍ਰਤਾ ਹੁੰਦੀ ਹੈ)। ਅਥਵਾ (ਇਸ਼ਨਾਨ ਆਦਿਕ) ਪਵਿਤ੍ਰਤਾ ਦੇ ਕਰਨੇ ਨਾਲ (ਮਨ ਦੀ) ਪਵਿਤ੍ਰਤਾ ਨਹੀਂ ਹੋ ਸਕਦੀ, ਤੁਸੀਂ ਭਾਵੇਂ ਲੱਖਾਂ ਵਾਰ ਸੋਚ ਵੀਚਾਰ ਕਰਕੇ ਵੇਖ ਲਵੋ।

੨. ਇਥੇ 'ਵਾਸ਼ਨਾ ਰੁਕ ਕੇ ਨਾਮ ਦੇ ਪ੍ਰਵਾਹ ਵਿਚ ਮਗਨ ਹੋਣਾ' ਲਿਵਤਾਰ ਦਾ ਭਾਵ ਨਹੀਂ, ਪਰ ਬਗਲੇ ਯਾ ਬਿੱਲੀ ਵਾਂਙੂ ਇਕ ਟੱਕ ਧਯਾਨ ਜੋੜਨ ਤੋਂ ਭਾਵ ਹੈ, ਜਦੋਂ ਉਹ ਸਰੀਰ ਕਰਕੇ ਚੁੱਪ ਹੁੰਦੇ ਹਨ ਪਰ ਮਨ ਵਿਚ ਮੱਛੀ ਤੇ ਚੂਹੇ ਦੀ ਵਾਸ਼ਨਾ ਬੋਲ ਰਹੀ ਹੁੰਦੀ ਹੈ। 'ਲਿਵ' ਪਦ ਬਗਲੇ ਦੀ ਸ਼ਮਾਧੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਹੈ: 'ਠਗ ਦਿਸਟਿ ਬਗਾ ਲਿਵ ਲਾਗਾ।' (ਪ੍ਰਭਾਤੀ ਬੇਣੀ ਜੀ।)

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥**

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

ਕਰਕੇ ਚੌਦਾਂ) ਪੁਰੀਆਂ[1] (ਦੇ ਪਦਾਰਥਾਂ) ਦੇ ਭਾਰ ਪ੍ਰਾਪਤ ਕਰ ਲਵਾਂ[2]।

(ਭਲਾ ਜੇ ਸੰਜਮ ਸਾਧਨ ਛਡ ਕੇ ਬੁੱਧੀ ਦੀ ਚਾਤੁਰਯਤਾ ਵਰਤੀ ਜਾਏ ਤਾਂ? ਫੁਰਮਾਉਂਦੇ ਹਨ ਕਿ) ਸਿਆਣਪਾਂ[3] ਚਾਹੋ ਹਜ਼ਾਰਾਂ ਲੱਖਾਂ ਹੋਣ (ਓਹ ਹਉਂ ਆਸ਼੍ਰਿਤ ਹੋਣ ਕਰਕੇ ਉਰੇ ਹੀ ਰਹਿ ਜਾਂਦੀਆਂ ਹਨ, ਧੁਰ ਸੱਚ ਦੇ ਦੇਸ਼ ਤੱਕ) ਇਕ ਬੀ ਨਾਲ ਨਹੀਂ ਜਾਂਦੀ। (ਫਿਰ ਦੱਸੋ) ਕੀਕੂੰ ਸਚਿਆਰ ਬਣੀਏ ਤੇ ਕੂੜ ਦੀ ਕੰਧ ਕਿਕੁਰ ਟੁੱਟ ਜਾਵੇ? (ਜੋ ਸਾਡੇ ਤੇ ਉਸ ਦੇ ਵਿਚਾਲੇ ਵਿੱਥ ਪਾ ਰਹੀ ਹੈ[4])।

---

੧. ਭਾਵ, ਬ੍ਰਤ ਧਾਰਨ ਕਰਨੇ ਨਾਲ ਭੀ ਸਚਜਾਰ ਨਹੀਂ ਹੋ ਸਕੀਦਾ ਕਿਉਂਕਿ 'ਬ੍ਰਤ ਆਦਿ' ਕਰਨੇ ਕਰਮ ਕਾਂਡ ਦੱਸਦਾ ਹੈ ਤੇ ਉਸ ਅਨੁਸਾਰ ਬ੍ਰਤ ਦਾ ਫਲ ਪਦਾਰਥਾਂ ਦੀ ਪ੍ਰਾਪਤੀ ਹੈ, ਪਦਾਰਥਾਂ ਦੀ ਪ੍ਰਾਪਤੀ ਤ੍ਰਿਸ਼ਨਾ ਨੂੰ ਵਧਾਉਂਦੀ ਹੈ। ਪਦਾਰਥਾਂ ਦੀ ਤ੍ਰਿਸ਼ਨਾਂ ਕੂੜ ਵਿਚ ਰਖਦੀ ਹੈ, ਕਿਉਂਕਿ ਪਦਾਰਥ ਤਾਂ ਇਥੋਂ ਦੇ ਕੀਹ ਇੰਦਰ ਆਦਿਕ ਪੁਰੀਆਂ ਦੇ ਬੀ ਕੂੜੇ (ਨਾਸ਼ਮਾਨ) ਹਨ।

੨. ਅੰਦਰ ਮਨ ਨੂੰ ਤੇ ਮਨ ਕਰਕੇ ਅੱਖਾਂ, ਕੰਨ, ਨੱਕ, ਮੂੰਹ ਸਾਰੇ ਇੰਦ੍ਰਿਆਂ ਨੂੰ ਭੁੱਖ ਮਾਰ ਰਹੀ ਹੈ, ਉਹ ਕੇਵਲ ਅੰਨ ਦੇ ਤਿਆਗ ਨਾਲ ਕਿਵੇਂ ਹਟੇ? ਇਸ ਦਾ ਉਪਾਉ ਇਉਂ ਹੈ:-

ਆਖਣਿ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥ ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥(ਮਾਝ:ਵਾਰ-੧੯)

ਸੂਚਨਾ- ਕਈ 'ਭੁਖਿਆ' ਦਾ ਅਰਥ ਭੁਖਿਆਂ ਰਹਿਣ ਦੀ ਥਾਂ 'ਭੁੱਖੇ ਰਹਿਣ ਵਾਲੇ' ਕਰ ਲੈਂਦੇ ਹਨ। ਭੁਖਿਆਂ ਦਾ ਅਰਥ ਭੁਖੇ (=ਤ੍ਰਿਸ਼ਨਾਲੂ) ਕਰਨ ਨਾਲ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ 'ਅਕਾਂਡ ਪ੍ਰਕਥਨ ਦੋਖ' ਆਉਂਦਾ ਹੈ (ਅਕਾਂਡ ਪ੍ਰਕਥਨ ਦੋਸ਼=ਪ੍ਰਥਮ ਕਰੈ ਬਰਨਨ ਜਿਸ ਤਾਈਂ। ਬੀਚਹਿ ਖਰਨਹਿ ਔਰ ਬਨਾਈ)। 'ਭੁਖਿਆ' ਦਾ ਅਰਥ 'ਤ੍ਰਿਸ਼ਨਾ ਆਸ਼ਕਤ ਰਹਿਣ ਨਾਲ' ਕੀਤਿਆਂ ਬੀ ਦੂਖਨ ਦੂਰ ਨਹੀਂ ਹੁੰਦਾ ਕਿਉਂਕਿ ਤ੍ਰਿਸ਼ਨਾ ਦੇ ਵੱਸ ਰਹਿਣਾ ਕੋਈ ਸਾਧਨ ਨਹੀਂ ਹੈ, ਜੈਸੇ ਕਿ 'ਸੋਚ' ਤੇ 'ਚੁਪ' ਸਾਧਨ ਹਨ। ਤੁਕ ਦੇ ਅਰਥ ਕਠਨ ਹੋਣ ਕਰਕੇ ਹੋਰ ਬੀ ਐਉਂ ਜਤਨ ਗੁਣੀ ਜਨਾਂ ਵਲੋਂ ਹੋਏ ਹਨ:-

੧. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾਂ ਨਹੀਂ ਹਟਦੀ, (ਤੇ) ਜੇ ਪੁਰੀਆਂ ਦੇ ਪਦਾਰਥ ਪ੍ਰਾਪਤ ਕਰ ਲਵਾਂ ਤਾਂ ਬੀ ਦੂਰ ਨਹੀਂ ਹੁੰਦੀ। ੨. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾਂ ਨਹੀਂ ਮਿਟਦੀ, (ਇਹ ਤਾਂ ਮਿਟਦੀ ਹੈ ਜੇ) ਚੌਦਾਂ ਹੀ ਪੁਰੀਆਂ ਦੇ ਪਦਾਰਥਾਂ ਤੋਂ ਮਨ ਨੂੰ ਬੰਨ੍ਹ ਲਵਾਂ- ਰੋਕ ਲਵਾਂ-ਭਾਵ ਵੈਰਾਗ ਕਰਾਂ। ੩. (ਪਰਮਾਤਮਾ ਦੇ ਮਿਲਣ ਦੀ) ਭੁੱਖ ਭੁੱਖਿਆਂ ਰਹਿਣ ਨਾਲ ਨਹੀਂ ਦੂਰ ਹੁੰਦੀ, ਚਾਹੇ ੧੪ ਲੋਕਾਂ ਦੇ ਪਦਾਰਥ ਤਿਆਗ ਦਿਆਂ।

੩. ਸੰਸ:, ਸਗਜਾਨ, ਪ੍ਰਾਕ੍ਰਿਤ, ਸਜਾਣ, ਪੰਜਾਬੀ ਸਿਆਣ, ਸਿਆਣਪ। ਸਿਆਣਪ ਦਾ ਭਾਵ ਹੈ ਬੁੱਧਿ ਦਾ ਚਮਤਕਾਰ, ਚਾਹੇ ਉਹ ਮਨ ਦੀ ਅਪਣੀ ਚਤੁਰਾਈ ਦਾ ਹੈ, ਚਾਹੇ ਸ਼ਾਸਤ੍ਰ ਦੇ ਵੀਚਾਰ ਦਾ, ਚਾਹੇ ਵਿਦ੍ਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋਂ ਸਿਖਜਾ ਹੋਇਆ। ਇਸ ਵਿਚ ਹੋਰ ਸਾਰੇ ਬੁਧਿ ਦੇ ਸਾਧਨ ਜੋ ਲੋਕੀ ਕਰ ਰਹੇ ਹਨ ਆ ਗਏ। 'ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥' (ਬਿਹਾ: ਮ: ੪-੬-੫੪੧) 'ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥' (ਸੋ:ਮ:੫., ਅਸ਼ਟ-੨)।

੪. ਅਗਲੀ ਪਉੜੀ ਤੋਂ ਪਤਾ ਲਗਦਾ ਹੈ ਕਿ ਕੂੜ ਦੀ ਪਾਲ 'ਹਉਮੈ' ਹੈ। ਪੁਨਾ-ਹਉ ਹਉ ਭੀਤਿ ਭਇਓ ਹੈ ਬੀਚੋ (ਸੋ:ਮ:੫)।


www.sikhbookclub.com

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥੧॥

(ਸਚਿਆਰ ਬਣਨ ਦਾ ਸੱਚਾ ਸਾਧਨ:-)
ਹੇ ਨਾਨਕ ਪਰਮੇਸ਼ੁਰ[1] ਦੇ (ਉਸ) ਹੁਕਮ (ਅਨੁਸਾਰ) ਤੁਰਨੇ (ਕਰਕੇ, ਜੋ ਉਸ ਨੇ ਜੀਵ ਦੇ) ਨਾਲ ਲਿਖ ਦਿੱਤਾ ਹੈ[2], (ਸਚਿਆਰ ਬਣੀਦਾ ਹੈ[3])।

[੨]

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ
ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ
ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ॥੨॥

(ਉਸ ਦੇ ਹੁਕਮ ਦਾ ਥਹੁ ਦੱਸੋ ? ਉੱਤਰ:- ਉਸ ਦਾ) ਹੁਕਮ ਕਥਨ ਨਹੀਂ ਕੀਤਾ ਜਾ ਸਕਦਾ (ਪਰ ਉਸ ਦੇ) ਹੁਕਮ ਨਾਲ ਆਕਾਰ (ਅਰਥਾਤ ਸੂਰਤਾਂ ਵਾਲੇ ਪਦਾਰਥ ਤੇ ਇਹ ਸੂਰਤ ਵਾਲਾ ਜਗਤ) ਰਚੇ ਜਾਂਦੇ ਹਨ। (ਫਿਰ ਇਸ ਜਗਤ ਵਿਚ ਰਹਿਣ ਵਾਲੇ ਤੇ ਪਦਾਰਥਾਂ ਨੂੰ ਮਾਣਨ ਵਾਲੇ) ਜੀਵ ਹੁਕਮ ਨਾਲ ਰਚੇ ਜਾਂਦੇ ਹਨ; (ਉਸੇ ਦੇ) ਹੁਕਮ ਨਾਲ (ਜੀਵਾਂ ਨੂੰ) ਵਡਿਆਈ ਮਿਲਦੀ ਹੈ; ਹੁਕਮ ਨਾਲ ਹੀ (ਜੀਵਾਂ ਵਿਚ) ਉਤਮ ਤੇ ਨੀਚ ਹਨ, ਹੁਕਮ ਦੁਆਰਾ ਲਿਖੇ ਗਏ (ਲੇਖਾਂ ਅਨੁਸਾਰ) ਦੁਖ ਤੇ ਸੁਖ ਪਾਈਦਾ ਹੈ। ਇਕਨਾਂ ਨੂੰ ਤਾਂ ਹੁਕਮ ਨਾਲ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਤੇ ਇਕ ਹੁਕਮ ਨਾਲ ਸਦਾ (ਜਨਮ ਮਰਨ ਦੇ) ਚਕ੍ਰ ਵਿਚ ਭੁਵਾਏ ਜਾਂਦੇ ਹਨ। ਸਭ ਕੋਈ ਹੁਕਮ ਦੇ ਵਿਚ ਹੈ, ਹੁਕਮ ਤੋਂ ਬਾਹਰ ਕੋਈ ਨਹੀਂ ਹੈ। ਜੇ ਉਸ ਦੇ ਹੁਕਮ ਨੂੰ ਕੋਈ ਸਮਝ ਲਵੇ[4] ਤਾਂ ਹੇ ਨਾਨਕ! ਫਿਰ ਉਹ ਉਸ ਹਉਮੈ ਦਾ ਨਾਉਂ ਨਾ ਲਵੇ (ਅਰਥਾਤ ਉਸ ਦੀ ਹਉਂ ਟੁੱਟ ਜਾਏਗੀ, ਇਹ ਹਉਂ ਹੀ ਕੂੜ ਦੀ ਪਾਲ ਹੈ ਜੋ ਸਾਨੂੰ ਸਚਿਆਰ ਨਹੀਂ ਹੋਣ ਦੇਂਦੀ, ਹਉਂ ਟੁੱਟੀ ਤਾਂ ਸਚਿਆਰ ਹੋ ਗਿਆ)[5]।

[੩]

ਇਹ 'ਹੁਕਮ' ਕੋਈ ਸੁਤੰਤ੍ਰ ਪ੍ਰਬੰਧ ਨਹੀਂ ਜੋ ਆਪਣੇ ਆਪ 'ਉਪਰ ਕਥੀ ਜਗਤ ਮਰਿਯਾਦਾ' ਨੂੰ ਟੋਰ ਰਿਹਾ ਹੈ, ਇਸ 'ਹੁਕਮ ਦਾ ਕਰਨੇ ਵਾਲਾ'- ਹੁਕਮੀ-ਹੈ। ਹੁਕਮ ਤਾਂ ਆਪਣੇ ਹੁਕਮੀ ਨਾਲ ਅਭੇਦ,

---

੧. ਅਰਬੀ ਰਜ਼ (=ਖੁਸ਼ ਹੋਣਾ) ਤੋਂ ਪਦ 'ਰਜ਼ਾ' ਯਾ 'ਰਿਜ਼' ਬਣਦਾ ਹੈ। 'ਰਜ਼ਾ'=ਖੁਸ਼ੀ ਹੋਣ ਦੀ ਹਾਲਤ, ਖੁਸ਼ੀ, ਪ੍ਰਸੰਨਤਾ; 'ਈ' ਪ੍ਰਤੇ ਲਾ ਕੇ 'ਰਜਾਈ' ਬਣਾਇਆ ਤਾਂ ਅਰਥ ਹੋਇਆ ਪ੍ਰਸੰਨਤਾ ਵਾਲਾ, ਖੁਸ਼ੀ ਨਾਲ ਮੰਨ ਲੈਣ ਵਾਲਾ। ਗੁਰਬਾਣੀ ਵਿਚ ਇਸ ਅਰਥ ਦਾ ਵਰਤਾਉ ਬੀ ਆਇਆ ਹੈ, ਯਥਾ:- 'ਜੈਸੇ ਸਚ ਮਹਿ ਰਹਉ ਰਜਾਈ'॥ (ਬਿਲਾ: ਮ:੧)। ਆਮ ਪੰਜਾਬੀ ਤੇ ਗੁਰਬਾਣੀ ਵਿਚ 'ਰਜਾਈ' ਦਾ ਅਰਥ ਆਗਯਾ ਦੇਣ ਵਾਲਾ, ਹੁਕਮ ਕਰਨੇ ਵਾਲਾ ਕੀਤਾ ਜਾਂਦਾ ਹੈ:- ਅਰਥਾਤ ਪਰਮੇਸ਼ੁਰ।

੨. ਯਥਾ-ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ। ਵਿਸ਼ੇਸ਼ ਲਈ ਦੇਖੋ ਪੁਸਤਕ ਪੰਜ ਪਉੜੀਆਂ ਦੀ ਟੀਕਾ ਸੰਨ ੧੯੦੦। (ਅ) ਇਉਂ ਬੀ ਕਰਦੇ ਹਨ: ਪਰਾਰਬਧ ਕਰਮ ਜੀਵ ਦੇ ਨਾਲ ਲਿਖੇ ਹੋਏ ਹਨ। (ਸੰਪ੍ਰ:)

੩. ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥ (ਵਾਰ ਰਾਮ:ਮ:੩-੯।) ਭਾਵ ਨਾਮ ਰਜ਼ਾ ਤੇ ਲੈ ਜਾਂਦਾ ਹੈ। ਕਿਉਂਕਿ 'ਏਕੋ ਨਾਮੁ ਹੁਕਮੁ ਹੈ....' (ਸਿ:ਰਾ:ਮ:੧)

੪. ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ ਮ:੧)

੫. ਹਉਮੈ ਬੂਝੈ ਤਾਂ ਦਰੁ ਸੂਝੈ॥ (ਆਸਾ ਵਾਰ ਮ:੧)

ਉਸ ਵਾਂਢੂ ਅਕੱਥ ਹੈ, ਪਰ ਉਸੇ ਦੇ ਤਾਣ ਜਗਤ ਦੀ ਰਚਨਾ ਤੇ ਪ੍ਰਬੰਧ ਆਦਿਕ ਕੰਮ ਟੋਰ ਰਿਹਾ ਹੈ, ਅਤੇ ਹੁਕਮੀ ਅਪਣੇ ਹੁਕਮ ਨਾਲ ਇਹ ਮਰਿਯਾਦਾ ਚਲਾਉਂਦਾ ਹੋਇਆ ਬੀ ਆਪ ਸਦਾ ਅਨੰਦ ਤੇ ਨਿਰਲੇਪ ਹੈ।

ਇਧਰ ਉਸ ਦੀ ਰਚੀ ਹੋਈ ਵਿਚ ਉਸ ਦੇ ਗਾਵਣਹਾਰੇ ਐਸੇ ਹਨ ਜੋ ਉਸ ਦੇ ਬਲ, ਦਾਤ, ਗੁਣ, ਮਹੱਤਾ, ਕਰਤਾ ਪਨ, ਪ੍ਰੋਖਤਾ, ਅਪ੍ਰੋਖਤਾ ਆਦਿ ਕਿਸੇ ਇਕ ਪੱਖ ਨੂੰ ਲੈ ਕੇ ਆਪੋ ਆਪਣੇ ਤਾਣ ਤੇ ਵਾਕਫੀ ਮੂਜਬ ਕਾਮਨਾ ਸਹਿਤ ਗਾਉਂਦੇ ਹਨ। 'ਹੁਕਮੀ' ਜੀਵਾਂ ਤੇ ਕ੍ਰਿਪਾਲ ਹੋ ਕੇ ਦਾਤਾਂ ਦੇਂਦਾ ਹੈ, ਓਹ ਲੈਂਦੇ ਹਨ, ਭੋਗਦੇ ਭੁੰਚਦੇ ਹਨ ਤੇ ਜਨਮ ਦਰ ਜਨਮ ਭੁੰਚਦੇ ਹਨ। ਪਰ ਜੈਸਾ ਕਿ ਦੂਜੀ ਪਉੜੀ ਵਿਚ ਕਹਿ ਆਏ ਹਨ, ਜੇ ਕਦੀ ਓਹ ਗਾਵਣ ਹਾਰੇ ਹੁਕਮ ਨੂੰ ਬੁੱਝ ਲੈਂਦੇ ਤਾਂ ਹਉਂ ਨਵਿਰਤ ਹੋ ਕੇ ਸੁੱਧ ਹੋ ਜਾਂਦੇ ਅਤੇ ਓਹ ਕੀਹ ਦੇਖਦੇ ਕਿ ਹੁਕਮ ਸਾਰੀ ਜਗਤ ਪ੍ਰਬੰਧ ਦੀ ਮਰਿਯਾਦਾ ਨੂੰ ਚਲਾ ਰਿਹਾ ਹੈ ਤੇ ਹੁਕਮੀ ਅਲੇਪ ਵਰਤ ਰਿਹਾ ਹੈ ਤੇ ਸਦਾ ਅਨੰਦ ਹੈ। ਇਹ ਸਾਰਾ ਗਜਾਨ ਗੁਰੂ ਜੀ ਅਗਲੀ ਪਉੜੀ ਵਿਚ ਬਖਸ਼ਦੇ ਹਨ:-

**ਗਾਵੈ ਕੋ[1] ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥ ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥**

ਕੋਈ[1] ਜਿਸ ਨੂੰ ਕਿ (ਜਨਮ ਤੋਂ ਯਾ ਇਥੇ ਅਭਜਾਸ, ਸਤਿਸੰਗ ਤੋਂ ਕੋਈ ਸ਼ੁਭ) ਬਲ (ਕਥਨ ਕਰਨੇ ਦਾ) ਹੋ ਆਇਆ ਹੈ (ਉਹ) ਕੋਈ (ਉਸ ਦੇ) ਬਲ[2] ਨੂੰ ਗਾਉਂਦਾ ਹੈ। ਕੋਈ (ਉਸ ਦੀ) ਦਾਤ ਨੂੰ ਗਾਉਂ ਰਿਹਾ (ਤੇ ਇਸ ਨੂੰ ਉਸਦੀ) ਨਿਸ਼ਾਨੀ ਸਮਝ ਰਿਹਾ ਹੈ। ਕੋਈ (ਉਸ ਦੇ) ਗੁਣਾਂ ਤੇ ਵਡਿਆਈਆਂ ਦੀਆਂ ਸੁੰਦਰਤਾਈਆਂ ਨੂੰ ਗਾਉਂ ਰਿਹਾ ਹੈ। (ਇਸ ਤਰ੍ਹਾਂ) ਕੋਈ (ਉਸ ਨੂੰ ਸਮ ਵੀਚਾਰ[3] ਨਾਲ ਤੇ ਕੋਈ ਉਸ ਨੂੰ ਉਸ) ਵਿਦਜਾ ਦੁਆਰਾ ਗਾਉਂ ਰਿਹਾ ਹੈ (ਜਿਸ ਦਾ) ਵੀਚਾਰ ਵਿਖਮ ਹੈ। ਕੋਈ (ਉਸ ਨੂੰ) ਸਰੀਰ ਸਾਜਕੇ ਖੇਹ ਕਰ ਦੇਣ ਵਾਲਾ (ਦੱਸ ਕੇ) ਗਾਉਂ ਰਿਹਾ ਹੈ। ਕੋਈ (ਉਸਨੂੰ) ਜੀਵ ਲੈ ਕੇ ਫੇਰ ਦੇਣ ਵਾਲਾ (=ਕਰਤਾਰ ਮੰਨ ਕੇ) ਗਾਉਂ

---

੧. 'ਕੋ' ਗੁਰਬਾਣੀ ਵਿਖੇ ਕਈ ਅਰਥਾਂ ਵਿਖੇ ਆਯਾ ਹੈ।
ਯਥਾ: ਕੋ=ਨੂੰ-ਸਭੁ ਕੋ ਮੀਤੁ ਹਮ ਆਪਨ ਕੀਨਾ॥(ਧ:ਮ:੫)
ਕੋ=ਦਾ-ਰਾਮ ਕੋ ਬਲੁ ਪੂਰਨ ਭਾਈ॥ (ਗਉ:ਮ:੫)
ਕੋ=ਕੌਣ- ਕੋ ਕੋ ਨ ਬਿਗੂਤੇ ਮੈ ਕੋ ਆਹਿ॥(ਬ:ਕਬੀਰ ਜੀ)
ਕੋ=ਕੋਈ--ਕਬੀਰਾ ਹਮਰਾ ਕੋ ਨਹੀ॥ (ਸਲੋ:ਕਬੀਰ)

ਇਥੇ 'ਕੋ' ਦਾ ਸੰਪ੍ਰਦਾਈ ਅਰਥ 'ਕੋਈ' ਲੈ ਕੇ ਟੀਕਾ ਕੀਤੀ ਗਈ ਹੈ। ਗਜਾਨੀ ਚੰਦਾ ਸਿੰਘ ਜੀ 'ਕੌਣ?' ਅਰਥ ਲੈ ਕੇ ਬੀ ਟੀਕਾ ਕਰਿਆ ਕਰਦੇ ਸਨ। ਸ੍ਰੀ ਨਰੋਤਮ ਜੀ ਅੱਧੀ ਤੁਕ ਵਿਚ ਕੌਣ ਅਰਥ ਪ੍ਰਸ਼ਨ ਵਾਚੀ ਕਰਕੇ ਅਗਲੀ ਅੱਧੀ ਤੁਕ ਵਿਚੋਂ ਉਤਰ ਦਾ ਭਾਵ ਦਰਸਾਯਾ ਕਰਦੇ ਸਨ। ਯਥਾ: ਕੌਣ ਉਸ ਦਾ ਬਲ ਗਾ ਸਕਦਾ ਹੈ? ਉੱਤਰ- ਜਿਸ ਕਿਸੇ ਵਿਚ ਬਲ ਹੋਵੇ। ਪਰ ਭਾਵ ਤ੍ਰੈਹਾਂ ਤ੍ਰੀਕਿਆਂ ਦਾ ਸੰਪੂਰਨ ਗਾਉਂ ਸਕਣ ਦੀ ਅਸਮਰੱਥਤਾ ਤੇ ਟਿਕਦਾ ਹੈ।

੨. ਤਾਣ=ਬਲ, ਪ੍ਰਾਕ੍ਰਮ। ਭਾਵ ਹੈ ਉਸ ਨੂੰ ਸਰਬ ਸ਼ਕਤੀਮਾਨ ਵਰਣਨ ਕਰਨਾ।
(ਅ) ਤਾਣ=ਤ੍ਰਾਣ=ਰਖਜਾ। ਤੁਕ ਦਾ ਅਰਥ ਜਿਸ ਕਿਸੇ ਨੂੰ ਰਖਜਾ ਪ੍ਰਾਪਤ ਹੋਈ ਹੈ- ਜੈਸੇ ਪ੍ਰਹਲਾਦ ਨੂੰ ਉਹ ਗਾਉਂਦਾ ਹੈ। ਰਖਜਾ ਅਰਥਾਂ ਵਿਚ ਤਾਣ ਪਦ 'ਪਗ ਉਪੇਤਾਣਾ' ਵਿਚ ਆਇਆ ਹੈ।

੩. ਵੀਚਾਰ ਦੋ ਪ੍ਰਕਾਰ ਦੀ ਹੈ: ਸਮ ਵੀਚਾਰ=ਆਮ ਵਾਕਫੀਅਤ। ਅਤੇ ਵਿਖਮ ਵੀਚਾਰ=ਕਠਨਤਾ ਨਾਲ ਪ੍ਰਾਪਤ ਹੋਣ ਵਾਲੀ ਵਾਕਫੀ, ਜੈਸੇ ਵਜਾਕਰਣ, ਸ਼ਬਦ ਬ੍ਰਿਤੀ ਆਦਿ ਦ੍ਵਾਰਾ।

ਗਾਵੈ ਕੋ ਜਾਪੈ ਦਿਸੈ ਦੂਰਿ॥
ਗਾਵੈ ਕੋ ਵੇਖੈ ਹਾਦਰਾ ਹਦੂਰਿ॥
ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥
ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥
ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ॥੩॥

ਰਿਹਾ ਹੈ। ਕੋਈ (ਉਸ ਨੂੰ ਇਉਂ ਦੱਸ ਕੇ) ਗਾ ਰਿਹਾ ਹੈ (ਕਿਉਂ ਉਹ) ਜਾਪਦਾ ਹੈ (=ਜਾਣਿਆਂ ਜਾਂਦਾ ਹੈ ਪਰ ਪ੍ਰਾਪਤੀ ਉਸਦੀ) ਦੂਰ ਦਿੱਸਦੀ ਹੈ (ਅਰਥਾਤ ਕੁਦਰਤ ਵਿਚ ਵਿਉਂਤ, ਹਿਸਾਬ ਤੇ ਤਰਤੀਬ ਆਦਿ ਤੋਂ ਜਾਪ ਤਾਂ ਜਾਂਦਾ ਹੈ ਪਰ ਯੋਗ ਆਦਿ ਸਾਧਨਾਂ ਨਾਲ ਦਿੱਸਦਾ ਯਾ ਪ੍ਰਾਪਤ ਕਠਨ ਹੁੰਦਾ ਹੈ)। ਕੋਈ ਉਸ ਨੂੰ ਹਾਜ਼ਰਾ ਹਜ਼ੂਰ ਵੇਖ ਕੇ ਗਾਉਂ ਰਿਹਾ ਹੈ। (ਭਾਵ ਭਗਤੀ ਗਜਾਨ ਨਾਲ ਅਨੁਭਵ ਕਰਕੇ ਅਪ੍ਰੋਖਜ ਦੇਖ ਰਿਹਾ ਹੈ। ਇਸ ਪ੍ਰਕਾਰ ਦੇ) ਕਥੇ ਗਏ ਕਥਨਾਂ ਦਾ ਅੰਤ ਨਹੀਂ ਪਾਇਆ ਜਾਂਦਾ (ਭਾਵੇਂ) ਕ੍ਰੋੜਾਂ (ਕਥਨ ਹਾਰਿਆਂ) ਨੇ, ਕ੍ਰੋੜਾਂ ਕਥਨੀਆਂ ਕ੍ਰੋੜਾਂ ਵਾਰ ਕਹੀਆਂ। (ਪਰ ਉਹ ਦਾਤਾਂ) ਦੇਂਦਾ ਹੀ ਦੇਂਦਾ ਹੈ, ਲੈਣ ਹਾਰੇ ਥੱਕ ਜਾਂਦੇ[1] (ਭਾਵ ਲੈਂਦੇ ਲੈਂਦੇ ਉਨ੍ਹਾਂ ਦੇ ਸਰੀਰ ਅੰਤ ਹੋ ਜਾਂਦੇ ਹਨ, ਪਰ ਦਾਤ ਫੇਰ ਨਹੀਂ ਮੁਕਦੀ, ਜਨਮ ਧਾਰ ਕੇ ਓਹ ਲੈਣ ਹਾਰੇ ਫੇਰ ਲੈਂਦੇ ਹਨ ਇਉਂ) ਜੁਗਾਂ ਜੁਗਾਂਤਰਾਂ ਤੋਂ ਭੋਗਦੇ ਚਲੇ ਆ ਰਹੇ ਹਨ[2]। (ਇਹ ਸਾਰੀ) ਮਰਿਯਾਦਾ (ਉਸ) ਹੁਕਮੀ ਦਾ ਹੁਕਮ ਚਲਾ ਰਿਹਾ ਹੈ, (ਪਰ ਇਸ ਹੁਕਮ ਦੇ ਸੰਚਾਲਨ ਨਾਲ ਉਹ ਹੁਕਮੀ ਕਿਸੇ ਲਿਪਾਇਮਾਨਤਾ ਯਾ ਕਿਸੇ ਸੋਚ ਫਿਕਰ ਵਿਚ ਗ੍ਰਸਿਆ ਨਹੀਂ ਜਾਂਦਾ, ਉਹ) ਸਦਾ ਨਿਰਲੇਪ ਤੇ ਆਨੰਦ ਰਹਿੰਦਾ ਹੈ।

[੪]

ਅਗਲੀ ਪਉੜੀ ੪ ਵਿਚ 'ਵਿਗਸੈ ਵੇ ਪਰਵਾਹੁ' 'ਹੁਕਮੀ' ਨੂੰ 'ਸਾਚਾ ਸਾਹਿਬ' ਕਹਿ ਕੇ ਪਿਛਲੀ ਪਉੜੀ ੩ ਦੇ ਖ਼ਿਆਲ-ਸਾਂਈਂ ਦੇ 'ਦਾਤਾ' ਤੇ ਜਗਤ ਦੇ 'ਜਾਚਕ' ਹੋਣ-ਨੂੰ ਫੇਰ ਦੁਹਰਾਯਾ ਹੈ ਕਿ ਲੋਕ ਮੰਗਦੇ ਹਨ ਤੇ ਓਹ ਦਾਤਾਰ ਦੇਂਦਾ ਹੈ। ਇਸ ਗੱਲ ਨੂੰ ਗੂਜਰੀ ਵਾਰ ਮ:੧ ਵਿਚ ਗੁਰੂ ਜੀ ਨੇ ਵੇਰਵੇ ਨਾਲ ਦੱਸਿਆ ਹੈ:- ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ। (ਅਸ਼ਟ ੨-੬) ਪੁਨਾ: ਕੋਟ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰੁ॥ (ਅਸ਼ਟ ੨-੫) ਪੁਨਾ:- ਸਰਬੇ ਜਾਚਕਿ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥(ਅਸ਼ਟ ੨-੪) ਇਉਂ ਸਾਰੇ ਮੰਗਣਹਾਰਾਂ ਦੀਆਂ ਸਕਾਮ ਮੰਗਾਂ ਦਾ ਤੇ ਉਸ ਦੇ ਦੇਣ ਦਾ ਜ਼ਿਕਰ ਕਰਕੇ ਅੰਤ ਆਪਣੀ ਮੰਗ ਐਉਂ ਦਸਦੇ ਹਨ:- ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ॥ (ਗੂਜਰੀ ਮ:੧ ਅਸ਼ਟ ੨-੮)। ਇਸ ਸ਼ਬਦ ਵਿਚ ਦੱਸੇ ਭਾਵ ਅਨੁਸਾਰ ਪੌੜੀ ੪ ਵਿਚ ਬੀ ਗੁਰੂ ਜੀ ਨੇ 'ਦਾਤ ਕਰੇ ਦਾਤਾਰ' ਤੱਕ ਦੂਸਰਿਆਂ ਦੀਆਂ ਮੰਗਾਂ ਦੱਸੀਆਂ ਹਨ, ਪਰ 'ਫੇਰਿ ਕਿ ਅਗੈ ਰਖੀਐ' ਤੋਂ ਆਪਣੀ ਮੰਗ ਦੱਸੀ ਤੇ ਇਸ ਗੱਲ ਦੇ ਨਿਰਣੇ ਲਈ 'ਆਖਹਿ ਮੰਗਹਿ' ਅੰਨਜ ਪੁਰਖ

੧. ਦਾਤਾਂ ਖਾਂਦੇ ਥੱਕ ਪੈਣ ਦਾ ਭਾਵ ਹੈ ਸਰੀਰ ਦਾ ਭੋਗਣੋਂ ਭੁੰਚਣੋਂ ਰਹਿ ਜਾਣਾ, ਮਰ ਜਾਣਾ।

੨. ਜੁਗਾਂ ਜੁਗਾਂਤਰਾਂ ਵਿਚ ਖਾਣ ਤੋਂ ਮੁਰਾਦ ਹੈ, ਜਨਮ ਦਰ ਜਨਮ। ਜੁਗ ਬੀ ਪਲਟ ਜਾਣ ਤਾਂ ਬੀ ਦਾਤ ਮਿਲਦੀ ਰਹਿੰਦੀ ਹੈ।

ਵਾਚੀ ਕ੍ਰਿਯਾ ਵਰਤੀਆਂ ਕਿ ਓਹ ਮੰਗਦੇ ਤੇ ਆਖਦੇ ਹਨ, ਪਰ ਜਦ ਆਪਣੀ ਮੰਗ ਉਨ੍ਹਾਂ ਤੋਂ ਵਿਰੁੱਧਕਵੀਂ ਮੰਗਣੀ ਸ਼ੁਰੂ ਕੀਤੀ ਤਾਂ ਕ੍ਰਿਯਾ ਉਤਮ ਪੁਰਖ ਦੀ ਵਰਤੀ-- 'ਰਖੀਐ, ਅਰਥਾਤ ਅਸੀਂ ਕੀ ਰਖੀਏ? ਸੋ ਭਾਵ ਇਹ ਨਿਕਲਿਆ ਕਿ ਆਪ ਦੂਸਰਿਆਂ ਦੀ ਸਕਾਮ ਮੰਗ ਛੋੜ ਕੇ ਨਿਸ਼ਕਾਮ ਮੰਗ--ਨਾਮ--ਦੀ ਕਰਦੇ ਤੇ ਉਤਮ ਪੁਰਖ ਦ੍ਵਾਰਾ ਸਾਨੂੰ ਜਾਚ ਸਿਖਾਲਦੇ ਹਨ ਕਿ ਤੁਸੀਂ ਬੀ ਨਿਸ਼ਕਾਮ ਮੰਗ ਮੰਗੋ। ਇਸੇ ਕਰਕੇ 'ਕਰਮੀ ਆਵੈ ਕਪੜਾ' ਤੇ 'ਨਦਰੀ ਮੋਖੁ ਦੁਆਰੁ' ਵਿਚ ਬੀ ਸਕਾਮ ਕਰਮਾਂ ਤੋਂ ਸਰੀਰ ਦੀ ਪ੍ਰਾਪਤੀ ਤੇ ਨਿਸ਼ਕਾਮ ਮੰਗ ਤੋਂ ਮਿਹਰ ਹੋਣ ਦ੍ਵਾਰਾ 'ਵਾਹਿਗੁਰੂ ਪ੍ਰਾਪਤੀ' ਦਾ ਨਿਖੇੜਵਾਂ ਵੇਰਵਾ ਦੱਸਦੇ ਹਨ।

ਸਾਚਾ ਸਾਹਿਬੁ ਸਾਚੁ ਨਾਇ
ਭਾਖਿਆ ਭਾਉ ਅਪਾਰੁ॥

ਆਖਹਿ ਮੰਗਹਿ ਦੇਹਿ
ਦੇਹਿ ਦਾਤਿ ਕਰੇ ਦਾਤਾਰੁ॥

ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ॥

ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ॥

ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ॥

(ਵੇਪਰਵਾਹ ਤੇ ਵਿਗਸੰਦਾ ਹੁਕਮੀ ਆਪਣੀ ਰਚੀ ਹੋਈ ਦਾ) ਸਾਹਿਬ ਹੈ (ਇਸ ਰਚੀ ਹੋਈ ਦੇ ਬਦਲਣਹਾਰ ਰੂਪ ਵਿਚ ਓਹ ਆਪ) ਸੱਤਿ (ਸਰੂਪ) ਹੈ[1] ਤੇ ਸਤਿ ਨਾਮੁ ਹੈ[2], (ਅਨੇਕ) ਭਾਵ (ਵਾਲੇ ਜੀਵਾਂ ਤੋਂ ਉਹ) ਅਪਾਰ (=ਅਨੇਕ ਨਾਮਾਂ ਵਾਲਾ)[3] ਪੁਕਾਰਿਆ[4] ਗਿਆ ਹੈ। (ਅਪਣੇ ਅਪਣੇ ਭਾਵ ਅਨੁਸਾਰ ਓਹ ਉਸ ਦਾ ਨਾਮ) ਆਖਦੇ ਹਨ ਤੇ (ਅਪਣੀ ਮੰਗ ਅਨੁਸਾਰ ਉਸ ਤੋਂ ਦਾਤਾਂ) ਮੰਗਦੇ ਹਨ ਤੇ 'ਦੇਹ ਦੇਹ' ਕਰਦੇ ਹਨ, (ਉਹ) ਦਾਤਾਰ (ਉਹੋ) ਦਾਤ ਦੇਂਦਾ ਹੈ। (ਪਰ ਇਹ ਮੰਗਾਂ ਸਕਾਮ ਹਨ ਤੇ ਸਾਡੀ ਮੰਗ-ਨਿਸ਼ਕਾਮ- ਕੇਵਲ ਸੱਚੇ ਸਾਹਿਬ ਤੇ ਉਸ ਦੇ ਨਾਮ ਦੀ ਹੈ, ਫਿਰ ਸਾਡੇ ਪਾਸ ਜੋ ਕੁਛ ਹੈ ਦਾਤ ਹੈ, ਸੋ ਪ੍ਰਸ਼ਨ ਉਪਜਦਾ ਹੈ ਕਿ) ਫੇਰ (ਅਸੀਂ) ਕੀਹ (ਉਸ ਦਾਤੇ ਦੇ) ਅੱਗੇ ਧਰੀਏ (ਭਾਵ ਕੀ ਨਜ਼ਰ ਪੇਸ਼ ਕਰੀਏ) ਜਿਸ ਕਰਕੇ (ਕਿ ਸਾਨੂੰ ਉਸਦਾ) ਦਰਬਾਰ ਦਿੱਸ ਪਵੇ (ਤੇ ਦਰਬਾਰ ਦਿੱਸੇ ਤੇ) ਮੂੰਹੋਂ ਕੀਹ ਵਾਕ ਬੋਲੀਏ ਕਿ ਜਿਸ ਨੂੰ ਸੁਣ ਕੇ (ਉਹ ਸਾਨੂੰ) ਪਜਾਰ ਕਰੇ? (ਉਤਰ:- ਉਸ ਦੀਆਂ ਦਾਤਾਂ ਵਿਚੋਂ ੮ ਪਹਿਰ ਦਾ ਸਮਾਂ ਇਕ ਅਮੋਲਕ ਦਾਤ ਹੈ, ਇਸ ਵਿਚੋਂ ਪਿਛਲੀ ਰਾਤ ਦਾ ਪਹਿਰ ਅਰਥਾਤ) ਅੰਮ੍ਰਿਤ ਵੇਲਾ[5] (ਉਸ ਦੀ ਨਜ਼ਰ ਵਜੋਂ ਭੇਟ ਧਰੀਏ ਇੰਞ ਕਿ ਉਸ ਵੇਲੇ ਉਸ ਦਾ) ਸੱਚਾ ਨਾਮ (ਸਿਮਰੀਏ ਤੇ ਉਸ

---

੧. ਪੁਰਖੁ ਸਤਿ ਕੇਵਲ ਪਰਧਾਨੁ॥ ਪੁਨਾ:- ਸਤਿਨਾਮੁ ਪ੍ਰਭ ਕਾ ਸੁਖਦਾਈ॥ (ਸੁਖ:)

੨. ਨਾਇ ਦਾ ਅਕਸਰ ਅਰਥ 'ਨਾਮੁ ਕਰਕੇ' 'ਨਾਮ ਨਾਲ' ਹੁੰਦਾ ਹੈ ਪਰ ਗੁਰਬਾਣੀ ਵਿਚ 'ਨਾਇ' ਤੇ 'ਨਾਉ' ਇਕੋ ਤਰ੍ਹਾਂ ਭੀ ਵਰਤੇ ਹਨ, ਯਥਾ-ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ ਪੁਨਾ:- ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥ ਤਥਾ:- ਨਾਇ ਮੰਨਿਐ ਸਾਲਾਹੀਐ ਪਾਪਾ ਮਤਿ ਧੋਈ॥ (ਵਾਰ ਸਾਰੰ:ਮ:੪)। (ਅ) ਸਾਹਿਬ (ਆਪ) ਸੱਚਾ ਹੈ ਤੇ ਸਚੇ ਨਾਮ ਵਾਲਾ ਹੈ। (ਸੰਪ੍ਰ:)

੩. ਅ) ਅਪਾਰ ਪ੍ਰੇਮ ਨਾਲ ਕਹਿੰਦੇ ਹਨ ਉਸਦੇ ਨਾਮ ਨੂੰ। (ਸੰਪ੍ਰ:)

੪. ਭਾਖਿਆ (ਸੰਸ:, ਭਾਖਾ=ਬੋਲੀ) ਭਾਖਣਾ=ਕਹਿਣਾ। ਭਾਖਿਆ=ਆਖਿਆ ਗਿਆ। ਉਪਨਿਖ਼ਧ ਵਾਕ ਬੀ ਹੈ:- ਏਕੋ ਸਦ੍ ਵਿਪ੍ਰਾ ਬਹੁਧਾ ਵਦੰਤਿ='ਸੱਚ' ਇੱਕੋ ਹੈ, ਪੰਡਤ ਉਸ ਨੂੰ ਅਨੇਕ ਤਰ੍ਹਾਂ ਵਰਣਨ ਕਰਦੇ ਹਨ। (ਅ) ਭਾਖਿਆ ਦਾ ਅਰਥ ਬੋਲੀ ਬੀ ਕਰ ਲੈਂਦੇ ਹਨ। ਭਾਉ=(ਸੰਸ:, ਭਾਵ) ਮੁਰਾਦ, ਮਨੋਰਥ। ਮਤਲਬ।

੫. ਅੰਮ੍ਰਿਤ ਵੇਲਾ= ਉਹ ਸਮਾਂ ਜੋ ਅੰਮ੍ਰਿਤ ਤੁੱਲ ਰਸਦਾਇਕ ਤੇ ਅਮਰ ਪਦਵੀ ਵਲ ਲੈ ਜਾਣ ਲਈ ਉਪਯੋਗੀ ਹੈ। ਗੁਰ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥**

ਦੀਆਂ) ਵਡਿਆਈਆਂ ਦਾ ਵੀਚਾਰ ਕਰੀਏ[੧]। (ਜੇ ਸਕਾਮ ਕਰਮ ਕਰੀਏ ਤਾਂ) ਕਰਮਾਂ ਨਾਲ[੨] ਤਾਂ ਸਰੀਰ ਮਿਲਦਾ ਹੈ (ਮੁਕਤਿ ਨਹੀਂ ਮਿਲਦੀ), ਮੁਕਤ-ਦੁਆਰਾ ਤਾਂ (ਸਾਂਈਂ ਦੀ) ਮਿਹਰ ਨਾਲ (ਹੀ ਖੁੱਲ੍ਹਦਾ ਹੈ[੩], ਸੋ ਮਿਹਰ ਲਈ ਵਡਿਆਈਆਂ ਕਰਨੀਆਂ ਤੇ ਨਾਮ ਆਰਾਧਨਾ ਚਾਹੀਏ। ਜਦੋਂ ਮੁਕਤ ਦੁਆਰਾ ਖੁੱਲ੍ਹ ਜਾਂਦਾ ਹੈ ਤਾਂ) ਹੇ ਨਾਨਕ! ਐਉਂ ਜਾਣ ਲਈਦਾ ਹੈ (ਭਾਵ ਇਹ ਗਜਾਨ ਹੋ ਜਾਂਦਾ ਹੈ ਕਿ ਉਹ ਸਚਿਆਰ=) ਸਤਜ ਸਰੂਪ ਵਾਹਿਗੁਰੂ ਸਭ (ਕੁਛ) ਆਪ ਹੀ ਆਪ ਹੈ।

[੫]

ਹੁਣ 'ਸਭੁ ਆਪੇ ਸਚਿਆਰੁ' ਦਾ ਹੋਰ ਵੇਰਵਾ ਕਹਿ ਕੇ ਉਸ ਦੀ ਸੇਵਾ ਦਾ ਲਾਭ ਤੇ ਉਸ ਨੂੰ ਪ੍ਰਾਪਤ ਕਰਨ ਦਾ ਜੀਉਂਦਾ ਜਾਗਦਾ ਸਾਧਨ ਤੇ ਉਸ ਸਾਧਨ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਫਲ ਕੀਹ ਲਗਦਾ ਹੈ ਆਦਿ ਦੱਸਦੇ ਹਨ:-

**ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥**
**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਨਾਨਕ ਗਾਵੀਐ ਗੁਣੀ ਨਿਧਾਨੁ ॥**
**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

(ਉਹ ਸਚਿਆਰ ਸਤਜ ਸਰੂਪ ਜੋ ਸਭ ਕਿਛ ਆਪੇ ਆਪ ਹੈ) ਥਾਪਿਆ[੪] ਨਹੀਂ ਜਾ ਸਕਦਾ, ਨਾ ਰਚਿਆ ਜਾ ਸਕਦਾ ਹੈ, ਉਹ ਆਪਣੇ (ਆਪ ਤੇ ਆਪੇ) ਆਪ ਹੈ; (ਉਹ) ਮਾਇਆ (ਆਦਿ ਕਿਸੇ ਆਸਰੇ ਉਪਾਧੀ ਤੋਂ) ਅਲੇਪ ਹੈ। ਜਿਸ ਨੇ ਉਸ (ਕਾਯਮ ਬਿਲਜ਼ਾਤ ਤੇ ਨਿਰਲੇਪ) ਦੀ ਸੇਵਾ ਕੀਤੀ ਹੈ ਉਸ ਨੇ (ਉਸ ਦੀ ਹੋਂਦ ਦਾ) ਸਬੂਤ[੫] ਪਾ ਲਿਆ ਹੈ। (ਪ੍ਰਸ਼ਨ-ਹੇ ਗੁਰੂ) ਨਾਨਕ (ਦੇਵ ਜੀ ਉਸ ਨਿਰ+ਅੰਜਨ= ਨਿਰਾਕਾਰ ਦੀ ਸੇਵਾ ਕੀਕੂੰ ਕਰੀਦੀ ਹੈ? ਉੱਤਰ-ਉਸ) ਗੁਣ ਸਾਗਰ ਦੇ ਗੁਣ ਗਾਵੀਏ, ਹਾਂ ਗਾਵੀਏ (ਤੇ ਗੁਣ ਕਥਨ ਨੂੰ) ਸੁਣੀਏ (ਬੀ, ਗਾ ਸੁਣ ਕੇ) ਮਨ ਵਿਚ (ਉਸ ਨਾਲ) ਪ੍ਰੇਮ ਰਖੀਏ (ਤਾਂ ਜੋ ਇਹ ਮਨ) ਦੁਖ

---

੧. ਵਡਿਆਈ ਵੀਚਾਰ=ਹਰਿ ਜਸ ਕਰਨਾ, ਮੁਰਾਦ ਹੈ ਗੁਰੂ ਕੀ ਬਾਣੀ ਦਾ ਪਾਠ, ਵੀਚਾਰ, ਜਿਸ ਵਿਚ ਪਰਮੇਸ਼ੁਰ ਦੀ ਵਡਿਆਈ ਦਾ ਅਮਿਤ ਵਰਣਨ ਹੈ।

੨. ਕਰਮੀ=ਕਰਮਾਂ ਦੁਆਰਾ। ਕਪੜਾ=ਜੀਵਾਤਮਾ ਜਿਸ ਨੂੰ ਕਪੜੇ ਵਾਂਙੂ ਪਹਿਨੇ ਹੋਏ ਹਨ, ਦੇਹ ਰੂਪੀ ਕਪੜਾ।

੩. (ਅ) ਵਾਹਿਗੁਰੂ ਦੀ ਮਿਹਰ ਨਾਲ ਸਿਫਤ ਸਲਾਹ ਦਾ ਕਪੜਾ ਮਿਲਦਾ ਹੈ, ਨਦਰ ਨਾਲ ਮੋਖੁ ਦੁਆਰਾ ਮਿਲਦਾ ਹੈ। (ਸੰਪ੍ਰ:)

੪. ਥਾਪਨਾ=ਸਥਾਪਨ ਕਰਨਾ, ਕਿਸੇ ਥਾਂ ਯਾ ਪਦਵੀ ਉਤੇ ਕਾਯਮ ਕਰਨਾ। ਮਿਥ ਲੈਣਾ, ਫਰਜ਼ ਕਰ ਲੈਣਾ। ਵਾਹਿਗੁਰੂ ਐਸੀ ਜ਼ਾਤ ਨਹੀਂ ਕਿ ਜੋ ਹੈ ਤਾਂ ਨਹੀਂ ਪਰ ਮਿਥ ਲਈ ਗਈ ਹੈ। ਨਾ ਉਹ ਮੂਰਤੀਆਂ ਦੀ ਤਰ੍ਹਾਂ (ਕੀਤੀ ਹੋਈ=) ਰਚੀ ਹੋਈ ਵਸਤੂ ਹੋ ਸਕਦਾ ਹੈ, ਉਹ ਆਪੇ ਆਪ ਹੈ=ਕਾਯਮ ਬਿਲਜ਼ਾਤ ਹੈ। ਵਧੇਰੇ ਨਿਰਸੰਸੇ ਕਰਨ ਲਈ ਉਸ ਨੂੰ ਨਿਰੰਜਨ=ਮਾਯਾ ਆਦਿ ਤੋਂ ਨਿਰਲੇਪ ਦੱਸਿਆ ਹੈ। ਨਿਰੰਜਨ, ਨਿਰ+ਅੰਜਨ=ਮਾਇਆ ਆਦਿ ਕਿਸੇ ਰਲੇ ਉਪਾਧੀ ਤੋਂ ਬਿਨਾ। ਸ਼ੁੱਧ ਸਰੂਪ।

੫. ਮਾਨ-ਉਹ ਸਬੂਤ ਜਿਸ ਨਾਲ ਨਿਹਚਾ ਆ ਜਾਵੇ। ਲਫਜ਼ 'ਪ੍ਰਮਾਣ' ਏਸੇ 'ਮਾਨ' ਪਦ ਦਾ ਹੀ ਵਿਸਥਾਰ ਹੈ। (ਅ) ਸੰਪ੍ਰਦਾਈ ਅਰਥ ਐਉਂ ਬੀ ਹੈ:- ਜਿਸ ਨੇ ਉਸ ਨੂੰ ਸੇਵਿਆ ਉਸ ਨੇ (ਦਰਗਾਹ ਦਾ ਮਾਨ-)ਸਨਮਾਨ ਪ੍ਰਾਪਤ ਕੀਤਾ।

 www.sikhbookclub.com

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

ਗੁਰਾ ਇਕ ਦੇਹਿ ਬੁਝਾਈ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥

ਨੂੰ ਦੂਰ ਕਰ ਲਵੇ ਤੇ ਸੁਖ ਨੂੰ (ਆਪਣੇ) ਸਰੂਪ ਵਿਚ ਵਸਾ ਲਵੇ (ਪ੍ਰਸ਼ਨ-ਕਿਆ ਤੁਸੀਂ ਨਿਰੰਜਨ ਤੋਂ ਹੇਠਾਂ ਈਸ਼ਰ ਸ਼ਿਵ, ਵਿਸ਼ਨੂੰ, ਬ੍ਰਹਮਾ ਆਦਿ ਸ਼ਕਤੇ ਤੇ ਪਾਰਬਤੀ, ਲਛਮੀ, ਸਰਸ੍ਵਤੀ ਆਦਿ ਸ਼ਕਤੀਆਂ ਨੂੰ ਨਹੀਂ ਮੰਨਦੇ ਹੋ, ਜਿਨ੍ਹਾਂ ਦਾ ਸਰਗੁਣ ਸਰੂਪ ਹੋਣ ਕਰਕੇ ਧਯਾਨ ਧਰਿਆ ਜਾ ਸਕਦਾ ਹੈ? ਉੱਤਰ:-) ਗੁਰੂ ਹੀ ਮੇਰਾ ਸ਼ਿਵ ਹੈ, ਗੁਰੂ ਹੀ ਮੇਰਾ ਵਿਸ਼ਨੂੰ ਹੈ, ਗੁਰੂ ਹੀ ਮੇਰਾ ਬ੍ਰਹਮਾ, ਗੁਰੂ ਹੀ ਮੇਰੀ ਪਾਰਬਤੀ, ਲਛਮੀ ਤੇ ਸਰਸ੍ਵਤੀ ਹੈ। (ਪ੍ਰਸ਼ਨ: ਬਿਨਾਂ ਉਹਨਾਂ ਨੂੰ ਮੰਨੇ ਦੇ ਨਾਦ ਤੇ ਵੇਦ-ਸ਼ਬਦ ਤੇ ਗਯਾਨ-ਦਾ ਅਧਿਸ਼ਠਾਤਾ ਕੌਣ ਬਣੇਗਾ? ਉੱਤਰ:)[੧] (ਉਸ) ਗੁਰੂ ਦਾ (ਉਚਾਰਿਆ) ਵਾਕ (ਮੇਰੇ ਲਈ) ਨਾਦ ਹੈ, ਗੁਰਮੁਖ ਦਾ ਵਾਕ (ਹੀ) ਵੇਦ ਹੈ[੨] (ਕਿਉਂਕਿ) ਗੁਰੂ ਵਾਕ ਵਿਚ (ਨਿਰੰਜਨ) ਸਮਾ ਰਿਹਾ ਹੈ[੩]। (ਉਸ ਗੁਰੂ ਦੀ ਮਹਿਮਾ ਪੂਰੀ ਪੂਰੀ ਨਹੀਂ ਜਾਣ ਸਕੀਦੀ), [੪]ਜੇ ਮੈਂ ਜਾਣ ਬੀ ਲਵਾਂ ਤਾਂ ਵਰਣਨ ਨਹੀਂ ਕਰ ਸਕਦਾ, ਕਿਉਂਕਿ ਉਸ ਦਾ ਕਥਨ ਕਿਹਾ ਹੀ ਨਹੀਂ ਜਾ ਸਕਦਾ[੫] (ਇਸ ਲਈ ਮੇਰੀ ਤਾਂ ਉਸ ਗੁਰੂ ਅਗੇ ਹੀ ਅਰਦਾਸ ਹੈ ਕਿ ਹੇ) ਗੁਰੋ (ਮੈਨੂੰ) ਇਕ ਗੱਲ ਬੁਝਾ ਦਿਓ[੬] ਕਿ ਸਭਨਾ ਜੀਆਂ ਦਾ, (ਜੋ) ਇਕੋ ਦਾਤਾ ਹੈ ਉਹ ਮੈਨੂੰ ਕਦੇ ਵਿਸਰੇ ਨਾ।

---

੧. 'ਗੁਰੁ ਈਸਰੁ..' ਦਾ ਅਰਥ ਪਹਿਲੇ ਆਯਾ ਹੈ ਤੇ 'ਗੁਰਮੁਖਿ ਨਾਦੰ...' ਦਾ ਅਰਥ ਹੁਣ ਤੁਰਿਆ। ਗੋਰਖੁ-ਵਿਸ਼ਨੂੰ।

੨. ਸ਼ਬ: ਕੋ:ਵਿ: ਕੋਸ਼ ਤੇ ਐ: ਵਿਚ 'ਮੁਖ' ਦਾ ਅਰਥ ਉਚਾਰਨ ਬੀ ਦਿੱਤਾ ਹੈ। ਸੋ ਗੁਰ+ਮੁਖਿ-ਗੁਰੂ ਦੇ ਵਾਕ ਵਿਚ। ਲਛਣਾ ਦ੍ਵਾਰਾ ਬੀ 'ਗੁਰੂ ਦਾ ਵਾਕ' ਹੈ। 'ਸਭਿ ਨਾਦ ਬੇਦ ਗੁਰਬਾਣੀ' (ਰਾਮ:ਮ:੧)॥ ਇਸ ਤੁਕ ਦੇ ਅਰਥ ਹੋਰ ਤਰ੍ਹਾਂ ਬੀ ਲਾਉਂਦੇ ਹਨ, ਪਰ ਕੋਈ ਨਾ ਕੋਈ ਤ੍ਰੁਟੀ ਰਹਿ ਹੀ ਜਾਂਦੀ ਹੈ। ੧. ਗੁਰੂ ਹੀ ਨਾਦ ਹੈ, ਗੁਰੂ ਹੀ ਵੇਦ ਹੈ, ਗੁਰੂ ਹੀ ਸਮਾ ਰਿਹਾ ਹੈ। ਇਥੇ ਗੁਰਮੁਖ ਦਾ ਅਰਥ ਗੁਰੂ ਕਰਨਾ ਪਿਆ। ਜਿਵੇਂ ਗੁਰੂ ਜੀ ਨੇ ਅਗਲੀ ਤੁਕ ਵਿਚ ਪਦ ਵਰਤਿਆ ਹੈ ਏਥੇ ਬੀ ਵਰਤ ਸਕਦੇ ਸਨ, ਏਥੇ 'ਗੁਰਮੁਖਿ' ਰੱਖਿਆ ਤਾਂ ਜ਼ਰੂਰ ਕੋਈ ਅਰਥ ਵਿਚ ਵਿਲੱਖਣਤਾ ਹੈ ਜੋ ਇਸ ਅਰਥ ਵਿਚ ਨਹੀਂ ਦਿੱਸਦੀ। ੨. ਗੁਰੂ ਦੁਆਰਾ ਨਾਦ ਪ੍ਰਾਪਤ ਹੁੰਦਾ ਹੈ ਤੇ ਵੇਦ ਪ੍ਰਾਪਤ ਹੁੰਦਾ ਹੈ ਤੇ ਗੁਰੂ ਦੁਆਰਾ ਸਾਰੇ ਸਮਾ ਰਿਹਾ (ਜਾਣੀਦਾ ਹੈ)। ਅਗਲੀ ਤੁਕ ਦੱਸਦੀ ਹੈ ਕਿ ਸ਼ਿਵ ਬ੍ਰਹਮਾ ਦੇ ਥਾਂ ਗੁਰੂ ਨੂੰ ਦੱਸ ਰਹੇ ਹਨ। ੩. ਇਸੇ ਤਰ੍ਹਾਂ ਦਾ ਇਕ ਹੋਰ ਹੈ, ਗੁਰਮੁਖਿ=ਗੁਰੂ ਜੋ ਮੁੱਖ ਹੈ, ਅਰਥਾਤ ਸ੍ਰੇਸ਼ਟ ਗੁਰੂ ਦਾ ਨਾਦ (ਸ਼ਬਦ) (ਜਦ ਗੁਰਮੁਖ=) ਜਗਯਾਸੂ (ਨੇ ਸੁਣ ਕੇ ਵੇਦੰ=) ਜਾਣਿਆ, ਤਦ (ਗੁਰਮੁਖ=) ਗੁਰੂ ਜੋ ਮੁਖ ਹੈ ਅਰਥਾਤ ਪਰਮਾਤਮਾ ਉਸ ਵਿਚ ਸਮਾ ਅਰਥਾਤ ਅਭਿੰਨ ਹੋ ਜਾਂਦਾ ਹੈ।

੩. ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (ਮਲਾਰ ਵਾਰ ਮ:੧-੨)
ਪੁਨਾ:-ਗੁਰ ਮਹਿ ਆਪੁ ਰਖਿਆ ਕਰਤਾਰੇ॥ (ਮਾਰੂ: ਸੋਹ: ਮ:੧-੪)

੪. 'ਜੇ ਹਉ ਜਾਣਾ...' ਦਾ ਅਰਥ ਤੁਰਿਆ।

੫. ਗੁਰੂ ਕੀ ਮਹਿਮਾ ਅਗਮ ਹੈ ਕਿਆ ਕਥਹਿ ਕਥਨਹਾਰੁ॥ (ਸਿਰੀ ਰਾਗੁ ਮ:੫)

੬. ਸੰਪ੍ਰਦਾਈ ਅਰਥ ਇਉਂ ਬੀ ਹੈ:- 'ਗੁਰਾਂ ਨੇ ਇਕ ਗਲ ਸਮਝਾ ਦਿੱਤੀ ਹੈ।'

[੬]

ਇਸ ਪਉੜੀ ਵਿਚ 'ਅੰਤਰਿ ਗਤਿ ਤੀਰਥ' ਦਾ ਮੁੱਢ ਬੱਝਦਾ ਹੈ, ਜਿਸ ਦਾ ਵੇਰਵਾ ਪਉੜੀ ੨੧ ਵਿਚ ਹੈ। ਏਥੇ ਤੀਰਥ ਇਸ਼ਨਾਨ ਦਾ ਜ਼ਿਕਰ ਹੈ ਓਥੇ 'ਤੀਰਥੁ ਤਪੁ ਦਇਆ ਦਤੁ ਦਾਨੁ' ਆਦਿ ਵਧੇਰੇ ਕਰਮ ਗਿਣੇ ਹਨ, ਸੋ ਏਥੇ ਬੀ ਤੀਰਥ ਉਪਲਖਤ ਸਾਰੇ ਕਰਮਾਂ ਤੋਂ ਮੁਰਾਦ ਹੈ। ਕਰਮ ਮਾਰਗ ਵਿਚ ਤੇ ਜੋਗੀਆਂ ਵਿਚ ਤੀਰਥ ਇਸ਼ਨਾਨ ਇਕ ਵਡਾ ਕਰਮ ਮੰਨਿਆ ਗਿਆ ਹੈ, ਜਿਵੇਂ ਲੋਹਾਰੀਪਾ ਨੇ ਗੁਰੂ ਜੀ ਨੂੰ ਕਿਹਾ ਸੀ, 'ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥'(ਸਿ:ਗੋ:)। ਗੁਰੂ ਜੀ ਦਾ ਮਾਰਗ 'ਕਰਮ ਮਾਰਗ' ਨਹੀਂ ਪਰ 'ਪ੍ਰੇਮ ਮਾਰਗ' ਹੈ, ਜਿਸ ਦਾ ਹੁਣ ਤਾਈਂ ਉਪਦੇਸ਼ ਕਰਦੇ ਆਏ ਹਨ ਕਿ ਅਸੀਂ ਕੀਹ ਨਜ਼ਰ ਭੇਟ ਕਰੀਏ, ਕੀਹ ਬੋਲ ਬੋਲੀਏ ਕਿ ਦਾਤਾ ਸਾਨੂੰ ਪਿਆਰ ਕਰੇ। ਪਿਆਰ ਪ੍ਰਸੰਨਤਾ ਨਾਲ ਹੁੰਦਾ ਹੈ, ਪ੍ਰਸੰਨਤਾ ਲੈਣ ਲਈ ਹੁਕਮ ਮੰਨਣਾ ਦੱਸਿਆ ਤੇ ਹੁਕਮ ਪਰ ਆਉਣ ਲਈ ਗੁਣ ਗਾਇਨ ਤੇ ਨਾਮ ਸਿਮਰਨ ਉਪਾਉ ਦੱਸੇ। ਪ੍ਰਸੰਨਤਾ ਹੋਣ ਤੇ ਦਾਤਾ ਪਜਾਰ ਦੀ ਨਦਰ ਕਰਦਾ ਤੇ ਮੋਖ ਦੁਆਰ ਬਖਸ਼ਦਾ ਹੈ। ਇਸ ਪਉੜੀ ਵਿਚ ਫੁਰਮਾਉਂਦੇ ਹਨ ਕਿ ਤੀਰਥਾਦਿ ਕਰਮ ਉਸਦੀ ਪ੍ਰਸੰਨਤਾ ਲੈਣ ਦੇ ਉਪਾਯ ਨਹੀਂ ਹਨ। ਪ੍ਰਸੰਨਤਾ ਲੈਣ ਦਾ ਉਪਾਉ ਦਾਤੇ ਨੂੰ (ਵਿਸਰ ਨ ਜਾਣਾ=) ਸਿਮਰਨ ਕਰਨਾ ਹੀ ਹੈ। ਸਿਮਰਨ ਦਾ ਰਾਹ ਦੱਸ ਕੇ ਹੁਣ ਇਸ ਪਉੜੀ ਵਿਚ ਕਰਮ ਤੋਂ ਸਿਮਰਨ ਦੀ ਵਿਸ਼ੇਸ਼ਤਾ ਵਰਣਨ ਕਰਦੇ ਹਨ।

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥**

(ਮੈਂ) ਤੀਰਥ ਵਿਚ ਨ੍ਹਾਵਾਂ ਜੇ (ਨ੍ਹਾਉਣ ਨਾਲ) ਉਸ ਨੂੰ ਭਾ ਜਾਵਾਂ, ਬਿਨਾਂ (ਉਸ ਨੂੰ) ਭਾਏ (ਜਾਣ ਦੇ ਮੈਂ) ਨ੍ਹਾ ਕੇ ਕੀਹ ਕਰਾਂ, (ਭਾਵ ਤੀਰਥ ਇਸ਼ਨਾਨ ਉਸ ਦੀ ਪ੍ਰਸੰਨਤਾ ਦਾ ਕਾਰਨ ਨਹੀਂ, ਸੋ ਉਸ ਦੀ ਪ੍ਰਸੰਨਤਾ ਲੈਣ ਲਈ ਨਿਰੇ ਤੀਰਥ ਇਸ਼ਨਾਨ ਆਦਿ ਕਰਮਾਂ ਦੇ ਕਰਨੇ ਦਾ ਲਾਭ ਨਹੀਂ)।

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥**

ਜਿਤਨੀ (ਕਰਤਾ ਪੁਰਖ ਦੀ) ਉਪਜਾਈ ਰਚਨਾ ਮੈਂ ਵੇਖਦਾ ਹਾਂ (ਉਸ ਵਿਚ ਕਿਸੇ ਨੂੰ) ਕਰਮਾਂ (ਭਾਗਾਂ)[1] ਬਾਝੋਂ ਕੀਹ ਮਿਲਦਾ ਹੈ? (ਭਾਵ ਕੁਛ ਨਹੀਂ ਜੇ ਮਿਲਦਾ ਹੈ ਤਾਂ ਕੋਈ) ਲੈ ਲਵੇ (ਅਰਥਾਤ ਲੈ ਕੇ ਦਿਖਾਵੇ, ਭਾਵ

---

੧. ਤੀਰਥ ਤੋਂ ਭਾਵ ਤੀਰਥ ਇਸ਼ਨਾਨ ਆਦਿ ਕਰਮ ਹੈਨ:- ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥ ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥ (ਮਾਰੂ ਸੋ:ਮ:੧-੨੨/੧੩)॥ ਪੁਨਾ:- ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥ (ਗਉ:ਮ:੫-੧੬੪)। ਪਰ 'ਵਿਣੁ ਕਰਮਾ' ਵਿਚ ਕਰਮਾਂ ਦਾ ਅਰਥ ਹੈ: 'ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥'(ਗਉ;ਮ:੧-੧੮)। ਪਿਛਲੇ ਜਨਮ ਦੇ ਕੀਤੇ ਕਰਮਾਂ ਦੇ ਫਲ ਵਿਚ ਪ੍ਰਾਰਬਧ ਰੂਪੀ ਭਾਗ ਜੋ ਬਣੇ ਹੋਏ ਹਨ, ਜਿਨ੍ਹਾਂ ਦਾ ਕਰਨਾ ਤਾਂ ਜੀਵ ਦਾ ਹੈ ਤੇ ਉਨ੍ਹਾਂ ਦੇ ਭੋਗਣ ਦਾ ਹੁਕਮ ਕਰਤਾ ਪੁਰਖ ਦਾ ਹੈ:- ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਸਾਰੰ: ਵਾਰ ਮ:੧)। ਐਉਂ ਕਰਮਾਂ ਦਾ ਅਰਥ ਏਥੇ ਕਰਮ ਫਲ ਹੈ ਜੋ ਵਾਹਿਗੁਰੂ ਦੇ ਹੁਕਮ ਨਾਲ ਮਿਲਦਾ ਹੈ (ਦਾਰਸ਼ਨਿਕ ਸਾਹਿਤਜ ਵਿਚ ਕਰਮ ਤੋਂ ਮਤਲਬ 'ਕ੍ਰਿਯਾ ਦਾ ਫਲ' ਹੀ ਲੀਤਾ ਜਾਂਦਾ ਹੈ)।

ਈਸ਼੍ਵਰ ਨੂੰ ਆਪਣੇ ਲਈ ਪ੍ਰਸੰਨਤਾ ਮਈ ਬਨਾਉਣ ਦਾ ਉਪਾਉ ਅਗਲੀ ਤੁਕ ਵਿਚ ਦੱਸਿਆ ਹੈ ਕਿ ਗੁਰੂ ਦੀ ਸਿਖਯਾ ਸੁਣ, ਉਸ ਅਨੁਸਾਰ ਨਾਮ ਸਿਮਰ, ਤਦੋਂ ਰਤਨ ਜਵਾਹਰ ਮਾਣਿਕ ਪ੍ਰਾਪਤ ਹੋਣਗੇ ਇਹ ਇਸ਼ਨਾਨ ਹੋਵੇਗਾ ਅੰਤਰਗਤਿ। ਜਿਸ ਬੁੱਧੀ ਰੂਪੀ ਤੀਰਥ ਵਿਚ ਨ੍ਹਾ ਕੇ ਨਾ ਕੇਵਲ ਇਸ਼ਨਾਨ ਸਗੋਂ ਰਤਨ ਲੱਭਣਗੇ, ਜਿਵੇਂ ਕੋਈ ਸਮੁੰਦਰ ਦੇ ਕਿਸੇ ਤੀਰਥ ਵਿਚ ਨ੍ਹਾਉਂਦਾ ਮੋਤੀ ਪ੍ਰਾਪਤ ਕਰ ਲਿਆਵੇ।


www.sikhbookclub.com

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

ਗੁਰਾ ਇਕ ਦੇਹਿ ਬੁਝਾਈ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥

ਹੈ ਅਪਣੇ ਲੈਣ ਦੇ ਜ਼ੋਰ ਨਾਲ ਕੁਝ ਨਹੀਂ ਲੱਭਦਾ)। (ਇਸੀ ਤਰ੍ਹਾਂ ਜੀਵ ਦੀ) ਬੁੱਧਿ ਵਿਚ ਰਤਨ ਜਵਾਹਰ ਤੇ ਮਾਣਿਕ ਹੈਨ (ਪਰ ਆਪਣੇ ਜ਼ੋਰ ਨਾਲ ਨਹੀਂ ਮਿਲਦੇ। ਪ੍ਰਸ਼ਨ- ਫਿਰ ਕੀਕੂੰ ਲਏ ਜਾਵਣ[1]? ਉਤਰ:) ਜੇ ਗੁਰਾਂ ਦੀ ਇਕ[2] ਸਿਖਜਾ ਸੁਣ ਲਵੇਂ ਤਾਂ (ਉਹ ਮਿਲਦੇ ਹੈਨ, ਸੋ ਉਸ ਸਿਖਜਾ ਲਈ ਅਰਦਾਸ ਕਰ ਕਿ) ਹੇ ਗੁਰੂ ਜੀ (ਮੈਨੂੰ) ਇਕ (ਗੱਲ) ਬੁਝਾ ਦਿਓ[3] (ਅਰਥਾਤ ਸਮਝਾ ਕੇ ਮੇਰੇ ਅੰਦਰ ਵਾੜ ਦਿਓ ਕਿ) ਸਭਨਾਂ ਜੀਆਂ ਦਾ ਜੋ ਇਕੋ ਦਾਤਾ ਹੈ ਓਹ ਮੈਨੂੰ (ਕਿਵੇਂ ਵੀ ਤੇ ਕਦੇ ਬੀ) ਵਿਸਰ ਨਾ ਜਾਵੇ।

[੭]

ਕਰਮ ਮਾਰਗੀਆਂ ਤੇ ਯੋਗੀਆਂ ਦੇ ਤੀਰਥ ਇਸ਼ਨਾਨ ਆਦਿ ਕਰਮਾਂ ਦੀ, ਨਿਰੰਕਾਰ ਤੇ ਪ੍ਰਸੰਨਤਾ ਨੂੰ ਅਪਣੇ ਵਲ ਪ੍ਰੇਰਤ ਕਰ ਲੈਣ ਦੀ, ਅਸਮਰਥਾ ਦੱਸ ਕੇ ਅਤੇ ਨਾਮ ਸਿਮਰਣ ਦੀ ਸਫਲਤਾ ਵਰਣਨ ਕਰਕੇ ਹੁਣ ਯੋਗੀਆਂ ਦੇ ਹਠ ਸਾਧਨਾਂ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਦੱਸੀਦੀਆਂ ਹਨ ਉਨ੍ਹਾਂ ਦੀ ਵਾਹਿਗੁਰੂ ਪ੍ਰਸੰਨਤਾ ਨੂੰ ਆਕਰਖਣ ਕਰ ਲੈਣ ਦੀ ਅਸਮਰਥਾ ਦਰਸਾਉਂਦੇ ਹਨ:-

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

(ਹਠ ਯੋਗ ਆਦਿ ਸਾਧਨ ਕਰਕੇ) ਜੇ (ਜੀਵ ਦੀ) ਉਮਰਾ (ਇੰਨੀ ਲੰਮੀ ਹੋ ਜਾਵੇ ਜਿੰਨੇ ਕਿ) ਚਾਰ ਯੁਗ (ਹੁੰਦੇ ਹਨ, ਇਸ ਤੋਂ ਬੀ) ਦਸ ਗੁਣੀ ਹੋਰ ਹੋ ਜਾਵੇ, (ਫੇਰ ਉਹ) ਸਾਰੇ ਸੰਸਾਰ[4] ਵਿਚ ਪ੍ਰਸਿਧ ਹੋ ਜਾਵੇ (ਤੇ ਇੰਨਾ ਸਤਿਕਾਰਿਆ ਜਾਵੇ ਕਿ) ਸਭ ਕੋਈ (ਆਦਰ ਲਈ ਉਸਦੇ) ਨਾਲ ਹੋ ਟੁਰੇ। ਜਗਤ ਵਿਚ ਜਸ ਤੇ ਕੀਰਤੀ (ਸ਼ੋਭਾ ਐਤਨੀ) ਲਵੇ (ਕਿ ਸਭ ਕੋਈ ਉਸ ਨੂੰ) ਚੰਗਾ ਚੰਗਾ ਆਖੇ। (ਪਰ) ਜੇ (ਉਹ) ਉਸ ('ਗੁਣੀ ਨਿਧਾਨ' ਦੀ ਕ੍ਰਿਪਾ) ਦ੍ਰਿਸ਼ਟੀ ਹੇਠ ਨਹੀਂ ਆਇਆ ਤਾਂ (ਉਸਦੀ) ਸਾਰ ਕਿਸੇ ਨਹੀਂ ਲੈਣੀ। (ਸਗੋਂ ਉਸਦੇ ਕੀਤੇ) ਦੋਸ਼ (ਉਸਦੇ) ਜ਼ਿੰਮੇ ਲਾ ਕੇ (ਉਹ) ਦੋਸ਼ੀ ਠਹਿਰਾਇਆ ਜਾਏਗਾ ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਏਗਾ[5] (ਭਾਵ ਨੀਚ

---

੧. ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ। (ਕਲ:ਮ:੪ ਅਸ਼ਟ-੨)।

੨. ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਵਾਰ ਆਸਾ ਮ:੧)।

੩. ਦੇਹਿ ਬੁਝਾਈ=ਬੁਝਾਇ ਦੇਵੇ। ਬੁਝਾਇ ਤੋਂ ਬੁਝਾਈ ਤੁਕਾਂਤ ਲਈ ਵਟਿਆ। ਤੇਰੇ ਗੁਣ ਗਾਵਾਂ ਦੇਹਿ ਬੁਝਾਈ॥ (ਬਿ;ਮ:੧)। (ਅ) ਬੁਝਾਈ ਦਾ 'ਬੂਝ' ਅਰਥ ਬੀ ਸੰਪ੍ਰਦਾ ਵਿਚ ਕਰਦੇ ਹਨ ਕਿ ਇਕ 'ਸੋਝੀ' ਦੇ ਦਿਓ।

੪. ਪ੍ਰਿਥਵੀ ਦੇ ਨੌ (ਖੰਡ=) ਹਿੱਸੇ ਮੰਨੇ ਹੋਏ ਹਨ ਸੋ ਨੌ ਖੰਡ=ਸਾਰਾ ਸੰਸਾਰ।

੫. 'ਕਰਿ' ਪਦ 'ਦੇਹੁਲੀ ਦੀਪਕ' ਹੈ। ਕੀਟੁ ਕਰਿ, ਕਰਿ ਦੋਸੀ।

 www.sikhbookclub.com

| | |
|---|---|
| **ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥** | ਅਵਸਥਾ ਨੂੰ ਪ੍ਰਾਪਤ ਹੋਵੇਗਾ[1], ਪਰੰਤੂ ਐਸੇ) ਗੁਣਾਂ ਤੋਂ ਵਿਹੂਣੇ (ਹੋ ਚੁਕੇ) ਵਿਚ (ਬੀ ਜੇ ਓਹ ਗੁਣੀ ਨਿਧਾਨ ਚਾਹੇ ਤਾਂ) ਗੁਣ ਭਰ ਦੇਂਦਾ ਹੈ, (ਓਹ ਚਾਹੇ ਤਾਂ) ਗੁਣਵੰਤਿਆਂ (ਵਿਚ ਹੋਰ) |
| **ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥** | ਗੁਣ (ਪਾ) ਦੇਂਦਾ ਹੈ। ਉਸ (ਗੁਣੀ ਨਿਧਾਨ) ਜੈਸਾ ਹੋਰ ਕੋਈ ਨਹੀਂ ਮੈਨੂੰ ਦਿੱਸਦਾ ਜੋ ਉਸ (ਗੁਣ ਵਿਹੂਣੇ ਹੋ ਚੁਕੇ ਨੂੰ) ਕੋਈ ਗੁਣ ਲਾ ਸਕੇ[2] (ਗੁਰੂ) ਨਾਨਕ (ਵਾਕ ਹੈ)। |

[੮, ੯, ੧੦, ੧੧]

ਪਿੱਛੇ ਪਉੜੀ ੫ ਵਿਚ 'ਸੋ ਮੈਂ ਵਿਸਰਿ ਨ ਜਾਈ' ਦੀ ਯਾਚਨਾ ਕਰਨ ਦੀ ਸੁਮਤਿ ਦਿਤੀ ਸੀ। ਫਿਰ ਪਉੜੀ ੬,੭ ਵਿਚ ਉਸ ਦੇ ਟਾਕਰੇ ਤੇ ਤੀਰਥਾਦਿ ਕਰਮ ਤੇ ਵਡੀ ਉਮਰਾ ਤੇ ਯਸ਼ ਕੀਰਤੀ ਆਦਿ (ਯੋਗ) ਸਿਧੀਆਂ ਦੀ ਨਜੂਨਤਾ ਦੱਸੀ ਸੀ। ਹੁਣ ਉਸੇ 'ਸੋ ਮੈਂ ਵਿਸਰਿ ਨ ਜਾਈ' ਅਰਥਾਤ ਨਾਮ ਸੁਣਨ ਦੀ ਸਿਖਜਾ ਗੁਰੂ ਤੋਂ ਸੁਣ ਬੁੱਝ ਲੈਣ ਦਾ ਲਾਭ ਦੱਸਦੇ ਹਨ ਕਿ ਜਿਨ੍ਹਾਂ ਨੇ ਸੁਣੀ ਉਨ੍ਹਾਂ ਨੂੰ ਕੀ ਲਾਭ ਹੋਇਆ। ਫੁਰਮਾਉਂਦੇ ਹਨ ਕਿ ਉਨ੍ਹਾਂ ਨੂੰ ਜਾਚ ਆ ਗਈ ਆਪਣੇ ਪਾਪ ਨਸ਼ਟ ਕਰ ਲੈਣ ਦੀ, ਦੁਖ ਦੂਰ ਕਰ ਲੈਣ ਦੀ, ਸਦਾ ਵਿਗਾਸ ਪ੍ਰਾਪਤ ਕਰ ਲੈਣ ਦੀ, ਯਥਾ- 'ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥' ਇਥੇ 'ਸੋ ਮੈ ਵਿਸਰਿ ਨ ਜਾਈ' ਦੀ ਯਾਚਨਾ ਕਰਕੇ ਗੁਰੂ ਦੀ ਸਿੱਖਜਾ ਸਮਝ ਬੁੱਝ ਲੈਣ ਵਾਲੇ ਨੂੰ ਪਦ 'ਭਗਤ' ਨਾਲ ਯਾਦ ਕੀਤਾ ਹੈ ਤੇ ਇਹ ਗਲ ਅਗਲੀਆਂ ੪ ਪਉੜੀਆਂ ਵਿਚ ਫੇਰ ਦੁਹਰਾਈ ਹੈ। ਪਰ ਨਾਲ ਹੀ ਚਉਹਾਂ ਪਉੜੀਆਂ ਵਿਚ ਸੁਣਨ ਦੇ ਹੋਰ ਲਾਭ ਦੱਸੇ ਹਨ। ਏਹ ਲਾਭ ਯਥਾ ਭਾਵਨੀ ਹਨ। ਜੋ ਭਾਵਨੀ ਧਾਰਕੇ ਕੋਈ ਨਾਮ ਸ੍ਰਵਣ ਕਰਦਾ ਹੈ ਉਹ ਪ੍ਰਾਪਤੀ ਉਸ ਨੂੰ ਹੁੰਦੀ ਹੈ। ਜਿਨ੍ਹਾਂ ਦੀ ਭਾਵਨੀ ਪਾਤਸ਼ਾਹੀ ਦੀ ਹੈ, ਪਾਤਸ਼ਾਹ, ਜਿਨ੍ਹਾਂ ਦੀ ਸਿੱਧੀ ਪੀਰੀ ਦੀ ਹੈ, ਉਹ ਸਿੱਧ ਪੀਰ, ਜਿਨ੍ਹਾਂ ਦੀ ਪੰਡਤਾਈ ਦੀ ਹੈ, ਓਹ ਪੰਡਿਤ ਆਦਿ, ਜਿਨ੍ਹਾਂ ਦੀ ਆਪਣੇ ਆਪ ਵਿਚ ਟਿਕਣ ਦੀ ਹੈ ਉਨ੍ਹਾਂ ਨੂੰ ਸਹਜ ਧਿਆਨ ਦੀ ਪ੍ਰਾਪਤੀ ਦੱਸੀ ਹੈ, ਅਰ ਜਿਨ੍ਹਾਂ ਨੂੰ ਪ੍ਰੇਮਾ ਭਗਤੀ ਦੀ ਹੈ ਉਨ੍ਹਾਂ (ਭਗਤਾਂ) ਨੂੰ ਸਦਾ ਅਨੰਦ ਹੈ। ਇਹ ਗਲ ਚਾਰ ਵੇਰ ਦਰਸਾਉਣ ਤੋਂ ਭਾਵ ਵਿਸ਼ੇਸ਼ਤਾ ਦਿਖਲਾਉਣ ਦਾ ਜਾਪਦਾ ਹੈ। ਚੌਹਾਂ ਪਉੜੀਆਂ ਵਿਚ ਗਿਣਤੀ ਇਉਂ ਹੈ:- ਸਿਧ, ਸੁਰ, ਨਾਥ, ਈਸ਼ਰ, ਬਰਮਾ, ਇੰਦ, ਪਾਤਸ਼ਾਹ, ਸੇਖ, ਪੀਰ। ਇਹੋ ਗੇਣਤੀ ਲਗ ਪਗ ਫੇਰ ਪਉੜੀ ੩੫ ਵਿਚ ਗਿਣੀ ਹੈ, ਯਥਾ- ਸਿਧ, ਦੇਵ, ਨਾਥ, ਮਹੇਸ਼, ਬਰਮੇ, ਇੰਦ, ਨਰਿੰਦ ਆਦਿ ਅੰਤ ਨਾ ਅੰਤ।

ਪਉੜੀ ੮ ਵਿਚ ਇਨ੍ਹਾਂ ਨੂੰ ਸਿਖਜਾ ਸੁਣ ਕੇ ਯਥਾ ਭਾਵਨੀ ਲਾਭ ਲੈਣ ਵਾਲੇ ਦਰਸਾਯਾ ਹੈ ਤੇ ਪਉੜੀ ੩੫ ਵਿਚ ਇਨ੍ਹਾਂ ਨੂੰ ਗਜਾਨ ਖੰਡ ਵਿਚ ਦਰਸਾਯਾ ਹੈ। ਪਰ ਪਉੜੀ ੩੫ ਦੇ ਸਿਲਸਿਲੇ ਵਿਚ ਗਜਾਨ ਖੰਡ ਤੋਂ ਬਾਦ ਸਰਮ ਖੰਡ ਤੇ ਉਸ ਤੋਂ ਬਾਦ ਕਰਮ ਖੰਡ ਹੈ, ਭਗਤ ਦਾ ਨਿਵਾਸ (ਪਉ: ੩੭ ਵਿਚ) ਕਰਮ ਖੰਡ ਵਿਚ ਤੇ 'ਆਨੰਦ' 'ਸਦਾ ਮਨਿ ਵਸਿਆ ਸੋਇ' ਦਰਸਾਯਾ ਹੈ, ਯਥਾ- 'ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥' ਇਸ ਵਿਵੇਚਨਾ ਤੋਂ ਬੀ ਇਹੀ

---

੧. ਭਾਵ ਇਹ ਹੈ- 'ਭਗਤਿਹੀਣ ਜਗਤ ਸੀ ਸ਼ੋਭਾ ਵਾਲਾ' ਪਰ ਓਹ ਪਰਲੋਕ ਵਿਚ ਯਾ ਏਥੇ ਸਤਿਪੁਰਖਾਂ ਦੇ ਸਤਿਸੰਗਿ ਵਿਚ ਦੋਸ਼ੀ ਤੇ ਨੀਚਾਂ ਵਿਚ ਗਿਣਿਆ ਜਾਂਦਾ ਹੈ। (ਅ) ਉਹ ਪਰਲੋਕ ਵਿਚ ਨੀਚ ਗਿਣਿਆ ਜਾਏਗਾ ਤੇ ਦੋਸ਼ੀ ਬੀ ਉਸ ਪਰ ਦੋਸ਼ ਥੱਪਣਗੇ। (ਸੰਪ੍ਰ:)

੨. ਭਾਵ ਹੈ ਕਿ ਗੁਣਾਂ ਤੋਂ ਸੱਖਣੇ ਹੋ ਚੁਕੇ ਜੀਵ ਵਿਚ ਕੇਵਲ ਵਾਹਿਗੁਰੂ ਹੀ ਗੁਣ ਭਰ ਸਕਦਾ ਹੈ। (ਅ) ਏਹੋ ਜੇਹਾ ਕੋਈ ਨਹੀਂ ਦਿੱਸਦਾ ਜੋ ਉਸ ਪਰਮੇਸ਼ੁਰ ਨੂੰ ਕੋਈ ਗੁਣ ਲਾ ਸਕੇ। (ਸੰਪ੍ਰ:)

ਸਹੀ ਹੋਇਆ ਕਿ ਇਨ੍ਹਾਂ 'ਸੁਣਿਐ' ਦੀਆਂ ਪਉੜੀਆਂ ਵਿਚ 'ਸੋ ਮੈ ਵਿਸਰਿ ਨ ਜਾਈ' ਦੀ ਸਿਖਜਾ ਸੁਣਕੇ ਇਹੋ ਟੇਕ ਲੈਣ ਵਾਲੇ ਏਕਾਂਕੀ ਪ੍ਰੀਤ ਵਾਲੇ 'ਭਗਤ' ਦੀ ਵਿਸ਼ੇਸ਼ਤਾ ਦਰਸਾਉਣ ਦਾ ਭਾਵ ਹੈ ਜੋ ਸਦਾ ਵਿਗਾਸ ਵਿਚ ਰਹਿੰਦਾ ਹੈ।

**ਸੁਣਿਐ ਸਿਧ ਪੀਰ ਸੁਰਿ ਨਾਥ॥**
**ਸੁਣਿਐ ਧਰਤਿ ਧਵਲ ਆਕਾਸ॥**
**ਸੁਣਿਐ ਦੀਪ ਲੋਅ ਪਾਤਾਲ॥**
**ਸੁਣਿਐ ਪੋਹਿ ਨ ਸਕੈ ਕਾਲੁ॥**

ਸੁਣਨੇ[1] ਨਾਲ ਬਣੇ ਹਨ ਸਿੱਧ ਪੀਰ ਦਾਨੇ ਤੇ ਨਾਥ (ਆਦਿ ਵਡਕੇ)[2]। ਸੁਣਨੇ ਨਾਲ ਬਣੇ ਹਨ (ਇਸ) ਧਰਤੀ ਦੇ ਹੇਠਲੇ ਤੇ (ਉਪਰ) ਅਕਾਸ਼ਾਂ (ਵਿਚ ਰਹਿਣ ਵਾਲੇ ਵਡਕੇ[3])। ਸੁਣਨੇ ਨਾਲ ਬਣੇ ਹਨ ਦੀਪਾਂ ਲੋਕਾਂ ਤੇ ਪਤਾਲਾਂ ਦੇ ਵਾਸੀ (ਵਡਕੇ[4])। ਸੁਣਨੇ ਨਾਲ ਬਣੇ ਹਨ (ਓਹ ਲੋਕ ਜਿਨ੍ਹਾਂ ਪਰ) ਕਾਲ ਅਪਣਾ ਅਸਰ ਨਹੀਂ ਪਾ ਸਕਦਾ (ਭਾਵ ਉਹ ਚਿਰਜੀਵੀ[5] ਯਾ

---

੧. ਸੁਣਨ ਤੋਂ ਮੁਰਾਦ ਕੰਨੀ ਪੈ ਕੇ ਨਿਕਲ ਜਾਣ ਮਾਤ੍ਰ ਤੋਂ ਨਹੀਂ, ਪਰ ਐਸਾ ਸੁਣਨਾ ਜੋ ਸਮਝ ਤੋਂ ਅੱਗੇ ਵਧਦਾ ਬੂਝ ਬਣ ਜਾਂਦਾ ਹੈ, ਮਨ ਤੇ ਬੁੱਧੀ ਵਿਚ ਪੂਰਨ ਪ੍ਰਵੇਸ਼ ਕਰ ਜਾਂਦਾ ਹੈ। ਪਿਛੇ ਯਾਚਨਾ 'ਬੁਝਾਈ' ਦੀ ਸੀ। ਬੁਝਾਈ ਦਾ ਭਾਵ ਹੈ ਬੁੱਧੀ ਵਿਚ ਪ੍ਰਵੇਸ਼ਿਤ ਹੋ ਜਾਣ ਦਾ, ਯਥਾ-ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ॥ (ਸਿਰੀ:ਵਾ:ਮ:੪-੫)। ਫਿਰ ਫੁਰਮਾਯਾ ਹੈ:- ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ।....ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵਲਾਈ॥ (ਸਾਰੰ:ਵਾ:ਮ:੪-੬)।

੨. ਯਥਾ- ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ। (ਸਾਰੰ:ਵਾ:ਮ:੪-੭)। ਸਿਧ-ਜੋਗੀਆਂ ਦੇ ਵਡਕੇ, ਜਿਨ੍ਹਾਂ ਦੀ ਗਿਣਤੀ ੮੪ ਹੈ। ਪੀਰ-ਮੁਸਲਮਾਨਾਂ ਦੇ ਸਾਧੂ। ਸੰਸ: ਸੁਰ-ਵਿਦਵਾਨ ਤੇ ਦਾਨੇ ਲੋਕ। (ਅ) ਦੇਵਤੇ। ਨਾਥ-ਯੋਗ ਮਾਰਗ ਦੇ ਬਹੁਤ ਵਡੇ ਆਚਾਰਯ ਜੋ ਨੌ ਹੋਏ ਹਨ।

੩. ਉਪਾਦਨ ਲੱਛਣਾਂ ਦੁਆਰਾ 'ਧਰਤੀ ਧਉਲ ਅਕਾਸ਼' 'ਦੀਪ ਲੋਕ ਪਾਤਾਲ' ਦਾ ਭਾਵ ਹੈ- ਇਨ੍ਹਾਂ ਟਿਕਾਣਿਆਂ ਦੇ ਵੱਸਣ ਵਾਲੇ ਵਡਕੇ ਸਿਧ ਪੀਰ ਸੁਰ ਤੇ ਨਾਥਾਂ ਵਰਗੇ। ਜਿਵੇਂ ਕਹੀਦਾ ਹੈ: ਸਾਰਾ ਸ਼ਹਿਰ ਅਜ ਗੁਡੀਆਂ ਪਤੰਗਾਂ ਵੇਖਣ ਕੋਠਿਆਂ ਤੇ ਚੜ੍ਹ ਗਿਆ। ਸ਼ਹਿਰ ਤਾਂ ਨਹੀਂ ਕੋਠੇ ਚੜ੍ਹ ਗਿਆ ਪਰ ਸ਼ਹਿਰ ਦੇ ਵਾਸੀ ਚੜ੍ਹ ਗਏ ਭਾਵ ਹੈ। ਇਹ ਹੈ ਉਪਾਦਾਨ ਲੱਛਣਾ। ਧਵਲ=ਸ੍ਰੇਸ਼ਟ ਬੈਲ, ਧਰਤੀ ਹੇਠਲਾ ਮੰਨਿਆ ਬੈਲ, ਭਾਵ ਹੈ ਧਰਤੀ ਦੇ ਹੇਠਲੇ ਪਾਸੇ ਦੀ ਵਸੋਂ। ਦੀਪ=ਧਰਤੀ ਦੇ ਸੱਤ ਹਿੱਸੇ। ਲੋਅ=ਲੋਕ, ਭਵਨ। ਪਾਤਾਲ=ਧਰਤੀ ਤੋਂ ਹੇਠਲੇ ਪਾਸੇ ਦੂਰ ਦੇ ਟਿਕਾਣੇ ਜੋ ਸੱਤ ਗਿਣੇ ਹਨ, ਪਾਤਾਲ ਅਖੀਰਲਾ ਹੈ।

੪. ਇਨ੍ਹਾਂ ਤੁਕਾਂ ਦੇ ਅਰਥ ਸੰਪ੍ਰਦਾ ਵਿਚ ਕਈ ਲਾਏ ਜਾਂਦੇ ਹਨ:- (ਅ) ਸੁਣਨੇ ਨਾਲ ਜਾਣ ਲਈਦਾ ਹੈ ਸਿਧਾਂ, ਪੀਰਾਂ, ਸੁਰਾਂ, ਨਾਥਾਂ, ਧਰਤੀਆਂ, ਧਉਲਾਂ, ਅਕਾਸ਼ਾਂ, ਦੀਪਾਂ, ਲੋਕਾਂ, ਪਤਾਲਾਂ ਦੇ ਭੇਤਾਂ ਨੂੰ। (ੲ) ਸੁਣਨ ਨਾਲ ਜਾਚ ਆ ਜਾਂਦੀ ਹੈ ਸਿਧ ਪੀਰ ਸੁਰ ਨਾਥ ਬਣਨੇ ਦੀ, ਧਰਤੀ ਧਉਲ ਅਕਾਸ਼ ਦੀਪ ਲੋਅ ਪਾਤਾਲਾਂ ਨੂੰ ਸਮਝਣੇ ਦੀ ਯਾ ਇਨ੍ਹਾਂ ਵਿਚ ਗਤੀ ਦੀ। (ਸ) ਦੀਪ, ਲੋਅ, ਪਾਤਾਲ ਆਦਿਕਾਂ ਦੇ ਅਧਿਸ਼ਠਾਤਾ ਦੇਵਤੇ ਇਸ ਪਦਵੀ ਨੂੰ ਸੁਣਕੇ ਪ੍ਰਾਪਤ ਹੋਏ ਹਨ, ਅਥਵਾ ਓਹ ਸਥਿਤ ਹੈਨ, ਆਦਿ। ਕੋਈ ਅਠ ਦਸ ਤਰ੍ਹਾਂ ਅਰਥ ਲਾਉਣ ਦਾ ਪ੍ਰਜਤਨ ਹੁੰਦਾ ਹੈ ਕਿ ਟੀਕਾਕਾਰ ਇਨ੍ਹਾਂ ਵਿਚੋਂ ਯਥਾ ਮਤ ਇਕ ਅਰਥ ਚੁਣ ਲੈਂਦੇ ਹਨ। ਪਰ ਗੁਰੂ ਜੀ ਦਾ ਆਸ਼ਾ ਇਹੋ ਪ੍ਰਤੀਤ ਹੁੰਦਾ ਹੈ ਕਿ ਨਾਮ ਦੇ ਸ੍ਰਵਣ ਨਾਲ ਪਾਪ ਨਸ਼ਟ ਹੁੰਦੇ ਹਨ, ਦੁਖ ਦੂਰ ਹੁੰਦੇ ਹਨ, ਆਨੰਦ ਦੀ ਪ੍ਰਾਪਤੀ ਹੁੰਦੀ ਹੈ ਭਗਤੀ ਭਾਵ ਨਾਲ ਸੁਣਨੇ ਕਰਕੇ, ਹੋਰ ਭਾਵਨਾ ਜੈਸੀ ਜੈਸੀ ਕੋਈ ਕਰੇ ਵੈਸਾ ਵੈਸਾ ਫਲ ਲੈਂਦਾ ਹੈ।

੫. ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥ (ਸਿਧ ਗੋ:੫੦)।
ਪੁਨਾ- ਗੁਰ ਪਰਚੈ ਮਨੁ ਸਾਚਿ ਸਮਾਇ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ॥ (ਸਿ:ਗੋ:੪੯)।

 www.sikhbookclub.com

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥
੮॥
ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥
੯॥
ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥

ਕਾਲ ਬਿਜਈ ਜੋਗੀ ਹੋ ਜਾਂਦੇ ਹਨ। ਪਰੰਤੂ) ਭਗਤਾਂ ਨੂੰ ਸੁਣਨੇ ਨਾਲ ਪਾਪਾਂ ਦਾ ਨਾਸ਼, ਦੁਖਾਂ ਦਾ ਵਿਨਾਸ਼ ਤੇ ਸਦਾ ਆਨੰਦ ਪ੍ਰਾਪਤ ਹੁੰਦਾ ਹੈ, ਹੇ ਨਾਨਕ[੧]!

ਨਾਮ ਸੁਣਨੇ ਨਾਲ ਸ਼ਿਵ, ਬ੍ਰਹਮਾ ਤੇ ਇੰਦ੍ਰ ਬਣੇ ਹਨ[੨]। ਨਾਮ ਸੁਣਨੇ ਨਾਲ ਮੰਦਾ ਪੁਰਖ ਬੀ ਸਿਫਤ ਸਲਾਹਾਂ (ਕਰਦਾ ਕਰਦਾ) ਮੁਖੀ (=ਸ੍ਰੇਸ਼ਟ) ਹੋ ਜਾਂਦਾ ਹੈ[੩]। ਨਾਮ ਸੁਣਨੇ ਨਾਲ ਜੋਗ ਦੀਆਂ ਜੁਗਤੀਆਂ ਤੇ ਤਨ ਅੰਦਰਲੀਆਂ ਨਾੜੀਆਂ ਆਦਿਕਾਂ ਦੀਆਂ (ਗੁੱਝੀਆਂ) ਗਲਾਂ ਦਾ (ਪਤਾ ਲੱਗ ਜਾਂਦਾ ਹੈ[੪])। ਨਾਮ ਸੁਣਨ ਨਾਲ ਸ਼ਾਸਤ੍ਰ ਸਿਮ੍ਰਤੀਆਂ ਤੇ ਵੇਦਾਂ (ਵਾਲੀ ਸੋਝੀ ਆ ਜਾਂਦੀ ਹੈ[੫])।

(ਅੰਤ ਦੀਆਂ ਦੋ ਤੁਕਾਂ ਦਾ ਅਰਥ ਉਪਰ ਆ ਚੁੱਕਾ ਹੈ)।

ਨਾਮ ਸੁਣਨੇ ਨਾਲ ਸਤਿ ਸੰਤੋਖ ਤੇ ਗਜਾਨ (ਪ੍ਰਾਪਤ ਹੋ ਜਾਂਦਾ ਹੈ[੬])। ਨਾਮ ਸੁਣਨੇ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੋ ਜਾਂਦਾ ਹੈ (ਭਾਵ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਜੋ ਮੰਨਿਆ ਗਿਆ ਹੈ ਸੋ ਪ੍ਰਾਪਤ ਹੋ ਜਾਂਦਾ ਹੈ[੭])। ਸੁਣਨੇ ਨਾਲ (ਵਿਦਯਾ) ਪੜ੍ਹ ਪੜ੍ਹ ਕੇ (ਪ੍ਰਾਪਤ ਹੋਣੇ ਵਾਲਾ) ਮਾਨ ਬੀ ਪ੍ਰਾਪਤ ਹੋ ਜਾਂਦਾ ਹੈ, (ਪਰੰਤੂ ਨਿਸ਼ਕਾਮ ਸੁਣਨੇ ਵਾਲੇ ਦਾ) ਸੁਣਨੇ ਨਾਲ ਸਹਜ ਧਿਆਨ ਲੱਗ ਜਾਂਦਾ ਹੈ (ਭਾਵ ਬ੍ਰਿਤੀ ਦਾ ਟਿਕਾਉ

---

੧. ਪਾਪਾਂ ਦਾ ਫਲ ਦੁੱਖ ਹੈ, ਦੁੱਖ ਵਿਚ ਚਿੰਤਾ ਤੇ ਉਦਾਸੀ ਹੁੰਦੀ ਹੈ। ਨਾਮ ਵਾਲੇ ਭਗਤ ਦੇ ਪਾਪ ਨਸ਼ਟ ਹੋ ਜਾਂਦੇ ਹਨ, ਪਾਪ ਨਸ਼ਟ ਹੋਇਆਂ ਦੁਖ ਦੂਰ ਹੁੰਦੇ ਹਨ, ਅਦੁਖੀ ਮਨ ਜੋ ਵਾਹਿਗੁਰੂ ਪਯਾਰ ਵਿਚ ਹੈ ਸਦਾ ਖਿੜਿਆ ਤੇ ਆਨੰਦ ਰਹਿੰਦਾ ਹੈ।

੨. ਸੰਪ੍ਰਦਾ ਵਾਲੇ ਚੌਹਾਂ ਹੀ ਤੁਕਾਂ ਵਿਚ 'ਇਨ੍ਹਾਂ ਨੂੰ ਜਾਣ ਲੈਂਦੇ ਹਨ' ਵਾਲਾ ਅਰਥ ਬੀ ਲਾਉਂਦੇ ਹਨ ਤੇ ਬਾਕੀ ਦੇ ਹੋਰ ਅਰਥ ਜਿਨ੍ਹਾਂ ਦਾ ਨਮੂਨਾ ਪਿਛਲੇ ਪੰਨੇ ਦੀ ਟੂਕ ਨਿਸ਼ਾਨ੪ ਵਿਚ ਦਿੱਤਾ ਹੈ, ਬੀ ਘਟਾਉਂਦੇ ਹਨ।

੩. ਯਥਾ- ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥ (ਸਾਰੰ:ਵਾ:ਮ:੪-੮)

(ਅ) ਸੁਣਨੇ ਵਾਲਾ ਮੰਦਾ ਪੁਰਖ ਬੀ ਵਾਹਿਗੁਰੂ ਨੂੰ ਮੂੰਹੋਂ ਸਲਾਹੁਣ ਲਗ ਪੈਂਦਾ ਹੈ। (ਸੰਪ੍ਰ:)

੪. ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ (ਸਿਧ ਗੋ:੩੨)

੫. ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ॥ (ਸਿ:ਗੋ:੩੭)

੬. ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥ (ਸਾਰੰ:ਵਾ:ਮ:੪-੭)

੭. ਤੀਰਥ ਇਸ਼ਨਾਨ ਨਾਲ ਪਾਪ ਦੂਰ ਹੁੰਦੇ ਹਨ, ਪਰ ਨਾਮ ਸੁਣਨ ਨਾਲ ਸਚ ਮੁਚ ਪਾਪ ਦੂਰ ਹੁੰਦੇ ਹਨ। ਯਥਾ-ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥(ਜਪੁਜੀ) (ਅ) ਨਾਮ ਸੁਣਨ ਨਾਲ ਜੋ ਇਸਨੂੰ (ਪੜਿ ਪੜਿ=) ਜਪਦੇ ਹਨ (ਦਰਗਾਹੇ) ਮਾਨ ਪਾਉਂਦੇ ਹਨ। (ਸੰਪ੍ਰ:।)

| | |
|---|---|
| **ਸੁਣਿਐ ਦੂਖ ਪਾਪ ਕਾ ਨਾਸੁ ॥ ੧੦॥** | ਵਾਹਿਗੁਰੂ ਸਰੂਪ ਵਿਚ ਨਿਰਯਤਨ ਟਿਕਿਆ ਰਹਿੰਦਾ ਹੈ[1])। (ਬਾਕੀ ਦਾ ਅਰਥ ਪਿੱਛੇ ਆ ਚੁੱਕਾ ਹੈ)। |
| **ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥ ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੧॥** | ਸੁਣਨੇ ਨਾਲ ਗੁਣਾਂ ਦੇ ਸਰਾਂ ਦੇ ਜਾਣਨਹਾਰ[2] ਹੋ ਜਾਈਦਾ ਹੈ। ਸੁਣਨ ਨਾਲ ਸ਼ੇਖ, ਪੀਰ ਤੇ ਪਾਤਸ਼ਾਹ (ਭਾਵ ਦੀਨ ਦੁਨੀ ਦੇ ਵੱਡੇ) ਬਣ ਜਾਈਦਾ ਹੈ। ਸੁਣਨੇ ਨਾਲ ਅੰਨ੍ਹੇ (=ਗਿਆਨਹੀਨ ਲੋਕ ਗਿਆਨ ਦਾ) ਮਾਰਗ ਪਾ ਲੈਂਦੇ ਹਨ[3]। ਸੁਣਨੇ ਨਾਲ (ਸੁਣਨ ਵਾਲੇ ਨੂੰ) ਅਥਾਹ (ਭਵ ਸਾਗਰ) ਹਥਾਲੜਾ ਹੋ ਜਾਂਦਾ ਹੈ[4]। (ਅੰਤਲੀਆਂ ਦੋਹਾਂ ਤੁਕਾਂ ਦਾ ਅਰਥ ਪਿਛੇ ਆ ਚੁੱਕਾ ਹੈ)। |

[੧੨, ੧੩, ੧੪, ੧੫]

'ਸੋ ਮੈ ਵਿਸਰਿ ਨ ਜਾਈ', 'ਅੰਮ੍ਰਿਤ ਵੇਲਾ ਸਚੁ ਨਾਉ', 'ਸਾਚਾ ਸਾਹਿਬ ਸਾਚੁ ਨਾਇ' ਅਰਥਾਤ 'ਨਾਮ' ਦਾ ਉਪਦੇਸ਼, ਦੇ ਕੇ, ਗੁਰੂ ਤੋਂ ਇਸ ਦੀ ਪ੍ਰਾਪਤੀ ਲਈ ਯਾਚਨਾ ਕਰਕੇ, ਉਸ ਤੋਂ ਸੁਣ ਕੇ ਸੁਣਨ ਦੇ ਲਾਭ ਦੱਸੇ ਸਨ। ਹੁਣ ਅਗਲੀਆਂ ਚਾਰ ਪਉੜੀਆਂ ਵਿਚ ਦੱਸਦੇ ਹਨ ਕਿ ਸਿੱਖ, ਜੇ ਉਸ (ਨਾਮ) ਦਾ ਵਾਰੰਵਾਰ ਮੰਨਨ ਕਰੇਗਾ ਤਾਂ ਨਾਮੀ ਨੂੰ ਪ੍ਰਾਪਤ ਹੋਵੇਗਾ। ਚਾਹੇ ਐਸੇ-ਮੰਨ ਲੈਣ ਵਾਲੇ-ਦੀ ਸੰਪੂਰਨ ਮਹਿਮਾ ਅਕੱਥ ਹੈ, ਪਰ ਕੁਛ ਨਾ ਕੁਛ ਕਿਹਾਂ ਤੇ ਹੀ ਪਤਾ ਲਗੇਗਾ।

ਇਨ੍ਹਾਂ ਪਉੜੀਆਂ ਵਿਚ 'ਮੰਨੈ' ਪਦ ਦਾ ਭਾਵ ਹੈ 'ਦ੍ਰਿੜ੍ਹ ਅਭਯਾਸ ਕਰਨਾ'। ਵੇਦਾਂਤ ਪਰਿਭਾਸ਼ਾ ਵਿਚ ਇਸ ਨੂੰ 'ਮਨਨ' ਕਹਿ ਲੈਂਦੇ ਹਨ, ਪਰ ਅਗਲੀਆਂ ਪਉੜੀਆਂ ਦਾ ਵੀਚਾਰ ਦੱਸਦਾ ਹੈ ਕਿ ਇਸ ਪਦ 'ਮੰਨੈ' ਦੇ ਅਰਥ ਵਿਚ ਦੋ ਪਦ 'ਮਨਨ' ਤੇ 'ਨਿਧਯਾਸਨ' ਸ਼ਾਮਲ ਹਨ, ਕਿਉਂਕਿ ਇਨ੍ਹਾਂ ਦੋਹਾਂ ਦੇ ਹੋਣ ਤੋਂ ਬਾਦ 'ਸਾਖਯਾਤਕਾਰ' ਹੁੰਦਾ ਹੈ ਤੇ ਇਥੇ ਕੇਵਲ 'ਮੰਨੈ' ਨਾਲ 'ਪਾਵਹਿ ਮੋਖ ਦੁਆਰੁ' ਲਿਖਯਾ ਹੈ। ਸੋ ਮੰਨੈ ਵਿਚ ਮਨਨ ਨਿਧਯਾਸਨ ਦੁਇ ਸ਼ਾਮਲ ਹਨ। ਦੂਸਰਾ ਫਰਕ ਇਹ ਹੈ ਕਿ ਇਥੇ ਕੇਵਲ 'ਨਾਮ ਦੇ ਮੰਨਣ' ਦੇ ਫਲ ਦੱਸੇ ਜਾ ਰਹੇ ਹਨ, ਜੈਸਾ ਕਿ ਸਾਫ ਕਿਹਾ ਗਿਆ ਹੈ: 'ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥'

| | |
|---|---|
| **ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥** | (ਸਭਨਾਂ ਜੀਆਂ ਦੇ ਇਕ ਦਾਤੇ ਨੂੰ ਨਾ ਵਿਸਾਰਨ ਵਾਲੇ ਅਰਥਾਤ ਸੱਚੇ ਨਾਮ ਨੂੰ) ਮੰਨ ਲੈਣ ਵਾਲੇ ਦੀ[5] ਅਵਸਥਾ (ਯਾ ਪ੍ਰਾਪਤੀ[6]) ਕਹੀ ਨਹੀਂ ਜਾ ਸਕਦੀ, ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾ ਹੈ (ਕਿ ਮੈਂ ਥੋੜੀ ਕਹੀ ਹੈ। ਭਲਾ ਜੇ ਕੋਈ ਦਾਨੇ) ਮੰਨ ਲੈਣ ਵਾਲੇ ਦਾ ਬੈਠ ਕੇ ਵੀਚਾਰ ਕਰਨ |

੧. ਗੁਰਮੁਖਿ ਲਾਗੈ ਸਹਜਿ ਧਿਆਨੁ॥(ਸਿਧ ਗੋ:)।ਪੁਨਾ: ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ॥(ਸਾਰੰ:ਵਾ:ਮ:੪-੭)
੨. ਗਾਹ=ਗਾਹੁਣਹਾਰ, ਜਪਣਹਾਰ, ਸਿਆਣੂ।
੩. ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥ ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥(ਸਾਰੰ:ਵਾ:ਮ:੪-੮)
੪. ਸਾਗਰੁ ਤਰਿਓ ਬਾਛਰ ਖੋਜ॥ (ਰਾਮ:ਮ:੫-੫੧)
੫. ਮੰਨੇ ਕੀ=ਮੰਨ ਲੈਣ ਵਾਲੇ ਦੀ, ਜਿਸ ਨੇ ਮੰਨਨ ਕਰ ਲਿਆ ਹੈ, ਉਸ ਦੀ।
੬. ਗਤਿ ਦੇ ਹੋਰ ਅਰਥ:- ਗਤਿ=ਚਾਲ, ਹਾਲਤ, ਅਵਸਥਾ, ਰਸਤਾ, ਫਲ, ਪ੍ਰਾਪਤੀ।
ਗਤਿ ਦਾ 'ਉਸਤਤਿ' ਅਰਥ ਬੀ ਲਾਉਂਦੇ ਹਨ।

ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

(ਤੇ ਕਈ ਲਿਖਾਰੀ ਲਿਖੀ ਜਾਣ ਤਾਂ ਵਰਣਨ ਹੋ ਸਕੇ? ਉੱਤਰ:-ਨਹੀਂ, ਕਿਉਂਕਿ ਸੰਪੂਰਨ ਲਿਖ ਲੈਣ ਵਾਲਾ) ਲਿਖਾਰੀ ਨਹੀਂ, ਨਾ (ਅਮੁੱਕ ਲਿਖਣੇਹਾਰ) ਕਲਮ ਹੈ ਤੇ ਨਾ (ਅਮਿੱਤ) ਕਾਗਜ਼ ਹੈ (ਜਿਸ ਪਰ ਲਿਖਿਆ ਜਾ ਸਕੇ)। (ਪਰਮੇਸ਼ੁਰ ਦਾ) ਨਾਮ ਐਸਾ ਮਾਯਾ ਤੋਂ ਨਿਰਲਿਪਤ[1] (=ਪਾਵਨ ਪਦਾਰਥ) ਹੈ, (ਪਰ ਇਸ ਗੱਲ ਨੂੰ) ਕੋਈ (ਤਾਂ) ਜਾਣ ਸਕਦਾ ਹੈ ਜੇ ਕੋਈ ਮਨ ਵਿਚ (ਨਾਮ ਨੂੰ) ਮਨਨ ਕਰ ਲਵੇ।

ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥

(ਨਾਮ ਨੂੰ) ਮੰਨ ਲੈਣ ਨਾਲ[2] (ਜਗ੍ਯਾਸੂ ਦੀ) ਸੁਰਤਿ[3] ਮਨੀਖਾ, (ਤੇ) ਬੁਧਿ (ਨਾਮੀ ਨੂੰ ਵਿਸ਼ਯ ਕਰਨ ਵਾਲੀ) ਹੋ ਜਾਂਦੀ ਹੈ। (ਨਾਮ ਨੂੰ) ਮੰਨ ਲੈਣ ਨਾਲ (ਉਹ ਸੁਧਿ ਪ੍ਰਾਪਤ ਹੁੰਦੀ ਹੈ ਜੋ) ਸਾਰੇ ਭਵਨਾਂ ਦੀ ਸੋਝੀ (ਕਹੀਦੀ ਹੈ, ਭਾਵ ਸੁਤੇ ਗ੍ਯਾਨ ਪ੍ਰਾਪਤੀ ਵਾਲੀ ਬੁੱਧੀ ਜੋ ਦੇਵਤਿਆਂ ਤੇ ਸਿਧਾਂ ਪੁਰਖਾਂ ਨੂੰ ਪ੍ਰਾਪਤ ਹੁੰਦੀ ਹੈ)। (ਐਸੀ ਅਨੁਭਵੀ ਸੁਤੇ ਬੁੱਧੀ ਜਿਸ ਨੂੰ

---

੧. ਨਿਰ+ਅੰਜਨ=ਮਾਯਾ ਤੇ ਨਿਰਲਿਪਤ। ਸ਼ੁੱਧ, ਪਵਿਤ੍ਰ। 'ਨਾਮ ਨਾਮੀ ਦੀ ਅਭੇਦਤਾ' ਦੇ ਨਿਯਮ ਅਨੁਸਾਰ ਨਾਮ ਬੀ ਨਿਰੰਜਨ ਹੈ। ਜੈਸੇ ਵਾਕ ਹੈ:- ਨਾਮੁ ਨਿਰੰਜਨੁ ਅਤਿ ਅਗਮ ਅਪਾਰਾ (ਮਾਝ:ਮ:੩ ਅਸ਼ਟ-੬) ਪੁਨਾ-ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਇ॥ (ਵਡ:ਮ:੩-੪)

(ਅ) ਸੰਪ੍ਰ: ਅਰਥ ਇਹ ਬੀ ਹੈ:- ਨਾਮ ਐਸਾ ਨਿਰੰਜਨ ਰੂਪ ਹੈ ਕਿ ਜੋ ਉਸ ਦਾ ਮਨਨ ਕਰੇ ਓਹੀ ਉਸ ਦੇ ਰਸ ਨੂੰ ਜਾਣਦਾ ਹੈ।

੨. ਮੰਨੈ=ਮੰਨ ਲੈਣ ਨਾਲ।

੩. 'ਸੁਰਤਿ' ਪਦ ਦਾ ਮੂਲ ਕੋਸ਼ਕਾਰਾਂ ਨੇ ਸਿਮ੍ਰਿਤਿ ਮੰਨਿਆ ਹੈ ਤੇ ਇਸ ਦੇ ਅਰਥ ਕੀਤੇ ਹਨ: ਸਮਰਣ, ਚੇਤਨਾ; ਸੁਧਿ, ਧ੍ਯਾਨ। ਗੁਰਬਾਣੀ ਵਿਚ ਇਹ ਪਦ ਗ੍ਯਾਤ, ਬ੍ਰਿਤੀ, ਚੇਤਨਾ, ਧ੍ਯਾਨ, ਵਿਸ਼ੇਸ਼ ਪ੍ਰੀਤ, ਸੁਧ, ਖ਼ਬਰ, ਸਿਮ੍ਰਿਤ ਸ਼੍ਰੁਤੀ, ਅਨੇਕਾਂ ਅਰਥਾਂ ਵਿਚ ਆਯਾ ਹੈ। ਚੌਥੇ ਸਤਿਗੁਰਾਂ ਨੇ ਬੀ ਫ਼ੁਰਮਾਯਾ ਹੈ: ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥ (ਸਾਰੰ:ਵਾ:ਮ:੪-੧੨)। ਫਿਰ ਜਪੁਜੀ (ਪਉੜੀ੬) ਵਿਚ ਲਿਖਿਆ ਹੈ, 'ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥' ਇਥੇ 'ਮਨਿ' ਪਦ ਵਿਚ ਸਿਆਰੀ ਇਸਤ੍ਰੀ ਲਿੰਗ ਦਾ ਚਿੰਨ੍ਹ ਹੈ ਤੇ ਦੱਸਦਾ ਹੈ 'ਮਨਿ' ਤੋਂ 'ਮਨੀਖਾ' ਮੁਰਾਦ ਹੈ। ਸੁਰਤਿ=Consciousness, ਮਨਿ=ਮਨੀਖਾ=Intelligence, ਬੁਧਿ=Reason ਏਹ ਸੁਰਤਿ ਮਨਿ ਬੁਧਿ ਆਦਿ ਸਾਡੀ ਗ੍ਯਾਤ ਸ਼ਕਤੀ ਦੇ ਅੰਗ ਯਾ ਦਰਜੇ ਹਨ, ਜਿਨ੍ਹਾਂ ਦਾ ਕੰਮ ਹੈ ਗ੍ਯਾਨ ਪ੍ਰਾਪਤੀ। ਕਾਰਜ ਕਾਰਣ ਆਦਿ ਵੀਚਾਰ ਨਾਲ, ਯਾ ਤਰਕ ਵਿਤ੍ਰੇਕ ਅਨੁਮਾਨ ਆਦਿ ਨਾਲ ਸਿਧਾਂਤ ਤੇ ਅੱਪੜਨਾ ਸਾਡੀ ਇਸ ਗ੍ਯਾਤ ਦਾ ਕੰਮ ਕਰਨੇ ਦਾ ਤ੍ਰੀਕਾ ਹੈ। ਸੋ ਨਾਮ ਦਾ ਮਨ ਵਿਚ ਮਨਨ ਕਰਨ ਨਾਲ ਗ੍ਯਾਤ ਦੇ ਸਾਰੇ ਅੰਗ ਆਤਮਾਂ ਨੂੰ ਨਿਸ਼ਚਿਤ ਕਰਨ ਵਾਲੇ ਹੋ ਜਾਂਦੇ ਹਨ: ਜੈਸੇ ਵਾਕ ਹੈ-ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ (ਸਾਰੰ:ਵਾ:ਮ:੪-੧੧)। ਭਾਵ ਆਤਮ ਵਿਸ਼ਯ ਕਰਨ ਵਾਲੀ ਮਤ ਪ੍ਰਗਟਦੀ ਹੈ। ਪਰ 'ਸੁਧਿ' ਉਹ ਗਿਆਤ ਹੈ ਜੋ ਸਿੱਧੀ ਤੇ ਸੁਤੇ ਹੀ ਸਤ੍ਯ ਗ੍ਯਾਨ ਤੇ ਅੱਪੜਦੀ ਹੈ। ਇਸ ਵਿਚ ਭ੍ਰਮ ਭ੍ਰਾਂਤੀ ਦੀ ਅੰਸ਼ ਹੀ ਨਹੀਂ ਹੁੰਦੀ। ਯੋਗ ਦਰਸ਼ਨ ਵਿਚ ਸ਼ਾਯਦ 'ਰਿਤੰਭਰਾ ਤਤ੍ਰ ਪ੍ਰਗ੍ਯਾ' ਇਸੇ ਨੂੰ ਕਿਹਾ ਹੈ। (ਅ) ੧੯੫੨, ੧੯੯੬ ਬਿ: ਵਿਚ ਏਹ ਅਰਥ ਵੀ ਕੀਤੇ ਗਏ ਸਨ:- ਮਨ ਵਿਚ ਤੇ ਬੁਧਿ ਵਿਚ (ਸ੍ਰੇਸ਼ਟ) ਸੁਰਤ੍ਰ ਹੋ ਆਉਂਦੀ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਪ੍ਰਾਪਤ ਹੋ ਜਾਏ ਉਹ ਮਨਨ ਸ਼ੀਲ ਪਰਮੇਸ਼ੁਰ ਦਾ ਨਾਮ) ਮੰਨ ਲੈਣ ਨਾਲ (ਭ੍ਰਮ ਭ੍ਰਾਂਤੀ ਦੀਆਂ) ਸੱਟਾਂ ਮੂੰਹ ਤੇ (ਫੇਰ ਨਹੀਂ ਖਾਂਦਾ[1])। (ਤੇ ਐਸਾ ਮਨਨਸ਼ੀਲ ਪੁਰਖ) ਮੰਨ ਲੈਣ ਕਰਕੇ ਜਮ ਦੇ ਨਾਲ ਨਹੀਂ ਜਾਂਦਾ (ਭਾਵ ਜਨਮ ਮਰਨ ਰਹਿਤ ਹੋ ਜਾਂਦਾ ਹੈ)। ਬਾਕੀ ਅਰਥ ਪਹਿਲੇ ਆ ਚੁੱਕਾ ਹੈ।

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨ ਲੈਣ ਨਾਲ (ਮੰਨ ਲੈਣ ਵਾਲਾ ਫੇਰ ਵਾਹਿਗੁਰੂ ਦੇ) ਰਸਤੇ ਵਿਚ (ਕੋਈ) ਰੋਕ ਨਹੀਂ ਪਾਉਂਦਾ[2]। ਮੰਨ ਲੈਣ ਨਾਲ (ਮੰਨ ਲੈਣ ਵਾਲਾ) ਪਤ ਅਬਰੋ ਨਾਲ ਪਰਗਟ ਜਾਂਦਾ ਹੈ[3]। ਮੰਨ ਲੈਣ ਨਾਲ (ਮੰਨ ਲੈਣ ਵਾਲਾ, ਧਰਮ ਰਾਜ ਦੇ ਦਰ ਤੋਂ ਜੀਵਾਂ ਨੂੰ ਨਰਕ ਤੇ ਸੁਰਗ ਵਿਚ ਲੈ ਜਾਣ ਵਾਲੇ) ਰਸਤੇ[4] ਉਤੇ ਨਹੀਂ ਚਲਦਾ (ਕਿਉਂਕਿ) ਮਨਨ ਕਰਕੇ ਧਰਮ ਨਾਲ (ਤਾਂ ਉਸ ਦਾ ਮੈਤ੍ਰੀ) ਸਨਬੰਧ ਹੋ ਗਿਆ ਹੈ[5]। (ਬਾਕੀ ਦਾ ਅਰਥ ਪਿੱਛੇ ਆ ਚੁੱਕਾ ਹੈ)।

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥

ਮੰਨ ਲੈਣ ਨਾਲ (ਮੰਨ ਲੈਣ ਵਾਲਾ) ਮੁਕਤਿ ਦਾ ਦੁਆਰਾ ਪਾ ਲੈਂਦਾ (ਜਦੋਂ ਉਹ ਇਸ ਤਰ੍ਹਾਂ ਜੀਉਂਦਾ ਮੁਕਤ ਪਦ ਤੇ ਅੱਪੜ ਪੈਂਦਾ ਹੈ ਤਾਂ ਅਲਗ ਨਹੀਂ ਹੋ ਬੈਠਦਾ, ਉਹ) ਪਰਵਾਰ ਨੂੰ ਆਧਾਰ ਸਹਿਤ ਕਰਦਾ ਹੈ, (ਸਾਧਾਰਦਾ ਹੈ[6] ਭਾਵ ਉਹਨਾਂ ਨੂੰ ਨਾਮ ਦਾ ਆਸਰਾ ਦੇਂਦਾ ਹੈ। ਪਰਵਾਰ ਬੀ ਨਹੀਂ ਸਗੋਂ) ਮੰਨ ਲੈਣ ਨਾਲ ਤਾਰਦਾ ਹੈ ਸਿਖਾਂ ਨੂੰ ਤੇ ਤਰਦਾ ਹੈ ਗੁਰੂ (ਆਪ)। ਮੰਨ

---

੧. ਅਥਵਾ ਜਮ ਦੀਆਂ ਯਾ ਕਾਲ ਦੀਆਂ ਚੋਟਾਂ ਨਹੀਂ ਖਾਂਦਾ।

੨. ਭਾਵ, ਉਸ ਨੂੰ ਕੋਈ ਰੋਕ ਨਹੀਂ ਅਗੋਂ ਮਿਲਦੀ। ਯਥਾ:- ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ॥ (ਬਾਵ:ਅਖ:੨੮)

੩. ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥ ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥ (ਸਾਰੰ:ਵਾ:ਮ:੪-੯)। ਨਾਨਕ ਨਾਮਿ ਰਤੇ ਪਤਿ ਹੋਇ॥ (ਦ:ਓ:੯)

੪. ਇਕ ਅਰਥ ਦੇ ਦੋ ਪਦ ਕੱਠੇ ਵਰਤਣੇ ਗੁਰਬਾਣੀ ਦਾ ਮੁਹਾਵਰਾ ਹੈ ਤੇ ਦੋ ਪਦ ਵਰਤ ਕੇ ਕ੍ਰਿਯਾ ਇਕ ਵਚਨ ਵਰਤੀਦੀ ਹੈ, ਯਥਾ:- ਮਾਰਗੁ ਪੰਥੁ ਨ ਜਾਣਉ ਵਿਖੜਾ॥ (ਤੁਖਾ:ਮ:੧-੪)। ਯਥਾ:=ਜਮ ਮਾਰਗ ਪੰਥੁ ਨਾ ਸੁਝਈ ਉਝੜੁ ਅੰਧ ਗੁਬਾਰੋ ਵਾ॥ (ਵਡ:ਮ:੧ ਅਲਾ-੪)। ਜਿਵੇਂ ਮੁਹਾਵਰੇ ਵਿਚ ਬੀ ਕਹੀਦਾ ਹੈ-ਕੁਛ ਜਲ ਪਾਣੀ ਛਕ ਲਓ।

੫. ਯਥਾ- 'ਧਰਮ ਰਾਇ ਤਿਨਕਾ ਮਿਤ੍ਰੁ ਹੈ ਜਮ ਮਗਿ ਨ ਪਾਵੈ॥ (ਮਾਰੂ ਵਾਰ ਮ:੧-੧੪)। ਜੇ ਉਹ ਧਰਮ ਦੇ ਦਰ ਤੇ ਬੀ ਜਾ ਖੜੋਨ ਤਾਂ ਉਹ ਅਗੋਂ ਆਖਦਾ ਹੈ:-'ਨਾਨਕ ਧਰਮ ਐਸੇ ਚਵਹਿ ਕੀਤੇ ਭਵਨੁ ਪੁਨੀਤ॥' (ਵਾ:ਤੇ:ਵ:ਸਲੋਕ ਮ:੫-੧੦)। ਇਸ ਲਈ ਨਾਮੀ ਪੁਰਖ ਆਖਦਾ ਹੈ- 'ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥' (ਸ਼ਲੋ:ਕਬੀਰ-੧੨੦)

੬. ਸ+ਆਧਾਰ।

**ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥**

ਲੈਣ ਵਾਲਾ ਭਿੱਖਿਆ ਨਹੀਂ ਮੰਗਦਾ ਫਿਰਦਾ[1]। (ਅੰਤਲੀਆਂ ਤੁਕਾਂ ਦਾ ਅਰਥ ਪਹਿਲੇ ਆ ਚੁੱਕਾ ਹੈ)।

[੧੬]

ਪਿਛੇ ਕਿਹਾ ਸੀ ਕਿ ਮਨਨਸ਼ੀਲ ਪੁਰਖ ਮੋਖ ਪਾਉਂਦੇ ਆਪ ਤਰਦੇ ਤੇ ਹੋਰਨਾਂ ਨੂੰ ਤਾਰਦੇ ਹਨ, ਹੁਣ ਪਉੜੀ '੧੬' ਵਿਚ ਦੱਸਦੇ ਹਨ ਕਿ ਉਨ੍ਹਾਂ ਦਾ ਗੁਰੂ ਇਕ 'ਗਿਆਨ' ਹੋ ਜਾਂਦਾ ਹੈ-ਸੁਣ ਕੇ, ਮੰਨ ਕੇ ਉਨ੍ਹਾਂ ਦਾ ਈਸ਼੍ਵਰ ਵਿਚ ਧਿਆਨ ਟਿਕ ਜਾਂਦਾ ਹੈ। ਇਕ ਧ੍ਯਾਨ ਹੁਣ 'ਅਭ੍ਯਾਸ ਦਾ ਮੁਥਾਜ ਧ੍ਯਾਨ' ਯਾ 'ਪ੍ਰਯਤਨ ਮਈ ਨਿਧ੍ਯਾਸਨ' ਨਹੀਂ, ਪਰ ਪਰਪੱਕ ਧ੍ਯਾਨ ਹੈ ਜੋ 'ਸਹਜ ਸਮਾਧੀ' ਦੇ ਰੂਪ ਵਿਚ ਨਿਰਯਤਨ ਲਗਾ ਰਹਿੰਦਾ ਹੈ, ਯਥਾ- 'ਗੁਰਮੁਖਿ ਲਾਗੈ ਸਹਜਿ ਧਿਆਨੁ'॥ (ਸਿਧ ਗੋ:)। ਇਸ ਪਉੜੀ ਵਿਚ ਇਨ੍ਹਾਂ ਸਹਿਜ ਧ੍ਯਾਨੀਆਂ ਨੂੰ 'ਪੰਚ' ਪਦ ਨਾਲ ਯਾਦ ਕਰਦੇ ਹਨ:-

**ਪੰਚ ਪਰਵਾਣ ਪੰਚ ਪਰਧਾਨੁ॥**
**ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥**
**ਪੰਚਾ ਕਾ ਗੁਰੁ ਏਕੁ ਧਿਆਨੁ॥**

੪. [2](ਇਨ੍ਹਾਂ) ਪੰਚਾਂ[3] (ਸੰਤਾਂ) ਦਾ ਗੁਰੂ ਇਕ ਧ੍ਯਾਨ ਹੋ ਜਾਂਦਾ ਹੈ (ਭਾਵ ਇਹ ਕਿ ਓਹ ਨਾਮ ਜਪਦੇ ਜਪਦੇ ਈਸ਼੍ਵਰ ਦੇ ਧ੍ਯਾਨ ਵਿਚ ਪਰਪੱਕ ਹੋ ਸਹਜ ਵਾਲੇ ਹੋ ਜਾਂਦੇ ਹਨ)। ੧. (ਐਸਾ ਹੋ ਜਾਣੇ ਨਾਲ ਏਹ) ਪੰਚ (ਜੀਉਂਦੇ ਜੀ ਹੀ ਈਸ਼੍ਵਰ ਦੀ ਦ੍ਰਿਸ਼ਟੀ ਵਿਚ) ਮੰਨਜ਼ੂਰ[4] ਹੋ ਜਾਂਦੇ ਹਨ (ਇਧਰ ਸਾਧ ਸੰਗਤ ਵਿਚ ਬੀ ਓਹ) ਪੰਚ ਮੁਖੀਏ ਮੰਨੇ ਜਾਂਦੇ ਹਨ। ੨. (ਜਦੋਂ ਸਰੀਰ ਛੋੜਦੇ ਹਨ ਤਾਂ ਸਾਂਈਂ ਦੀ) ਦਰਗਾਹ ਵਿਚ ਬੀ (ਏਹ) ਪੰਚ ਮਾਨ ਪਾਉਂਦੇ ਹਨ। ੩. (ਐਸਾ ਕਿ ਉਸ ਸ਼ਹਨਸ਼ਾਹ ਦੇ ਦਰਿ=) ਦਰਬਾਰ ਵਿਚ (ਏਹ) ਪੰਚ ਰਾਜੇ ਦੀ ਨਿਜਾਈਂ[5] ਸੁਭਾਇਮਾਨ ਹੁੰਦੇ ਹਨ।

---

੧. ਅਥਵਾ-ਇਹ 'ਪਰਵਾਰ ਉਧਾਰ' ਤੇ 'ਸਿੱਖ ਉਧਾਰ' ਦਾ ਕੰਮ ਕਰਦਿਆਂ ਉਹ ਦਾਤਾ ਪਦ ਵਿਚ ਰਹਿੰਦਾ ਹੈ। ਉਸਦੀ ਬ੍ਰਿਤੀ ਕਦੇ ਮੰਗਤ ਭਾਵ ਵਿਚ ਨਹੀਂ ਜਾਂਦੀ, ਨਾ ਕਿਸੇ ਆਤਮ ਵਸਤੂ ਵਾਸਤੇ, ਨਾ ਸਰੀਰਕ ਲੋੜ ਵਾਸਤੇ, ਅਤੇ ਏਹ ਉਪਕਾਰ ਕਰਦਿਆਂ ਉਹ 'ਜਨਮ ਮਰਨ ਥੀਂ ਮੁਕਤ ਪਦ' ਤੇ ਟਿਕਿਆ ਰਹਿੰਦਾ ਹੈ।

੨. ਚੋਥੀ ਤੁਕ ਦਾ ਅਰਥ ਪਹਿਲੋਂ ਲੱਗੇਗਾ।

੩. ਪੰਚ=ਸੰਤ। ਯਥਾ-ਪੰਚਮਿ ਪੰਚ ਪ੍ਰਧਾਨ ਤੇ ਜਿਹਿ ਜਾਨਿਓ ਪਰਪੰਚੁ॥ (ਥਿ:ਗਉ:ਮ:੫)। ਪੰਚ ਨੂੰ ਗੇਣਤੀ ਸਮਝ ਕੇ ਪੰਜ ਅਰਥ ਲਿਆ ਜਾਵੇ ਤਦ ਬੀ ਭਾਵ ਸੰਤ ਹੀ ਰਹੇਗਾ, ਗੇਣਤੀ ਐਸ ਤਰ੍ਹਾਂ ਹੋ ਜਾਊ:- ੧. 'ਨਾਮ ਸੁਣਨਾ' (ਪਉੜੀ ੮,੧੧)। ੨. 'ਨਾਮ ਮਨਨ ਕਰਨਾ' (ਪਉ: ੧੨.੧੫) (ਅਰਥਾਤ 'ਨਾਮ ਸਿਮਰਨ')। 'ਸਚ ਨਾਉ' ਤੇ 'ਸੋ ਮੈ ਵਿਸਰਿ ਨ ਜਾਈ' (ਪਉ:੪,੫) ੩. 'ਵਡਿਆਈ ਗਾਵਣੀ ਵੀਚਾਰਨੀ' (ਪਉ:੪, ਵਡਿਆਈ ਵੀਚਾਰ, 'ਗਾਵੀਐ....' ਪਉ:੫)। ੪. ਹੁਕਮ ਤੇ ਟੁਰਨਾ (ਪਉ:੧)। ੫. ਮਨ ਨਾਲ ਪ੍ਰੇਮ ਕਰਨਾ- 'ਗਾਵੀਐ ਸੁਣੀਐ ਮਨਿ ਰਖੀਐ ਭਾਉ' (ਪਉ:੫)। ਏਹ ਪੰਜ ਗੁਣ ਜਿਸ ਵਿਚ ਹੋਣ ਸੋ ਹੈ ਪੰਚ=ਸੰਤ।

੪. ਪਰਵਾਣੁ=ਮਨਜ਼ੂਰ।

੫. ਰਾਜਾਨ=ਰਾਜਾ+ਅਨੁ। ਰਾਜਾ=ਰਾਜ ਕਰਨੇ ਵਾਲਾ+ਅਨੁ=ਵਾਂਙੂ, ਨਜਾਈਂ। ਭਗਤ ਰਾਜੇ ਹੁੰਦੇ ਹਨ, ਪ੍ਰਮਾਣ ਹੈ- 'ਨਾਨਕ ਹੋਰਿ ਪਾਤਿਸਾਹੀਆ ਕੂੜੀਆ ਨਾਮਿ ਰਤੇ ਪਾਤਸਾਹ॥ (ਵਾ:ਤੇ:ਵ: ਸਲੋ:ਮ:-੩-੧੧) ਤਥਾ-ਪ੍ਰਭ ਕਉ ਸਿਮਰਹਿ ਸੇ ਸਰਬ ਕੇ ਰਾਜੇ॥(ਗਉ:ਸੁਖ:)। ਪੁਨਾ-ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ॥ (ਗੂਜ:ਮ:੪-੪)। ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥ (ਵਡ:ਵਾਰ ਮ:੩-੧੦)। ਐਉਂ ਬੀ ਅਰਥ ਕਰਦੇ ਹਨ- 'ਰਾਜਿਆਂ ਦੇ ਦਰਬਾਰ ਵਿਚ ਮਾਨ ਪਾਉਂਦੇ ਹਨ'।

'ਸੱਚਾ ਸਾਹਿਬ' 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹੈ। ਹੁਣ ਤਾਈਂ ਉਸ ਦਾ ਸਰੂਪ, ਉਸ ਦਾ ਹੁਕਮ, ਹੁਕਮ ਮੰਨਣ ਤੋਂ ਰਜ਼ਾ ਦੀ ਪ੍ਰਾਪਤੀ ਤੇ ਹਉਂ ਦਾ ਨਾਸ਼ ਵਰਣਨ ਹੋ ਚੁਕਾ ਹੈ। ਫੇਰ ਹੁਕਮ ਦੀ ਪ੍ਰਾਪਤੀ ਦਾ ਸਾਧਨ ਦੱਸਿਆ, ਉਹ ਸੀ ਨਾਮ ਬਾਣੀ ਦਾ ਪ੍ਰੇਮ ਨਾਲ ਅਭਯਾਸ-ਅੰਮ੍ਰਿਤ ਵੇਲੇ ਜਾਗ ਕੇ ਗੁਣਾਂ ਦਾ ਵਿਚਾਰ ਤੇ ਨਾਮ ਦਾ ਸਿਮਰਣ, ਅਰਥਾਤ ਗੁਰੂ ਅਤੇ ਗੁਰੂ ਦੀ ਸਿਖਯਾ ਲਈ ਅਰਦਾਸ, ਉਸ ਤੋਂ ਨਾਮ ਸੁਣ ਕੇ ਉਸ ਦਾ ਦ੍ਰਿੜ ਅਭਯਾਸ, ਉਸ ਦਾ ਪੂਰਾ ਪੈਣਾ ਤੇ ਮੋਖ ਦੁਆਰ ਦੀ ਪ੍ਰਾਪਤੀ ਹੋ ਜਾਣੀ, ਸਾਂਈਂ ਵਿਚ ਧਯਾਨ ਦਾ ਜੁੜੇ ਰਹਿਣਾ, ਲਿਵ ਵਿਚ ਪ੍ਰਪੱਕ ਹੋ ਜਾਣਾ, ਸਿੱਖ ਦਾ ਪੰਚ ਬਣ ਜਾਣਾ ਤੇ ਦਰ ਪਰਵਾਨਤਾ ਹੋ ਜਾਣੀ, ਸਾਰੇ ਵਿਖਯ ਆ ਚੁੱਕੇ ਹਨ। ਹੁਣ ਉਸ ਕਰਤਾ ਪੁਰਖ ਦੇ ਕਰਣੇ ਅਰਥਾਤ ਉਸ ਦੀ ਕੀਤੀ ਯਾ ਰਚੀ ਹੋਈ ਦਾ ਵਿਖਯ ਚਲਦਾ ਹੈ। ਪਹਿਲੇ ਵਿਚ ਅੰਤਰ-ਆਤਮੇ 'ਧਯਾਨਿਕ' ਤ੍ਰੀਕੇ ਨਾਲ ਸਾਂਈਂ ਪ੍ਰਾਪਤੀ ਦਾ ਕਥਨ ਕੀਤਾ ਸੀ' ਅਰਥਾਤ, 'ਦ੍ਰਿਸ਼ਟਾ ਤ੍ਰੀਕੇ' ਨਾਲ 'ਜੀਵ ਤੱਤ' ਦਾ 'ਪਰਮ ਤੱਤ' ਨਾਲ ਮਿਲਣ ਦਾ ਰਾਹ ਦੱਸਿਆ ਸੀ' ਹੁਣ (ਪਉੜੀ ੧੯ ਤਕ) ਦ੍ਰਿਸ਼ਟਮਾਨੀ ਤ੍ਰੀਕੇ ਨਾਲ ਉਸ ਦੀ ਕੁਦਰਤ ਦਾ ਦਰੁਸਤ ਦਰਸ਼ਨ ਤੇ ਉਸ ਵਿਚ ਉਸਦੀ ਵਯਾਪਕਤਾ ਆਦਿ ਵਿਸ਼ੇ ਵਰਣਨ ਕਰਕੇ 'ਦ੍ਰਿਸ਼ਟਮਾਨੀ' ਤ੍ਰੀਕੇ ਨਾਲ ਸਾਂਈਂ ਵਿਚ ਬੀ ਧਯਾਨ ਜੋੜੇ ਰੱਖਣ ਦੀਆਂ ਸੈਨਤਾਂ ਦੇਣ ਲਗੇ ਹਨ। ਦ੍ਰਿਸ਼ਟਮਾਨ ਹੀ ਹੈ ਜਿਸ ਦੇ ਨਜ਼ਾਰੇ ਤੇ ਖਿੱਚਾਂ ਜੀਵ ਨੂੰ ਦ੍ਰਿਸ਼ਟਮਾਨ ਵਿਚ ਫਸਾ ਕੇ ਉਸ ਵਿਚ ਬ੍ਰਿਤੀ ਨੂੰ ਖਿੰਡਾ ਕੇ 'ਕਰਤਾ' ਤੋਂ ਭੁਲਾਈ ਰਖਦੇ ਹਨ- ਚਾਹੇ ਰਾਗ ਵਿਚ ਚਾਹੇ ਦ੍ਵੈਖ ਵਿਚ। ਸੋ ਸਤਿਗੁਰ ਜੀ ਦ੍ਰਿਸ਼ਟਮਾਨ ਦੇ ਸਾਮਾਨਾਂ ਨੂੰ ਨਜ਼ਰ ਅੱਗੇ ਲਿਆ ਕੇ ਉਸ ਵਿਚ 'ਸੱਚੇ ਸਾਹਿਬ ਦੀ ਹੋਂਦ' ਉਸ ਦਾ ਹੁਕਮ ਤੇ ਉਸ ਦੇ ਦਰਸ਼ਨ ਕਰਵਾਉਂਦੇ ਹਨ ਤਾਂ ਜੋ ਦ੍ਰਿਸ਼ਟਮਾਨੀ ਪੱਖ ਤੋਂ ਅਰਥਾਤ ਕੁਦਰਤ ਨੂੰ ਵੇਖ ਵੇਖ ਕੇ ਭੀ ਕਰਤਾ ਪੁਰਖ ਵਿਚ ਸੁਰਤ ਨੂੰ ਜੋੜੀ ਰੱਖਣ ਦਾ ਰੰਗ ਲਗਾ ਰਹੇ[੧]। ਸੰਸਾ ਹੁੰਦਾ ਹੈ ਕਿ ਪਉੜੀ ਦੇ ਵਿਚ ਨਵਾਂ ਵਿਖਯ ਕਿਉਂ ਚਲ ਪਿਆ ਹੈ, ਪਰ ਇਹ ਸੰਸਾ ਠੀਕ ਨਹੀਂ। ਅੰਤਰਮੁਖ ਰਹਿਣ ਵਾਲੇ ਧਯਾਨੀ 'ਪੰਚ' ਨੂੰ ਬਾਹਰ ਦਾ ਦ੍ਰਿਸ਼ਟਮਾਨ ਬੀ ਕਿਵੇਂ ਕਰਤਾ ਪੁਰਖ ਵਿਚ ਲਾਈ ਰਖੇ, ਉਸ ਦਾ ਵਰਣਨ ਕਰਨਾ ਪ੍ਰਸੰਗਕ ਹੈ।

**ਜੇ ਕੋ ਕਹੈ ਕਰੈ ਵੀਚਾਰੁ॥**

**ਕਰਤੇ ਕੈ ਕਰਣੈ ਨਾਹੀ ਸੁਮਾਰੁ॥**

**ਧੌਲੁ ਧਰਮੁ ਦਇਆ ਕਾ ਪੂਤੁ॥**

ਜੇ ਕੋਈ (ਕਰਤੇ ਦੇ ਕਰਣਿਆਂ ਦਾ ਹਿਸਾਬ) ਦੱਸੇ (ਤਾਂ ਸੁਣਨ ਵਾਲਾ ਬੀ) ਵੀਚਾਰ ਕਰੇ (ਕਿ ਇਹ ਠੀਕ ਦੱਸ ਰਿਹਾ ਹੈ ਕਿ ਗਲਤ? ਕਿਉਂਕਿ) ਕਰਤੇ ਦੇ ਕਰਣਿਆਂ ਦਾ ਤਾਂ ਹਿਸਾਬ[੨] ਹੋ ਹੀ ਨਹੀਂ ਸਕਦਾ। (ਜਿਵੇਂ 'ਕੁਦਰਤ' ਦਾ ਯਾ 'ਕਰਣਿਆਂ ਦਾ ਹਿਸਾਬ ਦੱਸਣ ਵਾਲੇ ਕਹਿੰਦੇ ਹਨ ਕਿ ਇਹ ਧਰਤੀ ਹੈ, ਇਸ ਦੇ ਹੇਠ ਬੌਲਦ[੩] ਹੈ, ਕਈ ਸ਼ੇਸ਼ਨਾਗ, ਕੱਛੂ ਤੇ ਸੂਰ ਆਦਿਕ ਹੇਠਾਂ ਦੱਸਦੇ ਹਨ, ਪਰ

---

੧. ਕਰਤੇ ਕੁਦਰਤੀ ਮੁਸਤਾਕੁ। (ਤਿਲੰ:ਮ:੫)

੨. 'ਨਾਹੀ ਸੁਮਾਰੁ' ਦਾ ਅਰਥ ਭਾਵ ਹੈ=ਹਿਸਾਬ ਨਹੀਂ ਹੋ ਸਕਦਾ। ਇਸ ਦਾ ਭਾਵ- 'ਅਨੰਤ' ਨਹੀਂ। ਦੋ ਅਨੰਤ ਨਹੀਂ ਹੋ ਸਕਦੇ। ਕਰਤਾ ਪੁਰਖ ਆਪ ਅਨੰਤ ਹੈ ਤੇ ਉਸ ਦੇ ਕਰਣਿਆਂ ਦਾ ਵਿਸਥਾਰ ਇਤਨਾ ਹੈ ਕਿ ਗੇਣਤੀ ਕਰ ਸਕਣੀ ਮਹਾਨ ਕਠਨ ਹੈ। ਬੇਸ਼ੁਮਾਰ ਦਾ ਭਾਵ ਏਥੇ ਬਹੁਤਾਤ ਲੈਣਾ ਹੈ, 'ਅਨੰਤ' ਨਹੀਂ। ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣ ਸੁਮਾਰੁ।' ਇਥੇ 'ਸ਼ੁਮਾਰ' ਦਾ ਭਾਵ 'ਅਨੰਤ' ਹੈ। (ਫਾਰਸੀ, ਸ਼ੁਮਾਰ-ਗੇਣਤੀ)।

੩. ਸੰਸ, ਧਵਲ=ਸ੍ਰੇਸ਼ਟ ਬੈਲ, ਧਰਤੀ ਹੇਠ ਮੰਨਿਆਂ ਬੈਲ।

☞ ਪਰ ਪਉੜੀ ੩੪ ਪੜ੍ਹ ਕੇ ਸ਼ੱਕ ਨਹੀਂ ਰਹਿੰਦਾ ਕਿ 'ਦਰ' ਦਾ ਭਾਵ 'ਪਰਮੇਸ਼ੁਰ ਦਾ ਦਰ' ਹੈ ਜਿੱਥੇ ਪੰਚ ਪਰਵਾਨ ਸੋਂਹਦੇ ਹਨ, ਯਥਾ;-'ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ'॥ (ਜਪੁਜੀ।)


www.sikhbookclub.com

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥
ਸਭਨਾ ਲਿਖਿਆ ਵੁੜੀ ਕਲਾਮ॥

ਗੁਰੂ ਜੀ ਸੱਚ ਦੱਸਦੇ ਹਨ ਕਿ ਹੇਠਾਂ ਹੱਡ ਚੰਮ ਯਾ ਮਿੱਟੀ ਪੱਥਰ ਦਾ ਬੌਲਦ ਨਹੀਂ, ਰਚਨਾ ਨੂੰ ਕਾਯਮ ਰੱਖਣ ਵਾਲਾ) ਬੌਲਦ ਧਰਮ[1] (=ਕਰਤਾਰ ਦਾ ਬੱਧਾ ਕਾਨੂੰਨ ਯਾ ਨੇਮ) ਹੈ, (ਜੋ ਉਸ ਦੀ) ਦਇਆ ਤੋਂ ਉਪਜਿਆ ਹੈ[2], ਜਿਸ (ਧਰਮ) ਨੇ (ਕਿ ਹਰ ਪਦਾਰਥ ਨੂੰ ਨਿਯਮਾਂ ਵਿਚ ਬੱਝੇ ਰਹਿਣ ਦਾ) ਸੰਤੋਖ[3] (ਦੇ ਕੇ ਜਗਤ ਦਾ) ਪ੍ਰਬੰਧ[4] ਸਥਾਪਨ ਕਰ ਰਖਿਆ ਹੈ[5]। ਜੇ ਕੋਈ (ਐਉਂ) ਬੁੱਝ ਲਵੇ ਤਾਂ ਉਹ ਸਚਿਆਰ[6] ਹੋ ਜਾਂਦਾ ਹੈ। (ਪਰ ਜੇ ਕੋਈ ਇਮ ਤਰ੍ਹਾਂ ਵਿਚਾਰ ਨਾ ਕਰੇ ਤਾਂ ਦੱਸੇ ਕਿ ਸਰੀਰ ਵਾਲੇ) ਬਲਦ ਉਤੇ ਕਿੰਨਾ ਕੁ ਭਾਰ ਹੈ? (ਭਾਵ ਕੋਈ ਬਲਦ ਧਰਤੀ ਦਾ ਭਾਰ ਨਹੀਂ ਸਹਿ ਸਕਦਾ, ਕਿਉਂਕਿ) ਧਰਤੀ ਹੋਰ ਹੈ (ਉਸ ਤੋਂ) ਪਰ੍ਹੇ ਹੋਰ (ਫੇਰ) ਹੋਰ ਧਰਤੀ ਹੈ। ਉਸ ਦੇ ਭਾਰ ਹੇਠਾਂ ਕਿਹੜਾ ਜ਼ੋਰ ਹੈ? (ਭਾਵ ਹੋਰ ਕੌਣ ਬਲ ਵਾਲਾ ਆਸਰਾ ਹੈ?)। (ਜਿਸ ਨੇ ਕਿਹਾ ਇਕ ਧਰਤ ਹੈ ਤੇ ਹੇਠਾਂ ਬੌਲਦ

---

੧. ਸੰਸ: ਧਰਮ=ਆਈਨ, ਕਾਨੂੰਨ, ਨੇਮ, ਕਿਸੇ ਵਸਤੂ ਦੀ ਯਾ ਵਜਕਤੀ ਦੀ ਉਹ ਬ੍ਰਿਤੀ ਜੋ ਉਸ ਵਿਚ ਸਦਾ ਰਹੇ ਤੇ ਉਸ ਤੋਂ ਵੱਖ ਨਾ ਹੋਵੇ। ਕਰਤੱਵਜ, ਨੇਕੀ, ਫਰਜ਼ ਆਦਿ। (ਸੰ:ਸ:ਕੋ:)

੨. ਦਇਆ ਦਾ ਪੁਤ੍ਰ, ਭਾਵ ਹੈ ਈਸ਼੍ਵਰ ਦੀ ਦਇਆ ਤੋਂ ਉਪਜਿਆ ਹੈ।

੩. ਸੰਤੋਖ= ਯਥਾ ਲਾਭ ਖੁਸ਼ ਰਹਿਣਾ, ਹੋਰ ਨਾ ਮੰਗਣਾ। ਇਥੇ ਭਾਵ ਹੈ-ਆਪਣੇ ਨਿਯਮਾਂ ਵਿਚ ਸੁਖ ਸ਼ਾਂਤੀ ਪੂਰਵਕ ਟੁਰੇ ਰਹਿਣਾ ਤੇ ਉਨ੍ਹਾਂ ਦੀ ਉਲੰਘਣਾ ਨਾ ਕਰਨਾ।

੪. ਸੂਤ=ਧਾਗਾ, ਧਾਗੇ ਵਿਚ ਪ੍ਰੋਤਿਆਂ ਜਿਵੇਂ ਮਣਕੇ ਪ੍ਰਬੰਧ ਵਿਚ ਹੋ ਜਾਂਦੇ ਹਨ। ਸੂਤ ਥਾਪਣਾ=ਪ੍ਰਬੰਧ ਬੰਨ੍ਹਣਾ।

੫. ਏਹ ਤ੍ਰੈ ਪਦ ਧਰਮ, ਦਇਆ ਤੇ ਸੰਤੋਖ ਏਥੇ ਦੋ ਭਾਵਾਂ ਵਿਚ ਘਟਦੇ ਹੈਨ। ੧. ਪਹਿਲੇ 'ਜਗਤ ਪ੍ਰਬੰਧ' ਤੇ ਘਟਦੇ ਹਨ, ਐਉਂ ਕਿ ਈਸ਼੍ਵਰੀਯ ਨਿਯਮ ਜਗਤ ਪ੍ਰਬੰਧ ਟੋਰ ਰਿਹਾ ਹੈ, ਬੌਲਦ ਆਦਿ ਆਸ੍ਰੇ ਨਹੀਂ। ਇਸ ਚਲਾਏ ਗਏ ਨਿਯਮ ਵਿਚ ਦਇਆ 'ਈਸ਼੍ਵਰੇਛਾ' ਵਿਚ ਹੈ। ਪ੍ਰਮਾਣੂਆਂ ਯਾ ਵਡੇ ਆਕਾਰ ਵਾਲਿਆਂ ਵਿਚ (ਦੋਹਾਂ ਵਿਚ) ਜੋ ਨਿਯਮ ਬੱਧੇ ਹਨ ਉਨ੍ਹਾਂ ਵਿਚ ਪਰਮਪਰ ਮਿਲਨੇ ਦਾ ਨਿਯਮ ਬੀ ਹੈ। ਸੰਤੋਖ ਦਾ ਅਰਥ ਹੈ ਜਿਤਨੀ ਪ੍ਰਾਪਤੀ ਹੈ ਉਸ ਤੇ ਸੁਖੀ ਰਹਿਣਾ। ਰਚਨਾਂ ਦੇ ਪਦਾਰਥਾਂ ਵਿਚ ਆਪਣੇ ਆਪ ਵਿਚ ਟਿਕੇ ਰਹਿਣ ਦਾ ਸੁਭਾਵ ਸੰਤੋਖ ਹੈ। ਦੇਖੋ ਵਿਰੋਧੀ ਤੱਤ ਮਰਿਯਾਦਾ ਬੱਧੇ ਅਵਿਰੋਧੀ ਬੀ ਹੋ ਰਹੇ ਹਨ। ੨. ਦੂਸਰਾ ਭਾਵ-ਕਿਉਂਕਿ, ਅਗੇ ਚੱਲ ਕੇ ਇਸ ਧਰਤੀ ਪਰ ਵੱਸ ਰਹੇ ਜੀਵਾਂ ਦਾ ਜ਼ਿਕਰ ਹੈ- 'ਜੀਅ ਜਾਤਿ ਰੰਗਾ ਕੇ ਨਾਵ'। ਸੋ ਪ੍ਰਸ਼ਨ ਹੁੰਦਾ ਹੈ ਕਿ ਜਿਵੇਂ ਜਗਤ ਪ੍ਰਬੰਧ ਵਿਚ ਧਰਮ ਦਇਆ ਤੇ ਸੰਤੋਖ ਦੀ ਥਾਂ ਹੈ ਤਿਵੇਂ ਇਨ੍ਹਾਂ ਤਿੰਨਾਂ ਦਾ 'ਜੀਵ ਸ੍ਰਿਸ਼ਟੀ ਦੇ ਪ੍ਰਬੰਧ' ਵਿਚ ਧਰਮ ਕੀ ਟਿਕਾਣਾ ਹੈ? ਉਤਰ:- ਜੀਵ ਸ੍ਰਿਸ਼ਟੀ ਵਿਚ ਜੀਵਾਂ ਦਾ ਵਰਤਾਉ ਪਰਸਪਰ ਧਰਮ (ਨਿਆਂ) ਦਾ ਹੋਵੇ, ਪਰ ਉਹ ਧਰਮ (ਨਿਆਂ) ਦਇਆ ਦੇ ਆਸ਼੍ਰਿਤ ਹੋਵੇ ਤੇ ਯਥਾ ਲਾਭ ਸੰਤੋਖ ਹੋਵੇ ਹਰ ਜੀਵ ਦੇ ਅੰਦਰ ਤਾਂ ਜੀਵ ਸ਼੍ਰੇਣੀ ਦਾ ਪ੍ਰਬੰਧ ਬੀ ਸੂਤ ਟੁਰਦਾ ਹੈ, ਕੁਸੂਤਤਾਈ ਨਹੀਂ ਰਹਿੰਦੀ। ਭਾਵ ਮਨੁੱਖ ਸ਼੍ਰੇਣੀ ਦੀ ਭਾਈਚਾਰਕ ਅਵਸਥਾ ਸੁਖ ਵਾਲੀ ਹੋ ਜਾਂਦੀ ਹੈ।

੬. 'ਜੇ ਕੋ ਬੁਝੈ ਹੋਵੈ ਸਚਿਆਰੁ' ਦਾ ਸੰਪ੍ਰ: ਅਰਥ ਐਉਂ ਬੀ ਹੈ: ਜੇ ਕੋਈ ਇਹ ਗੱਲ ਬੁੱਝ ਕੇ ਸਚਿਆਰ ਹੋਣਾ ਚਾਹੇ ਕਿ ਧਰਤੀ ਹੇਠਾਂ ਬੌਲਦ ਠੀਕ ਹੈ ਤਾਂ ਉਸ ਤੋਂ ਪੁੱਛਿਆ ਚਾਹੀਏ ਕਿ 'ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸਤੇ ਭਾਰੁ ਤਲੈ ਕਵਣੁ ਜੋਰੁ॥'?


www.sikhbookclub.com

ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥
ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਹੈ[1], ਉਸ ਨੇ ਆਪਣੀ ਵਲੋਂ ਸ਼ੁਮਾਰ ਕਹਿ ਦਿੱਤਾ, ਜਿਸ ਦੀ ਭੁੱਲ ਉਪਰ ਦੱਸੀ ਗਈ ਹੈ, ਹੁਣ ਆਪ ਪ੍ਰਸ਼ਨ ਕਰ ਕੇ ਦੱਸਦੇ ਹਨ ਕਿ ਧਰਤੀ ਹੇਠ ਦਾ ਤਾਂ ਬੌਲਦ ਕਹਿ ਕੇ ਸ਼ੁਮਾਰ ਕਹਿ ਲਿਆ, ਧਰਤੀ ਦੇ ਉੱਤੇ ਜੋ ਅਣਗਿਣਤ ਜੀਵ ਰਹਿੰਦੇ ਹਨ ਉਨ੍ਹਾਂ ਦਾ ਸਮਾਚਾਰ ਬੀ ਬੇਸ਼ੁਮਾਰ ਹੈ। ਆਪ ਦੱਸਦੇ ਹਨ ਕਿ ਧਰਤੀ ਉਤੇ) ਜੀਵ (ਕਈ ਤਰ੍ਹਾਂ ਦੀਆਂ) ਜਾਤਾਂ, ਰੰਗਾਂ ਤੇ ਨਾਵਾਂ ਦੇ ਹਨ (ਇਨ੍ਹਾਂ) ਸਭਨਾਂ ਨੂੰ (ਇਕ ਸਦਾ) ਚੱਲ ਰਹੀ ਕਲਮ ਨੇ[2] ਹੀ ਲਿਖਿਆ ਹੈ (ਭਾਵ ਇਨ੍ਹਾਂ ਦਾ ਲੇਖਾ ਕਰਤਾਰ ਆਪ ਹੀ ਜਾਣਦਾ ਹੈ, ਹੋਰ) ਕੌਣ ਇਹ ਲੇਖਾ ਲਿਖਣਾ ਜਾਣਦਾ ਹੈ। (ਜੇ ਮਨੁੱਖ ਤੋਂ) ਲੇਖਾ ਲਿਖਿਆ ਬੀ ਜਾਵੇ (ਤਾਂ ਉਹ) ਕਿੰਨਾ ਕੁ ਹੋ ਜਾਇਗਾ? (ਭਾਵ ਅਧੂਰਾ ਹੀ ਰਹੇਗਾ)। ਕਿਤਨਾ ਬਲੁ[3] ਹੈ, ਕਿਤਨਾ ਸੁਹਣਾ[4] ਰੂਪ ਹੈ, ਕਿੰਨੀ ਦਾਤ ਹੈ, ਕੌਣ ਇਸ (ਬੇਅੰਤਤਾਈ ਦੀ) ਗੇਣਤੀ ਮੇਣਤੀ[5] ਕਰ ਸਕਦਾ ਹੈ। (ਹਾਂ ਉਹ ਸਰਬ ਸਮਰਥ ਆਪ ਹੀ ਜਾਣਦਾ ਹੈ ਜਿਸ ਨੇ) ਇਕ ਵਾਕ ਨਾਲ ਸਾਰਾ (ਜਗਤ) ਪਸਾਰਾ ਪਸਾਰ ਦਿੱਤਾ ਉਸ ਤੋਂ (ਫੇਰ ਜਗਤ ਪ੍ਰਬੰਧ ਦੇ) ਲੱਖਾਂ ਪ੍ਰਵਾਹ[6] ਤੁਰ ਪਏ। (ਮੇਰੇ ਵਿਚ ਐਤਨਾ) ਬਲ ਕਿਥੇ ਕਿ ਮੈਂ (ਉਨ੍ਹਾਂ ਦਾ) ਵਰਣਨ ਕਰ ਸਕਾਂ (ਜਦ ਵਰਣਨ ਹੋ ਨਹੀਂ ਸਕਦਾ ਤਾਂ) ਕਿਉਂ ਨਾ ਮੈਂ ਇਕੋ ਵਾਰੀ (ਰਚਨਹਾਰ ਤੋਂ) ਸਦਕੇ ਹੋ ਜਾਵਾਂ[7] ਹੇ ਨਿਰੰਕਾਰ! ਤੂੰ ਸਦਾ ਸਲਾਮਤ ਹੈਂ, ਜੋ ਤੈਨੂੰ ਭਾਉਂਦਾ ਹੈ ਉਹੋ ਭਲਾ ਕੰਮ ਹੈ।

---

੧. ਜੇ ਧਰਤੀ ਹੇਠਾਂ ਬੌਲਦ ਤੇ ਉਸ ਹੇਠਾਂ ਕੁਛ ਹੋਰ ਹੋਰ ਦੀ ਲੜੀ ਤੋਰੀਏ, ਅੰਤ ਨਿਰਾਧਾਰ ਮੰਨਣਾ ਪਊ। ਫੇਰ ਇਕ ਧਰਤੀ ਨਹੀਂ ਹੋਰ ਹੋਰ; ਉਸ ਤੋਂ ਪਰ੍ਹੇ ਹੋਰ, ਭਾਵ ਅਨੇਕਾਂ ਹਨ, ਸਾਰੀਆਂ ਲਈ ਬੌਲਦ ਮੰਨਕੇ ਕਿਥੇ ਢੋਈ? ਅੰਤ ਸਾਂਈਂ ਦੇ ਬੱਧੇ ਨਿਯਮ ਤੇ ਹੀ ਟਿਕਾਉ ਹੋਵੇਗਾ।

੨. ਵੁੜਨਾ=ਵਹਿਣਾ, ਚਲਣਾ। ਵੁੜੀ ਕਲਾਮ=ਚਲ ਰਹੀ ਕਲਮ। (ਅ) ਸੰਪ੍ਰ: ਵਿਚ 'ਹੁਕਮ ਰੂਪ ਕਲਮ' ਬੀ ਭਾਵ ਕਰਦੇ ਹਨ। (ੲ) 'ਮੱਥੇ ਉਤੇ ਵਹਿ ਚੁਕੀ ਕਲਮ' ਬੀ ਕਰਦੇ ਹਨ। ਪ੍ਰਮਾਣ-ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥ (ਸਿਰੀ:ਮ:੧ ਪਹਰੇ-੧)।

੩. ਤਾਣ=ਬਲ। (ਅ) ਵਿਸਥਾਰ।

੪. ਪੰਜਾ:-ਸੁਆਲਿਓ, ਪ੍ਰਾ., ਸੁਅਲੰਕਿਯ। ਸੰਸ:,ਸ੍ਵਲੰਕ੍ਰਿਤ=ਸੱਜਿਆ ਫਬਿਆ, ਸੁਹਣਾ।

੫. ਕੂਤੁ=ਖੜੇ ਫਸਲਾਂ ਨੂੰ ਦੇਖ ਮਿਣਕੇ ਦਾਣੇ ਦਾ ਮੁੱਲ ਤੁੱਲ ਪਾ ਲੈਣਾ। ਅੰਦਾਜ਼ਾ, ਮੇਣਤੀ ਗੇਣਤੀ।

੬. ਫਾ:, ਦਰਯਾ-ਨਦ, ਸਮੁੰਦਰ ਭਾਵ ਹੈ ਜਗਤ ਪ੍ਰਬੰਧ ਦੇ ਪ੍ਰਵਾਹ।

੭. 'ਕੁਦਰਤਿ ਕਵਣ ਕਹਾ ਵੀਚਾਰੁ' ਪ੍ਰਸ਼ਨ ਵਾਚੀ ਕਾਵ੍ਯ ਹੈ, ਇਸ ਤਰ੍ਹਾਂ ਹੀ 'ਵਾਰਿਆ ਨ ਜਾਵਾ ਏਕ ਵਾਰ' ਬੀ ਪ੍ਰਸ਼ਨ ਵਾਚੀ ਹੈ 'ਕਿਉਂ ਨ ਵਾਰਿਆ ਜਾਵਾਂ?' ਭਾਵ ਇਹ ਹੈ ਕਿ ਮੈਂ ਵੀਚਾਰ ਕਰਨੋਂ ਅਸਮਰੱਥ ਹਾਂ, ਤਾਂਤੇ ਮੈਂ ਸਿਫਤ ਸਲਾਹ ਵਿਚ ਜਾਂਦਾ ਹਾਂ ਤੇ ਬਲਿਹਾਰ ਬਲਿਹਾਰ ਪਿਆ ਹੁੰਦਾ ਹਾਂ। (ਅ) 'ਵਾਰ' ਦਾ ਅਰਥ ਸੰਪ੍ਰਦਾ ਵਿਚ ਵਾਲ ਤੇ ਦਿਹਾੜੀ ਬੀ ਲਾਉਂਦੇ ਹਨ। ਤੇਰੇ ਸਾਜੇ 'ਇਕ ਵਾਲ' ਦੀ ਬਨਾਵਟ ਵਿਚ ਜੋ ਤੇਰੀ ਕਾਰੀਗਰੀ ਦਿੱਸਦੀ ਹੈ ਉਸ ਤੋਂ ਮੈਂ ਸਦਕੇ ਨਹੀਂ ਹੋ ਸਕਦਾ (ਸਾਰੀ ਦਾ ਤਾਂ ਕਿਆ ਕਹਿਣਾ ਹੈ)। (ੲ) ਇਕ ਦਿਹਾੜੀ ਨਹੀਂ ਮੈਂ ਹਰ ਦਿਉਹਾੜੀ ਤੈਥੋਂ ਵਾਰਨੇ ਹਾਂ॥

ਕੁਦਰਤ ਦੇ ਸਾਮਾਨ ਬੇਸ਼ੁਮਾਰ ਦੱਸ ਕੇ-ਤੂੰ ਸਦਾ ਸਲਾਮਤਿ ਨਿਰੰਕਾਰ-ਦੇ ਪ੍ਰਤਖ ਧਜਾਨ ਵਿਚ ਲਿਆ ਕੇ ਸਿਫਤ ਸਲਾਹ ਵਿਚ ਲੈ ਆਏ ਹਨ।

[੧੭, ੧੮, ੧੯]

ਅਗਲੀਆਂ ਤ੍ਰੈ ਪਉੜੀਆਂ ਵਿਚ ਭਲਾ ਬੁਰਾ ਜੋ ਕੁਛ ਜਗਤ ਵਿਚ ਵਰਤ ਰਿਹਾ ਹੈ ਸਾਰੇ ਨੂੰ ਅਣਗਿਣਤ ਦੱਸ ਕੇ ਤੇ ਉਸ ਦਾ ਨਜ਼ਾਰਾ ਦਿਖਾ ਕੇ ਤ੍ਰੈ ਵਾਰੀ ਇਹੋ ਖਯਾਲ ਦੁਹਰਾਉਣਗੇ ਕਿ ਉਸ ਦੀ ਰਚਨਾ ਦਾ ਵਿਸਥਾਰ, ਉਸ ਦੇ ਕਾਰਨਿਆਂ ਦਾ ਵੀਚਾਰ ਸਾਡੀ ਸਮਝ ਦੀ ਪਾਇਆਂ ਤੋਂ ਪਰ੍ਹੇ ਹੈ। ਸਾਡਾ ਕੰਮ ਹੈ ਉਸ ਦੇ 'ਕਰਨਿਆਂ ਦੀ ਵਿਸ਼ਾਲਤਾ' ਤੱਕ ਤੱਕ ਕੇ ਸਿਫਤ ਸਲਾਹ ਵਿਚ ਸਦਕੇ ਹੋਣਾ ਤੇ ਜੋ ਉਹ ਕਰੇ ਉਸ ਵਿਚ ਪ੍ਰਸੰਨ ਰਹਿਣਾ- ਤੂ ਸਦਾ ਸਲਾਮਤਿ ਨਿਰੰਕਾਰ।

ਪਹਿਲਾਂ ਇਸ ਪਉੜੀ ਵਿਚ ਉਨ੍ਹਾਂ ਦੀ ਗੇਣਤੀ ਅਣਗਿਣਤ ਦੱਸਦੇ ਹਨ ਜੋ ਭਲੇ ਪਾਸੇ ਲੱਗੇ ਹੋਏ ਹਨ:-

**ਅਸੰਖ ਜਪ ਅਸੰਖ ਭਾਉ॥**
**ਅਸੰਖ ਪੂਜਾ ਅਸੰਖ ਤਪ ਤਾਉ॥**
**ਅਸੰਖ ਗਰੰਥ ਮੁਖਿ ਵੇਦ ਪਾਠ॥**
**ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ॥**
**ਅਸੰਖ ਸਤੀ ਅਸੰਖ ਦਾਤਾਰ॥**
**ਅਸੰਖ ਸੂਰ ਮੁਹ ਭਖ ਸਾਰ॥**
**ਅਸੰਖ ਮੋਨਿ ਲਿਵਲਾਇ ਤਾਰ॥**
**ਕੁਦਰਤਿ ਕਵਣ ਕਹਾ ਵੀਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂੰ ਸਦਾ ਸਲਾਮਤਿ ਨਿਰੰਕਾਰ॥ ੧੭॥**

ਹੇ (ਨਿਰੰਕਾਰ!) ਅਣਗਿਣਤ (ਤੇਰਾ) ਜਪ[1] ਕਰ ਰਹੇ ਹਨ, ਅਣਗਿਣਤ ਪ੍ਰੇਮ ਕਰ ਰਹੇ ਹਨ, ਅਣਗਿਣਤ ਪੂਜਾ ਕਰ ਰਹੇ ਹਨ, ਅਨੇਕ ਤਪ ਤਾਪ ਰਹੇ ਹਨ। ਅਣਗਿਣਤ ਪਾਠ ਵੇਦਾਂ (ਤੇ ਹੋਰ) ਗ੍ਰੰਥਾਂ ਦੇ ਮੂੰਹ ਨਾਲ ਕਰ ਰਹੇ ਹਨ। ਅਣਗਿਣਤ ਜੋਗੀ ਹਨ ਜੋ ਮਨ ਵਿਚ (ਸੰਸਾਰ ਤੋਂ) ਉਦਾਸ ਰਹਿੰਦੇ ਹਨ। ਅਣਗਿਣਤ ਭਗਤ ਹਨ, ਜੋ (ਤੇਰੇ) ਗੁਣਾਂ (ਨੂੰ ਗਾਉਂਦੇ ਤੇ ਤੇਰੇ) ਗਿਆਨ ਦੇ ਵਿਚਾਰ ਵਿਚ ਰਹਿੰਦੇ ਹਨ। ਅਣਗਿਣਤ ਸਤੀ[2] ਹਨ, ਅਣਗਿਣਤ ਦਾਤੇ ਹਨ। ਅਣਗਿਣਤ ਸੂਰਮੇ ਹਨ ਜੋ ਮੂੰਹਾਂ ਤੇ ਲੋਹਾ ਚੱਖਦੇ ਹਨ (ਭਾਵ ਸਨਮੁਖ ਹੋ ਕੇ ਜੂਝਦੇ ਤੇ ਸ਼ਸਤ੍ਰਾਂ ਦਾ ਵਾਰ ਸਹਿੰਦੇ ਹਨ)। ਅਣਗਿਣਤ ਮੁਨੀ[3] ਹਨ ਜੋ ਲਿਵ ਦੀ ਤਾਰ ਲਾਈ ਰਖਦੇ ਹਨ (ਭਾਵ ਬ੍ਰਿਤੀ ਦੇ ਪ੍ਰਵਾਹ ਨੂੰ ਰੋਕੀ ਰੱਖਣ ਦਾ ਜਤਨ ਕਰਦੇ ਹਨ)।

(ਬਾਕੀ ਤੁਕਾਂ ਦਾ ਅਰਥ ਪਿੱਛੇ ਆ ਚੁੱਕਾ ਹੈ)।

---

੧. ਚਉਥੀ ਪੰਜਵੀਂ ਤੁਕ ਵਿਚ 'ਅਸੰਖ ਜੋਗ' ਤੇ 'ਅਸੰਖ ਭਗਤ' ਤੋਂ ਪਤਾ ਲਗਦਾ ਹੈ ਕਿ 'ਜਪ, ਤਪ ਪੂਜਾ ਆਦਿ ਤੋਂ ਭਾਵ ਹੈ-ਜਪ ਕਰਨ ਵਾਲੇ, ਤਪ ਕਰਨ ਵਾਲੇ, ਪੂਜਾ ਕਰਨ ਵਾਲੇ ਆਦਿ। ਸੰਪ੍ਰਦਾ ਵਿਚ 'ਜਪ' ਤੇ 'ਜਪ ਕਰਨ ਵਾਲੇ' ਦੁਇ ਇਕੱਠੇ ਬੀ ਭਾਵ ਲੈ ਲੈਂਦੇ ਹਨ।

੨. ਸਤੀ=ਸੱਚ ਵਿਚ ਪਰਵਿਰਤ। ਸੱਚ ਨੂੰ ਨਿਬਾਹੁਣ ਵਾਲੇ। (ਅ) ਦਾਨੀ। (ਦੇਖੋ ਗੁ:ਗ੍ਰੰ:ਕੋ:)।

੩. 'ਮੋਨਿ' ਦਾ ਪ੍ਰਸਿਧ ਅਰਥ ਚੁੱਪ ਸਾਧਣ ਵਾਲੇ ਹੈ, ਪਰ ਇਸ ਦਾ ਅਰਥ 'ਮੁਨੀ' ਬੀ ਹੈ (੧੭੫੮-੧੮੨੫ ਬਿ:)। (ਸੰਸ: ਮੋਨ=ਚੁੱਪ, ਮੋਨਿਨ=ਸਾਧੂ। (ਸੰ.ਸ਼:ਕੋ:)।

☞ (ਸ) ਮੈਂ ਤੈਥੋਂ ਇਕ ਵਾਰੀ ਬੀ ਵਾਰਨੇ ਹੋਣ ਲਾਇਕ ਨਹੀਂ, ਇਉਂ ੭ ਅਰਥ ਲਾਉਂਦੇ ਹਨ। ਪਰ ਜੋ ਅਰਥ ਉਪਰ ਲਾਯਾ ਹੈ ਅਸਲ ਭਾਵ ਦੇ ਸਭ ਤੋਂ ਵਧੀਕ ਨੇੜੇ ਹੈ।

ਅਸੰਖ ਮੂਰਖ ਅੰਧ ਘੋਰ॥
ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥
ਅਸੰਖ ਗਲ ਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥
ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਹੁਣ ਗੇਣਤੀ ਦੱਸਦੇ ਹਨ ਜੋ ਮਾੜੇ ਪਾਸੇ ਲਗੇ ਹੋਏ ਹਨ:-

ਅਣਗਿਣਤ ਮੂਰਖ (ਤੇ ਅਣਗਿਣਤ) ਘੋਰ ਅਗਜਾਨੀ ਹਨ[1]। ਅਣਗਿਣਤ ਚੋਰ ਹਨ (ਅਤੇ ਕਈ ਹੋਰ ਧਰਮ ਵਿਰੁੱਧ ਤ੍ਰੀਕਿਆਂ ਨਾਲ ਪੈਸਾ ਪ੍ਰਾਪਤ ਕਰਕੇ) ਹਰਾਮ ਖਾਣ ਵਾਲੇ ਹਨ। ਅਣਗਿਣਤ ਜੋਰ (ਜ਼ੁਲਮ ਕਰਨ ਵਾਲੇ ਹਨ ਜੋ ਜਬਰੀ) ਹਕੂਮਤ[2] ਕਰ ਕਰ ਕੇ (ਅੰਤ ਮਰ) ਜਾਂਦੇ ਹਨ। ਅਣਗਿਣਤ ਗਲੇ ਕੱਟਣ ਵਾਲੇ (ਹੱਤਜਾਰੇ ਹਨ ਜੋ) ਹਤਜਾ ਹੀ ਕਰਦੇ ਰਹਿੰਦੇ ਹਨ[3]। ਅਣਗਿਣਤ (ਹੋਰ ਅਨੇਕ ਤਰ੍ਹਾਂ ਦੇ) ਪਾਪੀ ਹਨ ਜੋ ਪਾਪ (ਗੁਨਾਹ) ਕਰਦੇ ਹੀ (ਮਰ) ਜਾਂਦੇ ਹਨ। ਅਣਗਿਣਤ (ਝੂਠ ਵਿਚ ਰਚੇ ਹੋਏ) ਝੂਠੇ ਲੋਕ ਹਨ ਜੋ ਝੂਠ (ਦੇ ਫੇਰਾਂ) ਵਿਚ ਹੀ ਪਏ ਘੁਮਜਾਟੇ ਖਾਂਦੇ ਹਨ[4]। ਅਣਗਿਣਤ ਮਲੇਛ[5] ਹਨ ਜੋ ਗੰਦ ਬਕਦੇ ਤੇ ਗੰਦ ਖਾਂਦੇ ਹਨ[6]। ਅਣਗਿਣਤ ਨਿੰਦਿਆ ਕਰਨ ਵਾਲੇ ਹਨ (ਜੋ ਨਿੰਦਿਆ[7] ਦਾ) ਭਾਰ (ਅਪਣੇ) ਸਿਰ ਤੇ ਚੁੱਕਦੇ ਹਨ। (ਇਹ ਨੀਚ ਕਰਮ ਵਾਲਿਆਂ ਦੀ) ਵੀਚਾਰ

---

੧. ਐਉਂ ਬੀ ਭਾਵ ਲੈਂਦੇ ਹਨ-ਮੂਰਖ=ਬੇਸਮਝ, ਪਰ ਜੋ ਸਮਝਾਇਆ ਕੁਛ ਸਮਝ ਜਾਏ। ਅੰਧ=ਜੋ ਸਮਝਾਇਆਂ ਨਾ ਸਮਝੇ। ਘੋਰ=ਜੋ ਸਮਝਾਇਆਂ ਉਲਟਾ ਸਿਰ ਨੂੰ ਆਵੇ। (ਸੰਪ੍ਰ:)

੨. ਅਮਰ=ਹੁਕਮ, ਹਕੂਮਤ।

੩. ਜਿਹੜੇ ਗਲਾ ਕੱਟਣ ਨੂੰ ਸੁਭਾਵ ਹੀ ਬਣਾ ਲੈਂਦੇ ਹਨ। (ਸੰਸ:, ਹਤਜਾ=ਕਤਲ, ਜਾਨੋਂ ਮਾਰ ਦੇਣਾ, ਬੇਦੋਸ਼ਿਆਂ ਨੂੰ ਮਾਰ ਦੇਣਾ)।

੪. ਭਾਵ ਜੂਨਾਂ ਵਿਚ ਯਾ ਕੂੜੇ ਵਿਹਾਰਾਂ ਵਿਚ। (ਸੰਪ੍ਰ:)

੫. ਪੁਰਾਤਨ ਸਮੇਂ 'ਮਲੇਛ' ਵਿਦੇਸ਼ੀ, ਯਵਨ, ਮੁਸਲਮਾਨ ਆਦਿ ਨੂੰ ਕਹਿੰਦੇ ਸਨ। ਗੁਰਬਾਣੀ ਵਿਚ ਬੀ ਆਇਆ ਹੈ:- 'ਮਲੇਛ ਧਾਨੁ ਲੇ ਪੂਜਹਿ ਪੁਰਾਣੁ' (ਵਾ:ਆ:ਮ:੧) ਹਿੰਦੂ ਸਭਜਤਾ ਯਾ ਧਰਮ ਤੋਂ ਬਾਹਰਲੇ ਲੋਕ। ਅਨਾਰਜ। ਸਦਾ ਪਾਪ ਕਰਨ ਵਾਲੇ ਨੂੰ ਬੀ ਮਲੇਛ ਕਹਿੰਦੇ ਹਨ। 'ਬੋਧਾਯਨ' ਨੇ ਮਲੇਛ ਦੇ ਇਹ ਅਰਥ ਕੀਤੇ ਹਨ- ਗੋ ਮਾਂਸ ਭੱਖੀ, ਸਰਬ ਆਚਾਰ ਤੋਂ ਵਿਹੀਨ, ਵਿਰੁੱਧ ਬਕਣ ਵਾਲਾ ਆਦਿ। (ਸੰਸ:, ਧਾਤੂ=ਮ੍ਲੇਚ੍ਛ-ਅਸਪਸ਼ਟ ਬੋਲਣਾ)। ਏਥੇ ਮੁਰਾਦ ਹੈ ਉਨ੍ਹਾਂ ਭੈੜੇ ਲੋਕਾਂ ਤੋਂ ਜਿਨ੍ਹਾਂ ਦੇ ਆਹਾਰ ਵਿਹਾਰ, ਬੋਲ ਚਾਲ ਧਰਮ ਭਾਵ ਦੇ ਵਿਰੁੱਧ ਹੁੰਦੇ ਹਨ।

੬. ਭਖਿ=ਬੋਲਦੇ ਹਨ। (ਸੰਸ:,ਧਾਤੂ, ਭਾਸ਼=ਬੋਲਣਾ। ਭਖ੍=ਭੌਂਕਣਾ, ਬਕਣਾ ਆਦਿ)। ਖਾਹਿ=ਖਾਂਦੇ ਹਨ। ਮਲ ਭਖਿ=ਮਲ ਭਖਦੇ=ਗੰਦ ਬਕਦੇ ਹਨ, ਮਲ ਖਾਹਿ=ਗੰਦ ਖਾਂਦੇ ਹਨ। ਭਾਵ ਜਿਨ੍ਹਾਂ ਦੇ ਆਹਾਰ ਵਿਹਾਰ ਤੇ ਬੋਲ ਚਾਲ ਸਭ ਗੰਦੇ ਹਨ। ਚਾਹੇ ਚੋਰ, ਜੁਆਰੀਏ, ਵੱਢੀ ਖੋਰ ਆਦਿ ਹਨ, ਚਾਹੋ ਅਘੋਰੀ ਆਦਿ ਹਨ। (ਅ) 'ਭਖਿ ਖਾਹਿ' ਦੋਹਾਂ ਨੂੰ ਇਕ ਅਰਥੀ ਸਮਝ ਕੇ 'ਖਾਂਦੇ ਹਨ ਯਾ, ਖਾਂਦੇ ਹੀ ਖਾਂਦੇ ਹਨ' ਅਰਥ ਬੀ ਲਾਉਂਦੇ ਹਨ। (ਸੰਪ੍ਰ:)।

੭. ਨਿੰਦਿਆ ਕਰਨੀ, ਊਜਾਂ ਦੇਣੀਆਂ, ਐਬਜੋਈ ਕਰਨੀ।

**ਤੂ ਸਦਾ ਸਲਾਮਤਿ ਨਿਰੰਕਾਰ॥ ੧੮॥**

ਨੀਵਾਂ ਨਾਨਕ ਕਹਿ ਰਿਹਾ ਹੈ[1]।

**ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥ ਅਸੰਖ ਕਹਹਿ ਸਿਰਿ ਭਾਰੁ ਹੋਇ॥**

(ਬਾਕੀ ਤੁਕਾਂ ਦਾ ਅਰਥ ਪਿੱਛੇ ਆ ਚੁੱਕਾ ਹੈ)। ਅਣਗਿਣਤ ਹਨ ਨਾਮ, ਅਣਗਿਣਤ ਹੀ ਹਨ ਥਾਉਂ। ਅਣਗਿਣਤ ਹਨ ਲੋਕ (ਜੋ ਸਾਡੀ) ਪਹੁੰਚ ਤੋਂ ਪਰ੍ਹੇ ਹਨ[2] (ਤੇ ਅਣਗਿਣਤ ਹਨ ਲੋਕ ਜੋ ਸਾਡੀ) ਗ੍ਯਾਤ ਤੋਂ (ਬੀ) ਪਰ੍ਹੇ ਹਨ[3]। ਅਸੰਖ (ਐਸੇ ਜੀਵ ਹਨ ਜੋ) ਵਰਣਨ ਕਰਦੇ ਹਨ[4] (ਕਿ ਐਉਂ ਹੈ, ਪਰ ਉਨ੍ਹਾਂ ਦੇ) ਸਿਰ ਤੇ ਭਾਰ (ਹੀ) ਚੜ੍ਹਦਾ ਹੈ[5]।

ਭਾਵ- ਭਾਰ ਚੜ੍ਹਦਾ ਹੈ ਕਿਉਂਕਿ ਓਹ ਹਉਂ ਦੇ ਆਸਰੇ ਆਪਣੇ ਜਾਣਨੇ ਦੀ ਸ਼ੇਖੀ ਵਿਚ ਆਖਦੇ ਹਨ; ਨਾਲੇ ਅੰਤ ਵਾਲੇ ਹੋ ਕੇ ਬੇਅੰਤ ਨੂੰ ਵਰਣਨ ਕਰ ਸਕਣ ਦੀ ਭੁੱਲ ਕਰਦੇ ਹਨ। ਪਰ ਜਦ ਸਿਫਤ ਸਲਾਹ ਦੇ ਤ੍ਰੀਕੇ ਤੇ ਕਹੀਏ ਤਾਂ ਭਾਰ ਨਹੀਂ ਚੜ੍ਹਦਾ, ਫੇਰ ਤਾਂ 'ਗੁਨ ਗਾਵਤ ਤੇਰੀ ਉਤਰਸਿ ਮੈਲੁ (ਸੁਖ:) ਵਾਲਾ ਫਲ ਪ੍ਰਾਪਤ ਹੁੰਦਾ ਹੈ। ਤਦੋਂ ਐਸੇ ਵਾਕ 'ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ' (ਆਸਾ ਮ:੩-੪੪੨) ਆਦਿ ਕਹਿਣਾ ਸਤੁਤੀ ਰੂਪ ਹਨ। ਸਤੁਤੀ ਵਾਕ ਅੰਤ ਲੈਣ ਦੇ 'ਅੰਹਕਾਰ ਯਾ ਨਾ ਲੈ ਸਕਣ ਦੀ ਨਿਰਾਸ਼ਾ' ਵਾਸਤੇ ਨਹੀਂ ਹੁੰਦਾ; ਉਹ ਤਾਂ ਕਰਤਾ ਪੁਰਖ ਦੀ ਚਰਣ ਸ਼ਰਣ ਪ੍ਰਾਪਤ ਹੋਣ ਵਾਸਤੇ ਹੁੰਦਾ ਹੈ। ਸੋ ਪ੍ਰਸ਼ਨ ਹੁੰਦਾ ਹੈ ਕਿ ਕੋਈ 'ਕਹਿਣਾ' ਪੁੰਨ ਰੂਪ ਬੀ ਹੈ? ਉਤਰ ਦੇਂਦੇ ਹਨ ਕਿ ਨਾਮ ਸਿਫਤ ਸਲਾਹ, ਗ੍ਯਾਨ ਆਦਿ ਦਾ ਕਹਿਣਾ (ਅਰਥਾਤ ਅਖਰਾਂ ਦੁਆਰੇ ਵਰਣਨ ਕਰਨਾ) ਸਿਰ ਭਾਰ ਲੈਣਾ ਨਹੀਂ ਹੈ ਇਹ ਗੱਲ ਹੁਣ ਦੱਸਦੇ ਹਨ- (ਅਖਰੀ ਦਾ ਭਾਵ ਹੈ ਕਹਿਣ ਨਾਲ, ਬੋਲੀ ਦੁਆਰਾ[6])।

---

੧. ਇਨ੍ਹਾਂ ਚਾਰ ਪਉੜੀਆਂ (੧੬ ਤੇ ੧੯) ਵਿਚ ਚਾਰ ਤੁਕਾਂ ਜੋ ਅਖੀਰ ਤੇ ਆਈਆਂ ਹਨ, ਉਨ੍ਹਾਂ ਵਿਚੋਂ ਤਿੰਨਾਂ ਵਿਚ ਤਾਂ ਇਕੋ ਪਾਠ ਹੈ- 'ਕੁਦਰਤਿ ਕਵਣ ਕਹਾ ਵੀਚਾਰੁ' ਪਰ ਇਸ ਤੀਜੀ ਪਉੜੀ ਵਿਚ ਇਸ ਦੀ ਥਾਵੇਂ ਪਾਠ ਆਇਆ ਹੈ: 'ਨਾਨਕ ਨੀਚੁ ਕਹੈ ਵੀਚਾਰੁ'। ਇਸ ਵਿਚ ਗੁਰੂ ਜੀ ਦੀ ਕਾਵ੍ਯ ਰਸੱਗ੍ਯਤਾ ਤੇ ਭਗਤੀ ਪੱਖ ਵਿਚ ਆਉਂਦੀ 'ਹਉਮੈ ਦੀ ਨਵਿਰਤੀ' ਦਾ ਕਮਾਲ ਨਜ਼ਰ ਆ ਜਾਂਦਾ ਹੈ। ਇਸ ਪਉੜੀ ਵਿਚ ਗੇਣਤੀ ਨੀਵੇਂ ਲੋਕਾਂ ਦੀ ਹੈ, 'ਏਹ ਮਾੜੇ ਤੇ ਮੈਂ ਚੰਗਾ ਹਾਂ' ਇਸ ਸੂਖਮ 'ਹਉਂ-ਅਭਾਵਤਾ' ਲਈ ਗੁਰੂ ਜੀ ਆਪ ਨੂੰ ਨੀਵਾਂ ਕਹਿੰਦੇ ਹਨ। ਆਪ ਨੂੰ ਨੀਚ ਕਹਿਣ ਵਿਚ ਗੁਰੂ ਜੀ ਦੀ ਕਮਾਲ ਦੀ ਬਜ਼ੁਰਗੀ ਹੈ।

੨. ਅਗੰਮ=ਗੰਮਤਾ ਤੋਂ ਪਰ੍ਹੇ, ਜਿੱਥੇ ਪਹੁੰਚ ਨਾ ਸਕੀਏ।

੩. ਅਗੰਮ=ਗ੍ਯਾਨ ਤੋਂ ਪਰ੍ਹੇ।

੪. ਕਹਹਿ=ਕਹਿੰਦੇ ਹਨ, ਵਰਣਨ ਕਰਦੇ ਹਨ।

੫. ਉਪਰਲੇ ਅਰਥ ਸੰਪ੍ਰਦਾਈ ਹੈਨ, ਹੋਰ ਸੰਪ੍ਰ: ਤੇ ਦੂਸਰੇ ਅਰਥ ਇਉਂ ਹੈਨ, ਪਰ ਇਨ੍ਹਾਂ ਅਰਥਾਂ ਵਿਚ ਕੋਈ ਨ ਕੋਈ ਕਮੀ ਰਹਿ ਜਾਂਦੀ ਹੈ:-1. ਸਿਰ ਤੇ ਨਾ ਚੁੱਕੇ ਜਾ ਸਕਣ ਜੋਗੇ ਗ੍ਰੰਥਾਂ ਦੇ ਭਾਰ ਰਹਿੰਦੇ ਹਨ। (੧੭੫੮ ਬਿ:)। 2. ਸਿਰ ਨਿਵਾ ਕੇ (ਨਿੰਮ੍ਰਤਾ ਨਾਲ) ਕਹਿੰਦੇ ਹਨ (੧੮੨੫ ਬਿ:)। 3. ਨਾਸਤਕ ਕਹਿੰਦੇ ਹਨ: ਨਹੀਂ ਹੈ ਇਸ ਕਰਕੇ ਨਾਮ ਨਹੀਂ ਲੈਂਦੇ, ਆਸਤਕ ਮੰਨਦੇ ਹਨ ਪਰ ਨਾਮ ਨਹੀਂ ਲੈਂਦੇ ਦੁਹਾਂ ਦੇ ਸਿਰ ਪਾਪ ਹੁੰਦਾ ਹੈ (੧੮੫੨ ਬਿ:)। 4. ਕਪਾਲੀ ਆਸਨ ਕਰਕੇ ਕਹਿੰਦੇ ਹਨ (੧੮੭੭)। 5. ਅਸੰਖ, ਭਾਣੇ ਮੈ ਤਰਕ ਕਰਤੇ ਹੈਂ ਸੋ ਔਗੁਨ ਕੋ ਭਾਰ ਸਿਰ ਲੇਤੇ ਹੈਂ (੧੮੮੬ ਬਿ:)। 6. ਪ੍ਰਸ਼ਨ- ਤੁਸੀਂ ਅਸੰਖ ਕਹਿੰਦੇ ਹੋ ਸ਼ਾਸਤ੍ਰ ੧੪ ਕਹਿੰਦੇ ਹਨ, ਸ਼ਾਸਤ੍ਰ ਵਿਰੁਧ ਜਾਣੇ ਤੇ ਸਿਰ ਭਾਰ ਹੁੰਦਾ ਹੈ, ਅਗੇ ਇਸ ਦਾ ਉਤਰ ਹੈ (੧੮੯੮ ਬਿ:)। 7. 'ਅਸੰਖ' ਕਹਿਣ ਨਾਲ ਭੀ ਸਿਰ ਤੇ ਭਾਰ ਚੜ੍ਹਦਾ ਹੈ (੧੯੪੧ ਬਿ:)।

੬. 'ਕਹਿਣ' ਦੀ ਥਾਂ 'ਅਖਰੀ' ਪਦ ਇਸ ਲਈ ਵਰਤਿਆ ਕਿ ਇਸ ਵਿਚ ਲਿਖ ਕੇ ਕਹਿਣਾ ਤੇ ਬੋਲ ਕੇ ਕਹਿਣਾ ਦੁਇ ਆ ਗਏ, ਜੈਸਾ ਕਿ ਅੱਗੇ ਚੱਲ ਕੇ ਆਪ ਹੀ ਦੱਸਦੇ ਹਨ, 'ਅਖਰੀ ਲਿਖਣੁ ਬੋਲਣੁ ਬਾਣਿ।'

ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਅਖਰਾਂ ਦੁਆਰੇ (ਪਰਮੇਸ਼ੁਰ ਦਾ) ਨਾਮ ਲੀਤਾ ਜਾਂਦਾ ਹੈ, ਅਖਰਾਂ ਦੁਆਰੇ (ਪਰਮੇਸ਼ੁਰ ਦੀ) ਸਿਫਤ ਸਲਾਹ ਕੀਤੀ ਜਾਂਦੀ ਹੈ। (ਇਸ ਪ੍ਰਕਾਰ) ਅਖਰਾਂ ਦੁਆਰੇ ਹੀ ਗਯਾਨ (ਕਥਨ ਕੀਤਾ ਜਾਂਦਾ ਹੈ, ਅਖਰਾਂ ਦੁਆਰੇ ਪਰਮਾਤਮ ਦੇਵ ਦੇ) ਗੁਣਾਂ ਦੇ ਜਾਣਨਹਾਰ ਹੋ ਜਾਈਦਾ ਹੈ, (ਅਖਰਾਂ ਦੁਆਰੇ ਹੀ ਉਸਦੇ ਗੁਣਾਂ ਨੂੰ ਦੱਸਣ ਵਾਲੇ) ਗੀਤਾਂ ਦਾ ਗਾਯਨ ਕਰੀਦਾ ਹੈ। (ਭਾਵ ਇਹ ਕਿ ਨਾਮ ਸਿਫਤ ਸਲਾਹੀ ਗੀਤ ਤੇ ਗਯਾਨ ਦੀ ਖ਼ਾਤਰ) ਬੋਲਣਾ ਤੇ ਲਿਖਣਾ ਅੱਖਰਾਂ ਦੁਆਰੇ ਹੀ ਹੁੰਦਾ ਹੈ। (ਏਥੋਂ ਤਾਈਂ ਕਿ) ਸੰਜੋਗ (ਵਿਜੋਗ) ਜੋ ਸਿਰ ਤੇ (ਲਿਖਿਆ ਹੋਇਆ ਹੈ) ਅਖਰਾਂ ਦੁਆਰੇ ਹੀ ਵਰਣਨ ਕੀਤਾ ਜਾਂਦਾ ਹੈ*। (ਪਰ) ਜਿਸ (ਵਾਹਿਗੁਰੂ) ਨੇ (ਜੀਵਾਂ ਦੇ ਸਿਰ ਤੇ) ਇਹ (ਲੇਖ) ਲਿਖੇ ਹਨ ਉਸ ਦੇ (ਅਪਣੇ) ਸਿਰ ਤੇ (ਕੋਈ ਅੱਖਰ) ਨਹੀਂ (ਲਿਖੇ ਹੋਏ। ਭਾਵ ਉਹ ਕਿਸੇ ਕਲਮ, ਕਿਸੇ ਅੱਖਰ ਹੇਠ ਨਹੀਂ, ਉਸ ਉਪਰ ਕਿਸੇ ਦਾ ਫੁਰਮਾਨ ਨਹੀਂ, ਉਸ ਦਾ ਫੁਰਮਾਨ ਸਭ ਪਰ ਹੈ)। ਜਿਵੇਂ ਉਹ ਫੁਰਮਾਉਂਦਾ ਹੈ ਤਿਵੇਂ ਤਿਵੇਂ ਹੀ (ਜੀਵ) ਪਾਉਂਦੇ ਹਨ (ਭਾਵ ਪ੍ਰਾਪਤ ਕਰਦੇ ਹਨ); (ਗੱਲ ਕੀਹ) ਜਿਤਨਾ ਕੁਛ (ਉਸ ਦਾ) ਰਚਿਆ ਹੈ, ਉਤਨਾ ਨਾਮ ਹੈ, ਨਾਮ ਤੋਂ ਬਿਨਾ ਕੋਈ ਥਾਂ ਨਹੀਂ।

(ਬਾਕੀ ਤੁਕਾਂ ਦਾ ਅਰਥ ਪਿੱਛੇ ਆ ਚੁੱਕਾ ਹੈ)

## [੨੦]

੧੯ ਪਉੜੀਆਂ ਮੁੱਕ ਚੁਕੀਆਂ ਹਨ, ਮਾਨੋ ਜਪੁਜੀ ਦਾ ਅੱਧ ਮੁੱਕ ਗਿਆ। ਹੁਣ ਤਾਂਈਂ ਨਿਰੰਕਾਰ, ਉਸ ਦਾ ਰੂਪ, ਪ੍ਰਾਪਤੀ ਦਾ ਅੰਤ੍ਰੀਵ ਸਾਧਨ, ਭਗਤੀ ਗੁਣ ਗਾਯਨ, ਨਾਮ ਸ੍ਰਵਣ ਤੇ ਮਨਨ (ਸਿਮਰਣ), ਗਯਾਨ ਪ੍ਰਾਪਤੀ, ਪੂਰਨ ਪਦ ਆਦਿ ਵਰਣਨ ਹੋ ਚੁੱਕੇ ਤੇ ਸਦਾ ਸਾਂਈਂ ਦੇ ਧਯਾਨ ਨਿਮਗਨ ਰਹਿਣ ਦੀ (ਸਹਜ ਧਯਾਨ ਸਮਾਧੀ ਦੀ) ਜਾਚ (ਅੰਤ੍ਰੰਗ ਤ੍ਰੀਕੇ ਦੀ) ਦੱਸੀ ਜਾ ਚੁੱਕੀ ਹੈ। ਫਿਰ ਸੰਸਾਰ ਰਚਨਾ ਦੀ ਵਿਸ਼ਾਲਤਾ ਇਸ ਵਿਚ ਚਲ ਰਹੀ ਅਨੇਕਤਾ ਵਿਚ 'ਤੂੰ ਸਦਾ ਸਲਾਮਤਿ ਨਿਰੰਕਾਰ' ਨੂੰ ਅਨੁਭਵ ਕਰਦੇ ਰਹਿਣਾ, ਇਸ ਦੇ ਵਟਾਉ ਸਟਾਉ, ਭਲੇ ਬੁਰੇ ਨਜ਼ਾਰੇ ਸਭ ਕੁਛ ਤਕ ਕੇ 'ਜੋ ਤੁਧੁ ਭਾਵੈ ਸਾਈ ਭਲੀਕਾਰ' ਦੇ ਚਾਉ ਵਿਚ ਰਹਿ ਕੇ ਬਹਰੰਗ ਤ੍ਰੀਕੇ ਨਾਲ ਬੀ ਸਾਂਈਂ ਦੇ ਧਯਾਨ ਵਿਚ ਸਹਿਜੇ ਲਗੇ ਰਹਿ ਕੇ ਵਾਹਿਗੁਰੂ ਦੀ ਨਦਰ ਹੋਣ ਨਾਲ 'ਪੰਚ' ਬਣੇ ਰਹਿਣ ਦਾ ਉਪਦੇਸ਼ ਆ ਚੁਕਾ

* (ਅ) ਸ਼ਲੇਖ ਦੁਆਰਾ 'ਅਖਰਾਂ ਦਾ ਅਰਥ ਦੋ ਵੇਰ ਲੈ ਕੇ ਐਉਂ ਬੀ ਲਾਉਂਦੇ ਹਨ- (ਅਖਰਾਂ=) ਅਖਰਾਂ ਦੁਆਰੇ (ਵਖਾਣਿ=) ਵਰਣਨ ਕਰੀਏ (ਤਾਂ ਅਖਰਾਂ ਸਿਰਿ=ਅਕਸਰ ਜੋ ਸ਼ਿਰੋਮਣੀ ਹੈ, ਉਸ ਨਾਲ, ਭਾਵ) ਵਾਹਿਗੁਰੂ ਨਾਲ ਸੰਜੋਗ (ਪ੍ਰਾਪਤ) ਹੁੰਦਾ ਹੈ। (ਸੰਪ੍ਰ:)

ਹੈ। ਮਾਨੋ ਉਤਮ ਜਗਜਾਸੂ ਨੂੰ ਉਪਦੇਸ਼ ਹੈ। ਹੁਣ ਐਉਂ ਪ੍ਰਸ਼ਨ ਹੁੰਦਾ ਹੈ ਕਿ ਉਤਮ ਜਗਜਾਸੂ ਦੀ ਥਾਵੇਂ ਜੇ ਕੋਈ 'ਪਾਪੀ ਹੋਵੇ- ਜੈਸਾ ਕਿ ਆਪ ਨੇ 'ਅਸੰਖ ਪਾਪੀ ਪਾਪੁ ਕਰਿ ਜਾਹਿ' ਅਸੰਖਾਂ ਵਾਲੀ ਪਉੜੀ ਵਿਚ ਹੁਣੇ ਦੱਸਿਆ ਹੈ- ਜਿਸ ਦਾ ਸਰੀਰ ਪਾਪ ਕਰਦਾ, ਮਨ ਪਾਪਾਂ ਵਿਚ ਰਚਿਆ ਰਹਿੰਦਾ, ਬੁੱਧੀ ਨੂੰ ਬੀ ਪਾਪ ਮਈ ਕਰ ਚੁਕਾ ਹੋਵੇ ਉਸ ਲਈ ਬੀ ਕੋਈ ਉਪਾਉ ਨਿਸ਼ਪਾਪ ਹੋ ਜਾਣ ਦਾ ਤੇ ਵਾਹਿਗੁਰੂ ਦੇ ਰੰਗ ਵਿਚ ਰੰਗੇ ਜਾਣ ਦਾ ਹੈ? ਇਸ ਗੱਲ ਦਾ ਉਤਰ ਅਗਲੀ ਪਉੜੀ ਵਿਚ ਸਾਹਿਬ ਦੇਂਦੇ ਹਨ:-

**ਭਰੀਐ ਹਥੁ ਪੈਰੁ ਤਨੁ ਦੇਹ॥**
**ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥**
**ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ॥**
**ਪੁੰਨੀ ਪਾਪੀ ਆਖਣੁ ਨਾਹਿ॥**
**ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥**
**ਨਾਨਕ ਹੁਕਮੀ ਆਵਹੁ ਜਾਹੁ॥ ੨੦॥**

ਜਿਵੇਂ ਸਰੀਰ (ਯਾ) ਸਰੀਰ ਦੇ[1] (ਅੰਗ) ਹੱਥ ਤੇ ਪੈਰ (ਆਦਿ ਜੇ ਮਿੱਟੀ ਨਾਲ) ਭਰ ਜਾਣ ਤਾਂ ਪਾਨੀ ਨਾਲ ਧੋਤਿਆਂ (ਉਹ) ਮਿੱਟੀ ਉਤਰ ਜਾਂਦੀ ਹੈ। (ਹਾਂ ਜਿਵੇਂ ਕੋਈ) ਕਪੜਾ ਮੂਤ੍ਰ ਦੀ ਪਲੀਤੀ ਵਾਲਾ[2] ਹੋ ਜਾਵੇ ਤਾਂ ਉਹ ਸਾਬੂਣ ਦੀ ਚਸ) ਦੇ ਕੇ ਧੋ ਲਈਦਾ ਹੈ। (ਤਿਵੇਂ ਜੇ) ਬੁੱਧੀ ਪਾਪਾਂ ਨਾਲ ਭਰ ਜਾਏ (ਤਾਂ) ਉਹ ਨਾਮ ਦੇ ਰੰਗ (ਪ੍ਰੇਮ) ਨਾਲ ਧੋਤੀ ਜਾਂਦੀ ਹੈ। (ਹੇ ਜੀਵ!) ਪੁੰਨੀ ਜਾਂ ਪਾਪੀ (ਨਿਰਾ) ਕਹਿਣ ਮਾਤ੍ਰ ਹੀ ਨਹੀਂ ਹੈ (ਇਹ ਸਚਮੁਚ ਨਿਰਮਲਤਾ ਯਾ ਮੈਲ ਹੈ, ਕਿਉਂਕਿ) ਕਰਮ ਕਰ ਕਰ ਕੇ (ਤੂੰ ਆਪਣੇ ਨਾਲ ਇਨ੍ਹਾਂ ਨੂੰ) ਲਿਖ ਕੇ ਲੈ ਜਾਏਂਗਾ, (ਭਾਵ ਅਪਣੇ ਕੀਤੇ ਕਰਮ ਸੰਸਕਾਰ ਹੋ ਕੇ ਜੀਵ ਦੇ ਅੰਦਰ ਚਿਤ੍ਰਤ ਹੋ ਜਾਂਦੇ ਹਨ)। (ਤੇਰੇ ਕਰਮ ਕਰਨੇ ਨਾਲ ਤੂੰ) ਆਪੇ ਬੀਜ ਬੀਜਦਾ ਹੈਂ (ਉਸ ਦਾ ਫਲ ਬੀ ਤੂੰ) ਆਪ ਹੀ ਖਾਏਂਗਾ[3]। (ਪਰ ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ-ਇਉਂ) ਹੁਕਮ ਮੂਜਬ ਤੂੰ ਆਉਂਦਾ ਜਾਂਦਾ ਰਹੇਂਗਾ। (ਭਾਵ ਆਵਾਗਵਨ ਵਿਚ ਰਹੇਂਗਾ, ਮੁਕਤ ਹੋ ਕੇ ਟਿਕੇਂਗਾ ਨਹੀਂ। ਕਰਮ ਤੇਰੇ ਹਨ, ਫਲ ਪ੍ਰਦਾਤਾ 'ਹੁਕਮ' ਹੈ- 'ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ'[4])।

[੨੧]

ਸ਼ਾਸਤ੍ਰਾਂ ਤੇ ਆਮ ਲੋਕਾਂ ਵਿਚ ਤੀਰਥ ਇਸ਼ਨਾਨ, ਤਪਸਜਾ, ਪੁੰਨ ਕਰਮ, ਏਹ ਪਾਪ ਨਵਿਰਤੀ ਦੇ ਸਾਧਨ ਮੰਨੇ ਗਏ ਹਨ। ਪ੍ਰਸ਼ਨ ਹੁੰਦਾ ਹੈ ਕਿ ਆਪ ਨੇ ਨਵਿਰਤੀ ਦਾ ਸਾਧਨ ਨਾਮ ਦੱਸਿਆ ਹੈ, ਕਿਆ ਤੀਰਥ ਤਪਸਜਾ ਆਦਿ ਸਾਧਨ ਨਹੀਂ ਹਨ? ਉਸ ਦਾ ਉਤਰ ਦੇਂਦੇ ਹਨ ਕਿ ਏਹ ਕਰਮ 'ਅਲਪ ਸੁਖਦਾਤੇ' ਹਨ; ਥੋੜੀ ਵਡਿਆਈ ਮਿਲ ਜਾਣੀ ਇਨ੍ਹਾਂ ਦਾ ਫਲ ਹੁੰਦਾ ਹੈ। ਪਰ ਨਾਮ ਸੁਣ ਮੰਨਨ ਕਰਕੇ ਤੇ ਮਨਿ ਵਿਚ ਸਾਂਈਂ ਨਾਲ ਪ੍ਰੇਮ ਕਰਨ ਕਰਕੇ ਅੰਤ੍ਰੀਵ ਤੀਰਥ ਦਾ ਇਸ਼ਨਾਨ ਹੁੰਦਾ ਹੈ, ਜਿਸ ਨਾਲ ਬੁੱਧੀ ਪਵਿਤ੍ਰ ਹੋ ਜਾਂਦੀ ਹੈ। ਗੁਰੂ ਜੀ ਦਾ ਕਟਾਖਜ 'ਬੁੱਧੀ ਨੂੰ ਪਾਪ ਰਹਿਤ' ਕਰਨ ਤੋਂ ਹੈ, ਜੋ ਸਾਰ ਵਸਤੂ ਹੈ। ਤੀਰਥ ਤਪ ਦਾਨ ਆਦਿ ਹਉਮੈ ਨਾਲ ਹੁੰਦੇ ਹਨ।

---

੧. ਫ਼ਾ:, ਤਨ=ਸਰੀਰ। ਸੰਸ:,ਦੇਹ=ਸਰੀਰ, ਭਾਵ ਅੰਗ। ਪਦ 'ਤਨੁ' ਪੁਲਿੰਗ ਹੈ ਤੇ 'ਦੇਹ' ਇਸਤ੍ਰੀ ਲਿੰਗ, ਦੁਇ ਵਰਤਣ ਤੋਂ ਕਨਾਯਾ ਪੁਰਖ ਤੇ ਇਸਤ੍ਰੀ ਦੋਹਾਂ ਦੇ ਸਰੀਰਾਂ ਵਲ ਜਾਪਦਾ ਹੈ।

੨. ਭਾਵ ਪੇਸ਼ਾਬ ਆਦਿ ਨਾਲ ਅਪਵਿਤ੍ਰ ਹੋ ਜਾਵੇ। (ਫ਼ਾ:, ਪਲੀਦ=ਅਪਵਿਤ੍ਰ)।

੩. ਇਨ੍ਹਾਂ ਤੁਕਾਂ ਵਿਚ ਕਰਨੇ ਵਾਲਾ ਆਪਣੇ ਕੀਤੇ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਤੇ ਆਚਰਣ ਨੂੰ ਬਹੁਤ ਉੱਚਾ ਥਾਂ ਦਿੱਤਾ ਗਿਆ ਹੈ। ੪. ਸਾਰੰ:ਵਾ:ਮ:੧-੯। ਕਲਾਮ=ਕਲਮ।

ਤੀਰਥੁ ਤਪੁ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥
ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥

ਤੀਰਥ (ਯਾਤ੍ਰਾ), ਤਪ (ਸਾਧਣੇ) ਦਇਆ (ਧਾਰਨ), ਬਖਸ਼ਿਸ਼ ਕਰਨ (ਤੇ ਲੋੜਵੰਦ ਨੂੰ ਯਥਾ ਲੋੜ) ਦਾਨ (ਆਦਿਕ ਦਇਆ ਦੇ ਕਰਮ ਕਰਨਾ) ਜੇ ਕਿਸੇ ਨੂੰ (ਏਹ ਪੁੰਨ) ਪ੍ਰਾਪਤ ਹੋ ਜਾਵੇ ਤਾਂ (ਉਸ ਦਾ ਫਲ ਉਸ ਨੂੰ) ਥੋੜੇ[1] (ਸਮੇਂ ਦਾ) ਮਾਨ ਪ੍ਰਾਪਤ ਹੁੰਦਾ ਹੈ। ਪਰ (ਜਿਸ ਨੇ ਪਰਮੇਸ਼ੁਰ ਦਾ ਨਾਮ) ਸੁਣਿਆਂ, ਮੰਨਿਆ ਤੇ ਮਨ ਵਿਚ (ਦਾਤੇ ਨਾਲ) ਪ੍ਰੇਮ ਕੀਤਾ (ਉਸ ਨੇ ਆਪਣੇ ) 'ਅੰਦਰ ਪ੍ਰਾਪਤ ਤੀਰਥ' ਉਤੇ ਚੰਗੀ ਤਰ੍ਹਾਂ[2] ਇਸ਼ਨਾਨ (ਕਰ ਲਿਆ ਹੈ, ਭਾਵ ਉਸ ਨੂੰ ਭਗਤੀ[3] ਪ੍ਰਾਪਤ ਹੋਈ ਹੈ, ਪਰੰਤੂ ਐਸੇ ਗੁਣਾਂ ਦੀ ਦਾਤ ਕਰਤੇ ਦੇ ਹੱਥ ਹੈ, ਇਸ ਲਈ ਪ੍ਰਾਰਥਨਾ ਕਰਦੇ ਹਨ ਕਿ ਹੇ ਨਿਰੰਕਾਰ! ਸੁਣਨ, ਮੰਨਣ, ਪ੍ਰੇਮ ਕਰਨ ਤੇ ਅੰਤ੍ਰੀਵ ਸ਼ੁੱਧਤਾ ਦੀ ਲੱਖਤਾ ਦੇ) ਸਾਰੇ ਗੁਣ ਤੇਰੇ (ਦਿਤੇ ਮਿਲਦੇ) ਹਨ, ਮੇਰੇ ਵਿਚ (ਆਪੂੰ,) ਕੋਈ (ਗੁਣ) ਨਹੀਂ[4] ਹੈ। (ਇਹ ਬੀ ਮੈਂ ਜਾਣਦਾ ਹਾਂ ਕਿ ਇਨ੍ਹਾਂ) ਗੁਣਾਂ ਨੂੰ (ਧਾਰਨ) ਕੀਤੇ ਬਿਨਾਂ (ਤੇਰੀ) ਭਗਤੀ ਹੋ ਨਹੀਂ ਸਕਦੀ। (ਤਾਂਤੇ ਹੇ ਕਰਤਾ! ਮਿਹਰ ਕਰ ਤੇ ਅਪਣੇ ਗੁਣ ਮੈਨੂੰ ਦਾਨ ਵਿਚ ਦੇਹ ਤੇ ਮੈਂ) ਯਾਚਕ ਬ੍ਰਾਹਮਣ ਦੀ ਸੁਅਸਤੀ[5] ਵਾਚਕ ਬਾਣੀ (ਅੰਗੀਕਾਰ ਕਰ, ਸੋ ਇਹ ਹੈ-) 'ਤੂੰ ਸਤਿ ਹੈਂ, ਤੂੰ ਸੌਂਦਰਯ ਹੈਂ, ਤੂੰ ਚੇਤਨ ਹੈਂ, (ਤੇ ਅਪਣੀ) ਚੇਤਨਤਾ ਵਿਚ ਸਦਾ ਅਨੰਦ ਹੈਂ।

---

੧. ਤਿਲ=ਇਕ ਛੋਟਾ ਬੀਜ; ਲਾਛਣਿਕ ਅਰਥ ਹੈ=ਥੋੜਾ।

੨. ਮਲ=ਮਲ ਕੇ, ਭਾਵ ਚੰਗੀ ਤਰ੍ਹਾਂ।

੩. ਇਸ ਤੋਂ ਅਗਲੇਰੀ ਤੁਕ ਪਤਾ ਦੇ ਦੇਂਦੀ ਹੈ ਕਿ ਐਸੀ ਪ੍ਰਾਪਤੀ 'ਭਗਤੀ' ਵਿਚ ਲੈ ਜਾਂਦੀ ਹੈ।

੪. ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥ (ਵਾਰ ਰਾਮ:ਮ:੫-੧੯)।

੫. ਸੁਅਸਤਿ=ਸ੍ਵਸ੍ਤਿ=ਆਸ਼ੀਰਵਾਦੀ ਪਦ ਹੈ=ਕਲਜਾਨ ਹੈ, ਖੇਮ ਕੁਸ਼ਲ ਰਹੇ ਆਦਿ। ਬ੍ਰਹਮਣ ਲੋਕ ਦਾਨ ਲੈਕੇ ਜਜਮਾਨ ਨੂੰ ਸ੍ਵਸ੍ਤਿ ਆਖਦੇ ਹਨ। ਆਥਿ=(ਪ੍ਰਾਕ੍ਰਿਤ, ਅਤਿਥ। ਸੰਸ:, ਅਰ੍ਥਨ੍=) ਯਾਚਕ, ਮੰਗਣ ਵਾਲਾ। ਪ੍ਰਭਾਤੀ ਰਾਗ (ਮ:੧-੭) ਵਿਚ ਬੀ ਗੁਰੂ ਜੀ ਆਪ ਨੂੰ ਯਾਚਕ ਬ੍ਰਹਮਣ ਦੇ ਰੂਪਕ ਵਿਚ ਪਰਮੇਸ਼ੁਰ ਨੂੰ ਜਜਮਾਨ ਆਖਦੇ ਹਨ 'ਕਰਤਾ ਤੂੰ ਮੇਰਾ ਜਜਮਾਨੁ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥' ਬਾਣੀ ਬਰਮਾਉ-ਬ੍ਰਹਮਣ ਵਾਲੀ ਬਾਣੀ। ਸੁਹਾਣ=ਸੌਂਦਰਯ। (ਸੰਸ., ਸੁਭਗ। ਪ੍ਰਾਕ੍ਰਿਤ, ਸੁਹਯ ਤੋਂ ਸੁਹਜ, ਸੁਹਾਣ। ਅਰਬੀ, ਸੁਬਹਾਨ=ਸ਼ਲਾਘਾ ਯੋਗ, ਜਲਾਲ ਵਾਲਾ)। ੧੮੯੯ ਵਿਚ ਇਨ੍ਹਾਂ ਤੁਕਾਂ ਦੇ ਅਰਥ ਐਉਂ ਕੀਤੇ ਸਨ- ਤੂੰ ਕਲਜਾਨ ਸਰੂਪ ਹੈਂ, ਤੂੰ ਮਾਇਆ ਸਰੂਪ ਹੈਂ, ਤੂੰ ਬਾਣੀ ਸਰੂਪ ਹੈਂ, ਤੂੰ ਬ੍ਰਹਮ ਹੈਂ, ਤੂੰ ਸਤਿ ਹੈਂ, ਤੂੰ ਸੁਭਾਇਮਾਨ ਹੈਂ, ਤੂੰ ਸਦੀਵ ਆਨੰਦ ਮਨ ਹੈਂ। (ਪੰ:ਪ:ਟੀ:)। ਪਰੰਤੂ ਬਹੁਤ ਖੋਜ ਮਗਰੋਂ ਹੁਣ ਉਪਰਲੇ ਅਰਥ ਸਹੀ ਹੋਏ ਹਨ, ਜੋ ਪਿੱਛੇ ਟੁਰੇ ਆਏ ਪ੍ਰਸੰਗ ਨਾਲ ਪ੍ਰੰਸਗਕ ਤੇ ਢੁਕਵੇਂ ਹੈਨ। ਸੰਪ੍ਰਦਾਈ ਅਰਥ ਏਹ ਹਨ: (ਸਤਿ ਸੁਹਾਣੁ ਸਦਾ ਮਨਿ ਚਾਉ) ਸਤਿ ਚੇਤਨ ਆਨੰਦ ਤੇ ਸੁਅਸਤਿ (ਕਲਜਾਣ ਰੂਪ) ਤੋਂ ਆਥ (=ਮਾਯਾ ਹੋਈ ਤਿਸਤੇ ਬਾਣੀ, ਤਿਸਤੇ ਬ੍ਰਹਮਾਦਿਕ ਹੋਏ। ਪੰਡਤਾਂ ਦੇ ਅਰਥ ਹਨ:-੧. (ਸਿੱਖ ਕਹਿੰਦਾ ਹੈ ਹੇ ਗੁਰੋ ਸੁਅਸਤਿ ਆਥ=) ਮੇਰੀ ਕਲਜਾਨ ਅਰਥ (ਬਾਣੀ ਬਰਮਾਉ=) ਬ੍ਰਹਮ ਦੀ ਬਾਣੀ ☞

ਭਾਵ, ਮੇਰੇ ਵਿਚ 'ਗੁਣ' ਪੈਦਾ ਕਰਨੇ ਦੀ ਤਾਕਤ ਨਹੀਂ ਤੂੰ ਸਾਰੇ ਗੁਣ ਮੈਨੂੰ ਦਾਨ ਕਰ ਤੇ ਮੈਂ ਪ੍ਰੋਹਿਤ ਦੀ ਤਰ੍ਹਾਂ ਸੁਸਤਿ ਵਾਕ ਕਰਾਂ। ਮੇਰੇ ਪਾਸ ਤਾਂ ਇਹੋ ਕੁਛ ਹੈ- ਮੈਂ ਕਲਜਾਣ ਆਖਦਾ ਤੇ ਗੁਣ ਗਾਉਂਦਾ ਰਹਾਂ, ਤੇ ਤੂੰ ਦਾਤਾਂ ਦੇਂਦਾ ਰਹੇਂ।

ਗੁਰੂ ਨਾਨਕ-ਮਨ ਅਨੁਭਵ ਦਾ ਮਾਲਕ ਹੈ, ਫੇਰ ਦਾਰਸ਼ਨਿਕ ਬੀ ਹੈ। ਨਿਰਾ ਦਾਰਸ਼ਨਿਕ ਹੀ ਨਹੀਂ, ਉਹ ਕਵਿ-ਮਨ ਬੀ ਹੈ, ਇਸ ਕਰਕੇ ਆਪ ਪਰਮਾਤਮਾ ਨੂੰ ਨਿਰਾ ਚੇਤਨ ਆਨੰਦ ਹੀ ਨਹੀਂ 'ਸੌਂਦਰਯ' ਬੀ ਦੇਖਦੇ ਹਨ। ਕਵਿ-ਮਨ ਦਿੱਸ ਰਹੀ ਸੌਂਦਰਯ ਨੂੰ ਸਾਂਈਂ ਦੇ ਅਦ੍ਰਿਸ਼ਜ ਸੌਂਦਰਯ ਦਾ ਪ੍ਰਕਾਸ਼ ਅਨੁਭਵ ਕਰਦਾ ਹੈ। ਸੌਂਦਰਯ ਵਲ ਪ੍ਰੇਮ ਦੀ ਖਿੱਚ ਹੈ। ਸੌਂਦਰਯ ਪ੍ਰਸੰਨਤਾ ਦਾਤਾ ਹੈ। ਸਿਫਤ ਸਲਾਹ ਬੀ ਸੌਂਦਰਯ ਦੇ ਝਲਕੇ ਉਮਗਦੀ ਹੈ, ਵਿਸਮਾਦ ਬੀ ਸੌਂਦਰਯ ਨਾਲ ਛਾਉਂਦਾ ਹੈ।

ਸੋ ਜਾਪਦਾ ਹੈ ਕਿ ਪਰਮੇਸ਼ੁਰ ਦੇ ਸਰੂਪ ਸੁਸ੍ਰਿਬਾਣੀ ਵਿਚ ਉਚਾਰਨ ਕਰਦਿਆਂ ਆਪਦਾ ਕੋਮਲ ਤੇ ਵਿਸਮਾਦੀ ਮਨ ਸਾਂਈਂ ਸੁੰਦਰਤਾ ਨੂੰ ਅਨੁਭਵ ਕਰਦਾ ਚਰਨ ਸ਼ਰਨ ਲੀਨ ਹੋ ਗਿਆ ਹੈ। ਜਦ ਉਸ ਨਿਰਾਕਾਰ ਵਿਚੋਂ ਉਥਾਨ ਹੋ ਅਸਚਰਜਤਾ ਦੇ ਮੰਡਲ ਵਿਚੋਂ ਉਠ ਆਕਾਰ ਵਾਲੇ ਬ੍ਰਹਮੰਡ ਤੇ ਨਜ਼ਰ ਪਈ ਤਾਂ ਸੁਤੇ ਪ੍ਰਸ਼ਨ ਉਪਜਿਆ ਕਿ ਇਹ ਸੁਹਣਾ ਸਾਮਾਨ ਕਦੋਂ ਬਣ ਗਿਆ? ਕੌਣ ਜਾਣੇ? ਕੋਈ ਨਹੀਂ, ਉਹੋ ਰਚਣਹਾਰ ਸੁੰਦਰਾਂ ਦਾ ਸੁੰਦਰ ਹੀ ਜਾਣਦਾ ਹੈ। ਇਹ ਭਾਵ ਅਗਲੀਆਂ ਸਤਰਾਂ ਵਿਚ ਅੰਕਿਤ ਹੈ ਜਿਸ ਵਿਚ ਵਾਹਿਗੁਰੂ ਦੀ ਵਿਸ਼ਾਲਤਾ, ਸਾਡੀ ਅਪਹੁੰਚਤਾ ਤੇ ਅੰਤ ਵਿਚ ਹਉਮੈ ਰਹਿਤ ਹੋ ਸੁੰਦਰ ਸਾਂਈਂ ਨਾਲ ਸਿਫਤ ਸਲਾਹ ਦੁਆਰਾ-ਪ੍ਰੇਮੀ ਹੋਏ ਰਹਿਣ ਦੀ ਸੈਨਤ ਹੈ।

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥**

ਉਹ ਕਿਹੜਾ ਵੇਲਾ ਸੀ, ਕਿਹੜਾ ਸੀ ਵਕਤ, ਕਿਹੜੀ ਥਿਤਿ ਸੀ ਤੇ ਕਿਹੜਾ ਵਾਰ ਸੀ[1], ਉਹ ਰੁੱਤ ਕਿਹੜੀ, ਮਹੀਨਾ ਕਿਹੜਾ ਸੀ ਜਿਸ ਵੇਲੇ (ਨਿਰੰਕਾਰ ਤੋਂ ਏਹ) ਆਕਾਰ[2] ਰਚਿਆ ਗਿਆ ਸੀ। ਵੇਲਾ ਨਹੀਂ ਲੱਭਾ ਪੰਡਿਤਾਂ ਨੇ ਜੇ (ਕੋਈ) ਪੁਰਾਣ (ਸਰੀਖਾ ਮੁਸਤਨਿਦ[3]) ਲੇਖ (ਇਸ ਗੱਲ ਦਾ) ਹੋਵੇ (ਤਾਂ ਲੱਭ ਲੈਣ)। ਵਕਤ ਨਹੀਂ ਲੱਭਾ ਕਾਜ਼ੀਆਂ ਨੇ ਜੇ (ਲੱਭਾ ਨੇ ਤਾਂ ਕੋਈ) ਕੁਰਾਣ (ਸਰੀਖਾ

---

੧. 'ਵੇਲ' ਸੰਸਕ੍ਰਿਤ ਹੈ, 'ਵਕਤ' ਅਰਬੀ ਹੈ, ਅਰਥ ਦੋਹਾਂ ਦਾ 'ਸਮਾਂ' ਹੈ। ਦੋਇ ਪਦ ਲਿਖਣ ਦਾ ਖਾਸ ਮਤਲਬ ਹੈ। ਹਿੰਦੂ ਅਤੇ ਮੁਸਲਮਾਨਾਂ ਉਪਰ ਸਾਂਝਾ ਪ੍ਰਸ਼ਨ ਹੈ ਕਿ ਪੰਡਿਤਾਂ ਮੁਤਾਬਕ ਉਹ ਕਿਹੜਾ ਵੇਲਾ ਸੀ ਤੇ ਕਾਜ਼ੀਆਂ ਮੁਤਾਬਕ ਉਹ ਕਿਹੜਾ ਵਕਤ ਸੀ। ਥਿਤਿ=ਚੰਦ੍ਰਮਾਂ ਦੀ ਚਾਲ-ਹਿਸਾਬ ਦੀ ਤਾਰੀਖ। ਵਾਰ=ਦਿਨ। ਰੁਤੀ=ਰੁਤ, ਮੌਸਮ। ਫ਼ਾ:ਮਾਹ=ਮਹੀਨਾ।

੨. ਭਾਵ ਸੰਸਾਰ।

੩. ਜਿਵੇਂ ਨਾਮੁ ਰਤਨੁ=ਰਤਨੁ (ਸਰੀਖਾ ਅਮੋਲਕ) ਨਾਮ। 'ਨਾਮੁ ਰਤਨੁ ਲੈ ਗੁਝਾ ਰਖਿਆ॥' (ਮਾਝ:ਮ:੫)। ਤਿਵੇਂ 'ਲੇਖੁ ਪੁਰਾਣੁ' 'ਲੇਖ ਕੁਰਾਣ'=ਪੁਰਾਣ ਕੁਰਾਣ (ਸਰੀਖਾ ਮੁਸਤਨਿਦ) ਲੇਖ। ਹਿੰਦੂ ਮੁਸਲਮਾਨ ਪੁਰਾਣ ਕੁਰਾਣ ਨੂੰ ਮੁਸਤਨਿਦ ਮੰਨਦੇ ਹਨ।

☞ ਅਰਥਾਤ ਵੇਦ ਬਾਣੀ ਦਾ ਮੈਨੂੰ ਉਪਦੇਸ਼ ਕਰੋ। ੨. ਗੁਣ ਕੌਣ ਹਨ ਜੋ ਧਾਰਨੇ ਹਨ- ਸੁਸਿਤ=ਵਾਚਨ ਬਾਣੀ ਦਾ ਪੜ੍ਹਨਾ ਸਦਾ ਸਤਿ ਸੁਹਾਉਣ ਈਸ਼ੁਰ ਦੇ ਦਰਸ਼ਨ ਦਾ ਮਨ ਵਿਚ ਚਾਉ ਰਖਣਾ। ੩. ਸੁਸਤਿ=) ਟਿਕੇ ਚਿਤ ਰਹਿਣ ਨੂੰ ਆਪਣਾ ਧਨ ਬਨਾਉਣਾ, ਬਾਣੀ ਬ੍ਰਹਮ ਸਨਬੰਧੀ ਬੋਲਣਾ , ਸਤ (ਪਰਮਾਤਮਾ ਦੇ ਗੁਣਾਨੁਵਾਦ ਸੁਹਣੇ ਲੱਗਣ ਤੇ ਮਨ ਵਿਚ ਚਾਉ ਰਹੇ। ੪. ਹੇ ਈਸ਼ੁਰ (ਵੇਦ ਰੂਪ) ਬਾਣੀ ਨੂੰ (ਥਿਰਮਾਇ=) ਰੋਕ ਕੇ ਤੁਸੀਂ (ਸੁਸਿਤ ਆਥ) ਕਲਜਾਣ ਰੂਪ ਸੋ। ਪਰ ਏਹ ਸਾਰੇ ਅਰਥ ਪ੍ਰਸੰਗ ਨਾਲ ਢੁਕਦੇ ਘੱਟ ਹਨ।


www.sikhbookclub.com

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥

ਮੁਸਤਨਿਦ) ਲੇਖ ਲਿਖਣ (ਭਾਵ ਲਿਖ ਦਿਖਾਲਣ)। (ਉਹ) ਥਿਤ ਵਾਰ (ਯੋਗ ਧਯਾਨ ਜੋੜ ਕੇ) ਜੋਗੀ ਬੀ ਨਹੀਂ ਜਾਣਦਾ, (ਉਹ) ਰੁਤ ਤੇ ਮਹੀਨਾ (ਹੋਰ) ਕੋਈ (ਬੀ) ਨਹੀਂ (ਲੱਭ ਸਕਿਆ)। ਜਦੋਂ ਕਰਤਾਰ ਸ੍ਰਿਸ਼ਟੀ ਨੂੰ ਸਾਜਦਾ ਹੈ (ਉਸਨੂੰ) ਉਹ ਆਪ ਹੀ ਜਾਣਦਾ ਹੈ ਹੋਰ ਕੋਈ ਨਹੀਂ ਜਾਣਦਾ)। (ਜਦ ਆਪੇ ਨੂੰ ਤੇ ਅਪਣੇ ਕਰਨਿਆਂ ਨੂੰ ਕਰਤਾ ਆਪ ਹੀ ਜਾਣਦਾ ਹੈ ਤਾਂ) ਮੈਂ (ਉਸਦੇ ਕਰਨਿਆਂ ਨੂੰ) ਕੀਕੂੰ ਕਹਿ ਸਕਾਂ, (ਉਸ ਕਰਤੇ ਦੀ) ਸਿਫਤ ਸਲਾਹ ਕੀਕੂੰ ਕਰਾਂ, (ਹਾਂ ਉਸਦਾ ਸਾਰਾ) ਵਰਣਨ ਕੀਕੂੰ ਕਰਾਂ (ਤੇ ਇਹ ਸਾਰਾ ਕੁਛ ਕਹਿਣੇ ਲਈ ਉਸਨੂੰ) ਕੀਕੂੰ ਜਾਣ ਸਕਾਂ? (ਉਂਞ) ਕਹਿਣੇ ਨੂੰ ਤਾਂ ਸਭ ਕੋਈ ਪਿਆ ਕਹਿੰਦਾ ਹੈ ਤੇ ਇਕ ਤੋਂ ਇਕ ਵਧੀਕ ਸਿਆਣਾ (ਬਣ ਬਣ ਬਹਿੰਦਾ) ਹੈ। (ਪਰੰਤੂ ਉਹ) ਸਾਹਿਬ ਜਿਸ ਦਾ ਕੀਤਾ ਪਿਆ ਹੁੰਦਾ ਹੈ ਸਭ ਤੋਂ ਵਡਾ ਹੈ, (ਉਸ ਦੇ ਵੱਡਾ ਹੋਣ ਕਰਕੇ) ਉਸ ਦੀ ਵਡਿਆਈ[1] (ਬੀ) ਵੱਡੀ ਹੈ। ਜੋ ਕੋਈ ਆਪਣੇ ਆਪ ਨੂੰ (ਵੱਡਾ ਯਾ ਜਾਣਨਹਾਰ) ਸਮਝਦਾ ਹੈ ਉਹ ਅੱਗੇ ਜਾ ਕੇ ਸ਼ੋਭਾ ਨਹੀਂ ਪਾਏਗਾ (ਕਿਉਂਕਿ ਉਹ ਹਉਂ ਵਿਚ ਚਲਾ ਗਿਆ ਹੈ, ਇਸ ਲਈ) ਹੇ ਨਾਨਕ! (ਤੂੰ ਸਿਫਤ ਸਲਾਹ ਵਿਚ ਰਹੁ- ਵੱਡਾ ਸਾਹਿਬ ਹੈ, ਵੱਡੀ ਵਡਿਆਈ ਹੈ, ਕੀਤਾ ਉਸੇ ਦਾ ਹੁੰਦਾ ਹੈ)।

[੨੨, ੨੩]

ਪਿਛਲੀ ਪਉੜੀ ਵਿਚ ਦੱਸਿਆ ਸੀ ਕਿ ਦ੍ਰਿਸ਼ਟਮਾਨ ਰਚਨਾ ਦੇ ਰਚੇ ਜਾਣ ਦੇ 'ਆਦਿ ਕਾਲ' ਦਾ ਪਤਾ ਕਿਸੇ ਨੂੰ ਨਹੀਂ, ਸੋ ਅਸਾਂ ਏਹ ਪਤੇ ਨਹੀਂ ਲਾਉਣੇ, ਸਿਫਤ ਸਲਾਹ ਵਿਚ ਜਾਣਾ ਹੈ। ਹੁਣ ਦੱਸਦੇ ਹਨ ਕਿ ਦ੍ਰਿਸ਼ਟਮਾਨ ਦੇ 'ਵਿਸਥਾਰ' ਦਾ ਬੀ ਅੰਤ ਨਹੀਂ। ਇਸੇ ਦੇ ਹਿਸਾਬ ਵਿਚ ਵੇਦ ਗਏ ਪਰ ਉਨ੍ਹਾਂ ਨੇ ਭੀ ਇਕੋ ਗੱਲ ਆਖੀ, ਨੇਤਿ ਨੇਤਿ=ਇਹ ਵੀ ਨਹੀਂ, ਇਹ ਵੀ ਨਹੀਂ[2]। ਭਾਵੇਹ ਕਿ ਭਾਲ ਕਰਦਿਆਂ ਓੜਕ (ਅੰਤ) ਦਾ ਪਤਾ ਨਹੀਂ ਲੱਭਦਾ। ਇਸ ਤਰ੍ਹਾਂ ਪੁਰਾਣ, ਸ਼ਾਸਤ੍ਰ, ਕਤੇਬਾਂ ਬੀ ਇਕੋ ਇਸੇ ਨਤੀਜੇ ਤੇ ਪਹੁੰਚਦੀਆਂ ਹਨ। ਇਉਂ ਸਭ ਦਾ ਸਿੱਧਾਂਤ ਇਹ ਹੈ ਕਿ ਲੇਖੇ ਨਾਲ ਪਤਾ ਨਹੀਂ ਲਗਦਾ, ਲੇਖੇ ਲਾਓ ਤਾਂ ਲੇਖਾ ਹੀ ਨਾਸ਼ ਹੋ ਜਾਂਦਾ ਹੈ। ਲੇਖਾ ਅੰਤ ਵਾਲੀ ਵਸਤੂ ਹੈ, ਜਿਸਦਾ ਲੇਖਾ ਲਾਉਣਾ ਹੈ ਉਹ ਅਨੰਤ ਹੈ। 'ਅੰਤ' ਵਾਲੇ ਦੇ ਹਿਸਾਬ 'ਅਨੰਤ' ਪਰ ਹਾਵੀ ਨਹੀਂ ਹੋ ਸਕਦੇ। ਜਦ ਅੰਤ ਵਾਲੇ ਦੇ ਹਿਸਾਬ ਅਨੰਤ ਪਰ ਲਾਏ ਜਾਣਗੇ ਤਾਂ ਗਲਤ ਸਾਬਤ ਹੋਣਗੇ, ਗਲਤ ਸਾਬਤ ਹੋਣਾ ਲੇਖੇ ਦਾ ਨਾਸ਼ ਹੋ ਜਾਣਾ ਹੈ।

੧. ਨਾਈ=ਵਡਿਆਈ। 'ਨਾਈ' ਇਸਤ੍ਰੀ ਲਿੰਗ ਹੋਣ ਕਰਕੇ 'ਵਡੀ' ਬੀ ਇਸਤ੍ਰੀ ਲਿੰਗ ਹੈ।
੨. ਨੇਤਿ ਨੇਤਿ ਕਹਿ ਵੇਦ ਪੁਕਾਰਾ। (ਤੁਲਸੀ)।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥

ਸਹਸ ਅਠਾਰਹ ਕਹਣ ਕਤੇਬਾ ਅਸੁਲੂ ਇਕੁ ਧਾਤੁ॥

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥

(ਹੇਠਾਂ) ਪਤਾਲਾਂ (ਤੋਂ ਪਰ੍ਹੇ ਹੋਰ) ਪਾਤਾਲ ਹਨ (ਉਪਰ) ਅਕਾਸ਼ਾਂ (ਤੋਂ ਪਰ੍ਹੇ ਹੋਰ) ਆਕਾਸ਼ ਹਨ (ਅਤੇ ਏਹ) ਲਖਾਂ ਹਨ: (ਸੋ) ਅੰਤ ਦੀ ਭਾਲ (ਕਰਦੇ) ਓੜਕ ਨੂੰ ਥੱਕ ਗਏ (ਤਦ) ਵੇਦਾਂ ਨੇ ਇਕ ਗੱਲ ਆਖੀ[1] (ਜੋ ਚੌਥੀ ਸਤਰ ਵਿਚ ਹੈ,। ਹਜ਼ਾਰਾਂ (ਰਿਖੀ ਮੁਨੀ ਉਲਮਾਵ) ਅਠਾਰਾਂ (ਪੁਰਾਣ ਤੇ ਚਾਰ) ਕਿਤਾਬਾਂ ਬੀ ਬਿਲਕੁਲ ਇਕੋ ਮੂਲਕ ਗੱਲ[2] ਕਹਿੰਦੀਆਂ ਹਨ[3] ਕਿ ਜੇ ਲੇਖਾ ਹੋ ਸਕੇ ਤਾਂ (ਲੇਖਾ) ਲਿਖ ਦੇਈਏ, ਲੇਖੇ ਕਰਦਿਆਂ (ਤਾਂ ਲੇਖਾ ਆਪ) ਨਾਸ਼ ਹੋ ਜਾਂਦਾ ਹੈ। (ਗੁਰੂ) ਨਾਨਕ (ਦੇਵ ਜੀ ਦਾ ਸਿੱਧਾਂਤ ਇਹ ਹੈ ਕਿ ਕਰਨਹਾਰ ਜੋ ਸਾਰੀ ਕੀਤੀ ਹੋਈ ਤੋਂ ਵੱਡਾ ਹੈ, ਓਹ) ਆਪ ਨੂੰ (ਤੇ ਆਪਣੀ ਕੀਤੀ ਹੋਈ ਨੂੰ) ਆਪ ਹੀ ਜਾਣਦਾ ਹੈ (ਤਾਂਤੇ ਉਸ ਨੂੰ) ਵੱਡਾ ਕਹੋ, (ਭਾਵ ਉਸ ਦੀ ਸਿਫਤ ਸਲਾਹ ਕਰੋ, ਉਸ ਦੇ ਤੇ ਉਸ ਦੇ ਕਰਨਿਆਂ ਦੇ ਲੇਖੇ ਨਾ ਕਰੋ)।

ਸਲਾਹੁਣ ਵਾਲਿਆਂ (ਉਸ ਦੇ ਪ੍ਰੇਮੀਆਂ) ਨੇ (ਉਸ ਪਰਮ ਪੁਰਖ ਨੂੰ ਸਲਾਹਿਆ ਹੀ) ਸਲਾਹਿਆ ਹੈ (ਪਰ ਉਹਨਾਂ ਨੇ) 'ਏਤੀ ਦੀ ਗਜਾਤ' ਨਹੀਂ ਪਾਈ (ਕਿ ਸਾਈਂ ਐਹ ਹੈ[4])। (ਜਿਵੇਂ) ਨਦੀਆਂ ਤੇ ਵਾਹਿੜੇ ਸਮੁੰਦਰ ਵਿਚ ਜਾ ਪੈਂਦੇ ਹਨ (ਫੇਰ ਵੱਖਰੇ) ਨਹੀਂ ਜਾਣੇ ਜਾਂਦੇ, (ਭਾਵ ਸਮੁੰਦਰ ਰੂਪ ਹੋ ਜਾਂਦੇ ਹਨ, ਤਿਵੇਂ ਸਲਾਹੁਤ ਕਰਨ ਵਾਲੇ ਸਲਾਹੁਤ ਕਰਦੇ ਕਰਦੇ ਉਸ ਨੂੰ ਪ੍ਰਾਪਤ ਹੋ ਕੇ ਉਸ ਦਾ ਰੂਪ ਹੋ ਜਾਂਦੇ ਹਨਪ ਹੁਣ ਨਾਂ ਓਹ ਵੱਖਰੇ ਸਿਆਣੇ ਜਾਂਦੇ ਹਨ ਤੇ ਨਾਂ ਓਹ ਆਪ ਨੂੰ ਵੱਖਰੇ ਸਿਆਣਦੇ ਹਨ)। ਹੇ ਸ਼ਾਹ! ਹੇ ਸ਼ਹਿਨਸ਼ਾਹ![6] (ਵਾਹਿਗੁਰੂ

---

੧. ਇਕ ਵਾਤ=ਇਕ ਬਾਤ=ਇਕ ਗੱਲ।

੨. ਅਸੁਲੂ=ਅਸਲਨ। ਅ:, ਅਸਲਨ ਬਿਲਕੁਲ। ਧਾਤੁ=ਮੂਲ, ਜਿਵੇਂ ਕ੍ਰਿਆ ਸ਼ਬਦਾਂ ਦਾ ਮੂਲ ਉਸ ਦਾ ਧਾਤੂ ਹੈ। ਮੂਲਕ ਗੱਲ।

੩. ਐਉਂ ਬੀ ਅਰਥ ਕਰਦੇ ਹਨ: (ਅ) ਕਿਤਾਬਾਂ ਕਹਿੰਦੀਆਂ ਹਨ ੧੮ ਹਜ਼ਾਰ ਆਲਮ ਹੈ, ਐਸਾ ਕਹਿਣਾ ਬੀ ਅਸਲ ਵਿਚ ਇਕ ਧਾਤ (ਮੂਲਕ ਗੱਲ) ਕਹਿਣੀ ਹੈ। ਮੁਸਲਮਾਨਾਂ ਵਿਚ ਇਹ ਗੱਲ ਪ੍ਰਸਿਧ ਕਹੀ ਜਾਂਦੀ ਹੈ ਤੇ ਕਿਤੇ ਕਿਤੇ ਲਿਖਿਆ ਬੀ ਮਿਲਦਾ ਹੈ। ਜੈਸੇ- ਕੀਏ ਕੁਨ ਸੇ ਆਲਮ ਅਠਾਰਾਂ ਹਜ਼ਾਰ। (ਮੁਨਾਜਾਤ, ਸਫਾ ੧) ਪਰ ਚਾਰ ਕਿਤਾਬਾਂ ਵਿਚ ਲਿਖੀ ਹੋਈ ਇਹ ਗੱਲ ਨਹੀਂ ਮਿਲਦੀ। ਏਹ ਅਰਥ ਠੀਕ ਨਹੀਂ, ੧੮ ਹਜ਼ਾਰ ਕਹਿਣਾ ਤਾਂ ਅੰਤ ਦੱਸ ਦੇਣਾ ਹੈ। (ਏ) 'ਅਸੁ' ਨੂੰ ਔਂਕੁੜ ਹੋਣ ਕਰਕੇ ਅਸੁ+ਲੂ=ਘੋੜੇ ਦਾ ਇਕ ਵਾਲ ਅਰਥ ਕਰਕੇ ਬੀ ਲੈਂਦੇ ਹਨ:- ਕਿਤਾਬਾਂ ੧੮ ਹਜ਼ਾਰ ਕਹਿੰਦੀਆਂ (ਮਾਨੋਂ) ਘੋੜੇ (ਦੇ ਵਾਲਾਂ ਵਿਚੋਂ) ਇਕ ਵਾਲ ਕਹਿੰਦੀਆਂ ਹਨ।

੪. ਧਿਆਇ ਧਿਆਇ ਭਗਤਹ ਸੁਖੁ ਪਾਇਆ॥ ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ (ਸੁਖ:

੫. (ਅ) ਸੰਪ੍ਰ: ਵਿਚ ਐਉਂ ਬੀ ਅਰਥ ਲਾਉਂਦੇ ਹਨ- ਨਦੀਆਂ ਤੇ ਵਾਹੇ ਸਮੁੰਦਰ ਵਿਚ (ਜਦ) ਪੈ ਜਾਂਦੇ ਹਨ ਤਾਂ ਸਮੁੰਦਰ ਨੂੰ ਜਾਣ ਨਹੀਂ ਸਕਦੇ।

੬. ਫ਼ਾ: ਸ਼ਾਹ=ਰਾਜਾ। ਅ:, ਸੁਲਤਾਨ=ਸ਼ਹਿਨਸ਼ਾਹ।

**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ ੨੩॥**

ਮੈਂ ਤੈਨੂੰ ਸਮੁੰਦਰ ਨਾਲ ਉਪਮਾ ਦਿਤੀ ਹੈ ਪਰ ਸਾਰੇ) ਸਮੁੰਦਰ (ਜਿਨ੍ਹਾਂ ਵਿਚ ਕਿ) ਪਹਾੜਾਂ[੧] ਸਰੀਖੇ ਮਾਲ ਧਨ (ਪਏ ਹਨ ਉਸ) ਕੀੜੀ[੨] ਦੀ ਬਰਾਬਰੀ ਨਹੀਂ ਕਰ ਸਕਦੇ ਜਿਸ ਦੇ ਮਨ ਵਿਚੋਂ (ਕਿ ਤੂੰ) ਨਾ ਵਿਸਰੇਂ[੩]।

ਭਾਵ- ਪਹਿਲੀਆਂ ਦੋ ਤੁਕਾਂ ਵਿਚ ਵਾਹਿਗੁਰੂ ਨੂੰ ਸਮੁੰਦਰ ਨਾਲ ਉਪਮਾ ਦਿਤੀ ਹੈ ਫੇਰ ਇਸ ਨੂੰ ਪੂਰੀ ਢੁੱਕਵੀਂ ਉਪਮਾ ਨਾ ਸਮਝਿਆ ਤੇ ਸਮੁੰਦਰ ਨੂੰ ਉਸ ਕਿਣਕੇ ਤੋਂ ਬੀ ਛੋਟਾ ਦੱਸਿਆ ਹੈ ਜੋ 'ਕਿਣਕਾ' ਕਿ ਇਕ ਨਿਕੀ ਕੀੜੀ ਦੇ ਛੋਟੇ ਜਿਹੇ ਮਨ ਵਿਚ ਵੱਸ ਸਕਦਾ ਸੀ। ਕਿਣਕੇ ਤੋਂ ਮਤਲਬ ਏਥੇ ਪਰਮੇਸ਼ੁਰ ਦੀ ਉਤਨੀ ਅੰਸ਼ ਮਾਤ੍ਰ ਤੋਂ ਹੈ ਜੋ ਕੀੜੀ ਦਾ ਮਨ ਧਾਰਨ ਕਰ ਸਕਦਾ ਹੈ। ਕੀੜੀ ਕਿੰਨੀ ਨਿੱਕੀ ਹੈ, ਉਸ ਦਾ ਮਨ ਕੇਡਾ ਕੁ ਹੋਇਆ, ਉਸ ਮਨ ਵਿਚ ਵਾਹਿਗੁਰੂ ਕਿੰਨਾ ਕੁ ਵੱਸੇਗਾ? ਸੋ ਉਸ ਵਾਹਿਗੁਰੂ ਦੀ ਨਿੱਕੀ ਜੇਹੀ ਅੰਸ਼, ਜੋ ਕੀੜੀ ਦੇ ਨਿੱਕੇ ਜਿਹੇ ਮਨ ਵਿਚ ਵਸਦੀ ਹੈ, ਇੰਨੀ ਮਹੱਤਤਾ ਰਖਦੀ ਹੈ ਕਿ ਸਾਰੇ ਸਮੁੰਦਰ ਆਪਣੇ ਮਾਲ ਧਨ ਸਮੇਤ ਉਸ ਅਗੇ ਤੁੱਛ ਹਨ, ਯਥਾ-ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ॥(ਸੁਖ:) ਇਸ ਪਉੜੀ ਵਿਚ ਇਹ ਪ੍ਰਤੀਪ ਅਲੰਕਾਰ ਦਾ ਪੰਜਵਾਂ ਰੂਪ ਹੈ- ਜਿਥੇ ਉਪਮਾਨ ਨੂੰ ਉਪਮੇਯ ਦੇ ਟਾਕਰੇ ਤੇ ਤੁੱਛ ਮੰਨ ਕੇ ਉਸ ਦੀ ਸਮਤਾ ਦੇਣੀ ਅਯੋਗ ਠਹਿਰਾਈ ਜਾਵੇ। ਪ੍ਰਤੀਪ ਅਲੰਕਾਰ ਦਾ ਨਾਮ ਹੈ- ਤਸ਼ਬੀਹ ਮਅਕੂਸ।

[੨੪]

ਇਸ ਪੌੜੀ ਵਿਚ ਬੀ 'ਅੰਤ ਨਹੀਂ' ਦਾ ਵਿਸ਼ਯ ਚਲ ਰਿਹਾ ਹੈ। ਉਹ ਅਨੰਤ ਹੈ, ਉਸ ਦਾ ਸਭ ਕੁਛ ਅਨੰਤ ਹੈ, ਇਸ ਕਰਕੇ ਅੰਤ ਵਾਲਾ ਜੀਵ ਉਸ ਦੀ ਕਿਸੇ ਗੱਲ ਦਾ ਅੰਤ ਨਹੀਂ ਪਾ ਸਕਦਾ। ਉਸ ਵਿਚ ਪਹੁੰਚ ਪੈਣਾ ਹੀ ਪ੍ਰਯੋਜਨੀਯ ਹੈ, ਇਹ ਬੀ ਉਸ ਦੀ ਦਾਤ ਹੈ:-

**ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥**

(ਕਰਤਾਰ ਦੀਆਂ) ਸਿਫਤਾਂ ਦਾ ਅੰਤ ਨਹੀਂ, ਨਾਂ ਹੀ (ਉਹਨਾਂ ਸਿਫਤਾਂ ਦੇ) ਕਹਿਣੇ ਦਾ ਅੰਤ ਹੈ[੪]। (ਕਰਤਾਰ ਦੇ) ਕਰਣਿਆਂ ਦਾ ਅੰਤ ਨਹੀਂ, ਨਾ ਹੀ (ਉਸ ਦੀਆਂ ਦਾਤਾਂ) ਦੇਣੇ ਦਾ (ਕੋਈ) ਅੰਤ ਹੈ। (ਕਰਤਾਰ ਦਾ) ਦੇਖਣਾ ਅਨੰਤ ਹੈ (ਉਸ ਦਾ) ਸੁਣਨਾ ਅਨੰਤ ਹੈ[੫]। (ਕਰਤਾਰ ਦੇ) ਮਨ ਵਿਚ ਕੀ ਸਲਾਹ ਹੈ? (ਇਸ ਦਾ ਬੀ) ਅੰਤ ਨਹੀਂ ਲਿਆ ਜਾ ਸਕਦਾ[੬]। ਅੰਤ ਨਹੀਂ ਪਤਾ ਲਗਦਾ ਰਚੀ

---

੧. ਗਿਰਹਾ=ਪਹਾੜਾਂ। (ਅ) ਗਿਰਹਾ ਦਾ ਅਰਥ ਇੰਦਰ ਬੀ ਲਾਉਣ ਦਾ ਜਤਨ ਹੁੰਦਾ ਹੈ। ਗਿਰ=ਪਹਾੜ+ਹਾ=ਤੋੜਨ ਵਾਲਾ।

੨. ਕੀੜੀ ਨੂੰ 'ਨਿੰਮ੍ਰੀ ਭੂਤ' ਭਗਤ ਦੇ ਅਰਥਾਂ ਵਿਚ ਪੰਚਮ ਗੁਰੂ ਜੀ ਨੇ ਬੀ ਵਰਤਿਆ ਹੈ:- 'ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ॥' (ਸਹਸ: ਸਲੋ:ਮ:੫)=ਹੇ ਕੀੜੀ ਤੂੰ ਬਹੁਤ ਵੱਡੀ ਹੈਂ, ਕਿਉਂਕਿ ਤੂੰ ਗੋਬਿੰਦ ਭਜਨ ਕਰਦੀ ਹੈਂ, ਤੈਨੂੰ ਧੰਨਜ ਹੈ।

੩. (ਅ) ਕੁਛ ਐਉਂ ਦੇ ਬੀ ਅਰਥ ਲਾਉਂਦੇ ਹਨ, 'ਸ਼ਾਹ ਤੇ ਸ਼ਹਨਸ਼ਾਹ, ਜਿਨ੍ਹਾਂ ਪਾਸ ਮਾਲ ਧਨ ਦੇ ਪਹਾੜ ਤੇ ਸਮੁੰਦਰ ਹਨ, ਉਸ ਕੀੜੀ ਦੇ ਤੁੱਲ ਨਹੀਂ, ਜਿਸ ਨੂੰ....। ਯਾ 'ਸਮੁੰਦਰਾਂ ਦੇ ਸ਼ਾਹ ਸੁਲਤਾਨ ਜਿਨ੍ਹਾਂ ਪਾਸ....।' ਪਰ ਏਹ ਚਲ ਰਹੇ ਪ੍ਰਸੰਗ ਨਾਲ ਠੀਕ ਢੁੱਕਵੇਂ ਨਹੀਂ।

੪. (ਅ) 'ਕਹਿਣ' ਤੋਂ ਭਾਵ 'ਕਹਿਣੇ ਵਾਲਿਆਂ' ਦਾ ਤੇ 'ਕਹਿਣੇ ਨਾਲ' ਬੀ ਲੈ ਲੈਂਦੇ ਹਨ। (ਸੰਪ੍ਰ:)

੫. (ਅ) ਦੇਖਣ ਸੁਣਨ ਨਾਲ ਉਸ ਦਾ ਅੰਤ ਨਹੀਂ ਪੈ ਸਕਦਾ। ਦੇਖਣ ਵਾਲੇ ਗਜਾਨੀ, ਸੁਣਨ ਵਾਲੇ ਜਗਜਾਸੂ। (ਸੰਪ੍ਰ.)।

੬. 'ਕਿਉਂ ਕਰਤਾ ਜਗਤ ਰਚਦਾ ਹੈ?' ਇਸ ਪ੍ਰਸ਼ਨ ਦਾ ਉਤਰ ਹੈ- ਉਸ ਦੇ ਮਨ ਦੇ ਭਾਵਾਂ ਦਾ ਉਸੇ ਨੂੰ ਪਤਾ ਹੈ, ਜੀਵ ਅੰਤ ਨਹੀਂ ਲੈ ਸਕਦਾ।

ਅੰਤੁ ਨਾ ਜਾਪੈ ਕੀਤਾ ਆਕਾਰੁ॥ ਅੰਤ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥

ਹੋਈ (ਸਾਕਾਰ) ਰਚਨਾ ਦਾ (ਤੇ) ਨਾਂ ਹੀ ਪਾਰ ਉਰਾਰ ਦਾ ਪਤਾ ਲਗਦਾ ਹੈ। ਅੰਤ ਨੂੰ ਪਾਉਣ ਲਈ ਕਈ ਤਰਲੇ ਪਏ ਲੈਂਦੇ ਹਨ ਪਰ ਉਸ ਦੇ ਅੰਤ ਦਾ ਪਤਾ ਨਹੀਂ ਲਗਦਾ। ਇਸ ਅੰਤ ਨੂੰ ਕੋਈ ਨਹੀਂ ਜਾਣਦਾ, (ਜਿਨਾ) ਬਹੁਤਾ ਕਹੀਦਾ ਹੈ (ਉੱਨਾ ਹੀ) ਬਹੁਤਾ (ਕਹਿਣੇ ਜੋਗ ਅਜੇ ਹੋਰ) ਹੁੰਦਾ ਹੈ (ਅਮਿਤ ਹੋਣ ਕਰਕੇ)। ਉਹ ਮਾਲਕ (ਹੈ), ਸਭ ਤੋਂ ਵਡਾ ਹੈ, ਉਸ ਦਾ ਸਥਾਨ (ਸਭ ਤੋਂ) ਉਚਾ ਹੈ। ਉਚੇ ਉਪਰ ਉੱਚਾ (ਉਸ ਦਾ) ਨਾਉਂ ਹੈ। ਏਡਾ ਵਡਾ ਉਚਾ (ਜੇ) ਕੋਈ ਹੋਵੇ (ਜੇਡਾ ਉਚਾ ਕਿ ਉਹ ਹੈ ਤਾਂ) ਉਸ ਉਚੇ ਨੂੰ ਉਹ ਜਾਣ ਸਕੇ। (ਪਰ) ਜਿਡਾ ਵਡਾ ਉਹ ਹੈ (ਉਹ) ਆਪ ਹੀ ਜਾਣਦਾ ਹੈ[੧] (ਹਾਂ) ਆਪ ਹੀ ਆਪ (ਭਾਵ ਨਿਰਾ ਆਪ ਹੀ) ਜਾਣਦਾ ਹੈ[੨]। (ਪਰ) ਹੇ ਨਾਨਕ! (ਇਹ ਰੀਲ ਨਿਸਚਿਤ ਹੈ, ਕਿ ਜੋ ਕੁਛ ਮਿਲਦਾ ਹੈ ਉਸ ਦੀ ਦਾਤ ਹੈ ਤੇ) ਦਾਤ (ਉਮਦੀ) ਕ੍ਰਿਪਾ ਦ੍ਰਿਸ਼ਟੀ ਤੇ ਬਖਸ਼ਿਸ਼ ਨਾਲ (ਹੀ ਪ੍ਰਾਪਤ ਹੁੰਦੀ) ਹੈ[੩]।

[੨੫]

ਪਉੜੀ ੨੧ ਵਿਚ 'ਸਭਿ ਗੁਣਿ ਤੇਰੇ ਕਿਹਾ ਸੀ, 'ਸੁਅਸਤਿ' ਵਾਚਨ ਕਹਿ ਕੇ ਦਾਨ ਵਿਚ 'ਗੁਣ' ਮੰਗੇ ਸਨ, ਉਹੋ ਵਿਖਯ ਪਉੜੀ ੨੪ ਵਿਚ ਆ ਕੇ ਸਿੱਟੇ ਤੇ ਅਪੜਿਆ ਹੈ- 'ਨਾਨਕ ਨਦਰੀ ਕਰਮੀ ਦਾਤਿ'। ਹੁਣ ਦੱਸਦੇ ਹਨ ਕਿ ਦਾਤਾਂ ਅਨੇਕ ਹਨ, ਲੈਣ ਵਾਲੇ ਕੇਤੇ ਹਨ; ਪਰ ਸਭ ਤੋਂ ਵੱਡੀ ਦਾਤ ਉਸ ਦੀ ਸਿਫਤ ਸਲਾਹ ਹੈ।

ਬਹੁਤਾ ਕਰਮੁ ਲਿਖਿਆ ਨਾ ਜਾਇ॥

(ਉਸ ਦੀ) ਬਖਸ਼ਿਸ਼[੪] (ਇਤਨੀ) ਬਹੁਤੀ ਹੈ ਕਿ ਲਿਖੀ ਨਹੀਂ ਜਾ ਸਕਦੀ (ਹਾਂ ਉਹ ਇੰਨਾਂ) ਵੱਡਾ ਦਾਤਾ ਹੈ (ਜਿਸਨੂੰ

੧. ਸਾਹਿਬ ਨੂੰ 'ਵੱਡਾ' ਆਖਿਆ ਹੈ, ਥਾਂਉਂ ਨੂੰ 'ਉਚਾ'। 'ਵਡਾ' ਦੀ ਮੁਰਾਦ ਹੈ ਬੇਅੰਤ, ਜਿਸਨੂੰ ਪਿਛਲੀਆਂ ਤੁਕਾਂ ਵਿਚ 'ਅੰਤ ਨ ਕਹਿੰਦੇ ਆਏ' ਹਨ। 'ਉਚਾ' ਦਾ ਭਾਵ ਹੈ ਮਨ ਬਾਣੀ ਤੋਂ ਉਪਰ। ਸਾਹਿਬ ਬੇਅੰਤ ਹੈ, ਉਸ ਦਾ ਟਿਕਾਣਾ (=ਜਿਥੋਂ ਉਹ ਅਨੁਭਵ ਵਿਚ ਆ ਸਕੇ) ਮਨ ਬਾਣੀ ਆਦਿ ਤੋਂ ਉਪਰ ਹੈ। 'ਨਾਉਂ' ਮਨ ਬਾਣੀ ਤੋਂ ਉਪਰ (ਉਚਿਆਂ) ਲੈ ਖੜਦਾ ਹੈ- 'ਊਚੀ ਬਾਣੀ ਊਚਾ ਹੋਇ॥ ਗੁਰਮੁਖਿ ਸਬਦਿ ਵਖਾਣੈ ਕੋਇ॥' (ਆਸਾ ਮ:੩-੪੨)। ਐਉਂ ਨਾਮ 'ਊਚੇ ਥਾਉਂ ਉਪਰ' ਅਪੜਾ ਦੇਂਦਾ ਹੈ-ਊਚੇ ਤੇ ਊਚਾ ਪ੍ਰਭ ਥਾਨੁ॥ ਹਰਿ ਜਨ ਲਾਵਹਿ ਸਹਜਿ ਧਿਆਨੁ॥ (ਪ੍ਰਭਾ:ਮ:੫-੧੩੪੯)। ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥ (ਸਿਰੀ ਰਾ:ਮ:੧ ਅਸ਼ਟ-੧੬)। ਜਿਵੇਂ ਸਮੁੰਦਰ ਦਾ ਅੰਤ ਨਹੀਂ ਲੈ ਸਕੀਦਾ ਪਰ ਜੇ (ਉਸ ਦੇ ਕਿਸੇ ਥਾਉਂ=) ਕਿਨਾਰੇ ਪਹੁੰਚ ਪਈਏ ਤਾ ਮਿਲ ਬੀ ਪਏ ਤੇ ਜਾਣ ਬੀ ਲਿਆ।

੨. ਦੇਖੋ ਪੰਨਾ ੩੨, ਪਉੜੀ ੨੨, ਸਤਰ ੫- 'ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥'

੩. (ਅ) ਨਦਰੀ=ਨਦਰ ਵਾਲੇ ਦੀ ਬਖ਼ਸ਼ਿਸ ਨਾਲ। (ਸੰਪ੍ਰਦਾ)।

੪. ਕਰਮ=ਬਖ਼ਸ਼ਿਸ਼, ਦਾਤ।

ਵਡਾ ਦਾਤਾ ਤਿਲੁ ਨ ਤਮਾਇ॥
ਕੇਤੇ ਮੰਗਹਿ ਜੋਧ ਅਪਾਰ॥
ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ॥
ਕੇਤੇ ਲੈ ਲੈ ਮੁਕਰੁ ਪਾਹਿ॥
ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥
ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥

ਦੇਕੇ ਅਗੋਂ ਕੁਝ ਲੈਣ ਦੀ) ਰਤਾ ਜਿੰਨੀ ਲਾਲਸਾ ਨਹੀਂ[੧] ਹੈ। (ਉਸ ਤੋਂ ਮੰਗਣ ਵਾਲੇ) ਕਈ (ਲੋਕ ਹਨ, ਹਾਂ) ਅਣਗਿਣਤ (ਬਲਧਾਰੀ) ਜੋਧੇ (ਬੀ ਉਸੇ ਤੋਂ ਹੀ) ਮੰਗਦੇ ਹਨ[੨]। ਕਿੰਨੇ ਹੀ (ਹੋਰ ਭਾਂਤਾਂ ਦੇ ਮੰਗਣ ਹਾਰੇ ਹਨ, ਜਿਨ੍ਹਾਂ ਦੀ) ਗੇਣਤੀ ਦਾ ਵੀਚਾਰ ਬੀ ਨਹੀਂ ਹੋ ਸਕਦਾ। ਕਿਤਨੇ (ਹੀ ਮੰਗਣ ਵਾਲੇ ਦਾਤਾਂ ਲੈ ਕੇ ਉਹਨਾਂ ਨਾਲ) ਵਿਕਾਰਾਂ ਵਿਚ ਖਪਦੇ (ਅੰਤ) ਹੁੱਟ (ਹਾਰ) ਜਾਂਦੇ ਹਨ। ਕਿੰਨੇ ਹੀ (ਲੋਕ ਐਸੇ ਹਨ ਜੋ ਦਾਤਾਂ) ਲੈ ਲੈ ਕੇ (ਸ਼ੁਕਰ ਨਹੀਂ ਕਰਦੇ ਸਗੋਂ ਦਾਤੇ ਤੋਂ ਹੀ) ਮੁਨਕਰ[੩] ਹੋ ਜਾਂਦੇ ਹਨ। ਕਿਤਨੇ ਮੂਰਖ ਹਨ (ਜੋ ਦਾਤਾਂ ਲੈ ਕੇ) ਖਾਈ ਹੀ ਖਾਈ ਜਾਂਦੇ ਹਨ[੪]। ਕਿੰਨੀਆਂ ਨੂੰ ਦੁਖ ਭੁੱਖ ਦੀ ਸਦਾ ਮਾਰ ਵੱਜੀ ਰਹਿੰਦੀ ਹੈ (ਭਾਵ ਸਦਾ ਦੁਖੀ ਤੇ ਥੁੜ ਵਿਚ ਰਹਿੰਦੇ ਹਨ)। ਹੇ ਦਾਤਾਰ! (ਇਹ ਦੁਖ ਭੁੱਖ ਦੀ ਮਾਰ ਦੇਣੀ ਤੇਰੇ ਹੱਥ ਸੰਕੋਚਣੇ ਨਹੀਂ ਪਰ) ਇਹ ਬੀ ਤੇਰੀ ਦਾਤ ਹੈ (ਕਿਉਂ ਜੋ ਇਸ ਦਾਤ ਨਾਲ ਅਨੇਕਾਂ ਲੋਕ ਭੈ ਵਿਚ ਆ ਕੇ ਪਾਪ ਜੀਵਨ ਛੱਡਕੇ ਉਚ ਜੀਵਨ ਵਿਚ ਲਗ ਪੈਂਦੇ ਹਨ। ਇਥੋਂ ਤਾਈਂ ਦਾਤ ਤੇਰੇ ਹਥਿ ਹੈ ਕਿ) ਬੰਦ ਤੋਂ ਖਲਾਸੀ[੫] ਬੀ (ਤੇਰੇ) ਭਾਣੇ ਨਾਲ ਹੀ ਪ੍ਰਾਪਤ ਹੁੰਦੀ ਹੈ। ਕੋਈ ਨਹੀਂ ਕਹਿ ਸਕਦਾ (ਕਿ ਕਿਸੇ) ਹੋਰ (ਤਰ੍ਹਾਂ ਬੀ ਹੋ ਸਕਦੀ ਹੈ)। ਜੇ ਕੋਈ ਮੂਰਖ[੬] (ਹੋਰ ਕੁਛ) ਦੱਸਣ ਦੀ ਦਲੇਰੀ ਕਰੇ ਤਾਂ ਉਸ ਨੂੰ ਪਤਾ ਲਗੇਗਾ ਕਿ ਓਹ ਕਿਤਨੀਆਂ

---

੧. ਅ਼:, ਤਮਅ਼=ਲਾਲਚ, ਲਾਲਸਾ। ਤਿਲੁ=ਰਤਾ ਜਿੰਨੀ।

੨. ਅਪਾਰ=ਜਿਸ ਦਾ ਪਾਰ ਨਹੀਂ। ਬੇਅੰਤ। ਅਣਗਿਣਤ। ਕੇਤੇ ਤੇ ਅਪਾਰ ਪ੍ਰਯਾਯ ਵਾਚੀ ਹੋਣ ਕਰਕੇ ਅਪਾਰ ਪਦਾਰਥ ਮੰਗਦੇ ਹਨ। ਯਾ 'ਅਪਾਰ ਜੋਧੇ ਕਿਤਨੇ ਹੀ ਮੰਗਦੇ ਹਨ' ਆਦਿ ਅਰਥ ਬੀ ਲਾਉਂਦੇ ਹਨ।

੩. ਅ਼:, ਮੁਨਕਿਰ=ਇਨਕਾਰ ਕਰਨ ਵਾਲਾ, ਨਾਂਹ ਕਰਨ ਵਾਲਾ। ਮੁਨਕਿਰ ਤੋਂ ਪੰਜਾਬੀ ਕ੍ਰਿਯਾ ਮੁਕਰਨਾ ਬਣੀ ਹੈ। ਇਸ ਤੁਕ ਵਿਚ ਚਾਰ ਵਾਕੀਏ ਆਦਿਕਾਂ ਵਲ ਇਸ਼ਾਰਾ ਜਾਪਦਾ ਹੈ।

੪. ਦਾਤਾਂ ਪਾ ਕੇ ਖਾਣਾ ਪੀਣਾ ਭੋਗਣਾ, ਇਸੇ ਵਿਚ ਗ਼ਾਫ਼ਲ ਰਹਿੰਦੇ ਹਨ। ਭਾਵ ਅੱਯਾਸ਼ਾਂ ਤੋਂ ਹੈ।

੫. ਇਹ ਅਰਥ ਸੰਪ੍ਰ: ਹੈ, ਭਾਵ ਹੈ-ਮਾਯਾ ਯਾ ਆਵਾ ਗਵਨ ਰੂਪੀ ਕੈਦ ਤੋਂ ਛੁਟਕਾਰਾ। (ਫ਼ਾ:,ਬੰਦ= ਰੋਕ, ਕੈਦ। ਪੰਜਾਬੀ ਵਿਚ 'ਬੰਦ' ਪਦ ਪੁਲਿੰਗ ਬੀ ਤੇ ਸਤ੍ਰੀਲਿੰਗ ਹੈ, ਯਥਾ 'ਪਾਣੀ ਦਾ ਬੰਦ ਟੁੱਟ ਗਿਆ ਹੈ', ਪੁਲਿੰਗ ਹੈ। ਪੁਰਾ: ਜ:ਸਾਖੀ ਵਿਚ ਲਿਖਿਆ ਹੈ-'ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚਿ ਆਏ ਸੈਦ ਪੁਰ ਕੀ'। ਪੁਨਾ: 'ਤਾਂ ਸੈਦਪੁਰ ਕੀ ਬੰਦਿ ਦਰੋਬਸਤ ਛੋਡਿ ਦਿਤੀ', ਇਥੇ ਸਤ੍ਰੀ ਲਿੰਗ ਹੈ। ਇਸ ਕਰਕੇ ਸੰਪ੍ਰ: ਅਰਥ 'ਬੰਦ ਤੇ ਖਲਾਸੀ' ਬੀ ਕਰਦੇ ਹਨ।

੬. ਖਾਇਕ=ਮੂਰਖ। ਸੰਸ: ਖਾਦ੍ਕ=ਸ਼ਰਾਰਤੀ। ਜੇ ਇਹ ਪਦ ਸੰਸ: 'ਆਖਯਾਯਕ' ਤੋਂ ਬਣਿਆ ਸਮਝਿਆ ਜਾਵੇ ਤਾਂ ਭਾਵ 'ਗੱਪੀ' ਤੋਂ ਹੋ ਸਕਦਾ ਹੈ। (ਅ) ਐਉਂ ਬੀ ਲਾਉਂਦੇ ਹਨ, ਜੇ ਕੋ ਖਾਇ ਕੁਆਖਣਿ ਪਾਇ= ਜੇ ਕੋਈ ਖਾ ਕੇ ਕੁਵਾਕ ਕਹਿਣ ਦੀ ਦਲੇਰੀ ਕਰੇ। ਪਰ ਗੁਰਬਾਣੀ ਵਿਚ 'ਖਾਇਕ' ਪਦ ਹੋਰ ਥੇ ਬੀ ਆਯਾ ਹੈ, ਯਥਾ-ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ॥ (ਵਾਰ ਸਿਰੀ:ਮ:੪-੨)।

ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥
ਆਖਹਿ ਸਿ ਭਿ ਕੇਈ ਕੇਇ॥
ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ ੨੫॥

ਕੁ ਮੂੰਹ ਦੀਆਂ ਖਾਂਦਾ ਹੈ (ਵੱਡਾ ਦਾਤਾ) ਆਪ ਹੀ (ਜੀਵਾਂ ਦੀ ਥੁੜ, ਲੋੜ, ਹੱਕ, ਅਨਹੱਕ, ਹਾਨਿ, ਲਾਭ, ਤਥਾ ਕਰਮ ਆਦਿ ਹਰ ਗੱਲ ਨੂੰ) ਜਾਣਦਾ ਹੈ, ਆਪ ਹੀ (ਜੋ ਯੋਗ ਹੁੰਦਾ ਹੈ ਸੋ) ਦੇਂਦਾ ਹੈ (ਇਹ ਉਪਰਲੀ ਗੱਲ) ਕਹਿਣੇ ਵਾਲੇ ਹੈਨ (ਤਾਂ ਸਹੀ ਪਰ) ਓਹ ਬੀ[1] ਵਿਰਲੇ ਹਨ। (ਭਾਵ ਦਾਤਾ ਨੂੰ ਦਾਤਾ ਮੰਨ ਕੇ ਉਸ ਦੇ ਨਿਆਂ ਤੇ ਦਾਨ ਪੁਰ ਪ੍ਰਸੰਨ ਰਹਿ ਕੇ ਉਸਦਾ ਇਕਰਾਰ ਕਰਨ ਵਾਲੇ ਥੋੜੇ ਹਨ। ਹਾਂ, ਸਾਰੀਆਂ ਦਾਤਾਂ ਵਿਚੋਂ ਵੱਡੀ ਦਾਤ) ਜਿਸ ਨੂੰ (ਦਾਤਾ) ਬਖ਼ਸ਼ਦਾ ਹੈ (ਉਸ ਨੂੰ ਆਪਣੀ) ਸਿਫ਼ਤ ਸਲਾਹ ਬਖਸ਼ਦਾ ਹੈ, ਹੇ ਨਾਨਕ! (ਉਹ ਫਿਰ ਯਾਚਕ ਨਹੀਂ ਰਹਿੰਦਾ ਸਗੋਂ) ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ। (ਭਾਵ ਦਾਤਾ ਹੋ ਜਾਂਦਾ ਹੈ, ਯਥਾ:- ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥) (ਸੁਖ:)।

[੨੬]

ਪਾਤਸ਼ਾਹ ਕੀਮਤੀ ਹਸਤੀ ਹੈ ਅਰ ਜਗਤ ਵਿਚ ਉਸ ਦੀ ਕਦਰ ਕੀਮਤ ਸਭ ਜੀਆਂ ਤੋਂ ਵਧੀਕ ਪੈਂਦੀ ਹੈ, ਪਰ 'ਪਾਤਸ਼ਾਹਾਂ ਦਾ ਪਾਤਸ਼ਾਹ' ਸੱਚਾ ਸਾਹਿਬ ਕੀਮਤ ਕੂਤ ਥੀਂ ਉਪਰ ਹੈ, ਇਸ ਲਈ ਉਸ ਨੂੰ ਅਮੋਲ ਕਿਹਾ ਜਾਣਾ ਠੀਕ ਹੈ। ਅਮੁਲ-ਮੁੱਲ ਰਹਿਤ ਨਹੀਂ ਪਰ ਮੁੱਲ ਥੀਂ ਉਪਰ। ਜੋ ਆਪ ਮੁੱਲ ਵਾਲੀਆਂ ਪਦਵੀਆਂ ਥੀਂ ਉਪਰ ਅਮੁੱਲ ਹੈ, ਉਸ ਦੇ ਗੁਣ ਬੀ ਮੁੱਲ ਥੀਂ ਉਪਰ ਹੈਨ, ਕਿਉਂਕਿ ਉਸ ਦੇ ਗੁਣ ਧਾਰਨ ਕੀਤੀ ਹੋਈ ਵਸਤੂ ਨਹੀਂ ਸਗੋਂ ਉਸ ਦੇ ਗੁਣ ਉਸ ਦਾ ਸਰੂਪ ਹਨ ਅਰ ਸਾਰੇ ਗੁਣ ਉਸ ਥੀਂ ਚਲਦੇ ਹਨ- ਸਭਿ ਗੁਣ ਤੇਰੇ ਮੈ ਨਾਹੀ ਕੋਇ॥ (ਜਪੁਜੀ)। ਪਿਛਲੀ ਪਉੜੀ ਦੇ ਅੰਤ ਵਿਚ ਫੁਰਮਾਯਾ ਸੀ ਕਿ ਜਿਸ ਨੂੰ ਅਪਨੇ ਗੁਣਾਨੁਵਾਦ (ਸਿਫ਼ਤ ਸਲਾਹ) ਦੀ ਦਾਤ ਬਖਸ਼ਦਾ ਹੈ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਅਰਥਾਤ ਗੁਣਾਂ ਦੇ ਮਾਲਕ ਵਾਂਙੂ ਅਮੁਲ ਹੈ। ਜਿਸ ਨੂੰ ਇਹ ਮੁੱਲ ਥੀਂ ਉਪਰ ਦੀ ਦਾਤ ਮਿਲੀ ਹੈ ਉਹ ਬੀ ਮੁੱਲ ਥੀਂ ਉਪਰ ਹੋ ਗਿਆ; ਯਥਾ:- ਜੈਸਾ ਸੇਵੈ ਤੈਸੋ ਹੋਇ॥ (ਗਉੜੀ ਮ:੧-੨੨੪)। ਪੁਨਾ: ਜਿਨਿ ਜਾਤਾ ਸੋ ਤਿਸ ਹੀ ਜੇਹਾ॥ (ਦਖ:ਓਅੰ: ੯੩੧)। ਤਥਾ: ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ:੫-੩੯੭)। ਇਸ ਦਾਤ ਦਾ ਲੈਣ ਦੇਣ ਬੀ ਅਮੁਲ ਹੈ। ਇਹ ਸਾਰਾ ਸਿਧਾਂਤ ਇਸ ਪਉੜੀ ਵਿਚ ਹੈ।

ਅਮੁਲ ਗੁਣ ਅਮੁਲ ਵਾਪਾਰ॥
ਅਮੁਲ ਵਾਪਾਰੀਏ ਅਮੁਲ ਭੰਡਾਰ॥

(ਇਸ ਪਉੜੀ ਦੀ ਮੁੱਖ ਸਤਰ ੯ ਹੈ, ਜਿਸ ਵਿਚ ਦੱਸਿਆ ਹੈ-ਉਹ ਦਾਤਾ ਆਪ ਅਮੁਲ ਹੀ ਅਮੁਲ ਹੈ[2], ਸੋ ਉਸ ਅਮੁਲ ਦੇ) ਗੁਣ (ਬੀ) ਅਮੁਲ (ਹੈਨ, ਉਹਨਾਂ ਗੁਣਾਂ ਦੇ) ਵਪਾਰ ਬੀ ਅਮੁਲ ਹੀ ਹਨ। (ਜੋ ਲੋਕ ਉਨ੍ਹਾਂ ਗੁਣਾਂ ਦਾ ਵਪਾਰ ਕਰਦੇ ਹਨ ਭਾਵ ਪਰਮੇਸ਼ੁਰ ਦਾ ਗੁਣਾਨੁਵਾਦ, ਸਿਫ਼ਤ ਸਲਾਹ, ਲਿਖ ਬੋਲ, ਪੜ੍ਹ ਗਾਉਂ, ਸਮਝ ਸਮਝਾ ਆਦਿ ਤ੍ਰੀਕਿਆਂ ਨਾਲ ਗੁਣ ਵੱਖਰ ਦਾ ਲੈਣ ਦੇਣ ਕਰਦੇ ਹਨ) ਓਹ ਵਪਾਰੀ ਬੀ ਅਮੁਲ

੧. ਸਿ ਭਿ-ਸੇ ਭੀ=ਉਹ ਬੀ। ਸਿ=ਸੇ, ਓਹ।
੨. ਯਥਾ-ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ॥ (ਰਾਮ:ਮ:੩: ਅਨੰਦ-੩੦)

ਅਮੁਲ ਆਵਹਿ
ਅਮੁਲ ਲੈ ਜਾਹਿ॥
ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥
ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ
ਅਮੁਲੁ ਨੀਸਾਣੁ॥
ਅਮੁਲੁ ਕਰਮੁ
ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ
ਆਖਿਆ ਨ ਜਾਇ॥
ਆਖਿ ਆਖਿ
ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥
ਆਖਹਿ ਪੜੇ
ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥
ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥

ਹਨ, (ਜਿਮ ਵੱਖਰ ਅਰਥਾਤ ਸਾਹਿਬ ਦੀ ਸਿਫ਼ਤ ਸਲਾਹ ਦਾ ਓਹ ਵਪਾਰ ਕਰਦੇ ਹਨ ਉਸ ਦੇ) ਭੰਡਾਰ ਬੀ ਅਮੁੱਲ ਹੈਨ। (ਜੋ ਉਨ੍ਹਾਂ ਪਾਸੋਂ ਇਹ ਵੱਖਰ ਲੈਣ) ਆਉਂਦੇ ਹਨ ਤੇ ਲੈ ਜਾਂਦੇ ਹਨ ਓਹ ਬੀ ਅਮੁੱਲ (ਹੋ ਜਾਂਦੇ) ਹੈਨ। (ਉਨ੍ਹਾਂ ਨੇ ਇਮ ਵੱਖਰ ਨਾਲ ਸ੍ਰਧਾ ਭਾਵਨਾ ਆਦਿ) ਪਜਾਰ ਕੀਤੇ ਹਨ ਤੇ (ਇਨ੍ਹਾਂ ਗੁਣਾਂ ਦੀ ਅਪਣੇ ਵਿਚ) ਸਮਾਈ ਕੀਤੀ ਹੈ ਅਮੁੱਲ (ਹੋ ਗਏ) ਹਨ। (ਇਸ ਵਪਾਰ ਦੀ ਹੱਟੀ ਨਹੀਂ ਕਿਉਂਕਿ ਇਹ ਵਪਾਰ ਕਿਸੇ ਮੁੱਲ ਕੀਮਤ ਦੇ ਬਦਲੇ ਵੱਖਰ ਲੈਣ ਦੇਣ ਦੀ ਖ੍ਰੀਦ ਫ਼ਰੋਖਤ ਨਹੀਂ, ਇਸ ਦਾ ਤਾਂ) ਦਰਬਾਰ (=ਸਤਿਸੰਗ ਦਾ ਦੀਵਾਨ) ਹੁੰਦਾ ਹੈ ਤੇ ਅਮੁੱਲ (ਦੇਣ ਲੈਣ ਕਰਨਾ ਇਹ ਉਸ ਦੀਵਾਨ ਦਾ) ਧਰਮ (ਹੁੰਦਾ ਹੈ ਸੋ ਅਮੁੱਲ ਵਪਾਰ ਹੋਣ ਕਰਕੇ ਇਸ ਦਾ ਦੀਵਾਨ ਤੇ ਧਰਮ ਬੀ) ਅਮੁੱਲ ਹੈ। (ਓਥੇ ਤੁਲ=) ਤੱਕੜੀ (ਤੇ ਪ੍ਰਮਾਣ=) ਵੱਟੇ (ਬੀ ਓਹ ਹਨ ਜੋ) ਮੁੱਲ ਥੀਂ ਉੱਪਰ ਹੈਨ (ਕਿਉਂਕਿ ਅਮੁੱਲ ਵੱਖਰ ਦਾ ਤੋਲ ਮਾਪ ਮੁੱਲ ਵਾਲੇ ਤੱਕੜੀ ਵੱਟੇ ਕਰ ਹੀ ਨਹੀਂ ਸਕਦੇ)। (ਅਮੁੱਲ ਦਾ ਵਪਾਰ, ਅਸਲ ਵਿਚ ਵਪਾਰ ਨਹੀਂ ਕਿਉਂਕਿ ਵਪਾਰ ਵਿਚ ਤਾਂ ਮੁੱਲ ਮੁੱਖ ਵਸਤੂ ਹੈ, ਇਥੇ ਮੁੱਲ ਹੈ ਹੀ ਨਹੀਂ ਸੋ ਇਸ ਨੂੰ ਤਾਂ ਬਖਸ਼ਿਸ਼ ਕਹਿਣਾ ਚਾਹੀਏ ਸੋ ਇਸ ਵਪਾਰ ਦੀ) ਬਖਸ਼ਿਸ਼ ਬੀ ਅਮੁਲ ਹੈ (ਤੇ ਇਸ ਬਖਸ਼ਿਸ਼ ਦਾ ਜੋ) ਨਿਸ਼ਾਨ (ਪੈਂਦਾ ਹੈ ਉਹ ਬੀ) ਅਮੁਲ ਹੁੰਦਾ ਹੈ। (ਬਖਸ਼ਿਸ਼ ਤਾਂ ਸ਼ੈ ਹੀ ਮੁੱਲ ਤੋਂ ਪਰੇ ਦੀ ਹੋਈ ਤੇ ਇਹ ਬਖਸ਼ਿਸ਼ ਹੀ ਨਿਸ਼ਾਨ ਪੈਂਦਾ ਹੈ ਸੋ ਨਿਸ਼ਾਨ ਆਪੇ ਅਮੁਲ ਹੋ ਗਿਆ)। (ਜਿਸ ਦੇ ਹੁਕਮ ਨਾਲ ਬਖਸ਼ਿਸ਼ ਹੁੰਦੀ ਹੈ ਉਹ ਆਪ ਅਮੁਲ ਹੈ[੧] ਸੋ ਉਸ ਦਾ) ਫੁਰਮਾਣ ਬੀ ਅਮੁਲ ਹੈ ਤੇ ਜੋ ਬਖਸ਼ਿਸ਼ ਹੁੰਦੀ ਹੈ ਉਹ ਬੀ ਅਮੁਲ ਹੋਈ। ੯. (ਉਹ ਦਾਤਾ ਸੱਚਾ ਸਾਹਿਬ ਆਪ) ਅਮੁਲ ਹੀ ਅਮੁਲ ਹੈ[੧] (ਸਭਨਾਂ ਕੀਮਤਾਂ ਕੂਤਾਂ ਤੋਂ ਉਪਰ ਹੈ) ਉਹ ਵਰਣਨ ਨਹੀਂ ਕੀਤਾ ਜਾ ਸਕਦਾ। (ਜਿਨ੍ਹਾਂ ਭਗਤਾਂ ਨੇ ਆਖਿਆ ਹੈ ਓਹ) ਆਖਦੇ ਆਖਦੇ (ਆਪ ਉਸ ਵਿਚ) ਲਿਵ ਧਾਰੀ ਹੋ ਗਏ ਹਨ[੨]। (ਏਥੇ ਪ੍ਰਸ਼ਨ ਹੁੰਦਾ ਹੈ ਕਿ ਉਹ ਆਖਿਆ ਨਹੀਂ ਜਾਂਦਾ ਪਰ ਆਖਿਆ ਤਾਂ ਜਾ ਰਿਹਾ ਹੈ,

੧. ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥ (ਰਾਮ:ਮ:੩ ਅਨੰਦ-੩੦)। ਇਸ ੯ ਸਤਰ ਵਿਚ ਮੂਲ ਕਾਰਣ ਦੱਸਿਆ ਹੈ ਪਿਛਲੀਆਂ ਸਾਰੀਆਂ ਅਮੁਲ ਵਸਤਾਂ ਦਾ। ਪਉੜੀ ਦੀ ਮੁੱਖ ਸਤਰ ਇਹੋ ਹੈ।

੨. ਕੀਮਤਿ ਪਾਇ ਨ ਕਹਿਆ ਜਾਇ॥ ਕਹਿਣੈ ਵਾਲੇ ਤੇਰੇ ਰਹੇ ਸਮਾਇ॥ (ਆਸਾ ਮ:੧)।

ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥
ਆਖਹਿ ਸੁਰਿ ਨਰ
ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥
ਕੇਤੇ ਕਹਿ ਕਹਿ
ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥
ਤਾ ਆਖਿ ਨ ਸਕਹਿ
ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥
ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲ ਵਿਗਾੜੁ॥
ਤਾ ਲਿਖੀਐ ਸਿਰਿ ਗਾਵਾਰਾ
ਗਾਵਾਰੁ॥੨੬॥

ਦੇਖੋ ਖਾਂ ਉਸਨੂੰ) ਵੇਦ, ਪੁਰਾਣ, (ਹੋਰ ਧਰਮ ਗ੍ਰੰਥਾਂ ਦੇ) ਪਾਠ ਪਏ ਆਖਦੇ ਹਨ। (ਫੇਰ ਇਨ੍ਹਾਂ ਨੂੰ) ਪੜ੍ਹੇ ਹੋਏ (ਜਦ ਇਹਨਾਂ ਦਾ) ਵਖਯਾਣ ਕਰਦੇ ਹਨ (ਤਾਂ ਉਸ ਦਾ ਹੀ) ਵਰਣਨ ਕਰਦੇ ਹਨ। (ਫੇਰ ਦੇਖੋ) ਬਰਮੇ ਆਖਦੇ ਹਨ (ਜਿਸਨੇ ਵੇਦ ਉਚਰੇ), ਇੰਦਰ ਆਖਦੇ ਹਨ, ਗੋਪੀਆਂ ਤੇ ਕ੍ਰਿਸ਼ਨ ਆਖਦੇ ਹਨ, ਸ਼ਿਵ ਆਖਦੇ, (ਫਿਰ ਦੇਖੋ) ਸਿੱਧ (ਜੋਗੀਸ਼ਰ) ਆਖਦੇ ਹਨ, ਕਈ (ਉਸਦੇ) ਕੀਤੇ ਹੋਏ ਬੁਧ (ਹਨ ਜੋ ਉਸਨੂੰ) ਆਖਦੇ ਹਨ[੧], ਦਾਨਵ ਤੇ ਦੇਵਤੇ ਭੀ ਆਖਦੇ ਹਨ, (ਫੇਰ) ਵਿਦਵਾਨ ਪੁਰਖ, ਮੁਨੀ ਜਨ ਤੇ ਜੈਨੀ[੨] (ਬੀ ਆਖਦੇ ਹਨ। ਗੁਰੂ ਜੀ ਇਹ ਉਤਰ ਦੇਂਦੇ ਹਨ ਕਿ ਹੇ ਭਾਈ! ਕਿਤਨੇ ਹੀ ਹੈਨ ਜੋ ਕਹਿੰਦੇ ਹਨ, (ਕਈ) ਕਹਿਣ ਨੂੰ ਪੈਂਦੇ ਹਨ (=ਜਤਨ ਵਿਚ ਲਗ ਪਏ ਹਨ)। ਕਿੰਨੇ ਕਹਿੰਦੇ ਕਹਿੰਦੇ ਉਠਦੇ ਤੁਰਦੇ ਚਲੇ ਜਾਂਦੇ ਹਨ (ਮਰਦੇ ਜਾਂਦੇ ਹਨ)। ਏਨੇ (ਜਿੰਨੇ) ਰਚੇ ਹੋਏ ਹਨ (ਤੇ) ਹੋਰ ਰਚ ਦੇਵੇ (ਤੇ ਓਹ ਬੀ ਆਖਣ ਤਾਂ) ਓਹ ਕੋਈ ਬੀ (ਉਸਨੂੰ) ਨਹੀਂ ਕਹਿ ਸਕਣਗੇ[੩] (ਸੰਪੂਰਨ ਰੂਪ ਵਿਚ, ਕਿਉਂਕਿ ਅਮਿੱਤ ਤੇ ਅਮੁਲ ਸਾਹਿਬ) ਜਿੰਨਾ ਚਾਹੇ ਉਨਾ ਵੱਡਾ ਹੋ ਸਕਦਾ[੪] ਹੈ। ਹੇ ਨਾਨਕ (ਸੰਪੂਰਨ ਰੂਪ ਵਿਚ ਅਪਣੇ ਆਪ ਨੂੰ) ਉਹ ਸਚਾ (ਆਪ ਹੀ ਜਾਣਦਾ) ਹੈ। ਜੇ ਕੋਈ ਬੋਲ ਵਿਗਾੜੂ[੫] ਆਖੇ (ਕਿ ਮੈਂ ਕਹਿ ਸਕਦਾ ਹਾਂ ਤਾਂ) ਉਹ ਮੂਰਖਾਂ ਦੇ ਸਿਰ ਮੂਰਖ ਸਮਝਿਆ ਜਾਏਗਾ (ਕਿਉਂਕਿ ਮਿਤ ਵਾਲਾ ਹੋ ਕੇ ਅਮਿਤ ਨੂੰ ਵਰਣਨ ਕਰ ਸਕਣ ਦਾ ਦਾਅਵਾ ਕਰਦਾ ਹੈ)।

[੨੭]

ਪਉੜੀ ੨੪ ਵਿਚ 'ਵਡਾ ਸਾਹਿਬੁ ਊਚਾ ਥਾਉ' ਕਿਹਾ ਸੀ, ਫੇਰ ਪਉੜੀ ੨੫ ਵਿਚ ਉਸ ਵਡੇ ਸਾਹਿਬ ਦੀ ਦਾਤਾਰਗੀ 'ਬਹੁਤਾ ਕਰਮੁ ਲਿਖਿਆ ਨ ਜਾਇ' ਆਖ ਕੇ 'ਦਾਤ ਲੈਣ ਹਾਰਿਆਂ' ਦੀ ਬਹੁੱਲਤਾ ਦਰਸਾਈ ਸੀ ਤੇ ਦਾਤਾਂ ਦਾ ਕੁਛ ਵਰਣਨ ਕੀਤਾ ਸੀ, ਫਿਰ ਸਭ ਤੋਂ ਵਡੀ ਦਾਤ ਸਿਫਤ

---

੧. (ਅ) ਬੁਧ=ਗਜਾਨ। ਕੀਤੇ=ਕੀਤੇ ਹੋਏ ਅਥਵਾ ਉਸ ਦੇ ਰਚੇ ਹੋਏ। (ਸੰਪ੍ਰ:।

੨. ਸੇਵ=ਸ੍ਵੇਤਾਂਬਰੀ, ਜੈਨੀ। ਸ੍ਵੇਤ ਦਾ ਸੰਖੇਪ ਰੂਪ ਹੈ 'ਸੇਵ'। (ਅ) ਸੇਵਕ। (ਸੰਪ੍ਰ:।

੩. ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥ ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ (ਆਸਾ ਮ:੧-੧)

੪. ਅੰਤ ਵਾਲੀ ਅਨੇਕਤਾ ਚਾਹੇ ਕਿੰਨੀ ਹੋਵੇ ਉਹ ਸਾਰੀ ਮਿਲਕੇ ਅਮਿਤ ਵਾਲੇ ਦੇ ਤੁੱਲ ਨਹੀਂ ਹੋ ਸਕਦੀ। ਅੰਤ ਵਾਲੇ ਦੀ ਗਣਤ ਵਿਦਜਾ ਅਨੰਤ ਤੇ ਨਹੀਂ ਘਟ ਸਕਦੀ।

੫. ਬੋਲੁ ਵਿਗਾੜੁ= 'ਬਾਕ ਵਿਗਾੜੂ ਵਾਰੋ' (ਕਵਿ ਸੰਤੋਖ ਸਿੰਘ) ਗਲ ਨੂੰ ਵਿਗਾੜ ਕੇ ਕਰਨ ਵਾਲਾ।
ਬੋਲ ਵਿਗਾੜ= Foul Mouthed, One who spoils (business) by unseemly speaking. (ਪੰਜਾਬੀ ਕੋਸ਼ ੧੮੫੪ ਈ:)
ਭੈੜੀ ਗੱਲ ਕਰਨ ਵਾਲਾ। (ਪੰਜਾਬੀ ਕੋਸ਼, ੧੯੨੨ ਈ:)

ਸਲਾਹ ਦੱਸੀ ਸੀ, ਜਿਸ ਨਾਲ (ਪਉ:੨੬) ਲੈਨਹਾਰ- 'ਗੁਣ ਕਹਿ ਗੁਣੀ ਸਮਾਵਣਿਆ' ਦੇ ਵਾਕ ਅਨੁਸਾਰ ਗੁਣੀ ਵਿਚ ਸਮਾ ਕੇ ਗੁਣੀ ਵਾਂਗੂ ਅਮੁਲ ਪਦਵੀ ਤੇ ਪੁੱਜ ਜਾਂਦਾ ਹੈ। ਓਥੇ ਸਿਫਤ ਸਲਾਹ ਕੀਤਾ ਗਿਆ, ਸਿਫਤ ਸਲਾਹ ਕਰਨੇ ਵਾਲਾ, ਉਸ ਦਾ ਦੇਣ ਲੈਣ-ਸਿਫਤ ਸਲਾਹ ਦਾ ਵਪਾਰ ਆਦਿ ਸਾਰਾ ਕੁਛ ਅਮੁਲ ਦੱਸਿਆ ਸੀ। ਹੁਣ ਸੁਤੇ ਹੀ ਜੀਅ ਕਰਦਾ ਹੈ ਕਿ ਉਸ 'ਅਮੁਲ ਹੀ ਅਮੁਲ ਦਾਤੇ' ਤੇ ਉਸ ਦੀ 'ਅਮੁਲ ਦਾਤ' ਦੇ 'ਲੈਨਹਾਰ' ਦਾ ਅਮੁਲ ਤੇ ਅਪੜਾਉ ਕੁਛ ਵਰਣਨ ਹੋ ਸਕੇ, ਪਰ ਆਪ ਨੇ ਇਸੇ ਪਉੜੀ ਵਿਚ ਦੱਸਿਆ ਹੈ ਕਿ ਉਹ ਕਥਨ ਤੋਂ ਪਰੇ ਹੈ। ਇਹ ਇਸ ਲਈ ਹੈ ਕਿ ਮਿਤ ਵਾਲਾ ਅਮਿਤ ਨੂੰ ਅਪਣੇ ਗਯਾਨ ਦਾ ਵਿਖਯ ਸੰਪੂਰਨ ਤੌਰ ਤੇ ਬਣਾ ਨਹੀਂ ਸਕਦਾ। ਇਸੇ ਕਰਕੇ ਵਰਣਨ ਨਹੀਂ ਕਰ ਸਕਦਾ। ਪਰ ਨਾਲ ਹੀ ਇਹ ਬੀ ਦੱਸਿਆ ਹੈ ਕਿ ਭਗਤ ਜਨ ਆਖਦੇ ਹਨ, ਪਰ ਓਹ ਅੰਤ ਲੈਣ ਲਈ ਨਹੀਂ ਆਖਦੇ, ਓਹ ਤਾਂ ਆਖਦੇ ਆਖਦੇ ਉਸ ਵਿਚ ਸਮਾ ਜਾਂਦੇ ਹਨ। ਸੋ ਸਿਫਤ ਸਲਾਹ ਦੀ ਭਾਵਨਾ ਨਾਲ ਆਖਣਾ ਉਸ ਵਿਚ ਸਮਾਈ ਦਾ ਵਸੀਲਾ ਹੈ। ਹੁਣ ਉਸੇ ਸਿਫਤ ਸਲਾਹ ਦਾ ਇਕ ਦਰਸ਼ਨ ਦਰਸਾਉਂਦੇ ਹਨ, ਜਿਸ ਵਿਚ ਅਪਣੀ ਲਿਖੀ 'ਬ੍ਰਹਮੰਡੀ ਆਰਤੀ' ਦੀ ਤਰ੍ਹਾਂ 'ਬ੍ਰਹਮੰਡੀ ਕੀਰਤਨ' ਦੀ ਤਸਵੀਰ ਖਿੱਚ ਦੇਂਦੇ ਹਨ ਕਿ 'ਭਗਤ-ਮਨ' ਜਗਤ ਵਿਚ ਵਾਹਿਗੁਰੂ ਕੀਰਤੀ ਹੋ ਰਹੀ ਅਨੁਭਵ ਕਰੇ। ਸੋ ਪਉੜੀ ੨੭ ਵਿਚ ਗੁਰੂ ਨਾਨਕ ਦੇਵ ਜੀ ਦਾ ਸੁੰਦਰਤਾ ਦਾ ਪਰਮ ਅਨੁਭਵੀ ਮਨ ਉਸ ਸੱਚੇ ਸਾਹਿਬ ਨੂੰ 'ਸੋ ਪਾਤਿਸਾਹੁ ਸਾਚਾ ਪਾਤਿ ਸਾਹਿਬ' ਦੱਸ ਕੇ ਉਸ ਦੇ ਮਹਲ ਦੇ ਦਰ ਤੇ ਹੋ ਰਹੇ 'ਗੁਣ ਗਾਯਨ' ਤੇ ਅੰਦਰ 'ਸਰੂਪ ਸਥਿਤੀ ਦੀ ਨਿਤਯ ਇਕਰਸਤਾ' ਨੂੰ 'ਰਾਜ ਦੁਆਰ' ਤੇ ਰਾਜ ਘਰ ਅੰਤ੍ਰੀਵ ਸਥਿਤ ਪਾਤਸ਼ਾਹ ਦੇ ਰੂਪਕ ਵਿਚ ਬੰਨ੍ਹ ਵਿਖਾਲਦੇ ਹਨ, ਜਿਸ ਤੋਂ ਉਸਦੇ ਸਰਗੁਣ ਸਰੂਪ ਤੇ ਖੇਲ ਦਾ ਰਾਜ ਦੁਆਰੀ ਨਕਸ਼ਾ ਅੱਖਾਂ ਅਗੇ ਕ੍ਰਿਯਾਮਾਨ ਦਿਸ ਪੈਂਦਾ ਹੈ। ਕਿਸ ਵਿਸ਼ਾਲਤਾ ਨਾਲ ਕੁਦਰਤੀ ਸਾਮਾਨਾਂ ਨੂੰ ਕੱਠਿਆਂ ਕਰਦੇ ਹਨ ਕਿ ਸਾਰੇ ਅੱਖਾਂ ਦੇ ਸਾਹਮਣੇ ਗੁਣ ਗਾਯਨ ਕਰਨ ਲਗ ਪੈਂਦੇ ਹਨ ਤੇ ਪਉਣ ਪਾਣੀ ਬੈਸੰਤਰ ਧਰਤੀਓਂ ਉਠਕੇ ਈਸ਼ਰ ਬ੍ਰਹਮਾ ਦੇਵੀ ਇੰਦਰ ਆਦਿ ਦੇਵਤਿਆਂ ਦੇ ਵਿਚ ਰਲ ਕੇ ਜਸ ਗਾਯਨ ਕਰਦੇ ਮਨੋਹਰ ਸੁਰਾਂ ਕਰਦੇ ਸੁਣਾਈ ਦੇਣ ਲਗ ਪੈਂਦੇ ਹਨ।

ਦਾਰਸ਼ਨਿਕ ਪਹਿਲੂ ਇਸ ਵਿਚ ਇਹ ਹੈ ਕਿ '...ਸਦਾ ਸਚੁ ਸਾਹਿਬੁ ਸਾਚਾ....' ਹੈ ਭੀ ਹੋਸੀ ਜਾਇ ਨ ਜਾਸੀ' ਕਹਿ ਕੇ ਉਸ ਦੇ ਨਿਰਗੁਣ ਸਰੂਪ ਨੂੰ ਵਰਣਨ ਕਰਦੇ ਹਨ ਘਰ ਤੇ ਦਰ ਬਾਹਰ ਸਾਰੇ ਬ੍ਰਹਮੰਡ ਦੇ ਅਜੀਵ, ਜੀਵਧਾਰੀ ਤੇ ਰੂਹਾਨੀ ਰੂਪਾਂ ਵਾਲੇ ਕੀਰਤਨ ਕਰ ਰਹੇ ਦੱਸ ਕੇ ਉਸ ਦਾ ਆਪੇ ਆਪਣੀ ਸਾਜੀ 'ਸਰਗੁਣ ਅਵਸਥਾ' ਦਾ ਜਲਵਾ ਦਿਖਾਉਂਦੇ ਹਨ ਤੇ 'ਸੋਈ ਸੋਈ ਰਚਨਾ ਜਿਨਿ ਰਚਾਈ' ਕਹਿ ਕੇ ਦੱਸ ਦੇਂਦੇ ਹਨ ਕਿ ਉਹੋ ਨਿਰਗੁਣ ਹੈ ਉਹੋ ਸਰਗੁਣ ਹੈ ਤਾਂ ਕਿ ਦੋ ਭਿੰਨ ਵਜੂਦ ਨਾ ਸਮਝੇ ਜਾਣ- 'ਸਰਗੁਣ ਨਿਰਗੁਣ ਥਾਪੇ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ (ਆ:ਮ:੫-੩੮੭)'। 'ਸੋਈ ਸੋਈ' ਇਹ ਪਦ ਦੁਹਰਾ ਕੇ ਅਪਣੇ ਕਥਨ ਵਿਚ ਕਿਤਨੀ ਜਾਨ ਪਾਈ ਹੈ ਕਿ ਕੋਈ ਲੰਮੀ ਇਬਾਰਤ ਨਾ ਵਰਣਨ ਕਰ ਸਕੇ। ਫੇਰ ਦੇਖੋ ਆਪ ਦਾ ਪ੍ਰੇਮ-ਉਮਾਹੂ ਹਿਰਦਾ ਇਸ ਸਾਰੀ ਤਸਵੀਰ ਨੂੰ ਸਰਗੁਣ ਰੰਗਾਂ ਵਿਚ ਖਿਚਦਿਆਂ ਨਿਰਗੁਣਤਾ ਦਾ ਪ੍ਰਭਾਵ ਦਰਸਾਉਂਦਿਆਂ ਅਪਣੇ 'ਪ੍ਰੇਮ' ਦੇ ਖ਼ਤ ਐਸੀ ਨਜ਼ਾਕਤ ਨਾਲ ਵਾਹ ਗਿਆ ਹੈ ਕਿ ਸਾਰੇ ਰੂਪਕ ਵਿਚ ਉਹ ਮਾਨੋਂ ਤਸਵੀਰ ਉਤੇ ਚਾਨਣਾ ਪਾਉਣ ਵਾਲਾ ਪਾਸਾ ਹੈ। 'ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ'। ਇਥੇ 'ਸੇਈ' ਇਕ ਪਦ ਨੇ ਸਪਸ਼ਟ ਕਰ ਦਿਤਾ ਹੈ ਕਿ ਸਾਰੀ 'ਕੁਦਰਤੀ ਗੁਣਗਾਯਕ ਸਭਾ' ਵਿਚ ਰਸਾਲ ਭਗਤੀ ਵਿਚ ਰਤੇ ਹੋਏ ਜੋ ਗਾ ਰਹੇ ਹਨ, ਏਹ ਓਹ ਹਨ ਜਿਨ੍ਹਾਂ ਨੂੰ ਮੈਂ ਪਾਤਸ਼ਾਹੀ ਪਾਤਸ਼ਾਹ ਕਿਹਾ ਹੈ, ਏਹ ਓਹ ਹਨ ਜਿਨ੍ਹਾਂ ਨੂੰ ਮੈਂ ਅਮੁਲ ਪਦਵੀ ਤੇ ਪਹੁੰਚੇ ਦੱਸਿਆ ਹੈ।ਅੰਤ ਦੀ ਅੱਧੀ ਤੁਕ ਵਿਚ ਅਪਣਾ ਸਿਧਾਂਤ 'ਰਜ਼ਾ ਪੂਰ ਪੂਰਨੇ ਦਾ ਦਰਸਾ ਦਿਤਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸਦੀ ਰਜ਼ਾ ਵਿਚ ਰਹੋ, ਮਾਨੋ ਉਹ 'ਮਹਾਨ ਸੰਗੀਤ ਸੁਰ' ਹੈ, ਬਾਜ਼ ਦੀ ਤਾਰ ਹੈ, ਉਸ ਵਿਚ ਅਪਣੀ ਨਿੱਕੀ ਮਰਜ਼ੀ ਦੀ ਸੁਰ (ਤਰਬ) ਨੂੰ ਇਕ ਸੁਰ ਕਰ ਲਓ, ਇਕ ਰਸ ਕਰ ਲਓ, ਇਹੋ ਮਾਰਗ ਉਸ ਨੂੰ ਮਿਲਨੇ ਦਾ ਹੈ। ਇਹੋ

ਗਲ ਜਪੁਜੀ ਦੇ ਆਦਿ ਵਿਚ ਫੁਰਮਾਈ ਸੀ-'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥'

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥**

ਉਹ ਦਰ[1] ਕੇਹੋ ਜੇਹਾ ਹੈ (ਤੇ) ਉਹ ਘਰ ਕੇਹੋ ਜੇਹਾ ਹੈ ਜਿੱਥੇ ਬੈਠਕੇ (ਹੇ ਸਚੇ ਸਾਹਿਬ! ਤੂੰ) ਸਭਸ ਦੀ ਸੰਭਾਲ ਕਰਦਾ ਹੈਂ[2]। (ਤੇਰੇ ਉਸ ਸੁਹਾਵਣੇ ਦਰ ਉਤੇ) ਅਨੇਕ ਵਾਜੇ ਤੇ ਅਸੰਖਾਂ ਨਾਦ[3] (ਹੋ ਰਹੇ ਹਨ ਤੇ) ਕਿਤਨੇ ਹੀ (ਉਨ੍ਹਾਂ ਵਾਜਿਆਂ ਨੂੰ) ਵਜਾਉਣ ਵਾਲੇ ਹਨ। ਕਿਤਨੇ ਰਾਗ ਰਾਗਣੀਆਂ[4] ਸਮੇਤ (ਓਥੇ) ਕਹੇ ਜਾ ਰਹੇ ਹਨ (ਗਾਉਂ ਰਹੇ ਹਨ) ਕਿਤਨੇ (ਹੋਰ ਉਨ੍ਹਾਂ ਰਾਗਾਂ ਨੂੰ) ਗਾਉਣ ਵਾਲੇ ਹਨ। ਪਉਣ ਪਾਣੀ ਤੇ ਅਗਨੀ ਤੈਨੂੰ ਗਾਉਂ ਰਹੇ ਹਨ, (ਹਾਂ, ਤੇਰੇ) ਦੁਆਰੇ ਉਤੇ ਧਰਮ ਰਾਜਾ[5] (ਤੈਨੂੰ) ਗਾਉਂ ਰਿਹਾ ਹੈ। (ਤੈਨੂੰ) ਗਾਉਂ ਰਹੇ ਹਨ ਚਿਤ੍ਰ ਗੁਪਤ[6] (ਜੋ ਜੀਵਾਂ ਦੇ ਕਰਮ ਗੁਪਤ ਚਿਤ੍ਰਾਂ ਵਿਚ) ਲਿਖ ਜਾਣਦੇ ਹਨ (ਤੇ ਜਿਨ੍ਹਾਂ ਦੀ) ਲਿਖੀ ਲਿਖਤ ਪਰ ਧਰਮ ਰਾਜ ਵੀਚਾਰ ਕਰਦਾ ਹੈ। ਗਾਉਂ ਰਹੇ ਹਨ ਸ਼ਿਵ, ਬ੍ਰਹਮਾ (ਤੇ ਇਨ੍ਹਾਂ ਦੀਆਂ ਸ਼ਕਤੀ ਰੂਪ) ਦੇਵੀਆਂ (ਜੋ ਤੇਰੇ) ਸਦਾ ਦੇ ਸਵਾਰੇ ਹੋਏ (ਤੇਰੇ ਦਰ ਉਪਰ) ਸ਼ੋਭ ਰਹੇ ਹਨ। (ਤੇਰੇ) ਦਰ ਉਤੇ (ਇੰਦਰ ਪਦਵੀ) ਦੇ ਆਸਣਾਂ[7] ਤੇ ਬੈਠੇ ਇੰਦਰ ਸਣੇ (ਅਪਣੇ) ਦੇਵਤਿਆਂ ਦੇ (ਤੈਨੂੰ) ਗਾ ਰਹੇ ਹਨ। ਸਿਧ ਸਮਾਧੀਆਂ ਵਿਚ (ਬੈਠੇ ਤੈਨੂੰ) ਗਾ ਰਹੇ ਹਨ, ਸਾਧੂ ਵਿਚਾਰਾਂ ਵਿਚ ਲਗੇ ਹੋਏ (ਤੈਨੂੰ) ਗਾ ਰਹੇ ਹਨ। ਗਾਂਵਦੇ ਹਨ ਤੈਨੂੰ ਜਤ ਤੇ ਸਤ ਧਾਰਨ ਵਾਲੇ ਤੇ ਸੰਤੋਖ ਵਿਚ ਰਹਿਣ ਵਾਲੇ[8] ਤੇ ਗਾਉਂਦੇ ਹਨ ਤਕੜੇ ਸੂਰਮੇ। (ਵੇਦਾਂ ਨੂੰ)

---

੧. ਫ਼ਾ:, ਦਰ=ਦਰਵਾਜ਼ਾ, ਬੂਹਾ। ਸੰਸ:, ਦ੍ਵਾਰ ਬੂਹਾ।

੨. ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥ (ਸੋਰ: ਮ:੧-੪)। ਸਮਾਲੇ=ਸਮਾਲੇਂ=ਤੂੰ ਸੰਮ੍ਹਾਲਦਾ ਹੈਂ।

੩. ਵਾਜੇ=ਸਾਜ਼, ਜਿਨ੍ਹਾਂ ਤੋਂ ਰਾਗ ਕੱਢਦੇ ਹਨ। ਨਾਦ=ਸ਼ਬਦ। ਰਾਗ।

੪. ਪਰੀ ਤੋਂ ਭਾਵ ਰਾਗਣੀਆਂ ਹੈ। 'ਰਾਗ ਰਾਗਣੀਆਂ ਹਰੀ ਕੇ ਦੁਆਰ ਯਾ ਗੁਰ ਕੇ ਦੁਆਰ ਆਪ ਗਾਉਣ ਆਉਂਦੀਆਂ ਹਨ' ਇਹ ਭਾਵ ਗੁਰਬਾਣੀ ਵਿਚ ਕਈ ਥਾਂਈਂ ਆਇਆ ਹੈ, ਯਥਾ-ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ (ਅਨੰਦੁ)। ਤਥਾ-ਰਾਗ ਰਾਗਨੀ ਮੰਗਲ ਗਾਇਆ। (ਭਾ:ਗੁ:) ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥ (ਆਸਾ ਮ:੧-੯)

੫. ਰਾਜਾ ਧਰਮੁ=ਧਰਮ ਰਾਜ।

੬. ਚਿਤੁ ਗੁਪਤੁ=ਕੀਤੇ ਕਰਮਾਂ ਦੇ ਗੁਪਤ ਚਿਤ੍ਰ ਲੇਖਕ ਦੇਵਤਾ।

੭. ਇਦਾਸਣਿ-ਇੰਦ੍ਰ+ਆਸਣ=ਇੰਦ੍ਰ ਦੇ ਆਉਣ ਉਤੇ।

੮. ਜਤੀ=ਇਸਤ੍ਰੀ ਭੋਗ ਤੋਂ ਬਚਣ ਵਾਲੇ, ਸਤੀ=ਦਾਨੀ, ਸਚੇ। ਵੀਰ ਕਰਾਰੇ=ਕਰੜੇ ਬਹਾਦਰ।

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥

ਪੜ੍ਹਨ ਵਾਲੇ ਪੰਡਿਤ ਅਤੇ (ਵਜਾਸ ਆਦਿ) ਵਡੇ ਰਿਖੀ[1] ਵੇਦਾਂ ਸਣੇ (ਤੈਨੂੰ) ਜੁਗੋ ਜੁਗ ਗਾ ਰਹੇ ਹਨ[2]। ਮਨ ਨੂੰ ਮੋਹਿਤ ਕਰ ਲੈਣ ਵਾਲੀਆਂ[3] ਸੁਰਗ, ਮਾਤ ਤੇ ਪਤਾਲ[4] (ਤਿੰਨਾਂ ਲੋਕਾਂ ਦੀਆਂ) ਇਸਤ੍ਰੀਆਂ (ਤੈਨੂੰ) ਗਾ ਰਹੀਆਂ ਹਨ। ਅਠਾਹਠ ਤੀਰਥਾਂ ਸਮੇਤ (ਸਾਰੇ) ਤੇਰੇ ਪੈਦਾ ਕੀਤੇ ਰਤਨ[5] (ਤੈਨੂੰ) ਗਾ ਰਹੇ ਹਨ। ਗਾਉਂਦੇ ਹਨ ਯੁਧ ਕਰਨ ਵਾਲੇ ਮਹਾਂ ਬਲਵਾਨ ਸੂਰਮੇ[6] (ਸਗੋਂ) ਚਾਰੇ ਖਾਣੀਆਂ ਹੀ (ਤੈਨੂੰ) ਗਾਉਂ ਰਹੀਆਂ ਹਨ[7]। (ਗਲ ਕੀ ਤੈਨੂੰ) ਗਾਉਂ ਰਹੇ ਹਨ (ਸਾਰੇ) ਬ੍ਰਹਮੰਡ, ਮੰਡਲ[8] ਤੇ (ਮੰਡਲਾਂ ਦੇ) ਖੰਡ (ਜੋ ਤੈਂ ਹੀ) ਰਚੇ (ਸਨ ਤੇ ਤੈਂ ਹੀ ਆਪਣੇ ਆਸਰੇ) ਕਾਯਮ ਰਖੇ ਹੋਏ ਹਨ। (ਇਹ ਗਾਯਨ ਕੁਦਰਤੀ ਸਾਮਾਨਾਂ ਦਾ, ਜੀਵਾਂ ਜੰਤਾਂ ਦਾ ਦੇਵਤਿਆਂ ਤੇ ਦੇਵੀਆਂ ਦਾ ਕੁਦਰਤੀ ਗਾਯਨ ਹੈ, ਪਰ ਵਿਸ਼ੇਸ਼ ਗਾਯਨ ਜੋ ਈਸ਼੍ਵਰ ਨੂੰ ਪਰਮ ਪ੍ਰਿਯ ਹੈ ਉਹ ਕਿਹੜਾ ਹੈ, ਉਸ ਦਾ ਹੁਣ ਪਤਾ ਦੇਂਦੇ ਹਨ:- ) (ਪਰ) ਉਹੋ ਤੈਨੂੰ (ਵਿਸ਼ੇਸ਼ ਕਰਕੇ) ਗਾਉਂ ਰਹੇ ਹਨ ਜੋ (ਤੇਰੀ ਭਗਤੀ ਵਿਚ) ਰਚੇ ਹੋਏ ਤੇਰੇ ਰਸੀਏ ਭਗਤ ਹਨ ਤੇ ਜੋ ਤੈਨੂੰ ਪਿਆਰੇ ਲੱਗ ਰਹੇ ਹਨ। (ਭਾਵ ਤੁਸਾਂ ਦੋਹਾਂ ਵਿਚ ਪ੍ਰੀਤਮ ਤੇ ਪ੍ਰੇਮੀ ਦਾ ਜੋ ਭਾਵ ਹੈ ਉਹ ਸਾਰੀਆਂ ਤੇਰੀਆਂ ਮਹਿਮਾਂ ਤੋਂ ਵਿਸ਼ੇਸ਼ ਮਹਿਮਾ ਕਰਨਾ ਹੈ ਤੇ ਮਹਿਮਾ ਕਰਨਹਾਰੇ ਸਭ ਤੋਂ ਉੱਚੇ ਤੇ ਸ੍ਰੇਸ਼ਟ ਹਨ, ਕਿਉਂਕਿ ਉਨ੍ਹਾਂ ਨੇ 'ਗੁਣ ਕਹਿ ਗੁਣੀ ਸਮਾਵਣਿਆ' ਦਾ ਦਰਜਾ ਪਾ ਲਿਆ ਹੈ)। (ਇਨ੍ਹਾਂ ਤੋਂ ਛੁੱਟ) ਹੋਰ ਕਈ (ਸੁਤੇ ਸਿਧ) ਗਾਯਨ ਕਰਨ ਵਾਲੇ ਹਨ ਜੋ ਮੈਨੂੰ ਯਾਦ ਨਹੀਂ ਆਉਂਦੇ, ਉਨ੍ਹਾਂ ਦਾ ਨਾਨਕ ਵੀਚਾਰ ਕੀਹ ਕਰੇ।

---

੧. ਰਿਖੀਸ਼ਰ=ਰਿਖੀ+ਈਸ਼ੁਰ, ਵੱਡੇ ਰਿਖੀ।

੨. (ਅ) ਗਾਉਂਦੇ ਹਨ ਪੰਡਿਤ, ਪੜ੍ਹਦੇ ਹਨ ਵੱਡੇ ਰਿਖੀ (ਮਾਨੋ) ਹਰ ਜੁਗ (ਆਪਣੇ) ਵੇਦ ਨਾਲ ਤੈਨੂੰ (ਗਾਉਂ ਰਿਹਾ ਹੈ)।

੩. ਮੋਹਿਣੀ= ਮੋਹ ਲੈਣ ਵਾਲੀ, ਭਾਵ ਸੁਹਣੀ ਤ੍ਰੀਮਤ।

੪. ਮਛ=ਮਾਤ ਲੋਕ। ਪਇਆਲ=ਪਾਤਾਲ।

੫. ਰਤਨ; ਨੌ ਰਤਨ:- ਹੀਰਾ, ਪੰਨਾ, ਪੁਖਰਾਜ, ਨੀਲਮ, ਮਾਣਕ, ਲਸਨੀਆਂ, ਗੋਮੇਦ, ਗੁਲੀਆ ਤੇ ਮੋਤੀ। ਸਮੁੰਦਰ ਵਿਚੋਂ ਨਿਕਲੇ ੧੪ ਬੀ ਰਤਨ ਹੀ ਕਹੇ ਜਾਂਦੇ ਹਨ:- ਧਨੰਤਰ, ਕਾਮਧੇਨ, ਅੰਮ੍ਰਿਤ ਆਦਿ।

੬. ਜਾਂ; ਜੋਧ=ਰਥੀ, ਮਹਾਂਬਲਿ=ਮਹਾਂਰਥੀ ਤੇ ਸੂਰਾ=ਅਤਿਰਥੀ। ਜੋਧ=ਜਿਨ੍ਹਾਂ ਨੇ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕ ਲਿਆ ਹੈ। ਮਹਾਂ ਬਲਿ=ਜਿਨ੍ਹਾਂ ਨੇ ਮਨ ਨੂੰ ਵਿਲਾਸ ਤੋਂ ਰੋਕ ਲਿਆ ਹੈ। ਸੂਰਾ=ਜਿਨ੍ਹਾਂ ਹਉਮੈ ਤੇ ਫਤਹ ਪਾਈ। (ਸੰਪ੍ਰਦਾ)।

੭. ਸਾਰੀ ਜੀਵ ਰਚਨਾ ਚਾਰ ਵੰਡਾਂ ਵਿਚ ਹੈ-ਅੰਡਿਆਂ ਤੋਂ ਉਪਜਣ ਵਾਲੀ, ਜੇਰ ਤੋਂ ਉਪਜਣ ਵਾਲੀ, ਪਸੀਨੇ ਵਿਚ ਨਿੰਮਣ ਵਾਲੀ ਤੇ ਬਨਾਮਪਤੀ।

੮. ਵਰਭੰਡ=ਬ੍ਰਹਮੰਡ। ਮੰਡਲ=੪੦ ਜੋਜਨ ਲੰਮਾ ਤੇ ੨੦ ਜੋਜਨ ਚੌੜਾ ਪ੍ਰਿਥਵੀ ਦਾ ਹਿੱਸਾ।

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥**

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥**

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥**

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥**

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥**

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥**

(ਜਿਸ ਦੇ ਦਰ ਉਤੇ ਏਹ ਸਾਰੇ ਗਾਉਂ ਰਹੇ ਹਨ, ਉਸ ਦਾ ਆਪਣਾ ਸਰੂਪ ਕੀਹ ਹੈ? ਉਤਰ:-) ਉਹੋ ਹੈ (ਜੋ ਆਪਣੇ ਆਸਨ ਤੇ ਆਸੀਨ-ਕਰਿ ਆਸਣੁ ਡਿਠੋ ਚਾਉ-ਸਭ ਦੀ ਸੰਭਾਲ ਕਰ ਰਿਹਾ ਤੇ ਸਭ ਤੋਂ ਗਾਵਿਆਂ ਜਾ ਰਿਹਾ ਹੈ) ਉਹ ਹੈ ਜੋ ਸੱਚਾ ਸਾਹਿਬ ਹੈ, ਓਹੋ ਹੈ ਜੋ ਸਦਾ ਸਤਜ ਸਰੂਪ ਹੈ[1], (ਆਪ) ਸੱਚਾ ਹੈ (ਉਸ ਦੀ ਵਡਿਆਈ ਬੀ ਸੱਚੀ ਹੈ। ਉਹ ਹੈ, ਉਹ ਹੋਵੇਗਾ ਬੀ( ਅੱਗੇ ਨੂੰ ਸਦਾ), ਨਾ ਉਹ ਨਾਸ਼ ਹੋ ਸਕਦਾ ਹੈ[2] ਨਾ ਨਾਸ਼ ਹੋਵੇਗਾ ਜਿਸ ਨੇ (ਕਿ ਏਹ ਸਾਰੀ) ਰਚਨਾ ਰਚੀ ਹੈ। ਜਿਸਨੇ ('ਕਰਿ ਮਾਇਆ' = )ਮਾਯਾ ਰਚ ਕੇ ਰੰਗ ਰੰਗ ਦੀ, ਭਾਂਤਿ ਭਾਂਤਿ ਦੀ ਜਿਨਸ ਜਿਨਮ ਦੀ (ਵੰਡ ਵਿਚ) ਕਰਕੇ (ਸ੍ਰਿਸ਼ਟੀ) ਪੈਦਾ ਕੀਤੀ ਹੈ। (ਇਸ ਤਰ੍ਹਾਂ ਕਰਿ=) ਰਚ ਕੇ (ਕਰਿ=) ਪਾਲ ਕੇ ਅਪਣੇ ਰਚੇ ਹੋਏ ਨੂੰ (ਆਪ) ਵੇਖਦਾ (ਜਾਣਦਾ ਤੇ ਸੰਭਾਲਦਾ ਹੈ) ਜਿਵੇਂ (ਜਿਵੇਂ ਉਸ ਦੀ) ਅਪਣੀ ਵਡਿਆਈ (ਨੂੰ ਸ਼ੋਭਦਾ[3] ਹੈ, ਪਰ ਇਹ ਸਭ ਕੁਛ ਉਹ) ਐਉਂ ਹੀ ਕਰਦਾ ਹੈ ਜਿਵੇਂ ਕਿ ਉਸ ਨੂੰ ਚੰਗਾ ਲਗਦਾ ਹੈ, (ਉਸ ਉਤੇ) ਹੁਕਮ ਨਹੀਂ ਕੀਤਾ ਜਾ ਸਕਦਾ (ਕਿ ਸਾਡੀ ਮਰਜ਼ੀ ਅਨੁਸਾਰ ਕਰੇ)। ਉਹ ਪਾਤਸ਼ਾਹ ਹੈ, ਸ਼ਾਹਾਂ ਦਾ ਬੀ ਪਾਤਸ਼ਾਹ[4] ਹੈ (ਸਾਨੂੰ ਤਾਂ ਹੇ) ਨਾਨਕ! ਉਸ ਦੀ ਰਜ਼ਾ ਵਿਚ ਰਹਿਣਾ ਬਣਦਾ ਹੈ (ਜਿਵੇਂ ਕਿ ਮਹਾਨ ਸੂਰ ਵਿਚ ਅਲਪ ਸੂਰ ਇਕ ਸੂਰ ਕਰ ਦੇਣ ਨਾਲ ਤਦਰੂਪ ਹੋ ਜਾਂਦੀ ਹੈ, ਤਿਵੇਂ ਉਸ ਦੀ ਰਜ਼ਾ ਵਿਚ ਅਪਣੀ ਮਰਜ਼ੀ ਨੂੰ ਇਕਸੂਰ ਕਰ ਦੇਣ ਨਾਲ ਤਦਰੂਪਤਾ ਹੋ ਜਾਂਦੀ ਹੈ)।

[੨੮, ੨੯]

ਪਹਿਲੀ ਪਉੜੀ ਵਿਚ ਫੁਰਮਾਇਆ ਸੀ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਫੇਰ 'ਹੁਕਮ ਤੇ ਚੱਲਣ ਦੀ ਵਿਧੀ' ਸਾਧਨ, ਉਪਰਾਲੇ ਤਰ੍ਹਾਂ ਤਰ੍ਹਾਂ ਦੀ ਵਜਾਖਜਾ ਨਾਲ ਵਰਣਨ ਹੁੰਦੇ ਰਹੇ। ਓਹ ਸਾਰੇ ਅੰਤਰਮੁਖ ਇਸਥਿਤੀ ਯਾ ਧਜਾਨ ਪਰਪੱਕਤਾ ਦੀ ਵਿਉਂਤ ਦੇ 'ਧਜਾਨ ਜਨਜ' ਤ੍ਰੀਕੇ ਸਨ। 'ਪੰਚਾ ਕਾ ਗੁਰੁ ਏਕੁ ਧਿਆਨੁ' (ਪਉੜੀ ੧੬)। ਇਸ ਤੋਂ ਮਗਰੋਂ ਬਾਹਰਲੇ ਵਿਸ਼ਯ ਤੋਂ ਅੰਤਰ-

---

੧. ਭਾਵ ਜੋ 'ਨਿਰਗੁਣ' ਪਰਮਾਤਮ ਦੇਵ ਹੈ, ਜਿਸ ਦਾ ਸਰੂਪ 'ਸਤਜ' ਹੈ।

੨. (ਅ) ਜਾਇ=ਉਟ ਜੰਮਿਆਂ ਨਹੀਂ ਨਾ ਮਰੇਗਾ। ਸੰਪ੍ਰ: ਵਿਚ ਐਉਂ ਬੀ ਕਰਦੇ ਹਨ:- ਜਿਨਿ ਰਚਾਈ ਹੈ ਰਚਨਾ ਉਹ ਤਾਂ ਨਹੀਂ ਜਾਏਗਾ ਪਰ ਰਚਨਾ (ਜਾਇ=) ਚਲੀ ਜਾਏਗੀ। ਅਥਵਾ 'ਜਾਇ ਨ'=ਨਾ ਜਨਮਿਆ ਹੈ, 'ਨ ਜਾਸੀ'-ਨਾ ਮਰੇਗਾ (ਦੇਖੋ ਗੁ:ਗ੍ਰੰ:ਕੋ:)।

੩. ਆਪਣੇ ਕੀਤੇ ਨੂੰ ਕਰਕੇ ਅਟੰਕ ਨਹੀਂ ਹੋ ਜਾਂਦਾ, ਇਸ ਨੂੰ ਨਿਗਾਹ ਵਿਚ ਰਖਦਾ ਹੈ; ਜਿਵੇਂ ਕਿ ਉਸ ਦੀ ਬਜ਼ੁਰਗੀ ਨੂੰ ਬਣਦਾ ਹੈ। ਭਾਵ ਰਚਣਹਾਰ ਨੂੰ ਪਾਲਣਾ ਤੇ ਪਾਲਣਹਾਰ ਨੂੰ ਸਿਖਜਾ ਦਾਨ ਕਰਨੀ ਵਾਜਬ ਹੈ ਤੇ ਐਉਂ ਹੀ ਉਸ ਦੀ ਵਡਜਾਈ ਨੂੰ ਢੁੱਕਦਾ ਹੈ। (ਅ) ਭਾਉਂਦਾ ਹੈ।

੪. ਫ਼ਾ:, ਪਾਦ=ਤਖਤ। ਸਾਹੁ, ਸਾਹਿਬ=ਮਾਲਿਕ। ਪਾਤਸ਼ਾਹ।

ਮੁਖ ਵਿਸਮਾਦੀ ਰੰਗ ਵਿਚ ਅਪੜਨ ਦੀ ਵਜਾਖਜਾ ਟੁਰੀ ਸੀ ਕਿ ਦ੍ਰਿਸ਼ਟਮਾਨ ਵਿਚ ਜਦ ਕਰਤਾ ਪੁਰਖ ਦੇ ਕਰਣਿਆਂ ਵਿਚ ਜਾਓਗੇ ਤਾਂ ਵਿਸ਼ਾਲਤਾ ਦਿੱਸੇਗੀ। ਜੇ ਵਿਸ਼ਾਲਤਾ ਵਿਚ ਅੰਤ ਲੈਣ ਲਈ ਜਾਓਗੇ ਤਾਂ ਹਾਰ ਜਾਓਗੇ, ਪਰ ਜੇ ਉਸ ਦੀ ਰਚਨਾ ਦੀ ਬਹੁਲਤਾ ਅਗੰਮਤਾ ਦੇਖ ਕੇ ਸਿਫਤ ਸਲਾਹ ਵਿਚ ਹੁੰਦੇ ਹੋਏ ਯਾ ਸਿੱਧੇ ਸੌਂਦਰਯ ਦੇ 'ਦਰਸ਼ਨ-ਅਸਰ' ਨਾਲ ਵਿਸਮਾਦ ਵਿਚ ਚਲੇ ਜਾਓਗੇ ਤਾਂ ਪੰਚ ਬਣੇ ਰਹੋਗੇ। ਇਹ ਮਾਨੋ ਬਾਹਰਮੁਖੀ ਕੁਦਰਤ ਦੇ ਦਿਦਾਰਿਆਂ ਨਾਲ ਅੰਤ੍ਰੀਵ ਇਸਥਿਤੀ ਦੀ ਪ੍ਰਾਪਤੀ ਦਾ ਤ੍ਰੀਕਾ ਸੀ। ਇਸੇ ਲਈ 'ਸੋਦਰ' ਵਿਚ ਸਾਂਈਂ ਦੇ ਕੀਤੇ ਦਾ ਇਕ 'ਕੀਰਤਨ ਸਮਾਜ' ਦਾ ਦਰਸ਼ਨ ਦਿਖਾ ਕੇ, ਸਿਫਤ ਸਲਾਹ ਵਿਚ ਲਿਜਾ ਕੇ ਅੰਤ ਕਰਤਾ ਪੁਰਖ ਦੇ ਧਜਾਨ ਵਿਚ ਲੈ ਗਏ ਹਨ:-

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥**
**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥** (ਜਪੁਜੀ)

ਦੂਹਾਂ ਤ੍ਰੀਕਿਆਂ ਨਾਲ 'ਉਸ ਦੀ ਰਜ਼ਾ ਵਿਚ ਇਕ ਸੁਰ ਹੋ ਜਾਣਾ' ਇਹ ਮਾਰਗ ਅਪਣੀ ਪ੍ਰੇਮਾ-ਭਗਤੀ ਦੇ ਤ੍ਰੀਕੇ ਦਾ ਸਿਖਾ ਦਿਤਾ ਹੈ। ਪਰ ਏਥੇ ਆ ਕੇ ਮਾਨੋ ਪ੍ਰਸ਼ਨ ਹੋਇਆ ਹੈ ਕਿ 'ਹੇ ਗੁਰੂ ਜੀ! ਇਕ ਤ੍ਰੀਕਾ ਗੋਰਖ ਮਤ ਵਾਲੇ ਜੋਗੀਆਂ ਦਾ ਹੈ ਜੋ ਬੜਾ ਪਰਵਿਰਤ ਹੈ ਅਤੇ ਇਕ ਹੋਰ ਤ੍ਰੀਕਾ ਅਹੰਬ੍ਰਹਮਾਸਮੀ ਕਹਿ ਕੇ ਇਕ ਈਸ਼੍ਵਰ ਰੂਪ ਹੋ ਜਾਣੇ ਦਾ ਹੈ। ਤੇ ਹੋਰ ਬੀ ਕਈ ਤ੍ਰੀਕੇ ਹਨ, ਇਨ੍ਹਾਂ ਬਾਬਤ ਆਪ ਦੀ ਕੀਹ ਆਗਿਆ ਹੈ?

ਗੁਰੂ ਜੀ ਹੁਣ ਅਗਲੀਆਂ ਚਾਰ ਪਉੜੀਆਂ (੨੮ ਤੋਂ ੩੧) ਵਿਚ ਉਸ ਵੇਲੇ ਦੇ ਜੋਗ ਮਤ ਨੂੰ ਲੈਂਦੇ ਹਨ ਤੇ ਉਨ੍ਹਾਂ ਦੇ ਪਰਮ ਜ਼ਰੂਰੀ ਸਮਝੇ ਗਏ ਅੰਗਾਂ ਵਿਚੋਂ ਇਕ ਇਕ ਨੂੰ ਲੈ ਕੇ ਉਨ੍ਹਾਂ ਦੀ ਥਾਂਵੇਂ ਅਪਣੀ ਸਦਾਚਾਰੀ, ਰਹਸਜਕ ਤੇ ਭਗਤੀ ਵਾਲੀਆਂ ਸ਼ੁਭ ਕਰਨੀਆਂ ਤੇ ਅੰਤ੍ਰੀਵ ਭਾਵਾਂ ਨੂੰ ਦਰਸਾਕੇ ਈਸ਼੍ਵਰ ਪਰਾਇਣਤਾ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ। ਫੇਰ ੩੨ਵੀਂ ਪਉੜੀ ਵਿਚ ਦੱਸਦੇ ਹਨ ਕਿ 'ਅਹੰਬ੍ਰਹਮਾਸਮਿ' ਦੀਆਂ ਠੀਸਾਂ (ਗੱਪਾਂ ਮਾਰਨ ਨਾਲ ਕੂੜ ਪੱਲੇ ਪੈਂਦਾ ਹੈ। ਈਸ਼੍ਵਰ ਮਿਲਾਪ ਦਾ ਠੀਕ ਰਸਤਾ ਹੈ ਨਾਮ ਸਿਮਰਣ। ਫਿਰ ੩੩ ਪਉੜੀ ਵਿਚ ਦੱਸਦੇ ਹਨ ਕਿ 'ਈਸ਼੍ਵਰ ਪਰਾਇਣਤਾ' ਤੋਂ ਬਿਨਾਂ 'ਜ਼ੋਰ' ਸਹਿਜ ਪ੍ਰਾਪਤੀ ਵਿਚ ਅਸਫਲ ਰਹਿੰਦਾ ਹੈ। ਪਹਿਲੇ ਹੁਣ ਜੋਗ ਨੂੰ ਲੈਂਦੇ ਹਨ:-

| | |
|---|---|
| **ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥** | (ਅਸੀਂ) ਸੰਤੋਖ ਦੀਆਂ ਮੁੰਦਰਾਂ[1] (ਪਹਿਨਦੇ ਹਾਂ) ਖੱਪਰ ਤੇ ਝੋਲੀ[2] ਦੀ ਥਾਵੇਂ ਲੱਜਜਾ (ਧਾਰਨ ਕਰਦੇ ਹਾਂ ਤੇ) ਧਿਆਨ ਦੀ ਸੁਆਹ[3] ਬਣਾਉਂਦੇ |

੧. ਮੁੰਦ੍ਰਾ ਦੋ ਹੁੰਦੀਆਂ ਹਨ, ਸੰਤੋਖ ਦੇ ਬੀ ਦੋ ਪੱਖ ਹਨ- ੧. ਪ੍ਰਾਪਤ ਵਿਚ ਪ੍ਰਸੰਨ ਰਹਿਣਾ। ੨. ਅਪ੍ਰਾਪਤ ਦੀ ਇੱਛਾ ਨਾ ਕਰਨੀ।

੨. ਜੋਗੀ ਹੱਥ ਵਿਚ ਖੱਪਰ ਪਕੜਕੇ ਤੇ ਅੱਗੇ ਕਰਕੇ ਆਟਾ ਦਾਣਾ ਮੰਗਦੇ ਹਨ, ਜਦ ਖੱਪਰ ਭਰ ਜਾਵੇ ਤਾਂ ਉਹ ਆਟਾ ਝੋਲੀ ਵਿਚ ਪਾ ਲੈਂਦੇ ਹਨ। ਦੋਏ ਮੰਗਣ ਦੇ ਪਾਤ੍ਰ ਹਨ, ਖੱਪਰ ਬੀ ਤੇ ਝੋਲੀ ਬੀ। ਦੁਹਾਂ ਦੀ ਥਾਂਵੇਂ ਅਸਾਂ 'ਸਰਮੁ' ਧਾਰਨ ਕੀਤਾ ਹੈ, ਅਰਥਾਤ ਮੰਗਣ ਪਿੰਨਣ ਵਿਚ ਸੰਕੋਚ ਕਰਨਾ। ਪਤ ਝੋਲੀ ਹੋਰਥੇ ਬੀ ਕੱਠੇ ਵਰਤੇ ਹਨ, ਯਥਾ:- ਪਤੁ ਝੋਲੀ ਮੰਗਣ ਕੈ ਤਾਈ॥ (ਰਾਮ:ਮ:੧)। (ਫ਼ਾ:,ਸ਼ਰਮ=ਹਯਾ, ਲੱਜਾ) ਸੰਕੋਚ। (ਅ) ਸ਼ਰਮ=ਵੈਰਾਗ। (ਸੰਪ੍ਰ:)। (ਸੰਸ:-ਪਾਤ੍ਰ, ਪ੍ਰਾ:-ਪਤ੍ਰ, ਪੁ:ਪੰ:-ਪਤ-ਭਾਂਡਾ, ਭਾਵ ਖੱਪਰ)।

੩. ਸੁਆਹ ਜੋਗੀ ਮਲਦੇ ਹਨ ਕਿ ਨਾ ਕੋਈ ਸਾਡੀ ਸੁੰਦਰਤਾ ਤੇ ਰੀਝੇ, ਨਾ ਸਾਨੂੰ ਮੋਹਣੇ ਦਾ ਜਤਨ ਕਰੇ, ਨਾ ਅਸੀਂ ਡਿੱਗੀਏ। ਗੁਰੂ ਜੀ ਕਹਿੰਦੇ ਹਨ-ਧਜਾਨ ਦੀ ਸੁਆਹ ਅਪਣੇ ਅੰਦਰ ਮਲੋ। ਪਰਮਾਤਮ ਦੇਵ ਵਿਚ ਬ੍ਰਿਤੀ ਦਾ ਪਰਵਾਹ ਇਕ ਰਸ ਲਾਓ, ਉਸ ਆਨੰਦ ਦੇ ਆਯਾਂ ਬਾਹਰਲਾ ਕੋਈ ਆਨੰਦ ਮੋਹ ਨਹੀਂ ਸਕੇਗਾ। ਸੋ ਤੁਸੀਂ ਅਪਣੇ ਵਿਚ ਅਡੋਲਤਾ ਦੀ ਪ੍ਰਪੱਕਤਾ ਪੈਦਾ ਕਰੋ, ਦੇਖਣ ਵਾਲਿਆਂ ਨੂੰ ਨਫਰਤ ਪੈਦਾ ਕਰਕੇ 'ਅਜਮਾਯਸ਼ ਆਵੇ ਹੀ ਨਾ' ਦੀ ਪਰਤੰਤਰਤਾ ਦੇ ਅਧੀਨ ਕਿਉਂ ਹੁੰਦੇ ਹੋ।

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥**

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥**

**ਆਦੇਸੁ ਤਿਸੈ ਆਦੇਸੁ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥**

ਹਾਂ[1]। ਮੌਤ (ਦੀ ਯਾਦ ਸਾਡੀ) ਖਿੰਥਾ ਹੈ[2] ਸ਼ਰੀਰ ਨੂੰ (ਕੁਆਰੀ=) ਪਵਿਤ੍ਰ ਰੱਖਣਾ (ਸਾਡੀ ਜੋਗ) ਦੀ ਜੁਗਤੀ[3] ਹੈ, (ਪਰਮੇਸ਼ੁਰ ਤੇ) ਸਿਦਕ (ਰਖਣਾ ਸਾਡਾ) ਡੰਡਾ ਹੈ[4]। (ਸਾਡਾ) ਆਈ ਪੰਥ ਹੋਣਾ[5] ਸਾਰਿਆਂ (ਨਾਲ ਇਕ) ਜਮਾਤੀ (ਹੋਣਾ ਹੈ), ਮਨ ਨੂੰ ਜਿੱਤ ਲਿਆਂ (ਅਸੀਂ ਸਮਝਦੇ ਹਾਂ ਕਿ) ਜਗਤ ਤੇ ਜਿੱਤ ਪ੍ਰਾਪਤ ਹੋ ਗਈ ਹੈ।[6] ਆਦੇਸ[7] (ਸਾਡੀ) ਉਸੇ (ਇਕ) ਨੂੰ ਆਦੇਸ ਹੈ, (ਜੋ ਸਭ ਦਾ) ਆਦਿ (ਮੁੱਢ) ਹੈ, ਜੋ ਅਨੀਲ[8] ਹੈ, (ਜਿਸ ਦਾ ਆਪਣਾ) ਆਦਿ ਨਹੀਂ ਹੈ (ਜਿਸ ਦਾ ਕਦੇ) ਵਿਨਾਸ਼ ਨਹੀਂ (ਹੁੰਦਾ), (ਜੋ) ਜੁਗੋ ਜੁਗੋ ਇਕੋ ਸਰੂਪ (ਹੈ)

੧. ਕਰਹਿ=ਅਸੀਂ ਕਰਦੇ ਹਾਂ। ਇਸ ਤੋਂ ਪਤਾ ਲਗਾ ਕਿ ਸਾਰੀਆਂ ਤੁਕਾਂ ਵਿਚ ਉਤਮ ਪੁਰਖ ਦੁਆਰਾ ਹੀ ਉਪਦੇਸ਼ ਹੋ ਰਿਹਾ ਹੈ।

੨. ਸੰਸ:,=ਕੰਥਾ, ਪ੍ਰ:ਪੰ:,ਖੰਖਾ, ਖਿੰਥਾ=ਲੀਰਾਂ ਦੀ ਬਣੀ ਗੋਦੜੀ। ਗੋਦੜੀ ਪਾਲਾ ਦੂਰ ਕਰਨ ਲਈ ਹੁੰਦੀ ਹੈ। ਕਾਲ ਗੋਦੜੀ ਹੈ। ਕਾਲ ਨੂੰ ਯਾਦ ਰੱਖਣਾ ਵਿਕਾਰਾਂ ਦੀ ਸਰਦੀ ਵਾਪਰਨ ਤੋਂ ਰਖਯਾ ਕਰਦਾ ਹੈ।

੩. ਪੁਰਾਤਨ ਅਰਥ ਇਹੋ ਹੈ ਤੇ ਇਹੋ ਅਸਲ ਦੇ ਵਧੀਕ ਨੇੜੇ ਹੈ। (੧੭੫੮-੧੮੨੫ ਬਿ:) ਸੰਪ੍ਰ; ਨੇ ਐਉਂ ਭੀ ਭਾਵ ਕੱਢੇ ਹਨ:- (ਅ) ਕਾਇਆਂ ਕੁਆਰੀ ਰਹੇ, ਕਾਲ ਇਸ ਨੂੰ ਨਾ ਵਿਆਹੇ, ਇਹ ਸਾਡੀ ਖਿੰਥਾ ਹੈ ਭਾਵ ਆਪਣੇ ਆਪ ਨੂੰ ਆਤਮ ਸਰੂਪ ਅਨੁਭਵ ਕਰਨਾ ਖਿੰਥਾ ਹੈ। (ਜੁਗਤਿ=) ਸਾਂਈਂ ਨਾਲ ਜੁੜੇ ਰਹਿਣਾ ਇਹ ਸਾਡਾ ਨਿਸਚੇ ਡੰਡਾ ਹੈ। (ੲ) ਜਦ ਤਕ ਕਾਇਆਂ ਕੁਆਰੀ ਹੈ ਕਾਲ ਇਸ ਨੂੰ ਨਹੀਂ ਗ੍ਰਸਦਾ (ਉਸ ਤੋਂ ਪਹਿਲੇ ਪਰਮਾਤਮ ਦੇਵ ਵਿਚ) ਜੁੜੇ ਰਹਿਣਾ ਇਹ ਸਾਡੀ ਖਿੰਥਾ ਹੈ। (ਸ) ਕਾਇਆਂ ਇਕ (ਕੁਆਰੀ=) ਬੁਰਕੀ ਹੈ ਜਿਸ ਨੂੰ ਕਾਲ ਖਾ ਜਾਂਦਾ ਹੈ।

੪. ਨਾਮ ਅਭਯਾਸੀ ਨੂੰ ਜਿਤਨੇ ਵਿਘਨ ਰਸਤੇ ਵਿਚ ਆਉਂਦੇ ਹਨ ਉਨ੍ਹਾਂ ਨੂੰ ਨਿਸਚਾ ਦੂਰ ਕਰਦਾ ਹੈ। ਕਿਉਂਕਿ ਨਿਸਚੇਵਾਨ ਦੀ ਸਾਂਈਂ ਰਖਯਾ ਕਰਦਾ ਹੈ ਇਸ ਕਰਕੇ ਡੰਡਾ ਕਿਹਾ ਹੈ। ਜੋਗੀ ਡੰਡਾ ਦੁਖਦਾਈ ਪਸ਼ੂਆਂ ਤੋਂ ਰਖਯਾ ਨਮਿਤ ਰਖੇਦ ਹਨ।

੫. ਜੋਗੀਆਂ ਦੇ ੧੨ ਪੰਥ ਹਨ, ਉਨ੍ਹਾਂ ਵਿਚੋਂ ਇਕ ਦਾ ਨਾਮ 'ਆਈ ਪੰਥ' ਹੈ। ਇਹ ਪਉੜੀ ਉਨ੍ਹਾਂ ਪਰਥਾਇ ਹੋ ਰਹੀ ਹੈ। ਆਈ ਪੰਥ ਵਾਲੇ ਜੋਗੀ ੧੨ ਪੰਥਾਂ ਨੂੰ ਆਦਰਦੇ ਹੈਨ, ਪਰ ਗੁਰੂ ਜੀ ਕਹਿੰਦੇ ਹਨ ਕਿ ਮੈਂ ਜੋਗੀਆਂ ਦੇ ੧੨ ਪੰਥ ਹੀ ਨਹੀਂ ਜਗਤ ਦੇ ਸਾਰੇ ਪੰਥਾਂ, ਮਜਹਬਾਂ, ਮਤਾਂ, ਮਤਾਂਤ੍ਰਾਂ ਨੂੰ ਆਦਰ ਦੇਂਦਾ ਹਾਂ, ਮੇਰਾ ਆਈ ਪੰਥ ਹੈ- ਸਗਲ ਜਮਾਤੀ।

੬. ਜੋਗੀ ਰਿਧੀ ਸਿਧੀ ਪ੍ਰਾਪਤ ਕਰਕੇ ਆਪਣਾ ਆਦਰਸ਼ ਜਗਤ ਜਿੱਤਣਾ ਯਾ ਦੇਵਤਿਆਂ ਆਦਿਕਾਂ ਦਾ ਵਸੀਭੂਤ ਕਰਨਾ ਸਮਝਦੇ ਹਨ, ਗੁਰੂ ਜੀ ਆਪਣੇ ਮਨ ਤੇ ਫਤੇ ਪਾਉਣ ਨੂੰ ਜਗਤ ਜਿੱਤਣਾ ਦੱਸਦੇ ਹਨ।

੭. ਸੰਸ:, ਆਦੇਸ਼-ਆਗਿਆ। ਪਰ ਜੋਗੀਆਂ ਅਨੁਸਾਰ ਇਸ ਦਾ ਅਰਥ ਨਮਸਕਾਰ ਹੋ ਗਿਆ ਹੋਇਆ ਹੈ। ਜੋਗੀ ਸ਼ਿਵ, ਭਗਵਤੀ ਆਦਿ ਨੂੰ ਯਾ ਸਿਧਾਂ ਨੂੰ ਨਮਸਕਾਰ ਕਰਦੇ ਹਨ, ਗੁਰੂ ਜੀ ਵਾਹਿਗੁਰੂ ਨੂੰ ਨਮਸਕਾਰ ਕਰਦੇ ਹਨ।

੮. ਅ+ਨੀਲ-ਜਿਸ ਵਿਚ ਨੀਲ (ਆਦਿ) ਨਾ ਹੋਵੇ, ਅਰੰਗ। ਗੁਰੂ ਜੀ ਅਕਾਲ ਪੁਰਖ ਨੂੰ 'ਅਰੰਗ' ਦੱਸਦੇ ਹਨ। ਯਥਾ-ਰੂਪੁ ਨ ਰੇਖ ਨ ਰੰਗੁ ਕਿਛੁ (ਸੁਖਮਨੀ)। ਜੋਗੀ ਸ਼ਿਵ ਦੇ ਉਪਾਸਕ ਹਨ। ਸ਼ਿਵਜੀ ਦਾ ਇਕ ਨਾਮ 'ਨੀਲਕੰਠ' ਹੈ, ਗੁਰੂ ਜੀ ਸ਼ਿਵ ਦੇ ਕਰਤਾ ਅਪਣੇ ਅਕਾਲ ਪੁਰਖ ਨੂੰ 'ਅਨੀਲ' ਦੱਸਦੇ ਹਨ, ਸੋ ਇਸ ਵਿਚ ਇਹ ਕਟਾਖਯ ਬੀ ਹੈ, ਭਾਵ-ਪਵਿਤ੍ਰ, ਮਾਯਾ ਰਹਿਤ।

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥**

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥**

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥**

**ਆਦੇਸੁ ਤਿਸੈ ਆਦੇਸੁ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥**

(ਸ਼ਿਵ ਅਰਾਧਨਾ ਨਾਲ ਜੋ ਭੋਜਨ ਮਿਲਦਾ ਹੈ ਉਹ ਤਾਂ ਸਭ ਕਿਸੇ ਨੂੰ ਮਿਲ ਰਿਹਾ ਹੈ ਪਰ ਆਦਿ ਅਨੀਲ ਦੀ ਅਰਾਧਨਾ ਨਾਲ ਸਾਨੂੰ) ਗਿਆਨ (ਰੂਪੀ) ਭੋਜਨ[1] ਮਿਲਦਾ[2] ਹੈ। (ਜੋ ਤ੍ਰਿਸ਼ਨਾ ਰੂਪੀ ਭੁੱਖ ਨੂੰ ਨਿਵਾਰ ਦੇਂਦਾ ਹੈ), (ਸ਼ਿਵ ਜੀ ਦੀ ਭੰਡਾਰਣ ਅੰਨ ਪੂਰਣਾ ਹੈ[3] ਪਰ ਗਿਆਨ ਰੂਪੀ ਭੋਜਨ ਦੀ) ਭੰਡਾਰਨ ਦਇਆ ਹੈ, (ਦਿਆਲੂ ਹੋ ਕੇ ਗੁਰੂ ਗਯਾਨ ਦੇਂਦਾ ਤੇ ਅਗੋਂ ਦਇਆ ਬ੍ਰਿਤੀ ਨਾਲ ਵੰਡੀਦਾ ਹੈ)। (ਤੁਸਾਂ ਪਾਸ ਨਾਦੀ ਹੈ ਤੇ ਭੋਜਨ ਸਮੇਂ ਵਜਾਉਂਦੇ ਹੋ) ਹਿਰਦੇ ਹਿਰਦੇ ਵਿਚ (ਜੋ ਨਾਦ ਵੱਜ ਰਿਹਾ ਹੈ[4] (ਇਹ ਸਾਡਾ ਨਾਦ ਹੈ)। (ਤੁਸਾਡੇ ਮਨੁੱਖ-ਨਾਥਾਂ ਦੀ ਥਾਵੇਂ ਸਾਡਾ) ਨਾਥ ਆਪ (ਪ੍ਰਭੂ) ਹੈ, ਜਿਸ ਦੀ ਨੱਥੀ ਹੋਈ ਸਾਰੀ (ਸ੍ਰਿਸ਼ਟੀ) ਹੈ। (ਤੁਸੀਂ) ਰਿੱਧੀ ਸਿੱਧੀ[5] (ਦੀਆਂ ਚੇਟਕਾਂ ਵਿਚ ਹੋ ਅਸੀਂ ਇਨ੍ਹਾਂ ਨੂੰ) ਹੋਰਨਾਂ ਦਾ[6] (ਅਰਥਾਤ ਪਰਮਾਰਥ ਤੋਂ ਓਪਰਿਆਂ ਦਾ) ਸੁਆਦ (ਸਮਝਦੇ ਹਾਂ)। ਤੁਹਾਡੀ ਕਾਰ ਕਾਰੋਬਾਰੀ ਚਲਾਉਂਦੇ ਹਨ[7] ਪਰ ਅਸਲ ਵਿਚ ਵਿਸ਼੍ਵ ਦੀ ਤੇ ਸਾਡੀ) ਕਾਰ ਸੰਜੋਗ ਤੇ ਵਿਜੋਗ ਦੋਵੇਂ ਚਲਾਉਂਦੇ ਹਨ, (ਪਿਛਲੇ ਕਰਮਾਂ ਦੇ ਲੇਖੇ ਅਨੁਸਾਰ ਆਪੋ ਆਪਣੇ) ਛਾਂਦੇ[8]। ਚਲੇ ਆਉਂਦੇ ਹਨ। (ਬਾਕੀ ਅਰਥ ਪਿੱਛੇ ਆ ਚੁੱਕਾ ਹੈ)।

---

੧. ਭੁਗਤਿ=ਭੁਕਤਿ=ਭੋਜਨੇ

੨. ਬ੍ਰਹਮ ਗਿਆਨੀ ਕਾ ਭੋਜਨੁ ਗਿਆਨ (ਸੁਖਮਨੀ)।

੩. ਸ਼ਿਵ ਜੀ ਨੂੰ ਕਦੇ ਭਿੱਖਿਆ ਨਾ ਮਿਲਣ ਤੇ ਮਹਾਂਮਾਯਾ ਨੇ 'ਅੰਨ ਪੂਰਣਾ' ਦੇਵੀ ਦਾ ਰੂਪ ਧਾਰ ਕੇ ਕਾਂਸ਼ੀ ਵਿਚ ਅੰਨ ਦਿੱਤਾ ਸੀ। (ਵ.ਕ.)।

੪. ਗਲੇ ਵਿਚ ਨਾਦੀ ਲਟਕਦੀ ਰਖਦੇ ਹਨ ਜੋਗੀ, ਜੋ ਭੰਡਾਰਾ ਖਾਣ ਵੇਲੇ ਵਜਾਉਂਦੇ ਹਨ। ਅਥਵਾ ਸ਼ਿਵ ਪਾਸ ਤਾਂ ਸਿੰਙੀ ਤੇ ਡੌਰੂ ਦਾ ਨਾਦ ਹੈ, ਪਰ ਸਾਡੇ ਅਨੀਲ ਵਾਹਿਗੁਰੂ ਦਾ ਨਾਦ ਘਟ ਘਟ ਵਿਚ ਵਜ ਰਿਹਾ ਹੈ। ਜੋਗੀ ਸਿੰਙੀ ਬੀ ਰਖਦੇ ਤੇ ਵਜਾਉਂਦੇ ਹਨ।

੫. ਰਿਧੀਆਂ ਨੌ ਹਨ, ਸਿਧੀਆਂ ਅੱਠ ਤੇ ਅਠਾਰਾਂ ਹਨ: ਦੁਹਾਂ ਦਾ 'ਭਾਵ ਐਸ਼੍ਵਰਜ ਤੇ ਕਰਾਮਾਤੀ ਸ਼ਕਤੀਆਂ ਦੀ ਪ੍ਰਾਪਤੀ ਤੋਂ ਹੈ। 'ਸਭਿ ਨਿਧਾਨ ਦਸ ਅਸਟ ਸਿਧਾਨ॥' (ਗੂਜਰੀ ਮ:੫)। 'ਅਸਟ ਸਿਧਿ ਨਵ ਨਿਧਿ ਏਹ॥' (ਬਸੰਤ ਮ:੫)। (ਅ) ਐਉਂ ਬੀ ਅਰਥ ਲਾਉਂਦੇ ਹਨ:- ਆਪ ਓਹ ਨਾਥ ਹੈ ਤੇ ਰਿਧਿ ਸਿਧਿ ਦੇ ਹੋਰ ਸਾਰੇ ਸੁਆਦ ਨਾਥ ਦੇ ਨੱਥੇ ਹੋਏ ਹਨ।

੬. ਅਵਰਾਂ=ਔਰ ਦਾ ਬਹੁ ਬਚਨ ਹੈ ਔਰਾਂ, ਅਵਰ ਦਾ ਬਹੁ ਬਚਨ ਹੈ ਅਵਰਾਂ=ਹੋਰਨਾਂ ਦਾ। ਸਾਂਈਂ ਦੇ ਰਸਤੇ ਤੋਂ ਹੋਰ ਰਾਹੇ ਟੁਰਨ ਵਾਲਿਆਂ ਦਾ। (ਅ) ਆਵਰਣ ਵਾਲਿਆਂ ਦਾ, ਜੋ ਮਾਇਆ ਨੇ ਆਵਰੇ ਹੋਏ ਹਨ। ਜੋ ਅਗਯਾਨ ਵਿਚ ਹਨ। ਭਾਵ ਇਹ ਹੈ ਕਿ ਨਾਮ ਦੇ ਪ੍ਰੇਮੀ ਰਿਧੀ ਸਿਧੀ ਤੋਂ ਵੈਰਾਗ ਧਾਰ ਲੈਂਦੇ ਹਨ-ਧਿਗੁ ਸਿਧੀ ਧਿਗੁ ਕਰਮਾਤਿ॥ (ਸੋ:ਵਾ:ਮ:੩) ਭਾਵ ਦੁਹਾਂ ਦਾ ਇਕੋ ਹੈ।

੭. ਸੰਸ:, ਸੰਯੋਗ=ਭਲੀ ਪ੍ਰਕਾਰ ਮੇਲ। ਸੰਸ:, ਵਿਯੋਗ=ਵਿਛੋੜਾ। ਮੁਰਾਦ ਹੈ ਵਾਂਛਿਤ ਦਾ ਮਿਲਨਾ ਤੇ ਵਿਛੁੜ ਜਾਣਾ, ਅਵਾਂਛਤ ਦਾ ਆ ਟੱਕਰਨਾ ਤੇ ਦੂਰ ਹੋ ਜਾਣਾ। ਏਹ ਕੁਛ 'ਕੀਤੇ ਕਰਮ' ਆਪ ਸਾਡੇ ਲਈ ਕਰ ਰਹੇ ਹਨ। ਪਦਾਰਥਾਂ ਤੇ ਪੁਰਸ਼ਾਂ ਦੇ ਮੇਲ ਲਈ ਵਾਕ ਹੈ:- ਸੰਜੋਗੀ ਮਿਲਿ ਏਕ ਸੇ ਵਿਜੋਗੀ ਉਠਿ ਜਾਇ॥ (ਸਿਰੀ ਮ:੧)। ਸਾਧੂ ਦਾ ਮੇਲ- ਸੰਜੋਗਿ ਮਿਲਾਏ ਸਾਧ ਸੰਗਾਏ॥ (ਕਾਨੜਾ ਮ:੫)। ਪਰਮਾਤਮ ਮੇਲ-ਸੰਜੋਗੀ ਮੇਲਾ ਥਾਨਿ ਸੁਹੇਲਾ॥ (ਸੂਹੀ ਛੰਤ ਮ:੧

੮. ਸੰਸ:, ਭਾਗ=ਹਿੱਸਾ, ਛਾਂਦਾ। (ਸੰਪ੍ਰ:)। (ਅ) ਭਾਗ=ਪਰਾਰਬਧ। (ਸੰਪ੍ਰ:)।

[੩੦]

ਜੋਗੀ ਸ਼ਿਵ ਉਪਾਸ਼ਕ ਸੰਪ੍ਰਦਾਯਕ ਸਨ। ਸੰਪ੍ਰਦਾਯਕ ਜੋਸ਼ ਵਿਚ ਸੰਪ੍ਰਦਾਵਾਂ ਦੀ ਅਕਸਰ ਦੂਸਰੇ ਦੇ ਇਸ਼ਟ ਨੂੰ ਨੀਵਾਂ ਕਹਿਣ ਤੇ ਬੇਅਦਬੀ ਤਕ ਪਹੁੰਚ ਪੈਣ ਦੀ ਨੌਬਤ ਪੁੱਜ ਜਾਂਦੀ ਹੁੰਦੀ ਸੀ। ਇਸ ਪਉੜੀ ਵਿਚ ਗੁਰੂ ਜੀ ਜੋਗੀਆਂ ਨੂੰ ਬੜੇ ਸੁਹਣੇ ਤਰੀਕੇ ਤੇ ਇਸ ਅਵਗੁਣ ਤੋਂ ਵਰਜਦੇ ਹੋਏ ਅਕਾਲ ਪੁਰਖ ਦੀ ਪੂਜਾ ਵਿਚ ਲੈ ਜਾਂਦੇ ਹਨ:- ਹਿੰਦੂ ਮਤ ਅਨੁਸਾਰ ਹੀ ਦੱਸਦੇ ਹਨ ਕਿ ਸ਼ਿਵ, ਵਿਸ਼ਨੂੰ, ਬ੍ਰਹਮਾ, ਇਕੋ ਅਕਾਲ ਪੁਰਖ ਦੇ ਮਾਯਾ ਦੁਆਰਾ ਪੈਦਾ ਕੀਤੇ ਹੋਏ[੧] ਹਨ, ਮੂਲ ਬੀ ਇਕੋ ਹੋਇਆ ਫੇਰ ਕਾਰਜ ਸਪੁਰਦਗੀ ਵਿਚ ਤਿੰਨਾਂ ਨੂੰ ਆਪੋ ਆਪਣੇ ਕੰਮ ਸਪੁਰਦ ਹਨ। ਇਉਂ ਇਹ ਤਿੰਨੇ ਸ਼ਾਸਤ੍ਰਾਂ ਵਿਚ (ਪਰਵਾਣ=) ਮੰਨੇ ਪ੍ਰਮੰਨੇ ਦੇਵਤਾ ਹਨ। ਕਿਸੇ ਨੂੰ ਨਿੰਦਣਾਂ ਤੇ ਕਿਸੇ ਨੂੰ ਸਲਾਹੁਣਾ ਅਪਣੇ ਹੀ ਸ਼ਾਸਤ੍ਰਾਂ ਦੀ ਪ੍ਰਤਿਕੂਲਤਾ ਹੈ। ਇਹ ਵਿਖਮਤਾ ਦੂਰ ਕਰਨ ਦਾ ਖਿਆਲ ਦੇ ਕੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਹੋਰ ਉੱਚਾ ਚੁੱਕਦੇ ਹਨ ਇਹ ਦੱਸਕੇ ਕਿ ਓਹ ਕਰਤਾ ਪੁਰਖ ਦੇ ਕੀਤੇ (ਰਚੇ) ਹੋਏ ਹਨ[੨], ਉਨ੍ਹਾਂ ਦੀ ਬਨਾਵਟ ਵਿਚ ਮਾਯਾਵੀ ਹਿੱਸਾ ਹੈ, ਓਹ ਕ੍ਰਿਤ ਹੋਣ ਕਰਕੇ ਕਰਤਾ ਨੂੰ ਨਹੀਂ ਦੇਖ ਸਕਦੇ, ਕਰਤਾ ਉਨ੍ਹਾਂ ਨੂੰ ਦੇਖਦਾ ਹੈ। ਓਹ ਆਪੂੰ ਕੁਛ ਨਹੀਂ ਕਰ ਸਕਦੇ, ਜਿਵੇਂ ਕਰਤਾ ਪੁਰਖ ਨੂੰ ਭਾਉਂਦਾ ਹੈ ਉਨ੍ਹਾਂ ਨੂੰ ਟੋਰਦਾ ਹੈ, ਓਹ ਜੋ ਕੁਛ ਕਰਦੇ ਹਨ ਉਸ ਦੇ ਫੁਰਮਾਨ ਨੂੰ ਬਜਾ ਲਿਆਉਂਦੇ ਹਨ, ਇਸ ਕਰਕੇ ਉਸ ਕਰਤਾ ਪੁਰਖ ਨੂੰ, ਜੋ ਆਦਿ ਅਨੀਲ ਅਨਾਦਿ ਅਨਾਹਤ ਹੈ ਤੇ ਮਾਯਾ ਰਹਿਤ ਹੋਣ ਕਰਕੇ ਸਦਾ ਇਕ ਰਸ ਰਹਿੰਦਾ ਹੈ, ਆਦੇਸ ਕਰਨੇ (ਪੂਜਣੇ) ਦਾ ਉਪਦੇਸ਼ ਦੇਂਦੇ ਹਨ:-

| | |
|---|---|
| **ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥** | (ਏਕਾ[੩]=)ਬ੍ਰਹਮ ਤੇ (ਮਾਈ=) ਮਾਇਆ ਦੇ (ਜੁਗਤਿ=) |

੧. ਗੀਤਾ ਦੁਆਰਾ ਬੋਲ ਰਿਹਾ ਪ੍ਰਭੂ ਆਖਦਾ ਹੈ- (ਮਹਤ ਬ੍ਰਹਮ ਅਰਥਾਤ) ਪ੍ਰਕ੍ਰਿਤੀ ਗਰਭ ਹੈ, ਉਸ ਵਿਚ ਮੈਂ ਬੀਜ ਪਾਉਣ ਵਾਲਾ ਪਿਤਾ ਹਾਂ। ਸਭ ਪ੍ਰਾਣੀਆਂ ਦੀ ਉਤਪਤੀ ਉਸ ਤੋਂ ਹੈ॥ (੧੪.੩-੪)

੨. ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥ (ਰਾਮਕਲੀ ਮ:੧-ਅਸ਼ਟ-੯)

੩. ਏਕਾ=ਜੋ ਇਕੋ ਹੀ ਹੈ ਅਰਥਾਤ ਬ੍ਰਹਮ। ਤੀਸਰੀ ਤੁਕ ਵਿਚ ਪਦ 'ਤਿਸ' ਤੇ ਚੌਥੀ ਵਿਚ 'ਓਹੁ' ਦੁਏ 'ਸਰਵਨਾਮ' ਹਨ ਤੇ ਇਕ ਵਚਨ ਹਨ ਤੇ ਏਹ ਦੁਏ, ਦੱਸਦੇ ਹਨ ਕਿ ਪਹਿਲੋਂ ਆਇਆ 'ਏਕਾ' ਪਦ ਸੰਗਯਾ ਹੈ, ਵਿਸ਼ੇਸ਼ਣ ਨਹੀਂ ਏਹ ਸਰਵਨਾਮ 'ਏਕਾ' ਸੰਗਯਾ ਦੇ ਹਨ ਜੋ ਏਕਾ ਬ੍ਰਹਮ ਦਾ ਵਾਚਕ ਹੈ। ਗੁਰਬਾਣੀ ਵਿਚ ਹੋਰਥੇ ਬੀ ਇਹ ਵਰਤਾਉ ਆਇਆ ਹੈ, ਯਥਾ:- 'ਏਕਾ ਖੋਜੈ ਏਕ ਪ੍ਰੀਤਿ'॥ (ਬਸੰ:ਮ:੫)। ਪੁਨਾ:- 'ਏਕੋ ਕਉ ਸਚੁ ਏਕਾ ਜਾਣੈ॥' (ਸਿ:ਗੋ:)। ਏਕੋ ਰਵਿ ਰਹਿਆ ਸਭ ਠਾਈ॥ (ਪ੍ਰਭਾ:ਮ:੧)। ਸੰਪ੍ਰਦਾ ਵਿਚ ਐਉਂ ਬੀ ਇਹੋ ਅਰਥ ਕਰਦੇ ਹਨ-ਮਾ-ਮਾਇਆ: ਈ-ਈਸ੍ਵਰ; ਅਰਥਾਤ-ਇਕੋ ਮਾਇਆ ਈਸ਼੍ਵਰ ਨਾਲ ਯੁਕਤ ਹੋ ਕੇ ਪ੍ਰਸੂਤ ਹੋਈ....। ਇਕ ਪੁਰਾਣੇ ਟੀਕਾਕਾਰ ਨੇ ਸੰਪ੍ਰਦਾਈ ਅਰਥ ਹੀ ਕੀਤੇ ਹਨ ਤੇ 'ਇਕ ਮਾਇਆ ਨੇ ਕਿਸੇ ਤਰਕੀਬ ਨਾਲ ਤਿੰਨ ਪਰਵਾਣ ਚੇਲਿਆਂ ਨੂੰ ਜਨਮ ਦਿਤਾ' ਬੀ ਅਰਥ ਕੀਤਾ ਹੈ, ਪਰ ਜੇ ਭਾਵ ਇਹ ਹੈ ਕਿ ਛੜੀ ਮਾਇਆ ਨੇ ਸ੍ਰਿਸ਼ਟੀ ਰਚ ਲਈ ਤਾਂ ਉਪਰ ਦੱਸੇ ਗੀਤਾ ਦੇ (੧੪-੩-੪ ਵਾਲੇ) ਪ੍ਰਮਾਣ ਦੇ ਅਨੁਕੂਲ ਨਹੀਂ ਤੇ ਨਾ ਹੀ ਗੁਰੂ ਆਸ਼ੇ ਦੇ ਅਨੁਕੂਲ ਹੈ। ਗੁਰੂ ਜੀ ਕਰਤਾ ਅਕਾਲ ਪੁਰਖ ਨੂੰ ਮੰਨਦੇ ਹਨ, ਮਾਇਆ ਉਸ ਬਿਨਾ ਆਪੇ ਰਚਨਾ ਨਹੀਂ ਰਚ ਸਕਦੀ। ਯਥਾ:- ਨਿਰੰਕਾਰਿ ਆਕਾਰੁ ਉਪਾਇਆ॥ ਮਾਇਆ ਮੋਹੁ ਹੁਕਮਿ ਬਣਾਇਆ॥ ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥ ਮਾਇਆ ਮਾਈ ਤ੍ਰੈ ਗੁਣ ਪਰਸੂਤ ਜਮਾਇਆ॥ (ਮਾਰੂ ਸੋਲਹੇ ਮ:੩)। ਅਰਥਾਤ ਮਾਇਆ ਹੁਕਮ ਨਾਲ ਬਣੀ ਅਤੇ ਕਰਤੇ ਨੇ ਮਾਇਆ ਨੂੰ ਪ੍ਰਸੂਤ ਕਰਕੇ ਤ੍ਰੈਗੁਣ ਪੈਦਾ ਕੀਤੇ।

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥**

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥**

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥**

**ਆਦੇਸੁ ਤਿਸੈ ਆਦੇਸੁ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥**

ਸੰਜੋਗ[੧] ਹੋਣ ਨਾਲ (ਮਾਯਾ) ਪ੍ਰਸੂਤ ਹੋਈ[੨], (ਉਸ ਤੋਂ) ਤਿੰਨ[੩] ਚੇਲੇ ਹੋਏ (ਜੋ) ਪ੍ਰਮਾਣੀਕ (ਦੇਵਤੇ ਮੰਨੇ ਜਾਂਦੇ ਹਨ, ਤਿੰਨਾਂ ਦੇ ਸਪੁਰਦ ਸ੍ਰਿਸ਼ਟੀ ਰਚਨਾ ਤੇ ਤ੍ਰੈ ਕੰਮ ਦਿਤੇ ਗਏ) ਇਕ ਬ੍ਰਹਮਾ, ਇਕ ਵਿਸ਼ਨੂੰ ਤੇ ਇਕ ਸ਼ਿਵਜੀ[੪], (ਪਰ ਓਹ ਸੁਤੰਤਰ ਕਾਰਕ ਨਹੀਂ ਹਨ) ਜਿਕੁਰ ਉਸ (ਏਕੇ=ਅਕਾਲ ਪੁਰਖ) ਨੂੰ ਭਾਉਂਦਾ ਹੈ, ਤਿੱਕੁਰ (ਉਨ੍ਹਾਂ ਚੇਲਿਆਂ ਨੂੰ) ਚਲਾਉਂਦਾ ਹੈ (ਤੇ ਓਹ ਕਰਦੇ ਹਨ) ਜਿੱਕੁਰ (ਉਸ ਏਕੇ=ਅਕਾਲ ਪੁਰਖ ਦਾ) ਹੁਕਮ ਹੁੰਦਾ ਹੈ[੫]। (ਫਿਰ) ਵੱਡਾ ਅਚਰਜ ਇਹ (ਦੇਖੋ ਕਿ) ਉਹ ਤਾਂ ਵੇਖਦਾ ਹੈ (ਉਨ੍ਹਾਂ ਤਿੰਨਾਂ ਨੂੰ ਪਰ ਆਪ) ਉਨ੍ਹਾਂ ਨੂੰ ਨਹੀਂ ਦਿੱਸਦਾ, (ਤਾਂਤੇ ਇਨ੍ਹਾਂ ਤਿੰਨਾਂ ਤੋਂ ਉਚੇ ਉਠੋ ਤੇ ਉਸ ਕਰਤਾਪੁਰਖ ਨੂੰ ਆਖੋ) ਨਮਸਕਾਰ ਹੈ, ਨਮਸਕਾਰ ਹੈ (ਸਾਡੀ) ਉਸਨੂੰ (ਜੋ ਸਭ ਦਾ) ਆਦਿ ਹੈ, (ਜੋ) ਪਵਿਤ੍ਰ ਹੈ, (ਜਿਸਦਾ) ਆਦਿ ਨਹੀਂ, ਜੋ ਨਾਸ਼ ਹੋਣ ਤੋਂ ਰਹਿਤ ਹੈ ਤੇ ਹਰ ਜੁਗ ਵਿਖੇ ਇਕ ਰਸ ਹੈ।

[੩੧]

ਜੋਗੀ ਸ਼ਿਵ ਦਾ ਆਸਨ ਸ਼ਿਵ ਲੋਕ ਵਿਚ ਮੰਨਦੇ ਹਨ, ਜਿਥੇ ਸਰਬ ਪ੍ਰਕਾਰ ਦੇ ਭੰਡਾਰ ਤੇ ਭੋਗ ਪੂਰਨ ਰਹਿੰਦੇ ਹਨ, ਜੋ ਉਥੇ ਪੁੱਜਣ ਵਾਲੇ ਜੋਗੀਆਂ ਨੂੰ ਖੁੱਲ੍ਹੇ ਮਿਲਦੇ ਦੱਸੀਦੇ ਹਨ। ਗੁਰੂ ਜੀ ਉਪਦੇਸ਼ ਦੇਂਦੇ ਹਨ ਕਿ ਸ਼ਿਵ ਆਦਿ ਦਾ ਰਚਣਹਾਰ ਜੋ ਆਦਿ ਅਨੀਲ ਹੈ ਤੇ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ, ਉਸਦਾ-

---

੧. ਜੁਗਤਿ, ਸੰਸ:ਯੁਕ੍=ਜੁੜਿਆ। ਯੁਕ੍ਤਿ=ਜੋੜ, ਸੰਜੋਗ, ਜੁੜਨ।

੨. ਭਾਵ ਇਹ ਹੈ ਕਿ ਅਚੇਤਨ ਮਾਯਾ ਨੂੰ ਨਿਰੰਕਾਰ ਨੇ ਆਪਣੀ ਚੇਤਨ ਸਤਜਾ ਨਾਲ ਸਤਜਾਵਾਨ ਕਰ ਦਿੱਤਾ, ਜਿਸ ਤੋਂ ਸ੍ਰਿਸ਼ਟੀ ਹੋਈ।

੩. 'ਮਾਇਆ ਮਾਈ ਤ੍ਰੈਗੁਣ ਪਰਸੂਤ ਜਮਾਇਆ'॥ ਸੋ ਬ੍ਰਹਮਾ ਕਰਤ੍ਰੀ ਸ਼ਕਤੀ ਵਾਲਾ ਹੋਣ ਤੇ ਰਜੋ ਗੁਣ, ਵਿਸ਼ਨੂੰ ਪੂਜਜ ਤੇ ਧਜਾਨ ਦਾ ਆਸਰਾ ਹੋਣ ਕਰਕੇ ਸਤੋ ਗੁਣ, ਸ਼ਿਵ ਮਾਰਨ ਤੇ ਸੰਘਾਰ ਆਦਿ ਸ਼ਕਤੀ ਕਰਕੇ ਤਮੋ ਗੁਣ।

੪. ਸੰਸਾਰੀ, ਭੰਡਾਰੀ, ਲਾਏ ਦੀਬਾਣੁ ਦੇ ਅਰਥ ਬ੍ਰਹਮਾ, ਵਿਸ਼ਨੂੰ, ਸ਼ਿਵ ਹੀ ਲਗਦੇ ਚਲੇ ਆਏ ਹਨ, ਪਰ ਵਿਤਪਤੀਆਂ ਵਿਚ ਫਰਕ ਹੈ। (ੳ) ਸੰਸਾਰੀ=ਬ੍ਰਹਮਾ, ਸੰਸਾਰ ਰਚਨੇ ਵਾਲਾ। ਭੰਡਾਰੀ-ਸ਼ਿਵ, ਜੋ ਭੰਡਾਰ ਭਰਨੇ ਵਿਚ ਪ੍ਰਸਿਧ ਹੈ। ਆਮ ਗੀਤਾਂ ਵਿਚ ਬੀ ਹੈ 'ਸ਼ਿਵ ਜੀ ਭਰੇਗਾ ਭੰਡਾਰ'। ਲਾਏ ਦੀਬਾਣ=ਜੋ ਦੀਵਾਨ ਲਾਉਂਦਾ ਹੈ ਸੋ ਵਿਸ਼ਨੂੰ (੧੭੫੮ ਬਿ:), (ਅ) ਸੰਸਾਰੀ=ਬ੍ਰਹਮਾ। ਭੰਡਾਰੀ=ਪਾਲਣਹਾਰ ਵਿਸ਼ਨੂੰ। ਲਾਏ ਦੀਬਾਣ=ਦੀਵਾਨ ਲਗਾਉਣੇ ਵਾਲਾ ਤੇ ਅੰਤ ਵਿਚ ਮੁਹਾਸਬਾ ਲੈਣ ਵਾਲਾ, ਭਾਵ ਮਹਾਂਦੇਵ (੧੮੫੨ ਬਿ:)। (ੲ) ਕਵੀ ਸੰਤੋਖ ਸਿੰਘ ਜੀ ਮੁਹਾਸਬਾ ਲੈਣੇ ਵਾਲਾ ਅਰਥ ਗ਼ਲਤ ਦੱਸਦੇ ਹਨ, ਸ਼ਿਵਜੀ ਕਿਸੇ ਸ਼ਾਸਤ੍ਰ ਵਿਚ ਮੁਹਾਸਬਾ ਲੈਣ ਵਾਲਾ ਨਹੀਂ ਦੱਸਿਆ ਤੇ ਅਪਣਾ ਅਰਥ ਕਰਦੇ ਹਨ-ਲਾਏ ਦੀ ਬਾਣ= ਲੈ ਕਰਨੇ ਦਾ ਮੁਭਾਵ ਹੈ ਜਿਸ ਦਾ, ਭਾਵ ਨਾਸ਼ ਕਰਨ ਵਾਲਾ-ਸ਼ਿਵਜੀ। (੧੮੮੬ ਬਿ:)। (ਸ) ਲਾਏ ਦੀਬਾਣ-ਸੰਹਾਰ ਕਰਤਾ। (ਭਾਈ ਮਨੀ ਸਿੰਘ)।

੫. ਯਥਾ-ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥(ਰਾਮ:ਵਾਰ ਮ:੩-੪)।


www.sikhbookclub.com

**ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੧॥**

ਆਸਣ (ਕੇਵਲ ਸ਼ਿਵ ਲੋਕ ਵਿਚ ਨਹੀਂ, ਤਿੰਨਾਂ ਹੀ ਲੋਕਾਂ ਵਿਚ ਨਹੀਂ ਸਗੋਂ) ਹਰੇਕ ਲੋਕ ਵਿਚ ਹੈ, (ਤੇ ਉਸ ਦੇ) ਭੰਡਾਰੇ ਬੀ ਹਰ ਲੋਕ ਵਿਚ ਹੈਨ। (ਉਨ੍ਹਾਂ ਭੰਡਾਰਿਆਂ ਵਿਚ) ਜੋ ਕੁਛ (ਉਸ ਨੇ) ਪਾਇਆ ਹੈ ਸੋ ਇਕੋ ਵਾਰ ਪਾ ਦਿਤਾ ਹੈ (ਭਾਵ, ਅਮੁੱਕ ਪਾ ਦਿੱਤਾ ਹੈ, ਜੋ ਸਦਾ ਲਈ ਕਾਫੀ ਹੈ)। (ਉਹ) ਸਿਰਜਣਹਾਰ (ਰਚਨਾ) ਰਚ ਰਚ ਕੇ (ਆਪਣੀ ਰਚੀ ਹੋਈ ਨੂੰ) ਦੇਖਦਾ ਹੈ[1]। (ਕਿਉਂਕਿ ਉਹ) ਆਪ ਸਤਜ (ਸਰੂਪ ਹੈ, ਜੋ ਉਸ) ਦੀ (ਕੀਤੀ) ਕਾਰ ਬੀ ਸੱਚੀ ਹੈ। (ਬਾਕੀ ਤੁਕਾਂ ਦਾ ਅਰਥ ਪਿੱਛੇ ਆ ਚੁੱਕਾ ਹੈ)।

[੩੨]

ਉਸ ਸਮੇਂ ਦੇ ਪਰਵਿਰਤ ਜੋਗ ਪੰਥੀਆਂ ਦਾ ਸੁਧਾਰ ਕਹਿ ਕੇ ਹੁਣ ਉਸ ਸਮੇਂ ਦੇ ਵਾਚ ਗਜਾਨੀਆਂ ਦੇ ਸੁਧਾਰ ਦਾ ਕਥਨ ਕਰਦੇ ਹਨ। ਅਜ ਕਲ ਦੇ ਵਾਚਜ ਗਜਾਨੀਆਂ ਵਾਂਙੂ ਤਦੋਂ ਬੀ ਨਿਰਾ ਅਹੰਬ੍ਰਹਮ ਕਹਿ ਕੇ ਆਪ ਈਸ਼੍ਵਰ ਬਣਨ ਵਾਲੇ ਗਜਾਨੀ ਹੈਸਨ। ਅਸਮਾਨਾਂ ਵਿਚ ਰਾਤੀ ਰੱਖਣ ਵਾਲੇ ਪੰਛੀ ਤੇ ਧਰਤੀ ਤੇ ਰੀਂਗਣ ਵਾਲੇ ਕੀਟ ਦੇ ਰੂਪਕ ਵਿਚ ਓਹਨਾਂ ਦਾ ਫਰਕ ਦਰਸਾਉਂਦੇ ਹਨ। ਅਤਿਸ਼ਜ ਕਰਕੇ ਜਗਦੀਸ਼੍ਵਰ ਦੇ ਨਾਮ ਸਿਮਰਣ ਵਿਚ ਲਗੇ ਹੋਏ ਜਗਜਾਸੂ 'ਪਤਿਬ੍ਰਤ ਇਸਤ੍ਰੀ' ਵਾਂਙੂ 'ਈਸ਼੍ਵਰ ਰੂਪ' ਪਤੀ ਦੇ ਦੁਆਰੇ ਅੱਪੜਦੇ ਹਨ ਪਰ ਉਹਨਾਂ ਨੂੰ ਪਤੀ ਦੀ ਪ੍ਰਾਪਤੀ ਉਸ ਦੀ ਨਦਰ ਨਾਲ ਹੁੰਦੀ ਹੈ। 'ਨਾਮ' ਤੇ 'ਨਦਰ' ਦੋ ਨੁਕਤੇ ਹਨ ਇਸ ਪਉੜੀ ਵਿਚ, ਜੋ ਜਗਜਾਸੂ ਨੂੰ ਦਰੁਸਤ ਅਰਥਾਂ ਵਿਚ ਉਸ ਅਵਸਥਾ ਵਿਚ ਲੈ ਜਾਂਦੇ ਹਨ ਜਿਸ ਨੂੰ ਜਗਤ ਦੇ ਈਸ਼੍ਵਰ ਨਾਲ ਇਕ-ਮਿਕ ਹੋ ਜਾਣਾ ਕਹਿੰਦੇ ਹਨ। 'ਇਕ ਦੂ...' ਤੋਂ ਲੈ ਕੇ '....ਇਕੀਸ' ਤਕ ਤਾਂ 'ਨਾਮ' ਦਾ ਜ਼ਿਕਰ ਹੈ, ਇਹ ਹੈ ਜਗਜਾਸੂ ਦਾ ਪਤੀ ਪਰਮੇਸ਼ਰ ਨਾਲ ਪ੍ਰੇਮ ਕਰਨਾ। ਫਿਰ ਹੈ 'ਨਦਰ'- 'ਨਾਨਕ ਨਦਰੀ ਪਾਈਐ' ਇਹ ਹੈ 'ਪਰਮੇਸ਼ਰ ਦਾ ਜਗਜਾਸੂ ਨਾਲ ਪ੍ਰੇਮ'। ਸਾਡੇ ਕੀਤੇ ਪ੍ਰੇਮ ਦੀ ਸਫਲਤਾ ਤਦੋਂ ਹੀ ਹੈ ਜਦੋਂ ਸਾਨੂੰ ਪਰਮ ਪੁਰਖ ਪਜਾਰ ਕਰਨ ਲਗ ਜਾਵੇ। ਯਥਾ- ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ (ਜਪੁਜੀ)। ਨਾਮ ਦਾ ਸਿਮਰਣ ਜਗਜਾਸੂ ਨੂੰ 'ਅੰਤ' ਦੀ ਸਰਹਦ ਉਤੇ ਲੈ ਜਾਂਦਾ ਹੈ, ਅਗੋਂ ਅਨੰਤ ਵਿਚ ਆਪੂੰ ਛਾਲ ਨਹੀਂ ਵਜਦੀ। ਓਥੋਂ ਤਾਂ 'ਅਨੰਤ' ਆਪਣੇ ਕਿਸੇ ਕ੍ਰਿਪਾ-ਕਟਾਖਜ ਨਾਲ ਖਿੱਚਦਾ ਹੈ। ਹਾਂ, ਇਹ ਮਿਹਰ ਵਾਲੇ ਦੀ ਮਿਹਰ ਦਾ ਕ੍ਰਿਸ਼ਮਾ ਹੈ, ਇਹ ਨਦਰ ਹੈ[2]।

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**

ਇਕ ਜੀਭ ਤੋਂ (ਸਾਡੀਆਂ) ਲੱਖ (ਜੀਭਾਂ) ਹੋ ਜਾਣ ਤੇ ਲਖ (ਜੀਭਾਂ) ਹੋ ਜਾਣ ਵੀਹ ਲਖ, (ਉਨ੍ਹਾਂ ਨਾਲ ਫੇਰ ਅਸੀਂ) ਲਖ ਲਖ ਵੇਰ ਜਗਤ ਦੇ ਮਾਲਕ (ਪਰਮੇਸ਼ੁਰ) ਦਾ ਇਕ ਨਾਮ

---

੧. 'ਦੇਖਣ' ਵਿਚ ਦੋ ਭਾਵ ਹਨ, ਸਾਖੀ ਹੋਕੇ ਦੇਖਦਾ ਹੈ, ਆਪ ਲੁਭਾਇਮਾਨ ਨਹੀਂ। ਉਸਦਾ ਦੇਖਣਾ ਦੀਸਣਹਾਰ ਦੀ ਪ੍ਰਤਿਪਾਲਾ ਤੇ ਮੁਕਤ ਹੋਣ ਤਕ ਸੰਭਾਲ ਨਮਿਤ ਹੈ।

੨. ਉਂਞ ਨਾਮ-ਜਪੁ ਬੀ ਉਸ ਦੀ ਮਿਹਰ ਨਾਲ ਹੀ ਹੁੰਦਾ ਹੈ।


www.sikhbookclub.com

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥**

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥**

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥**

ਲੈਂਦੇ ਰਹੀਏ[੧]। ਇਹ ਹੈ ਰਾਹ (ਜਿਸ ਵਿਚ) ਪਤੀ[੨] (ਦੇ ਮਹਲ) ਦੀਆਂ ਪਉੜੀਆਂ ਹਨ, (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼੍ਵਰ ਨਾਲ ਇਕ ਹੋਈਦਾ ਹੈ[੩]। (ਪਰੰਤੂ ਗੁਰਮੁਖਾਂ ਦੇ ਵਾਹਿਗੁਰੂ ਦਰ ਅੱਪੜ ਪੈਣ ਦੀਆਂ) ਅਰਸ਼ੀ ਗੱਲਾਂ ਸੁਣ ਕੇ (ਨਾਮ ਅਭਜਾਸ ਦੇ ਬਲ ਤੋਂ ਸੱਖਣੇ ਕਥਨੀ ਮਾਤ੍ਰ ਦੇ ਖੰਭਾਂ ਵਾਲੇ) ਕੀੜਿਆਂ ਨੂੰ ਰੀਸ ਆ ਜਾਂਦੀ ਹੈ (ਕਿ ਅਸੀਂ ਬੀ ਕੀਟ-ਪੰਖਾਂ ਨਾਲ ਅਕਾਸ਼ ਦੇ ਧੁਰ ਪੁੱਜ ਪਵਾਂਗੇ, ਪਰ) ਹੇ ਨਾਨਕ! (ਬ੍ਰਿਤੀ ਜਿਨ੍ਹਾਂ ਦੀ ਕੂੜੇ ਪਦਾਰਥਾਂ ਵਿਚ ਲੱਗ ਰਹੀ ਹੈ ਐਸੇ) ਕੂੜੇ (ਪੁਰਖਾਂ) ਦੀਆਂ ਗੱਪਾਂ ਕੂੜ ਹੀ ਹੁੰਦੀਆਂ ਹਨ, (ਜਗਤ ਦੇ ਈਸ ਨੂੰ ਤਾਂ ਉਸ ਦੀ) ਮਿਹਰ ਦ੍ਰਿਸ਼ਟੀ ਨਾਲ ਹੀ ਪਾਈਦਾ ਹੈ।

[੩੩]

ਪਿਛਲੀ ਪਉੜੀ ਵਿਚ 'ਨਾਮ ਤੇ ਨਦਰ' ਦਾ ਵਰਣਨ ਕੀਤਾ ਸੀ, ਇਸ ਪਉੜੀ ਵਿਚ ਦੱਸਦੇ ਹਨ ਕਿ 'ਨਾਮ ਤੇ ਨਦਰ' ਦਾ ਮਾਰਗ 'ਜ਼ੋਰ' ਦਾ ਮਾਰਗ ਨਹੀਂ[੪], ਜਿਸ ਤੋਂ ਇਹ ਵਿਦਿਤ ਹੁੰਦਾ ਹੈ ਕਿ ਇਹ 'ਸਹਿਜ ਦਾ ਮਾਰਗ' ਹੈ। ਜ਼ੋਰ ਨਾਲ ਜੋ ਪ੍ਰਾਪਤੀ ਲੋੜੀਂਦੀ ਹੈ ਉਹ ਆਪਣੇ ਹੀ ਮਨੋਰਥ ਦੇ

---

੧. ਵਾਹਿਗੁਰੂ ਦਾ ਨਾਮ ਜਪ ਇਹ ਮਾਰਗ ਹੈ, ਜਿਸ ਵਿਚ ਸਦੀਵ ਰੁੱਝੇ ਰਹਿਣਾ ਚਾਹੀਏ। ਜੋ ਰੁੱਝੇ ਹਨ ਦੱਸਦੇ ਹਨ ਕਿ ਇਕ ਜੀਭ ਕਾਫੀ ਨਹੀਂ, ਲੱਖਾਂ ਹੀ ਹੋਣ ਤੇ ਲੱਖਾਂ ਗੇੜ ਆਉਣ ਉਸ ਦੇ, ਐਸੀ ਬਾਹੁਲਤਾ ਨਾਲ ਇਸ ਵਿਚ ਰੁੱਝੀਏ। ਜਦੋਂ ਮਨ ਤਨ ਇਸ ਸਿਮਰਨ ਵਿਚ ਰਚ ਜਾਂਦੇ ਹਨ ਤਦੋਂ ਰੋਮ ਰੋਮ ਵਿਚ ਨਾਮ ਦਾ ਅਹਿਸਾਸ ਹੋ ਆਉਂਦਾ ਹੈ। ਮਾਨੋ ਹਰ ਰੋਮ ਜਿਹਵਾ ਹੋ ਗਿਆ ਹੈ- ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ॥ (ਵਾਰ ਸਾਰੰਗ ਮ:੪-੨੫)। ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਰਾਮ:ਸਿਧ ਗੋ:੨੭)

ਇਥੇ ਉਪਦੇਸ਼ ਲੱਖਾਂ ਜੀਭਾਂ ਨਾਲ ਜਪਣੇ ਦੀ ਨਿਖੇਧੀ ਦਾ ਨਹੀਂ, ਸਗੋਂ ਵਿਧੀ ਦਾ ਹੈ। ਜੈਸੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:- ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਲਖ ਬੀਸ॥ ਜਪਿ ਹਰਿ ਹਰਿ ਸਬਦਿ ਜਪੀਸ॥ ਹਰਿ ਹੋ ਹੋ ਕਿਰਪੀਸ॥੧॥ਰਹਾਉ॥ ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ ਹਰਿ ਜਪਿ ਜਪੇ ਜਪੁ ਜਾਪਉ ਜਗਦੀਸ॥ (ਕਾਨੜਾ ਮ:੪-੮/੧੨੯੬)। ਪੁਨਾ: ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥ (ਸੂਹੀ ਮ:੫ ਛੰਤ ੬/੭੮੦)

੨. ਪਤਿ=ਪਤੀ, ਭਾਵ ਜਗਤ ਦਾ ਈਸ। ਅਕਾਲ ਪੁਰਖ। (ਅ) ਪਤਿ ਪਵੜੀਆ ਦਾ ਅਰਥ ਸਨਮਾਨ ਦੀਆਂ ਪਉੜੀਆਂ ਬੀ ਕਰ ਲੈਂਦੇ ਹਨ।

੩. ਇਕੀਸ=ਇਕ+ਈਸ=ਇਕ ਈਸ਼੍ਵਰ। (ਅ) ਐਉਂ ਬੀ ਅਰਥ ਲਾਉਂਦੇ ਹਨ। ਵੀਹ ਵਿਸਵੇ ਦਾ ਕਨਾਲ ਹੁੰਦਾ ਹੈ। ਸੋ ਗਿਣਤੀ ਵੀਹ ਤੱਕ ਹੈ, ਜਦ ੨੦ ਤੋਂ ਲੰਘ ਗਏ ਗਿਣਤੀ ਤੋਂ ਅਣਗਿਣਤ ਵਿਚ ਪਹੁੰਚ ਗਏ। (ੲ) ੨੦ ਅੰਸ਼ ਜਗਤ ਤੇ ਇੱਕੀਵਾਂ ਤੁਰੀਆ, ਸੋ ਇਕ ਈਸ਼ਰ ਨਾਲ ਮਿਲ ਜਾਣ ਦਾ ਯਾ ਸ਼ੁਮਾਰ ਤੋਂ ਬੇਸ਼ੁਮਾਰ ਵਿਚ ਚਲੇ ਜਾਣ ਦਾ ਯਾ ਵੀਹ (ਜਗਤ) ਲੰਘ ਕੇ ਇਕੀਸ (ਤੁਰੀਆ) ਵਿਚ ਅੱਪੜਨ ਦਾ-ਤ੍ਰੈਹਾਂ ਦਾ-ਭਾਵ ਹੈ ਅਨੰਤ ਦੀ ਪ੍ਰਾਪਤੀ, ਪਰਮਾਤਮਾ ਦਾ ਮੇਲ।

੪. ਇਕ ਜੋਰ 'ਹਉਂ' ਦੇ ਆਸਰੇ ਹੁੰਦਾ ਹੈ। ਇਸ ਪਉੜੀ ਵਿਚ ਉਸ ਦੀ ਨਿਸਫਲਤਾ ਦੱਸੀ ਹੈ। ਇਕ ਜੋਰ 'ਆਤਮ ਬਲ' ਦਾ ਨਾਮ ਹੈ। ਯਥਾ-ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ:੫-੧੬੯)। ਪੁਨਾ: ਕਰਮ ਖੰਡ ਕੀ ਬਾਣੀ ਜੋਰੁ॥ (ਜਪੁਜੀ)। ਪੁਨਾ-ਤਿਥੈ ਜੋਧ ਮਹਾ ਬਲ ਸੂਰ॥(ਜਪੁਜੀ।)

ਉਲਟ ਜਾਂਦੀ ਹੈ। ਕੁਛ ਐਸ ਤਰ੍ਹਾਂ ਕਿ ਜਿਸ ਤਰ੍ਹਾਂ ਜ਼ੋਰ ਲਾ ਲਾ ਕੇ ਸੌਣਾ ਚਾਹੀਏ ਤਾਂ ਸਗੋਂ ਨੀਂਦ ਨਹੀਂ ਆਉਂਦੀ, ਨੀਂਦ ਤਾਂ ਕਿਸੇ ਸਹਿਜ ਭਾਵ ਵਿਚ ਗਿਆਂ ਆਉਂਦੀ ਹੈ। ਇਸ ਤਰ੍ਹਾਂ ਸੁਰਤ ਦੇ ਕੰਮ ਸਿਮਰਣ, ਗਯਾਨ ਤੇ ਵੀਚਾਰ ਆਦਿ ਸਭੇ ਸਹਿਜ ਦੇ ਭਾਵ ਨਾਲ ਸਫਲ ਹੁੰਦੇ ਹਨ, ਯਥਾ:- ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ (ਆਸਾ ਮ:੩-੩੫)। ਪੁਨਾ-ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥ (ਸਿਰੀ:ਮ:੩/੬੮)। ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥ (ਸਿਰੀ:ਮ:੧ ਅਸ਼ਟ-੩)। ਪੁਨਾ-ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ (ਸਿਰੀ:ਮ:੩ ਅਸ਼ਟ-੨੩)। ਸੋ 'ਜੋਰ ਨ' ਕਹਿਣ ਤੋਂ ਮੁਰਾਦ 'ਸਹਜ ਮਾਰਗ' ਦੀ ਹੈ, ਇਸ ਲਈ ਆਪ ਫੁਰਮਾਉਂਦੇ ਹਨ:-

(ਅਰਥ ਤੀਸਰੀ ਤੁਕ ਤੋਂ ਤੁਰੇਗਾ)

**ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥**

੩. (ਪ੍ਰਤੱਖ ਦੇਖੋ ਭਾਈ! ਇਨਸਾਨ ਦੇ) ਜੀਉਣ ਵਿਚ (ਉਸ ਦਾ) ਜ਼ੋਰ (ਸਫ਼ਲ) ਨਹੀਂ, ਮਰਨੇ ਵਿਚ ਜ਼ੋਰ (ਸਫ਼ਲ) ਨਹੀਂ[1]। ੧. (ਇਸੀ ਤਰ੍ਹਾਂ ਉਸ ਜੀਉਣ ਸੰਬੰਧੀ-ਜੋ ਜ਼ੋਰ ਦੀ ਖੇਡ ਨਹੀਂ ਹੈ-ਹੋਰ ਗੱਲਾਂ ਬੀ ਜ਼ੋਰ ਦੇ ਵੱਸ ਨਹੀਂ ਹਨ, ਜਿਵੇਂ) ਆਖਣ ਵਿਚ ਕਿ ਚੁੱਪ ਧਾਰਨ ਵਿਚ (ਦੋਹਾਂ ਵਿਚ) ਜ਼ੋਰ (ਸਫ਼ਲ) ਨਹੀਂ[2]। ੨. ਮੰਗਣੇ ਵਿਚ ਜ਼ੋਰ (ਸਫ਼ਲ) ਨਹੀਂ, ਦੇਣ ਵਿਚ ਜ਼ੋਰ (ਸਫ਼ਲ) ਨਹੀਂ[3]। ੪. ਐਸ਼੍ਵਰਜ ਤੇ ਮਾਲ ਧਨ ਦੀ (ਪ੍ਰਾਪਤੀ) ਵਿਚ ਜ਼ੋਰ (ਸਫ਼ਲ) ਨਹੀਂ (ਜਿਸ ਲਈ ਕਿ) ਮਨ ਵਿਚ ਖ਼ਬਤ ਲਗਾ ਰਹਿੰਦਾ ਹੈ[4]। ੫. (ਤਿਵੇਂ ਹੀ ਸਮਝ ਲਓ ਕਿ ਨਾਮ ਸਿਮਰਣ ਆਦਿ) ਸੁਰਤ ਦੇ (ਕੰਮਾਂ ਵਿਚ) ਗਯਾਨ ਤੇ ਵੀਚਾਰ ਆਦਿ ਵਿਚ ਬੀ ਜ਼ੋਰ (ਸਫ਼ਲ) ਨਹੀਂ[5]। ੬. (ਅਤੇ ਜਿਸ) ਜੁਗਤਿ ਨਾਲ ਸੰਸਾਰ (ਸਾਥੋਂ) ਛੁੱਟ ਸਕੇ (ਉਸ ਵਿਚ ਬੀ) ਜ਼ੋਰ (ਸਫ਼ਲ) ਨਹੀਂ[6]। ੭. [7]ਜਿਸਦੇ (ਖ਼ਯਾਲ ਵਿਚ ਉਸ ਦੇ ਅਪਣੇ) ਹੱਥ

---

੧. ਸਹਜੇ ਆਵੈ ਸਹਜੇ ਜਾਇ॥ (ਗਉ:ਮ:੧/੧੫੨)। ਪੁਨਾ: ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (ਵਾਰ ਮਾਝ ਮ:੧-੧੫)

੨. ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ (ਸਿਰੀ:ਮ:੩/੬੮): ਪੁਨਾ:- ਸਹਜੇ ਚੁਪ ਸਹਜੇ ਹੀ ਜਪਨਾ॥(ਗਉੜੀ ਮ:੫/੨੩੬)। ਪੁਨਾ-ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾ ਮ:੫ ਅਸ਼ਟ-੨) ਪੁਨਾ- ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ॥ (ਬਸੰ:ਮ:੩/੧੧੭੬)

੩. ਮਨੁ ਤਨੁ ਦੇ ਲੈ ਸਹਜਿ ਸੁਭਾਇ॥ ਨਾਨਕ ਤਿਨ ਕੈ ਲਾਗਉ ਪਾਇ॥ (ਗਉ;ਮ:੧-੬)

੪. ਰਾਜ ਮਾਲ ਅਪਨੇ ਵਸ ਨਹੀਂ- ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ॥ (ਵਾਰ ਮਾਝ ਮ:੧-੧੫)। ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉ:ਮ:੫/੨੩੬)। ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥ (ਬਿਲਾ: ਮ:੫/੮੨੮)।

੫ ਸਹਜੇ ਅੰਮ੍ਰਿਤੁ ਪੀਓ ਨਾਮੁ॥ (ਗਉ:ਮ:੫-੨੩੭) ਪੁਨਾ-ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥(ਸਿਰੀ;ਮ:੩/੬੮) ਸਹਜੇ ਅਦਿਸਟ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ (ਸਿਰੀ:ਮ:੩/੬੮)। ਸਹਜੇ ਸਹਜੇ ਮਿਲਿ ਰਹੈ ਅਮਰਾ ਪਦ ਪਾਵੈ॥ (ਤਿਲੰ:ਮ:੧)

੬. ਸਹਿਜ ਸਮਾਵੈ ਤਾ ਹਰਿ ਮਨ ਭਾਵੈ ਸਦਾ ਅਤੀਤੁ ਬੈਰਾਗੀ॥ (ਧਨਾ:ਮ:੪)। ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉ;ਮ:੫/੨੩੬)।

੭. (ੳ) ਜਿਸ ਪਰਮੇਸ਼ੁਰ ਦੇ ਹੱਥ ਵਿਚ ਜ਼ੋਰ ਹੈ ਉਹ ਜ਼ੋਰ ਕਰਦਾ ਪਿਆ ਵੇਖਦਾ ਹੈ (ਸੰਮ੍ਹਾਲਦਾ ਹੈ)। (ਸੰਪ੍ਰ:)

**ਨਾਨਕ ਉਤਮੁ ਨੀਚੁ ਨ ਕੋਇ॥੩੩॥** | ਵਿਚ (ਐਸਾ) ਜ਼ੋਰ ਹੈ ਉਹ (ਜ਼ੋਰ) ਕਰਕੇ ਵੇਖ ਲਵੇ[1]। ੯. ਹੇ ਨਾਨਕ (ਸੱਚ ਤਾਂ ਇਹੋ ਹੈ ਕਿ ਜ਼ੋਰ ਨਾਲ) ਉਤਮ ਕਿ ਨੀਚ ਕੋਈ ਨਹੀਂ (ਕੁਛ ਬਣ ਸਕਦਾ[2])।

ਭਾਵ- ਇਸ ਪਉੜੀ ਵਿਚ ਗੁਰੂ ਜੀ ਨੇ 'ਜੋਰੁ ਨ ਜੀਵਣਿ ਮਰਣਿ ਨਹ ਜੋਰੁ' ਆਖ ਕੇ ਇਕ ਪ੍ਰਤੱਖ ਵਰਤ ਰਹੀ ਸਚਿਆਈ ਦੱਸੀ ਹੈ। ਇਸ ਤੋਂ ਸਮਝ ਪਈ ਕਿ ਜਦ ਜੰਮਣ ਤੇ ਮਰਣ ਵਿਚ ਜ਼ੋਰ ਨਹੀਂ ਤਾਂ ਇਸ ਦੇ ਜੀਵਣ ਸੰਬੰਧੀ ਕਰਤੱਵਜ ਆਦਿ ਹੋਰ ਗੱਲਾਂ ਵਿਚ ਜੋ ਜੰਮਣ ਤੇ ਮਰਣ ਦੇ ਵਿਚਕਾਰ ਹਨ ਬੀ ਜ਼ੋਰ ਸਫਲ ਨਹੀਂ। ਇਹ 'ਅਰਥਾਂਤਰ ਨਜਾਸ ਅਲੰਕਾਰ' ਦਾ ਤ੍ਰੀਕਾ ਵਰਤਿਆ ਹੈ। ਇਥੇ 'ਜੀਵਣ ਮਰਣ ਜ਼ੋਰ ਦੇ ਵੱਸ ਨਹੀਂ' ਸਾਮਾਨਜ ਅਰਥ ਸੁਤੇ ਸਿੱਧ ਹੈ, ਇਸ ਤੋਂ ਵਿਸ਼ੇਸ਼ ਅਰਥ ਇਹ ਸਮਰਥਨ ਕੀਤਾ ਗਿਆ ਹੈ ਕਿ ਜੀਵਣ ਦੇ ਹਰ ਕਾਰਯ ਆਖਣ, ਚੁੱਪ, ਮੰਗਣ, ਦੇਣ, ਧਨ ਪ੍ਰਾਪਤੀ, ਊਚ ਨੀਚ ਹੋਣਾ ਆਦਿ ਬੀ ਜ਼ੋਰ ਦੇ ਵੱਸ ਨਹੀਂ ਹਨ। ਤਾਂ ਤੇ ਸੁਰਤ ਦੇ ਕਾਰਯ ਗਜਾਨ ਆਦਿ ਬੀ ਜ਼ੋਰ ਨਾਲ ਸਫਲਦੇ ਨਹੀਂ, ਏਹ ਸਹਜ ਵਿਚ ਸਫਲਦੇ ਹਨ। ਦੇਖੋ ਜੇ ਕੋਈ ਹਠ ਨਾਲ ਚੁਪ ਧਾਰੇ ਤਾਂ ਅੰਦਰ ਕਲਪਨਾ ਟੁਰੀ ਰਹਿੰਦੀ ਹੈ, ਚੁੱਪ ਨਹੀਂ ਵਰਤਦੀ। ਪਰ ਜੇ ਨਾਮ ਦੇ ਰਸਤੇ ਸਹਜ ਵਿਚ ਆ ਜਾਵੇ ਤਾਂ ਅੰਦਰ ਟਿਕਾਉ ਹੋ ਜਾਂਦਾ ਹੈ, ਬਾਹਰ ਬੋਲ ਚਾਲ ਵਿਚ ਸੰਜਮ ਆ ਜਾਂਦਾ ਹੈ। ਜਿਵੇਂ ਜ਼ੋਰ ਨਾਲ ਕੋਈ ਬੋਲੇ ਤਾਂ ਰਸ ਨਹੀਂ ਪੈਂਦਾ। ਜੇ ਜ਼ੋਰ ਨਾਲ ਕਥਾ ਵਖਜਾਣ ਕਰੇ, ਕਿ ਕਵਿਤਾ ਕਹੇ ਤਾਂ ਰਸਹੀਨਤਾ ਫਲ ਹੁੰਦਾ ਹੈ। ਜ਼ੋਰ ਨਾਲ ਨਾਮ ਜਪੇ ਤਾਂ ਰਸ ਨਹੀਂ ਪੈਂਦਾ-ਸਹਜੇ ਗਾਵਿਆ ਥਾਇ ਪਵੈ (ਸਿਰੀ:ਮ:੩)-ਵਾਕ ਹੈ।

ਜ਼ੋਰ ਨਾਲ ਮੰਗਣਾ-ਅਰਥਾਤ ਭਿੱਖੂ ਬਣਨੇ ਲਈ ਬੀ ਅੰਦਰ ਸਹਜ ਦੀ ਥਾਪਨਾ ਦੀ ਲੋੜ ਹੈ, ਹਠ ਬ੍ਰਿਤੀ ਨਾਲ ਬਣੇ ਹੋਏ ਭਿੱਖੂ ਦੇ ਅੰਦਰ ਸੰਤੋਖ ਨਹੀਂ ਉਪਜਦਾ। ਦਾਨ ਕਰਨ ਵਿਚ ਸਹਜ ਦੀ ਲੋੜ ਹੈ, ਹਠ ਨਾਲ ਕੀਤਾ ਦਾਨ ਮਨ ਨੂੰ ਨਿਰਮਲ ਨਹੀਂ ਕਰਦਾ। ਜੰਮਣਾ, ਜੀਉਣਾ, ਮਰਣਾ ਅਪਣੇ ਜ਼ੋਰ ਦੇ ਵੱਸ ਨਹੀਂ, ਇਹ ਸੁਤੇ ਹੀ ਸਹਜ ਸੁਭਾ ਹੁੰਦਾ ਰਹਿੰਦਾ ਤੇ ਮੁਕਦਾ ਹੈ। ਕਾਮਯਾਬ ਰਾਜਾ ਯਾ ਧਨੀ ਬਣਨ ਲਈ ਬੀ ਅੰਦਰ ਇਕ ਸਹਜ ਭਾਵ ਦੇ ਆ ਜਾਣ ਦੀ ਲੋੜ ਹੈ। ਜੋਰ ਧੱਕੇ ਵਾਲੇ ਰਾਜੇ ਤੇ ਧਨੀ ਜਿਸ ਪ੍ਰਯੋਜਨ ਲਈ ਰਾਜ ਤੇ ਧਨ ਕੱਠਾ ਕਰਦੇ ਹਨ ਉਹ ਪ੍ਰਯੋਜਨ ਅਸਫਲ ਹੋ ਜਾਂਦਾ ਹੈ। ਰਾਜ ਤੇ ਧਨ ਸੁਖ ਭੋਗਣ ਲਈ ਲੱਭੀਦਾ ਹੈ, ਪਰ ਜ਼ੋਰ ਹਠ ਵਾਲੇ ਰਾਜੇ ਤੇ ਧਨੀ ਦਾ ਅੰਦਰ ਖੋਲਰ ਵਿਚ ਰਹਿੰਦਾ ਹੈ। ਖੋਲਰ ਵਾਲਾ ਮਨ ਸੁਖੀ ਨਹੀਂ ਹੋ ਸਕਦਾ। ਪ੍ਰਜਾ ਨੂੰ ਯਾ ਗ਼ਰੀਬਾਂ ਨੂੰ ਸੁਖ ਦੇਣ ਦਾ ਮਨੋਰਥ ਬੀ ਰਾਜੇ ਤੇ ਧਨੀ ਦਾ ਸਹਜ ਵਿਚ ਸਫਲ ਹੁੰਦਾ ਹੈ, ਜ਼ੋਰ ਹਉਂ ਵਿਚ ਸਫਲ ਨਹੀਂ ਹੁੰਦਾ।

ਸੁਰਤ ਦੇ ਗਜਾਨ ਵੀਚਾਰ ਅਰਥਾਤ ਪਰਮਾਰਥ ਦੀ ਸਫਲ ਪ੍ਰਾਪਤੀ ਤਾਂ ਹੈ ਹੀ ਸਹਜ। ਹਠ ਆਸਰੇ ਕੀਤੇ ਆਤਮਿਕ ਸਾਧਨ ਹਉਂ ਵਿਚ ਹੀ ਰਖਦੇ ਹਨ। ਜਦੋਂ ਅੰਦਰਲਾ ਟਿਕਾਉ ਸੁਭਾਵਭੂਤ ਹੋ ਕੇ ਆਤਮ ਰੰਗ ਵਿਚ ਨਿਰਯਤਨ ਰਖਦਾ ਹੈ ਤਦੋਂ ਸਹਜ ਦੀ ਅਵਸਥਾ ਹੁੰਦੀ ਹੈ ਤੇ ਉਹ ਸੁਖ ਰੂਪ ਹੁੰਦੀ ਹੈ। ਜਿਵੇਂ ਤਾਰੂ ਦੀ ਮੁਰਦਾ ਤਾਰੀ ਉਸ ਨੂੰ ਨਿਰਯਤਨ ਤਾਰੀ ਵਿਚ ਲਈ ਜਾਂਦੀ ਹੈ। ਹਠ ਬ੍ਰਿਤੀ ਨਾਲ ਸੰਸਾਰ ਛੱਡ ਕੇ ਜੋ ਤੀਰਥਾਂ ਯਾ ਬਨਾਂ ਵਿਚ ਚਲੇ ਜਾਂਦੇ ਹਨ, ਸੰਸਾਰ ਤੋਂ ਛੁਟਦੇ ਨਹੀਂ, ਬ੍ਰਿਤੀ ਸੰਸਾਰਾਕਾਰ ਰਹਿੰਦੀ ਹੈ, ਸੰਕਲਪ ਵਿਕਲਪ ਦਾ ਪ੍ਰਵਾਹ ਜਗਤ ਨਾਲ ਬੰਨ੍ਹੀ ਰਖਦਾ ਹੈ।

ਇਮ ਤਰ੍ਹਾਂ ਹਠ ਨਾਲ ਉਤਮ ਬਨਿਆ ਅੰਦਰਲਾ ਉਤਮਤਾ ਵਿਚ ਵਟੀਜ ਨਹੀਂ ਜਾਂਦਾ, ਨੀਚਤਾ ਅੰਦਰ ਵਸਦੀ ਰਹਿੰਦੀ ਹੈ ਤੇ ਦਾਉ ਪਾ ਪਾ ਕੇ ਨਿਕਲਦੀ ਰਹਿੰਦੀ ਹੈ। ਜੇ ਕੋਈ ਉਤਮ ਹੋਵੇ

---

੧. ਇਸ ਕਾ ਬਲੁ ਨਾਹੀ ਇਸੁ ਹਾਥ॥ (ਸੁਖਮਨੀ)। ਪੁਨਾ:- ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥(ਗਉ:ਮ:੫-੧੬੯)

੨. ਨੀਚਹੁ ਊਚ ਕਰੈ ਮੇਰਾ ਗੋਬਿੰਦੁ॥ (ਮਾਰੂ ਰਵਿ:੧੧੦੬)। ਹੁਕਮੀ ਉਤਮੁ ਨੀਚੁ (ਜਪੁਜੀ। ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ॥ (ਬਿ:ਮ:੫-੫੦)


www.sikhbookclub.com

ਤੇ ਜੋਰ ਲਾਵੇ ਨੀਚ (ਨਿਰਮਾਣ ਸੇਵਕ) ਹੋਣ ਦਾ ਤਾਂ ਭੀ ਸੰਭਵ ਨਹੀਂ। ਸੋ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਅਵਸਥਾ ਅਸੀਂ ਚਾਹੁੰਦੇ ਹਾਂ ਸਿੱਖ ਦੇ ਅੰਦਰ ਪੈਦਾ ਹੋਵੇ ਉਹ ਸਹਿਜ ਦੀ ਹੈ। 'ਨਾਮ' ਤੇ 'ਨਦਰ' ਸਹਜ ਮਾਰਗ ਦੀਆਂ ਵਸਤਾਂ ਹਨ।

[੩੪] [ਧਰਮ ਖੰਡ]

੩੩ ਪਉੜੀਆਂ ਵਿਚ ਅਕਾਲ ਪੁਰਖ ਦਾ ਸਰੂਪ, ਉਸ ਦੀ ਪ੍ਰਾਪਤੀ ਦੇ 'ਅੰਤ੍ਰੀਵ ਸਾਧਨ' (ਨਾਮ ਸਿਮਰਣ, ਗੁਣ ਗਾਯਨ ਆਦਿ) ਫਿਰ ਦ੍ਰਿਸ਼ਟਮਾਨੀ ਵਿਸ਼ਾਲਤਾ ਤੇ ਸੁੰਦਰਤਾ ਆਦਿ ਤੋਂ ਸਿਫਤ ਸਲਾਹੀ ਰੰਗ ਲੈ ਕੇ ਕਰਤੇ ਵਿਚ ਸਮਾਏ ਰਹਿਣ ਦੇ 'ਬਹਿਰੰਗ ਸਾਧਨ' ਵਰਣਨ ਹੋ ਚੁੱਕੇ ਹਨ। ਇਸ ਆਤਮਕ ਇਮਾਰਤ ਨੂੰ ਉੱਚੇ ਸੁੱਚੇ ਆਚਰਨ ਦੀਆਂ ਨੀਹਾਂ ਤੇ ਉਸਾਰਨ ਦੀ ਸਿਖਜਾ ਬੀ ਆ ਚੁੱਕੀ ਹੈਸੀ। ਫਿਰ ਇਸ ਸਮੇਂ ਦੇ ਪਰਵਿਰਤ ਸਾਧਨ, ਜੋ ਵਿਗੜ ਚੁਕੇ ਸੇ, ਯਾ ਅਲਪ ਗੁਣ ਵਾਲੇ ਸੇ, ਯਾ ਗ਼ਲਤ ਨੀਹਾਂ ਤੇ ਬਣੇ ਹੋਏ ਸੇ, ਸੋ ਜਗ੍ਹਾ ਜਗ੍ਹਾ ਦਿਖਲਾਏ ਜਾ ਚੁਕੇ ਹਨ ਤੇ ਇਨ੍ਹਾਂ ਤੋਂ ਚੁਕ ਕੇ ਈਸ਼੍ਵਰ ਪਰਾਇਣਤਾ ਵਿਚ ਨਦਰ ਦੀ ਸੇਧ ਹੇਠ ਟਿਕੇ ਰਹਿਣਾ ਬੀ ਵਰਣਨ ਹੋ ਚੁਕਾ ਹੈ। ਹੁਣ ਪਉੜੀ ੩੪ ਵਿਚ ਨਵਾਂ ਵਿਖਯ ਚਲਦਾ ਹੈ। ਇਸ ਵਿਚ ਧਰਤੀ ਨੂੰ ਜੀਵਾਂ ਦੇ ਰਹਿਣ ਦਾ ਥਾਂ ਤੇ ਇਥੇ ਵਸਦੇ ਜੀਵਾਂ ਨੂੰ 'ਕਰਮ ਕਰਨ ਹਾਰ' ਦੱਸਿਆ ਹੈ, ਇਸ ਧਰਤੀ ਨੂੰ 'ਧਰਮ ਖੰਡ' ਆਖਿਆ ਹੈ। ਧਰਮ ਨਾਮ ਹੈ ਐਸੀਆਂ ਕਰਨੀਆਂ ਦਾ ਜੋ ਸੰਸਾਰ ਵਿਚ ਸ਼ੁਭ ਹੋਣ ਤੇ ਪ੍ਰਲੋਕ ਵਿਚ ਸਦਗਤੀ ਦੇਣ। ਇਸ ਅੱਧੀ ਪਉੜੀ ਵਿਚ ਦੱਸਿਆ ਹੈ ਕਿ ਜੀਵਾਂ ਦੀ ਵੀਚਾਰ ਉਨ੍ਹਾਂ ਦੇ ਆਪੋ ਆਪਣੇ ਕਰਮਾਂ ਦੇ ਅਨੁਸਾਰ ਹੁੰਦੀ ਹੈ, ਕਿੱਥੇ? ਤਾਂ (ਅਗਲੀ ਅੱਧੀ ਪੌੜੀ ਵਿਚ) ਫੁਰਮਾਉਂਦੇ ਹਨ ਕਿ ਸਰੀਰ ਤਯਾਗ ਜਾਣ ਦੇ ਬਾਦ-ਨਾਨਕ ਗਇਆ ਜਾਪੈ ਜਾਇ- ਜਿਥੇ ਸੱਚਾ (ਵਾਹਿਗੁਰੂ) ਆਪ ਹੈ ਤੇ ਉਸ ਦਾ ਦਰਬਾਰ ਹੈ (ਸਚਾ ਆਪਿ ਸਚਾ ਦਰਬਾਰੁ), ਓਥੇ ਜੀਵਾਂ ਦੇ ਕੀਤੇ ਕਰਮਾਂ ਤੇ ਕਮਾਏ ਧਰਮਾਂ ਦੀ ਕਚਿਆਈ ਪਕਿਆਈ ਦੀ ਜਾਂਚ ਪੜਤਾਲ ਹੁੰਦੀ ਹੈ। ਓਥੇ ਸੁਭਾਇਮਾਨ ਕੌਣ ਹੁੰਦੇ ਹਨ? ਉਤਰ ਹੈ 'ਪੰਚ ਪਰਵਾਣੁ', ਜਿਨ੍ਹਾਂ ਤੇ ਮਿਹਰ ਦ੍ਰਿਸ਼ਟੀ ਵਾਲੇ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਤੇ ਨਿਸ਼ਾਨ ਪੈਂਦਾ ਹੈ ਕਿ ਇਹ ਬਖਸ਼ੇ ਗਏ ਹਨ, ਹੁਣ ਕਾਲ ਚੱਕ੍ਰ ਇਨ੍ਹਾਂ ਤੇ ਨਹੀਂ ਪੈ ਸਕਦਾ 'ਬਖਸਿ ਲੀਏ ਨਾਹੀ ਜਮ ਕਾਣੇ॥' (ਬਸੰਤ ਮ:੧)।

ਇਸ ਵਰਣਨ ਤੋਂ ਬਾਦ ਢਾਈ ਪਉੜੀਆਂ ਲੰਘ ਕੇ ੩੭ਵੀਂ ਦੇ ਅੱਧ ਵਿਚ ਫਿਰ ਉਸ ਟਿਕਾਣੇ ਦਾ ਵਰਣਨ ਆਉਂਦਾ ਹੈ ਜਿਸ ਨੂੰ ਇਥੇ 'ਸੱਚਾ ਦਰਬਾਰ' ਕਿਹਾ ਹੈ, ਉਸ ਨੂੰ ਓਥੇ 'ਸਚਖੰਡ' ਆਖਿਆ ਹੈ। ਸਚਖੰਡ ਦਾ ਵਰਣਨ ਜੋ ਪਉੜੀ ੩੭ ਵਿਚ ਹੈ ਉਹ ਨਿਰੰਕਾਰ (ਨਿਰਗੁਣ) ਪਰਮਾਤਮ ਦੇਵ ਦਾ ਵੱਸਣ-ਥਾਉਂ[੧] ਦੱਸਿਆ ਹੈ। ਗਲ ਕੀਹ ਪਉੜੀ ੩੪ (ਦੇ ਅੱਧ) ਵਿਚ ਆਕਾਰ ਵਾਲੀ ਧਰਤੀ ਤੇ ਆਕਾਰ ਵਾਲੇ ਜੀਵਾਂ ਦਾ ਵਰਣਨ ਹੈ ਤੇ ਪਉੜੀ ੩੭ (ਦੇ ਮਗਰਲੇ ਅੱਧ) ਵਿਚ ਨਿਰਾਕਾਰ ਦੇ ਅਸਥਾਨ ਤੇ ਸਰੂਪ ਦਾ ਕਥਨ ਹੈ, ਇਨ੍ਹਾਂ ਦੋਹਾਂ-'ਸਾਕਾਰ' ਤੇ 'ਨਿਰਾਕਾਰ'[੨] ਦੇ ਵਿਚਾਲੇ ਤ੍ਰੈ ਹੋਰ ਲੋਕਾਂ ਦਾ ਜ਼ਿਕਰ ਹੈ- ਗਯਾਨ ਖੰਡ, ਸਰਮ ਖੰਡ, ਕਰਮ ਖੰਡ ਜੋ ਪਉੜੀ ੩੫, ੩੬, ੩੭ ਵਿਚ ਆਇਆ ਹੈ। ਆਪਣੀ ਅਗਾਧ ਗਤੀ ਨੂੰ ਸ੍ਰੀ ਗੁਰੂ ਜੀ ਆਪ ਜਾਣਨ, ਪਰ ਐਸਾ ਪ੍ਰਤੀਤ ਦੇਂਦਾ ਹੈ ਕਿ ਗਯਾਨ ਖੰਡ ਵਿਚ 'ਗਯਾਨ' ਦਾ, ਸਰਮ ਖੰਡ ਵਿਚ 'ਵਿਸਮਾਦ' ਦਾ ਤੇ ਕਰਮ ਖੰਡ ਵਿਚ 'ਭਗਤੀ' ਦਾ ਵਰਣਨ ਹੈ। ਏਹ ਤ੍ਰੈਏ ਧਰਤੀ ਵਾਂਙੂ ਸਾਕਾਰ ਤੇ ਸਚਖੰਡ ਵਾਂਙੂ ਨਿਰਾਕਾਰ ਵਰਣਨ ਨਹੀਂ ਹੋਏ, ਪਰੰਤੂ ਇਹ ਗੱਲ ਸਪਸ਼ਟ ਦੱਸੀ ਹੈ ਕਿ ਗਯਾਨ ਖੰਡ ਵਿਚ ਗਯਾਨ ਦਾ ਪ੍ਰਕਾਸ਼ ਹੈ ਤੇ ਕ੍ਰੋੜਾਂ ਆਨੰਦਾਂ ਦਾ ਨਿਵਾਸ ਹੈ। ਸਰਮ ਖੰਡ ਵਿਚ (ਰੂਪ=) ਸੌਂਦਰਯ ਦੀ ਪ੍ਰਧਾਨਤਾ ਹੈ ਤੇ 'ਗਯਾਤ' ਦੇ ਸਾਰੇ ਰੂਪ ਬੀ ਓਥੇ ਘੜੀਦੇ ਹਨ, ਸੁਰਤ

---

੧. ਰੂਪ ਸਤਿ ਜਾ ਕਾ ਸਤਿ ਅਸਥਾਨੁ॥ (ਸੁਖਮਨੀ)।

੨. ਕੁਛ ਦੁਹਾਂ ਨਾਲ ਭਿੰਨ ਅਭਿੰਨ ਹੈਨ। ਹੁਣ ਜੇਕਰ 'ਧਰਮ ਖੰਡ' ਨੂੰ ਸਾਕਾਰ, 'ਗਯਾਨ, ਸਰਮ ਤੇ ਕਰਮ' ਨੂੰ ਸਰਗੁਣ ਤੇ 'ਸਚ-ਖੰਡ' ਨੂੰ ਨਿਰਗੁਣ ਸਮਝ ਲਈਏ ਤਾਂ ਅਸਲੀਅਤ ਦੇ ਬਹੁਤ ਨੇੜੇ ਢੁੱਕ ਪਵਾਂਗੇ।


www.sikhbookclub.com

ਮਤਿ, ਮਨੀਖਾ, ਬੁਧੀ ਤੇ ਸੁਧਿ ਜੋ 'ਸੁਤੇ ਤੇ ਸਿਧੀ' ਗਯਾਨ ਰੂਪਾ ਗਯਾਤ ਹੈ। ਓਥੇ ਸੌਭਾਗਯਤਾ ਤੇ ਸੁਖ ਹੀ ਸੁਖ ਹੈ। ਨਾਮ ਇਸ ਨੂੰ 'ਸਰਮ ਖੰਡ' ਦਿਤਾ ਹੈ, ਸਰਮ ਹੈ ਸੰਸਕ੍ਰਿਤ ਪਦ 'ਸਰਮ੍ਮਨ੍', ਜਿਸ ਦਾ ਅਰਥ ਹੈ ਹਰਖ, ਆਨੰਦ। ਇਸ ਵਾਸਤੇ ਕਿ ਏਥੇ ਉਹ ਆਨੰਦ ਹੈ ਜੋ ਰੱਬੀ ਸੌਂਦਰਯ ਦੁਆਰਾ ਪ੍ਰਾਪਤ ਹੁੰਦਾ ਹੈ। ਸੁੰਦਰਤਾ ਸੁਤੇ ਹੀ ਆਨੰਦ ਦਾਇਕ ਵਸਤੂ ਹੈ। ਇਸ ਕਰਕੇ ਰੂਪ ਯਾ ਸੁੰਦਰਤਾ ਪ੍ਰਧਾਨੀ ਥਾਉਂ ਨੂੰ ਸਰਮਖੰਡ ਆਖਿਆ ਹੈ। ਇਤਨਾ ਦੱਸ ਕੇ ਇਸ ਖੰਡ ਦੇ ਹੋਰ ਵਰਣਨ ਖੁਹਲ ਸਕਣਾ ਕਠਨ ਦੱਸਿਆ ਹੈ। ਫਿਰ ਕਰਮ ਖੰਡ ਹੈ[੧] ਜਿਥੇ ਕਈ ਲੋਕਾਂ ਦੇ ਭਗਤਾਂ ਦਾ ਨਿਵਾਸ ਹੈ; ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ ਤੇ ਓਹ ਆਨੰਦ ਮਗਨ ਰਹਿੰਦੇ ਹਨ। ਜਿਥੇ ਜ਼ੋਰ ਦਾ ਨਿਵਾਸ ਦੱਸਿਆ ਹੈ, ਪਰ ਇਹ ਜ਼ੋਰ ਨਹੀਂ, ਇਹ ਉਹ ਪਰਮਾਤਮ ਬਲ ਹੈ ਜਿਸ ਨਾਲ ਹਉਂ ਦੂਰ ਹੁੰਦੀ ਹੈ[੨] ਤੇ ਅੰਦਰ ਰਾਮ ਭਰਪੂਰ ਹੋ ਜਾਂਦਾ ਹੈ। ਫਿਰ ਉਥੇ ਮਹਿਮਾ ਤੇ ਮਹਿਮਾਵਾਨ ਦੱਸੇ ਹਨ ਜਿਨ੍ਹਾਂ ਦੀ ਸੁੰਦਰਤਾ ਅਕੱਥਨੀਯ ਹੈ। ਵੱਡੀ ਗਲ ਇਥੋਂ ਦੀ ਇਹ ਹੈ ਕਿ ਇਥੋਂ ਫੇਰ ਗਿਰਾਉ ਨਹੀਂ। 'ਨਾ ਕਾਲ ਚੱਕ੍ਰ' ਵਿਚ ਭ੍ਰਮਣ ਇਥੋਂ ਹੋ ਸਕਦਾ ਹੈ ਤੇ ਨਾ ਮਾਇਆ ਕਿ ਪ੍ਰਕ੍ਰਿਤੀ ਕੋਈ ਮੋਹਨੀ ਮੋਹ ਕੇ ਠੱਗ ਸਕਦੀ ਹੈ। ਕਰਮ ਦਾ ਅਰਥ ਹੈ ਬਖਸ਼ਿਸ਼, ਫਜ਼ਲ। ਕਰਮ ਦਾ ਨਿਸ਼ਾਨ ਜਿਨ੍ਹਾਂ ਨੂੰ ਪਿਆ ਇਹ ਉਨ੍ਹਾਂ ਦਾ ਖੰਡ ਹੈ। ਜਿਨ੍ਹਾਂ ਨੂੰ ਨਿਸ਼ਾਨ ਪਿਆ ਹੈ ਉਹ ਕਾਲ ਚੱਕ੍ਰੋਂ ਉਪਰ ਹੋ ਗਏ- 'ਬਖਸ ਲੀਏ ਨਾਹੀ ਜਮ ਕਾਣੇ'। (ਬਸੰਤ ਮ:੧) ਸਚਖੰਡ ਵਿਚ ਵਸਦਾ ਵਾਹਿਗੁਰੂ ਜਗਤ ਪ੍ਰਬੰਧ ਨੂੰ ਦੇਖਦਾ, ਤੋਰਦਾ, ਵੀਚਾਰਦਾ, ਵਿਗਸਦਾ ਤੇ ਮਿਹਰਾਂ ਕਰਦਾ ਹੈ ਤੇ ਹੁਕਮ ਨੂੰ ਸੰਚਾਲਨ ਕਰਦਾ ਲਿਖਿਆ ਹੈ। ਇਥੇ ਸੰਸਾ ਕੀਤਾ ਜਾ ਸਕਦਾ ਹੈ ਕਿ ਇਉਂ ਤਾਂ ਉਸ ਨਿਰਾਕਾਰ ਦਾ ਕਿਸੇ ਦੇਸ਼ ਵਿਚ ਟਿਕਾਣਾ ਹੋ ਗਿਆ, ਹਾਂ ਇਉਂ ਉਹ ਇਕ ਦੇਸ਼ੀ ਤੇ ਇਕ ਦੇਸ਼ੀ ਹੋਣ ਕਰਕੇ ਪ੍ਰਣਾਮੀ ਹੋ ਗਿਆ, ਤਦ ਆਪ ਓਥੇ 'ਖੰਡ ਮੰਡਲ ਬ੍ਰਹਮੰਡ ਲੋਅ ਲੋਅ ਦੱਸ ਕੇ ਉਸ ਦੇ 'ਸਰਬ ਵਯਾਪੀ ਹੋਣ ਦਾ ਭਾਵ ਦਰਸਾਉਂਦੇ ਹਨ।' 'ਉਸ ਦੇ ਨਿਰਾਕਾਰ ਹੋ ਕੇ ਫੇਰ ਵੇਖਣ ਵਿਗਸਣ ਹੁਕਮ ਟੋਰਨ' ਦਾ ਜੇ ਸੰਸਾ ਉਪਜੇ ਤਾਂ ਉਸ ਦਾ ਉਤਰ ਦੇਂਦੇ ਹਨ ਕਿ ਇਹ ਗੱਲ ਕਥਨ ਤੋਂ ਪਰੇ ਦੀ ਹੈ, ਵਰਣਨ ਨਹੀਂ ਹੋ ਸਕਦੀ, ਸੋ ਸਮਝੀ ਭੀ ਨਹੀਂ ਜਾ ਸਕਦੀ- ਨਾਨਕ ਕਥਨਾ ਕਰੜਾ ਸਾਰੁ[੩]॥ ਇਹੋ ਗੱਲ ਪਹਿਲੀ ਪਉੜੀ ਵਿਚ ਦੱਸ ਆਏ ਹਨ:- 'ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ'॥ ਸਦਾ ਸਤਯ ਸਰੂਪ ਦਾ ਹੁਕਮ ਸਦਾ ਸਤਯ ਸਰੂਪ ਹੈ। ਜਿਵੇਂ ਆਪ ਅਕੱਥ ਹੈ ਤਿਵੇਂ ਹੁਕਮ ਅਕੱਥ ਹੈ।

---

੧. ਫ਼ਾ:, ਕਰਮ=ਬਖ਼ਸ਼ਿਸ਼। ਫ਼ਜ਼ਲ। ਸੰਪ੍ਰਦਾ ਵਿਚ ਇਨ੍ਹਾਂ ਖੰਡਾਂ ਵਿਚ ਤ੍ਰੈ ਕਾਂਡ ਦਰਸਾਉਂਦੇ ਹਨ- ੧. ਧਰਮ ਖੰਡ=ਕਰਮ ਕਾਂਡ: ੨. ਗਯਾਨ ਖੰਡ=ਗਯਾਨ ਕਾਂਡ। ੩. ਸਰਮ ਖੰਡ=ਉਪਾਸਨਾ ਕਾਂਡ। ਬਾਕੀ ਰਹੇ ਕਰਮ ਖੰਡ ਤੇ ਸਚ ਖੰਡ। ਸੋ ਕਰਮ ਖੰਡ ਨੂੰ ਇਨ੍ਹਾਂ ਤਿੰਨਾਂ 'ਜੁਗਤਾਂ ਸਾਧਨਾਂ ਨਾਲ ਪ੍ਰਾਪਯ' ਲੋਕਾਂ ਤੋਂ ਵਖਰਾ ਬਖਸ਼ਿਸ਼ ਦਾ ਕਾਂਡ ਵਰਣਨ ਕਰਦੇ ਹਨ। ਜੋ ਲੋਕ ਨਿਰਾਧਾਰ ਹੋ ਕੇ ਕੇਵਲ ਈਸ਼੍ਵਰ ਆਧਾਰ ਤੇ ਟਿਕੇ ਤੇ ਜਿਨ੍ਹਾਂ ਤੇ ਮਿਹਰ ਹੋ ਗਈ, ਉਨ੍ਹਾਂ ਦਾ ਖੰਡ 'ਕਰਮ' ਹੈ। ਅਗੇ ਸਚਖੰਡ, ਨਿਰਾਕਾਰ ਦਾ ਟਿਕਾਣਾ' ਹੈ। ਕੋਈ ਕੋਈ ਦਾਨੇ 'ਕਰਮ' ਨੂੰ ਸੰਸਕ੍ਰਿਤ ਪਦ ਮੰਨ ਕੇ 'ਕਰਮ (ਕ੍ਰਿਯਾ) ਦਾ ਖੰਡ' ਬੀ ਅਰਥ ਲਾਉਂਦੇ ਹਨ। ਇਹ ਕਰਮ ਪੂਰਨ ਪਦ ਤੇ ਅੱਪੜੇ ਤੇ ਬੀਤਰਾਗ ਦਾ ਕਰਮ ਹੈ, ਜੋ ਉਹ ਪਰਮ ਪਦ ਤੇ ਪਹੁੰਚ ਕੇ ਜਗਤ ਦੀ ਨਿਸ਼ਕਾਮ ਸੇਵਾ ਤਤਪਰ ਹੋ ਕੇ ਕਰਦਾ ਹੈ, ਜੈਸਾ ਕਿ ਗੁਰੂ ਜੀ ਨੇ ਫ਼ੁਰਮਾਯਾ ਹੈ- ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰਸਿਖ॥ (ਜਪੁਜੀ)। ਇਉਂ ਬੀ ਕਰਮ ਖੰਡ 'ਨਾ ਓਹਿ ਮਰਹਿ ਨ ਠਾਗੇ ਜਾਹਿ' ਵਾਲਾ ਪਰਮ ਪਦ ਹੀ ਬਣਦਾ ਹੈ।

੨. ਪਰਮਾਤਮ ਬਲ-ਜੋਰਿ ਤੁਮਾਰੇ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉ:ਮ:੫/੨੧੭)
ਆਤਮ ਬਲ-ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥ (ਮਾਰੂ ਵਾਰ ਮ:੩-੮)
ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਵਾਰ ਸਿਰੀ ਰਾ:ਮ:੩/੮੬)

੩. ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ (ਕਬੀ:ਸ:੧੨੧)

ਪਹਿਲਾਂ ਹੁਣ ਸਾਕਾਰ ਲੋਕ-ਧਰਮ ਖੰਡ-ਦਾ ਵਰਣਨ ਕਰਦੇ ਹਨ:-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ ੩੪॥

(ਉਪਰ ਆਕਾਸ਼ ਹਨ, ਦੁਆਲੇ) ਪਉਣ (ਹੇਠਾਂ) ਪਾਤਾਲ ਹਨ, (ਸਤਹ ਪਰ) ਅਗਨੀ ਤੇ ਪਾਣੀ, (ਐਸੇ ਦੇਸ[੧] ਵਿਚ) ਰਾਤਾਂ ਰੁਤਾਂ ਥਿਤਾਂ ਤੇ ਵਾਰਾਂ (ਅਰਥਾਤ ਇਸ ਤਰ੍ਹਾਂ ਦੀ ਕਾਲ ਗਤੀ[੧] ਰਚ ਕੇ) ਉਸ (ਪ੍ਰਬੰਧ) ਵਿਚ (ਸਾਈਂ ਨੇ ਇਹ) ਧਰਤੀ ਧਰਮ (ਕਮਾਉਣ ਦਾ) ਸਥਾਨ[੨] (ਬਣਾ ਕੇ) ਸਥਾਪਨ ਕਰ ਰਖੀ ਹੈ। ਉਸ (ਧਰਤੀ) ਵਿਚ ਰੰਗ ਰੰਗ (ਭਾਂਤਿ ਭਾਂਤਿ) ਦੇ ਜੀਵ (ਤੇ ਉਹਨਾਂ ਦੇ ਜੀਵਨ ਵਾਸਤੇ ਤਰ੍ਹਾਂ ਤਰ੍ਹਾਂ ਦੀਆਂ[੩] ਜੁਗਤਾਂ (ਰਚੀਆਂ) ਹਨ। (ਓਹ ਜੀਵ ਗੇਣਤੀ ਵਿਚ ਅਨੰਤ=)ਬੇਸ਼ੁਮਾਰ ਹਨ ਤੇ ਉਨ੍ਹਾਂ ਦੇ ਨਾਮ ਅਨੇਕ ਹਨ। ਹਰੇਕ (ਜੀਵ ਦੇ ਆਪੋ ਆਪਣੇ ਕੀਤੇ ਸ਼ੁਭ ਅਸ਼ੁਭ) ਕਰਮਾਂ ਦੁਆਰੇ ਵੀਚਾਰ ਹੁੰਦੀ ਹੈ[੪] (ਪ੍ਰਸ਼ਨ-ਕਿੱਥੇ? ਉੱਤਰ) (ਰਚਨਹਾਰ ਵਾਹਿਗੁਰੂ) ਆਪ ਸੱਚਾ ਹੈ ਤੇ ਸੱਚਾ (ਹੀ ਹੈ ਉਸਦਾ) ਦਰਬਾਰ, ਉਥੇ (ਭਾਵ ਉਸਦੇ ਦਰਬਾਰ ਵਿਚ) ਪਰਵਾਣ ਹੋਏ ਸੰਤ ਸ਼ੋਭਾ ਪਾਉਂਦੇ ਹਨ। (ਓਥੇ) ਮਿਹਰ ਕਰਨ ਵਾਲੇ (ਸਚੇ ਪਰਮੇਸ਼ੁਰ ਦੀ) ਬਖਸ਼ਿਸ਼ ਦੁਆਰਾ ਨਿਸ਼ਾਨ ਪੈਂਦਾ ਹੈ। ਓਥੇ (ਜੀਵ ਦੀ) ਕਚਿਆਈ ਪਕਿਆਈ ਦਾ ਪਤਾ ਲੱਗਦਾ ਹੈ। (ਫ਼ੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਓਸ ਸੱਚੇ ਦਰਬਾਰ ਵਿਚ) ਗਿਆਂ ਹੀ ਪਤਾ ਲਗੇਗਾ (ਕਿ ਕਚਿਆਈ ਕਿਸ ਵਿਚ ਤੇ ਪਕਿਆਈ ਕਿਸ ਵਿਚ ਹੈ[੫])।

[੩੫] [ਗਿਆਨ ਖੰਡ]

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥

ਧਰਮ ਖੰਡ ਦਾ ਤਾਂ ਇਹੋ ਧਰਮ ਹੈ (ਕਿ, ਇਥੇ ਧਰਮ ਕਮਾਵੇ[੬])। (ਹੁਣ) ਗਿਆਨ ਖੰਡ ਦਾ ਵਿਸ਼ਯ[੭] ਆਖਹੁ[੮]। (ਉੱਤਰ। ਉਸ ਵਿਚ)

---

੧. ਦੇਸ਼ ਤੇ ਕਾਲ ਵਿਖੇ ਧਰਤੀ ਰਖੀ ਗਈ। (ਗਜਾਨ ਅਰਕ ੧੯੯੦ ਬਿ:) ਦੇਸ਼=Space ਕਾਲ=Time
੨. ਧਰਮ ਸਾਲ=ਧਰਮਸ਼ਾਲਾ=ਧਰਮ ਦਾ ਅਸਥਾਨ, ਧਰਮ ਕਮਾਉਣ ਦਾ ਥਾਉਂ।
੩. ਕੇ ਰੰਗ=ਕਈ ਰੰਗ, ਭਾਵ ਭਾਂਤ ਭਾਂਤ ਤੇ ਤਰ੍ਹਾਂ ਤਰ੍ਹਾਂ ਦੇ।
੪. (ਅ) ਜੀਵ ਦਾ ਵੀਚਾਰ ਕਰਮਾਂ ਅਨੁਸਾਰ ਹੁੰਦਾ ਹੈ।
ਕਰਮੀ=ਕਰਮ ਕਰਨ ਵਾਲਾ, ਭਾਵ ਜੀਵ। ਕਰਮੀ=ਕਰਮਾਂ ਦੁਆਰੇ। (ਸੰਪ੍ਰਦਾ)
੫. ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (ਸਲੋਕ:ਮ:੧, ਵਾ:ਸੂ:-੧੨)
੬. ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ॥ (ਗਉੜੀ ਮ:੧-੧੩)।
ਕਰਮ ਭੂਮਿ ਮਹਿ ਬੋਅਹੁ ਨਾਮੁ॥ (ਗਉੜੀ ਮ:੫/੧੭੬)
੭. ਕਰਮ=ਕਰਤੱਤ, ਕਰਤਵ, ਪ੍ਰਕਾਰ, ਵਿਸ਼ਯ। (ਅ) ਜਾਪਦਾ ਹੈ ਕਿ ਇਹ ਪਦ 'ਕ੍ਰਮ' ਹੈ; ਇਸਦਾ ਭਾਵ ਹੈ ਤਰਤੀਬ, ਪਦ ਯਾ ਦਰਜਾ। ੮. ਆਖਹੁ=ਤੁਸੀਂ ਦੱਸੋ। (ਸੰਪ੍ਰ:)।

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥

ਕਿੰਨੇ ਪੌਣ, ਪਾਣੀ, ਅਗਨੀਆਂ, ਕਿੰਨੇ ਕ੍ਰਿਸ਼ਨ ਤੇ ਸ਼ਿਵ (ਹੈਨ ਤੇ) ਕਿੰਨੇ ਘਾੜਤੀ[੨] ਬ੍ਰਹਮੇ (ਹਨ ਜਿਨ੍ਹਾਂ ਤੋਂ) ਘੜੇ ਜਾਂਦੇ ਹਨ[੩] (ਕਈ ਪ੍ਰਕਾਰ ਦੇ) ਰੂਪ ਰੰਗ ਤੇ ਵੇਸ। ਕਿੰਨੀਆਂ ਕਰਮਾਂ ਦੀਆਂ ਭੂਮੀਆਂ[੪], ਕਿੰਨੇ ਸੁਮੇਰ, ਕਿੰਨੇ ਧ੍ਰੂਅ, (ਕਿੰਨੇ) ਉਪਦੇਸ (ਦੇਣ ਵਾਲੇ ਧ੍ਰੂਅ ਵਰਗਿਆਂ ਦੇ, ਭਾਵ ਨਾਰਦ ਆਦਿ ਹਨ)। ਕਿੰਨੇ ਇੰਦ੍ਰ, ਚੰਦ, ਕਿੰਨੇ ਸੂਰਜ, ਕਿੰਨੇ ਮੰਡਲ (ਤੇ ਕਿੰਨੇ) ਦੇਸ਼ (ਹਨ)। ਕਿੰਨੇ ਸਿੱਧ ਬੁੱਧ, ਕਿੰਨੇ ਨਾਥ, ਕਿੰਨੇ (ਹਨ) ਦੇਵੀ ਦੇ ਸਰੂਪ। ਕਿੰਨੇ ਦੇਵਤੇ, ਦਾਨਵ, ਕਿੰਨੇ ਮੁਨੀ (ਰਿਸ਼ੀ ਆਦਿ) ਕਿੰਨੇ ਰਤਨ ਤੇ ਸਮੁੰਦ੍ਰ (ਹਨ)। ਕਿੰਨੀਆਂ (ਜੀਵਾਂ) (ਦੀਆਂ) ਖਾਣੀਆਂ, ਕਿੰਨੀਆਂ ਬਾਣੀਆਂ ਹਨ), ਕਿੰਨੇ ਪ੍ਰਭੂ ਤੇ ਪਾਤਸ਼ਾਹ ਹਨ[੫], ਕਿੰਨੀਆਂ ਸੁਰਤੀਆਂ[੬] (ਤੇ) ਕਿੰਨੇ ਸੇਵਕ ਹਨ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਉਹਨਾਂ ਦਾ) ਅੰਤ ਹੀ ਕੋਈ ਨਹੀਂ।

## [੩੬] [ਸਰਮ ਖੰਡ]

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥

ਗਿਆਨ ਦੇ ਖੰਡ ਵਿਖੇ ਗਿਆਨ ਮਹਾਨ ਤੇਜਵਾਨ ਹੈ, ਉਥੇ ਕਰੋੜਾਂ ਨਾਦਾਂ ਤੇ ਬਿਨੋਦਾਂ ਦਾ ਆਨੰਦ[੭] ਹੈ।

ਸਰਮ ਖੰਡ ਕੀ ਬਾਣੀ ਰੂਪੁ॥

(ਸਰਮ ਖੰਡ) ਅਨੰਦ[੮] ਦੇ ਖੰਡ ਦੀ ਲੱਛਣਾ ਸੁੰਦਰਤਾ

੧. ਅਨਿਕ ਬ੍ਰਹਮ ਜਾਕੇ ਬੇਦ ਧੁਨਿ ਕਰਹਿ॥ (ਦੇਖੋ ਸਾਰਾ ਸ਼ਬਦ-ਸਾਰੰ:ਮ:੫)
੨. 'ਘਾੜਤੀ ਪਦ ਦੀ ਮਾਤ੍ਰਾ ਘਟਾ ਕੇ 'ਘਾੜਤਿ' ਕੀਤਾ ਹੈ, ਛੰਦ ਦੇ ਵਜ਼ਨ ਲਈ। ਘਾੜਤੀ=ਘੜਨ ਵਾਲਾ, ਰਚਨ ਵਾਲਾ।
੩. ਘੜੀਅਹਿ=ਘੜੇ ਜਾਂਦੇ ਹੈਨ।
੪. ਕਰਮ ਭੂਮੀਆਂ=ਓਹ ਲੋਕ ਜਿਨ੍ਹਾਂ ਵਿਚ ਕਰਮ ਪ੍ਰਧਾਨ ਹੈ। ਜੈਸੇ ਸਾਡੀ ਧਰਤੀ ਹੈ-ਕਰਮ ਭੂਮਿ ਮਹਿ ਬੋਅਹੁ ਨਾਮੁ॥(ਗਉੜ ਮ:੫)
੫. ਸੰ:, ਪਾਤਿ=ਸੁਆਮੀ, ਪ੍ਰਭੂ (ਮੋ:ਵਿ: ਤੇ ਵਿ:)। (ਅ) ਸੰਪ੍ਰ: ਅਰਥ ਇਹ ਬੀ ਹੈ-ਪਾਤਸ਼ਾਹਾਂ ਦੀਆਂ ਸ਼੍ਰੇਣੀਆਂ। ਪਾਤ=ਪੰਕਤੀ। (ੲ) ਫ਼ਾ:, ਪਾਦ=ਤਖਤ।
੬. ਸੁਰਤੀਆਂ=ਸੁਰਤਾਂ, ਅਥਵਾ, ਸੁਰਤ ਨਾਲ ਅਭਯਾਸ ਕਰਨ ਵਾਲੀਆਂ ਰੂਹਾਂ ਯਾ ਬੀਬੀਆਂ। (ਅ) ਵੇਦਾਂ ਦੀਆਂ ਸ਼੍ਰੁਤੀਆਂ ਭਾਵਵੇਦ। (ਸੰਸ:)। (ੲ) ਸੁਰਤੀ ਸੇਵਕ=ਸ਼੍ਰੁਤੀਆਂ ਦੇ ਸੇਵਕ (ਰਿਖੀਆਦਿ) (ਸੰ:)
੭. ਭਾਵ-ਉਥੇ ਇਕ ਉਹ ਅਨੰਦ ਹੈ ਜੋ ਇਸ ਲੋਕ ਦੇ ਕ੍ਰੋੜਾਂ ਨਾਦਾਂ ਬਿਨੋਦਾਂ ਦੇ ਤੁੱਲ ਹੈ। ਆਨੰਦ=ਅਹਿਲਾਦ। ਪ੍ਰਸੰਨਤਾ। ਬਿਨੋਦ=ਹਰਖ। ਬਿਨੋਦ ਦਾ ਅਰਥ ਆਮੋਦ ਪ੍ਰਮੋਦ ਬੀ ਲਿਖਜਾ ਹੈ। (ਸ:ਕੋ: ੭੭੪)। ਆਮੋਦ=ਇਸ਼ਟ ਵਸਤੂ ਦੇ ਦਰਸ਼ਨ ਦਾ ਆਨੰਦ। ਪ੍ਰਮੋਦ=ਉਸ ਦੀ ਪ੍ਰਾਪਤੀ ਤੋਂ ਜੋ ਸੁਖ ਹੋਵੇ। ਦੁਇ ਪਦ ਗੁਰਬਾਣੀ ਵਿਚ ਕੱਠੇ ਬਹੁਤ ਵੇਰ ਆਉਂਦੇ ਹਨ। ਕੋਡ=ਕ੍ਰੋੜਾਂ।
੮. ਸੰਸ:-ਸ਼ਰਮ੍ਮਨ੍ (ਖੁਸ਼ੀ, ਆਨੰਦ)। ਕਈ ਦਾਨੇ ਸ਼੍ਰਮ=ਮਿਹਨਤ ਅਰਥ ਬੀ ਕਰਦੇ ਹਨ ਪਰ ਤਦੋਂ ਇਸ ਦਾ ਰੂਪ ਅਕਸਰ 'ਸ਼੍ਰਮ' ਹੁੰਦਾ ਹੈ ਯਥਾ-'ਸ੍ਰਮੁ ਪਾਵੈ ਸਗਲੇ ਬਿਰਥਾਰੇ'। ਕਈ ਸ਼ਰਮ=ਲਜਜਾ ਅਰਥ ਕਰਦੇ ਹਨ ਤੇ ਭਾਵ ਲੈਂਦੇ ☞

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥

ਹੈ[੧]। ਓਥੇ (ਉਪਮਾ ਤੋਂ ਪਰ੍ਹੇ ਭਾਵ) ਪਰਮ ਸੁੰਦਰ ਘਾੜਤ ਘੜੀ ਜਾਂਦੀ ਹੈ, ਉਸ (ਸਰਮ ਖੰਡ) ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ। ਜੇ ਕੋਈ (ਓਹ ਗੱਲਾਂ) ਆਖੇ ਤਾਂ ਪਿਛੋਂ ਪਛੁਤਾਉਂਦਾ ਹੈ, (ਕਿਉਂਕਿ ਸਾਂਗੋਂ ਪਾਗ ਵਰਣਨ ਮਾਨੁਖੀ ਬੋਲੀ ਵਿਚ ਹੋ ਨਹੀਂ ਸਕਦਾ, ਨਮੂਨੇ ਲਈ ਦੇਖੋ) ਓਥੇ ਸੁਰਤਿ, ਮਤਿ, ਮਨਿ ਤੇ ਬੁਧਿ ਘੜੀਆਂ ਜਾਂਦੀਆਂ ਹਨ[੨]। ਓਥੇ ਘੜੀ ਦੀ ਹੈ ਸੁਧਿ (ਦਿਵਜ ਬੁੱਧੀ ਜੋ) ਦੇਵਤਿਆਂ ਤੇ ਸਿਧਾਂ (ਪੁਰਖਾਂ) ਦੀ (ਵਸਤੂ) ਹੈ[੩]। (ਹੁਣ ਸੋਚੋ ਬਿਨ ਦੇਖੇ ਇਹ ਗੱਲਾਂ ਕਥਨੀ ਮਾਤ੍ਰ ਨਾਲ ਕੀਕੂੰ ਸਮਝ ਵਿਚ ਪੈ ਸਕਦੀਆਂ ਹੈਨ)!

## [੩੭] [ਕਰਮ ਖੰਡ ਤੇ ਸਚ ਖੰਡ]

ਕਰਮ ਖੰਡ ਕੀ ਬਾਣੀ ਜੋਰੁ॥

(ਕਰਮ ਖੰਡ)-ਫ਼ਜ਼ਲ[੪] ਦੇ ਖੰਡ ਦੀ ਰਚਨਾ[੫]

---

੧. ਬਾਣੀ=ਬਣਤਰ, ਲੱਛਣਾ, ਲਖਾ ਦੇਣਾ। (ਅ) ਬਾਣੀ=ਬੋਲੀ। (ੲ) ਪ੍ਰਤਿਪਾਦਨ ਕਰਨਾ। ਸੰਪ੍: ਵਿਚ ਐਉਂ ਬੀ ਲਾਉਂਦੇ ਹਨ-ਸਰਮ ਖੰਡ ਵਾਲਿਆਂ ਦੀ ਬਾਣੀ ਸੁੰਦਰ ਹੁੰਦੀ ਹੈ। ਅਥਵਾ ਸਰਮ ਖੰਡ ਦੀ ਬਣਾਵਟ ਸੁੰਦਰ ਹੈ।

੨. ਗਜਾਤ ਦੇ ਦਰਜੇ ਦੱਸੇ ਹਨ, ਸੁਰਤਿ, ਮਤਿ, ਮਨਿ, ਬੁਧਿ। ਇਕ ਪੁਰਾਣੇ ਪੱਛਮੀ ਟੀਕਾਕਾਰ ਨੇ ਮਨਿ ਬੁਧਿ ਦਾ ਅਰਥ ਕੀਤਾ ਹੈ ਮਨ ਵਿਚ ਬੁਧਿ। ਪਰ ਏਥੇ ਮਨਿ ਇਸਤ੍ਰੀ ਲਿੰਗ ਹੈ। ਮੁਰਾਦ ਹੈ ਮਨੀਖਾ ਤੋਂ ਜੋ ਬੁੱਧੀ ਨਾਲ ਵਿਤ੍ਰੇਕ ਕਰਨੇ ਨਮਿਤ ਹੈ। ਮਨੀਖਾ= ਉਹ ਮਨ ਜਿਸ ਵਿਚ ਇੱਛਾ ਪ੍ਰਧਾਨ ਹੈ। ਮਨੀਖ਼ਾ ਇਸਤ੍ਰੀ ਲਿੰਗ ਹੈ। ਬੁਧੀ=ਮਨ ਦੀ ਉਹ ਗ਼ਜਾਤ ਜੋ ਵਿਵੇਕ ਤੇ ਵਿਤ੍ਰੇਕ ਕਰਦੀ ਹੈ ਤੇ ਨਿਰਣੈ ਕਰਕੇ ਨਿਸਚੇ ਵਲ ਲੈ ਜਾਂਦੀ ਹੈ। ਘਾੜਤ ਘੜੀਐ ਦੀ ਸੈਨਤ ਬੀ ਉਸ ਸੁੰਦਰ ਸਰੂਪ ਦੀ ਲਖਾਯਕ ਜਾਪਦੀ ਹੈ ਜੋ 'ਆਪੀਨੈ ਆਪਿ ਸਾਜਿਓ' ਅਨੁਸਾਰ 'ਅਪਨੀ' ਸਾਜਨਾ ਕਰਕੇ ਚਾਉ ਭਰਿਆ ਬੈਠਾ 'ਦੂਯੀ ਕੁਦਰਤ' ਦੀ ਮਾਜਨਾ ਲਈ ਕਈ ਪ੍ਰਕਾਰ ਦੀ 'ਚੇਤਨ ਸਾਜਨਾ' ਪਿਆ ਕਰਦਾ ਹੈ, ਜੋ ਕਿ 'ਅਚੇਤਨ ਸਾਜਨਾ' ਵਿਚ ਕੰਮ ਕਰਦੀ ਹੈ। (ਆਸਾ ਵਾਰ ਮ:੧)।

੩. ਸੁਧਿ ਯਾ ਸਿਧਿ ਉਹ ਬੁਧੀ ਹੈ ਜੋ 'ਕਾਰਣ ਕਾਰਜ' ਜਾਣ ਕੇ ਸਿੱਧਾਂਤ ਤੇ ਅੱਪੜਨ ਦੀ ਥਾਂ ਸਿੱਧਾ ਹੀ ਸੱਚ ਤੇ ਸਿਧਾਂਤ ਦੀ ਗਜਾਤਾਵਾਨ ਹੋ ਜਾਂਦੀ ਹੈ। ਇਸ ਦੀ ਪ੍ਰਾਪਤੀ 'ਪੂਰਣਤਾ ਨੂੰ ਅੱਪੜੇ ਸਿੱਧ ਪੁਰਖਾਂ' ਨੂੰ ਹੁੰਦੀ ਹੈ ਯਾ ਇਹ ਦੇਵਤਿਆਂ ਵਿਚ ਹੁੰਦੀ ਹੈ। ਸੁਤੇ ਗਜਾਨ ਵਾਲੀ ਬੁੱਧੀ। ਇਹ ਪੱਛਮੀ ਫ਼ਿਲਾਸਫ਼ਰਾਂ ਦੀ Intution ਨਾਲ ਕੁਛ ਮਿਲਦੀ ਹੈ। ਅਥਵਾ ਯੋਗ ਦਰਸ਼ਨ ਦੀ 'ਰਿਤੰਭਰਾ' ਨਾਲ ਮਿਲਦੀ ਹੈ-ਸਤਜ ਨੂੰ ਧਾਰਨ ਕਰਨੇ ਵਾਲੀ ਬੁੱਧੀ, ਜਿਸ ਵਿਚ ਭ੍ਰਾਂਤੀ ਦਾ ਲੇਸ਼ ਨਹੀਂ ਹੁੰਦਾ।

੪. ਅ:, ਕਰਮ=ਮਿਹਰ, ਫ਼ਜ਼ਲ, ਬਖਸ਼ਿਸ਼। 'ਕਰਮ' ਇਥੇ ਸੰਸਕ੍ਰਿਤ ਦਾ ਪਦ 'ਕਰਮ' ਨਹੀਂ, ਉਹ 'ਕਰਮੀ ਕਰਮੀ ਹੋਇ ਵੀਚਾਰੁ' ਪਿਛੇ 'ਧਰਮ ਖੰਡ' ਵਿਚ ਆ ਚੁੱਕਾ ਹੈ।

੫. ਬਾਣੀ=ਬਣਤਰ, ਲਛਣਾ, ਲਖਾ ਦੇਣ ਵਾਲਾ ਚਿੰਨ੍ਹ। (ਅ) ਬੋਲੀ।

ਛੂਬੀ ਹਨ ਵੈਰਾਗ। ਪ੍ਰੰਤੂ (ਰੂਪ=) ਸੁੰਦਰਤਾ ਆਨੰਦ ਪਰਸਪਰ ਮੇਲ ਹੈ। ਸੁੰਦਰਤਾ ਦੇ ਦਰਸ਼ਨ ਤੋਂ ਸੁਤੇ ਖੁਸ਼ੀ ਹੁੰਦੀ ਹੈ। ਇਥੇ ਇਹ ਖੁਸ਼ੀ ਤ੍ਰਿਸ਼ਨਾਂ ਦੀ ਪੂਰਣਤਾ ਮਾਤ੍ਰ ਵਾਲੀ ਖੁਸ਼ੀ ਨਹੀਂ, ਪਰ 'ਕੁਦਰਤਿ ਵਸਿਆ' ਵਾਹਿਗੁਰੂ ਦੇ ਦਰਸ਼ਨ ਯਾ ਅਨੁਭਵ ਦਾ ਆਨੰਦ ਹੈ।

ਤਿਥੈ ਹੋਰੁ ਨ ਕੋਈ ਹੋਰੁ॥ ਤਿਥੈ ਜੋਧ ਮਹਾ ਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥ ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥ ਸਚ ਖੰਡਿ ਵਸੈ ਨਿਰੰਕਾਰੁ॥

ਜੋਰ[੧] ਹੈ। ਓਥੇ ਦੂਸਰਾ[੨] ਹੋਰ ਕੋਈ ਨਹੀਂ ਹੈ (ਬਿਨਾਂ ਬਖਸ਼ੇ ਹੋਇਆਂ ਦੇ)। ਓਥੇ ਹਨ ਜੋਧੇ ਮਹਾਂਬਲੀ ਤੇ ਸੂਰਮੇ। ਉਨ੍ਹਾਂ ਵਿਚ (ਵਿਆਪਕ) ਰਾਮ[੩] ਭਰਪੂਰ ਹੋ ਰਿਹਾ ਹੈ। ਉਥੇ ਹਨ (ਭਰਪੂਰ ਤੇ ਵਜਾਪਕ ਰਾਮ ਦੀ) ਮਹਿਮਾ ਵਿਚ (ਮਗਨ ਹੋ ਰਹੇ ਅਨੇਕਾਂ) ਰਾਮ[੪] ਤੇ ਸੀਤਾ। ਉਹਨਾਂ ਦੇ ਰੂਪ ਕਹੇ ਨਹੀਂ ਜਾ ਸਕਦੇ[੫]। ਓਹ ਮਰਦੇ (ਬੀ) ਨਹੀਂ ਤੇ ਨਾ ਹੀ ਠੱਗੇ ਜਾਂਦੇ ਹਨ[੬] ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵੱਸਦਾ ਹੈ। ਉਥੇ ਕਈ ਲੋਕਾਂ ਦੇ ਭਗਤ ਵੱਸਦੇ ਹਨ[੭], ਜੋ ਆਨੰਦ ਮਾਣਦੇ ਹਨ (ਕਿਉਂਕਿ) ਉਹ ਸੱਚਾ (ਪਰਮੇਸ਼ੁਰ) ਉਹਨਾਂ ਦੇ ਮਨ ਵਿਚ ਵੱਸਦਾ ਹੈ[੮]।

(ਸੱਚ ਖੰਡ)- ਸੱਚ ਖੰਡ ਵਿਚ ਆਕਾਰ ਤੋਂ ਰਹਿਤ (ਅਕਾਲ ਪੁਰਖ ਆਪ ਵਸਦਾ ਹੈ (ਜੋ) ਰਚੀ ਹੋਈ

---

੧. ਫਾ:, ਜ਼ੋਰ=ਬਲ; ਉਹ ਰੂਹਾਨੀ ਬਲ, ਜੋ ਭਗਤਾਂ ਦੇ ਅੰਦਰ ਰੱਬ ਦੇ ਨਿਵਾਸ ਤੋਂ ਉਪਜਦਾ ਹੈ। ਉਹ ਬਲ ਜਿਸ ਨਾਲ ਵਿਕਾਰ ਜਿੱਤੀਦੇ ਹਨ। ਯਥਾ-'ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ'॥ (ਵਡ;ਮ:੧ ਅਲਾ-੨) ਪੁਨਾ:- 'ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥' (ਵਾਰ ਸਿਰੀ:ਮ:੩-੧੧)। ਤਥਾ-'ਜੋ ਜਨੁ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ'॥ (ਮਾਰੂ ਵਾਰ ਮ:੩-੮)। 'ਜਾਕਉ ਹਰਿ ਰੰਗ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥' (ਧਨਾ:ਮ:੫-੩੫। 'ਜੋਰਿ ਤੁਮਾਰੈ ਸੁਖਿ ਵਸਾ॥'(ਗਉ:ਮ:੫-੧੬੯)।

੨. ਹੋਰੁ=ਦੂਸਰਾ। ਹੋਰ,=ਹੋਰ, ਔਰ।

੩. ਰਾਮ, ਭਾਵ ਵਜਾਪਕ ਰਾਮ, ਅਕਾਲ ਪੁਰਖ

੪. ਸੀਤੋ=ਰਾਮਚੰਦ੍ਰ॥ ਤ੍ਰੇਤੇ ਦੇ ਈਸ਼ਵਰ ਪਰਾਇਣ ਰਹਣੇ ਵਾਲੇ ਸ੍ਰੀ ਰਾਮਚੰਦ੍ਰ ਜੀ ਤੇ ਉਨ੍ਹਾਂ ਦੀ ਪਤਿਬ੍ਰਤ ਤੇ ਈਸ਼੍ਵਰ ਉਪਾਸ਼ਕ ਇਸਤ੍ਰੀ ਸੀਤਾ। ਜਿਵੇਂ ਆਮ ਬੋਲੀ ਨੇ ਮਾਧਵ ਦਾ ਮਾਧੋ ਬਣਾਯਾ ਹੈ, ਤਿਵੇਂ ਸੀਤਾ+ਧਵ ਤੋਂ ਸੀਤਾਧਵ ਤੇ ਇਸ ਤੋਂ ਸੀਤਾਧੋ ਤੇ ਫੇਰ ਸੀਤੋ ਬਣਾਯਾ ਜਾਪਦਾ ਹੈ। ਸੀਤੋ ਦਾ ਅਰਥ ਬਣਿਆ 'ਰਾਮਚੰਦ੍ਰ'। ਇਥੇ ਇਸ ਪਦ ਸੀਤੋ ਸੀਤਾ ਦੇ ਸਿਆਣਿਆਂ ਨੇ ਹੋਰ ਤਰ੍ਹਾਂ ਬੀ ਅਰਥ ਲਾਉਣ ਦੇ ਜਤਨ ਕੀਤੇ ਹਨ:-੨. ਸੀਤੋ ਸੀਤਾ=ਸੁੰਦਰਤਾ ਉਪਰ ਸੁੰਦਰਤਾ ਤ੍ਰੈ ਮਹਿਮਾ ਵਿਚ ਮਹਿਮਾ। ਸੀਤਾ ਦੀ ਸੁੰਦਰਤਾ ਦੇ ਲੱਛਣਾਂ ਤੋਂ ਅਰਥ ਸੁੰਦਰਤਾ ਲਿਆ, ਤਿਵੇਂ ਉਸ ਦੇ ਪਤਿਬ੍ਰਤ ਲੱਛਣ ਤੋਂ ਭਗਤ ਅਰਥ ਬੀ ਲੈਂਦੇ ਹਨ। ੩. ਮਹਿਮਾ ਰੂਪੀ ਸੀਤਾ, (ਮਾਹ=) ਚੰਦ ਵਰਗੀ ਪ੍ਰਕਾਸ਼ ਰੂਪ ਤੇ (ਸੀਤੋ=)ਸੀਤਲ ਕਰਨੇਹਾਰੀ। ੪. ਓਥੇ ਸੀਤਾ ਹੈ ਮਹਿਮਾ ਵਿਚ ਸੀਤਲ (ਭਾਵ ਪ੍ਰਸੰਨ)। ੫. ਓਥੇ (ਮਨ) ਸੀਤਾ ਹੋਇਆ ਹੈ ਪਰਮੇਸ਼ੁਰ ਦੀ ਵਡਿਆਈ ਵਿਚ (ਭਗਤਾ ਦਾ)। ੬. ਉਥੇ ਸੀਤਾ ਹੈ (ਪਤਿਬ੍ਰਤਾ) ਜਿਸਨੇ ਸੀਤਾ (ਪੁਰੋਤਾ) ਹੈ ਮਨ ਮਹਿਮਾਂ ਵਿਖੇ। ੭. ਓਥੇ ਸੀਤਲ ਤੋਂ ਸੀਤਲ (ਪਰਮੇਸ਼ੁਰ ਦੇ ਨਾਮ ਦੀ) ਮਹਿਮਾ ਵਿਚ (ਹੈਨ ਭਗਤ)। ੮. (ਉਨ੍ਹਾਂ ਭਗਤਾਂ ਦੇ ਰਿਦੇ ਵਿਚ) ਸ਼ਾਂਤੀ ਹੀ ਸ਼ਾਂਤੀ (ਰਹਿੰਦੀ ਹੈ, ਤ਼ੇ ਉਸ ਸ਼ਾਂਤੀ) ਵਿਚ ਮਹਿਮਾ।

੫. ਭਾਵ ਓਹ ਬੜੇ ਸੁੰਦਰ ਹਨ।

੬. ਭਾਵ ਓਹ ਹੁਣ ਅਮਰ ਹੋ ਗਏ ਹਨ ਤੇ ਮਾਯਾ ਕਿ ਪ੍ਰਕ੍ਰਿਤੀ ਉਨ੍ਹਾਂ ਨੂੰ ਹੁਣ ਅਪਣੇ ਵਿਚ ਭ੍ਰਮਾ ਨਹੀਂ ਸਕਦੀ।

੭. ਇਕ ਲੋਕ ਦੇ ਨਹੀਂ ਪਰ ਅਨੇਕਾਂ ਲੋਕਾਂ ਦੇ ਭਗਤ ਓਥੇ ਵਸਦੇ ਹਨ। ਯਥਾ-ਸਭ ਤੇ ਊਚ ਭਗਤ ਜਾ ਕੈ ਸੰਗਿ॥ (ਸਾਰੰ: ਮ:੫)

੮. ਉਹ ਵਾਹਿਗੁਰੂ 'ਅਨੰਦ' ਸਰੂਪ ਹੈ ਇਸ ਕਰਕੇ ਜਿਨ੍ਹਾਂ ਦੇ ਮਨ ਵਿਚ ਉਹ ਵਸਦਾ ਹੈ ਓਹ ਆਨੰਦ ਵਿਚ ਵਸਦੇ ਹਨ।

ਕਰਿ ਕਰਿ ਵੇਖੈ ਨਦਰਿ ਨਿਹਾਲ॥ ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥ ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥ ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥

ਨੂੰ ਵੇਖਦਾ ਸੰਭਾਲਦਾ ਹੈ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ (ਕਰਦਾ ਹੈ)। ਉਥੇ ਖੰਡ ਮੰਡਲ ਤੇ ਬ੍ਰਹਮੰਡ ਹਨ[1]। ਜੇ ਕੋਈ (ਉਹਨਾਂ ਦਾ) ਕਥਨ ਕਰੇ ਤਾਂ ਅੰਤ ਨਹੀਂ ਪੈਂਦਾ। ਉਥੇ ਲੋਕਾਂ ਪਰ ਲੋਕ (ਤੇ ਆਕਾਰਾਂ ਪੁਰ) ਆਕਾਰ ਹਨ, ਜਿਸ ਜਿਸ ਪ੍ਰਕਾਰ (ਨਿਰੰਕਾਰ ਦਾ) ਹੁਕਮ (ਹੁੰਦਾ ਹੈ) ਓਵੇਂ ਓਵੇਂ (ਓਥੇ) ਕਾਰ (ਹੋ ਰਹੀ ਹੈ। ਉਹ ਨਿਰੰਕਾਰ ਉਨ੍ਹਾਂ ਨੂੰ) ਵੇਖਦਾ ਹੈ (ਤੇ) ਵੀਚਾਰ ਕਰਕੇ ਖਿੜਦਾ[2] (=ਖੁਸ਼ ਹੁੰਦਾ) ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਇਸ ਖੰਡ ਦਾ ਹੋਰ) ਵਰਣਨ ਕਰਨਾ ਲੋਹੇ (ਵਾਂਙੂ) ਕਰੜਾ ਹੈ (ਭਾਵ ਬਾਣੀ ਨਹੀਂ ਵਰਣਨ ਕਰ ਸਕਦੀ)।

[੩੮]

ਪਿਛੇ ਕਥੀ ਸਾਰੀ ਪ੍ਰਾਪਤੀ ਦਾ ਸਾਧਨ ਨਾਮ ਦੱਸਿਆ ਹੈ। ਨਾਮ ਦੇ ਅਭ੍ਯਾਸ ਵਿਚ ਜਿਨ੍ਹਾਂ 'ਸ਼ੁਭ ਗੁਣਾਂ' ਅਰਥਾਤ ਉੱਚ ਆਚਰਣ ਦੀ ਲੋੜ ਹੈ ਤੇ ਨਾਮ ਦੇ ਸਿਰੇ ਚੜ੍ਹਨ ਲਈ ਜਿਸ ਗੈਬੀ ਸਹਾਯਤਾ (ਈਸ਼੍ਵਰ ਅਨੁਗ੍ਰਹ) ਦੀ ਲੋੜ ਹੈ, ਦੋਹਾਂ ਦਾ ਏਥੇ ਸੰਖੇਪ ਵਿਚ ਮੁੜ ਕੇ ਵਰਣਨ ਕਰਦੇ ਹਨ। ਜਿਨ੍ਹਾਂ ਸ਼ੁਭ ਗੁਣਾਂ ਦੀ ਲੋੜ ਹੈ, ਉਨ੍ਹਾਂ ਦਾ ਵਰਣਨ ਟਕਸਾਲ ਦੇ ਸੰਦ ਆਦਿ ਦੇ ਰੂਪਕ ਵਿਚ ਦਿੱਤਾ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

(ਸੱਚੀ ਟਕਸਾਲ)-ਜਤੁ[3] ਦੀ ਭੱਠੀ[4], ਧੀਰਜ ਦਾ ਸੁਨਿਆਰਾ, ਬੁਧਿ ਦੀ ਅਹਿਰਣ, ਗਿਆਨ[5] ਦਾ ਹਥੌੜਾ[6], ਭਉ ਦੀਆਂ ਖਲਾਂ[7], ਤਪ ਤਾਪਣ ਦੀ ਅੱਗ[8], ਪ੍ਰੇਮ ਦਾ ਭਾਂਡਾ (ਕੁਠਾਲੀ ਬਣਾ), ਉਸ ਵਿਚ ਅੰਮ੍ਰਿਤ[9] ਨੂੰ ਢਾਲ, (ਇਹ ਹੈ) ਸੱਚੀ ਟਕਸਾਲ,

---

੧. ਨਿਰੰਕਾਰ ਸਾਰੇ ਹੈ, ਨਿਰੰਕਾਰ ਅਨੰਤ ਹੈ, ਅਨੰਤ ਹਰ ਥਾਂ ਹੈ। ਸੋ ਉਸ ਦਾ ਸਚਖੰਡ ਵਖਰੇ ਦੇਸ ਵਿਚ ਨਹੀਂ, ਉਸ ਦੇ ਸਚਖੰਡ ਵਿਚ ਹੈਨ ਸਾਰੇ ਖੰਡ, ਮੰਡਲ, ਬ੍ਰਹਮੰਡ, ਲੋਕ ਤੇ ਆਕਾਰ।

੨. ਇਥੇ 'ਨਿਰੰਕਾਰ' ਦਾ ਵੇਖਣ ਵਿਗਸਣ ਤੇ ਵੀਚਾਰ ਕਥਨ ਹੋ ਰਿਹਾ ਹੈ, ਜਿਸ ਦਾ ਵਰਣਨ ਕਠਨ ਹੈ।

੩. ਜਤ=ਜਤੀ ਹੋਣ ਦਾ ਗੁਣ। ਇੰਦ੍ਰਿਆਂ ਤੇ ਵਸੀਕਾਰ।

੪. ਸੁਨਿਆਰੇ ਇਸ ਨੂੰ ਦੁਕਾਨ ਬੀ ਕਹਿੰਦੇ ਹਨ।

੫. ੧.ਵੇਦ। ੨.ਗ੍ਯਾਨ ਦਾਤਾ ਗ੍ਰੰਥ। ੩.ਗਿਆਨ।

੬. ਹਥ ਵਿਚ ਫੜਨੇ ਦਾ ਸੰਦ, ਔਜ਼ਾਰ; ਕੋਈ ਹਥਿਆਰ, ਪਰ ਏਥੇ ਭਾਵ ਸੁਨਿਆਰੇ ਦੇ ਹਥੌੜੇ ਹਥੌੜੀਆਂ ਤੋਂ ਹੈ, ਕਿਉਂਕਿ ਇਸ ਦੇ ਪਹਿਲੋਂ 'ਅਹਿਰਣ' ਆਯਾ ਹੈ। ਅਹਿਰਣ=ਉਹ ਲੋਹਾ ਜਿਸ ਪਰ ਘੜਨੇ ਜੋਗ ਧਾਤੂ ਰੱਖ ਕੇ ਹਥੌੜਾ ਮਾਰਦੇ ਹਨ।

੭. ਧੌਂਕਣੀ।

੮. 'ਤਪ ਕਰਨਾ' ਅਗਨੀ ਦਾ ਤਾਉ ਦੇਣ ਦੀ ਥਾਂਵੇਂ ਹੋਵੇ। ਤਪ ਤੋਂ ਮੁਰਾਦ ਹੈ-ਵਿਰੋਧੀ ਸਾਮਾਨਾਂ ਦੇ ਹੁੰਦਿਆਂ ਬੀ ਅਭ੍ਯਾਸ ਵਿਚ ਜੁਟੇ ਰਹਿਣਾ, ਗਿਰਾਉ ਨਾ ਖਾਣਾ, ਤ੍ਯਾਗ ਵੈਰਾਗ ਬ੍ਰਿਤੀ ਵਿਚ ਰਹਿਣਾ।

੯. ਅੰਮ੍ਰਿਤ ਪਦ ਦੇ ੨੦ ਕੁ ਅਰਥਾਂ ਵਿਚੋਂ ਇਕ ਅਰਥ ਹੈ-ਸੋਨਾ। ਗੁਰਬਾਣੀ ਵਿਚ ਅੰਮ੍ਰਿਤ ਨਾਮ ਨੂੰ ਵੀ ਕਿਹਾ ਹੈ। "ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ॥" (ਪੰਨਾ ੧੨੫)। ਇਥੇ ਦੋਇ ਅਰਥ ਇਕੋ ਪਦ 'ਅੰਮ੍ਰਿਤ' ਵਿਚੋਂ ਲੈਣੇ ਹਨ:- ਉਸ ਭਾਂਡੇ ਵਿਚ ਨਾਮ ਰੂਪੀ ਸੋਨੇ ਨੂੰ ਢਾਲਿ। ਇਸ ਵਿਚ ਤੀਸਰਾ ਕਟਾਖ੍ਯ ਇਹ ਹੈ ਕਿ ਉਹ ਢਲ ਕੇ ਤੈਨੂੰ ਅੰਮ੍ਰਿਤ-ਅਮਰ ਕਰ ਦੇਵੇਗਾ।


www.sikhbookclub.com

| | |
|---|---|
| **ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥੩੮॥** | (ਏਥੇ) ਸ਼ਬਦ ਘੜੀਦਾ ਹੈ! (ਪਰ ਇਹ) ਉਨ੍ਹਾਂ ਦੀ ਕਾਰ ਹੈ, ਜਿਨ੍ਹਾਂ ਪਰ (ਉਸ ਦੀ) ਕ੍ਰਿਪਾ ਦ੍ਰਿਸ਼ਟੀ ਤੇ ਮਿਹਰ ਹੈ। (ਓਹ) ਕ੍ਰਿਪਾ ਦ੍ਰਿਸ਼ਟੀ ਵਾਲਾ (ਅਕਾਲ ਪੁਰਖ ਅਪਣੀ) ਕ੍ਰਿਪਾ ਦ੍ਰਿਸ਼ਟੀ ਨਾਲ (ਉਨ੍ਹਾਂ ਨੂੰ) ਨਿਹਾਲ ਕਰ ਦੇਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ। |

ਭਾਵ ਸੁਨਿਆਰੇ ਅੱਗੇ ਭੱਠੀ ਹੁੰਦੀ ਹੈ, ਭੱਠੀ ਨੂੰ ਧੌਂਕਣੀ ਲਗੀ ਹੁੰਦੀ ਹੈ ਹਵਾ ਦੇਣ ਲਈ, ਜਿਸ ਨਾਲ ਅੱਗ ਦਾ ਤਾਉ ਵਧ ਜਾਂਦਾ ਹੈ ਤਦ ਕੁਠਾਲੀ ਵਿਚ ਸੋਨੇ ਨੂੰ ਪਾ ਕੇ ਢਾਲ ਲੈਂਦੇ ਹਨ, ਫਿਰ ਠੱਪੇ ਹਥੌੜੇ ਨਾਲ ਮੁਹਰਾਂ ਆਦਿ ਘੜਦੇ ਹੈਨ ਜੋ ਪਾਤਸ਼ਾਹੀ ਖ਼ਜ਼ਾਨੇ ਦਾਖ਼ਲ ਹੁੰਦੀਆਂ ਹੈਨ, ਇਹ ਤਸਵੀਰ ਹੈ ਜੋ ਇਥੇ ਸ਼ੁਭ ਗੁਣਾਂ ਦੀ ਖਿੱਚ ਕੇ ਉਸ ਵਿਚ ਨਾਮ-ਜਪ ਦੀ ਮਰਿਯਾਦਾ ਦੱਸੀ ਗਈ ਹੈ। ਅਰਥਾਤ-ਧੀਰਜ ਧਾਰ ਕੇ ਜਤ ਸਤ ਨੂੰ ਕਾਯਮ ਰਖਦਿਆਂ, ਗਜਾਨ ਨੂੰ ਅਥਵਾ ਸਤ ਸ਼ਾਸਤ੍ਰ ਦੇ ਉਪਦੇਸ਼ ਨੂੰ ਸੁਣ ਪੜ੍ਹ ਕੇ ਮਤਿ ਵਿਚ ਧਾਰਣ ਕਰਦਿਆਂ, ਪਰਮੇਸ਼ੁਰ ਦੇ ਭੈ ਵਿਚ ਤੇ ਤਪ ਵਿਚ ਰਹਿੰਦਿਆਂ ਪ੍ਰੇਮ ਭਾਵਨਾਂ ਨਾਲ ਨਾਮ ਜਪਣਾ, ਸਿਮਰਣਾ ਤੇ ਅਰਾਧਣਾ ਹੈ, ਇਸ ਨਾਲ ਆਪੇ ਨੇ ਬਾਰਾਂ ਵੰਨੀਆਂ ਦੇ ਸੋਨੇ ਵਾਂਙੂ ਸ਼ੁੱਧ ਹੋ ਜਾਣਾ ਹੈ। ਇਸ ਪਰ ਨਦਰੀ ਦੀ ਨਦਰ ਹੋਣੀ ਹੈ ਤੇ ਜੀਵ ਨੇ ਨਿਹਾਲ=ਆਨੰਦ ਸਰੂਪ ਹੋ ਜਾਣਾ ਹੈ। ਪਰ ਪਹਿਲੀ ਕਹੀ ਟਕਸਾਲ ਦੀ ਕਾਰ ਬੀ ਵਾਹਿਗੁਰੂ ਦੀ ਮੇਹਰ ਨਾਲ ਹੀ ਹੋਣੀ ਹੈ।

[ਅੰਤਮ ਸਲੋਕ]

ਇਹ ਪਉੜੀ ਨਹੀਂ ਅੰਤਮ ਸ਼ਲੋਕ ਹੈ, ਮਾਨੋ ਜਪੁਜੀ ਦਾ ਉਪਸੰਹਾਰ[੧] ਹੈ। ਇਸ ਵਿਚ ਜਪੁਜੀ ਦਾ ਸਾਰ ਸਿੱਧਾਂਤ ਉਪਦੇਸ਼ ਹੈ ਕਿ ਕੁਦਰਤ ਦੇ ਜੋ ਸਾਮਾਨ ਤੇਰੇ ਉਦਾਲੇ ਹਨ ਓਹ ਤੇਰੀ ਉਤਪਤੀ, ਪਾਲਣਾ ਸਿਖ੍ਯਾ ਤੇ ਤੈਨੂੰ ਖੇੜੇ ਵਿਚ ਰੱਖਣ ਦੇ ਸਹਾਯਕ ਹਨ, ਇਹ ਗੱਲ ਸਮਝ ਕੇ ਤੂੰ ਅਪਣੇ ਅਮਲਾਂ ਨੂੰ ਸੁੱਛ ਰੱਖ। ਨੇਕੀ ਬਦੀ ਦੁਇ ਅਪਣਾ ਅਸਰ ਰਖਦੀਆਂ ਹਨ, ਇਕ 'ਸਾਂਈਂ' ਦੇ ਨੇੜੇ ਲੈ ਜਾਂਦੀ ਤੇ ਦੂਜੀ ਦੂਰ ਲੈ ਜਾਂਦੀ ਹੈ, ਸੋ ਨੇਕੀ ਕਰ ਜੋ ਨੇੜੇ ਲੈ ਜਾਂਦੀ ਹੈ, ਪਰ ਕਰਮ ਗੇੜ ਤੋਂ ਬਾਹਰ ਨਹੀਂ ਕੱਢਦੀ। ਇਸ ਲਈ ਨੇਕੀ ਕਰਦਿਆਂ ਕਰਮ ਗੇੜ ਤੋਂ ਕੱਢਣ ਵਾਲਾ ਨਾਮ ਧਿਆ, ਐਸਾ ਸਿਮਰਨ ਕਰ ਕਿ ਪਰਮਾਤਮ ਦੇਵ ਵਿਚ ਧਜਾਨ ਗਡਿਆ ਜਾਵੇ, ਇਸ ਨਾਲ ਉਸ ਦੇ ਦਰ ਤੇਰਾ ਮੁਖ ਉਜਲਾ ਹੋਵੇਗਾ। ਨਾ ਕੇਵਲ ਤੇਰਾ ਆਪਣਾ ਸਗੋਂ ਕਿਤਨੇ ਹੋਰ ਤੇਰੇ ਨਾਲ ਸੰਗੀ ਸਾਥੀ ਮੁਕਤਿ ਪ੍ਰਾਪਤ ਕਰਨਗੇ।

| | |
|---|---|
| **ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ।** | [੨]ਪੌਣ ਗੁਰੂ ਹੈ, ਮਹਾਨ[੩] ਪਾਣੀ ਪਿਤਾ ਹੈ, ਧਰਤੀ |

---

੧. ਸਾਰੀ ਪੁਸਤਕ (ਬਾਣੀ) ਦਾ ਸਾਰ ਸਿੱਧਾਂਤ।

੨. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸ਼ਲੋਕ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਮਾਰੂ ਸੋਲਹਿਆਂ ਵਿਚ ਸੋਲਹਾ ਦੀ ਧਾਰਨਾ ਵਿਚ ਬੀ ਦਿੱਤਾ ਹੈ, ਯਥਾ-ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥ ਮਾ:ਸੋ:ਮ:੧-੧)। ਇਹੋ ਸ਼ਲੋਕ ਮਾਝ ਦੀ ਵਾਰ ਵਿਚ ਮ:੨ ਦੇ ਸਿਰਨਾਮੇ ਹੇਠ ਬੀ ਆਇਆ ਹੈ, ਜਿਸ ਦੇ ਪਾਠ ਵਿਚ ਦੋ ਤ੍ਰੈ ਪਦਾਂ ਦਾ ਫਰਕ ਹੈ:- ਪਵਣੁ-ਪਉਣੁ। ਦਿਵਸੁ-ਦਿਨਸੁ। ਕੇਤੀ ਛੁਟੀ-ਹੋਰ ਕੇਤੀ ਛੁਟੀ।

੩. ਸੰਸਕ੍ਰਿਤ ਵਿਚ ਪਦ 'ਮਹਤ੍' ਤਿੰਨਾਂ ਲਿੰਗਾਂ ਵਿਚ ਵਰਤੀਂਦਾ ਹੈ, ਇਸ ਤਰ੍ਹਾਂ ਇਹ 'ਧਰਤੀ' ਦਾ ਵਿਸ਼ੇਸ਼ਣ ਲਾ ਲਿਆ ਜਾਂਦਾ ਹੈ, ਪਰ ਜੇ ਮਹਤੁ ਦੇ ਔਂਕੁੜ ਵੱਲ ਖ੍ਯਾਲ ਕਰੀਏ ਤੇ ਗੁਰਬਾਣੀ ਵਿਚ ਵਰਤਾਉ ਤੱਕੀਏ ਤਾਂ ਇਹ ਪੁਲਿੰਗ ਹੈ, ਯਥਾ-ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥(ਪੰਨਾ ੧੮੮)। ਇਸ ਕਰਕੇ 'ਮਹਤੁ' ਨੂੰ ਏਥੇ 'ਪਾਣੀ' ਦਾ ਵਿਸ਼ੇਸ਼ਣ ਲਾਇਆ ਹੈ। ਸੰਸ: ਪਦ 'ਮਹਤ੍ਵ' ਦਾ ਅਰਥ ਹੈ 'ਵੱਡਾ ਪਨ'। ਗੁਰਬਾਣੀ ਵਿਚ 'ਮਹਤੁ' ਪਦ ਸੰਸਕ੍ਰਿਤ ਪਦ 'ਮਹਤ੍ਵ' ਦੀ ਥਾਂਵੇਂ ਬੀ ਵਰਤਿਆ ਹੈ ॥☞

ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥

ਮਾਤਾ ਹੈ। ਦਿਨ ਰਾਤ ਦੋਵੇਂ ਦਾਈ ਤੇ ਦਾਇਆ ਹਨ[੧] (ਜਿਨ੍ਹਾਂ ਦੀ ਗੋਦ ਵਿਚ) ਖੇਡਦਾ ਹੈ ਸਾਰਾ ਸੰਸਾਰ। ਚੰਗਿਆਈਆਂ ਬੁਰਿਆਈਆਂ ਵਾਚੇਗਾ ਧਰਮ (ਪਰਮੇਸ਼ੁਰ ਦੀ) ਹਜ਼ੂਰੀ ਵਿਚ[੨] (ਸੋ) ਆਪੋ ਆਪਣੀ ਕਰਣੀ ਅਨੁਸਾਰ ਕੋਈ (ਤਾਂ ਪਰਮੇਸ਼ੁਰ) ਦੇ ਨੇੜੇ (ਤੇ) ਕੋਈ ਦੂਰ (ਹੋ ਜਾਣਗੇ)। (ਪਰ) ਹੇ ਨਾਨਕ! ਜਿਨ੍ਹਾਂ ਨੇ ਨਾਮ ਧਿਆਇਆ ਹੈ (ਓਹ ਏਥੋਂ ਅਸਲੀ) ਮਿਹਨਤ ਘਾਲਦੇ ਗਏ ਹਨ, (ਪਰਮੇਸ਼ਰ ਦੇ ਹਜ਼ੂਰ) ਓਹ ਉੱਜਲੇ ਮੂੰਹ ਵਾਲੇ (ਹਨ ਅਰ ਹੋਰ) ਕਿਤਨੀ (ਸ੍ਰਿਸ਼ਟੀ ਉਹਨਾਂ ਦੇ) ਨਾਲ ਛੁੱਟ ਜਾਂਦੀ ਹੈ[੩]।

ਭਾਵ- ਪੌਣ, ਪਾਣੀ, ਧਰਤੀ, ਦਿਨ, ਰਾਤ ਵਿਚ ਜੀਵ ਜੋ ਕਰਮ ਕਰ ਰਹੇ ਹਨ ਚੰਗੇ ਮੰਦੇ, ਓਹਨਾਂ ਅਨੁਸਾਰ ਕਈ ਨੇੜੇ ਹੋ ਜਾਣਗੇ ਤੇ ਕਈ ਦੂਰ। ਪਰ ਜੋ ਨਾਮ ਜਪ ਦੀ ਘਾਲਣਾ ਘਾਲ ਕੇ ਜਾਣਗੇ ਉਹ-ਖਾਸ ਹਜ਼ੂਰੀ ਯਾ ਸਰੂਪ ਵਿਚ ਪਹੁੰਚਣਗੇ ਤੇ-ਉਜਲੇ ਮੁਖ ਪਹੁੰਚਣਗੇ, ਅਰਥਾਤ ਪਰਮ ਪਦ ਨੂੰ ਪ੍ਰਾਪਤ ਹੋਣਗੇ, ਐਸੇ ਨਾਮ ਰਸੀਆਂ ਦੇ ਨਾਲ ਹੋਰ ਕਿਤਨੀ ਸ੍ਰਿਸ਼ਟੀ ਛੁੱਟ ਜਾਏਗੀ। ਯਥਾ-ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥ (ਗਉੜੀ ਸੁਖਮਨੀ)।

ਸੂਚਨਾ : ਜਪੁਜੀ ਬਾਣੀ ਦੇ ਹੋਰ ਵਿਸ਼ੇਸ਼ ਯਾ ਡੂੰਘੇ ਅਰਥ ਦੇਖਣੇ ਹੋਣ ਤਾਂ ਦੇਖੋ ਇਸੇ ਕਲਮ ਦੀ ਲਿਖੀ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ ਪੰਨਾ ੧-੧੭੮ ਤੱਕ।

---

੧. ਦਾਈ=ਜੋ ਰਾਤ ਵੇਲੇ ਬੱਚੇ ਨੂੰ ਸੰਭਾਲਦੀ ਸੁਆਲਦੀ ਹੈ। ਦਾਇਆ=ਜੋ ਦਿਨੇ ਖਿਡਾਉਂਦਾ, ਸੈਰ ਕਰਾਉਂਦਾ ਤੇ ਪਰਚਾਉਂਦਾ ਹੈ।

੨. ਯਾ ਵਾਚਦਾ ਹੈ ਧਰਮ ਰਾਜ (ਰੱਬ ਦੀ) ਹਜ਼ੂਰੀ ਵਿਚ!

੩. ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ (ਗਉੜੀ ਸੁਖਮਨੀ।

☞ ਜੈਸੇ: 'ਸਾਚਉ ਮਾਨੁ ਮਹਤੁ ਤੂੰ....(ਪੰਨਾ ਪ੪)।' ਸੰਸਕ੍ਰਿਤ ਵਿਚ ਮਹਤੁ ਨਿਪੁੰਸਕ ਹੈ, ਪਰ ਗੁਰਬਾਣੀ ਵਿਚ ਏਥੇ ਇਹ ਪਦ ਵੀ ਪੁਲਿੰਗ ਕਰਕੇ ਹੀ ਵਰਤਿਆ ਹੈ।

# ਹਜ਼ਾਰੇ* ਦੇ ਸ਼ਬਦ

| | |
|---|---|
| ਮਾਝ ਮਹਲਾ ੫ ਚਉਪਦੇ ਘਰੁ ੧॥ | ਰਾਗੁ ਮਾਝ, ਪੰਚਮ ਗੁਰੂ[1] ਜੀ ਦਾ, ਚਾਰ ਪਦਾਂ ਵਾਲਾ, ਘਰ ੧[2] ਵਾਲਾ। |

* ਇਹ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ, ਪਰ ਪ੍ਰਾਚੀਨ ਸਮੇਂ ਤੋਂ ਲਿਖਿਆ ਬੋਲਿਆ ਜਾਂਦਾ ਹੈ। ਇਸ ਵਿਚ ੭ ਸ਼ਬਦ ਹੈਨ, ਜਪੁਜੀ ਨਾਲ ਪੜ੍ਹੇ ਜਾਂਦੇ ਹਨ। ਭਾਵ ਹੈ ਹਜ਼ੂਰੀ ਵਿਚ ਰਖਣ ਵਾਲੇ। (ਅ:, ਹਾਜ਼ਿਰ=ਮੌਜੂਦ, ਜਿਸ ਦਾ ਦਿਲ ਰੱਬ ਦੀ ਹਜ਼ੂਰੀ ਵਿਚ ਰਹੇ)।

੧. ਮਹਲ, ਮਹਲਾ= ਜਿਸ ਵਜੂਦ ਵਿਚ ਵਾਹਿਗੁਰੂ ਦੀ 'ਗੁਰ ਜਯੋਤਿ' ਉਤਰੀ, ਅਰਥਾਤ ਗੁਰੂ ਨਾਨਕ ਸਾਹਿਬ ਜੀ, ਉਨ੍ਹਾਂ ਤੋਂ ਫਿਰ ਜਿਨ੍ਹਾਂ ਵਿਚ ਉਤਰੀ ਅਰਥਾਤ ਅਗਲੇ ਗੁਰੂ ਸਾਹਿਬ। ਗੁਰਬਾਣੀ ਵਿਚ ਇਸ ਪਦ ਦੇ ਅਗੇ ਅੰਕ ਦੇ ਕੇ ਪਾਤਸ਼ਾਹੀ ਦਾ ਪਤਾ ਦਿਤਾ ਹੈ। ਯਥਾ ਸਿਰੀਰਾਗੁ ਮਹਲਾ ੧ (ਦੇਖੋ ਸ਼ਬਦ ੨)। ਸਿਰੀ ਰਾਗੁ ਮਹਲਾ ੧ (ਦੇਖੋ ਸ:੬)। ਇਥੇ ਮਤਲਬ ਹੈ ਸਿਰੀ ਗੁਰੂ ਨਾਨਕ ਦੇਵ ਜੀ। ਇਸੇ ਤਰ੍ਹਾਂ ਮਹਲਾ ੫=ਗੁਰੂ ਅਰਜਨ ਦੇਵ ਜੀ, ਮਹਲਾ ੯=ਗੁਰੂ ਤੇਗ ਬਹਾਦਰ ਜੀ। ਗੁਰੂ ਸਾਹਿਬਾਂ ਦੇ ਸਮੇਂ ਇਕ ਫ਼ਾਰਸੀ ਦਾ ਲੇਖਕ ਮਹਲਾ ਦਾ ਇਹੋ ਅਰਥ ਲਿਖ ਗਿਆ ਹੈ:- ਇਕ ਗੁਰੂ ਦੂਜੇ ਵਿਚ ਹਲੂਲ ਕਰਦਾ (=ਉਤਰਦਾ) ਹੈ, ਏਸ ਕਰਕੇ ਮਹਲ ਕਹਾਉਂਦਾ ਹੈ। (ਦਬਿਸਤਾਨੇ ਮਜ਼ਾਹਬ, ਸਫ਼ਾ ੨੨੫)। (ਮਹਲ=) ਇਹ ਪਦ ਅਰਬੀ ਮੂਲਕ ਹੈ, ਪਰ ਸੰਸਕ੍ਰਿਤ ਵਿਚ ਬੀ ਹੈ (=ਮਹਿਲਾ) ਜਿਸ ਦਾ ਅਰਥ ਇਸਤ੍ਰੀ ਹੈ, ਗੁਰਬਾਣੀ ਵਿਚ ਬੀ ਇਹ ਪਦ ਇਸਤ੍ਰੀ ਅਰਥਾਂ ਵਿਚ ਆਇਆ ਹੈ- ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ। (ਮਾਰੂ ਵਾ:ਮ:੧)। ਅਰਬੀ ਵਿਚ 'ਮਹੱਲ' ਨਾਮ ਉਤਰਨੇ ਦੀ ਜਗਾ ਦਾ ਹੈ-ਘਰ, ਮਕਾਨ, ਧੌਲਰ। ਇਸ ਪਦ ਦੇ ਹੋਰ ਅਰਥ ਇਉਂ ਲਿਖੇ ਹਨ- ਮਕਾਨ ਦਾ ਵੱਡਾ ਕਮਰਾ, ਜ਼ਨਾਨਾ ਕਮਰਾ, ਕਿਸੇ ਅਮੀਰ ਘਰ ਦਾ ਜ਼ਨਾਨੀਆਂ ਦਾ ਰਿਹਾਯਸ਼ੀ ਹਿੱਸਾ। ਇਲਾਕਾ, ਅਹੁਦਾ, ਦਰਜਾ। ਰਾਜੇ ਯਾ ਅਮੀਰ ਦੀ ਵਹੁਟੀ, ਰਾਣੀ: ਇਸਤ੍ਰੀ। ਵਕਤ, ਮੌਕਾ। ਇਸੀ ਤਰ੍ਹਾਂ 'ਮਹੱਲ' ਪਦ ਦਾ ਅਰਥ ਹੈ- ਉਤਰਨੇ ਦੇ ਬਹੁਤੇ ਥਾਉਂ ਅਤੇ ਫੌਜਾਂ ਦਾ ਅਭਯਾਸ ਨਮਿਤ ਹੱਲਾ ਕਰਨਾ। ਇਸ ਪਦ ਦਾ ਅਰਬੀ ਧਾਤੂ ਹੈ ਹੱਲ=ਉਤਰਨਾ। ਇਸ ਤੋਂ ਬਣੇ ਪਦ ਮਹਲ ਤੇ ਮਹਲਾ ਦਾ ਉਚਾਰਣ ਹੈ ਅਧਕ ਵਾਲਾ, ਅਰਥਾਤ ਮਹੱਲ ਤੇ ਮਹੱਲਾ।

ਪਰ ਪੰਜਾਬੀ ਲਹਿਜੇ ਵਿਚ ਪਦ ਮਹੱਲ ਅਕਸਰ ਅਧਕ ਤੋਂ ਬਿਨਾ 'ਮਹਲ' ਉਚਾਰਣ ਹੁੰਦਾ ਹੈ, ਯਥਾ-ਰਾਜੇ ਦਾ ਮਹਲ। ਜੇ ਬਹੁਵਚਨ ਹੋਵੇ ਤਾਂ ਬੀ ਅਧਕ ਤੋਂ ਬਿਨਾਂ, ਯਥਾ=ਰਾਜਾ ਮਹਲਾਂ ਵਿਚ ਹੈ। ਗੁਰਬਾਣੀ ਵਿਚ ਬੀ ਇਸੇ ਤਰ੍ਹਾਂ ਦਾ ਉਚਾਰਣ ਹੈ। ਯਥਾ-(ਇਕ ਬਚਨ-) 'ਖੋਲਿ ਕਿਵਾਰਾ ਮਹਲਿ ਬੁਲਾਇਆ॥'(ਰਾਮ:ਮ:੫)। (ਬਹੁ ਵਚਨ-) 'ਮਹਲਾ ਮੰਝਿ ਨਿਵਾਸੁ॥' (ਵਾਰ ਮਾਝ ਮ:੧)। ਮਹਿਲਾਂ ਵਿਚ ਨਿਵਾਸ ਹੈ। ਉਂਞ ਗੁਰਬਾਣੀ ਵਿਚ ਅਧਕ ਸਮੇਤ-ਮਹੱਲ-ਉਚਾਰਣ ਬੀ ਆਇਆ ਹੈ। ਯਥਾ- 'ਤਾਂ ਸੁਖ ਲਹਹਿ ਮਹਲ॥' (ਸੋਰ:ਮ:੧) ਇਥੇ ਪਾਠ ਹੈ ਮਹੱਲ, ਅਧਿਕ ਵਾਲਾ। ਇਸੇ ਤਰ੍ਹਾਂ ਜਦ ਮਹੱਲਾ ਪਦ ਇਕ ਬਚਨ ਵਿਚ ਆਉਂਦਾ ਹੈ ਤਾਂ ਬੀ ਪੰਜਾਬੀ ਉਚਾਰਣ ਅਧਕ ਸਮੇਤ ਹੁੰਦਾ ਹੈ ਜੈਸੇ-ਸਰੀਣਾਂ ਦਾ ਮਹੱਲਾ। ਅਜ ਸਿੰਘਾਂ ਦਾ ਮਹੱਲਾ ਚੜ੍ਹਿਆ ਹੈ।

ਅਰਬੀ ਵਿਚ ਪਦ ਮਹੱਲ ਪੁਲਿੰਗ ਹੈ ਤੇ 'ਮਹਲਾ' ਪਦ ਇਸਤ੍ਰੀ ਲਿੰਗ ਹੈ। ਪਰ ਗੁਰਬਾਣੀ ਵਿਚ ਇਹ ਪਦ ਜਦ ਸਿਰਲੇਖਾਂ ਵਿਚ ਆਯਾ ਹੈ ਤਾਂ ਪੁਲਿੰਗ ਹੈ। ਯਥਾ-ਰਾਗੁ ਸਿਰੀ ਰਾਗੁ ਮਹਲਾ ਪਹਿਲਾ੧। ਪਹਿਲਾ ਪਦ ਤੋਂ ਸਹੀ ਹੋ ਗਿਆ ਕਿ 'ਮਹਲਾ' ਪਦ ਪੁਲਿੰਗ ਹੈ। ਅਰਬੀ ਵਿਚ ਇਕ ਹੋਰ ਪਦ ਹੈ- ਮਹੱਲਾ; ਜਿਸ ਦਾ ਅਰਥ ਹੈ ਸਲਾਹਿਆ ਗਿਆ। ਭਾਵ (ਸਰਬ) ਉਪਮਾ ਜੋਗ। ਹੋ ਸਕਦਾ ਹੈ ਕਿ ਇਹ ਪਦ ਗੁਰਬਾਣੀ ਦੇ 'ਮਹੱਲਾ' ਪਦ ਦਾ ਮੂਲ ਹੋਵੇ। ਅਰਥਾਤ ਸਲਾਹਿਆ ਗਿਆ=ਗੁਰੂ।

੨. 'ਚਉਪਦੇ' ਤੇ 'ਘਰ' ਲਈ ਦੇਖੋ 'ਬਾਣੀ ਬਿਉਰਾ' ਕ੍ਰਿਤ ਸ੍ਰੀ ਮਾਨ ਡਾ: ਚਰਨ ਸਿੰਘ ਜੀ।


www.sikhbookclub.com

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥

[1]ਮੇਰਾ ਮਨ ਗੁਰੂ ਜੀ ਦੇ ਦਰਸ਼ਨ ਨੂੰ ਤਰਸਦਾ ਹੈ (ਤੇ) ਚਾਤ੍ਰਿਕ ਵਾਂਙੂ ਵਿਰਲਾਪ ਕਰਦਾ ਹੈ[2]। ਪਿਆਰੇ ਸੰਤ ਦੇ ਦਰਸ਼ਨ ਥੋਂ ਬਾਝ (ਦਰਸ਼ਨ ਦੀ) ਤ੍ਰੇਹ ਉਤਰਦੀ ਨਹੀਂ (ਤੇ) ਸ਼ਾਂਤੀ ਆਉਂਦੀ ਨਹੀਂ ਜੀ॥੧॥

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ਰਹਾਉ॥

ਮੈਂ ਪਿਆਰੇ ਸੰਤ (ਸ੍ਰੀ) ਗੁਰੂ ਜੀ ਦੇ ਦਰਸ਼ਨਾਂ (ਉਪਰੋਂ) ਵਾਰਨੇ ਜਾਂਦਾ ਹਾਂ (ਤੇ ਆਪਣਾ ਇਹ) ਜੀਉ[3] ਵਾਰ ਕੇ ਸਦਕੇ ਕਰਦਾ ਹਾਂ॥੧॥ਰਹਾਉ[4]॥

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗ ਪਾਣੀ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥

ਤੇਰਾ ਮੁਖ ਸੁੰਦਰ ਹੈ (ਹੇ ਮਹਾਰਾਜ) ਜੀਉ! (ਤੇ ਤੇਰੀ) ਬਾਣੀ ਗਜਾਨ ਮਈ ਧੁਨੀ ਵਾਲੀ ਹੈ[5]। ਚਿਰ ਹੋ ਗਿਆ ਹੈ (ਮੈਨੂੰ ਆਪ) ਭਗਵਾਨ ਜੀ[6] ਦੇ ਦਰਸ਼ਨ ਕੀਤਿਆਂ। ਧੰਨ ਹੈ ਉਹ ਦੇਸ਼ ਜਿੱਥੇ ਤੂੰ ਰਹਿੰਦਾ ਹੈਂ (ਹੇ) ਮੇਰੇ (ਸਜਣ=) ਪਿਆਰੇ ਤੇ ਮਿਤ੍ਰ ਤੇ ਸੰਤਾਪ

---

੧. ਇਸ ਸ਼ਬਦ ਦੇ ਪਹਿਲੇ ਦੋ ਅੰਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵੱਲ ਲਾਹੌਰ ਤੋਂ ਦੋ ਚਿੱਠੀਆਂ ਕਰਕੇ ਲਿਖੇ ਸਨ, ਜਦੋਂ ਆਪ ਪਿਤਾ ਜੀ ਦੀ ਆਗਯਾ ਵਿਚ ਲਾਹੌਰ ਗਏ ਹੋਏ ਸਨ। ਏਹ ਦੁਇ ਖ਼ਤ ਉਨ੍ਹਾਂ ਦੇ ਵਡੇ ਭਿਰਾਉ ਪ੍ਰਿਥੀ ਚੰਦ ਨੇ ਲੁਕਾ ਛੱਡੇ, ਤੀਜਾ ਅੰਕ ਚਿੱਠੀ ਦੇ ਰੂਪ ਵਿਚ ਪਿਤਾ ਜੀ ਦੇ ਪਾਸ ਪੁੱਜ ਪਿਆ ਤਾਂ ਉਨ੍ਹਾਂ ਨੇ ਆਪ ਨੂੰ ਸਦਵਾ ਲੀਤਾ ਅਤੇ ਚੌਥਾ ਅੰਕ, ਲਿਖਿਆ ਹੈ ਕਿ, ਸ੍ਰੀ ਗੁਰੂ ਜੀ ਨੇ ਗੱਦੀ ਪ੍ਰਾਪਤ ਹੋ ਜਾਣੇ ਪਰ ਲਿਖਿਆ। ਵਿਸ਼ੇਸ਼ ਪ੍ਰਸੰਗ ਲਈ ਦੇਖੋ ਗੁ:ਪ੍ਰ:ਸੂਰਜ ਤੇ (ਅਸ਼ਟ ਗੁਰੂ ਚਮਤਕਾਰ ਭਾਗ-੨)

੨. ਪਪੀਹਾ ਯਾ ਬੰਬੀਹਾ ਜੋ ਸ੍ਵਾਂਤੀ ਬੂੰਦ ਲਈ ਪ੍ਰਿਉ ਪ੍ਰਿਉ ਦੀ ਟੇਰ ਲਾਈ ਰਖਦਾ ਹੈ, ਜਦ ਮਿਲੇ ਤਾਂ ਸੁਖੀ ਹੁੰਦਾ ਹੈ। ਯਥਾ- ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ। (ਕਲਿ:ਮ:੫-੧/੧੩੨੧)

੩. 'ਜੀਉ' ਸਤਿਕਾਰ ਲਈ 'ਜੀ' ਅਰਥਾਂ ਵਿਚ ਬੀ ਲਾਉਂਦੇ ਹਨ।

੪. ਰਹਾਉ= ਟੇਕ, ਸਥਾਈ, ਉਹ ਤੁਕ ਜੋ ਅੰਤਰੇ ਦੇ ਬਾਦ ਮੁੜ ਮੁੜ ਗਾਈ ਜਾਵੇ। (ਅ) ਅਰਥ ਭਾਵ ਵਿਚ ਰਹਾਉ ਤੋਂ ਅਰਥ ਚੁਕਿਆਂ ਅਕਸਰ ਅਰਥ ਦੀ ਬਿਵਸਥਾ ਠੀਕ ਲਗਦੀ ਹੈ। ਵਿਸ਼ੇਸ਼ ਵੇਰਵੇ ਲਈ ਦੇਖੋ ਇਸੇ ਪੋਥੀ ਵਿਖੇ 'ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ' ਵਿਚ ਆਏ 'ਰਹਾਉ' ਪਦ ਦੀ ਟੂਕ ਪੰਨਾ ੨੬੨।

੫. ਸਹਜ=ਯਥਾਰਥ, ਅਸਲੀ, ਸੁਤੇ, ਗਜਾਨ, ਸੁਖ, ਸ਼ਾਂਤੀ। ਸਹਜ ਧੁਨਿ=ਗਜਾਨਮਈ ਧੁਨੀ ਵਾਲੀ। ਯਥਾ-ਜੇਤਾ ਬੋਲਣੁ ਤੇਤਾ ਗਿਆਨੈ॥ (ਗਉ:ਮ:੫)। (ਅ) ਸੁਭਾਵਕ ਸੰਗੀਤਕ ਰੂਪਾ ਹੈ।

੬. ਸਾਰੰਗ ਪਾਨੀ=ਇਸ ਪਦ ਦੇ ਤ੍ਰੈ ਮੂਲ ਹੋ ਸਕਦੇ ਹਨ। ਸੰਸ:, ਸਾਰ੍ਙ੍ਗ-ਸਾਰ੍ਙ੍ਗ। 'ਸਾਰ੍ਙ੍ਗ' ਦੇ ਅਨੇਕਾਂ ਅਰਥਾਂ ਵਿਚੋਂ ਇਕ ਅਰਥ ਧਰਤੀ ਹੈ। ਸਾਰਿੰਗ ਪਾਣੀ-ਜਿਸ ਦੇ ਹੱਥ ਵਿਚ ਧਰਤੀ ਹੈ। ਸਾਰ੍ਙ੍ਗ=ਦਾ ਅਰਥ ਹੈ ਧਨੁਖ। ਸਾਰਿੰਗ ਪਾਣੀ=ਜਿਸ ਦੇ ਹਥ ਵਿਚ ਧਨੁਖ ਹੈ। ਦੋਹਾਂ ਤੋਂ ਮੁਰਾਦ ਭਗਵਾਨ ਦੀ ਹੈ, ਅਪਣੇ ਗੁਰੂ ਨੂੰ ਭਗਵਾਨ ਰੂਪ ਕਹਿ ਰਹੇ ਹਨ। ਅਗਲੀ ਪੌੜੀ ਵਿਚ ਆਪ ਹੀ 'ਭਗਵੰਤ੍ਰ' ਕਹਿ ਰਹੇ ਹਨ, ਸੋ ਏਥੇ ਵੀ ਉਹੋ ਮੁਰਾਦ ਹੈ। ਹਿੰਦੀ ਕੋਸ਼ਾਂ ਵਿਚ ਪਦ 'ਸਾਰੰਗ' ਦੇ ਕੇ ਇਸ ਦੇ ੬੩ ਅਰਥ ਦਿਤੇ ਹਨ-ਸ਼ਿਵ, ਵਿਸ਼ਨੂ, ਕ੍ਰਿਸ਼ਨ, ਹਿਰਨ, ਸ਼ੇਰ, ਹੰਸ, ਚਾਤ੍ਰਿਕ, ਧਰਤੀ ਆਦਿ। ਇਨ੍ਹਾਂ ੬੩ ਅਰਥਾਂ ਵਿਚ ਈਸ਼੍ਵਰ=ਭਗਵਾਨ ਅਰਥ ਬੀ ਲਿਖੇ ਹਨ।

ਹਰਤਾ[1] (ਹਰੀ ਰੂਪ) ਜੀਉ॥੨॥

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੧॥ਰਹਾਉ॥

ਹੇ ਮੇਰੇ (ਸਜਣ=) ਪਿਆਰੇ, ਮਿੱਤ੍ਰ (ਤੇ) ਸੰਤਾਪ ਹਰਤਾ ਗੁਰੂ ਜੀਓ! ਮੈਂ (ਆਪ ਤੋਂ ਸਦਕੇ ਹਾਂ (ਮੈਂ ਆਪ ਤੋਂ) ਵਾਰਨੇ ਸਦਕੇ ਹਾਂ॥੧॥ਰਹਾਉ॥

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥

(ਪਿਆਰੇ ਜੀ! ਅੱਗੇ ਆਪ) ਇਕ ਘੜੀ ਨਹੀਂ ਮਿਲਦੇ ਸਾਓ ਤਾਂ (ਮੇਰੇ ਭਾਣੇ) ਕਲ-ਜੁਗ ਵਰਤ ਜਾਂਦਾ ਸੀ। ਹੇ ਪਿਆਰੇ ਭਗਵੰਤ! ਹੁਣ ਤੁਹਾਨੂੰ ਕਦੋਂ ਮਿਲੀਏ? (ਭਾਵ ਮਿਲਾਂਗੇ) ਮੈਨੂੰ ਰਾਤ ਨਹੀਂ ਬੀਤਦੀ, ਨੀਂਦ ਨਹੀਂ ਆਉਂਦੀ (ਆਪ) ਸਤਿਗੁਰਾਂ ਦੇ ਦਰਬਾਰ, ਦਰਸ਼ਨ ਕੀਤੇ ਬਾਝ, ਜੀ!॥੩॥

ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ਰਹਾਉ॥

ਉਸ ਸੱਚੇ ਗੁਰਦਰਬਾਰ ਤੋਂ ਮੈਂ ਵਾਰਨੇ ਜਾਂਦਾ ਹਾਂ ਜੀ! ਤੇ (ਆਪਣਾ ਇਹ) ਜੀਉ ਵਾਰ ਕੇ ਸਦਕੇ ਕਰਦਾ ਹਾਂ॥੧॥ਰਹਾਉ॥

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥੪॥

(ਸ੍ਰੇਸ਼ਟ) ਭਾਗ (ਉਦੇ) ਹੋਇਆ ਹੈ ਜੋ ਸੰਤ ਗੁਰੂ ਨੇ ਮਿਲਾ ਲਿਆ ਹੈ[2], (ਹੁਣ ਮੈਨੂੰ) ਅਬਿਨਾਸ਼ੀ ਪ੍ਰਭੂ ਹਿਰਦੇ ਵਿਚ ਪ੍ਰਾਪਤ ਹੋ ਗਿਆ ਹੈ। (ਇਹ ਦਾਨ ਬਖਸ਼ੋ ਕਿ ਆਪ ਦੀ) ਸੇਵਾ ਕਰਾਂ ਅਰ ਪਲ ਤੇ ਚਸਾ[3] ਭਰ (ਆਪ ਤੋਂ) ਨਾ ਵਿਛੁੜਾਂ। (ਹੇ ਗੁਰੂ) ਨਾਨਕ ਜੀਓ ਅਸੀਂ ਆਪ ਦੇ ਜਨਾਂ ਦੇ ਦਾਸ ਹਾਂ॥੪॥

ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥੧॥੮॥ (ਗੁਰੂ ਗ੍ਰੰਥ ਸਾਹਿਬ ਪੰਨਾ ੯੬-੯੭)

(ਹੇ ਗੁਰੂ) ਨਾਨਕ ਜੀ! ਆਪਦੇ ਜਨਾਂ ਤੇ ਦਾਸਾਂ ਤੋਂ ਮੈਂ ਵਾਰਨੇ ਜਾਂਦਾ ਹਾਂ (ਤੇ ਇਹ ਅਪਣਾ ਜੀਉ) ਵਾਰ ਕੇ ਸਦਕੇ ਕਰਦਾ ਹਾਂ[4]॥੧॥੮॥

੧. ਮੁਰਾਰਿ=ਸੰਤਾਪ ਹਰਤਾ (=ਵਾਹਿਗੁਰੂ)। (ਮੁਰਾਰਿ=ਮੁਰ+ਅਰਿ। ਮੁਰ=ਕਲੇਸ਼, ਸੰਤਾਪ, ਕਰਮਯੋਂ ਕਾ ਕਰਮ ਭੋਗ, ਇਕ ਰਾਖਸ਼ ਦਾ ਨਾਮ, ਜੋ ਇਨ੍ਹਾਂ ਸਭਨਾਂ ਦਾ ਅਰਿ=ਸ਼ਤ੍ਰੂ =ਮਾਰਨੇ ਵਾਲਾ ਹੈ। ਬ੍ਰਹਮ ਵੈਵਰਤ ਪੁ: ੧੧੦ ਅ:)। ਗੁਰਬਾਣੀ ਵਿਚ ਇਹ ਪਦ ਪਰਮੇਸ਼ੁਰ ਅਰਥਾਂ ਵਿਚ ਹੀ ਵਰਤਿਆ ਗਿਆ ਹੈ। (ਅ) ਸ੍ਰੀ ਕ੍ਰਿਸ਼ਨ ਜੀ ਦੇ 'ਮੁਰ' ਨਾਮ ਰਾਖਸ਼ ਨੂੰ ਮਾਰਨੇ ਦਾ ਪ੍ਰਸੰਗ ਵਾਮਨ ਪੁਰਾਣ ਵਿਚ ਹੈ। ਇਸ ਕਰਕੇ ਕ੍ਰਿਸ਼ਨ ਜੀ ਦਾ ਨਾਮ ਬੀ ਮੁਰਾਰਿ ਹੈ।

੨. ਇਸ ਸ਼ਬਦ ਵਿਚ ਪਿਛੇ 'ਸੰਤ' ਪਦ ਤੇ 'ਗੁਰ' ਪਦ ਗੁਰੂ ਰਾਮਦਾਸ ਜੀ ਵਾਸਤੇ ਹੀ ਵਰਤੇ ਗਏ ਹਨ। (ਅ) ਐਉਂ ਬੀ ਕਰਦੇ ਹਨ ਸੰਤ-ਭਾਈ ਬੁੱਢਾ ਜੀ ਨੇ ਮਿਲਾ ਦਿਤਾ ਹੈ ਮੈਨੂੰ ਗੁਰੂ (ਰਾਮਦਾਸ) ਨਾਲ। (ੲ) ਅਥਵਾ, ਗੁਰਿ=ਪਰਮੇਸ਼ੁਰ ਨੇ ਸੰਤ (=ਗੁਰੂ ਰਾਮਦਾਸ) ਮਿਲਾ ਦਿਤੇ ਹਨ।

੩. ੩੦ ਚਸੇ ਦਾ ਇਕ ਪਲ ਤੇ ੬੦ ਪਲ ਦੀ ਘੜੀ ਹੁੰਦੀ ਹੈ।

੪. ਇਥੇ ਵੀ 'ਜਨ ਨਾਨਕ ਦਾਸ ਤੁਮਾਰੇ ਜੀਉ' ਦਾ ਅਰਥ ਪਹਿਲੀ ਤੁਕ ਵਾਂਙੂ ਕੀਤਾ ਜਾਂਦਾ ਹੈ, ਪਰ ਪਹਿਲੀਆਂ ☞


www.sikhbookclub.com

ਧਨਾਸਰੀ ਮਹਲਾ ੧ ਘਰੁ੧ ਚਉਪਦੇ॥ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਧਨਾਸਰੀ[1] ਰਾਗ, ਪਾ:੧, ਚਾਰ ਪਦਾਂ ਵਾਲਾ ਘਰ ੧ ਵਾਲਾ! (ਮੂਲ ਮੰਤ੍ਰ ਦਾ ਟੀਕਾ ਜਪੁਜੀ ਦੇ ਅਰੰਭ ਵਿਚ ਆ ਚੁਕਾ ਹੈ ਦੇਖੋ ਪੰਨਾ੧)।

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥੧॥

(ਮੇਰਾ) ਆਪਣਾ ਮਨ[2] ਡਰਦਾ ਹੈ, ਕਿਸ ਅੱਗੇ ਪੁਕਾਰ ਕਰਾਂ (ਕਿ ਮੇਰਾ ਡਰ ਦੂਰ ਕਰੇ), ਸਦਾ ਦਾ ਦਾਤਾਰ ਸਾਹਿਬ ਦੁਖਾਂ ਨੂੰ ਵਿਸਿਮ੍ਰਣ ਕਰਾ ਦੇਣ ਵਾਲਾ[3] ਮੈਂ ਸਦਾ ਸੇਵਿਆ (ਅਰਾਧਿਆ)[4] ਹੈ॥੧॥

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥ ੧॥ਰਹਾਉ॥

(ਹਾਂ ਉਹ) ਮੇਰਾ ਸਾਹਿਬ ਸਦਾ ਨਵਾਂ ਹੈ[5] ਤੇ ਸਦਾ ਹੀ ਸਦਾ ਦਾ ਦਾਤਾਰ ਹੈ। (ਫੇਰ ਕਿਉਂ ਡਰ?।)॥੧॥ਰਹਾਉ॥

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥੨॥

ਸੁਣ ਮੇਰੀ ਪ੍ਰੇਮਾ ਬ੍ਰਿਤੀ[6] (ਕੰਨ ਦੇ ਕੇ) ਸੁਣੋ (ਸਾਨੂੰ ਚਾਹੀਦਾ ਹੈ ਕਿ) ਹਰ ਦਿਨ[7] (=ਸਦਾ ਉਸੇ) ਮਾਲਕ ਨੂੰ ਸੇਵੀਏ, ਓਹੋ ਅੰਤ ਨੂੰ ਛੁਡਾਏਗਾ (ਤੇ ਉਸ ਦੀ ਸੇਵਾ ਨਾਲ) ਪਾਰਉਤਾਰਾ ਹੋ ਜਾਏਗਾ॥੨॥

ਦਇਆਲ ਤੇਰੈ ਨਾਮਿ ਤਰਾ॥ ਸਦ ਕੁਰਬਾਣੈ ਜਾਉ॥੧॥ ਰਹਾਉ॥

(ਇਸ ਲਈ ਉਸੇ ਅੱਗੇ ਅਰਦਾਸ ਕਰਾਂ), ਹੇ ਦਇਆਲ (ਤੈਥੋਂ) ਸਦਾ[8] ਸਦਕੇ ਹੋ ਜਾਵਾਂ, (ਮੈਂ ਤਾਂ) ਤੇਰੇ ਨਾਮ ਨਾਲ ਹੀ ਤਰ ਜਾਣਾ ਹੈ॥੧॥ਰਹਾਉ॥ ਸਾਰੇ[9] (ਪਦਾਰਥਾਂ ਪੁਰਖਾਂ ਤੇ ਸਮਿਆਂ ਵਿਚ) ਓਹੋ, ਸਚਾ (=ਸਦਾ ਥਿਰ ਰਹਿਣ ਵਾਲਾ) ਇਕੋ (ਓਹੋ) ਹੈ, ਦੂਸਰਾ ਹੋਰ ਕੋਈ ਨਹੀਂ। (ਮੈਨੂੰ ਜੋ ਸੇਵਾ ਮਿਲੀ ਹੈ ਇਹੋ ਸਾਰ ਵਸਤੂ ਹੈ, ਕਿਉਂਕਿ) ਉਸ ਦੀ ਸੇਵਾ ਤਾਂ ਉਹੋ ਕਰਦਾ ਹੈ ਜਿਸ ਉਤੇ ਓਹ ਮਿਹਰ ਦ੍ਰਿਸ਼ਟੀ ਪਾਵੇ॥੩॥

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥ ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ॥੩॥

---

੧. ਮਾਲਕੌਂਸ ਦੀ ਰਾਗਣੀ, ਤੀਸਰੇ ਪਹਿਰ ਗਾਂਵੀਂਦੀ ਹੈ ੨. ਜੀਉ=ਮਨ।

੩. ਵਿਸਾਰਣੁ-ਵਿਸਾਰ ਦੇਣ ਵਾਲਾ, ਭੁਲਾ ਦੇਣ ਵਾਲਾ, ਦੂਰ ਕਰ ਦੇਣ ਵਾਲਾ।

੪. ਸੇਵਾ ਕਰਨ ਤੋਂ ਮੁਰਾਦ ਹੈ-ਨਾਮ ਅਰਾਧਨ।

੫. ਨੀਤ ਨਵਾ=ਜੋ ਬੁੱਢਾ ਪੁਰਾਣਾ ਨਾ ਹੋਵੇ। ਸਦਾ ਇਕ ਰਸ ਤੇ ਆਨੰਦ ਵਿਚ ਖਿੜਿਆ ਰਹੇ।

੬. ਕਾਮਣੀ=ਪਿਆਰੀ, ਇਥੇ ਭਾਵ ਹੈ 'ਪਿਆਰ ਭਰੀ ਲਗਨ' ਜੋ ਮਨ ਦੇ ਸੰਸੇ ਆਦਿਕਾਂ ਤੋਂ ਬੇਪਰਵਾਹ ਵਾਹਿਗੁਰੂ ਪ੍ਰੇਮ ਵਲ ਝੁਕੀ ਹੋਈ ਹੈ। ਅੰਦਰਲੀ ਰੱਬ ਨੂੰ ਪਿਆਰ ਕਰਨੇ ਵਾਲੀ ਬ੍ਰਿਤੀ (ਸੰਸ:,ਕਾਮ=ਪ੍ਰੇਮ। ਕਾਮਿਨਿ=ਪ੍ਰੇਮ ਮਈ। ਕਾਮਿਨੀ ਪ੍ਰੇਮ ਕਰਨ ਵਾਲੀ। ਭਾਵ ਪ੍ਰੇਮ ਕਰਨ ਵਾਲੀ ਬ੍ਰਿਤੀ। ਪ੍ਰੇਮਾ ਬ੍ਰਿਤੀ ਕਮ+ਣਿਨਿ)।

੭. ਅਨਦਿਨੁ=ਹਰ ਦਿਨ, ਸਦਾ। ੮. ਸਦਾ=ਸਦਾ।

੯. ਸੰਸ:, ਸਰਵ=ਸੰਪੂਰਨ, ਸਾਰਾ ਕੁਝ, ਭਾਵ ਸਾਰੇ ਕਾਲਾਂ ਵਿਚ, ਸਾਰੇ ਵਿਸ਼੍ਵ ਵਿਚ (ਸੱਚਾ ਹੈ=) ਸਦਾ ਥਿਰ, ਇਕ ਰਸ ਰਹਿਣੇ ਵਾਲਾ ਹੈ।

☞ ਪਉੜੀਆਂ ਵਿਚ ਹਰ ਪਉੜੀ ਦੇ ਬਾਦ ਕਿਸੇ ਸ਼ੈ ਤੋਂ, 'ਘੋਲੀ' ਹੁੰਦੇ ਆਏ ਹਨ ਜੈਸੇ-'ਗੁਰਦਰਸ਼ਨ' ਤੋਂ, 'ਮੀਤ ਮੁਰਾਰੇ' ਤੋਂ, 'ਗੁਰ ਦਰਬਾਰੇ' ਤੋਂ ਤੈਸੇ ਏਥੇ 'ਦਾਸ ਤੁਮਾਰੇ' ਤੋਂ ਘੋਲੀ ਹੋਣ ਦਾ ਭਾਵ ਹੈ ਤੇ ਸੰਪ੍ਰਦਾ ਵਿਚ 'ਦਾਸ ਤੁਮਾਰੇ' ਤੋਂ ਏਥੇ ਭਾਵ ਭਾਈ ਬੁੱਢੇ (ਜੈਸਿਆਂ) ਦਾ ਲੈਂਦੇ ਹਨ। ਪੰਚਮ ਗੁਰੂ ਜੀ ਨੂੰ ਲਾਹੌਰੋਂ ਲੈਣ ਲਈ ਭਾਈ ਬੁੱਢਾ ਜੀ ਹੀ ਗਏ ਸਨ।

ਤੁਧੁ ਬਾਝੁ ਪਿਆਰੇ ਕੇਵ ਰਹਾ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੈ ਲਾਗਿ ਰਹਾਂ॥ ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ॥੧॥ ਰਹਾਉ॥

ਹੇ ਪਿਆਰੇ! ਤੇਰੇ ਬਿਨਾ (ਮੈਂ) ਕੀਕੂੰ ਜੀਵਾਂ? ਉਹ ਵਡਿਆਈ ਬਖਸ਼ ਜਿਸ ਨਾਲ ਤੇਰੇ ਨਾਮ ਵਿਚ ਲਗਾਉ ਲਗਾ ਰਹੇ। (ਤੇਰੇ ਬਿਨਾ) ਦੂਜਾ ਹੋਰ ਕੋਈ ਹੈ ਨਹੀਂ, ਜਿਸ ਅਗੇ ਜਾ ਕੇ (ਇਹ ਵੇਦਨ) ਆਖਾਂ॥੧॥ਰਹਾਉ॥

ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ॥੪॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ॥੧॥ਰਹਾਉ॥ ੪॥੧॥ (ਗੁ.ਗ੍ਰੰ., ਪੰਨਾ ੬੬੦)

(ਮਿਹਰ ਤੇ ਹੋਰ ਮੇਹਰ ਕਰ ਜੀਕੂੰ ਮੈਂ ਤੈਨੂੰ) ਅਪਣੇ ਮਾਲਕ ਨੂੰ ਸੇਵਾਂ[1] ਤੇ ਹੋਰ ਕਿਸੇ ਤੋਂ ਨਾ ਮੰਗਾਂ। ਨਾਨਕ ਉਸ (ਤੈਂ ਸਾਹਿਬ) ਦਾ ਦਾਸ ਹੈ (ਮਿਹਰ ਕਰ ਕਿ ਇਹ) ਪਲ ਪਲ ਵਿਚ ਤੈਥੋਂ ਸਦਕੇ ਸਦਕੇ ਪਿਆ ਹੋਵੇ[2]। ਹਾਂ ਹੇ ਸਾਹਿਬ! (ਮਿਹਰ ਕਰ) ਤੇਰੇ ਨਾਮ ਉਤੋਂ (ਨਾਨਕ) ਪਲੇ ਪਲੇ ਪਿਆ ਸਦਕੇ ਸਦਕੇ ਹੋਵੇ॥੪॥੧॥

ਭਾਵ- 'ਬ੍ਰਿਤੀ ਦਾ ਪ੍ਰਵਾਹ' ਪਿਆਰੇ ਸਾਹਿਬ ਵਿਚ ਲਗ ਰਿਹਾ ਹੈ, 'ਮਨ' ਨੂੰ ਪਿਆਰਾ ਵਿਖਜ ਨਹੀਂ ਹੁੰਦਾ ਕਿਉਂਕਿ ਪਿਆਰਾ ਮਨ ਬਾਣੀ ਤੋਂ ਉਪਰ ਹੈ, ਸੋ ਉਹ ਕਿਸੇ ਵੇਲੇ ਡੋਲ ਕੇ ਡਰ ਉਠਦਾ ਹੈ, ਤਾਂ 'ਆਪਾ ਪ੍ਰੇਮ ਦੀ ਬ੍ਰਿਤੀ ਨੂੰ, ਜੋ ਪਜਾਰੇ ਦੇ ਪ੍ਰੇਮ ਵਿਚ ਲੱਗੀ ਹੋਈ ਹੈ, ਜ਼ੋਰ ਨਾਲ ਕਹਿੰਦਾ ਹੈ: ਸੁਣ (ਫੇਰ) ਸੁਣ ਹੇ ਮੇਰੀ ਪ੍ਰੇਮ ਬ੍ਰਿਤੀ! ਜ਼ਰੂਰ ਬਿਰਹੋਂ ਦੀ ਨਦੀ ਤੋਂ ਪਾਰ ਉਤਾਰਾ ਹੋ ਜਾਏਗਾ, ਪ੍ਰੀਤਮ ਮਿਲੇਗਾ, ਉਹ ਮੁਸ਼ਕਲਾਂ ਤੋਂ ਛੁਡਾਏਗਾ, ਉਸ ਦੀ ਸੇਵਾ ਜੋ ਤੈਨੂੰ ਮਿਲੀ ਹੈ ਉਸ ਦੀ ਨਦਰ ਨਾਲ ਮਿਲਦੀ ਹੈ। ਇਸ ਸੇਵਾ ਨੂੰ ਨਦਰ ਸਮਝ ਤੇ ਲਗੇ ਰਹਿਣਾ ਨਾ ਛੋੜ। ਇਹ ਸਮਝੌਤਾ ਮਨ ਦਾ ਡਰ ਹਟਾਉਂਦਾ ਤੇ ਪ੍ਰੇਮ ਦੇ ਪ੍ਰਵਾਹ ਨੂੰ ਦ੍ਰਿੜ੍ਹਤਾ ਦੇਂਦਾ ਹੈ। ਮਨ ਵਿਚ 'ਕਿਸੇ ਅਗੇ ਜਾਕੇ ਕਹਾਂ ਦਾ ਖਯਾਲ' ਜੋ ਪਹਿਲੀ ਸਤਰ ਵਿਚ ਪੈਦਾ ਹੋਇਆ ਸੀ ਉਸ ਬਾਬਤ 'ਆਪਾ' ਕਹਿੰਦਾ ਹੈ- ਕੋਈ ਹੋਰ ਉਸ ਬਾਝ ਉਸ ਜੈਸਾ ਹੈ ਨਹੀਂ, ਤਾਂ ਤੇ ਹੋਰ ਕਿਸੇ ਦੀ ਤੱਕ ਛੱਡ ਦੇਹ- 'ਹੇ ਮਨ! '..ਅਵਰੁ ਨ ਜਾਚੰਉ ਕੋਇ॥' ਤਦ ਉਸੇ ਪਿਆਰੇ ਅੱਗੇ ਬਾਰ ਬਾਰ ਅਰਦਾਸ ਅੰਦਰੋਂ ਨਿਕਲਦੀ ਹੈ:-

(ੳ) ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ॥ (ਅ) ਤੁਧੁ ਬਾਝੁ ਪਿਆਰੇ ਕੇਵ ਰਹਾ॥
(ੲ) ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੈ ਲਾਗਿ ਰਹਾਂ॥

ਇਸ ਤਰ੍ਹਾਂ ਪ੍ਰਾਰਥਨਾ ਕਰਨ ਨਾਲ ਸਾਹਿਬ ਦੀ ਅਨੁਗ੍ਰਹੁ (ਕ੍ਰਿਪਾਲਤਾ) ਦੀ ਪ੍ਰਤੀਤੀ ਠਾਠਾਂ ਮਾਰ ਉਠਦੀ ਹੈ, ਤੇ ਆਪਾ ਪਿਆਰੇ ਤੋਂ ਸਦਕੜੇ ਹੋਣ ਦੇ ਭਾਵ ਵਿਚ ਉਛਲ ਪੈਂਦਾ ਹੈ- 'ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ॥'

ਪਹਿਲੋਂ ਇਹ ਸਦਕੜੇ ਹੋਣਾ ਸਾਹਿਬ ਤੋਂ ਹੈ ਪਰ ਨਾਲ ਹੀ ਇਹੋ ਭਾਵ ਉਸ ਦੇ ਨਾਮ ਲਈ ਉਮਾਹ ਵਿਚ ਆ ਜਾਂਦਾ ਹੈ ਤਾਂ ਅੰਤਲੀ ਤੁਕ ਵਿਚ ਉਚਾਰਦੇ ਹਨ:- 'ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ॥' ਇਸ ਸ਼ਬਦ ਵਿਚ ਗੁਰ ਵਾਕ - 'ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥' ਦੀ ਮਾਨੋਂ ਤਸਵੀਰ ਹੈ।

---

੧. 'ਸੇਵੀ' ਤੋਂ ਮੁਰਾਦ-ਨਾਮ-ਹੈ, ਜੈਸਾ ਕਿ-ਨਾਮਿ ਤੇਰੈ ਲਾਗਿ ਰਹਾਂ-ਹੁਣੇ ਕਹਿ ਆਏ ਹਨ।
੨. ਬਿੰਦ ਬਿੰਦ=ਪਲੇ ਪਲੇ- ਚੁਖ ਚੁਖ=ਟੋਟੇ ਟੋਟੇ, ਭਾਵ ਸਦਕੇ ਸਦਕੇ।


www.sikhbookclub.com

ਤਿਲੰਗ ਮਹਲਾ ੧ ਘਰੁ ੩

ੴ ਸਤਿਗੁਰ ਪ੍ਰਸਾਦਿ॥

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥੧॥ ਰਹਾਉ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥੨॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰ-ਦਾਸਿ॥੩॥**

ਉਤਮ ਪੁਰਖ ਦੁਆਰਾ ਮਾਯਕ ਰੁਚੀਆਂ ਵਾਲੇ ਪ੍ਰਤੀ ਉਪਦੇਸ਼ ਹੈ-

ਹੇ ਪਿਆਰੇ! ਇਹ ਤਨ[1] ਮਾਇਆ (ਦੀ ਪਾਹ ਨਾਲ) ਪਾਹਿਆ[2] ਹੋਇਆ ਹੈ, (ਉਤੋਂ ਇਸ ਨੂੰ) ਲਾਲਚ (ਦੇ ਰੰਗ ਨਾਲ) ਰੰਗ ਲੀਤਾ ਹੈ। ਮੇਰੇ ਪਤੀ (ਪਰਮੇਸ਼ੁਰ ਨੂੰ ਹੁਣ ਇਹ) ਚੋਲਾ ਨਹੀਂ ਭਾਉਂਦਾ (ਹੇ) ਪਿਆਰੇ (ਸੱਜਣ ਇਹ ਦੱਸ ਕਿ ਐਸੀ) ਇਸਤ੍ਰੀ ਕਿੱਕੁਰ (ਪਤੀ ਦੀ) ਸੇਜ ਤੇ ਜਾਵੇ[3]॥੧॥ (ਅਰਦਾਸ-)

ਹੇ ਮਿਹਰਵਾਨ! (=ਕ੍ਰਿਪਾਲ ਪਰਮੇਸ਼ੁਰ) ਮੈਂ ਕੁਰਬਾਨ (=ਵਾਰੀ) ਜਾਵਾਂ, ਮੈਂ ਕੁਰਬਾਨ ਜਾਵਾਂ। ਮੈਂ ਕੁਰਬਾਨ ਜਾਵਾਂ ਉਹਨਾਂ ਉੱਤੋਂ ਜੋ ਤੇਰਾ ਨਾਮ ਲੈਂਦੇ ਹਨ, ਜੋ ਤੇਰਾ ਨਾਮ ਲੈਂਦੇ ਹਨ, ਮੈਂ ਓਹਨਾਂ ਉਤੋਂ ਸਦਾ ਹੀ ਕੁਰਬਾਨ ਜਾਵਾਂ॥੧॥ਰਹਾਉ।

ਹੇ ਪਿਆਰੇ! ਜੇਕਰ (ਇਸ) ਸਰੀਰ[4] ਨੂੰ ਬਣਾਈਏ[5] ਮੱਟੀ[6] ਤੇ ਨਾਮ ਦੀ ਮਜੀਠ (ਉਸ ਵਿਚ) ਪਾਈਏ। (ਉਹ) ਮਾਲਕ ਰੰਗਣੇ ਵਾਲਾ (ਲਿਲਾਰੀ) ਜੇ (ਆਪ) ਰੰਗ ਚਾੜ੍ਹੇ (ਤਦ) ਐਸਾ ਰੰਗ (ਚੜ੍ਹਦਾ ਹੈ ਕਿ ਜਿਹਾ ਕਦੇ) ਡਿੱਠਾ ਨਾ ਹੋਵੇ॥੨॥

(ਹੇ) ਪਿਆਰੇ! ਜਿਨ੍ਹਾਂ ਦੇ ਚੋਲੇ (ਨਾਮ ਰੂਪੀ ਮਜੀਠ[7] ਰੰਗ ਨਾਲ ਰੰਗੇ ਹੋਏ ਹਨ, ਉਨ੍ਹਾਂ ਦੇ ਪਾਸ ਕੰਤ (ਅਕਾਲ ਪੁਰਖ) ਹੈ। (ਸੋ ਹੁਣ ਉਨ੍ਹਾਂ ਪਾਸ ਮੈਂ) ਨਾਨਕ ਦੀ ਬੇਨਤੀ ਆਖ (ਕਿ ਹੇ ਰਬ) ਜੀ! ਕਿਵੇਂ[8] ਮੈਨੂੰ (ਬੀ) ਉਨ੍ਹਾਂ ਦੀ ਧੂੜੀ

੧. ਤਨ ਤੋਂ ਮੁਰਾਦ ਮਨ ਇੰਦ੍ਰੇ ਸਮੇਤ ਸਰੀਰ ਦੀ ਹੈ।

੨. ਮਜੀਠ ਦਾ ਰੰਗ ਦੇਣ ਤੋਂ ਪਹਿਲਾਂ ਮਾਂਈਂ, ਫਟਕੜੀ ਆਦਿ ਦੀ ਪਾਹ ਦੇਂਦੇ ਹੁੰਦੇ ਸਨ, ਪਾਹ ਦਿਤੇ ਕਪੜੇ ਨੂੰ ਕਹਿੰਦੇ ਹੁੰਦੇ ਸਨ- ਪਾਹਿਆ ਹੋਇਆ।

੩. ਭਾਵ ਮੈਂ 'ਜਗਜਾਸੂ' ਕਿਸੇ ਪ੍ਰਕਾਰ ਸਾਂਈਂ ਦੀ ਪ੍ਰਾਪਤੀ ਕਰਾਂ।

੪. ਏਥੇ ਬੀ ਤਨ ਮਨ ਸੰਯੁਕਤ ਸਰੀਰ ਦਾ ਭਾਵ ਹੈ!

੫. ਥੀਐ=ਹੋ ਜਾਵੇ, ਭਾਵ ਬਣਾਈਏ।

੬. ਰੰਙਣਿ=ਜਿਸ ਭਾਂਡੇ ਵਿਚ ਰੰਗ ਦੇਈਦਾ ਹੈ-ਮੱਟੀ। ਭਾਵ ਹੈ-ਸ਼੍ਰਧਾ ਦੇ ਭਾਵ ਵਾਲਾ ਅਰਥਾਤ ਨਾਮ ਨੂੰ ਗ੍ਰਹਣ ਕਰਨ ਦੇ ਯੋਗ।

੭. ਪਿਛੇ 'ਨਾਮ' ਨੂੰ ਮਜੀਠ ਦੱਸਿਆ ਹੈ। ਸੋ 'ਰਤੜੇ' ਦਾ ਭਾਵ 'ਨਾਮ ਰੂਪੀ ਰੰਗ ਨਾਲ ਰੰਗੇ ਹੋਏ' ਹਨ।

੮. 'ਜੇ' ਦਾ ਅਰਥ 'ਜੇ' ਤੋਂ ਛੁਟ 'ਕਿਵੇਂ' ਬੀ ਲਗਦਾ ਹੈ।

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥੪॥੧॥੩॥

(ਗੁ.ਗ੍ਰ. ਪੰਨਾ ੭੨੧-੨੨)

ਮਿਲੇ[1]! (ਉਹ ਕੰਤ) ਆਪ ਹੀ ਬਣਾਉਂਦਾ ਹੈ। (ਉਤਪਤ ਕਰਦਾ ਹੈ), ਆਪ ਹੀ (ਨਾਮ ਨਾਲ) ਰੰਗਦਾ ਹੈ, (ਤੇ) ਆਪ (ਹੀ) ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ ਕਿ ਐਸੀ[2]) ਇਸਤ੍ਰੀ[3] ਕੰਤ ਨੂੰ ਭਾਉਂਦੀ ਹੈ (ਤੇ ਉਹ) ਆਪ ਹੀ ਉਸ ਨੂੰ ਰਾਉਂਦਾ (ਭਾਵ, ਅਪਣੇ ਨਾਲ ਮਿਲਾ ਲੈਂਦਾ ਹੈ) ਹੈ॥੪॥੧॥੩॥

## ਤਿਲੰਗ ਮ:੧॥

ਇਆਨੜੀਏ ਮਾਨੜਾ ਕਾਇ ਕਰੇਹਿ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ ਸਹੁ ਨੇੜੈ ਧਨ ਕਮਲੀਏ ਬਾਹਰੁ ਕਿਆ ਢੂਢੇਹਿ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥੧॥

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥ ਕਰਣ ਪਲਾਹ ਕਰੇ ਬਹੁਤੇਰੇ ਸਾਧਨ ਮਹਲੁ ਨ ਪਾਵੈ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥

## ਤਿਲੰਗ ਮ:੧॥

ਹੇ ਅਯਾਣੀ ਇਸਤ੍ਰੀ![4] ਮਾਨ ਕਾਸ ਨੂੰ ਕਰਦੀ ਹੈਂ? ਆਪਣੇ ਘਰ (ਹਿਰਦੇ) ਵਿਚ ਵਾਹਿਗੁਰੂ ਦੇ ਅਨੰਦ ਨੂੰ ਕਿਉਂ ਨਹੀਂ ਮਾਣਦੀ। ਹੇ ਕਮਲੀ[5] ਇਸਤ੍ਰੀਏ! ਪਤੀ ਨੇੜੇ ਹੈ: (ਤੂੰ) ਬਾਹਰ ਕੀ ਢੂੰਡਦੀ ਹੈਂ? (ਬੁਧਿ ਤੇ ਮਨ ਰੂਪੀ ਦੋਹਾਂ) ਅੱਖਾਂ ਵਿਚ (ਪਰਮੇਸ਼ੁਰ ਦੇ) ਭੈ ਦੇ ਸੁਰਮਚੂ ਫੇਰ (ਤੇ) ਪ੍ਰੇਮ, ਦਾ ਸ਼ਿੰਗਾਰ ਕਰ[6]। (ਐਸਾ ਪ੍ਰੇਮ ਕਰ ਕਿ ਪਤੀ ਤੈਨੂੰ ਪ੍ਰੇਮ ਕਰਨ ਲਗ ਪਵੇ ਕਿਉਂਕਿ) ਸੁਹਾਗਣ (ਪਤੀ ਵਿਚ) ਲੱਗੀ ਹੋਈ ਤਾਂ ਹੀ ਜਾਣੀ ਜਾਂਦੀ ਹੈ, ਜਦ (ਉਸ ਨਾਲ) ਪਤੀ ਪਿਆਰ ਕਰੇ॥੧॥

ਜੇਕਰ ਇਸਤ੍ਰੀ ਪਤੀ ਨੂੰ ਭਾਵੇ ਹੀ ਨਾਂ ਤਾਂ ਅਞਾਣੀ ਬਾਲੀ (ਅਗਜਾਤ ਜਗਜਾਸੂ) ਕੀ ਕਰੇ? (ਭਾਵੇਂ) ਬਥੇਰੇ ਕੀਰਨੇ[7] ਕਰੇ, (ਇਨ੍ਹਾਂ ਨਾਲ) ਇਸਤ੍ਰੀ[8] ਮਹਲ[9] ਨੂੰ ਪ੍ਰਾਪਤ ਨਹੀਂ ਹੋ ਸਕਦੀ, ਬਿਨਾ ਕਰਮਾਂ ਦੇ ਕੁਛ ਪ੍ਰਾਪਤ ਨਹੀਂ ਹੁੰਦਾ ਭਾਵੇਂ ਕਿੰਨਾ ਹੀ ਕੋਈ ਦੌੜੇ[10]। (ਸੋ ਤੂੰ ਤਾਂ)

੧. (ਅ) ਕਹਿੰਦੇ ਹਨ ਗੁਰੂ ਨਾਨਕ ਮੇਰੀ ਇਹ ਅਰਦਾਸ ਹੈ।

੨. ਭਾਵ ਐਸੇ ਭਰੋਸੇ ਵਾਲੀ।

੩. ਇਸ ਸ਼ਬਦ ਵਿਚ ਧਨ, ਕਾਮਣਿ ਤੋਂ ਭਾਵ ਸਿੱਖ ਯਾ ਜਗਜਾਸੂ ਦਾ ਹੈ ਤੇ 'ਕੰਤ' ਤੋਂ ਵਾਹਿਗੁਰੂ ਜੀ ਦਾ।

੪. ਅਜਾਣ, ਜਗਜਾਸੂ। ਬਾਹਰ ਮੁਖੀ ਸਾਧਨ ਕਰ ਰਹੇ ਅਤੇ ਉਨ੍ਹਾਂ ਸਾਧਨਾਂ ਦਾ ਮਾਨ ਕਰ ਰਹੇ ਜਗਜਾਸੂ ਨੂੰ 'ਇਆਣੀ' ਕਿਹਾ ਹੈ। ਇਹ ਸ਼ਬਦ 'ਨੂਰਸ਼ਾਹ' ਪ੍ਰਤੀ ਉਪਦੇਸ਼ ਹੋਇਆ ਸੀ। (ਪੁ:ਜ:ਸਾ:)। ਫਿਰ ਏਹੋ ਸ਼ਬਦ ਆਗਰੇ ਦੀ ਮਾਈ ਜੱਸੀ ਪ੍ਰਤੀ ਬੀ ਉਪਦੇਸ਼ ਹੋਇਆ ਤ੍ਵਾਰੀਖ਼:ਖਾਲਸਾ ਵਿਚ ਲਿਖਿਆ ਹੈ।

੫. ਉਸੇ ਇਆਨੜੀ ਨੂੰ ਏਥੇ ਕਮਲੀਏ ਕਿਹਾ ਹੈ।

੬. ਭਾਵ, ਭੈ ਤੇ ਪ੍ਰੇਮ ਧਾਰਨ ਕਰ।

੭. ਪ੍ਰਾਕ੍ਰਿਤ-ਕਰੁਣ ਪਲਾਵ=ਦਇਆ ਜਨਕ ਪੁਕਾਰ। ਕੀਰਨੇ।

੮. ਸਾਧਨ=ਸਾਧ੍ਵੀ=ਪਤਿਬ੍ਰਤਾ। ਨੇਕ ਇਸਤ੍ਰੀ। ਭਾਵ ਜਗਜਾਸੂ॥

੯. ਪਤੀ ਦਾ ਘਰ, ਮੁਰਾਦ ਹੈ ਵਾਹਿਗੁਰੂ ਦਾ ਸਰੂਪ।

੧੦. ਦੌੜ ਭੱਜ ਕਰੇ ਭਾਵ ਜਤਨ ਕਰੇ।

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥

ਲਬ ਲੋਭ[1] (ਤੇ) ਹੰਕਾਰ ਕਰਕੇ ਮਸਤ ਹੋਈ ਹੋਈ ਮਾਯਾ ਵਿਚ ਗਰਕ ਹੋ ਰਹੀ ਹੈਂ। ਇਨ੍ਹਾਂ ਗੱਲਾਂ ਨਾਲ ਪਤੀ ਨਹੀਂ ਪਾਈਦਾ, (ਇਨ੍ਹਾਂ ਗੱਲਾਂ ਕਰਕੇ ਹੀ ਹੇ) ਇਸਤ੍ਰੀ (ਤੂੰ) ਹੋਰ ਇਆਣੀ (ਭਾਵ ਅਗ੍ਯਾਨ ਵਸ) ਹੋ ਰਹੀ ਹੈਂ[2]॥੨॥

(ਸੋ ਹੁਣ) ਜਾ ਕੇ ਪੁਛੋ ਉਹਨਾਂ ਨੂੰ[3] (ਜੋ) ਸੁਹਾਗਣੀਆਂ (ਹਨ ਕਿ) ਕਿਨ੍ਹਾਂ ਗੱਲਾਂ ਨਾਲ ਸਹੁ ਪਾਈਦਾ ਹੈ?

(ਸੁਹਾਗਣਾਂ ਦਾ ਉੱਤਰ)- ਜੋ ਕੁਛ (ਪਰਮੇਸੁਰ ਪਤੀ) ਕਰੇ ਸੋ ਭਲਾ ਕਰਕੇ ਮੰਨੀਏ, ਹਿਕਮਤ ਤੇ ਹੁਕਮ[4] ਛੱਡ ਦੇਈਏ। ਜਿਸ ਦੇ ਪ੍ਰੇਮ ਨਾਲ (ਨਾਮ ਰੂਪੀ ਪਦਾਰਥ ਪ੍ਰਾਪਤ ਹੁੰਦਾ ਹੈ ਉਸ ਦੇ ਚਰਣਾਂ ਨਾਲ ਚਿੱਤ ਨੂੰ ਜੋੜੀਏ। ਸ਼ਹੁ (ਜੋ ਕੁਛ) ਕਹੇ ਸੋ ਕਰੀਏ, ਤਨ ਮਨ (ਉਸ ਨੂੰ) ਦੇ ਦੇਈਏ, ਐਸੀ ਸੁਗੰਧੀ ਲਾਈਏ[5]। ਇਉਂ[6] ਸੁਹਾਗਣਾਂ[7] ਕਹਿੰਦੀਆਂ ਹਨ, 'ਹੇ ਭੈਣ! ਇਨ੍ਹਾਂ ਗੱਲਾਂ ਨਾਲ ਪਤੀ ਪਾਈਦਾ ਹੈ॥੩॥'

ਆਪਾ (ਭਾਵ) ਗੁਆ ਦੇਈਏ ਤਦ ਪਤੀ ਪਾਈਦਾ ਹੈ, ਹੋਰ ਕੀਹ ਚਤੁਰਾਈ? (ਭਾਵ ਚਤੁਰਾਈ ਕਿਸੇ ਕੰਮ ਨਹੀਂ। ਜਿਸ ਦਿਨ) ਪਤੀ ਕ੍ਰਿਪਾ ਕਰਕੇ ਦੇਖੇ ਉਹ ਦਿਨ ਲੇਖੇ (ਪਿਆ ਜਾਣੋ; ਉਸ ਦਿਨ ਜਾਣੋ ਕਿ) ਇਸਤ੍ਰੀ ਨੇ ਨਉ ਨਿਧਿ[8] ਪਾ ਲਈ ਹੈ (ਜਿਹੜੀ) ਆਪਣੇ ਕੰਤ ਨੂੰ ਪਿਆਰੀ ਹੈ ਉਹ ਸੁਹਾਗਣ ਹੈ, ਉਹੋ ਭਾਗਾਂ ਵਾਲੀ[9] ਹੈ।

---

੧. ਲਬ ਲੋਭ=ਲਾਲਚ। ਪਰ ਲਬ=ਧਨ ਦਾ, ਖਾਣ ਦਾ, ਤੇ ਲੋਭ=ਹਰ ਪ੍ਰਕਾਰ ਦਾ, ਇਹ ਫਰਕ ਬੀ ਕਰਦੇ ਹਨ।

੨. 'ਇਵਾਣੇ ਹੋ ਜਾਣ' ਤੋਂ ਮੁਰਾਦ ਥੱਕ ਟੁੱਟ ਕੇ ਹਾਰ ਜਾਣ ਦੀ ਬੀ ਲੈਂਦੇ ਹਨ।

੩. 'ਵਾਹੈ' ਦੇ ਅਰਥ ਐਉਂ ਬੀ ਕਰ ਲੈਂਦੇ ਹਨ 'ਉਨ੍ਹਾਂ ਨੇ' ਕਿੰਨ੍ਹੀਂ ਗੱਲੀਂ ਸ਼ਹੁ ਪਾਇਆ ਹੈ?

੪. ਹਿਕਮਤ=ਸਿਆਣਪਾਂ, ਚਲਾਕੀਆਂ। ਹੁਕਮ=ਅਪਣੀ ਮਨਾਉਣੀ।

੫. ਭਾਵ ਆਪਣੇ ਆਪ ਨੂੰ ਸਾਈਂ ਰਜ਼ਾ ਵਿਚ ਇਕ ਸੁਰ ਕਰ ਦਈਏ ਇਹ ਖਸ਼ਬੂ ਲਾਈਏ।

੬. ਏਵ=ਇਉਂ। (ਅ) ਏਵ=ਨਿਸ਼ਚੇ ਕਰਕੇ। ੭. ਭਾਵ, ਸੰਤ ਜਨ ਜੋ ਸ਼ਾਂਤੀ ਨੂੰ ਪ੍ਰਾਪਤ ਹਨ।

੮. ਨੌ ਨਿਧਿ=ਕੁਬੇਰ ਦੇ ਨੌਂ ਖਜ਼ਾਨੇ, ਅਰਥਾਤ ਸੱਭੋ ਕੁਛ।

੯. ਸੁਹਾਗਣ=ਪਤੀ ਵਾਲੀ, ਭਾਵ ਸਹੁਰੇ ਘਰ ਵਿਚ ਸੁਭਾਗ। ਸਭਰਾਈ=ਭਰਾਵਾਂ ਵਾਲੀ, ਭਾਵ ਪੇਕੇ ਘਰ ਵਿਚ ਭਾਗਾਂ ਵਾਲੀ, ਭਰਾਵਾਂ ਵਾਲੀ ਤੋਂ ਦੈਵੀ ਗੁਣਾਂ ਵਾਲੀ ਤੇ ਸੁਹਾਗਣ ਤੋਂ ਵਾਹਿਗੁਰੂ ਨੂੰ ਪ੍ਰਾਪਤ, ਭਾਵ ਹੈ। (ਅ) ਸੰਪ੍ਰ:, ਸਭ+ਰਾਈ=ਸਭ ਪਰ ਰਾਜ (ਯਾ ਪ੍ਰਕਾਸ਼) ਕਰਨ ਵਾਲੀ, ਭਾਵ, ਭਾਗਾਂ ਵਾਲੀ।

ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥੪॥੨॥੪॥
(ਗੁ:ਗ੍ਰ: ਪੰਨਾ ੭੨੨)

(ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)। ਐਸੇ ਰੰਗ ਵਿਚ (ਜੋ) ਰੱਤੀ ਹੋਈ ਹੈ, ਸਹਿਜ ਦੀ ਮੱਤੀ ਹੋਈ ਹੈ, ਦਿਨ ਰਾਤ ਪ੍ਰੇਮ ਵਿਚ ਸਮਾਈ ਹੋਈ ਹੈ, ਉਹੋ ਸੁੰਦਰੀ ਹੈ, ਰੂਪਵਤੀ ਹੈ, (ਉਹੋ) ਦਾਨਾ[1] ਹੈ, ਉਹੋ ਸਿਆਣੀ (ਗਜਾਨਵਾਨ) ਕਹੀ ਜਾਂਦੀ ਹੈ॥੪॥੨॥੪॥

## ਸੂਹੀ ਮਹਲਾ ੧॥

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ਰਹਾਉ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥੩॥

## ਸੂਹੀ ਮ:੧॥

ਅਰਥ ਰਹਾਉ ਤੋਂ ਤੁਰੇਗਾ-

੩. ਹੇ ਮੇਰੇ ਲਾਲ![2] (=ਪਿਆਰੇ) ਜੀਓ (ਮੈਂ) ਤੇਰਾ ਅੰਤ ਨਹੀਂ ਜਾਣਦਾ, ੪. (ਚਾਹੋ ਤੂੰ ਅਨੰਤ ਹੈਂ ਪਰ ਫੇਰ) ਤੂੰ ਜਲ ਥਲ ਵਿਚ ਤੇ ਪ੍ਰਿਥਵੀ ਅਕਾਸ਼[3] ਵਿਚ ਭਰਪੂਰ (ਤੇ) ਲੀਣ ਹੋ ਰਿਹਾ ਹੈਂ ਤੂੰ ਆਪੇ ਸਭ (ਜੀਵਾਂ) ਵਿਚ[4] (ਬੀ) ਸਮਾ ਰਿਹਾ ਹੈਂ॥੧॥ਰਹਾਉ॥

੧. (ਹੁਣ ਮੇਰੇ ਪਾਸ ਹੇ ਲਾਅਲ ਜੀ) ਕਿਹੜੀ ਤੱਕੜੀ ਹੈ, ਕਿਹੜਾ ਵੱਟਾ ਹੈ, ਤੇਰਾ (ਪਛਾਣੂ) ਕਿਹੜਾ ਸਰਾਫ ਹੈ (ਜਿਸ ਨੂੰ) ਸਦਾਵਾਂ? ੨. ਕੌਣ ਗੁਰੂ (ਹੈ ਕਿ) ਜਿਸ ਪਾਸੋਂ ਸਿਖਯਾ ਲਵਾਂ? ਤੇ ਕਿਸ ਪਾਸੋਂ (ਤੇਰਾ) ਮੁੱਲ ਪੁਆਵਾਂ?॥੧॥

੫. (ਉੱਤਰ)- ਮਨ ਤੱਕੜੀ ਬਨਾਵਾਂ ਚਿੱਤ ਵੱਟਾ (ਬਨਾਵਾਂ), ਤੇਰੀ ਸੇਵਾ (=ਭਗਤੀ) ਕਰਾਂ। (ਇਹ) ਸਰਾਫ (ਬਨਾਵਾਂ) ਤੇ ਹਿਰਦੇ ਵਿਚ ਹੀ ਉਸ ਪਤੀ ਨੂੰ ਤੋਲਾਂ[5], ਇਸ ਪ੍ਰਕਾਰ ਚਿੱਤ ਟਿਕਾ ਲਵਾਂ॥੨॥ (ਪਰ ਮਿਤ ਵਾਲਾ ਅਮਿਤ ਨੂੰ ਕਿਵੇਂ ਜਾਣ ਸਕੇ ਤਾਂਤੇ ਇਹ ਸਮਝਾਂ ਕਿ) ਆਪ ਹੀ (ਪਰਮੇਸ਼ੁਰ) ਵੱਟਾ ਹੈ, ਆਪ ਹੀ ਕੰਡਾ ਤੱਕੜੀ[6] ਹੈ, ਆਪੇ ਤੋਲਣ ਵਾਲਾ ਹੈ, ਆਪ ਹੀ ਦੇਖਦਾ ਹੈ, ਆਪ ਹੀ ਪਰਖ ਲੈਂਦਾ ਹੈ, ਆਪ ਹੀ ਵਪਾਰੀ[7] ਹੈ॥੩॥

---

੧. ਸੰਸ:, ਵਿਚਕਸ਼ਣ=ਚਤੁਰ, ਦਾਨਾ, ਪ੍ਰਬੀਨ।

੨. ਲਾਲ ਪਦ ਬਹੁਤ ਉੱਤਮ ਪਿਆ ਹੈ, ਜਿਸ ਦਾ ਅਰਥ ਲਾਅਲ=ਰਤਨ ਹੈ ਤੇ ਲਾਲ=ਪਿਆਰਾ ਬੀ ਹੈ।

੩. ਮਹੀ=ਧਰਤੀ, ਅਲਿ=ਅਕਾਸ਼ ਵਿਚ। (ਸੰਪ੍ਰ:। (ਅ) ਮਹੀਅਲ-ਵਿਚ।

੪. ਸਰਬ ਤੋਂ ਮੁਰਾਦ ਹੈ ਸਭ ਜੀਵਾਂ ਦੇ ਘਟਾਂ ਵਿਚ, ਯਥਾ-ਜਲਿ ਥਲਿ ਮਹੀਅਲਿ ਭਰਿ ਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ॥ (ਬਿਲਾ:ਮ:੨)

੫. ਭਾਵ, ਅਨੁਭਵ ਕਰਾਂ।

੬. ਕੰਡਾ=ਸੋਨਾ ਹੀਰੇ ਆਦਿ ਤੋਲਣ ਦੀ ਨਿਕੀ ਜਿਹੀ ਤੱਕੜੀ। ਇਸ ਵਿਚ ਬੋਦੀ ਦੇ ਟਿਕਾਣੇ ਇਕ ਕੰਡਾ (ਸੂਈ ਵਰਗਾ) ਹੁੰਦਾ ਹੈ ਜੋ ਝੁਕ ਕੇ ਹਲਕੇ ਭਾਰੇ ਦਾ ਪਤਾ ਦੇਂਦਾ ਹੈ। ਉਹ ਸੂਈ ਵਰਗੇ ਲੋਹੇ ਦੇ ਕੰਡੇ ਕਰਕੇ ਤੱਕੜੀ ਨੂੰ ਬੀ ਕੰਡਾ ਕਹਿੰਦੇ ਹਨ ਤੇ ਸੂਈ ਬੀ ਕੰਡਾ ਕਹੀ ਜਾਂਦੀ ਹੈ। ਤਰਾਜੀ ਕੰਡਾ=ਕੰਡੇ ਵਾਲੀ ਤੱਕੜੀ, ਰਤਨ ਇਸੇ ਪੁਰ ਤੁਲਦੇ ਹਨ।

੭. ਜਗਯਾਸੂ ਹੋ ਕੇ ਲਾਅਲ ਦਾ ਖ਼ਰੀਦਾਰ ਹੈ।

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥੨॥੯॥ (ਗੁ:ਗ੍ਰ: ਪੰਨਾ ੭੩੦-੩੧)

(ਸੋ ਆਪ ਹੀ ਮਿਹਰ ਕਰ ਕਿਉਂਕਿ ਮੈਂ) ਨਾਨਕ ਤਾਂ ਉਸ (ਮਨ) ਦੀ ਸੰਗਤ ਵਿਚ ਰਹਿੰਦਾ ਹਾਂ ਜੋ (ਲਾਅਲ ਨੂੰ ਪਰਖਣ ਵਾਲੇ) ਨੈਣਾਂ ਤੋਂ ਹੀਨ ਹੈ[1], ਜਿਸ ਦੀ ਰੁਚੀ ਨੀਵੀਂ ਹੈ (ਸੋ ਸ੍ਵੈ ਸਰੂਪ ਤੋਂ ਮਾਯਾ ਦੇਸ਼ ਵਿਚ) ਪਰਦੇਸੀ ਹੈ, (ਜੋ) ਪਲ ਵਿਚ (ਅੰਦਰ) ਆਉਂਦਾ ਤੇ ਖਿਨ ਵਿਚ (ਬਾਹਰ) ਚਲਾ ਜਾਂਦਾ ਹੈ[2], (ਸੋ ਇਹ) ਮੂੜਾ (ਆਪਨੂੰ) ਕੀਕੂੰ ਪਾਵੇ॥੪॥੨॥੯॥

ਭਾਵ- ਵਾਹਿਗੁਰੂ ਅਮਿਤ ਤੇ ਅਨੰਤ ਹੈ, ਉਸ ਦੀ ਕੀਮਤ ਪਾ ਸਕਣੀ ਯਾ ਪ੍ਰਾਪਤ ਕਰ ਸਕਣਾ ਮਿਤ ਵਾਲੇ ਤੋਂ ਹੋ ਨਹੀਂ ਸਕਦਾ। ਪਰ ਉਹ ਘਟ ਘਟ ਦਾ ਵਾਸੀ ਹੈ, ਸੋ ਭਗਤੀ ਭਾਵ ਨਾਲ ਜਪੇ ਤਾਂ ਚਿਤ ਅਨੁਭਵ ਵਿਚ ਟਿਕ ਸਕਦਾ ਹੈ, ਪਰ ਤਾਂ ਜੇ ਉਹ ਆਪ ਜਗਜਾਸਾ ਲਾਵੇ, ਆਪ ਹੀ ਮਿਹਰ ਨਾਲ ਅਨੁਭਵ ਬਖਸ਼ੇ ਤੇ ਆਪ ਹੀ ਮੇਲ ਲਵੇ ਤਾਂ ਸਫਲਤਾ ਹੁੰਦੀ ਹੈ। ਤੇ ਜੇ ਮਨ ਨੂੰ ਭਗਤੀ ਭਾਵ ਵਾਲਾ ਹੀ ਨਾ ਬਣਾਈਏ ਤੇ ਨੀਵੀਆਂ ਰੁਚੀਆਂ ਤੇ ਖਿੰਡਾਉ ਵਿਚ ਰੱਖੀਏ ਤਾਂ ਸਫਲਤਾ ਕੀਕੂੰ?

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਰਾਗ ਬਿਲਾਵਲੁ ਮਹਲਾ ੧ ਚਉਪਦੇ ਘਰੁ੧॥

'ੴ ਤੋਂ ਪ੍ਰਸਾਦਿ' ਤਕ ਦੇ ਅਰਥ ਜਪੁਜੀ ਦੇ ਮੁੱਢ ਵਿਚ ਹੈਨ। ਇਹ ਸ਼ਬਦ ਬਿਲਾਵਲੁ[3] ਰਾਗ ਦਾ ਗੁਰੂ ਨਾਨਕ ਦੇਵ ਜੀ ਦਾ ਚਉਪਦਾ ਹੈ ਘਰ ੧ ਵਿਚ ਗਾਉਣਾ ਹੈ।

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥੧॥

ਤੂੰ ਹੈਂ ਪਾਤਸ਼ਾਹ, (ਤੇ) ਮੈਂ (ਤੈਨੂੰ) ਮੀਆਂ[4] ਆਖ ਰਿਹਾ ਹਾਂ[5], (ਤਾਂ ਇਸ ਵਿਚ) ਤੇਰੀ ਕੀ ਵਡਿਆਈ[6]? (ਪਰ) ਹੇ ਸੁਆਮੀ! ਜੋ (ਕੁਛ ਕਹਿਣ ਦਾ ਬਲ) ਤੂੰ (ਮੈਨੂੰ) ਦੇਵੇਂ ਮੈਂ ਉਹੋ (ਕੁਛ) ਕਹਾਂ, ਮੈਂ ਮੂਰਖ (ਦੇ ਅਪਣੇ ਪਾਸੋਂ ਤੇਰਾ ਪੂਰਾ ਜਸ) ਕਿਹਾ ਨਹੀਂ ਜਾ ਸਕਦਾ॥੧॥

ਤੇਰੇ ਗੁਣ ਗਾਵਾ ਦੇਹਿ ਬੁਝਾਈ॥
ਜੈਸੇ ਸਚ ਮਹਿ ਰਹਉ ਰਜਾਈ॥੧॥ ਰਹਾਉ॥

ਹੇ ਰਜ਼ਾ ਦੇ ਮਾਲਕ! (ਮੈਨੂੰ ਐਸੀ) ਸਮਝ ਪਾ ਦੇਹ (ਜੋ) ਤੇਰੇ ਗੁਣ ਗਾਵਾਂ, ਜਿਸ ਕਰਕੇ (ਮੈਂ) ਸੱਚ[7] ਵਿਚ (ਟਿਕਿਆ) ਰਹਾਂ॥੧॥ਰਹਾਉ॥

ਜੋ ਕੁਛ ਹੋਇਆ ਹੈ ਸਭ ਕੁਝ ਤੈਥੋਂ (ਹੋਇਆ

---

੧. ਅਗਜਾਨੀ।

੨. ਪਉੜੀ ੨ ਵਿਚ 'ਮਨ, ਚਿਤ, ਘਟ' ਤੋਂ ਮੁਰਾਦ ਸ਼ੁਧ ਅੰਤਹਕਰਣ ਦੀ ਸੀ। ਪਉੜੀ ੪ ਵਿਚ ਜੋ ਲੱਛਣ ਦੱਸੇ ਉਹ ਮਾਯਾਵੀ ਮਨ ਦੇ ਹਨ। ਐਸਾ ਕਹਿਣ ਵਿਚ ਕਮਾਲ ਦੀ ਨਿੰਮ੍ਰਤਾ ਦਰਸਾਈ ਹੈ।

੩. ਬਿਲਾਵਲੁ, ਗੁਰਮਤਿ ਵਿਚ ਭੈਰਉ ਦੀ ਰਾਗਣੀ ਹੈ, ਸਵੇਰੇ ਦਿਨ ਚੜ੍ਹੇ ਗਾਂਵੀਦੀ ਹੈ, ਵਿਸ਼ੇਸ਼ ਲਈ ਦੇਖੋ ਬਾਣੀ ਬਿਉਰਾ।

੪. ਰਾਜਪੂਤ ਰਾਜਕੁਮਾਰਾਂ ਤੇ ਰਾਜਪੂਤ ਸਰਦਾਰਾਂ ਦਾ ਖ਼ਿਤਾਬ। ਹੁਣ ਮੁਸਲਮਾਨਾਂ ਨੂੰ ਮੀਆਂ ਦਾ ਪਦ ਦੇ ਕੇ ਨਾਮ ਲੈਂਦੇ ਹਨ। (ਸੰਸ:, ਮਹੀਯਜਮਾਨ)।

੫. (ਅ) ਕਹਾਂ=ਕਿਥੇ। ਤੂੰ ਪਾਤਸ਼ਾਹ (ਕਿਥੇ ਤੇ ਮੈਂ) ਮੀਆਂ ਕਿਥੋਂ?(ਸੰਪ੍ਰ:)।

੬. ਭਾਵ, ਕੋਈ ਨਹੀਂ। ੭. ਸੱਚ=ਵਾਹਿਗੁਰੂ, ਜੋ ਸਦਾ ਸਤ੍ਯ ਹੈ।

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥੨॥

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥੩॥

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥੪॥੧॥

(ਗੁ:ਗ੍ਰ: ਪੰਨਾ ੭੯੫)

ਬਿਲਾਵਲੁ ਮਹਲਾ ੧॥

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥੧॥

ਹੈ), ਤੇਰੀ ਹੀ ਸਭ ਵਡਿਆਈ ਹੈ[੧]। ਹੇ ਮੇਰੇ ਸਾਹਿਬ! (ਮੈਂ) ਤੇਰਾ ਅੰਤ ਨਹੀਂ ਜਾਣਦਾ ਮੈਂ ਅੰਨ੍ਹੇਂ ਦੀ ਸਿਆਣਪ ਕੀ (ਹੈ, ਭਾਵ ਕੁਛ ਨਹੀਂ)। ! ॥੨॥

ਮੈਂ ਕੀ ਕਥਨ ਕਰਾਂ (ਮੈਂ ਤਾਂ) ਕਹਿ ਕਹਿ ਕੇ ਦੇਖ ਰਿਹਾ ਹਾਂ[੨]; ਮੈਥੋਂ (ਤੂੰ) ਅਕੱਥ ਕਥਨ ਨਹੀਂ ਕੀਤਾ ਜਾ ਸਕਦਾ (ਪਰ ਮੈਂ ਚਾਹੁੰਦਾ ਹਾਂ ਕਿ) ਜੋ ਤੈਨੂੰ ਭਾਵੇ, ਓਹ (ਤੇਰੀ ਵਡਿਆਈ ਮੈਂ) ਕਹਾਂ (ਚਾਹੇ ਓਹ) ਤਿਲ ਮਾਤ੍ਰ (ਥੋੜੀ ਜਿਹੀ) ਹੀ ਹੋਵੇ॥੩॥

ਬਹੁਤੇ ਹਨ ਕੂਕਰ[੩] ਮੈਂ ਹਾਂ ਓਪਰਾ[੪], ਇਸ ਤਨ ਨੂੰ ਭਉਂਕ ਰਿਹਾ ਹਾਂ[੫] (ਕਿ ਇਹ ਆਪਣੀਆਂ ਲੋੜਾਂ ਵਲ ਮੈਨੂੰ ਨਾ ਖਿੱਚੇ ਤੇ ਵਾਹਿਗੁਰੂ ਦੀ ਉਸਤਤ ਕਰਨ ਦੇਵੇ[੬]; ਪਰ ਹਛਾ ਹੇ ਵਾਹਿਗੁਰੂ) ਜੇ ਨਾਨਕ ਭਗਤੀ ਵਿਚ ਹੀਣ ਰਹਿ ਗਿਆ (ਤਾਂ ਰਹਿ ਗਿਆ ਸਹੀ) ਖਸਮ ਦਾ ਨਾਉਂ ਤਾਂ ਨਹੀਂ ਨਾ ਤੁਰ ਚੱਲਿਆ[੭]॥੪॥੧॥

ਬਿਲਾ:ਮ:੧:

ਮਨ (ਹੀ) ਮੰਦਰ ਹੈ, ਤਨ (ਹੀ ਮੇਰਾ) ਸੰਤ ਭੇਖ[੮] (ਹੈ), ਹਿਰਦੇ ਦੇ ਤੀਰਥ ਵਿਚ ਹੀ (ਮੈਂ) ਨ੍ਹਾਉਂਦਾ ਹਾਂ। ਇਕ ਸ਼ਬਦ ਮੇਰੇ ਪ੍ਰਾਣਾਂ[੯] ਵਿਚ ਵੱਸਦਾ ਹੈ (ਜਿਸ ਤੋਂ ਮੈਂ) ਫੇਰ ਜਨਮ ਵਿਚ ਨਹੀਂ ਆਵਾਂਗਾ।

---

੧. ਅਰਬੀ ਵਿਚ 'ਸਨਾ' ਵਡਿਆਈ ਦਾ ਨਾਮ ਹੈ। (ਅ) ਆਸ਼ਨਾਈ ਪਦ ਫਾਰਸੀ ਦਾ ਹੈ, ਅਰਥ ਹੈ 'ਪ੍ਰੀਤ', ਸੱਜਣਤਾ, ਵਾਕਫੀ।

੨. ਭਾਵ; ਮੈਂ ਅਨਜਾਣ ਤੂੰ ਬਿਅੰਤ, ਮੈਂ ਅੰਤ ਕੀਕੂੰ ਪਾ ਸਕਾਂ।

੩. ਭਾਵ ਇਹ ਕਿ ਏਹ ਸਰੀਰਕ ਲੋੜਾਂ ਰੂਪੀ ਕੂਕਰ ਮੈਨੂੰ ਹਰੀ ਜਸ ਵਲ ਜਾਂਦਿਆਂ ਰੋਕਦੇ ਹਨ। ਕੂਕਰ ਦਾ ਭਾਵ ਹੈ-ਸਰੀਰਕ ਲੋੜਾਂ, ਕਾਮਾਦਿ ਵਿਸ਼ੇ। ਯਥਾ-'ਇਹੁ ਤਨੁ ਭਉਕਣਾ'। ਪੁਨਾ:-'ਭੁਖ ਤਿਖਾ ਦੁਇ ਭਉਕੀਆ।'

੪. ਹਉ ਬੇਗਾਨਾ=ਮੈਂ ਆਤਮ ਅੰਸ਼ ਹੋਣ ਕਰਕੇ ਸਰੀਰ ਤੇ ਸਰੀਰ ਦੀਆਂ ਲੋੜਾਂ ਵਿਚ ਮਾਨੋ ਓਪਰਾ ਹਾਂ। :

੫. ਭਉਕਾ ਦਾ ਭਾਵ ਹੈ-ਮੈਂ ਇਨ੍ਹਾਂ ਲੋੜਾਂ ਵਾਲੇ ਸਰੀਰ ਨੂੰ ਪੁਕਾਰਦਾ ਹਾਂ ਕਿ ਮੈਨੂੰ ਨਾ ਰੋਕੋ।

੬. ਚੋਥੀ ਪਉੜੀ ਦੇ ਅਰਥ ਕਠਨ ਹਨ! ਇਸ ਕਰਕੇ ਸੰਪ੍ਰਦਾ ਵਿਚ ਇਸ ਤੋਂ ਛੁਟ ਹੋਰ ਤਰ੍ਹਾਂ ਬੀ ਲਾਉਂਦੇ ਹਨ-ਏਤੇ ਕੂਕਰ ਹਉ ਬੇਗਾਨਾ ਭਉਕਾ (ਤਿਲ ਜਿੰਨੀ ਵਡਜਾਈ ਕਰਨ ਦੀ) ਹਉਂ ਨੂੰ ਜੇ ਮੈਂ ਬਿਗਾਨੀ ਕਰਾਂ ਫਿਰ ਇਸ ਤਨ ਨੂੰ (ਭਉ+ਕਾ) ਕਿਸ ਦਾ ਡਰ ਹੈ ਆਦਿ। ਵਿਸ਼ੇਸ਼ ਵੀਚਾਰ ਵੱਡੇ ਟੀਕੇ ਵਿਚ ਹੋਸੀ।

੭. ਭਾਵ, 'ਨਾਨਕ ਨਿਰੰਕਾਰੀ' ਲੋਕੀ ਆਖਦੇ ਹਨ, ਹੇ ਖਸਮ ਤੈਨੂੰ ਤੇਰੇ ਆਪਣੇ ਨਾਮ 'ਨਿਰੰਕਾਰ' ਦੀ ਲਾਜ ਪਵੇਗੀ।

੮. ਫ਼ਾ: ਕਲੰਦਰ ਫਕੀਰ ਨੂੰ ਕਹਿੰਦੇ ਹਨ, ਜਿਸ ਦੀ ਬ੍ਰਿਤੀ ਅਪਣੇ ਵਜੂਦ ਤੇ ਸੰਬੰਧਾਂ ਤੋਂ ਉਠ ਕੇ ਸਾਂਈਂ ਵਿਚ ਲਗ ਗਈ ਹੋਵੇ। ਕਲੰਦਰ ਦੇਸ਼ਾਂਟਨੀ ਹੁੰਦੇ ਹਨ। ਵੇਸ ਕਲੰਦਰ=ਸੰਤ ਭੇਖ।

੯. ਪ੍ਰਾਣ=ਸੁਆਸ, ਜ਼ਿੰਦ। (ਸੰਸ:, ਪ੍ਰ+ਅਨੇ=ਸਾਹ ਲੈਣਾ+ਘੰਦ)। (ਅ) ਮਨ ਬੀ ਭਾਵ ਲੈਂਦੇ ਹਨ। (ੲ) ਪ੍ਰਾਣ, ਸਨਾਯੂ ਸ਼ਕਤੀ' (nervous energy) ਨੂੰ ਬੀ ਕਹਿੰਦੇ ਹਨ।

ਮਨੁ ਬੇਧਿਆ ਦਇਆਲ
ਸੇਤੀ ਮੇਰੀ ਮਾਈ॥
ਕਉਣੁ ਜਾਣੈ ਪੀਰ ਪਰਾਈ॥
ਹਮ ਨਾਹੀ ਚਿੰਤ ਪਰਾਈ॥੧॥ ਰਹਾਉ॥

ਹੇ ਮੇਰੀ ਸਖੀ[1]! (ਮੇਰਾ) ਦਿਆਲ (ਪਰਮੇਸ਼ਰ) ਨਾਲ ਮਨ ਵਿੰਨ੍ਹਿਆਂ ਗਿਆ ਹੈ[2] (ਪਰ ਕਿਸੇ ਨੂੰ ਕੀਹ ਕਿਉਂਕਿ) ਪਰਾਈ ਪੀੜ ਨੂੰ ਕੌਣ ਜਾਣਦਾ ਹੈ[3] (ਤੇ) ਸਾਨੂੰ (ਬੀ) ਕਿਸੇ ਹੋਰ ਦੀ ਚਿੰਤਾ ਨਹੀਂ[4]॥੧॥ਰਹਾਉ॥

ਅਗਮ ਅਗੋਚਰ ਅਲਖ ਅਪਾਰਾ
ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਘਟਿ ਘਟਿ ਜੋਤਿ ਤੁਮ੍ਾਰੀ॥ ੨॥

ਹੇ ਪਹੁੰਚ ਤੋਂ ਪਰ੍ਹੇ! ਹੇ (ਨੇਤ੍ਰ ਆਦਿ) ਇੰਦ੍ਰਿਆਂ ਤੋਂ ਅਵਿਸ਼ੇ! ਹੇ (ਸੋਚ ਨਾਲ ਬੀ) ਲਿਖੇ ਨਾ ਜਾਣ ਵਾਲੇ! ਹੇ ਪਾਰ ਤੋਂ ਰਹਿਤ! ਸਾਡਾ ਫਿਕਰ (ਆਪ ਹੀ) ਕਰੋ (ਆਪ) ਜਲ ਥਲ ਵਿਚ ਭਰਪੂਰ ਹੋ ਤੇ ਸਮਾਏ ਹੋਏ ਹੋ ਤੇ ਘਟ ਘਟ ਵਿਚ ਤੁਹਾਡੀ ਜੋਤਿ (ਵਸ ਰਹੀ) ਹੈ॥੨॥

ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ
ਛਾਵਾ ਤੇਰੇ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ
ਗੁਣ ਗਾਵਾ ਨਿਤ ਤੇਰੇ॥ ੩॥

ਸਿੱਖਿਆ (ਗੁਰੂ ਦੀ), ਮਤਿ (ਦਨਾਵਾਂ ਦੀ), ਬੁੱਧਿ (ਸਿਖ ਤੇ ਮਤਿ ਨੂੰ ਗ੍ਰਹਣ ਤੇ ਨਿਰਨੇ ਕਰਨ ਵਾਲੀ) ਸਭ ਆਪ ਦੀ (ਬਖਸ਼ਿਸ਼ ਹਨ), ਮੰਦਿਰ (ਤੇ) ਛਾਵਾਂ[5] (ਬੀ) ਤੇਰੇ ਹੀ (ਦਿਤੇ) ਹਨ। ਤੈਥੋਂ ਬਿਨਾਂ ਹੋਰ (ਕਿਸੇ ਨੂੰ ਮੈਂ) ਨਹੀਂ ਜਾਣਦਾ, ਹੇ ਮੇਰੇ ਸਾਹਿਬ! (ਮੈਂ) ਨਿਤ ਤੇਰੇ ਗੁਣ ਗਾਉਂਦਾ ਹਾਂ॥੩॥

ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ
ਚਿੰਤ ਤੁਧੁ ਪਾਸੇ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ
ਕੀ ਅਰਦਾਸੇ॥੪॥੨॥ (ਗੁ:ਗ੍ਰੰ:,ਪੰਨਾ ੭੯੫)

ਜੀਅ ਜੰਤ ਸਭੇ ਤੇਰੀ ਸ਼ਰਨ ਵਿਚ ਹਨ, ਸਭ (ਦੀ) ਚਿੰਤਾ ਬੀ ਤੈਨੂੰ ਹੈ। ਨਾਨਕ ਦੀ ਇਕ (ਇਹੋ) ਬੇਨਤੀ ਹੈ (ਤੇਰੇ ਚਰਨਾਂ ਵਿਚ ਕਿ) ਜੋ ਤੈਨੂੰ ਭਾਵੇ ਸੋਈਓ (ਮੈਨੂੰ) ਚੰਗਾ (ਲੱਗੇ)॥੪॥੨॥

---

੧. ਮਾਈ=ਮਾਂ। ਪਰੰਤੂ ਬਾਣੀ ਵਿਚ ਇਹ ਸੰਬੋਧਨ ਕਦੇ ਮਾਂ, ਕਦੇ ਗੁਰੂ, ਕਦੇ ਭਾਈ, ਕਦੇ ਸਖੀ ਭਾਵਾਂ ਨਾਲ ਬੀ ਝੁਕਾਉ ਰਖਦਾ ਹੈ।

੨. ਭਾਵ ਪ੍ਰੇਮ ਨਾਲ ਪੀੜਿਤ ਹੈ।

੩. ਅਥਵਾ, ਪਰਾਈ ਪੀੜਾ ਨੂੰ ਹੁਣ ਕੌਣ ਜਾਣੇ!

੪. ਭਾਵ-ਵਾਹਿਗੁਰੂ ਚਿੰਤਨ ਤੋਂ ਛੁੱਟ ਹੋਰ ਪਾਸੇ ਸਾਡਾ ਖਿਆਲ ਨਹੀਂ ਜਾਂਦਾ।

੫. ਮੰਦਿਰ ਤੇ ਹੋਰ ਛਾਯਾ ਵਾਲੇ ਟਿਕਾਣੇ, ਮੰਡਪ ਆਦਿ। (ਅ) ਮੰਦਰ ਤੋਂ ਭਾਵ ਮਨ ਜੋ ਹੈ ਪਹਿਲੀ ਤੁਕ ਵਿਚ ਕਿਹਾ ਹੈ। ਮਨ ਤੇ ਬੁਧਿ ਆਦਿ ਅਰੂਪ ਹਨ, ਸੋ ਛਾਯਾ ਰਹਿਤ ਹਨ, ਪਰ ਸਰੀਰ ਛਾਯਾ ਵਾਲਾ ਹੈ, ਇਸ ਕਰਕੇ ਛਾਯਾ ਦਾ ਭਾਵ-ਸਰੀਰ-ਲੈਂਦੇ ਹਨ। (ਸੰਪ੍ਰ:।)

# ਰਹਰਾਸਿ[1]

## ੧ਓ ਸਤਿਗੁਰ ਪ੍ਰਸਾਦਿ

**ਸਲੋਕੁ ਮ:੧॥**

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ॥੧॥
ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥੧॥
ਰਹਾਉ॥

(ਹੇ ਨਿਰੰਕਾਰ! ਤੇਰੀ ਕੁਦਰਤ ਅਸਚਰਜ ਹੈ), ਸੁਖ (ਜਿਸ ਨੂੰ ਪਾ ਕੇ ਤੈਂ ਸੁਖ ਸਰੂਪ ਨਾਲ ਜੁੜਨਾ ਚਾਹੀਦਾ ਸੀ ਉਹ ਮੁਖ ਜੀਵਾਂ ਨੂੰ) ਰੋਗ ਹੋ ਢੁੱਕਾ ਹੈ (ਤੇ) ਦੁਖ (ਸਗੋਂ) ਦਾਰੂ ਹੋ ਗਿਆ ਹੈ[2], ਜਦੋਂ (ਇਨ੍ਹਾਂ ਨੂੰ) ਸੁਖ ਹੁੰਦਾ ਹੈ ਤਦੋਂ (ਇਨ੍ਹਾਂ ਦੀ ਰੁਚੀ ਤੇਰੇ ਵਲ) ਨਹੀਂ ਹੁੰਦੀ[3] (ਪਰ ਜਦੋਂ ਦੁਖ ਹੁੰਦਾ ਹੈ ਤਾਂ ਯਾਦ ਕਰਦੇ ਹਨ[4], ਤੂੰ ਹੀ ਇਨ੍ਹਾਂ ਨੂੰ ਸੁਮਤਿ ਦੇਹਿ ਕਿਉਂਕਿ) ਤੂੰ (ਹੀ ਇਨ੍ਹਾਂ ਦਾ) ਕਰਤਾ ਹੈਂ, (ਜੋ ਚਾਹੇਂ ਸੋ) ਕਰਨੇ ਨੂੰ ਸਮਰਥ ਹੈਂ, ਮੈਂ (ਕੁਛ) ਨਹੀਂ, ਮੈਂ ਜੇ (ਕੋਈ ਜਤਨ) ਕਰਦਾ ਹਾਂ ਤਾਂ ਹੁੰਦਾ ਨਹੀਂ॥੧॥ (ਮੈਂ ਤਾਂ ਤੈਥੋਂ) ਹੇ ਕੁਦਰਤ (ਸਾਜ ਕੇ ਫੇਰ ਇਸ ਦੇ) ਵਿਚ ਵਸ ਰਹੇ (ਨਿਰੰਕਾਰ!) ਸਦਕੇ ਹਾਂ, ਤੇਰਾ ਅੰਤ (ਮੈਥੋਂ) ਨਹੀਂ ਲਖਿਆ ਜਾਂਦਾ॥੧॥ਰਹਾਉ॥

---

੧. ਇਹ ਪਦ 'ਰਹਰਾਸਿ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਕਰਕੇ ਨਹੀਂ ਆਇਆ, ਪਰ ਬਾਣੀ ਦੇ ਵਿਚ ਐਉਂ ਆਇਆ ਹੈ:- 'ਹਰਿ ਕੀਰਤਿ ਹਮਰੀ ਰਹਰਾਸਿ।' (ਗੂਜਰੀ ਮ:੪)। (ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੮ ਤੋਂ ੧੨ ਤੇ ਹੈ)
ਇਹ ਬਾਣੀ ਸੰਝਾਂ ਵੇਲੇ ਹਰੇਕ ਸਿੱਖ ਨਿਤਨੇਮ ਜਾਣਕੇ ਪੜ੍ਹਦਾ ਹੈ। 'ਸੋਦਰ ਰਹਰਾਸਿ' ਦਾ ਦੀਵਾਨ ਭੀ ਸਜਦਾ ਹੈ, ਗੁਰਸਿੱਖ ਦੀਵਾਨ ਵਿਚ ਹਾਜ਼ਰ ਹੋ ਕੇ ਸੁਣਦੇ ਹਨ। ਸੋ ਸਿੱਖਾਂ ਦੀ ਇਹ ਮਰਿਯਾਦਾ ਸ਼ਖਸੀ ਵੀ ਹੈ ਤੇ ਸੰਗਤੀ ਵੀ। ਰਹਿਰਾਸ=ਫ਼ਾ:, ਰਾਹਿ ਰਾਸਤ=ਸਿੱਧਾ ਰਸਤਾ। (ਅ) ਮਰਿਯਾਦਾ, (ੲ) ਸਰੇਸ਼ਟਾਚਾਰ।
ਗੁਰਬਾਣੀ ਵਿਚ ਇਹ ਪਦ ਇਨ੍ਹਾਂ ਅਰਥਾਂ ਵਿਚ ਆਇਆ ਹੈ:- ਅਰਦਾਸ, ਬੇਨਤੀ। (ਅ) ਮਰਿਯਾਦਾ। (ੲ) ਨਮਸ਼ਕਾਰ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਹਰਾਸਿ ਦਾ ਪਹਿਲਾ ਸ਼ਬਦ, 'ਸੋਦਰੁ' ਹੈ, ਪਰ ਸੰਗਤਾਂ ਵਿਚ ਪਾਠ ਇਸ ਸਲੋਕ ਤੋਂ ਅਰੰਭ ਕਰਨ ਦੀ ਪੁਰਾਤਨ ਮਰਿਯਾਦਾ ਪ੍ਰਚਲਿਤ ਹੈ। ਇਹ ਸ਼ਲੋਕ ਆਸਾ ਦੀ ਵਾਰ ਦੀ ੧੨ਵੀਂ, ਪਉੜੀ ਦਾ ਪਹਿਲਾ ਸ਼ਲੋਕ ਹੈ। ਸੰਝਾਂ ਦੇ ਦੀਵਾਨ ਵਿਚ ਰਾਗੀ ਸਿੰਘ ਇਸ ਸ਼ਲੋਕ ਨੂੰ ਪਹਿਲੋਂ ਸ਼ਲੋਕ ਵਾਂਗ ਉਚਾਰਕੇ ਅਗੋਂ ਸੋਦਰੁ ਦੀ ਪਉੜੀ ਰਾਗ ਆਸਾ ਵਿਚ ਲਾਉਂਦੇ ਹਨ ਤੇ ਫਿਰ ਬਾਕੀ ਪਾਠ ਗ੍ਰੰਥੀ ਸਿੰਘ ਇਕੱਲਾ ਕਰਕੇ ਸੰਗਤ ਨੂੰ ਸ੍ਰਵਨ ਕਰਾਉਂਦਾ ਹੈ।

੨. ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ॥ (ਪ੍ਰਭਾਤੀ ਮ:੧) ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ॥ (ਆਸਾ ਮ:੫।

੩. ਇਸ ਤੁਕ ਦੇ ਅਰਥਾਂ ਵਿਚ ਕਠਨਤਾ 'ਤਾਮਿ ਨ ਹੋਈ' ਤੋਂ ਪੈਂਦੀ ਹੈ। 'ਤਾਮਿ ਨ ਹੋਈ' ਲਈ ਦੇਖੋ ਇਸੇ ਪੋਥੀ ਦੇ ਸਫਾ ੪੩੯ ਦੀ ਹੇਠਲੀ ਟੂਕ '੧' ਨਿਸ਼ਾਨ ਵਾਲੀ।

੪. ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ (ਮਾਰੂ:ਸੋ:ਮ:੧-੧੦-੧੩/੧੦੩੦)।


www.sikhbookclub.com

ਇਨ੍ਹਾਂ ਤੁਕਾਂ ਦਾ ਭਾਵ ਐਉਂ ਵਧੇਰੇ ਸਪਸ਼ਟ ਹੁੰਦਾ ਹੈ (ਹੇ ਨਿਰੰਕਾਰ! ਤੇਰੀ ਕੁਦਰਤ ਵਿਚ ਅਚਰਜ ਰੰਗ ਹਨ) ਜਦੋਂ ਸੁਖ (ਸਮਝ ਕੇ ਸੁਖ ਕੱਠਾ ਕਰੀਦਾ ਹੈ) ਤਾਂ (ਉਹ ਸੁਖ) ਨਹੀਂ ਨਿਕਲਦਾ (ਉਹ) ਰੋਗ ਹੋ ਢੁੱਕਦਾ ਹੈ। (ਜਦੋਂ ਤੇਰੇ ਭਾਣੇ ਵਿਚ) ਦੁਖ (ਆਉਂਦਾ ਹੈ ਤੇ ਘਾਬਰੀਦਾ ਹੈ, ਓਟ ਸਗੋਂ) ਦਾਰੂ ਹੋ ਕੇ ਲਗਦਾ ਹੈ। (ਸੋ ਉਸ ਸੁਖ ਦਾ ਜੋ ਸੁਖ ਹੋ ਕੇ ਲੱਗੇ) ਕਰਤਾ ਤੂੰ ਹੈਂ, (ਉਹ ਸੁਖ ਸਾਨੂੰ ਤੂਹੋਂ) ਕਰਣਾ ਹੈ ਮੈਂ (ਉਸ ਨੂੰ) ਨਹੀਂ (ਕਰ ਸਕਣਾ, ਕਿਉਂਕਿ) ਜਦ ਮੈਂ ਕਰਦਾ ਹਾਂ (ਉਹ ਨਹੀਂ ਹੁੰਦਾ। (ਹੇ ਕੁਦਰਤ ਰਚ ਕੇ ਅਸੰਗ ਪਰ ਫੇਰ ਆਪਣੀ) ਕੁਦਰਤ ਦੇ ਵਿਚ ਵਸ ਰਹੇ (ਚੋਜੀ)! (ਮੈਂ) ਸਦਕੇ ਤੇਰਾ ਅੰਤ (ਸਾਥੋਂ) ਲਖਿਆ ਨਹੀਂ ਜਾ ਸਕਦਾ।

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**

**ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥**

ਹਰ ਉਤਪਤ ਹੋਈ[1] ਚੀਜ਼ ਵਿਚ (ਤੇਰੀ) ਜੋਤਿ ਹੈ (ਤੇ ਤੇਰੀ) ਜੋਤਿ ਵਿਚ ਏਹ ਸਾਰੀਆਂ ਉਤਪਤਿ ਹੋਈਆਂ ਚੀਜ਼ਾਂ ਹਨ, (ਇਸ ਤਰ੍ਹਾਂ ਤੂੰ) ਕਲਾ ਰੂਪ[2] (=ਪਰਛਿੰਨ ਹੋ ਕੇ ਸਭਨਾਂ ਵਿਚ) ਭਰਪੂਰ ਹੁੰਦਾ ਹੋਇਆ (ਬੀ ਫੇਰ) ਅਕਲ (=ਅਪ੍ਰਛਿੰਨ) ਹੈਂ। (ਤੇਰਾ ਅੰਤ ਨਹੀਂ ਲਖਿਆ ਜਾ ਸਕਦਾ) ਤੂੰ ਸੱਚਾ ਮਾਲਕ ਹੈਂ; (ਤੇਰੀ) ਸਿਫਤ ਸਲਾਹ (ਸਭ ਤੋਂ ਸੁਹਣੀ ਵਸਤੂ ਹੈ) ਜਿਸ ਨੇ (ਇਹ) ਕੀਤੀ ਉਹ (ਸੰਸਾਰ ਸਮੁੰਦਰ ਤੋਂ) ਪਾਰ ਹੋ ਗਿਆ। ਹੇ ਨਾਨਕ! ਤੂੰ ਕਰਤਾਰ ਦੀਆਂ ਗੱਲਾਂ ਕਹੁ[3] (ਭਾਵ ਉਸ ਦੀ

---

੧. ਭਾਵ ਹਰ ਵਜੂਦ ਵਿਚ ਤੇਰੀ ਜੋਤਿ ਹੈ ਤੇ ਤੇਰੀ ਜੋਤਿ ਵਿਚ (ਸਾਰੇ) ਵਜੂਦ ਹੈਨ। 'ਜਾਤਿ' ਪਦ ਦੀ ਵਿਤਪਤੀ ਤੇ ਅਰਥ ਲਈ ਦੇਖੋ ਸਫਾ ੪੨੧ ਦੀ ਹੇਠਲੀ ਟੂਕ '੨' ਨਿਸ਼ਾਨ ਵਾਲੀ।

੨. ਕਲਾ ਸੰਸਕ੍ਰਿਤ ਪਦ ਹੈ, ਇਸਦਾ ਅਰਥ ਹੈ ਕਿਸੇ ਸ਼ੈ ਦਾ ਕੋਈ ਹਿੱਸਾ ਯਾ ਭਾਗ ਯਾ ਟੁਕੜਾ। ਵਾਹਿਗੁਰੂ ਦੀ ਜੋਤਿ ਹਰ ਉਪਜੀ ਸ਼ੈ ਵਿਚ-ਜੋ ਇਕ ਦੂਜੇ ਤੋਂ ਜੁਦਾ ਹਨ-ਜਦ ਵਯਾਪਕ ਹੋਏਗੀ ਤਾਂ ਜੋਤਿ ਦੇ ਮਾਨੋ ਹਿੱਸੇ ਹੋ ਹੋ ਕੇ ਇਕ ਇਕ ਵਿਚ ਵਯਾਪਣਗੇ। ਐਉਂ ਉਹ ਪ੍ਰਛਿੰਨ ਅਰਥਾਤ ਹਿੱਸਿਆਂ ਜਾਂ ਟੁਕੜਿਆਂ ਵਾਲਾ ਹੋ ਜਾਏਗਾ, ਪਰ ਉਸ ਦੀ ਅਚਰਜ ਰੂਪਤਾ ਇਹ ਹੈ ਕਿ ਉਹ ਇਉਂ ਹਰ ਹਰ ਵਿਚ 'ਕਲਾ' ਵਿਚ ਵੰਡਿਆ ਜਾ ਕੇ ਭਰਪੂਰ ਹੁੰਦਾ ਹੋਇਆ ਫਿਰ 'ਅਕਲ' ਅਰਥਾਤ-ਟੁਕੜੇ ਰਹਿਤ ਅਪ੍ਰਛਿੰਨ-ਨਿਰ ਅਵਯਵ ਹੈ। ਇਸ ਤੁਕ ਦਾ ਅਰਥ ਗੁਰ ਨਾਨਕ ਦੇਵ ਜੀ ਨੇ ਆਪ ਐਉਂ ਕੀਤਾ ਹੈ:-

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥ (ਸੋਰਠਿ ਮ:੧-੪)

(ਅ) ਅਕਲ=ਸ਼ਕਤੀ ਰਹਤ, ਨਿਰਗੁਣ। ਕਲਾ-ਸ਼ਕਤੀ ਸੰਯੁਕਤ, ਸਰਗੁਣ। ਕਲਾ ਦਾ ਅਰਥ ਗੁਣ ਤੇ ਖੇਡ ਆਦਿ ਹੋਰ ਵੀ ਹਨ।

੩. ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥ (ਆਸਾ ਮ:੧-੯/੩੫੧)। ਭਾਵ ਸਭ ਤੋਂ ਸ੍ਰੇਸ਼ਟ ਗੱਲਾਂ ਵਾਹਿਗੁਰੂ ਦੀਆਂ ਹਨ।

 www.sikhbookclub.com

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

(ਗੁ:ਗ੍ਰ:ਪੰਨਾ ੪੬੯)

ਸਿਫਤ ਸਾਲਹ ਕਰ, ਉਸਦੇ ਕਰਨਿਆਂ ਦੀ ਪੜਚੋਲ ਵਿਚ ਨਾ ਪਉ)। ਜੋ ਕੁਛ (ਉਸਨੇ) ਕਰਨਾ ਹੁੰਦਾ ਹੈ ਸੋ (ਉਹ ਆਪ ਹੀ) ਪਿਆ ਕਰਦਾ ਹੈ॥੨॥

## ਸੋਦਰੁ[1] ਰਾਗੁ ਆਸਾ ਮਹਲਾ ੧

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੮ ਤੋਂ ੧੨ ਚੌਪਾਈ ਆਦਿ)

### ੧ੴ ਸਤਿਗੁਰ ਪ੍ਰਸਾਦਿ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥

(ਹੇ ਵਾਹਿਗੁਰੂ!) ਉਹ ਦਰ ਤੇਰਾ ਕਿਹੋ ਜਿਹਾ ਹੈ (ਤੇ) ਉਹ ਘਰ ਕਿਹੋ ਜਿਹਾ ਹੈ ਜਿਥੇ ਬੈਠਕੇ (ਤੂੰ) ਸਭ ਦੀ ਸੰਭ੍ਹਾਲ ਕਰਦਾ ਹੈ, (ਜਿਥੇ) ਤੇਰੇ ਅਨੇਕ ਵਾਜੇ, ਅਸੰਖਾਂ ਨਾਦ (ਤੇ) ਕਿਤਨੇ ਹੀ ਤੇਰੇ ਵਜਾਉਣ ਵਾਲੇ ਹਨ। ਕਿੰਨੇ ਹੀ ਤੇਰੇ ਰਾਗ ਰਾਗਣੀਆਂ ਸਣੇ ਦੱਸੀਦੇ ਹਨ, (ਓਹ ਤੇ ਹੋਰ) ਕਿੰਨੇ ਹੀ ਤੈਨੂੰ ਗਾਉਣ ਵਾਲੇ ਹਨ (ਜੋ ਗਾਉਂ ਰਹੇ ਹਨ)।

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥

ਪੌਣ ਪਾਣੀ ਤੇ ਅੱਗ ਤੈਨੂੰ ਗਾਉਂਦੇ[2] ਹਨ, ਧਰਮਰਾਜ (ਤੇਰੇ) ਦੁਆਰੇ ਤੇ ਗਾਉਂ ਰਿਹਾ ਹੈ। ਚਿਤ੍ਰ ਗੁਪਤ (ਜੋ ਜੀਵਾਂ ਦੇ ਕਰਮ) ਲਿਖ ਜਾਣਦੇ ਹਨ (ਅਰ ਜਿਨ੍ਹਾਂ ਦੀ) ਲਿਖਤ (ਪੁਰ) ਧਰਮ ਰਾਜ ਵੀਚਾਰ ਕਰਦਾ ਹੈ, ਤੈਨੂੰ ਗਾਉਂ ਰਹੇ ਹਨ।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥

(ਹੇ ਸਾਈਂ) ਤੈਨੂੰ ਸ਼ਿਵ, ਬ੍ਰਹਮਾ (ਆਪਣੀਆਂ ਸ਼ਕਤੀ ਰੂਪ) ਦੇਵੀਆਂ (ਸਮੇਤ) (ਜੋ) ਤੇਰੇ ਸਦਾ ਦੇ ਸੁਵਾਰੇ ਹੋਏ ਸ਼ੋਭਦੇ ਹਨ, ਗਾਉਂ ਰਹੇ ਹਨ। ਇੰਦ੍ਰ ਇੰਦ੍ਰਾਸਣ (-ਆਪਣੀਆਂ ਰਾਜ ਗੱਦੀਆਂ) ਤੇ ਬੈਠੇ ਹੋਏ ਤੈਨੂੰ ਗਾਉਂ ਰਹੇ ਹਨ ਦਰ ਤੇ ਖੜੇ ਦੇਵਤਿਆਂ ਦੇ ਨਾਲ।

---

੧. ਸੋਦਰੁ=ਉਹ ਦਰਵਾਜ਼ਾ, ਉਹ ਦਰਬਾਰ। ਇਹ ਇਕ ਗੁਰਬਾਣੀ ਦਾ ਸਿਰਲੇਖ ਹੈ। ਇਸ ਸੋਦਰ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਜਗ੍ਹਾ ਤੇ ਹੈ:- ਸ੍ਰੀ ਜਪੁਜੀ ਵਿਚ, ਇਥੇ ਤੇ ਆਸਾ ਰਾਗ ਦੇ ਆਰੰਭ ਵਿਚ। ਤਿੰਨਾਂ ਥਾਵਾਂ ਤੇਂ ਹੀ ਕੁਛ ਲਗਾਂ ਮਾਤ੍ਰਾਂ ਯਾ ਪਦਾਂ ਦਾ ਫਰਕ ਹੈ। ਇਸੇ ਦੇ ਨਾਮ ਤੇ ਰਹਰਾਸਿ ਦਾ ਨਾਮ 'ਸੋਦਰ' ਯਾਂ 'ਸੋਦਰ ਰਹਿਰਾਸ' ਵੀ ਹੈ। ਯਥਾ:- ਸੰਝੇ ਸੋਦਰ ਗਾਵਣਾ। (ਭਾ:ਗੁ:) ਦੇਖੋ ਪੰਨਾ ੪੦ ਤੋਂ ੪੨ ਪਰ ਪਿਛੇ ਜਪੁਜੀ ਵਿਚ ਇਸੇ ਪਉੜੀ ਦੇ ਅਰਥ।

੨. ਗਾਵਨਾ=ਕੀਰਤਨ ਕਰਨਾ, ਕੀਰਤਨ ਵਿਚ ਵਡਿਆਈ ਕਰਨਾ। 'ਗਾਵਨਿ' ਤੋਂ ਭਾਵ ਹੈ ਤੇਰੀ ਸਿਫ਼ਤ ਸਲਾਹ ਕਰ ਰਹੇ ਹਨ।


www.sikhbookclub.com

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ
ਗਾਵਨਿ ਤੁਧਨੋ ਸਾਧ ਬੀਚਾਰੇ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ
ਗਾਵਨਿ ਤੁਧਨੋ ਵੀਰ ਕਰਾਰੇ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ
ਜੁਗੁ ਜੁਗੁ ਵੇਦਾ ਨਾਲੇ॥

ਸਿਧ ਸਮਾਧੀਆਂ ਵਿਚ (ਬੈਠੇ) ਤੈਨੂੰ ਗਾਉਂਦੇ ਹਨ, ਸਾਧ ਵੀਚਾਰ ਵਿਚ (ਲਗੇ ਹੋਏ) ਤੈਨੂੰ ਗਾਉਂ ਰਹੇ ਹਨ। ਜਤੀ ਸਤੀ, ਸੰਤੋਖੀ ਤੈਨੂੰ ਗਾਉਂਦੇ ਹਨ, ਬਹਾਦਰ ਬੀਰ ਤੈਨੂੰ ਗਾਉਂ ਰਹੇ ਹਨ। ਪੰਡਤ ਤੇ ਵਡੇ ਰਿਖੀਸਰ ਜੁਗਾਂ ਜੁਗਾਂ ਵਿਚ (ਵੇਦਾਂ ਨੂੰ) ਪੜ੍ਹਦੇ ਹੋਏ ਵੇਦਾਂ ਸਮੇਤ ਤੈਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ॥

ਸੁਰਗ ਲੋਕ, ਮਾਤ ਲੋਕ ਤੇ ਪਾਤਾਲ ਲੋਕ ਦੀਆਂ (ਅੱਛਰਾਂ ਜੈਸੀਆਂ) ਮਨ ਨੂੰ ਮੋਹਣ ਵਾਲੀਆਂ ਇਸਤ੍ਰੀਆਂ ਤੈਨੂੰ ਗਾਉਂਦੀਆਂ ਹਨ।[1] ਤੇਰੇ ਉਪਾਏ ਹੋਏ ਰਤਨ[2] ਅਠਾਹਠ ਤੀਰਥਾਂ ਸਮੇਤ ਤੈਨੂੰ ਗਾਉਂ ਰਹੇ ਹਨ।

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ
ਗਾਵਨਿ ਤੁਧਨੋ ਖਾਣੀ ਚਾਰੇ॥

ਜੋਧੇ, ਮਹਾਂਖਲੀ ਸੂਰਮੇ ਤੈਨੂੰ ਗਾਉਂਦੇ ਹਨ, ਚਾਰੇ ਖਾਣੀਆਂ ਤੈਨੂੰ ਗਾਉਂ ਰਹੀਆਂ ਹਨ।

ਗਾਵਨਿ ਤੁਧ ਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ॥

ਖੰਡ, ਮੰਡਲ, ਬ੍ਰਹਮੰਡ ਤੇਰੇ ਰਚ ਰਚ ਕੇ ਧਾਰੇ ਹੋਏ[3] ਤੈਨੂੰ ਗਾਉਂ ਰਹੇ ਹਨ। (ਪਰ) ਉਹੋ ਤੈਨੂੰ (ਵਿਸ਼ੇਸ਼ ਕਰਕੇ ਗਾਉਂਦੇ ਹਨ ਜੋ ਤੈਨੂੰ ਬੀ) ਭਾਉਂਦੇ ਹਨ (ਤੇ) ਜੋ (ਆਪ ਬੀ ਤੇਰੇ ਵਿਚ) ਰੱਤੇ ਹੋਏ ਰਸਾਲ ਭਗਤ ਹਨ[4]।

---

੧. 'ਸੁਰਗੁ ਮਛੁ ਪਇਆਲੇ' ਵਿਚ ਜੋ ਅਖੀਰਲੇ ਪਦ ਪਇਆਲ ਦੀ ਲਾਂ ਹੈ ਉਹ 'ਵਿਚ' ਯਾ 'ਦੀ' ਅਰਥ ਦੇਂਦੀ ਹੈ, ਜੋ ਸੁਰਗ ਮਛ ਪਇਆਲ ਤਿੰਨਾਂ ਦੇ ਅਰਥ ਨੂੰ ਜੋੜ ਲੈਂਦੀ ਹੈ। ਟੈਵੀ ਕਰਤਾ ਜੀ ਦਾ ਭਾਵ ਜਪੁਜੀ ਸਾਹਿਬ ਵਿਚ ਦਿਤੀ ਇਸੇ ਤੁਕ ਤੋਂ ਖੁੱਲ੍ਹ ਜਾਂਦਾ ਹੈ। ਜਿਥੇ ਪਾਠ ਹੈ '...ਸੁਰਗਾ ਮਛ ਪਇਆਲੇ'। ਅਰਥਾਤ-ਸੁਰਗ ਦੀਆਂ, ਮਾਤ ਲੋਕ ਦੀਆਂ ਤੇ ਪਤਾਲ ਲੋਕ ਦੀਆਂ ਮਨ ਮੋਹਣੀਆਂ। ਫਿਰ ਜਦ ਅੱਗੇ ਚੱਲ ਕੇ ਕਿਹਾ ਹੈ 'ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ' ਤਦ 'ਸੁਰਗ ਮਛ ਪਾਤਾਲ' ਤਾਂ ਬ੍ਰਹਮੰਡ ਦੇ ਅੰਤਰਗਤ ਆਪੇ ਹੀ ਆ ਗਏ।

੨. ਜੌਹਰੀਆਂ ਦੇ ਰਤਨ ੯ ਹਨ:-੧.ਹੀਰਾ(Diamond), ੨.ਪੰਨਾ(Emerald),੩.ਮਾਣਿਕ(Ruby), ੪.ਨੀਲਮ(Saphere), ੫.ਮੋਤੀ(Pearl). ੬.ਮੋਂਗਾ ਯਾ ਗੁੱਲੀਆ(Coral), ੭.ਲਹਸੁਨੀਆ(Cat's eye), ੮.ਗੋਮੇਦ(Cinnamon), ੯.ਪੁਖਰਾਜ (Topaz) ਇਨ੍ਹਾਂ ਤੋਂ ਘਟੀਆ ੮੪ ਹੋਰ ਸੰਗ ਹਨ। ਚੌਦਾਂ ਰਤਨ-੧. ਧੰਨਤਰ(ਧਨੰਤਰ ਵੈਦ), ੨. ਸੁਧਾ(ਅੰਮ੍ਰਿਤ), ੩. ਉਚੈਸ੍ਰੇਵਾ ਘੋੜਾ, ੪.ਐਰਾਵਤ ਹਾਥੀ, ੫.ਕਾਮਧੇਨੁ ਗਊ, ੬.ਕਲਪ ਬ੍ਰਿਛ(ਦ੍ਰੁਮ), ੭.ਰੰਭਾ ਅਪਸਰਾ, ੮.ਲੱਛਮੀ, ੯. ਕਾਲਕੂਟ (ਵਿਖ), ੧੦. ਸੁਰਾ(ਸ਼ਰਾਬ), ੧੧. ਚੰਦ੍ਰਮਾ(ਦਿਜਾਰਾਜ), ੧੨. ਸ਼ੰਖ, ੧੩. ਕੌਸਤਬ ਮਣੀ, ੧੪. (ਯਗ ਵਿਚ ਹੋਮ ਕਰਨ ਦੀ ਸਮੱਗਰੀ ਘਿਉ ਆਦਿ।)

੩. ਭਾਵ ਜੋ ਤੈਂ ਸਾਜ ਸਾਜ ਕੇ (ਆਪਣੇ ਆਸਰੇ ਤੇ) ਧਾਰਨ ਕੀਤੇ-ਟੋਰੇ ਯਾ ਟਿਕਾਏ ਹੋਏ ਹਨ।

੪. ਏਸ ਤੁਕ ਦੇ ਵਿਸ਼ੇਸ਼ ਅਰਥ ਲਈ ਦੇਖੋ ਜਪੁਜੀ ਵਿਚ ਆਏ ਏਸੇ ਤੁਕ ਦੇ ਅਰਥ।

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ॥੧॥

ਆਸਾ ਮਹਲਾ ੧॥

ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥

ਹੋਰ ਕਿੰਨੇ ਹੀ ਤੈਨੂੰ ਗਾਉਂਦੇ ਹਨ, ਓਹ ਮੈਨੂੰ ਚੇਤੇ ਨਹੀਂ ਆਉਂਦੇ, ਨਾਨਕ (ਕੀ ਯਾ) ਕਿੰਨੀ ਕੁ ਵੀਚਾਰ ਕਰੇ। ਉਹੋ (ਪਰਮੇਸ਼ੁਰ) ਸਦੀਵ ਸੱਚਾ (ਹੈ), ਉਹੋ (ਪਰਮੇਸ਼ੁਰ) ਸੱਚਾ ਮਾਲਕ ਹੈ, (ਅਤੇ ਉਸੇ ਦੀ) ਵਡਿਆਈ ਸੱਚੀ ਹੈ। ਜਿਸ ਨੇ (ਸੰਸਾਰ ਦੀ) ਰਚਨਾ ਰਚੀ ਹੈ। (ਉਹ ਆਪ) ਹੁਣ ਹੈ ਤੇ ਹੋਵੇਗਾ ਬੀ, (ਉਹ) ਨਾ ਹੀ ਜਾਂਦਾ (ਤੇ) ਨਾ ਹੀ ਜਾਏਗਾ। (ਭਾਵ, ਨਹੀਂ ਨਾਸ਼ ਹੁੰਦਾ ਤੇ ਅੱਗੇ ਨੂੰ ਬੀ ਨਹੀਂ ਨਾਸ਼ ਹੋਵੇਗਾ)।

ਜਿਸ ਨੇ ਰੰਗ ਰੰਗ, ਭਾਂਤਿ ਭਾਂਤਿ, ਜਿਨਸ ਜਿਨਸ ਦੀ ਮਾਯਾ (ਰੂਪ ਰਚਨਾ) ਰਚੀ ਹੈ (ਉਹ ਕਰਤਾ) ਰਚ ਰਚ ਕੇ ਆਪਣੇ ਕੀਤੇ (ਸੰਸਾਰ) ਨੂੰ ਦੇਖਦਾ ਹੈ, ਜਿਵੇਂ ਉਸ ਦੀ ਵਡਿਆਈ (ਨੂੰ ਸੋਭਦਾ ਹੈ)। ਜੋ ਕੁਛ ਉਸ ਨੂੰ ਭਾਵੇਗਾ ਸੋਈ (ਉਹ) ਕਰੇਗਾ, ਮੁੜ (ਉਸ ਪਰ) ਹੁਕਮ ਨਹੀਂ ਕੀਤਾ ਜਾ ਸਕਦਾ[1]। ਉਹ ਪਾਤਸ਼ਾਹ ਹੈ, ਸ਼ਾਹਾਂ ਦਾ ਬੀ ਪਾਤਸ਼ਾਹ[2] ਹੈ, ਹੇ ਨਾਨਕ! (ਸਾਨੂੰ ਤਾਂ ਉਸ ਦੀ) ਰਜ਼ਾ ਵਿਚ ਰਹਿਣਾ (ਠੀਕ ਹੈ)॥੧॥

ਸੁਣ ਕੇ ਵੱਡਾ ਸਭ ਕੋਈ ਕਹਿ ਦੇਦਾ ਹੈ, '(ਪਰ ਤੂੰ) ਕਿੱਡਾ ਕੁ ਵੱਡਾ ਹੈਂ' (ਇਸਦਾ ਪਤਾ) ਡਿੱਠਿਆਂ (ਹੀ) ਲੱਗਦਾ ਹੈ। ਨਾ (ਤੇਰੀ) ਕੀਮਤ ਪੈ ਸਕਦੀ ਹੈ, ਨਾ (ਤੂੰ) ਵਰਣਨ ਕੀਤਾ ਜਾ ਸਕਦਾ ਹੈਂ[3]। (ਪਰ ਤੇਰੇ ਜਸ ਦੇ) ਕਹਿਣੇ ਵਾਲੇ ਤੇਰੇ (ਹੀ ਵਿਚ) ਸਮਾ ਰਹੇ ਹਨ॥੧॥

ਹੇ ਮੇਰੇ ਵੱਡੇ ਸਾਹਿਬ, ਗਹਿਰ ਗੰਭੀਰ ਤੇ ਗੁਣਾਂ ਦੇ ਸਮੁੰਦਰ[4] ! ਕੋਈ ਨਹੀ ਜਾਣਦਾ ਕਿ ਤੇਰਾ ਕਿੰਨਾ ਤੇ ਕਿੱਡਾ ਕੁ ਵੱਡਾ ਰਾਜ

---

੧. ਅਥਵਾ ਉਸ ਦੇ ਹੁਕਮ ਨੂੰ 'ਫਿਰ ਨਹੀਂ ਕੀਤਾ' ਜਾ ਸਕਦਾ, ਭਾਵ ਫੇਰਿਆ ਨਹੀਂ ਜਾ ਸਕਦਾ।

੨. ਜਪੁਜੀ ਵਿਚ ਪਾਠ 'ਪਾਤਿਸਾਹਿਬੁ' ਹੈ ਤੇ ਏਥੇ 'ਪਤਿਸਾਹਿਬੁ'। ਭਾਵ ਇਕੋ ਜਾਪਦਾ ਹੈ।
ਫ਼ਾ: ਪਾਦ=ਤਖ਼ਤ। ਸ਼ਾਹ, ਸਾਹਿਬ=ਪਾਤਸ਼ਾਹ: ਮਾਲਕ। ਜੇ ਪਾਤਿਸਾਹਿਬੁ ਦਾ ਵੱਖਰਾ ਅਰਥ ਕਰੀਏ ਤਾਂ ਬਣੇਗਾ-ਉਹ ਪਾਤਸ਼ਾਹ, ਸ਼ਾਹਾਂ ਦੀ ਪਤ ਦਾ ਬੀ ਮਾਲਕ ਹੈ।

੩. ਜਾਂ, ਕੀਮਤ ਪਾਉਣੇ ਵਾਲਿਆਂ ਤੋਂ ਨਹੀਂ ਕਿਹਾ ਜਾ ਸਕਦਾ।

੪. ਸ੍ਰੀ ਗੁਰੂ ਗ੍ਰੰਥ ਕੋਸ਼।

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥

ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ॥
ਸਿਫਤੀ ਭਰੇ ਤੇਰੇ ਭੰਡਾਰਾ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥
ਨਾਨਕ ਸਚੁ ਸਵਾਰਣਹਾਰਾ॥੪॥੨॥

ਹੈ[੧]॥੧॥ਰਹਾਉ॥

ਸਭ ਸੁਰਤ ਦੇ ਅਭਜਾਸੀਆਂ ਨੇ ਹਲਕੇ ਸੁਰਤ ਦੀ ਕਮਾਈ ਕੀਤੀ, ਸਭ ਕੀਮਤ ਪਾਉਣ ਵਾਲਿਆਂ ਨੇ ਹਲ ਕੇ ਮੁੱਲ ਪਾਇਆ[੨]। ਗਿਆਨੀਆਂ, ਧਿਆਨੀਆਂ, ਗੁਰੂਆਂ ਤੇ ਗੁਰਾਂ ਦੇ ਗੁਰਾਂ ਤੋਂ[੩] (ਬੀ) ਤੇਰੀ ਤਿਲ ਜਿੰਨੀ ਵਡਿਆਈ ਕਹੀ ਨਹੀ ਜਾ ਸਕਦੀ!॥੨॥

ਸਾਰੇ ਸਤ, ਸਾਰੇ ਤਪ, ਸਾਰੀਆਂ ਚੰਗਿਆਈਆਂ (ਅਤੇ) ਸਿੱਧਾਂ ਪੁਰਖਾਂ ਦੀਆਂ ਵਡਿਆਈਆਂ (ਇਨ੍ਹਾਂ ਦੀ) ਸਿੱਧੀ ਤੈਥੋਂ ਬਾਝ[੪] ਕਿਸੇ ਨੇ ਪ੍ਰਾਪਤ ਨਹੀ ਕੀਤੀ। (ਤੇਰੀ ਹੀ) ਕਿਰਪਾ ਕਰਕੇ ਮਿਲਦੀਆਂ ਹਨ; (ਤੇ ਫੇਰ ਕਿਸੇ ਦੀਆਂ) ਠਾਕੀਆਂ ਨਹੀ ਰੁਕ ਸਕਦੀਆਂ[੫]॥੩॥ ਕਹਿਣ ਵਾਲਾ ਕੌਣ ਵਿਚਾਰਾ ਹੈ, ਤੇਰੇ (ਤਾਂ) ਸਿਫਤਾਂ ਨਾਲ ਭੰਡਾਰੇ ਭਰੇ (ਪਏ ਹਨ)। ਜਿਸ ਨੂੰ ਤੂੰ ਦੇਂਦਾ ਹੈ (ਕ੍ਰਿਪਾ ਕਰਕੇ ਦੇਂਦਾ ਹੈਂ) ਕੋਈ ਉਸ ਦੇ (ਆਪਣੇ) ਚਾਰੇ ਕਰਨੇ ਤੇ ਨਹੀਂ ਦੇਂਦਾ[੬]। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਤੂੰ) ਸਚ ਹੈਂ (ਤੇ ਸਭ ਦਾ) ਸਵਾਰਨੇ ਵਾਲਾ ਹੈ॥੪॥੨॥

### ਆਸਾ ਮਹਲਾ ੧॥

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥

[੭](ਪਰਮੇਸ਼ੁਰ ਦਾ ਨਾਮ) ਲੈਂਦਾ ਹਾਂ ਤਾਂ ਜੀਉਂਦਾ ਹਾਂ, (ਜੇ ਨਾਮ) ਵਿੱਸਰੇ (ਤਦ) ਮਰ ਜਾਂਦਾ ਹਾਂ। (ਪਰੰਤੂ ਇਹ) ਸੱਚਾ ਨਾਮ ਲੈਣਾ ਔਖਾ ਹੈ (ਕਿਉਂਕਿ ਨਾਮ ਦਾ ਸ਼ੌਕ

---

੧. ਚੀਰਾ=ਹੱਦ (ਦੇਖੋ ਗੁ: ਗ੍ਰੰ: ਕੋਸ਼)। ਹੱਦ ਬੰਨਾ। (ਅ) ਫ਼ਾ:, ਚੀਰਾ=ਗ਼ਲਬਾ ਪਾਨਾ, ਭਾਵ ਬਲ, ਵਸੀਕਾਰ। (ੲ) ਸੰਸ:, ਚੀਰ=ਕਪੜਾ। ਲਿਖਣਾ, ਭਾਵ ਦਫਤਰ।

੨. (ਅ) ਐਉਂ ਬੀ ਯਤਨ ਕਰਦੇ ਹਨ:- ਸਭ ਸ਼ੁਤੀ ਵਾਲਿਆਂ ਨੇ ਉਸ ਤੇ ਅਮਲ ਕੀਤਾ। (ੲ) ਸਭ ਸੁਰਤੀਆਂ ਨੇ ਮਿਲ ਕੇ ਸੁਰਤ ਦੀ ਕਮਾਈ ਕੀਤੀ, ਪਰ ਉਨ੍ਹਾਂ ਦੀ ਸੁਰਤ ਕਮ+ਆਈ=ਨਜੂਨ ਨਿਕਲੀ। ਸਭ ਕੀਮਤੀਆਂ ਨੇ ਕੀਮਤ ਪਾਈ, ਪਰ ਉਨ੍ਹਾਂ ਦੇ ਮੇਸਾ ਕਰਨੇ ਨੇ ਕੀ+ਮਤ=ਕੀ ਬੁੱਧੀ ਪਾਈ? ਭਾਵ ਕੁਛ ਨਾ।

੩. ਗੁਰ ਗੁਰਹਾਈ=ਗੁਰੂਆਂ ਦੇ ਗੁਰੂਆਂ ਤੋਂ। ਗੁਰਹਾਈ, ਤ੍ਰਿਤੀਆ ਬਹੁ ਵਚਨ ਹੈ ਪੁ: ਪੰਜਾਬੀ ਦਾ। (ਗੁਰਹਾਈ ਦਾ 'ਗੁਰਭਾਈਆਂ' ਬੀ ਅਰਥ ਕਰਦੇ ਹਨ।

੪. ਭਾਵ, ਤੇਰੀ ਮਿਹਰ ਬਿਨਾ।

੫. (ਅਥਵਾ ਤੇਰੇ) ਕਰਮ (ਕਿਰਪਾ) ਕਰਕੇ ਮਿਲਦੀਆਂ ਹਨ, ਨਹੀਂ ਤਾਂ ਠਾਕੀਆਂ ਰਹਿੰਦੀਆਂ ਹਨ।

੬. (ਅਥਵਾ) ਜਿਸ ਨੂੰ ਤੂੰ ਦੇਂਦਾ ਹੈਂ ਉਸ ਦੇ ਨਾਲ ਹੋਰ ਕਿਸੇ ਦਾ ਕੀ ਚਾਰਾ ਚਲ ਸਕਦਾ ਹੈ।

੭. ਕਹਿੰਦੇ ਹਨ ਕਿ ਮਾਤਾ ਤ੍ਰਿਪਤਾ ਜੀ ਨੇ ਗੁਰੂ ਜੀ ਨੂੰ ਕਿਹਾ ਸੀ ਕਿ ਕਿਉਂ ਹਰ ਵੇਲੇ ਨਾਮ ਨੂੰ ਲਗਾ ਰਹਿੰਦਾ ਹੈਂ? ਤਦ ਗੁਰੂ ਜੀ ਨੇ ਇਹ ਉੱਤਰ ਦਿੱਤਾ ਸੀ।


www.sikhbookclub.com

ਸਾਚੈ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥ ੧॥
ਸੋ ਕਿਉ ਵਿਸਰੈ ਮੇਰੀ ਮਾਇ॥
ਸਾਚਾ ਸਾਹਿਬੁ ਸਾਚੈ ਨਾਇ॥ ੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥੪॥੩॥

ਲਗੇ ਬਿਨ ਨਾਮ ਜਪਿਆ ਨਹੀਂ ਜਾਂਦਾ)।

(ਜੇ) ਸੱਚੇ ਨਾਮ ਦੀ ਭੁੱਖ ਲੱਗ ਪਵੇ (ਤਦ) ਉਸ ਭੁੱਖ ਨਾਲ (ਨਾਮ ਜਪੀਦਾ ਹੈ ਜਿਸ ਨਾਲ ਸਾਰੇ ਹੋਰ) ਦੁੱਖਾਂ ਨੂੰ ਖਾ ਲਈਦਾ ਹੈ[1]॥੧॥

ਹੇ ਮੇਰੀ ਮਾਂ! ਉਹ ਕਿਉਂ ਵਿਸਰੇ? (ਕਿਉਂਕਿ ਉਹ ਮੇਰਾ) ਮਾਲਕ (ਆਪ) ਸੱਚਾ ਹੈ, (ਤੇ) ਸੱਚੇ ਨਾਮ ਵਾਲਾ ਹੈ[2]॥੧॥ਰਹਾਉ॥ ਸੱਚੇ ਨਾਮ ਦੀ ਵਡਿਆਈ (ਕਈ ਲੋਕ) ਆਖ ਆਖ ਕੇ ਥੱਕ ਗਏ (ਪਰ) ਤਿਲ ਜਿੰਨੀ (ਦਾ ਬੀ) ਮੁੱਲ ਨਹੀਂ ਪਾ ਸਕੇ। ਜੇ ਸਾਰੇ ਰਲ ਕੇ (ਬੀ) ਆਖਣ (ਲੱਗ) ਪੈਣ, (ਤਦ ਬੀ ਓਹ) ਨਾ ਵੱਡਾ ਹੋਵੇਗਾ, ਨਾ ਘਟ ਜਾਏਗਾ॥੨॥ ਨਾ ਤਾਂ ਉਹ (ਪਰਮੇਸ਼ੁਰ) ਮਰਦਾ ਹੈ, ਨਾ (ਉਸ ਦੇ ਉਪਾਸਕ ਨੂੰ ਉਸ ਦੇ ਮਰਨ ਦਾ) ਸੋਗ ਹੁੰਦਾ ਹੈ[3]। (ਉਹ ਦਾਤਾ) ਦੇਂਦਾ ਰਹਿੰਦਾ ਹੈ (ਅਰ ਉਸ ਦਾ ਬਖਸ਼ਿਆ) ਭੋਗ[4] ਮੁੱਕਦਾ ਨਹੀਂ। (ਉਸ ਦਾ ਖਾਸ) ਗੁਣ ਇਹ ਹੈ (ਕਿ ਇਨ੍ਹਾਂ ਗੁਣਾਂ ਵਾਲਾ) ਹੋਰ (ਉਸ ਵਰਗਾ) ਕੋਈ ਨਹੀਂ ਹੈ, ਨਾ ਕੋਈ ਹੋਇਆ ਹੈ ਤੇ ਨਾ ਕੋਈ ਹੋਵੇਗਾ॥੩॥

ਜਿੱਡਾ ਵੱਡਾ (ਤੂੰ) ਆਪ ਹੈਂ, ਉਡੀ ਵੱਡੀ ਤੇਰੀ ਦਾਤ ਹੈ[5] (ਤੂੰ) ਜਿਸ ਨੇ ਦਿਨ ਬਣਾਕੇ (ਨਾਲ) ਰਾਤ[6] ਬਣਾਈ ਹੈ। (ਉਸ) ਮਾਲਕ ਨੂੰ (ਜੋ) ਵਿਸਾਰਦੇ ਹਨ ਉਹ ਕਮਜਾਤ[7] ਹੈਨ। (ਗੁਰੂ) ਨਾਨਕ (ਜੀ ਕਹਿੰਦੇ ਹਨ) ਕਿ ਨਾਮ ਤੋਂ ਬਿਨਾਂ ਉਹ ਨੀਚ[8] ਹੈਨ॥੪॥੩॥

---

੧ ਭਾਵ ਉਸ ਭੁੱਖ ਦੇ ਲੱਗਿਆਂ ਨਾਮ ਰੂਪੀ ਭੋਜਨ ਖਾਈਦਾ ਹੈ, ਤਦ ਜੀਵ ਦੇ ਸਾਰੇ ਦੁੱਖ ਚਲੇ ਜਾਂਦੇ ਹਨ।
(ਅ) ਖਾਇ+ਚ+ਲੀਅਹਿ+ਦੁਖ=ਪੁਨਾ ਖਾ ਲਈਦੇ ਹਨ ਦੁੱਖ, ਭਾਵ ਦੁਖਾਂ ਦਾ ਨਾਸ਼ ਹੋ ਜਾਂਦਾ ਹੈ।

੨. ਅਥਵਾ, ਸੱਚਾ ਹੈ ਉਹ ਸਾਹਿਬ (ਤੇ ਮੈਂ ਉਸਦੇ) ਸੱਚੇ ਨਾਉਂ ਨੂੰ ਲਗਾ ਰਹਿੰਦਾ ਹਾਂ।

੩. ਅਥਵਾ, ਨਾ ਉਹ ਮਰਦਾ ਹੈ ਨਾ ਉਸ ਨੂੰ ਸੋਗ ਹੁੰਦਾ ਹੈ। ਭਾਵ ਉਸ ਦੇ ਨਾ ਮਰਨੇ ਕਰਕੇ। ਉਸ ਦੇ ਸਦਾ ਦਾਤਾ ਹੋਣ ਕਰਕੇ ਅਰ ਉਸ ਦੇ ਖਜ਼ਾਨੇ ਅਮੁੱਕ ਹੋਣ ਕਰਕੇ ਉਪਾਸਕ ਨੂੰ ਸੋਗ ਨਹੀਂ ਹੁੰਦਾ।

੪. ਭੋਗ=ਜੋ ਭੋਗਿਆ ਜਾਏ, ਖਾਧਾ ਜਾਏ, ਵਰਤਿਆ ਜਾਏ।
(ਅ) ਉਹ ਦੇਂਦਾ ਰਹਿੰਦਾ ਹੈ ਅਰ ਪਦਾਰਥ ਦੇਣੋਂ ਕਦੇ ਨਹੀਂ ਚੁੱਕਦਾ।

੫. ਦਾਤ ਤੋਂ ਮੁਰਾਦ ਪਰਮੇਸ਼ੁਰ ਦਾ ਨਾਮ ਹੈ, ਜਿਡਾ ਵੱਡਾ ਆਪ ਹੈ ਉਡੀ ਵੱਡੀ ਉਸ ਦੀ ਦਾਤ ਹੈ, ਕਿਉਂਕਿ ਨਾਮ ਨਾਮੀ ਦੀ ਅਭੇਦਤਾ ਹੈ! ਹੋਰ ਦਾਤਾਂ ਦਾਤੇ ਤੋਂ ਛੋਟੀਆਂ ਹਨ।

੬. ਜੇ ਰਾਤ ਨਾ ਹੁੰਦੀ ਤਾਂ ਦਿਨ ਦੇ ਥਕਾਨ ਕੀਕੂੰ ਉਤਰਦੇ। ੭. ਛੋਟੀ ਜਾਤ। ਕਮਜ਼ਾਤ ਪਦ ਮਿਹਣੇ ਲਈ ਵਰਤਦੇ ਹਨ।

੮. ਸਾਂਹਸੀ ਆਦਿ ਨੀਚ ਕੌਮਾਂ ਨੂੰ 'ਸਨਾਤ' ਕਹਿੰਦੇ ਹਨ।


www.sikhbookclub.com

**ਰਾਗੁ ਗੂਜਰੀ ਮਹਲਾ ੪॥**

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੧॥

ਗੂਜ: ਮ:੪

[1]ਹੇ ਹਰਿ ਦੇ ਜਨ, ਸਤਿਗੁਰ, ਸਤਿ ਪੁਰਖ! ਮੈਂ (ਆਪ) ਗੁਰਾਂ ਪਾਸ ਬੇਨਤੀ ਕਰਦਾ ਹਾਂ, (ਕਿ) ਅਸੀਂ ਨੀਵੇਂ ਨਿਮਾਣੇ[2] (ਆਪ) ਸਤਿਗੁਰੂ ਦੀ ਸ਼ਰਣੀ ਆਏ ਹਾਂ, ਦਇਆ ਕਰਕੇ (ਸਾਡੇ ਤੇ) ਨਾਮ ਦਾ ਪ੍ਰਕਾਸ਼ ਕਰੋ॥੧॥

ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥੧॥

ਹੇ ਮੇਰੇ ਮਿਤ੍ਰ ਗੁਰਦੇਵ ਜੀ! ਮੈਨੂੰ ਰਾਮ ਨਾਮ ਦਾ ਪ੍ਰਕਾਸ਼ ਕਰੋ। ਗੁਰੂ ਸਿੱਖਯਾ ਅਨੁਸਾਰ (ਮਿਲਿਆ) ਨਾਮ ਮੇਰੇ ਪ੍ਰਾਣਾਂ ਦਾ (ਸਖਾ) ਮਿੱਤ੍ਰ ਹੋਵੇ, ਹਰੀ ਦਾ ਜਸ ਸਾਡੀ ਰਹੁਰੀਤ[3] ਹੋਵੇ॥੧॥ਰਹਾਉ॥

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥

ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥੨॥

[4]ਹਰਿ ਜਨਾਂ ਦੇ ਵੱਡਿਆਂ ਤੋਂ ਵਡੇ ਭਾਗ ਹਨ, ਜਿਨਾਂ ਨੂੰ ਹਰਿ ਹਰਿ ਦੀ ਸ਼ਰਧਾ ਤੇ ਹਰੀ ਦੀ ਪਿਆਸ ਹੈ[5] (ਉਹਨਾਂ ਨੂੰ) ਪਰਮੇਸ਼ੁਰ ਦਾ ਨਾਮ ਮਿਲੇ (ਤਦ) ਤ੍ਰਿਪਤ ਹੁੰਦੇ ਹਨ (ਤੇ ਨਾਮ ਦੇ) ਗੁਣ ਸਤਿਸੰਗ ਨੂੰ ਮਿਲਿਆਂ ਪ੍ਰਕਾਸ਼ ਹੁੰਦੇ ਹਨ[6]॥੨॥

ਜਿਨ ਹਰਿ ਹਰਿ ਹਰਿਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥੩॥

ਜਿਨ੍ਹਾਂ ਨੇ ਹਰਿ ਹਰਿ ਨਾਮ ਤੇ ਹਰਿ (ਨਾਮ) ਦੇ ਰਸ ਨੂੰ ਨਹੀਂ ਪਾਇਆ ਉਹ ਭਾਗ ਹੀਣ ਜਮ ਦੀ ਫਾਹੀ ਵਿਚ (ਫਸਣਗੇ)[7]। ਜੋ ਸਤਿਗੁਰੂ ਦੀ ਸ਼ਰਣ ਤੇ ਸੰਗਤ ਵਿਚ ਨਹੀਂ ਆਏ, (ਓਹ) ਧ੍ਰਿਗ ਜੀਵੇ ਹਨ (ਅਰ ਉਨ੍ਹਾਂ ਦੀ) ਜੀਉਣ ਦੀ ਆਸਾ ਬੀ ਧ੍ਰਿਗ ਹੈ[8]॥੩॥

---

੧. ਕਹਿੰਦੇ ਹਨ ਕਿ ਗੱਦੀ ਮਿਲਣੇ ਪੁਰ ਸ੍ਰੀ ਗੁਰੂ ਅਮਰਦਾਸ ਜੀ ਨੇ ਉਚਾਰਿਆ ਸੀ ਕਿ ਕੁਝ ਮੰਗੋ? ਤਦ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਉੱਤਰ ਵਿਚ ਇਹ ਸ਼ਬਦ ਕਿਹਾ। ਗਿ: ਬਦਨ ਸਿੰਘ ਜੀ ਦੱਸਦੇ ਹਨ ਕਿ ਇਹ ਸ਼ਬਦ ਵਿਆਹ ਤੋਂ ਬਾਦ ਉਚਾਰਿਆ ਸੀ, ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਯਾ ਸੀ ਕਿ ਕੁਛ ਮੰਗੋ।

੨. ਕੀਰੇ ਕਿਰਮ--ਕੀੜੇ ਤੇ ਉਨ੍ਹਾਂ ਤੋਂ ਬੀ ਛੋਟੇ ਕੀੜੇ ਭਾਵ ਨੀਵੇਂ ਨਿਮਾਣੇ।

੩. ਰਹਰਾਸਿ-ਰਹੁਰੀਤੀ। ਉਹ ਤ੍ਰੀਕਾ ਜਿਸ ਤੇ ਤੁਰਿਆਂ ਆਤਮ ਲਾਭ ਹੋਵੇ; (ਅ) ਅਰਦਾਸ।

੪. ਇਥੋਂ ਤਕ ਤਾਂ ਮੰਗ ਆਪ ਗੁਰੂ ਰਾਮਦਾਸ ਜੀ ਨੇ ਮੰਗੀ ਦਸਦੇ ਹਨ, ਹੁਣ ਅੱਗੋਂ ਸਾਧ ਸੰਗਤਿ ਨੂੰ ਉਪਦੇਸ਼ ਕਰਦੇ ਹਨ।

੫. ਯਾ ਹਰੀ ਨਾਮ ਦੀ ਸ਼ਰਧਾ ਤੇ ਪਯਾਸ। ਅਥਵਾ, ਮਨ ਕਰਕੇ ਸ਼ਰਧਾ ਤੇ ਤਨ ਕਰਕੇ ਪਯਾਸ।

੬. ਅਥਵਾ-ਸਤਿਸੰਗਤਿ ਨੂੰ ਮਿਲ ਕੇ(ਵਾਹਿਗੁਰੂ ਦੇ) ਗੁਣ (ਉਨ੍ਹਾਂ ਤੋਂ) ਪ੍ਰਕਾਸ਼ ਹੁੰਦੇ ਹਨ, ਭਾਵ ਓਹ ਵਾਹਿਗੁਰੂ ਦੇ ਗੁਣਾਨੁਵਾਦ ਕਰਦੇ ਹਨ।

੭. ਯਾ ਫਾਹੀ ਵਿਚ ਹੈਨ।

੮. ਹੁਣ ਤੱਕ ਜੋ ਜੀਵੇ ਹਨ ਉਨ੍ਹਾਂ ਨੂੰ ਫਿਟਕਾਰ ਹੈ (ਤੇ) ਅਗੋਂ ਨੂੰ ਜੋ ਜੀਉਣਗੇ ਉਨ੍ਹਾਂ ਨੂੰ ਬੀ ਧ੍ਰਿਗ ਹੈ।

ਜਿਨ ਹਰਿਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥੪॥੪॥

ਜਿਨ੍ਹਾਂ ਹਰੀ ਦੇ ਜਨਾਂ ਨੇ ਸਤਿਗੁਰ ਦੀ ਸੰਗਤ ਪਾਈ ਹੈ, ਉਹਨਾਂ ਦੇ ਮਸਤਕ ਉਤੇ ਧੁਰੋਂ ਲੇਖ ਲਿਖਿਆ ਹੋਇਆ ਸੀ। ਧੰਨ ਹੈ ਧੰਨ ਹੈ ਉਹ ਸਤਿਸੰਗਤਿ ਜਿਸ ਕਰਕੇ (ਅਸਾਂ) ਹਰੀ ਰਸ ਪਾਇਆ, (ਹਰਿ) ਜਨਾਂ ਨੂੰ ਮਿਲ ਕੇ ਨਾਮ ਦਾ ਪ੍ਰਕਾਸ਼ ਹੁੰਦਾ ਹੈ, (ਕਹਿੰਦੇ ਹਨ ਗੁਰੂ) ਨਾਨਕ॥੪॥੪॥

ਰਾਗੁ ਗੂਜਰੀ ਮਹਲਾ॥੫॥

ਗੂਜ:ਮ:੫॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥

ਹੇ ਮਨ! ਕਿਉਂ ਉੱਦਮ ਚਿਤਵਦਾ ਹੈਂ? ਜਦ ਹਰਿ ਜੀ (ਆਪ ਸਭ ਨੂੰ ਰਿਜ਼ਕ ਪਹੁੰਚਾਵਣ ਦੇ) ਆਹਰ ਵਿਚ ਪਇਆ ਹੋਇਆ ਹੈ। (ਦੇਖ) ਚਿਟਾਨਾਂ ਤੇ ਪੱਥਰਾਂ ਵਿਚ (ਜੋ) ਜੰਤੂ ਪੈਦਾ ਕੀਤੇ ਹਨ, ਉਹਨਾਂ ਦਾ ਰਿਜ਼ਕ (ਬੀ) ਅੱਗੇ ਹੀ (ਤਿਆਰ) ਕਰਕੇ ਰੱਖਿਆ ਹੋਇਆ ਹੈ[1]॥੧॥

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ॥੧॥ਰਹਾਉ॥

ਹੇ ਮੇਰੇ ਮਾਧੋ[2] ਜੀ! ਸਤਿਸੰਗਤ ਨੂੰ ਜੋ ਪ੍ਰਾਪਤ ਹੋਇਆ ਸੋਈਓ ਤਰ ਗਿਆ, (ਕਿਉਂਕਿ ਸਤਿ ਸੰਗਤ ਵਿਚੋਂ ਗੁਰੂ ਪ੍ਰਾਪਤ ਹੋਇਆ ਤੇ) ਗੁਰੂ ਦੀ ਕਿਰਪਾ ਦੁਆਰਾ ਪੂਰਨ ਪਦ ਪਾ ਲਿਆ (ਮਾਨੋਂ) ਸੁੱਕੇ ਕਾਠ ਹਰੇ ਹੋ ਗਏ, (ਭਾਵ ਕਠੋਰ ਅੰਤਹਕਰਣ ਆਤਮ ਜੀਵਨ ਨਾਲ ਪ੍ਰਫੁੱਲਤ ਹੋ ਗਏ)॥੧॥ਰਹਾਉ॥

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥੨॥

ਮਾਤਾ, ਪਿਤਾ, (ਹੋਰ ਸਨਬੰਧ ਵਾਲੇ) ਲੋਕ, ਪੁੱਤ੍ਰ, ਵਹੁਟੀ ਕੋਈ ਕਿਸੇ ਦੀ ਧਿਰ[3] ਨਹੀਂ ਹੈ, (ਆਪ) ਪਰਮੇਸ਼ੁਰ ਸਿਰ ਸਿਰ ਸੇਤੀ (ਭਾਵ ਹਰੇਕ ਨੂੰ) ਰਿਜ਼ਕ ਪਹੁੰਚਾਉਂਦਾ ਹੈ, ਹੇ ਮਨ! ਫਿਰ ਤੂੰ ਕਿਉਂ ਡਰਿਆ ਹੈਂ?॥੨॥

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥

ਸੈ ਕੋਹਾਂ ਉਡ[4] ਉਡ ਕੇ ਆਉਂਦੀ ਹੈ (ਕੂੰਜ) ਪਿੱਛੇ ਉਸਦੇ ਬੱਚੇ ਛੱਡੇ ਹੋਏ,[5] ਰਹਿ ਜਾਂਦੇ ਹਨ। ਉਨ੍ਹਾਂ ਨੂੰ ਕੌਣ ਖੁਆਲਦਾ ਹੈ[6] ਤੇ ਕੌਣ (ਚੋਗਾ) ਚੁਗਾਉਂਦਾ ਹੈ[7]? (ਉਤਰ:) ਮਨ ਵਿਚ ਯਾਦ ਰਖਿਆ ਹੈ[8]॥੩॥

---

੧. ਅਉਂ ਬੀ ਲਾਉਂਦੇ ਹਨ-ਉਨ੍ਹਾਂ ਦਾ ਰਿਜ਼ਕ ਉਨ੍ਹਾਂ ਦੇ ਅੱਗੇ ਰੱਖਿਆ ਜਾਂਦਾ ਹੈ।

੨. ਮਾਧਵ=ਪ੍ਰਕਾਸ਼, ਜਾਂ ਮਾਇਆ ਦਾ ਸੁਾਮੀ ਪਰਮੇਸ਼ੁਰ। ੩. ਆਸਰਾ, ਪਰਨਾ।

੪. ਸੰਪ੍ਰਦਾ: ਊਡੇ=ਕੂੰਜਾਂ ਦੀ ਡਾਰ। ਹਿੰਦੀ, ਊੜੀ=ਇਕ ਜਲ ਪੰਛੀ

੫. ਯਾ, ਛਰਿਆ=ਛੜੇ, ਇਕੱਲੇ। ਭਾਵ ਪਿੱਛੇ ਬੱਚੇ ਇਕੱਲੇ ਹੁੰਦੇ ਹਨ।

੬. ਮੂੰਹ ਵਿਚ ਚੋਗਾ ਦੇਣਾ! ੭. ਨਾਲ ਲੈ ਕੇ ਦਾਣੇ ਚੁਗਾਉਣੇ।

੮. ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥ (ਗਉ:ਬੈ:ਮ:੪-੪॥੭॥੧੩॥੫੧॥)। (ਕਪਰੇ ਬਾਗੇ ਵਾਲੀ=ਕੂੰਜ)।

ਸਭਿ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ॥
ਜਨ ਨਾਨਕ ਬਲਿ ਬਲਿ ਸਦ ਬਲਿ
ਜਾਈਐ ਤੇਰਾ ਅੰਤੁ ਨ ਪਾਰਾਵਰਿਆ॥੪॥੫॥

ਸਭ ਨਿੱਧੀਆਂ (ਤੇ) ਅਠਾਰਾਂ ਸਿੱਧੀਆਂ[1] ਠਾਕੁਰ ਦੀ ਹੱਥ ਦੀ ਤਲੀ ਪੁਰ[2] ਧਰੀਆਂ ਹਨ! ਨਾਨਕ ਦਾਸ (ਕਹਿੰਦਾ ਹੈ), ਅਸੀਂ ਬਲਿਹਾਰ ਬਲਿਹਾਰ ਸੌ ਵੇਰ ਬਲਿਹਾਰ ਜਾਈਏ (ਤੇਰੇ ਉਤੋਂ, ਹੇ ਠਾਕੁਰ!) ਤੇਰਾ ਨਾ ਅੰਤ ਹੈ ਨਾ ਪਾਰਾਵਾਰ ਹੈ॥੪॥੫॥

ਰਾਗੁ ਆਸਾ ਮਹਲਾ ੪ ਸੋ ਪੁਰਖੁ
ੴ ਸਤਿਗੁਰ ਪ੍ਰਸਾਦਿ॥

(ਅਕਾਲ ਪੁਰਖ ਦਾ ਸਤੋਤ੍ਰ)

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ
ਹਰਿ ਅਗਮਾ ਅਗਮ ਅਪਾਰਾ॥

ਉਹ (ਅਕਾਲ) ਪੁਰਖ ਮਾਇਆ ਤੋਂ ਰਹਿਤ (ਹੈ), (ਓਹ) ਹਰੀ ਮਾਇਆ ਤੋਂ ਅਤੀਤ ਪੁਰਖ ਹੈ, (ਉਹ) ਹਰੀ ਸਮਝ ਤੋ ਪਰੇ ਹੈ, ਪਹੁੰਚ ਤੋਂ ਪਰ੍ਹੇ ਹੈ (ਤੇ) ਅੰਤ ਤੋਂ ਰਹਿਤ ਹੈ[3]।

ਸਭਿ ਧਿਆਵਹਿ ਸਭਿ ਧਿਆਵਹਿ
ਤੁਧੁ ਜੀ ਹਰਿ ਸਚੇ ਸਿਰਜਣਹਾਰਾ॥
ਸਭਿ ਜੀਅ ਤੁਮਾਰੇ ਜੀ
ਤੂੰ ਜੀਆ ਕਾ ਦਾਤਾਰਾ॥

ਹੇ ਸੱਚੇ ਸਿਰਜਣਹਾਰ ਵਾਹਿਗੁਰੂ! ਸਭ ਤੈਨੂੰ ਧਿਆਉਂਦੇ ਹਨ ਸਭ (ਤੈਨੂੰ) ਧਿਆਉਂਦੇ ਹਨ। ਸਾਰੇ ਜੀਵ ਤੇਰੇ (ਆਪਣੇ) ਹਨ ਤੂੰ ਜੀਵਾਂ ਪਰ ਦਾਤ ਕਰਨੇ ਵਾਲਾ ਹੈਂ[4]।

ਹਰਿ ਧਿਆਵਹੁ ਸੰਤਹੁ ਜੀ
ਸਭਿ ਦੂਖ ਵਿਸਾਰਣਹਾਰਾ॥
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ
ਜੀ ਕਿਆ ਨਾਨਕ ਜੰਤ ਵਿਚਾਰਾ॥੧॥

ਹੇ ਸੰਤੋ ਜੀ! ਹਰਿ ਨੂੰ ਧਿਆਵੋ, (ਕਿਉਂਕਿ ਹਰੀ) ਸਾਰੇ ਦੁੱਖਾਂ ਦੇ ਦੂਰ ਕਰਨੇ ਵਾਲਾ ਹੈ। (ਸਚਮੁਚ) ਹਰਿ ਆਪ ਹੀ ਠਾਕੁਰ (ਸੁਆਮੀ) ਹੈ, ਹਰੀ ਆਪ ਹੀ ਸੇਵਕ ਹੈ ਜੀ, ਬੇਚਾਰਾ ਜੀਵ ਕੀ (ਸ਼ੈ) ਹੈ (ਭਾਵ ਤੁੱਛ ਹੈ, ਕਹਿੰਦੇ ਹਨ ਸ੍ਰੀ ਗੁਰੂ) ਨਾਨਕ[5]॥੧॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ
ਜੀ ਹਰਿ ਏਕੋ ਪੁਰਖੁ ਸਮਾਣਾ॥

ਤੂੰ ਸਰਬ ਘਟਾਂ ਦੇ ਅੰਦਰ ਹੈਂ, (ਹਾਂ ਤੂੰ) ਸਭ ਦੇ (ਅੰਦਰ) ਇਕ ਰਸ ਹੈਂ[6]। (ਹੇ ਮਹਾਰਾਜ) ਹਰੀ ਜੀ! (ਤੂੰ) ਇਕੋ ਪੁਰਖ (ਸਾਰੇ) ਸਮਾ ਰਿਹਾ ਹੈਂ।

---

੧. ਭਾਵ ਵੱਡੀਆਂ ਤੋਂ ਵੱਡੀਆਂ ਬਖਸ਼ਿਸ਼ਾਂ।

੨. 'ਤਲੀ ਪਰ ਧਰੀਆਂ' ਦਾ ਭਾਵ ਹੈ ਕਿ ਉਹ ਦੇਂਦਿਆਂ ਚਿਰ ਨਹੀਂ ਲਾਉਂਦਾ।

੩. ਅਗਮ, ਅਗਮਾ, (-ਅਗਮਜ) ਪਹੁੰਚ ਤੋਂ ਪਰ੍ਹੇ, ਸਮਝ ਤੋਂ ਪਰ੍ਹੇ। ਅਗਮਾ ਪਦ ਗੁਰਬਾਣੀ ਵਿਚ ਆਯਾ ਹੈ:- ਯਥਾ- ਪਿਤਾ ਮੇਰੋ ਬਡੋ ਧਨੀ ਅਗਮਾ। ਅਪਾਰ=ਪਾਰ ਰਹਿਤ, ਅੰਤ ਤੋਂ ਰਹਿਤ ਅਨੰਤ। ਦਾਨੇ ਲੋਕ ਇਸ ਤੁਕ ਦਾ ਐਉਂ ਬੀ ਭਾਵ ਕੱਢਦੇ ਹਨ- ਜੋ ਆਪ ਅਗਮਜ ਹਨ (ਵਿਸ਼ਨੂੰ ਆਦਿ), ਉਨ੍ਹਾਂ ਦੀ ਗੰਮਤਾ ਤੋਂ ਹਰੀ ਪਰ੍ਹੇ ਹੈ ਤੇ ਮਨੁੱਖ ਉਸ ਦਾ ਪਾਰ ਪਾ ਹੀ ਨਹੀਂ ਸਕਦੇ। (ਅ) ਭੂਤਕਾਲ ਵਿਚ ਬੀ ਉਹ ਅਗੰਮ ਸੀ, ਹੁਣ ਬੀ ਅਗੰਮ ਹੈ ਤੇ ਅਗੋਂ ਨੂੰ ਪਾਰ ਪਾਏ ਜਾਣ ਤੋਂ ਪਰ੍ਹੇ ਰਹੇਗਾ।

੪. ਤੇਰੇ ਰਚੇ ਹੋਣ ਕਰਕੇ ਤੇਰੇ ਆਪਣੇ ਹਨ, ਤੇਰੇ ਆਸਰੇ ਹਨ। ਦਾਤਾਰ=ਤੂੰ ਹੀ ਇਨ੍ਹਾਂ ਨੂੰ ਭੋਗ ਅਰ ਮੋਖ ਦਾ ਦੇਣੇ ਵਾਲਾ ਹੈਂ। ਅਗਲੀ ਤੁਕ ਵਿਚ ਦੱਸਦੇ ਹਨ ਕਿ ਦੁਖ ਹਰਤਾ ਬੀ ਤੂਹੀਂ ਹੈਂ!

੫. ਐਉਂ ਬੀ ਲਾਉਂਦੇ ਹਨ, ਕਿ ਨਾਨਕ ਵਿਚਾਰਾ ਕੀ ਇਕ ਜੀਵ ਹੈ।

੬. ਅੰਤਰੇ ਤੋਂ ਰਹਿਤ; ਲਗਾਤਾਰ, ਇਕ ਰਸ। (ਅ) ਤੂੰ ਸਭ ਦੇ ਵਿਸ਼ੇਸ਼ ਕਰਕੇ ਅੰਦਰ ਹੈਂ।

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥੨॥

ਇਕ ਦਾਤੇ (ਹਨ), ਇਕ ਮੰਗਤੇ ਹਨ, (ਇਹ) ਸਭ ਤੇਰੇ ਅਚਰਜ ਚੋਜ ਹਨ। ਤੂੰ ਆਪ ਹੀ ਦਾਤਾ ਹੈਂ, ਆਪ ਹੀ ਭੋਗਣੇ ਵਾਲਾ ਹੈਂ, ਹੇ (ਮਹਾਰਾਜ) ਜੀ! ਮੈਂ ਤੇਰੇ ਬਾਝ ਹੋਰ ਕਿਸੇ ਨੂੰ ਨਹੀਂ ਜਾਣਦਾ। ਤੂੰ ਪੂਰਨ ਬ੍ਰਹਮ ਹੈਂ[1], ਬੇਅੰਤ ਹੈਂ, ਬੇਅੰਤ ਹੈਂ ਜੀਉ! ਤੇਰੇ ਗੁਣ (ਮੈਂ) ਕੀ ਕੀ ਕਹਿਕੇ ਵਰਣਨ ਕਰਾਂ। ਜੋ ਸੇਂਵਦੇ ਹਨ ਜੋ ਸੇਂਵਦ ਹਨ ਤੈਨੂੰ ਹੇ (ਮਹਾਰਾਜ) ਜੀ! ਨਾਨਕ ਦਾਸ ਉਨ੍ਹਾਂ ਤੋਂ ਕੁਰਬਾਨ ਹੈ॥੨॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮਕੀ ਫਾਸੀ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨਕਾ ਭਉ ਸਭੁ ਗਵਾਸੀ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥੩॥

(ਹੇ) ਹਰੀ ਜੀ! ਜੋ ਤੈਨੂੰ ਧਿਆਉਂਦੇ ਹਨ, (ਓਹ ਜਨ (ਕਲਿ-) ਜੁਗ ਵਿਚ ਸੁਖਾਂ ਵਿਚ ਵੱਸਣ ਵਾਲੇ ਹਨ।

ਓਹ ਮੁਕਤ (ਹੋ ਗਏ), ਓਹ ਮੁਕਤ ਹੋ ਗਏ ਜਿਨ੍ਹਾਂ ਨੇ ਵਾਹਿਗੁਰੂ ਨੂੰ ਧਿਆਇਆ ਹੈ (ਹਾਂ) ਜੀ, ਉਹਨਾਂ ਦੀ ਜਮ ਦੀ ਫਾਹੀ ਟੁੱਟ ਗਈ ਹੈ। ਜਿਨ੍ਹਾਂ ਨੇ ਨਿਰਭਉ, (ਹਾਂ) ਜੀ ਜਿਨ੍ਹਾਂ ਨੇ ਹਰੀ ਨਿਰਭਉ ਨੂੰ ਧਿਆਇਆ ਹੈ[2] ਉਹਨਾਂ ਦਾ (ਜਨਮ ਮਰਨ ਆਦਿ ਦਾ) ਭਉ (ਉਹ) ਸਾਰਾ ਹੀ ਗੁਵਾ ਦੇਵੇਗਾ। ਜਿਨ੍ਹਾਂ ਨੇ ਸੇਵਿਆ ਹੈ, ਜਿਨ੍ਹਾਂ ਨੇ ਸੇਵਿਆ ਹੈ ਮੇਰਾ ਹਰਿ ਜੀ, ਓਹ ਹਰੀ ਦੇ, (ਹਾਂ) ਹਰੀ ਦੇ ਰੂਪ ਵਿਚ ਸਮਾ ਜਾਣਗੇ। ਓਹ ਧੰਨ ਹਨ, ਓਹ ਧੰਨ ਹਨ ਜਿਨ੍ਹਾਂ ਨੇ ਹਰਿ ਜੀ ਨੂੰ ਧਿਆਇਆ ਹੈ, ਨਾਨਕ ਦਾਸ ਉਨ੍ਹਾਂ ਤੋ ਬਲਿਹਾਰਨੇ ਜਾਵੇਗਾ॥੩॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥

ਤੇਰੀ ਭਗਤੀ ਤੇਰੀ ਭਗਤੀ ਦੇ ਭੰਡਾਰ (ਹੇ ਮਹਾਰਾਜ) ਜੀ! ਬੇਅੰਤ (ਤੋਂ) ਬੇਅੰਤ ਭਰੇ ਪਏ ਹਨ। ਤੇਰੇ ਭਗਤ ਤੇਰੇ ਭਗਤ ਅਨੇਕ ਹੀ ਅਨੇਕ ਸਲਾਹੁੰਦੇ ਹਨ। ਤੈਨੂੰ ਹੀ ਅਨੰਤ ਹਰੀ! ਹੇ ਹਰੀ ਜੀ!

੧. ਪਾਰਬ੍ਰਹਮ=ਬ੍ਰਹਮ ਜੋ ਜਗਤ ਆਦਿ ਸਭ ਤੋਂ ਪਰ੍ਹੇ ਹੈ, ਜੋ ਨਿਰਗੁਣ ਹੈ, ਉਪਾਧੀ ਰਹਿਤ ਹੈ।

੨. ਐਉਂ ਬੀ ਅਰਥ ਕਰਦੇ ਹਨ=ਜਿਨ੍ਹਾਂ ਨੇ ਸੰਸਾਰ ਵਲੋਂ ਨਿਰਭਉ ਹੋ ਕੇ ਨਿਰਭਉ ਹਰੀ ਨੂੰ ਧਿਆਇਆ ਹੈ।


www.sikhbookclub.com

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥**

ਅਨਿਕ ਹੀ ਅਨਿਕ ਤੇਰੀ ਪੂਜਾ ਕਰਦੇ ਹਨ[1], (ਬੇਅੰਤ) ਤਪ ਤਪਦੇ ਹਨ (ਤੇ) ਬੇਅੰਤ (ਹੀ) ਜਪਦੇ ਹਨ (ਤੈਨੂੰ)। ਤੇਰੇ ਅਨੇਕ, ਤੇਰੇ ਅਨੇਕ (ਪੜ੍ਹਨ ਵਾਲੇ) ਪੜ੍ਹਦੇ ਹਨ ਬਹੁਤੇ ਸ਼ਾਸਤ੍ਰਾਂ ਤੇ ਸਿੰਮ੍ਰਿਤੀਆਂ[2] ਨੂੰ, (ਓਹ) ਕਰਦੇ ਹਨ ਕ੍ਰਿਯਾ[3] ਤੇ ਕਰਦੇ ਹਨ ਖਟਕਰਮ[4], (ਪਰ) ਨਾਨਕ ਦਾਸ (ਕਹਿੰਦਾ ਹੈ) ਓਹੀ ਭਗਤ, ਓਹੀ ਭਗਤ, ਭਲੇ ਹਨ ਜੋ (ਤੈਨੂੰ ਹੇ) ਮੇਰੇ ਭਗਵੰਤ ਹਰੀ ਜੀ! ਭਾਉਂਦੇ ਹਨ[5]॥੪॥

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥**

ਤੂੰ ਆਦਿ ਪੁਰਖ ਹੈਂ[6], ਪਰ੍ਹੇ ਤੋਂ ਪਰ੍ਹੇ ਹੈਂ, (ਤੂੰ ਹੀ) ਕਰਤਾਰ ਹੈਂ, (ਤੇ) ਤੇਰੇ ਜਿੱਡਾ ਹੋਰ ਕੋਈ ਨਹੀਂ ਜੀ ਤੂੰ ਜੁਗੋ ਜੁਗ ਇਕੋ ਹੈ, ਤੂੰ ਸਦਾ ਸਦਾ ਇਕੋ ਹੀ ਹੈਂ ਜੀ, ਤੂੰ ਅਟੱਲ ਹੈਂ, (ਤੂੰ) ਰਚਨਹਾਰ ਹੈਂ (ਫਿਰ ਤੂੰ ਸਦਾ) ਉਹੋ (ਦਾ ਉਹੋ) ਹੈਂ[7]। (ਜੋ) ਤੈਨੂੰ ਆਪੇ ਭਾਉਂਦਾ ਹੈ ਸੋਈਓ ਵਰਤਦਾ ਹੈ ਜੀ, ਜੋ ਤੂੰ ਆਪੇ ਕਰਦਾ ਹੈਂ ਸੋ ਹੁੰਦਾ ਹੈ।

---

੧. ਦੋ ਦੋ ਵਾਰ ਕਹਿਣ ਤੋਂ 'ਤਾਕੀਦ' ਮੁਰਾਦ ਲੈਣ ਦੀ ਥਾਂਵੇਂ ਕਈ ਦਾਨੇ ਐਉਂ ਕਰਦੇ ਹਨ- ਤੇਰੀ ਅਨੇਕ ਭਾਂਤ ਦੀ ਪੂਜਾ ਹੋ ਰਹੀ ਹੈ, ਅਨੇਕ ਹੀ ਕਰ ਰਹੇ ਹਨ, ਅਥਵਾ, ਮਨ ਕਰਕੇ ਸਰੀਰ ਕਰਕੇ ਕਰ ਰਹੇ ਹਨ। ਅਥਵਾ ਪਿੱਛੇ ਕਰਦੇ ਸਨ ਹੁਣ ਕਰ ਰਹੇ ਹਨ (ਤੇ ਅੱਗੇ ਕਰਨਗੇ)।

੨. ਸਿਮ੍ਰਤੀਆਂ ੨੭ ਹਨ। ਇਨ੍ਹਾਂ ਵਿਚ ਧਰਮ, ਦਰਸ਼ਨ, ਆਚਾਰ ਵਿਹਾਰ, ਪ੍ਰਾਯਸਚਿਤ, ਨੀਤੀ, ਡੰਡ ਆਦਿ ਦੇ ਵਿਸ਼ੇ ਹੈਨ। ਸ਼ਾਸਤ੍ਰ ਪ੍ਰਸਿਧ ਛੇ ਹਨ ਜਿਨ੍ਹਾਂ ਵਿਚ ਦਰਸ਼ਨ ਵਿਦਜਾ ਯਾ ਫ਼ਿਲਾਸਫ਼ੀ ਹੈ। ਉਂਞ ਸੰਸਕ੍ਰਿਤ ਸਭਜਤਾ ਵੇਲੇ ਦੇ ੧੬ ਦੇ ਲਗ ਪਗ ਛੋਟੇ ਵੱਡੇ ਫ਼ਿਲਸਫ਼ੇ ਮਿਲਦੇ ਹਨ।

੩. ਕਰਿ ਕਿਰਿਆ=ਕਰਦੇ ਹਨ ਕਰਮ ਭਾਵ ਸ਼ੁਭ ਕਰਮ, ਕਰਮ ਕਾਂਡ ਦੇ ਦੱਸੇ ਹੋਏ ਕਰਮ।

੪. ਖਟ ਕਰਮ ਕਈ ਹਨ, ਮਨੂ ਨੇ ਬ੍ਰਾਹਮਨ ਦੇ ਖਟ ਕਰਮ ਇਹ ਦੱਸੇ ਹਨ ਯਥਾ-(੧) ਵਿਦਜਾ ਲੈਣੀ ਤੇ ਦੇਣੀ, ਯਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ। (ਮਨੂ ਅ:੧੦ ਸ:੭੫)। (੨) ਵੇਦ ਅਭਜਾਸ, ਤਪ ਗਜਾਨ, ਇੰਦ੍ਰੇ ਜਿਤ, ਅਹਿੰਸਾ ਤੇ ਗੁਰੂ ਸੇਵਾ। (ਮਨੂ ਅ:੧੨ ਸ:੮੩)। ਹੋਰ ਖਟ ਕਰਮ ਇਉਂ ਬੀ ਹਨ-(੩) ਜਪ, ਤਪ, ਤੀਰਥ, ਪੂਜਾ, ਮੰਤ੍ਰ ਸਾਧਨ, ਸੰਨਜਾਸ। (ਅਤ੍ਰੀ)। (੪) ਸੰਧਜਾ, ਸ਼ਨਾਨ, ਜਪ, ਹਮਨ, ਵੇਦ ਪਾਠ, ਦੇਵ ਪੂਜਨ ਪ੍ਰਾਸਰ)। ਕਈ, ਸਿਖਾ (ਬੋਦੀ), ਸੂਤ (ਜਨੇਊ), ਧੋਤੀ, ਮਾਲਾ, ਤਿਲਕ ਆਦਿ ਨੂੰ ਬੀ ਖਟਕਰਮ ਗਿਣ ਲੈਂਦੇ ਹਨ। ਇਨ੍ਹਾਂ ਤੋਂ ਛੁਟ ਉਪਜੀਵਕਾ ਲਈ ਬ੍ਰਾਹਮਣ ਦੇ ਛੇ ਕਰਮ, ਯੋਗ ਦੇ ਛੇ ਕਰਮ, ਤਾਂਤ੍ਰਿਕਾਂ ਦੇ ਛੇ ਕਰਮ ਹੋਰ ਹੋਰ ਹਨ।

੫. ਪਰਮੇਸ਼ੁਰ ਨੂੰ ਭਾ ਗਇਆਂ ਦਾ ਅਰਥਾਤ ਪਰਵਾਣ ਭਗਤਾਂ ਦਾ ਦਰਜਾ ਉੱਚਾ ਹੈ।

੬. ਉਹ ਚੇਤਨ ਤੇ ਵਜਾਪਕ ਹਸਤੀ ਯਾ ਵਜੂਦ ਜਿਸ ਤੋਂ ਮੁਹਰੇ ਹੋਰ ਕੋਈ ਨਹੀਂ ਸੀ।

੭. ਭਾਵ, ਤੂੰ ਕਰਤਾਰ ਹੋ ਕੇ ਬੀ ਸਦਾ ਸਥਿਰ ਹੈਂ, ਕਦੇ ਨਹੀਂ ਬਦਲਦਾ।

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ
ਜੋ ਸਭਸੈ ਕਾ ਜਾਣੋਈ॥੫॥੧॥

ਤੂੰ ਆਪੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਜੀ, ਤੂੰ ਆਪੇ (ਇਹ) ਰਚ ਕੇ ਸਾਰੀ ਨੂੰ (ਫੇਰ) ਲੈ ਕਰ ਲੈਂਦਾ ਹੈਂ।

ਦਾਸ ਨਾਨਕ ਗੁਣ ਗਾਉਂਦਾ ਹੈ ਰਚਨਹਾਰ ਦੇ ਜੀ ਜੋ ਸਭ ਕਿਸੇ ਦਾ ਜਾਣਨੇ ਵਾਲਾ ਹੈ॥੫॥੧॥

### ਆਸਾ ਮਹਲਾ ੪॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ॥
ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥੧॥ਰਹਾਉ॥

### ਆਸਾ ਮਹਲਾ ੪

ਤੂੰ ਕਰਤਾਰੁ (ਰਚਣਹਾਰ ਹੈਂ), ਸਚਿਆਰ ਹੈਂ (ਤੇ) ਮੇਰਾ ਮਾਲਕ ਹੈ, ਜੋ ਤੈਨੂੰ ਭਾਵੇਗਾ ਉਹੋ ਹੋਵੇਗਾ, ਜੋ ਤੂੰ ਦੇਵੇਂਗਾ ਸੋਈਓ ਮੈਨੂੰ ਪ੍ਰਾਪਤ ਹੋਵੇਗਾ॥੧॥ਰਹਾਉ॥

ਸਭ ਤੇਰੀ ਤੂੰ ਸਭਨੀ ਧਿਆਇਆ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥੧॥

(ਸ੍ਰਿਸ਼ਟੀ) ਸਭ ਤੇਰੀ (ਹੈ), ਤੂੰ ਸਭਨਾਂ (ਕਰਕੇ) ਧਿਆਇਆ ਗਿਆ ਹੈਂ। ਜਿਸ ਪਰ ਤੂੰ ਕ੍ਰਿਪਾ ਕਰਦਾ ਹੈ ਨਾਮ ਰੂਪੀ ਰਤਨ ਉਸੇ ਨੇ ਪਾਇਆ ਹੈ। ਗੁਰਮੁਖਾਂ ਨੇ (ਨਾਮ ਰਤਨ) ਲੱਭ ਲਿਆ ਹੈ ਤੇ ਮਨਮੁਖਾਂ ਨੇ ਗੁਆ ਲਿਆ ਹੈ। ਤੂੰ ਆਪ ਵਿਛੋੜ ਦਿੱਤਾ ਹੈ (ਮਨਮੁਖਾਂ ਨੂੰ ਤੇ) ਆਪ ਮਿਲਾ ਲੀਤਾ ਹੈ (ਗੁਰਮੁਖਾਂ ਨੂੰ)॥੧॥

ਤੂੰ ਦਰੀਆਉ ਸਭ ਤੁਝਹੀ ਮਾਹਿ॥
ਤੁਝ ਬਿਨ ਦੂਜਾ ਕੋਈ ਨਾਹਿ॥
ਜੀਅ ਜੰਤ ਸਭਿ ਤੇਰਾ ਖੇਲੁ॥
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥੨॥

ਤੂੰ ਸਮੁੰਦ੍ਰ (ਵਤ) ਹੈਂ, ਸਭ (ਜੀਅ ਜੰਤ) ਤੇਰੇ ਵਿਚ ਹੈਨ, ਤੇਰੇ ਬਿਨਾਂ ਹੋਰ ਦੂਸਰਾ ਕੋਈ ਨਹੀ। ਜੀਅ ਜੰਤ ਸਾਰੇ ਤੇਰਾ ਕੌਤਕ ਹਨ, (ਇਨ੍ਹਾਂ ਵਿਚੋ ਕੋਈ ਜੀਵ ਤਾਂ) ਵਿੰਜੋਗ ਕਰਕੇ ਮਿਲਨੋਂ (ਯਾ ਮਿਲਿਆ ਹੋਇਆ) ਵਿਛੁੜ ਗਿਆ ਤੇ (ਕੋਈ) ਸੰਜੋਗ ਕਰਕੇ (ਫੇਰ) ਮੇਲ (ਪਾ ਲਏਗਾ[੧])॥੨॥

ਜਿਸ ਨੋ ਤੂੰ ਜਾਣਾਇਹ ਸੋਈ ਜਨੁ ਜਾਣੈ॥
ਹਰਿ ਗੁਣ ਸਦਹੀ ਆਖਿ ਵਖਾਣੈ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥
ਸਹਜੇ ਹੀ ਹਰਿਨਾਮਿ ਸਮਾਇਆ॥੩॥

ਜਿਸਨੂੰ ਤੂੰ ਜਣਾਉਂਦਾ ਹੈਂ (ਅਪਣੀ ਸਿਫਤ ਸਲਾਹ ਦਾ ਰਸਤਾ) ਉਹੋ ਜਨ ਜਾਣਦਾ ਹੈ। (ਉਹ) ਹਰਿ ਦੇ ਗੁਣ ਸਦਾ ਹੀ ਕਹਿਕੇ ਉਚਾਰਦਾ ਹੈ। ਜਿਸ ਨੇ ਹਰਿ ਸੇਵਿਆ (ਹੈ) ਉਸ ਨੇ ਸੁਖ ਪਾਇਆ ਹੈ, (ਉਹ) ਸਹਿਜੇ ਹੀ ਹਰਿ ਦੇ ਨਾਮ ਵਿਚ ਸਮਾਇਆ (ਰਹਿੰਦਾ) ਹੈ॥੩॥

---

੧. ਯਥਾ:- 'ਸੰਜੋਗ ਵਿਜੋਗ ਧੁਰਹੁ ਹੀ ਹੂਆ।' (ਅ) ਕਈ ਦਾਨੇ ਐਉਂ ਬੀ ਭਾਵ ਦੱਸਦੇ ਹਨ, ਵਿਜੋਗ ਹੈ ਜਿਨ੍ਹਾਂ ਦਾ ਸੰਤਾਂ ਨਾਲ ਯਾ ਸਤਿਸੰਗ ਨਾਲ ਸੋ ਕਰਤਾਰ ਨਾਲ ਮਿਲਣ ਤੋਂ ਵਿਛੁੜਿਆ ਹੈ, ਸੰਜੋਗ ਹੈ ਜਿਨ੍ਹਾਂ ਦਾ ਸੰਤਾਂ (ਯਾ ਸਤਿਸੰਗ) ਨਾਲ ਉਨ੍ਹਾਂ ਦਾ ਮੇਲ ਹੈ ਕਰਤਾਰ ਨਾਲ।

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ॥੪॥੨॥

ਤੂੰ ਆਪ ਕਰਨਹਾਰ ਹੈਂ, ਸਭ ਕੁਝ ਤੇਰਾ ਕੀਤਾ ਹੁੰਦਾ ਹੈ। ਤੈਥੋਂ ਬਾਝ ਦੂਜਾ (ਕਰਤਾਰ) ਹੋਰ ਕੋਈ ਨਹੀਂ, ਤੂੰ ਕਰ ਕਰਕੇ ਦੇਖਦਾ ਹੈਂ ਤੇ ਉਸ (ਕੀਤੀ ਹੋਈ ਸਾਰੀ) ਨੂੰ ਜਾਣਦਾ ਹੈਂ। (ਕਹਿੰਦੇ ਹਨ ਗੁਰੂ) ਨਾਨਕ (ਤੂੰ) ਗੁਰੂਦੁਆਰੇ ਦਾਸਾਂ ਨੂੰ ਪ੍ਰਤੱਖ ਹੋ ਜਾਂਦਾ ਹੈਂ॥੪॥੨॥

## ਆਸਾ ਮਹਲਾ ੧॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥

ਮਨ ਏਕੁ ਨ ਚੇਤਸਿ ਮੂੜ ਮਨਾ॥
ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥
ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ॥੨॥੩॥

(ਹੇ ਮਨ!) ਉਸ ਸਰੋਵਰ[1] ਵਿਚ (ਤੇਰਾ) ਨਿਵਾਸ ਹੋਇਆ ਹੈ, (ਕਿ ਜਿਸ ਨੂੰ ਜਿਸ ਨੇ ਬਨਾਯਾ) ਉਸੇ ਨੇ (ਉਸ ਵਿਚ) ਪਾਣੀ[2] (ਬੀ ਤੇ) ਅੱਗ[3] (ਨੂੰ ਬੀ) ਬਣਾਇਆ ਹੈ। ਉਥੇ ਮੋਹ (ਰੂਪੀ) ਚਿੱਕੜ ਵਾਲਾ[4] ਥਾਂ (ਦਲਦਲ ਬੀ ਹੈ, ਜਿਸ ਵਿਚ) ਪੈਰ ਨਹੀਂ ਚਲ ਸਕਦਾ (ਸਗੋਂ) ਅਸਾਂ[5] (ਲੋਕਾਂ ਨੂੰ) ਓਥੇ ਡੁਬਦੇ ਦੇਖਿਆ ਹੈ।੧। ਹੇ (ਮੇਰੇ) ਮਨ, (ਹੇ ਮੇਰੇ) ਮੂਰਖ ਮਨ! ਤੂੰ (ਇਹ ਨਜ਼ਾਰਾ ਸਾਹਮਣੇ ਦੇਖ ਕੇ ਬੀ) ਇੱਕ (ਪਰਮੇਸ਼ੁਰ) ਨੂੰ ਯਾਦ ਨਹੀਂ ਕਰਦਾ, ਹਰਿ ਦੇ ਵਿਸਰਿਆਂ (ਤਾਂ) ਤੇਰੇ ਗੁਣ ਗਲ ਜਾਣਗੇ[6]॥੧॥ਰਹਾਉ॥ (ਬੇਨਤੀ) ਨਾ ਮੈਂ ਜਤੀ (ਹਾਂ ਨਾ ਮੈਂ) ਸਤੀ[7] (ਹਾਂ), ਨਾਂ ਮੈਂ ਪੜ੍ਹਿਆ ਹੋਇਆ (ਹਾਂ) (ਮੈਂ) ਮੂਰਖ ਦਾ ਜਨਮ ਅਨਜਾਣ ਪੁਣੇ ਵਾਲਾ ਹੀ ਰਿਹਾ[8]। ਬੇਨਤੀ ਕਰਦਾ ਹੈ ਨਾਨਕ (ਮੈਂ) ਉਹਨਾਂ ਦੀ ਸ਼ਰਨ (ਹਾਂ) ਜਿਨ੍ਹਾਂ ਨੂੰ ਤੂੰ (ਕਦੇ) ਵਿਸਰਿਆ ਨਹੀਂ॥੨॥੩॥

## ਆਸਾ ਮਹਲਾ ੫॥

ਭਈ ਪਰਾਪਤਿ ਮਾਨੁਖ ਦੇਹੁਰੀਆ॥

(ਹੇ ਮਨ) ਮਨੁਖਾ ਦੇਹੀ (ਤੈਨੂੰ) ਪ੍ਰਾਪਤ

---

੧. ਸੰਸ:, ਸਰੋਵਰ=ਵਡਾ ਤਲਾਉ, ਝੀਲ। ਭਾਵ ਸਮੁੰਦਰ ਤੋਂ ਵੀ ਲੈਂਦੇ ਹਾਂ। ਸੰਸਾਰ ਰੂਪੀ ਸਮੁੰਦਰ।

੨. ਪਦਾਰਥ ਰੂਪ ਪਾਣੀ ਯਾ ਸ਼ਬਦ ਸਪਰਸ਼ ਰੂਪ ਰਸ ਗੰਧ ਰੂਪੀ ਪਾਣੀ। ੩. ਤ੍ਰਿਸ਼ਨਾ ਰੂਪੀ ਅੱਗ।

੪. ਪੰਕਿਜ, ਪੰਕਜ=ਚਿੱਕੜ ਵਾਲਾ, ਚਿੱਕੜ ਵਾਲਾ ਥਾਂ, ਦਲਦਲ। ਇਥੇ ਇਹ ਪਦ ਸੰਸਕ੍ਰਿਤ ਦਾ 'ਪੰਕਜ' ਪਦ ਨਹੀਂ ਹੈ, ਪਰ ਪਾਕ੍ਰਿਤ 'ਪੰਕਿਯ' ਤੋਂ ਬਣਿਆ ਤੇ ਦੇਸ਼ ਭਾਸ਼ਾ ਦਾ 'ਪੰਕਜ' ਪਦ ਹੈ। (ਪ੍ਰਾ:, ਪੰਕਿਯ=ਚਿੱਕੜ ਵਾਲਾ)।

੫. ਹਮ=ਅਸਾਂ। ਜਾਂ, ਫ਼ਾ:, ਹਮ=ਭੀ। ਜਾਂ, ਹਮ=ਸਾਰੇ।

੬. ਅਥਵਾ; ਤੇਰੇ ਗਲ ਵਿਚ (ਗੁਣ=) ਫਾਹੀ ਪਵੇਗੀ। ੭. ਸੱਚਾ।

੮. ਅਥਵਾ, ਮੈਂ ਮੂਰਖ ਦਾ ਜਨਮ ਵਿਅਰਥ ਹੀ ਗਿਆ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥

ਹੋਈ ਹੈ[1], ਪਰਮੇਸ਼ੁਰ ਨੂੰ ਮਿਲਣੇ ਦੀ ਤੇਰੀ ਇਹ ਵਾਰੀ ਹੈ (ਭਾਵ, ਅਵਸਰ ਹੈ)। ਹੋਰ ਧੰਦੇ ਤੇਰੇ ਕਿਸੇ ਕੰਮ ਨਹੀਂ, ਸਾਧ ਸੰਗਤ ਨੂੰ ਮਿਲ ਤੇ ਕੇਵਲ ਨਾਮ ਭਜ॥੧॥

ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ॥

ਸੰਸਾਰ (ਰੂਪੀ) ਸਮੁੰਦਰ ਤੇ ਤਰਨ ਦੇ ਬੰਦੋਬਸਤ[2] ਵਿਚ ਲਗ ਪਉ। (ਕਿਉਂਕਿ) ਮਾਇਆ ਦੇ ਰੰਗ (ਪ੍ਰੇਮ ਯਾ ਚਾਉ) ਵਿਚ ਜਨਮ ਬਿਰਥਾ ਜਾ ਰਿਹਾ ਹੈ॥੧॥ਰਹਾਉ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ॥
ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥

(ਹੇ ਅਕਾਲ ਪੁਰਖ, ਮੈਂ) ਜਪ, ਤਪ, ਸੰਜਮ[3] ਧਰਮ (ਆਦਿ ਕੁਛ) ਨਹੀਂ ਕਮਾਇਆ, ਸਾਧੂ ਦੀ ਸੇਵਾ (ਭੀ ਮੈਂ ਨਹੀਂ ਕੀਤੀ) ਤੇ ਨਾ ਹੀ ਜਾਣਿਆ ਹੈ ਹਰਿਰਾਇ ਨੂੰ[4]। (ਗੁਰੂ) ਨਾਨਕ (ਜੀ) ਕਹਿੰਦੇ ਹਨ, ਅਸੀਂ ਨੀਚ ਕਰਮਾਂ ਵਾਲੇ ਹਾਂ (ਪਰ ਤੁਸੀਂ, ਹੇ ਪਰਮੇਸ਼ੁਰ ਜੀ) ਸ਼ਰਣ ਪਏ ਦੀ ਲਾਜ ਰੱਖੋ॥੨॥੪॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪੁਨ ਰਾਛਸ ਕਾ ਕਾਟਾ ਸੀਸਾ॥
ਸ੍ਰੀ ਅਸਕੇਤ ਜਗਤ ਕੇ ਈਸਾ॥
ਪੁਹਪਨ ਬ੍ਰਿਸਟਿ ਗਗਨ ਤੇ ਭਈ॥
ਸਭਹਨ ਆਨ ਬਧਾਈ ਦਈ॥੧॥

ਫੇਰ ਰਾਖਸ਼[5] ਦਾ ਸਿਰ ਕੱਟਿਆ ਸ੍ਰੀ ਅਸਕੇਤੁ[6] ਜਗਤ ਦੇ ਈਸ਼ੁਰ ਨੇ; ਫੁੱਲਾਂ ਦੀ ਵਰਖਾ ਅਸਮਾਨ ਤੋਂ ਹੋਈ, ਸਭਨਾਂ ਨੇ ਆਣ ਕੇ ਵਧਾਈ ਦਿੱਤੀ॥੧॥

---

੧. ਦੇਹੁਰੀਆ ਦੇ ਦੋ ਅਰਥ ਹਨ-ਇਕ ਸਰੀਰ, ਦੂਜਾ ਡੇਉਢੀ। ਦੋਵੇਂ ਅਰਥ ਬੀ ਵਰਤ ਲੈਂਦੇ ਹਨ, ਕਿ ਇਹ ਮਨੁਖਾ ਦੇਹੀ ਜੋ ਤੈਨੂੰ ਪ੍ਰਾਪਤ ਹੋਈ ਹੈ ਰੱਬ ਦੇ ਮਿਲਣ ਦੀ ਡੇਉਢੀ ਵਤ ਹੈ।

੨. ਫ਼ਾ:, ਸਰ ਅੰਜਾਮ-ਪ੍ਰਬੰਧ, ਬੰਦੋਬਸਤ।

੩. ਯੋਗ ਮਤ ਵਿਚ 'ਧਾਰਨਾ ਧਯਾਨ ਸਮਾਧੀ' ਦੀ ਏਕਤਾ ਦਾ ਨਾਮ ਸੰਯਮ ਹੈ। ਆਮ ਅਰਥ ਹੈ ਚੰਗੀ ਤਰ੍ਹਾਂ ਰੋਕਣਾ। ਮਾੜੇ ਕਰਮਾਂ ਤੋਂ ਆਪ ਨੂੰ ਰੋਕਣਾ। ਕਿਸੇ ਮਰਯਾਦਾ ਵਿਚ ਟੁਰਨਾ। ਇੰਦ੍ਰੈ ਦਮਨ।

੪. 'ਨ' ਦੇਹਰੀ ਦੀਪਕ ਹੈ: ਨਾਂ ਸੇਵਾ ਸਾਧ ਦੀ ਕੀਤੀ ਨਾ ਹਰੀ ਨੂੰ ਜਾਣਿਆ, ਭਾਵ ਉਸ ਦਾ ਗਯਾਨ ਪ੍ਰਾਪਤ ਨਾ ਕੀਤਾ। (ਅ) 'ਹਰਿਰਾਇਆ' ਦਾ 'ਹੇ ਹਰੀਰਾਇ'- 'ਹੇ ਪਰਮੇਸ਼ੁਰ' ਸੰਬੋਧਨ ਕਰਕੇ ਬੀ ਅਰਥ ਲਾਉਂਦੇ।

੫. 'ਸ੍ਵਾਸ ਵੀਰਯ' ਨਾਮੇ ਦਾਨਵ (ਰਾਖਸ਼) ਦੇ ਅਕਾਲ ਦੀ ਮਦਦ ਨਾਲ ਮਾਰੇ ਜਾਣੇ ਦੀ ਕਥਾ ਦੇ ਅੰਤ ਪਰ ਇਕ ਚੌਪਈ ਹੈ, ਜਿਸ ਨੂੰ 'ਕਵਿਯੋ ਵਾਚ ਚੌਪਈ' ਲਿਖਿਆ ਹੈ, ਜਦੋਂ ਦਸਮ ਗੁਰ ਬਾਣੀ ਰਹਰਾਸਿ ਦੇ ਪਾਠ ਨਾਲ ਸ਼ਾਮਲ ਕੀਤੀ ਗਈ ਤਾਂ ਇਹ ਚੌਪਈ ਏਥੇ ਰੱਖੀ ਗਈ। ਇਸ ਚੌਪਈ ਵਿਚ ਜਗਤ ਦੀਆਂ ਮੁਸ਼ਕਲਾਂ ਤੇ ਕਾਮਯਾਬੀਆਂ ਲਈ ਅਰਦਾਸ ਹੈ। ਦਾਨੇ ਲੋਕ ਇਸ ਦਾ ਅੰਤ੍ਰੀਵ ਭਾਵ ਇਹ ਭੀ ਦੱਸਦੇ ਹਨ ਕਿ ਹੰਕਾਰ ਆਦਿ ਸ਼ੱਤ੍ਰੂਆਂ ਤੇ ਫਤਹ ਹੋਵੇ, ਵਾਹਿਗੁਰੂ ਦੀ ਲਿਵ ਲੱਗ ਜਾਵੇ ਤੇ ਹਰ ਤਰ੍ਹਾਂ ਦੀ ਸਹਾਯਤਾ ਵਾਹਿਗੁਰੂ ਜੀ ਤੋਂ ਮਿਲੇ।

੬. ਅਸਿਕੇਤੁ- ਜਿਸ ਦੇ ਝੰਡੇ ਵਿਚ ਤਲਵਾਰ ਹੈ। ਪਰਮੇਸ਼ੁਰ।


www.sikhbookclub.com

ਧੰਨਿ ਧੰਨਿ ਲੋਗਨ ਕੇ ਰਾਜਾ॥
ਦੁਸਟਨ ਦਾਹ ਗਰੀਬ ਨਿਵਾਜਾ॥
ਅਖਲ ਭਵਨ ਕੇ ਸਿਰਜਨਹਾਰੇ॥
ਦਾਸ ਜਾਨ ਮੁਹਿ ਲੇਹੁ ਉਬਾਰੇ॥੨॥
ਕਵਿਯੋ ਬਾਚ ਬੇਨਤੀ॥ਚੌਪਈ॥
ਹਮਰੀ ਕਰੋ ਹਾਥ ਦੈ ਰੱਛਾ॥
ਪੂਰਨ ਹੋਇ ਚਿੱਤ ਕੀ ਇੱਛਾ॥
ਤਵ ਚਰਣਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੩॥
ਹਮਰੈ ਦੁਸ਼ਟ ਸਭੈ ਤੁਮ ਘਾਵਹੁ॥
ਆਪ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਵਾਰਾ॥
ਸੇਵਕ ਸਿੱਖ ਸਭੈ ਕਰਤਾਰਾ॥੪॥
ਮੋ ਰੱਛਾ ਨਿਜ ਕਰ ਦੈ ਕਰੀਐ॥
ਸਭ ਬੈਰਨਿ ਕੋ ਆਜ ਸੰਘਰੀਐ॥
ਪੂਰਣ ਹੋਇ ਹਮਾਰੀ ਆਸਾ॥
ਤੋਰ ਭਜਨ ਕੀ ਰਹੈ ਪਿਆਸਾ॥੫॥
ਤੁਮਹਿ ਛਾਡਿ ਕੋ ਅਵਰ ਨ ਧਿਆਊਂ॥
ਜੋ ਬਰ ਚਾਹੋਂ ਸੁ ਤੁਮ ਤੇ ਪਾਊਂ॥
ਸੇਵਕ ਸਿੱਖ ਹਮਾਰੇ ਤਾਰੀਅਹਿ॥
ਚੁਨਿ ਚੁਨਿ ਸੱਤ੍ਰ ਹਮਾਰੇ ਮਾਰੀਅਹਿ॥੬॥
ਆਪੁ ਹਾਥ ਦੈ ਮੁਝੈ ਉਬਰੀਐ॥
ਮਰਣ ਕਾਲ ਕਾ ਤ੍ਰਾਸਿ ਨਿਵਰੀਐ॥
ਹੂਜੋ ਸਦਾ ਹਮਾਰੇ ਪੱਛਾ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੭॥
ਰਾਖਿ ਲੇਹੁ ਮੁਹਿ ਰਾਖਨਹਾਰੇ॥
ਸਾਹਿਬ ਸੰਤ ਸਹਾਇ ਪਿਆਰੇ॥
ਦੀਨ ਬੰਧੁ ਦੁਸ਼ਟਨ ਕੇ ਹੰਤਾ॥
ਤੁਮ ਹੋ ਪੁਰੀ ਚਤੁਰ ਦਸ ਕੰਤਾ॥੮॥

(ਬੇਨਤੀ) ਧੰਨ ਹੋ ਧੰਨ ਹੋ (ਤੁਸੀਂ) ਲੋਕਾਂ ਦੇ ਰਾਜਾ ਜੀ! ਦੁਸ਼ਟਾਂ ਦੇ ਨਾਸ ਕਰਨੇ ਵਾਲੇ ਤੇ ਗ਼ਰੀਬਾਂ ਦੇ ਵਡਿਔਣ ਵਾਲੇ! ਹੇ ਸੰਪੂਰਨ ਬ੍ਰਹਮੰਡਾਂ ਦੇ ਰਚਨ ਵਾਲੇ! ਦਾਸ ਜਾਣ ਕੇ ਮੈਨੂੰ ਬਚਾ ਲਓ॥੨॥

ਕਵੀ ਦੀ ਉਚਾਰੀ ਹੋਈ ਬੇਨਤੀ॥ਚੌਪਈ॥

ਸਾਡੀ ਹੱਥ ਦੇ ਕੇ ਰਾਖੀ ਕਰੋ (ਤਾਂ ਜੋ) ਚਿੱਤ ਦੀ ਇੱਛਾ ਪੂਰੀ ਹੋਵੇ ਤੇ ਆਪ ਦੇ ਚਰਨਾਂ ਵਿਚ ਸਾਡਾ ਮਨ ਰਹੇ; ਆਪਣਾ (ਦਾਸ) ਜਾਣਕੇ ਪਾਲਣਾ ਕਰੋ॥੩॥

ਸਾਡੇ ਵੈਰੀ ਤੁਸੀਂ ਸਾਰੇ ਮਾਰ ਦਿਓ। ਆਪ ਹੱਥ ਦੇ ਕੇ ਮੈਨੂੰ ਬਚਾਓ, ਹੇ ਕਰਤਾਰ! ਮੇਰਾ ਪਰਵਾਰ ਸੁਖੀ ਵਸੇ (ਤੇ ਨਾਲੇ ਮੇਰੇ) ਸਿੱਖ ਸੇਵਕ ਸੱਭੇ ਹੀ (ਸੁਖੀ ਵੱਸਣ)॥੪॥

ਮੇਰੀ ਰੱਛਿਆ ਆਪਣਾ ਹੱਥ ਦੇ ਕੇ ਕਰੀਏ (ਮੇਰੇ) ਸਾਰੇ ਵੈਰੀਆਂ ਨੂੰ ਅੱਜ ਮਾਰ ਦੇਈਏ, (ਤਾਂ ਜੋ) ਸਾਡੀ ਇਹ ਆਸਾ ਪੂਰਨ ਹੋ ਜਾਵੇ ਕਿ ਤੇਰੇ ਭਜਨ ਦੀ ਤ੍ਰਿਸ਼ਨਾ (ਸਦਾ ਬਣੀ) ਰਹੇ॥੫॥

ਤੈਨੂੰ ਛੱਡਕੇ ਮੈਂ ਕਿਸੇ ਹੋਰ ਨੂੰ ਨਾ ਧਿਆਵਾਂ, ਜੋ ਵਰ ਚਾਹਵਾਂ ਉਹ ਤੈਥੋਂ ਹੀ ਪਾ ਲਵਾਂ, ਸੇਵਕ ਤੇ ਸਿੱਖ ਸਾਡੇ ਤਾਰ ਦਿਓ, ਚੁਣ ਚੁਣ ਕੇ ਸਾਡੇ ਵੈਰੀ ਮਾਰ ਦਿਓ॥੬॥

ਆਪ ਹੱਥ ਦੇ ਕੇ ਮੈਨੂੰ ਉਬਾਰੀਏ, ਮੌਤ ਦੇ ਵੇਲੇ ਦਾ ਭੈ ਦੂਰ ਕਰੀਏ। ਸਦਾ ਸਾਡੀ ਮਦਦ[1] ਪਰ (ਆਪ) ਹੋਵੋ। ਹੇ ਮਹਾਰਾਜ ਖੜਗਕੇਤੁ ਜੀ[2]! (ਸਾਡੀ) ਰੱਛਾ ਕਰੀਏ॥੭॥

ਹੇ ਰੱਖਣ ਵਾਲੇ! ਮੈਨੂੰ ਰੱਖ ਲੇਵੋ। ਹੇ ਸਾਹਿਬ, ਹੇ ਸੰਤਾਂ ਦੇ ਸਹਾਈ (ਤੇ) ਹੇ ਪਿਆਰੇ! (ਹੇ) ਗਰੀਬਾਂ ਦੇ ਸਹਾਯਕ[3] ਤੇ ਦੁਸ਼ਟਾਂ ਦੇ ਮਾਰਨ ਵਾਲੇ! ਤੁਸੀਂ ਹੋ ਚੌਦਾਂ ਪੁਰੀਆ (ਸਾਰੇ ਸੰਸਾਰ ਦੇ) ਸ੍ਵਾਮੀ॥੮॥

---

੧. ਪੱਛਾ=ਪੱਖ ਤੇ, ਮਦਦ ਪਰ। ੨. ਜਿਸ ਦੇ ਝੰਡੇ ਵਿਚ ਤਲਵਾਰ ਦਾ ਨਿਸ਼ਾਨ ਹੈ। ਭਾਵ ਵਾਹਿਗੁਰੂ!
੩. ਦੀਨਬੰਧ=ਦੀਨਾਂ ਦੇ ਸਹਾਯਕ। ਦੀਨਾਂ ਦੇ ਬਾਂਧਵ।

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰ ਬਿਸਨ ਪ੍ਰਕਾਸਾ॥
ਸਕਲ ਕਾਲ ਕਾ ਕੀਆ ਤਮਾਸਾ॥੯॥
ਜਵਨ ਕਾਲ ਜੋਗੀ ਸਿਵ ਕੀਯੋ॥
ਬੇਦ ਰਾਜ ਬ੍ਰਹਮਾ ਜੂ ਥੀਯੋ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਂਹਿ ਹਮਾਰਾ॥੧੦॥
ਜਵਨ ਕਾਲ ਸਭ ਜਗਤ ਬਨਾਯੋ॥
ਦੇਵ ਦੈਂਤ ਜੱਛਨ ਉਪਜਾਯੋ॥
ਆਦਿ ਅੰਤ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯੋ ਹਮਾਰਾ॥੧੧॥
ਨਮਸਕਾਰ ਤਿਸਹੀ ਕੋ ਹਮਾਰੀ॥
ਸਗਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਿਵਗੁਨ ਸੁਖ ਦੀਯੋ॥
ਸੱਤ੍ਰਨ ਕੋ ਪਲ ਮੋ ਬਧ ਕੀਯੋ॥੧੨॥
ਘਟਿ ਘਟਿ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ॥
ਸਭਿ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ॥
੧੩॥

ਸਮਾਂ ਪਾਕੇ ਬ੍ਰਹਮਾ ਨੇ ਸਰੀਰ ਧਾਰਿਆ। ਸਮਾਂ ਪਾ ਕੇ ਸ਼ਿਵਜੀ ਨੇ ਅਵਤਾਰ ਧਾਰਿਆ। ਸਮਾਂ ਪਾਕੇ ਵਿਸ਼ਨੂੰ ਪ੍ਰਕਾਸ਼ਿਆ। ਸਾਰਾ ਕਾਲ ਦਾ ਕੀਤਾ ਹੋਇਆ ਤਮਾਸ਼ਾ ਹੈ[1]॥੯॥

ਜਿਸਨੇ ਕਾਲ (ਦ੍ਵਾਰਾ) ਜੋਗੀ ਸ਼ਿਵ ਬਣਾਇਆ। ਵੇਦਾਂ ਦਾ ਪ੍ਰਕਾਸ਼ਕ ਬ੍ਰਹਮਾ ਜੀ (ਜਿਸ ਕਰਕੇ) ਹੋਇਆ ਹੈ, ਜਿਸ ਨੇ ਕਾਲ (ਦੁਆਰਾ) ਸਾਰੇ ਲੋਕਾਂ ਨੂੰ ਸੁਆਰਿਆ ਹੈ, ਉਸ ਨੂੰ ਸਾਡੀ ਨਮਸਕਾਰ ਹੈ॥੧੦॥

ਜਿਸਨੇ ਕਾਲ (ਦੁਆਰਾ) ਸਾਰਾ ਜਗਤ ਬਣਾਇਆ ਹੈ, ਦੇਵ ਦੈਂਤ ਤੇ ਯੱਖਾਂ ਨੂੰ ਪੈਦਾ ਕੀਤਾ, (ਉਹ) ਆਦ ਅੰਤ ਇਕੋ ਅਵਤਾਰ ਹੈ[2], ਉਹੋ ਸਾਡਾ ਗੁਰੂ ਸਮਝਣਾ॥੧੧॥

ਉਸ ਨੂੰ ਹੀ ਸਾਡੀ ਨਮਸਕਾਰ ਹੈ, ਸਾਰੀ ਪਰਜਾ ਜਿਸ ਨੇ ਆਪ ਸੁਆਰੀ ਹੈ। (ਅਪਣੇ) ਸੇਵਕਾਂ ਨੂੰ (ਉਸਨੇ) ਕਲਜਾਨ ਦੇ ਗੁਣ ਦਾ ਸੁਖ[3] ਦਿੱਤਾ ਹੈ, ਵੈਰੀਆਂ ਨੂੰ ਉਸ ਨੇ ਪਲ ਵਿਚ ਮਾਰ ਦਿੱਤਾ ਹੈ॥੧੨॥

ਹਰ ਸਰੀਰ ਦੀ (ਓਹ) ਅੰਦਰਲੀ ਗਲ ਜਾਣਦਾ ਹੈ। ਭਲੇ ਬੁਰੇ (ਸਭ) ਦੀ ਪੀੜ ਨੂੰ ਪਛਾਣਦਾ ਹੈ, ਕੀੜੀ (ਵਰਗੇ ਸੂਖਮ ਜੀਵਾਂ ਤੋਂ ਲੈ ਕੇ ਹਾਥੀ ਵਰਗੇ ਅਸਥੂਲ (ਜੀਵ ਜੋ ਹਨ ਉਹ) ਸਭ ਪਰ ਕ੍ਰਿਪਾ ਦ੍ਰਿਸ਼ਟੀ ਕਰਕੇ ਪ੍ਰਸੰਨ (ਹੁੰਦਾ) ਹੈ॥੧੩॥

---

੧. ਭਾਵ ਇਹ ਹੈ ਕਿ ਬ੍ਰਹਮਾ ਬਿਸ਼ਨੁ ਆਦੀ ਉਸ ਪਰਮਾਤਮਾਂ ਨੇ ਕਾਲ ਦਾ ਤਮਾਸ਼ਾ ਕੀਤਾ ਹੈ ਅਰ ਆਪ ਨਿਹਕੇਵਲ ਹੈ। ਓਹ ਸਮਾਂ ਨਹੀਂ, ਸਮੇਂ ਦਾ ਬੀ ਕਰਤਾ ਹੈ, ਜਿਹਾ ਕਿ ਅਗਲੀਆਂ ਤੁਕਾਂ ਤੋਂ ਸਿੱਧ ਹੁੰਦਾ ਹੈ। 'ਕਾਲ', 'ਕਲ' ਆਦਿਕ ਪਦ ਅਕਾਲ ਪੁਰਖ ਜੀ ਦੇ ਬੀ ਬੋਧਕ ਹਨ। ਯਥਾ- 'ਜੋ ਕਲ ਕੋ ਇਕ ਬਾਰ'...ਅੰਕ ੨੪। ਤਥਾ: 'ਕਾਲ ਪੁਰਖ ਕੇ ਹੁਕਮ ਸਿਉ' ਦਸਮ ਗ੍ਰੰਥ ਅ:੨੪।

੨. ਉਹ ਆਦਿ ਅੰਤ ਏਕੰਕਾਰ ਹੈ, ਭਾਵ ਸਮੇਂ ਨਾਲ ਆਉਂਦਾ ਜਾਂਦਾ ਨਹੀਂ, ਕਿਸੇ ਸਰੀਰ ਵਿਚ ਨਹੀਂ ਉਤਰਦਾ। ਸੋ ਨਿਰੰਕਾਰ ਤੋਂ ਏਕੰਕਾਰ ਹੋਣਾ ਇਹੀ ਉਸ ਦੀ ਅਵਤਾਰਤਾ ਹੈ। ਸਰੀਰ ਧਾਰੀ ਅਵਤਾਰਤਾ ਨੂੰ ਅਸੀਂ ਉਸ ਦੇ ਕੀਤੇ ਹੋਏ ਵਿਚ ਗਿਣਦੇ ਹਾਂ। ਨਿਰੰਕਾਰ ਤੇ ਏਕੰਕਾਰ ਵਾਸਤਵ ਵਿਚ ਇਕੋ ਹੈ। ਅਲਖ ਨਿਰੰਕਾਰ ਹੈ, ਜਦ ਇਕ ਕਿਹਾ ਤਾਂ ਉਹੋ ਏਕੰਕਾਰ ਹੈ। 'ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।'

੩. ਸਿਵਗੁਣ=ਕਲਿਆਨ ਰੂਪੀ ਗੁਣ ਦਾ ਸੁਖ-ਭਾਵ ਮੁਕਤੀ ਦਾ ਸੁਖ। (ਅ) ਸਿਵ ਗੁਣ=ਓਹ ਗੁਣ ਜਿਨ੍ਹਾਂ ਕਰਕੇ ਕਲਜਾਨ ਮਿਲੇ; ਤਾਂਤੇ ਦੈਵੀ ਸੰਪਦਾ ਦੇ ਗੁਣ।


www.sikhbookclub.com

ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧਨ ਕੇ ਸੁਖੀ॥
ਏਕ ਏਕ ਕੀ ਪੀਰ ਪਛਾਨੈ॥
ਘਟ ਘਟ ਕੇ ਪਟ ਪਟ ਕੀ ਜਾਨੈਂ॥੧੪॥

ਸੰਤਾਂ ਦੇ ਦੁੱਖ ਪਾਉਣੇ ਤੇ ਦੁਖੀ ਹੁੰਦਾ ਹੈ, ਸਾਧੂਆਂ ਦੇ ਮੁਖ ਪਾਉਣੇ ਤੇ ਸੁਖੀ ਹੁੰਦਾ ਹੈ, ਹਰ ਇਕ ਦੀ ਪੀੜ ਪਛਾਣਦਾ ਹੈ, ਹਿਰਦੇ ਹਿਰਦੇਦੇ ਅੰਦਰ ਅੰਦਰ ਦੀ ਜਾਣਦਾ ਹੈ[1]॥੧੪॥

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੫॥

ਜਦ ਪਸਾਰਾ ਕਰਦਾ[2] ਹੈ ਕਰਤਾਰ ਤਦ ਪਰਜਾ ਬੇਅੰਤ ਦੇਹਾਂ ਨੂੰ ਧਾਰਦੀ ਹੈ। ਜਦ ਕਦੇ (ਫਿਰ) ਖਿੱਚ ਲੈਂਦੇ ਹੋ (ਆਪ ਤਾਂ) ਤੁਸਾਂ ਵਿਚ ਮਿਲ ਜਾਂਦੀਆਂ ਹਨ ਸਾਰੀਆਂ ਦੇਹਾਂ॥੧੫॥

ਜੇਤੇ ਬਦਨ ਸ੍ਰਿਸਟਿ ਸਭ ਧਾਰੈ॥
ਆਪੁ ਆਪਨੀ ਬੂਝ ਉਚਾਰੈ॥
ਤੁਮ ਸਭਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰ ਆਲਮ॥੧੬॥

ਜਿਤਨੇ ਮੂੰਹ[3] ਸਾਰੀ ਸ੍ਰਿਸ਼ਟੀ ਨੇ ਧਾਰੇ ਹਨ, (ਓਹ ਸਾਰੇ) ਆਪੋ ਆਪਣੀ ਸਮਝ (ਮੂਜਬ) ਵਰਣਨ ਕਰਦੇ ਹਨ। ਤੁਸੀਂ ਸਭ ਤੋਂ ਨਿਰਲੇਪ[4] ਰਹਿੰਦੇ ਹੋ, ਜਾਣਦੇ ਹੋ ਬੇਦਾਂ ਦੇ ਭੇਤ ਤੇ ਵਿਦਵਾਨਾਂ[5] ਨੂੰ ਭੀ॥੧੬॥

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥
ਆਦਿ ਅਨੀਲ ਅਨਾਦਿ ਅਸੰਭ॥
ਤਾਕਾ ਮੂੜ੍ਹ ਉਚਾਰਤ ਭੇਦਾ॥
ਜਾਕਾ ਭੇਵ ਨ ਪਾਵਤ ਬੇਦਾ॥੧੭॥

ਆਕਾਰ ਤੋਂ ਰਹਿਤ ਹੈ, ਵਿਕਾਰ ਤੋਂ ਰਹਿਤ ਹੈ, ਆਸਰੇ ਤੋਂ ਰਹਿਤ ਹੈ[6]। (ਸਭ) ਦੀ ਆਦਿ ਹੈ, ਸੰਖਜਾ ਤੋਂ ਰਹਿਤ[7] ਹੈ, ਹੋਣੇ (ਜਨਮ) ਤੋਂ ਰਹਿਤ ਹੈ, ਜਿਸ ਦਾ ਭੇਦ ਵੇਦ ਨਹੀਂ ਪਾਉਂਦਾ ਉਸ ਦਾ ਭੇਦ ਮੂਰਖ ਉਚਾਰਦਾ ਹੈ॥੧੭॥

ਤਾਕੋ ਕਰਿ ਪਾਹਨ ਅਨੁਮਾਨਤ॥
ਮਹਾ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾਦੇਵ ਕੋ ਕਹਤ ਸਦਾ ਸਿਵ॥
ਨਿਰੰਕਾਰ ਕਾ ਚੀਨਤ ਨਹਿ ਭਿਵ॥੧੮॥

(ਮੂਰਖ) ਉਸ ਨੂੰ ਪੱਥਰ ਕਰਕੇ ਮੰਨਦਾ ਹੈ, (ਉਹ) ਮਹਾਂ ਮੂਰਖ (ਹੈ, ਰੱਬ ਦਾ ਉਹ) ਕੁਛ ਭੇਦ ਨਹੀਂ ਜਾਣਦਾ, (ਜੋ) ਮਹਾਂਦੇਵ ਨੂੰ ਕਹਿੰਦਾ ਹੈ (ਕੇ ਇਹ ਸਦਾ ਸ਼ਿਵ=) ਸਦਾ ਕਲਜਾਨ ਰੂਪ (ਪਰਮੇਸ਼ੁਰ ਹੈ), (ਉਹ) ਨਿਰੰਕਾਰ ਪਰਮੇਸ਼ੁਰ ਦਾ ਭੇਦ ਨਹੀਂ ਜਾਣਦਾ॥੧੮॥

---

੧. ਅਥਵਾ, ਹਰ ਸਰੀਰ ਦੇ ਹਿਰਦੇ ਦੇ (ਅੰਦਰਲੇ) ਪਰਦਿਆਂ ਦੀ ਜਾਣਦਾ ਹੈ।

੨. ਆਕਰਖ ਉਹ ਸ਼ਕਤੀ ਹੈ ਜੋ ਫੈਲਾਉ ਦੇ ਪਦਾਰਥਾਂ ਨੂੰ ਕੇਂਦ੍ਰ ਵਲ ਖਿੱਚ ਲੈਂਦੀ ਹੈ (Centripetal) ਉਦਕਰਖ ਉਹ ਸ਼ਕਤੀ ਹੈ ਜੋ ਕੇਂਦ੍ਰ ਤੋਂ ਪਦਾਰਥਾਂ ਨੂੰ ਬਾਹਰ ਵਲ ਸੱਟਦੀ ਹੈ (Centrifugal) ਧਾਤੂ ਹੈ ਕ੍ਰਿਖ= ਖਿੱਚਣਾ।

੩. ਅ:, ਬਦਨ=ਸਰੀਰ। ਸੰ:, ਵਦਨ-ਮੂੰਹ।

੪. ਨਿਰਾਲਮ=ਨਿਰਾਲਾ ਰਹਿਣਾ ਵਾਲਾ, ਨਿਰਲੇਪ। (ਅ) ਨਿਰ+ਆਲਮ=ਜਗਤ ਤੋਂ ਵੱਖਰਾ।

੫. ਅ:, ਆਲਮ=ਵਿਦਵਾਨ ਆਲਮ=ਸੰਸਾਰ।

੬. ਨ੍ਰਿਲੰਭ=ਨਿਰ+ਅਲੰਬ=ਆਸਰੇ ਤੋਂ ਬਿਨਾ। (ਅ) ਨਿਰ+ਲੰਭ=ਜਿਸ ਦੀ ਪ੍ਰਾਪਤੀ ਕਠਨ ਹੈ।

੭. ਅ+ਨੀਲ=ਗਿਣਤੀ ਤੋਂ ਰਹਿਤ, ਬੇਸ਼ੁਮਾਰ। (ਅ) ਰੰਗ ਤੋਂ ਰਹਤ। ਭਾਵ ਮਾਇਆ ਤੋਂ ਰਹਿਤ।

ਆਪੁ ਆਪਨੀ ਬੁਧਿ ਹੈ ਜੇਤੀ॥
ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੯॥

ਆਪੋ ਆਪਣੀ ਜਿੰਨੀ (ਕਿਸੇ ਦੀ) ਬੁੱਧੀ ਹੈ ਉੱਨੀ ਹੀ ਤੈਨੂੰ ਅੱਡ ਅੱਡ (ਤ੍ਰੀਕਿਆਂ ਨਾਲ) ਵਰਣਨ ਕਰ ਰਹੀ ਹੈ, ਤੁਹਾਡਾ ਪਸਾਰਾ ਨਹੀਂ ਲਿਖਿਆ ਜਾਂਦਾ (ਕਿ) ਕਿਸ ਪ੍ਰਕਾਰ (ਆਪ ਨੇ) ਪਹਿਲੇ ਸੰਸਾਰ ਰਚਿਆ (ਸੀ)॥੧੯॥

ਏਕੈ ਰੂਪ ਅਨੂਪ ਸਰੂਪਾ॥
ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥
ਉਤਭੁਜ ਖਾਨਿ ਬਹੁਰ ਰਚਿ ਦੀਨੀ॥੨੦॥

ਇਕੋ ਉਪਮਾ ਤੋਂ ਰਹਿਤ ਸੁੰਦਰਤਾ ਵਾਲਾ ਰੂਪ ਹੈ, (ਕਿਤੇ) ਕੰਗਾਲ (ਤੇ) ਕਿਧਰੇ ਰਾਜਾ (ਤੇ) ਪ੍ਰਿਥਵੀ ਦਾ ਮਾਲਕ ਹੋ ਗਿਆ। ਅੰਡਜ, ਜੇਰਜ, ਸੇਤਜ ਬਣਾਈ, ਫੇਰ ਉਤਭੁਜ[1] ਖਾਣੀ ਬੀ ਰਚ ਦਿਤੀ॥੨੦॥

ਕਹੂੰ ਫੂਲ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੨੧॥

ਕਿਤੇ (ਕਵਲ) ਫੁੱਲ ਉਤੇ (ਬੈਠ ਕੇ) ਸ਼ੋਭਾ ਦੇਣ ਵਾਲਾ (ਭਾਵ ਬ੍ਰਹਮਾ ਹੋ ਕੇ) ਬੈਠਾ; ਕਿਧਰੇ ਸਿਮਟ ਕੇ ਇਕੱਠਾ ਕਰਨੇ ਵਾਲਾ ਸ਼ਿਵ ਹੋ ਗਿਆ[2] ਹੈ। ਸਾਰੀ ਸ੍ਰਿਸ਼ਟੀ ਦਾ ਅਚੰਭਾ ਦਿਖਾ ਰਿਹਾ ਹੈ, (ਪਰ) ਆਦਿ ਜੁਗਾਦਿ ਤੋਂ[3] ਉਸ ਦਾ (ਆਪਣਾ) ਸਰੂਪ ਸੁਤੇ ਪ੍ਰਕਾਸ਼ ਹੈ॥੨੧॥

ਅਬ ਰੱਛਾ ਮੇਰੀ ਤੁਮ ਕਰੋ॥
ਸਿੱਖ ਉਬਾਰਿ ਅਸਿੱਖ ਸੰਘਰੋ॥
ਦੁਸ਼ਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣ ਘਾਤਾ॥੨੨॥

(ਹੇ ਮਹਾਰਾਜ) ਹੁਣ ਮੇਰੀ ਤੁਸੀਂ ਰਖਜਾ ਕਰੋ। ਸਿੱਖਾਂ ਨੂੰ ਬਚਾਓ ਤੇ ਅਸਿੱਖਾਂ[4] ਨੂੰ ਮਾਰੋ। (ਓਹ ਐਸੇ) ਦੁਸ਼ਟ ਜਿਤਨੇ ਉਪੱਦ੍ਰਵ ਖੜੇ ਕਰਦੇ ਹਨ, (ਐਸੇ) ਸਾਰੇ ਮਲੇਛ ਰਣ ਵਿਚ ਘਾਤ ਕਰੋ[5]॥੨੨॥

---

੧. ਜੋ ਆਂਡਿਆਂ ਤੋਂ ਹੋਵੇ ਸੋ ਅੰਡਜ, ਜਿਹਾ ਕੁ ਪੰਛੀ, ਮੱਛੀ ਤੇ ਸੱਪ ਆਦਿ। ਜੇਰ ਤੋਂ ਹੋਵੇ ਸੋ ਜੇਰਜ, ਜਿਹਾ ਮਨੁੱਖ ਪਸ਼ੂ ਆਦਿ। ਪਸੀਨੇ ਤੋਂ ਜੋ ਹੋਵੇ ਸੋ ਸੇਤਜ, ਜਿਹਾ ਜੂੰਆਂ, ਤੇ ਜੋ ਪ੍ਰਿਥਵੀ ਤੋਂ ਪੈਦਾ ਹੋਈ ਹੋਵੇ ਸੋ ਉਤਭੁਜ=ਬਨਸਪਤੀ। ਉਦਭਜਿ=ਜੋ ਧਰਤੀ ਫੋੜ ਨਿਕਲੇ, ਬ੍ਰਿਛ ਬੂਟੇ, ਬਨਸਪਤੀ। ਉਤਭੁਜ=ਉੱਚੀਆਂ ਬਾਹਾਂ ਵਾਲਾ, ਇਸ ਤੋਂ ਬੀ ਬਨਸਪਤੀ ਭਾਵ ਲੈ ਲੈਂਦੇ ਹਨ।

੨. ਭਾਵ ਕਿਤੇ ਬ੍ਰਹਮਾਂ ਹੋ ਕੇ ਉਤਪਤੀ ਕਰ ਰਿਹਾ ਹੈ, ਕਿਤੇ ਸ਼ਿਵ ਹੋ ਕੇ ਲਯ ਕਰ ਰਿਹਾ ਹੈ। (ਅ) ਐਉਂ ਬੀ ਅਰਥ ਕਰਦੇ ਹਨ- ਕਿਧਰੇ ਵਿਕਾਸ਼ ਦੇ ਕੇ ਪ੍ਰਕਾਸ਼ਮਾਨ ਹੋ ਰਿਹਾ ਹੈ, ਕਿਧਰੇ ਸਿਮਟ ਕੇ (ਲਯ ਕਰਕੇ) ਸਰੂਪ ਵਿਚ ਪ੍ਰਸੰਨਤਾ ਦਾਤਾ ਹੋ ਰਿਹਾ ਹੈ। (ਸ਼ੰਕਰ=ਪ੍ਰਸੰਨਤਾ ਦਾਤਾ)।

੩. ਆਦਿ, ਜੋ ਸਮੇਂ ਦੇ ਆਦਿ ਅੰਤ ਤੋਂ ਸਦਾ ਪਰ੍ਹੇ ਹੋ ਰਿਹਾ ਹੈ। ਜੁਗਾਦਿ=ਜੋ ਕਾਲ ਦੇ ਆਰੰਭ ਤੇ ਅੰਤ ਦੇ ਵਿਚ ਸਦਾ ਹੋਵੇ।

੪. ਜਾਂ, ਅਸਿੱਖ=ਸਿੱਖੀ ਮਾਰਗ ਦੇ ਜੋ ਉਲਟੇ ਭਾਵ ਵੈਰੀ ਹਨ। ਅਗਲੀਆਂ ਤਿੰਨਾਂ ਤੁਕਾਂ ਵਿਚ ਦੱਸਿਆ ਹੈ ਓਹ ਅਸਿੱਖ ਜੋ ਦੁਸ਼ਟ ਹਨ ਤੇ ਮਲੇਛ ਹਨ ਤੇ ਲੜਨ ਨੂੰ ਆਉਂਦੇ ਹਨ।

੫. (ਅ) (ਕ੍ਰਿਪਾ ਕਰੋ) ਉਪੱਦ੍ਰਵ ਉਠਾਉਣ ਵਾਲੇ ਜਿੰਨੇ ਦੁਸ਼ਟ ਹਨ (ਉਨ੍ਹਾਂ) ਸਾਰੇ ਮਲੇਛਾਂ ਦਾ ਮੈਂ ਰਣ ਵਿਚ ਘਾਤ ਕਰਾਂ।


www.sikhbookclub.com

ਜੇ ਅਸਿਧੁਜ ਤਵ ਸਰਣੀ ਪਰੇ॥
ਤਿਨ ਕੇ ਦੁਸ਼ਟ ਦੁਖਤ ਹ੍ਵੈ ਮਰੈ॥
ਪੁਰਖ ਜਵਨ ਪਗ ਪਰੇ ਤਿਹਾਰੇ॥
ਤਿਨਕੇ ਤੁਮ ਸੰਕਟ ਸਭ ਟਾਰੇ॥੨੩॥

ਹੇ ਅਸਧੁਜ! ਜੋ ਤੇਰੀ ਸ਼ਰਨ ਪੈਂਦੇ ਹਨ, ਉਹਨਾਂ ਦੇ ਦੁਸ਼ਟ (ਵੈਰੀ) ਦੁਖੀ ਹੋ ਕੇ ਮਰ ਜਾਂਦੇ ਹਨ। ਜੋ ਪੁਰਖ ਤੁਹਾਡੀ ਚਰਨੀ ਪੈ ਜਾਂਦੇ ਹਨ, ਉਹਨਾਂ ਦੇ ਸਾਰੇ ਸੰਕਟ ਆਪ ਦੂਰ ਕਰ ਦਿੰਦੇ ਹੋ[1]॥੨੩॥

ਜੋ ਕਲ ਕੋ ਇਕ ਬਾਰ ਧਿਐ ਹੈਂ॥
ਤਾਂਕੇ ਕਾਲ ਨਿਕਟ ਨਹਿ ਐਹੈ॥
ਰੱਛਾ ਹੋਇ ਤਾਂਹਿ ਸਭ ਕਾਲਾ॥
ਦੁਸਟ ਅਰਿਸਟ ਟਰੇ ਤਤਕਾਲਾ॥੨੪॥

ਜੋ (ਆਪ) ਸ਼ਾਂਤ ਰੂਪ[2] ਨੂੰ ਇਕ ਵੇਰ ਧਿਆਉਂਦੇ ਹਨ ਉਹਨਾਂ ਦੇ ਨੇੜੇ ਕਾਲ ਨਹੀਂ ਆਉਂਦਾ। ਉਸਦੀ ਰਖਯਾ ਸਦੀਵ ਕਾਲ (ਵਿਚ) ਹੁੰਦੀ ਹੈ, ਉਸਦੇ ਵੈਰੀ ਤੇ ਕਲੇਸ਼[3] ਟਲ ਜਾਂਦੇ ਹਨ ਉਸੇ ਵੇਲੇ ਹੀ॥੨੪॥

ਕ੍ਰਿਪਾ ਦ੍ਰਿਸਟਿ ਤਨ ਜਾਂਹਿ ਨਿਹਰਿਹੋ॥
ਤਾਂਕੇ ਤਾਪ ਤਨਕ ਮਹਿ ਹਰਿ ਹੋ॥
ਰਿਧਿ ਸਿਧਿ ਘਰ ਮੋ ਸਭ ਹੋਈ॥
ਦੁਸਟ ਛਾਹਿ ਛ੍ਵੈ ਸਕੈ ਨ ਕੋਈ॥੨੫॥

ਕ੍ਰਿਪਾ ਦ੍ਰਿਸ਼ਟੀ ਕਰਕੇ ਜਿਨ੍ਹਾਂ ਦੀ ਤਰਫ ਤੁਸੀਂ ਦੇਖਦੇ ਹੋ ਉਹਨਾਂ ਦੇ ਸੰਤਾਪ ਪਲ ਵਿਚ ਦੂਰ ਕਰ ਦੇਂਦੇ ਹੋ। (ਉਹਨਾਂ ਦੇ) ਘਰ ਵਿਚ ਸਾਰੀਆਂ ਰਿਧੀਆਂ ਸਿਧੀਆਂ ਹੋ ਜਾਂਦੀਆਂ ਹਨ, ਦੁਸ਼ਟ ਦੀ ਛਾਂ ਕੋਈ ਨਹੀਂ ਛੁਹ ਸਕਦੀ॥੨੫॥

ਏਕ ਬਾਰ ਜਿਨ ਤੁਮੈ ਸੰਭਾਰਾ॥
ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮੁ ਤਿਹਾਰੋ ਕਹਾ॥
ਦਾਰਿਦ ਦੁਸਟ ਦੋਖ ਤੇ ਰਹਾ॥੨੬॥

ਇਕ ਵਾਰੀ ਜਿਸਨੇ ਤੁਹਾਨੂੰ ਸੰਭਾਲਿਆ ਹੈ, ਕਾਲ ਦੀ ਫਾਹੀ ਤੋਂ (ਤੁਸਾਂ) ਉਸਨੂੰ ਉਬਾਰ (ਬਚਾ) ਲਿਆ ਹੈ। ਜਿਸ ਨਰ ਨੇ ਤੁਹਾਡਾ ਨਾਮ ਲਿਆ ਹੈ (ਉਹ) ਗਰੀਬੀ, ਦੁਸ਼ਟਾਂ ਤੇ ਦੋਖੀਆਂ ਤੋਂ (ਬਚ) ਰਿਹਾ ਹੈ॥੨੬॥

ਖੜਗ ਕੇਤ ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠਉਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੭॥

ਹੇ ਖੜਗਕੇਤ! ਮੈਂ ਤੇਰੀ ਸ਼ਰਨ ਹਾਂ, ਆਪ ਹੱਥ ਦੇਕੇ (ਮੈਨੂੰ) ਉਬਾਰ (ਬਚਾ) ਲਵੋ। ਸਭ ਥਾਵਾਂ ਵਿਖੇ (ਮੇਰੇ) ਮਦਦਗਾਰ ਹੋਵੋ। ਦੁਸ਼ਟਾਂ ਤੇ ਦੋਖੀਆਂ ਤੋਂ ਬਚਾ ਲਵੋ॥੨੭॥

ਕ੍ਰਿਪਾ ਕਰੀ ਹਮ ਪਰ ਜਗ ਮਾਤਾ॥
ਗ੍ਰੰਥ ਕਰਾ ਪੂਰਣ ਸੁਭ ਰਾਤਾ॥

ਕ੍ਰਿਪਾ ਕੀਤੀ ਹੈ ਸਾਡੇ ਉਤੇ (ਤੂੰ) ਹੇ ਜਗਤ ਦੇ ਮਾਤਾ[4] ਜੀ! ਗ੍ਰੰਥ ਕੀਤਾ ਹੈ ਪੂਰਨ ਅੱਛੀ ਰੀਤਿ ਨਾਲ। (ਓਹ ਮਾਤਾ)

੧. ਜਾਂ ਤੁਸਾਂ ਨੇ ਦੂਰ ਕਰ ਦਿਤੇ ਹਨ, (ਇਹ ਸਦਾ ਤੋਂ ਆਪ ਦਾ ਬਿਰਦ ਹੈ)।

੨. ਕਲ=ਸੁੰਦਰ, ਮਧੁਰ, ਸ਼ਾਂਤਿ। ਅਕਲ ਦਾ ਸੰਖੇਪ ਭੀ 'ਕਲ' ਖਯਾਲ ਕੀਤਾ ਜਾਂਦਾ ਹੈ।

੩. ਅਰਿਖਟ੍=ਕਲੇਸ਼, ਪੀੜਾ, ਬਿਪਤਾ, (ਜੋਤਸ਼ ਵਿਚ ਅਰਿਖਟ੍=) ਦੁਸ਼ਟ ਗ੍ਰੈਹਾਂ ਦਾ ਯੋਗ, ਜਿਸਦਾ ਫਲ ਦੁੱਖ ਹੁੰਦਾ ਹੈ।

੪. ਸ੍ਰੀ ਜਾਪੁ ਸਾਹਿਬ ਜੀ ਵਿਚ ਜੈਸੇ ਸ੍ਰੀ ਅਕਾਲ ਪੁਰਖ ਜੀ ਨੂੰ 'ਨਮੋ ਲੋਕ ਮਾਤਾ' ਕਿਹਾ ਹੈ ਤੈਸੇ ਹੀ ਇਥੇ 'ਜਗ ਮਾਤਾ' ਕਿਹਾ ਹੈ। ਵਾਹਿਗੁਰੂ ਜੀ ਵਿਚ ਲਿੰਗ ਭੇਦ ਨਹੀਂ ਹੈ, ਇਸ ਕਰਕੇ ਉਸਨੂੰ ਮਾਤਾ, ਪਿਤਾ ਸਾਰੇ ਲਿੰਗਾਂ ਵਿਚ ਸੰਬੋਧਨ ਕਰਦੇ ਹਨ। ਇਸੇ ਇਕੋ ਛੰਦ ਨੰ: ੨੮ ਵਿਚ 'ਜਗ ਮਾਤਾ' ਇਸਤ੍ਰੀ ਲਿੰਗ ਕਹਿਕੇ ਦੂਜੀਆਂ ਦੋ ਸਤਰਾਂ ਵਿਚ (ਜੋ ਪੰਨਾ ੯੩ ਤੇ ਹਨ) 'ਹਰਤਾ' ਤੇ 'ਕਰਤਾ' ਪੁਲਿੰਗ ਵਿਸ਼ੇਸ਼ਣ ਉਸੇ ਮਾਤਾ ਲਈ ਵਰਤ ਰਹੇ ਹਨ।

ਕਿਲਵਿਖ ਸਕਲ ਦੇਹ ਕੋ ਹਰਤਾ॥
ਦੁਸਟ ਦੋਖਿਯਨ ਕੋ ਛੈ ਕਰਤਾ॥੨੮॥

ਦੇਹਾਂ ਦੇ ਸਾਰੇ ਪਾਪ[1] ਹਰਨੇ ਵਾਲਾ ਹੈ, ਦੁਸ਼ਟਾਂ ਦੋਖੀਆਂ ਨੂੰ ਛੈ (ਨਾਸ਼) ਕਰਨੇ ਵਾਲਾ ਹੈ॥੨੮॥

ਸ੍ਰੀ ਅਸਿਧੁਜ ਜਬ ਭਏ ਦਯਾਲਾ॥
ਪੂਰਣ ਕਰਾ ਗ੍ਰੰਥ ਤਤਕਾਲਾ॥
ਮਨ ਬਾਂਛਤ ਫਲ ਪਾਵੈ ਸੋਈ॥ ਦੂਖ ਨ ਤਿਸੈ ਬਿਆਪਤ ਕੋਈ॥੨੯॥ ਅੜਿੱਲ॥

ਸ੍ਰੀ ਅਕਾਲ ਪੁਰਖ ਜਦ ਦਿਆਲ ਹੋਏ, ਪੂਰਨ ਕੀਤਾ ਗ੍ਰੰਥ ਉਸੇ ਵੇਲੇ। (ਜਿਸ ਪਰ ਅਕਾਲ ਪੁਰਖ ਦਿਆਲ ਹੋਵੇ) ਉਹੋ ਮਨ ਮੰਗੇ ਫਲ ਪਾਉਂਦਾ ਹੈ, ਉਸੇ ਨੂੰ ਕੋਈ ਦੁਖ ਨਹੀਂ ਲਗਦਾ[2]॥੨੯॥

ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥
ਸੁਨੈ ਮੂੜ ਚਿਤਿ ਲਾਇ ਚਤੁਰਤਾ ਆਵਈ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥ ਹੋ ਜੋ ਯਾਂਕੀ ਏਕ ਬਾਰ ਚੌਪਈ ਕੋ ਕਹੈ॥੩੦॥

ਅੜਿਲ[3]। ਜੋ ਗੂੰਗਾ ਇਸਨੂੰ ਸੁਣੇਗਾ ਉਹ ਜੀਭ ਪ੍ਰਾਪਤ ਕਰੇਗਾ, ਮੂੜ੍ਹ ਚਿਤ ਲਾਕੇ ਸੁਣੇਗਾ ਤਾਂ (ਉਸ ਨੂੰ) ਚਤੁਰਤਾ ਆ ਜਾਵੇਗੀ। ਹਾਂ ਜੀਓ! ਦੁਖ, ਦਰਦ ਤੇ ਭੌ ਉਹਨਾਂ ਪੁਰਖਾਂ ਦੇ ਨੇੜੇ ਨਹੀਂ ਰਹੇਗਾ, ਹੇ! ਜੋ ਕੋਈ ਇਸ ਚੌਪਈ ਨੂੰ ਇਕ ਵਾਰ ਉਚਾਰੇਗਾ[4]॥੩੦॥

ਸੰਮਤ ਸੱਤ੍ਰਹਿ ਸਹਸ ਭਣਿੱਜੇ॥
ਅਰਧ ਸਹਸ ਫੁਨਿ ਤੀਨ ਕਹਿੱਜੇ॥
ਭਾਦ੍ਰਵ ਸੁਦੀ ਅਸਟਮੀ ਰਵਿਵਾਰਾ॥
ਤੀਰ ਸਤੱਦ੍ਰਵ ਗ੍ਰੰਥ ਸੁਧਾਰਾ॥੩੧॥

ਸੰਮਤ ਸਤਾਰਾਂ ਸੌ ਕਹੀਏ, ਅੱਧਾ ਸੌ ਤੇ ਤਿੰਨ ਫੇਰ ਕਹੀਏ (੧੭੫੩)। ਭਾਦਰੋਂ ਸੁਦੀ ਅਸ਼ਟਮੀ (ਥਿੱਤ) ਐਤਵਾਰ, ਸਤਲੁਜ (ਨਦੀ) ਦੇ ਕੰਢੇ ਤੇ (ਇਹ) ਗ੍ਰੰਥ ਸੰਵਾਰਿਆ[5]॥੩੧॥

ਇਤਿ ਸ੍ਰੀ ਚਰਿਤ੍ਰੋ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੈ ਚਾਰ ਚਰਿਤ੍ਰ ਸਮਾਪਤ ਮਸਤੁ ਸੁਭਮਸਤ॥੧॥

ਇਤਿ 'ਸ੍ਰੀ ਚਰਿਤ੍ਰ ਉਪਾਖਯਾਨ' (ਜੋ ਇਸਤ੍ਰੀਆਂ ਦੇ ਚਰਿੱਤ੍ਰਾਂ ਦੇ ਵਿਖੇ ਹੈ, ਰਾਜਾ ਤੇ ਵਜ਼ੀਰ ਦਾ ਸੰਬਾਦ ਹੈ, ੪੦੪ ਵਾਂ[6] ਚਰਿਤ੍ਰ ਸਮਾਪਤ ਹੋਇਆ, ਸ਼ੁਭ ਹੋਵੇ[7]! ॥੧॥

ਦੋਹਰਾ॥

ਦਾਸ ਜਨ ਕਰਿ ਦਾਸ ਪਰਿ ਕੀਜੈ ਕ੍ਰਿਪਾ ਅਪਾਰਿ॥ ਆਪਿ ਹਾਥਿ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰੁ॥੧॥

ਦੋਹਰਾ

ਦਾਸ ਜਾਣਕੇ ਦਾਸ ਪਰ ਬਹੁਤ ਕ੍ਰਿਪਾ ਕਰੋ, ਆਪ ਹੱਥ ਦੇਕੇ ਮੇਰੀ ਰੱਛਾ ਕਰੋ, (ਮੇਰਾ ਏਹੀ) ਬਿਚਾਰ (ਹੈ) ਕਿ ਮਨ ਬਚ ਕਰਮ ਕਰਕੇ (ਆਪ ਦਾ ਰਹਾਂ)॥੧॥

---

੧. ਵਡੇ ਪਾਪ ਜੋ ਚਾਰ ਹਨ। ਯਥਾ-ਬ੍ਰਾਹਮਣ ਯਾ ਬ੍ਰਹਮ ਵੇਤਾ ਦਾ ਮਾਰਨਾ, ਸੋਨਾ ਚੁਰਾਉਣਾ, ਸ਼ਰਾਬ ਪੀਣਾ ਤੇ ਗੁਰ ਇਸਤ੍ਰੀ ਗਮਨ। (੨) ਬ੍ਰਾਹਮਣ, ਕੈਲੀ ਘਾਤ ਕੰਞਕਾ, ਅਨਚਾਰੀ ਕਾ ਧਾਨ।
੨. 'ਇਸ ਚੌਪਈ ਦੇ ਉਚਾਰਨ ਵਾਲੇ ਨੂੰ ਮਨ ਬਾਂਛਤ ਫਲ ਮਿਲਣਗੇ ਤੇ ਦੁਖ ਨਹੀਂ ਲਗੇਗਾ' ਬੀ ਭਾਵ ਲੈਂਦੇ ਹਨ।
੩. ਇਕ ਛੰਦ ਦਾ ਨਾਮ ਹੈ, ਚਾਰ ਚਰਣ, ੨੧ ਮਾਤ੍ਰਾਂ ਹਰੇਕ ਚਰਣ ਵਿਚ, ਅੰਤ ਗੁਰੂ ਲਘੂ ਗੁਰੂ। ਅੰਤਲੇ ਪਾਦ ਦੇ ਮੁੱਢ ਵਿਚ ਕੋਈ ਪਦ ਸੰਬੋਧਨ ਦਾ।
੪. ਅਥਵਾ ਹੇ ਭਾਈ ਜੋ ਇਸ ਚੌਪਈ ਦੀ ਏਕ ਵਾਰ ਉਚਾਰਨਾ ਕਰੇ।
੫. ਭਾਵ, ਸਮਾਪਤ ਕੀਤਾ। ੬. '੪੦੫' ਬੀ ਕਿਤੇ ਪਾਠ ਹੈ।
੭. ਸਮਾਪਤੰ ਅਸਤੁ ਸ਼ੁੰਭੂੰ ਅਸਤੁ' ਬੀ ਕਿਤੇ ਪਾਠ ਹੈ।

ਚੌਪਈ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ॥
ਕਿਸਨ ਬਿਸਨ ਕਬਹੂੰ ਨ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨਸੋ॥
ਲਿਵ ਲਾਗੀ ਮੋਰੀ ਪਗ ਇਨਸੋ॥੧॥

ਮਹਾਂਕਾਲ ਰਖਵਾਰੁ ਹਮਾਰੋ॥
ਮਹਾਂ ਲੋਹ ਮੈਂ ਕਿੰਕਰ ਥਾਰੋ॥
ਅਪਨਾ ਜਾਨ ਕਰੋ ਰਖਵਾਰ॥
ਬਾਹਿ ਗਹੇ ਕੀ ਲਾਜ ਬਿਚਾਰ॥੨॥

ਅਪਨਾ ਜਾਨ ਮੁਝੈ ਪ੍ਰਤਿਪਰੀਐ॥
ਚੁਨਿ ਚੁਨਿ ਸਤ੍ਰੁ ਹਮਾਰੇ ਮਰੀਐ॥
ਦੇਗ ਤੇਗ ਜਗ ਮੈ ਦੋਊ ਚਲੈ॥
ਰਾਖ ਆਪ ਮੁਹਿ ਅਉਰ ਨ ਦਲੈ॥੩॥
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ॥
ਤੁਮ ਸਾਹਿਬ ਮੈ ਦਾਸ ਤਿਹਾਰਾ॥
ਜਾਨ ਆਪਨਾ ਮੁਝੇ ਨਿਵਾਜ॥
ਆਪ ਕਰੋ ਹਮਰੇ ਸਭ ਕਾਜ॥੪॥
ਤੁਮ ਹੋ ਸਭ ਰਾਜਨ ਕੇ ਰਾਜਾ ਆਪੇ
ਆਪ ਗਰੀਬ ਨਿਵਾਜਾ॥
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ॥
ਹਾਰ ਪਰਾ ਮੈਂ ਆਨਿ ਦੁਆਰ ਤੁਹਿ॥੫॥
ਅਪਨਾ ਜਾਨ ਕਰੋ ਪ੍ਰਤਿਪਾਰਾ॥
ਤੁਮ ਸਾਹਿਬ ਮੈਂ ਕਿੰਕਰ ਥਾਰਾ॥
ਦਾਸ ਜਾਨ ਦੈ ਹਾਥ ਉਬਾਰੋ॥
ਹਮਰੇ ਸਬ ਬੈਰੀਅਨ ਸੰਘਾਰੋ॥੬॥

ਚੌਪਈ॥ (ਇਸ਼ਟ ਭਾਵਨਾ) (ਹੇ ਅਕਾਲ ਪੁਰਖ ਆਪਣੇ ਕਾਰਜਾਂ ਦੇ ਆਦਿ ਵਿਚ) ਮੈਂ ਗਨੇਸ਼ ਨੂੰ ਕਦੇ ਨਹੀਂ ਪਹਿਲਾਂ ਮਨਾਉਂਦਾ, ਕ੍ਰਿਸ਼ਨ ਤੇ ਵਿਸ਼ਨੂੰ ਨੂੰ (ਭੀ) ਕਦੇ ਨਹੀਂ ਧਿਆਉਂਦਾ। (ਏਹ ਸਾਰੇ ਮੈਂ) ਕੰਨੀਂ ਤਾਂ ਸੁਣੇ ਹਨ, ਪਰ ਉਹਨਾਂ ਨਾਲ (ਮੇਰੀ) ਪਛਾਣ ਨਹੀਂ ਹੈ। ਮੇਰੀ ਲਿਵ ਤਾਂ ਇਨ੍ਹਾਂ (ਆਪਦੇ) ਚਰਨਾਂ ਨਾਲ ਲੱਗ ਰਹੀ ਹੈ॥੧॥

(ਬੇਨਤੀ) ਅਕਾਲ ਪੁਰਖ[1] ਸਾਡਾ ਰਾਖਾ ਹੈ; ਹੇ ਮਹਾਂ ਪ੍ਰਕਾਸ਼ਮਾਨ[2]! ਮੈਂ ਆਪ ਦਾ ਦਾਸ ਹਾਂ, ਆਪਣਾ ਜਾਣ ਕੇ (ਮੇਰੀ) ਰਖਵਾਲੀ ਕਰੋ, ਬਾਂਹ ਫੜੀ ਦੀ ਲੱਜਜਾ ਨੂੰ ਵਿਚਾਰੋ॥੨॥

ਆਪਣਾ ਜਾਣ ਕੇ ਮੇਰੀ ਪ੍ਰਤਿਪਾਲਾ ਕਰੀਏ। ਚੁਣ ਚੁਣ ਕੇ ਸਾਡੇ ਵੈਰੀ ਮਾਰੀਏ। ਸੰਸਾਰ ਵਿਚ ਦੇਗ (ਲੰਗਰ) ਤੇ ਤੇਗ (ਤਲਵਾਰ ਅਰਥਾਤ ਰਾਜਸੀ ਤਾਕਤ) ਦੋਵੇਂ ਚੱਲਣ। ਆਪ ਮੇਰੀ ਰਖਯਾ ਕਰੋ, (ਮੈਨੂੰ) ਹੋਰ ਨਾ (ਕੋਈ) ਦਲੇ॥੩॥

ਤੁਸੀਂ ਮੇਰੀ ਸਦਾ ਪ੍ਰਤਿਪਾਲਾ ਕਰੋ। ਤੁਸੀਂ ਮਾਲਕ ਹੋ ਮੈਂ ਤੁਹਾਡਾ ਦਾਸ ਹਾਂ। ਆਪਣਾ ਜਾਣ ਕੇ ਮੈਨੂੰ ਵਡਿਆਓ, ਆਪ ਸਾਡੇ ਸਾਰੇ ਕੰਮ ਕਰੋ॥੪॥

ਤੁਸੀਂ ਸਭ ਰਾਜਿਆਂ ਦੇ ਰਾਜਾ ਹੋ, ਆਪਣੇ ਆਪ ਹੀ ਗਰੀਬ ਨਿਵਾਜ ਹੋ, ਦਾਸ ਜਾਣ ਕੇ ਮੇਰੇ (ਉਤੇ) ਕ੍ਰਿਪਾ ਕਰੋ। ਹਾਰ ਕੇ ਮੈਂ ਆਪਦੇ ਦੁਆਰੇ ਆ ਪਿਆ ਹਾਂ॥੫॥

ਆਪਣਾ ਜਾਣ ਕੇ (ਮੇਰੀ) ਪ੍ਰਤਿਪਾਲਾ ਕਰੋ, ਤੁਸੀਂ ਮਾਲਕ ਹੋ, ਮੈਂ ਤੁਹਾਡਾ ਦਾਸ ਹਾਂ, ਦਾਸ ਜਾਣ ਕੇ ਤੇ ਹੱਥ ਦੇ ਕੇ (ਮੈਨੂੰ) ਉਬਾਰੋ ਸਾਡੇ ਸਾਰੇ ਵੈਰੀਆਂ ਨੂੰ ਮਾਰੋ॥੬॥

---

੧. ਅਕਾਲ ਪੁਰਖ! ਮਹਾ ਕਾਲ=ਕਾਲ ਆਦਿਕਾਂ ਤੋਂ ਬੀ ਬੜਾ ਜੋ ਸਭ ਦਾ ਕਾਲ ਹੈ ਪਰ ਆਪ ਅਕਾਲ ਹੈ। ਕਾਲ ਦਾ ਵੀ ਅੰਤ ਕਰਨੇ ਵਾਲਾ। ਹਿੰਦੀ ਵਿਚ ਮਹਾਂ ਕਾਲ ਦੇ ਕਈ ਅਰਥ ਹਨ, ਵਿਸ਼ੇਸ਼ ਅਰਥ ਹੈ ਸਭ ਦਾ ਕਾਲ ਕਰਨੇ ਵਾਲਾ।

੨. ਮਹਾਂ ਲੋਹ ਤੋਂ ਮੁਰਾਦ ਬੜੇ ਬਲਵਾਨ ਯਾ ਬੜੇ ਪ੍ਰਕਾਸ਼ਵਾਨ ਦੀ ਹੈ। 'ਮਹਾਨ ਸ਼ਸਤ੍ਰ ਰੂਪ' ਬੀ ਅਰਥ ਕਰਦੇ ਹਨ।


www.sikhbookclub.com

ਪ੍ਰਿਥਮ ਧਰੋਂ ਭਗਵਤ ਕੋ ਧਿਆਨਾ॥
ਬਹੁਰ ਕਰੋ ਕਬਿਤਾ ਬਿਧਿ ਨਾਨਾ॥
ਕ੍ਰਿਸਨ ਜਥਾ ਮਤਿ ਚਰਿਤ੍ਰ ਉਚਾਰੋ॥
ਚੂਕ ਹੋਇ ਕਬਿ ਲੇਹੁ ਸੁਧਾਰੋ॥੭॥
ਕਬਿ ਬਾਚ॥ਦੋਹਰਾ॥
ਜੋ ਨਿਜ ਪ੍ਰਭੁ ਮੋ ਸੋਂ ਕਹਾ ਸੋ ਕਹਿਹੋਂ ਜਗ ਮਾਹਿ॥ ਜੋ ਤਿਹ ਪ੍ਰਭ ਕੋ ਧਜਾਇ ਹੈਂ ਅੰਤ ਸੁਰਗ ਕੋ ਜਾਹਿਂ॥੧॥
ਦੋਹਰਾ॥ ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲਹੀ ਬਿਖੇ ਸਮਾਹਿ॥੨॥
ਦੋਹਰਾ॥ ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗਿ ਆਇ॥
ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ॥੩॥

ਕਬਿ ਬਾਚੁ॥ਦੋਹਰਾ॥

ਠਾਢ ਭਯੋ ਮੈ ਜੋਰ ਕਰ ਬਚਨ ਕਹਾ ਸਿਰ ਨਜਾਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ॥੪॥

ਦੋਹਰਾ॥

ਜੇ ਜੇ ਤੁਮਰੇ ਧਿਆਨ ਕੋ ਨਿਤ ਉਠ ਧਿਐਹੈਂ ਸੰਤ॥ ਅੰਤ ਲਹੈਂਗੇ ਮੁਕਤਿ ਫਲ ਪਾਵਹਿੰਗੇ ਭਗਵੰਤ॥੫॥ ਦੋਹਰਾ॥
ਅਕਾਲ ਪੁਰਖ ਕੀ ਦੇਹ ਮੋ ਕੋਟਕ ਬਿਸਨ ਮਹੇਸ॥ ਕੋਟ ਇੰਦ੍ਰ ਬ੍ਰਹਮਾ ਕਿਤੇ

ਪਹਿਲੋਂ ਪਰਮੇਸ਼ੁਰ ਦਾ ਧਿਆਨ ਧਰਦਾ ਹਾਂ, ਫੇਰ ਨਾਨਾ ਪ੍ਰਕਾਰ ਦੀ ਕਵਿਤਾ ਕਰਦਾ ਹਾਂ। ਯਥਾ ਬੁਧਿ ਕ੍ਰਿਸ਼ਨ ਦਾ ਚਰਿੱਤ੍ਰ ਉਚਾਰਦਾ ਹਾਂ, ਭੁੱਲ ਹੋਵੇ ਤਾਂ ਕਵੀ ਜਨੋ ਸੁਧਾਰ ਲੈਣੀ॥੭॥

ਕਵਿ ਵਾਚ[1]॥ਦੋਹਰਾ॥ ਜੋ ਆਪ ਪ੍ਰਭੂ ਨੇ ਮੈਨੂੰ ਕਿਹਾ ਹੈ ਸੋ ਜਗਤ ਵਿਚ ਕਹਿੰਦਾ ਹਾਂ (ਕਿ) ਜੋ ਉਸ ਪ੍ਰਭੂ ਨੂੰ ਧਿਆਉਂਦੇ ਹਨ, ਅੰਤ ਸੁਰਗ ਨੂੰ ਜਾਣਗੇ॥੧॥

ਦੋਹਰਾ॥

ਹਰਿ ਤੇ ਹਰਿ ਦਾ ਜਨ ਦੋਵੇਂ ਇਕ ਹਨ, ਦੂਜੀ ਵਿਚਾਰ ਕੁਝ ਨਹੀਂ ਹੈ। ਜਲ ਤੇ ਉਪਜੇ ਤੁੰਗ[2] ਜਿੱਕੁਰ ਜਲ ਵਿਚ ਹੀ ਸਮਾ ਜਾਂਦੇ ਹਨ॥੨॥

ਦੋਹਰਾ॥

(ਕਲਗੀਧਰ ਜੀ ਦਾ ਅਵਤਾਰ)

ਜਦ ਪ੍ਰਭੂ ਦੀ ਆਗਿਆ ਹੋਈ (ਤਦ ਮੈਂ) ਜਗਤ ਵਿਚ ਆ ਕੇ ਜਨਮ ਧਾਰ ਲੀਤਾ ਹੁਣ ਮੈਂ ਕਥਾ ਨੂੰ ਸੰਖੇਪ ਕਰਦਾ ਹਾਂ ਤੇ ਸਭ ਨੂੰ ਸੁਣਾ ਕੇ ਕਹਿੰਦਾ ਹਾਂ॥੩॥

ਕਬਿ ਬਾਚੁ॥ਦੋਹਰਾ॥

ਖੜਾ ਹੋ ਗਿਆ ਮੈਂ ਹੱਥ ਜੋੜਕੇ (ਅਕਾਲ ਪੁਰਖ ਦੇ ਅੱਗੇ, ਤੇ) ਸਿਰ ਨਿਵਾ ਕੇ ਬਚਨ ਕਿਹਾ, ਕਿ ਪੰਥ ਤਦ ਜਗਤ ਵਿਚ ਚਲਦਾ ਹੈ ਜੋ ਤੁਸੀਂ ਸਹਾਇਤਾ ਕਰੋ[3]॥੪॥

ਦੋਹਰਾ॥

ਜੋ ਜੋ ਸੰਤ ਨਿੱਤ ਉੱਠ ਕੇ ਤੇਰੇ ਧਿਆਨ ਨੂੰ ਧਿਆਉਂਦੇ ਹਨ (ਓਹ) ਅੰਤ ਨੂੰ ਮੁਕਤਿ ਦਾ ਫਲ ਪਾਉਣਗੇ (ਤੇ) ਪਰਮੇਸ਼ੁਰ ਨੂੰ ਪ੍ਰਾਪਤ ਹੋਣਗੇ॥੫॥

ਅਕਾਲ ਪੁਰਖ ਦੀ ਦੇਹ ਵਿਚ ਕ੍ਰੋੜਾਂ ਹੀ ਵਿਸ਼ਨੂੰ ਤੇ ਸ਼ਿਵ ਹਨ, ਕ੍ਰੋੜਾਂ ਇੰਦ੍ਰ ਤੇ

੧. ਕਵੀ ਦਾ ਕਿਹਾ ਹੋਇਆ ਦੋਹਿਰਾ।

੨. ਲਹਿਰਾਂ।

੩. ਜਦੋਂ ਕਰਤਾਰ ਦਾ ਹੁਕਮ ਗੁਰੂ ਜੀ ਨੂੰ ਇਹ ਹੋਇਆ:- "ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥" ਤਦ ਸਤਿਗੁਰੂ ਜੀ ਨੇ ਖੜੇ ਹੋ ਕੇ ਸਿਰ ਨਿਵਾ ਕੇ ਇਹ ਬਚਨ ਕੀਤਾ।


www.sikhbookclub.com

ਰਵਿ ਸਸਿ ਕੋਟ ਜਲੇਸ॥੬॥

ਦੋਹਰਾ॥

ਰਾਮ ਕਥਾ ਜੁਗਜੁਗ ਅਟਲ ਸਭਕੋ ਭਾਖਤ ਨੇਤ॥ ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ॥੭॥

॥ਚੌਪਈ॥

ਜੋ ਇਹ ਕਥਾ ਸੁਨੈ ਅਰ ਗਾਵੈ॥
ਦੂਖ ਪਾਪ ਤਿਹ ਨਿਕਟ ਨ ਆਵੈ॥
ਬਿਸਨ ਭਗਤਿ ਕੀਏ ਫਲ ਹੋਈ॥
ਆਧਿ ਬਯਾਧਿ ਛ੍ਵੈ ਸਕੈ ਨ ਕੋਈ॥੮॥
ਸੰਮਤ ਸਤਰਾ ਸਹਸ ਪਚਾਵਨ॥
ਹਾੜ ਵਦੀ ਪ੍ਰਿਥਮੈ ਸੁਖਦਾਵਨ॥
ਤਵ ਪ੍ਰਸਾਦਿ ਕਰ ਗ੍ਰੰਥ ਸੁਧਾਰਾ॥
ਭੂਲ ਪਰੀ ਲਹੁ ਲੇਹੁ ਸੁਧਾਰਾ॥੯॥

॥ਦੋਹਰਾ॥

ਨੇਤ੍ਰ ਤੁੰਗ ਕੇ ਚਰਨ ਤਰ ਸਤੱਦ੍ਰਵ ਤੀਰ ਤਰੰਗ॥ ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ॥੧੦॥

ਸਾਧ ਅਸਾਧ ਜਾਨੋ ਨਹੀਂ ਬਾਦ ਸੁਬਾਦ ਬਿਬਾਦ॥ ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥੧੧॥

ਕਿੰਨੇ, ਹੀ ਬ੍ਰਹਮਾ, ਸੂਰਜ, ਚੰਦ ਤੇ ਕ੍ਰੋੜਾਂ ਵਰੁਣ (ਹਨ)॥੬॥

ਦੋਹਰਾ॥

(ਰਾਮ ਕਥਾ) ਰਾਮ ਦੀ ਕਥਾ ਜੁਗੋ ਜੁਗ ਅਟੱਲ ਹੈ[1] ਤੇ ਸਭ ਕੋਈ ਨਿਤ ਕਹਿੰਦਾ ਹੈ, ਕਿ:- ਸਾਰੀ ਪੁਰੀ ਸਮੇਤ ਰਾਮ ਨੇ ਸੁਰਗ ਵਿਚ ਵਾਸਾ ਕੀਤਾ॥੭॥

ਚੌਪਈ॥

ਜੋ ਇਹ ਕਥਾ ਸੁਣੇ ਤੇ ਗਾਵੇ, ਦੁੱਖ ਤੇ ਪਾਪ ਉਸ ਦੇ ਨੇੜੇ ਨਹੀਂ ਆਉਂਦੇ। ਵਿਸ਼ਨ ਦੀ ਭਗਤੀ ਕੀਤੀ ਦਾ (ਇਸਨੂੰ ਪੜ੍ਹਨ ਤੇ) ਫਲ ਹੁੰਦਾ ਹੈ, ਆਧਿ ਬਿਆਧਿ ਕੋਈ ਉਸ ਨੂੰ ਛੋਹ ਨਹੀਂ ਸਕਦੇ॥੮॥

ਸਤਾਰਾਂ ਸੌ ਪਚਵੰਜਾ ਸੰਮਤ ਹਾੜ ਵਦੀ ਦੀ ਪਹਿਲੀ (ਤਿੱਥ) ਸੁਖ ਦੇਣੇ ਵਾਲੀ ਨੂੰ ਤੇਰੀ ਕ੍ਰਿਪਾ ਕਰਕੇ ਗ੍ਰੰਥ ਸੁਧਾਰਿਆ ਹੈ ਜਿੱਥੇ ਭੁੱਲ ਪਈ ਲੱਭੋ ਸੁਧਾਰ ਲਵੋ॥੯॥

ਦੋਹਰਾ॥

ਨੇਤਰ ਤੁੰਗ[2] ਦੇ ਪੈਰਾਂ ਹੇਠ ਸਤਲੁਜ ਨਦੀ ਦੇ ਤਰੰਗਾਂ ਕਿਨਾਰੇ, ਰਾਮ ਚੰਦ ਦੀ ਕਥਾ ਦਾ ਪ੍ਰਸੰਗ ਪੂਰਨ ਕੀਤਾ ਹੈ ਸ੍ਰੀ ਭਗਵਾਨ (ਦੀ ਕ੍ਰਿਪਾ ਨਾਲ)[3]॥੧੦॥

ਸਾਧ ਤੇ ਅਸਾਧ ਮੈਂ ਨਹੀਂ ਜਾਣਦਾ, ਚਰਚਾ, ਬਹਸ ਯਾ ਵਿਤੰਡੇ ਵਾਦ ਨਾਲ (ਮੈਨੂੰ ਪ੍ਰਯੋਜਨ ਨਹੀਂ। ਮੈਂ ਤਾਂ) ਗ੍ਰੰਥ ਸਾਰਾ ਪੂਰਨ ਕੀਤਾ ਹੈ, ਪਰਮੇਸ਼ੁਰ ਦੀ ਕ੍ਰਿਪਾ (ਤੇ) ਪ੍ਰਸਾਦਿ ਨਾਲ[4]॥੧੧॥

---

੧. ਸ੍ਰੀ ਰਾਮ ਜੀ ਤ੍ਰੇਤੇ ਵਿਚ ਹੋਏ, ਤ੍ਰੇਤਾ, ਦੁਆਪੁਰ, ਕਲਜੁਗ ਤਿੰਨਾਂ ਵਿਚ ਇਹ ਕਥਾ ਹੁੰਦੀ ਹੀ ਆਈ ਹੈ।

੨. ਨੈਣਾਂ ਪਹਾੜ। ਨੈਣਾਂ ਦੇਵੀ ਦੇ ਟਿੱਲੇ ਲਈ ਵਰਤਿਆ ਗਿਆ ਹੈ।

੩. ਆਨੰਦਪੁਰ ਸਾਹਿਬ ਨੈਣਾਂ ਦੇਵੀ ਦੇ ਟਿੱਲੇ ਦੇ ਤਲੇ ਜਿਥੇ ਸਤਲੁਜ ਨਦੀ ਵਹਿੰਦੀ ਹੈ ਉਥੇ ਗ੍ਰੰਥ ਸਮਾਪਤ ਕੀਤਾ।

੪. ਭਾਵ- ਇਹ ਹੈ ਕਿ ਰਾਮ ਚੰਦ੍ਰ ਯਾ ਜਿਨ੍ਹਾਂ ਦਾ ਹਾਲ ਰਾਮਾਂਵਤਾਰ ਹੈ, ਮੈਨੂੰ ਉਨ੍ਹਾਂ ਦੇ ਸਾਧੂ ਹੋਣ ਵਿਚ ਯਾ ਅਸਾਧੂ ਹੋਣ ਨਾਲ ਕੋਈ ਪ੍ਰਯੋਜਨ ਨਹੀਂ, ਮੈਂ ਕੇਵਲ ਰਾਮਾਯਣ ਦੇ ਪ੍ਰਸੰਗ ਦਾ ਤਰਜੁਮਾ ਕੀਤਾ ਹੈ, ਇਸ ਵਿਚ ਆਈ ਕਿਸੇ ਦੀ ਭਲਾਈ ਬੁਰਾਈ, ਸੱਤ ਅਸੱਤ ਦਾ ਮੈਂ ਜ਼ਿੰਮੇਵਾਰ ਨਹੀਂ। ਨਾ ਇਨ੍ਹਾਂ ਵਾਕਿਆਂ ਪਰ ਜੋ ਬਹਿਸਾਂ ਝਗੜੇ ਹਨ ਉਨ੍ਹਾਂ ਨਾਲ ਕੋਈ ਪ੍ਰਯੋਜਨ ਹੈ। ਐਸੇ ਗ੍ਰੰਥ ਗੁਰੂ ਜੀ ਨੇ ਕੇਵਲ ਖਾਲਸੇ ਨੂੰ ਬੀਰ ਰਸ ਸਿਖਾਲਣੇ ਲਈ ਉਲਥਾ ਕੀਤੇ ਯਾ ਕਰਵਾਏ ਸਨ। ਯਥਾ- "ਅਵਰ ਬਾਸਨਾ ਨਾਂਹਿ ਪ੍ਰਭੁ ਧਰਮ ਜੁੱਧ ਕੇ ਚਾਇ।" ਗੁਰੂ ਜੀ ਦਾ ਇਸ਼ਟ ਅਕਾਲ ਪੁਰਖ ਸਭ ਅਵਤਾਰਾਂ ਪਿਛੋਂ

॥ਸ੍ਵੈਯਾ॥ ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ॥ ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ॥ ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥੧੨॥ਦੋਹਰਾ॥ ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ॥ ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥੧੩॥

(ਗੁਰੂ ਜੀ ਦਾ ਆਪਣਾ ਇਸ਼ਟ) ਜਦ ਦੇ (ਅਸਾਂ) ਤੇਰੇ ਚਰਣ ਫੜੇ ਹਨ (ਹੇ ਅਕਾਲ ਪੁਰਖ) ਤਦ ਤੋਂ (ਅਸਾਂ) ਕਿਸੇ ਨੂੰ ਅੱਖ ਹੇਠ ਨਹੀਂ ਆਂਦਾ। ਰਾਮ, ਮੁਹੰਮਦ[1], ਪੁਰਾਨ ਕੁਰਾਨ ਅਨੇਕਾਂ ਹੀ ਕਹੀਦੇ ਹਨ ਮਤ, (ਪਰ ਅਸਾਂ) ਇਕ ਬੀ ਨਹੀਂ ਮੰਨਿਆਂ। ਸਿੰਮ੍ਰਤੀਆਂ, ਸ਼ਾਸਤ੍ਰ, ਸਾਰੇ ਬੇਦ (ਤੇ) ਬਹੁਤ ਭੇਦ ਕਹੀਦੇ ਹਨ (ਉਹਨਾਂ ਦੇ), ਅਸੀਂ ਇਕ ਨੂੰ ਬੀ ਨਹੀਂ ਜਾਣਿਆਂ (ਮੰਨਿਆਂ) ਹੈ[2]। ਹੇ ਖੜਗ ਧਾਰੀ (ਇਹ) ਤੁਹਾਡੀ ਕ੍ਰਿਪਾ ਕਰਕੇ ਹੈ, ਮੈਂ (ਕੁਛ) ਨਹੀਂ ਕਿਹਾ, ਸਭ ਤੁਸਾਂ ਹੀ ਵਖਿਆਨ ਕੀਤਾ ਹੈ॥੧੨॥

ਦੋਹਰਾ

ਸਭ ਦੁਆਰਿਆਂ ਨੂੰ ਛੱਡ ਕੇ (ਮੈਂ) ਆਪ ਦਾ ਦੁਆਰਾ ਫੜਿਆ ਹੈ। ਬਾਂਹ ਫੜੀ ਦੀ ਲਾਜ ਹੈ (ਆਪ ਨੂੰ), ਗੋਬਿੰਦ (ਸਿੰਘ) ਆਪ ਦਾ ਦਾਸ ਹੈ॥੧੩॥

**ਸੂਚਨਾ**

ਰਹਰਾਸਿ ਵਿਚ ਇਥੇ ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਇਕ ਅੰਤਲੀ ਪਉੜੀ ਹੈ। ਜਿਸ ਦਾ ਟੀਕਾ ਇਸੇ ਪੋਥੀ ਵਿਚ ਅਗੇ[3] ਆਵੇਗਾ ਜਿਥੇ ਅਨੰਦ ਦੀ ਸਾਰੀ ਬਾਣੀ ਹੈ। ਅਨੰਦ ਪਦ ਦੀ ਵਯਾਖਯਾ ਵੀ ਉਥੇ ਹੀ ਹੈ।

## ਰਾਮਕਲੀ ਮਹਲਾ ੩ ਅਨੰਦੁ

## ੧ਓ ਸਤਿਗੁਰ ਪ੍ਰਸਾਦਿ॥

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥**

---

੧. ਅ: ਰਹੀਮ=ਰਹਿਮ ਕਰਨ ਵਾਲਾ। ਦਸਮ ਗੁਰੂ ਜੀ ਨੇ ਇਹ ਪਦ ਮੁਹੰਮਦ ਸਾਹਿਬ ਵਾਸਤੇ ਅਕਸਰ ਵਰਤਿਆ ਹੈ। ਸ਼ੈਕਸਪੀਰੀਅਨ ਕੋਸ਼ ਨੇ ਬੀ 'ਰਹੀਮ' ਖ਼ੁਦਾ ਤੇ ਮੁਹੰਮਦ ਦੁਹਾਂ ਦਾ ਵਾਚਕ ਲਿਖਿਆ ਹੈ।

੨. ਐਉਂ ਬੀ ਲਾਉਂਦੇ ਹਨ:- ਪੁਰਾਨ ਤੇ ਕੁਰਾਨ, ਰਾਮ ਤੇ ਰਹੀਮ ਬਾਬਤ ਅਨੇਕਾਂ ਮਤ ਵਰਣਨ ਕਰਦੇ ਹਨ, ਸੋ ਅਸਾਂ ਇਕ ਨਹੀਂ ਮੰਨਿਆ। ਬੇਦ, ਸਿੰਮ੍ਰਤੀਆਂ ਤੇ ਸ਼ਾਸਤ੍ਰ ਸਾਰੇ ਅਨੇਕਾਂ ਮਤ ਦੱਸਦੇ ਹਨ, ਪਰ ਅਸਾਂ ਇਕ ਨੂੰ ਬੀ ਨਹੀਂ ਮੰਨਿਆ।

੩. ਦੇਖੋ ਪੰਨਾ ੧੯੯ ਇਸੇ ਪੋਥੀ ਦਾ।

☞॥ ਤੋਂ ਸ਼ਿਰੋਮਣੀ ਹੈ। ਚੌਬੀਸ ਅਵਤਾਰ ਦੇ ਅਰੰਭ ਵਿਚ ਲਿਖਿਆ ਹੈ- ਜੋ ਚੌਬੀਸ ਅਵਤਾਰ ਕਹਾਏ॥ ਤਿਨ ਬੀ ਤੁਮ ਪ੍ਰਭੁ ਤਨਕ ਨ ਪਾਏ॥ ਸਭ ਹੀ ਜਗ ਭਰਮੇ ਭਵ ਰਾਯੰ। ਤਾਂਤੇ ਨਾਮ ਬਿਅੰਤ ਕਹਾਯੰ॥

 www.sikhbookclub.com

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥ ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥ ਘਰਿ ਤ ਤੇਰੈ ਸਭਿ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥ ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥ ਸਾਚਾ ਨਾਮੁ ਮੇਰਾ ਆਧਾਰੋ॥੪॥ ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥

(ਗੁ:ਗ੍ਰੰ:ਪੰਨਾ ੯੧੭)

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥

(ਗੁ:ਗ੍ਰੰ: ਪੰਨਾ ੯੨੨)

ਮੁੰਦਾਵਣੀ ਮਹਲਾ ੫॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ॥

ਮੁੰਦਾਵਣੀ[1] ਮਹਲਾ ੫॥

ਥਾਲ ਵਿਚ ਤਿੰਨ ਵਸਤਾਂ ਪਈਆਂ ਹਨ, ਸਤ, ਸੰਤੋਖ ਵੀਚਾਰੋ[2], ਠਾਕੁਰ ਪੁਰਖ ਦਾ ਅੰਮ੍ਰਿਤ ਨਾਮ (ਵਿਚ) ਪਇਆ ਹੈ, ਜਿਸ (ਨਾਮ) ਦਾ ਸਭ ਨੂੰ ਆਧਾਰ (ਹੁੰਦਾ) ਹੈ।

੧. ਮੁੰਦਾਵਣੀ ਦਾ ਅਰਥ ਹੈ 'ਬੁਝਾਰਤ'। ਕੋਈ ਗੱਲ ਜੋ ਕਿਸੇ ਸੁਲਝਾਉ ਨਾਲ ਖੁਲ੍ਹੇ। (ਦੇਖੋ ਗੁਰੂ ਗ੍ਰੰਥ ਕੋਸ਼ ਖਾ: ਟ੍ਰੈ: ਸੁਸਾਇਟੀ)। ਮੁੰਦਾਵਣੀ ਦਾ ਬੁਝਾਰਤ ਭਾਵ ਹੈ, ਇਹ ਗੱਲ 'ਸੋਰਠਿ ਵਾਰ ਮ:੩' ਦੇ ਸਲੋਕ 'ਥਾਲੈ ਵਿਚਿ ਤ੍ਰੈ ਵਸਤੂ....' ਵਿਚ ਆਪ ਗੁਰੂ ਜੀ ਨੇ ਦੱਸੀ ਹੈ।

੨. ਤਿੰਨ ਵਸਤਾਂ ਹਨ- ਸਤ, ਸੰਤੋਖ ਤੇ ਅੰਮ੍ਰਿਤ ਨਾਮ। ਵੀਚਾਰੋ ਦਾ ਅਰਥ ਹੈ-ਵੀਚਾਰ ਕਰੋ!

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

(ਗੁ:ਗ੍ਰੰ: ਪੰਨਾ ੧੪੨੯)

(ਏਸ ਥਾਲ ਦੇ ਪਦਾਰਥ ਨੂੰ) ਜੋ ਕੋਈ ਖਾਏ (ਤੇ)ਜੋ ਕੋਈ ਖਾਣ ਦੇ ਅਨੰਦ ਨੂੰ ਧਾਰਨ ਕਰੇ (ਮਾਣੇ)[1] ਉਸ ਦਾ ਉਧਾਰ ਹੁੰਦਾ ਹੈ। ਇਹ ਵਸਤੂ ਛੱਡਣ ਦੇ ਜੋਗ ਨਹੀਂ (ਇਸ ਨੂੰ) ਸਦੀਵ ਹਿਰਦੇ ਵਿਚ ਧਾਰਨ ਕਰਕੇ ਰਖੋ। ਸੰਸਾਰ ਹਨੇਰਾ (ਅਵਿੱਦਜਾ ਰੂਪ ਸਾਗਰ) ਹੈ, ਚਰਨਾਂ ਨੂੰ ਲੱਗ ਕੇ (ਇਸ ਨੂੰ) ਤਰੀਦਾ ਹੈ (ਫਿਰ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ ਉਸਨੂੰ) ਸਾਰਾ ਬ੍ਰਹਮ ਦਾ ਪਸਾਰਾ (ਹੀ ਦਿੱਸਦਾ) ਹੈ, (ਕਹਿੰਦੇ ਹਨ) ਗੁਰੂ ਨਾਨਕ (ਦੇਵ ਜੀ)।

## ਸਲੋਕ ਮਹਲਾ ੫॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਇ ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥ (ਗੁ:ਗ੍ਰੰ: ਪੰਨਾ ੧੪੨੯)

ਸਲੋਕ ਮ:੫॥

(ਹੇ ਮਹਾਰਾਜ!) ਤੇਰਾ ਕੀਤਾ (ਮੈਂ ਕੁਝ) ਨਹੀਂ ਜਾਤਾ, ਮੈਨੂੰ (ਤੂੰ) ਲਾਇਕ ਕੀਤਾ ਹੈ। ਮੈਂ ਗੁਣ ਹੀਨ ਵਿਚ ਕੋਈ ਗੁਣ ਨਹੀਂ, (ਤੈਨੂੰ) ਆਪੇ (ਮੇਰੇ ਤੇ) ਤਰਸ ਪੈ ਗਿਆ ਹੈ। ਤਰਸ ਪਿਆ (ਤਾਂ ਮੇਰੇ ਪਰ) ਕ੍ਰਿਪਾ ਹੋਈ, (ਤਾਂ) ਸਤਿਗੁਰੂ ਸੱਜਣ (ਮੈਨੂੰ) ਮਿਲ ਪਿਆ। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ ਜੀ (ਮੈਨੂੰ) ਨਾਮ ਮਿਲੇ ਤਦ ਜੀਉਂਦਾ ਹਾਂ ਤੇ ਤਨ ਮਨ ਹਰਿਆ ਹੋ ਜਾਂਦਾ ਹੈ।

## ਪਉੜੀ॥

ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥ ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ॥ ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥ ਜਿਨ ਕਉ ਲਗੀ ਪਿਆਸ ਅਮ੍ਰਿਤੁ ਸੇਇ ਖਾਹਿ॥

ਪਉੜੀ।

(ਹੇ ਅਕਾਲ ਪੁਰਖ) ਤੂੰ ਉਥੇ (ਬੀ) ਸਮਰੱਥ ਹੈਂ ਜਿਥੇ ਕੋਈ (ਹੋਰ ਸਮਰਥ) ਨਹੀਂ, ਓਥੇ ਤੇਰੀ (ਵਲੋਂ) ਰੱਖਜਾ (ਹੁੰਦੀ ਹੈ, ਜੈਸਾ ਕਿ) ਪੇਟ ਦੀ ਅਗਨੀ ਵਿਚ। (ਅਤੇ ਜੈਸੇ ਅੰਤ ਸਮੇਂ) ਜਮ ਦੇ ਦੂਤ ਤੇਰੇ ਨਾਮ ਨੂੰ ਸੁਣ ਕੇ ਛੱਡ ਜਾਂਦੇ ਹਨ। ਸੰਸਾਰ (ਰੂਪੀ) ਸਮੁੰਦਰ ਕਠਨ ਅਰ ਅਥਾਹ ਹੈ ਗੁਰੂ ਦੇ ਸ਼ਬਦ ਨਾਲ (ਇਸ ਦੇ) ਪਾਰ ਨੂੰ ਪਾ ਲਈਦਾ ਹੈ। (ਪਰ ਗੁਰੂ ਸ਼ਬਦ ਰੂਪੀ) ਅੰਮ੍ਰਿਤ ਉਹੋ ਖਾਂਦੇ[2] ਹਨ, ਜਿਨ੍ਹਾਂ ਨੂੰ (ਉਸ ਦੀ) ਪਿਆਸ ਲੱਗੇ।

---

੧. (ਸੰਸ:, ਭੁਜ=ਖਾਣਾ, ਭੋਗਣਾ, ਅਨੰਦ ਲੈਣਾ)। ਕਈ ਗਿਆਨੀ ਦੱਸਦੇ ਹਨ ਕਿ ਖਾਣਾ ਹੈ 'ਸੁਣਨਾ' ਤੇ 'ਭੁੰਚਨ' ਹੈ 'ਮਨਨ' ਤੇ 'ਨਿਧਜਾਸਨ'।

੨. ਖਾਂਦੇ ਦਾ ਭਾਵ ਪੀਂਦੇ ਹਨ।


www.sikhbookclub.com

ਕਲ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥ ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ॥ ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥੯॥

(ਗੁ:ਗ੍ਰੰ: ਪੰਨਾ ੯੬੧-੬੨)

ਕਲਜੁਗ ਵਿਚ ਇਹੋ ਪੁੰਨ ਹੈ, ਕਿ ਗੋਬਿੰਦ ਦੇ ਗੁਣ ਵਿਚਾਰੇ ਜਾਣ[੧]। (ਤੂੰ) ਕ੍ਰਿਪਾਲ ਹੈਂ ਸਵਾਸ ਸਵਾਸ ਸਭ ਨੂੰ ਸੰਭਾਲਦਾ ਹੈਂ, ਜੋ[੨] ਕੋਈ ਤੇਰੀ ਸ਼ਰਣ ਆਉਂਦਾ ਹੈ, (ਤਾਂ ਉਹ) ਬਿਰਥਾ ਨਹੀਂ ਜਾਂਦਾ॥੯॥

## ਸਲੋਕੁ ਮ:੫॥

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥੧॥ (ਗੁ:ਗ੍ਰੰ: ਪੰਨਾ ੫੧੭)

ਸਲੋਕੁ ਮਹਲਾ ੫॥

ਹਿਰਦੇ ਵਿਚ ਗੁਰੂ ਨੂੰ ਅਰਾਧਣਾ (ਚਾਹੀਏ), ਜੀਭ ਨਾਲ ਗੁਰੂ ਦੇ (ਸ੍ਰਿਸ਼ਟ) ਨਾਮ ਨੂੰ ਜਪਣਾ (ਚਾਹੀਏ)। ਨੇਤਰਾਂ ਨਾਲ ਸਤਿਗੁਰਾਂ ਦਾ ਦਰਸ਼ਨ ਕਰਨਾ (ਚਾਹੀਏ) ਅਰ ਕੰਨਾਂ ਨਾਲ ਗੁਰੂ ਦਾ ਨਾਮ ਸੁਣਨਾ (ਚਾਹੀਏ)। ਸਤਿਗੁਰੂ ਨਾਲ ਰਚਿਆਂ ਦਰਗਾਹ ਵਿਚ ਥਾਂ ਪਾਈਦੀ ਹੈ। ਕਹਿੰਦੇ ਹਨ (ਗੁਰੂ) ਨਾਨਕ, ਜਿਸ ਨੂੰ ਇਹ ਵਸਤੂ (ਵਾਹਿਗੁਰੂ) ਦੇਂਦਾ ਹੈ (ਉਸ ਤੇ) ਕਿਰਪਾ ਕਰਦਾ ਹੈ। ਜਗਤ ਵਿਚ (ਐਸੇ ਲੋਕ) ਉੱਤਮ ਕਹੀਦੇ ਹਨ[੩] (ਪਰ ਓਹ) ਵਿਰਲੇ ਹਨ ਤੇ ਕੋਈ ਕੋਈ (ਹਨ)॥੧॥

## ਮ:੫॥

ਰਖੇ ਰਖਣਹਾਰਿ ਆਪਿ ਉਬਾਰਿਅਨੁ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ॥ ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ॥ ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ॥ ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ॥ ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥੨॥ (ਗੁ:ਗ੍ਰੰ: ਪੰਨਾ ੫੧੭-੧੮)

ਮ:੫॥

ਰੱਖ ਲਏ ਹਾਂ (ਅਸੀਂ) ਰੱਖਣਹਾਰ ਨੇ, ਆਪ ਉਬਾਰ ਲੀਤਾ ਹੈ ਸੂ (ਸਾਨੂੰ) ਤੇ ਗੁਰੂ ਦੀ ਪੈਰੀਂ ਪਾ ਕੇ ਕਾਜ ਸਵਾਰ ਦਿਤਾ ਹੈ ਸੂ। ਆਪ ਦਿਆਲ ਹੋਇਆ (ਸਾਡੇ ਉਤੇ ਤੇ ਸਾਨੂੰ) ਮਨੋਂ ਨਹੀਂ ਭੁਲਾਇਆ ਸੂ, ਸਾਧੂ ਜਨਾਂ (ਦੀ) ਸੰਗਤ ਦਵਾਰਾ ਭਉਜਲ ਤੋਂ (ਸਾਨੂੰ) ਤਾਰ ਲਿਆ ਸੂ। ਸਾਕਤ ਨਿੰਦਕ ਦੁਸ਼ਟ ਪਲ ਵਿਚ ਨਾਸ਼ ਕਰ ਦਿੱਤੇ ਸੂ, (ਕਹਿੰਦੇ ਹਨ ਗੁਰੂ) ਨਾਨਕ (ਸਾਨੂੰ) ਉਸ ਮਾਲਕ ਦੀ ਟੇਕ ਹੈ (ਅਪਣੇ) ਮਨ ਵਿਚ, ਜਿਸ ਦੇ ਸਿਮਰਨ ਕਰਕੇ ਸੁਖ ਹੁੰਦਾ ਹੈ (ਤੇ) ਸਾਰੇ ਦੁਖ ਚਲੇ ਜਾਂਦੇ ਹਨ॥੨॥

---

੧. ਗਾਹਿ=ਖਿਲੋਵਨਾ, ਰਿੜਕਣਾ, ਗਾਹ ਪਾਉਣਾ=ਖੋਜਣਾ, ਵਿਚਾਰਣਾ।

੨. 'ਜਿ' ਦਾ ਅਰਥ 'ਜੋ' ਵੀ ਕਰਦੇ ਹਨ।

੩. ਕਾਢੀਅਹਿ=ਕੱਢੀਦੇ ਹਨ, ਚੁਣੀਦੇ ਹਨ, ਕਹੀਦੇ ਹਨ।

# ਕੀਰਤਨ ਸੋਹਿਲਾ[1]

ਸੋਹਿਲਾ ਰਾਗੁ ਗਉੜੀ ਦੀਪਕੀ ਮ:੧

ੴ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ਰਹਾਉ॥

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥

ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਗੁਣਾਨੁਵਾਦ ਦਾ ਮੰਗਲਮਯ ਗੀਤ[1]। ਇਹ ਸ਼ਬਦ ਗਉੜੀ ਦੀਪਕੀ ਰਾਗ ਵਿਚ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਤ ਹੈ।

ਜਿਸ ਘਰ ਵਿਚ[2] ਕੀਰਤਨ ਕਰੀਦਾ ਹੋਵੇ (ਤੇ) ਕਰਤਾਰ ਦਾ ਵਿਚਾਰ ਹੁੰਦਾ ਹੋਵੇ, ਉਸ ਘਰ ਵਿਚ (ਵਾਹਿਗੁਰੂ ਦਾ) ਸੋਹਿਲਾ[3] ਗਾਵੋ (ਅਰ) ਸਿਰਜਣਹਾਰ ਨੂੰ ਸਿਮਰੋ॥੧॥

ਤੁਸੀਂ ਮੇਰੇ ਨਿਰਭਉ (ਅਕਾਲ ਪੁਰਖ) ਦਾ ਜਸ ਗਾਵੋ, ਮੈਂ ਵਾਰਨੇ ਜਾਵਾਂ, (ਐਸਾ) ਜਸ (ਗਾਵੋ) ਜਿਸ ਕਰਕੇ ਸਦਾ ਦਾ ਸੁਖ ਹੋਵੇ॥ਰਹਾਉ॥

(ਦੇਖ, ਕਰਤਾਰ ਵਲੋਂ) ਸਦਾ ਸਦਾ ਜੀਵਾਂ ਦੀ ਸੰਭਾਲ ਹੁੰਦੀ ਹੈ (ਤੈਨੂੰ ਬੀ) ਦੇਵਣਹਾਰ (ਕਰਤਾਰ) ਦੇਖੇਗਾ (ਭਾਵ ਸੰਭਾਲੀ ਰਖੇਗਾ)। (ਜਦ) ਤੇਰੇ (ਹੇ ਕਰਤਾ) ਦਾਨ ਦੀ ਕੀਮਤ ਨਹੀਂ ਲੱਭੀ ਜਾ ਸਕਦੀ (ਤਦ) ਤਿਸ (ਦਾਨ ਦੇ) ਦਾਤੇ (ਹੇ ਪ੍ਰਭੂ! ਤੇਰੀ ਕੀਮਤ) ਕਉਣ ਸ਼ੁਮਾਰ (ਕਰ ਸਕਦਾ ਹੈ[4])॥੨॥

(ਵਿਆਹ ਦਾ) ਸਾਹਿਆ (ਤੇ ਸਾਹੇ[5] ਦਾ) ਸੰਮਤ ਲਿਖਿਆ ਹੋਇਆ ਹੈ, (ਸੋ ਹੇ ਸੰਤੋ!)

---

੧. ਇਸ ਬਾਣੀ ਦਾ ਨਾਮ ਗੁਰਬਾਣੀ ਵਿਚ 'ਸੋਹਿਲਾ' ਹੈ, ਅਰਥਾਤ ਮੰਗਲ ਦਾ ਗੀਤ। ਇਸ ਨੂੰ ਆਮ ਬੋਲਚਾਲ ਵਿਚ 'ਕੀਰਤਨ ਸੋਹਿਲਾ' ਤੇ 'ਆਰਤੀ ਸੋਹਿਲਾ' ਬੀ ਕਹਿੰਦੇ ਹਨ। ਇਹ ਨਿਤਨੇਮ ਦੀ ਬਾਣੀ ਹੈ, ਰਾਤ ਨੂੰ ਸੌਣ ਤੋਂ ਪਹਿਲਾਂ ਇਸ ਦਾ ਪਾਠ ਕਰੀਦਾ ਹੈ। ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਜੀ ਦਾ ਅਸਵਾਰਾ ਕਰਨ ਵੇਲੇ ਬੀ ਇਸ ਦਾ ਪਾਠ ਹੁੰਦਾ ਹੈ। ਇਹ ਬੀ ਮਰਿਯਾਦਾ ਹੈ ਕਿ ਪ੍ਰਾਣੀ ਦਾ ਦਾਹ ਕਰਨ ਮਗਰੋਂ ਇਸ਼ਨਾਨ ਆਦਿ ਕਰਕੇ ਕਿਸੇ ਗੁਰਦੁਆਰੇ ਯਾ ਸੁੱਛ ਥਾਂਵੇਂ ਬੈਠ ਕੇ ਸੋਹਿਲੇ ਦਾ ਪਾਠ ਕਰਦੇ ਹਨ। ੨. ਘਰਿ=ਮਕਾਨ ਵਿਚ, ਸਤਿਸੰਗ ਵਿਚ, ਹਿਰਦੇ ਵਿਚ।

੩. ਮੰਗਲ ਸਮੇਂ ਦੇ ਗੀਤ ਯਾ ਜਸ ਦੇ ਗੀਤ ਨੂੰ 'ਸੋਹਿਲਾ' ਕਹਿੰਦੇ ਹਨ ਇਥੇ ਭਾਵ ਹੈ ਗੁਣਾਨੁਵਾਦ ਦਾ ਮੰਗਲਮਯ ਗੀਤ।

੪. ਪਹਿਲੇ 'ਤੇਰੇ' ਤੇ 'ਤਿਸ' ਪਿਆ ਹੋਣ ਕਰਕੇ ਇਸ ਦੇ ਅਰਥ ਐਉਂ ਬੀ ਕਰਦੇ ਹਨ-(ਤੇਰੇ ਕੋਲੋਂ ਹੇ ਜੀਵ ਉਸ ਦੇ) ਦਾਨ ਦਾ ਮੁੱਲ ਨਹੀਂ ਪੈ ਸਕਦਾ (ਫੇਰ) ਉਸ ਦਾਤੇ ਦਾ ਕੀ ਸ਼ੁਮਾਰ ਹੈ? ਤੁਕ ਦਾ ਭਾਵ ਇਹੋ ਹੈ ਕਿ ਜੀਵ ਉਸ ਦੀਆਂ ਦਾਤਾਂ ਦੀ ਕੀਮਤ ਨਹੀਂ ਪਾ ਸਕਦਾ। ਦਾਤਾ ਤਾਂ ਹੈ ਹੀ ਬਿਅੰਤ, ਉਸ ਦਾ ਅੰਤ ਕੌਣ ਪਾ ਸਕਦਾ ਹੈ। ਯਥਾ- 'ਦਾਨੈ ਕੀਮਤਿ ਨਾ ਪਵੈ ਦਾਤੈ ਕਉਣੁ ਸੁਮਾਰੁ ਵਖਾਣੈ॥ (ਭਾ: ਗੁਰਦਾਸ ਵਾ: ੧੫-੧੫)। ੫. ਵਿਆਹ ਵਾਲਾ ਦਿਨ ਤੇ ਵਿਆਹ ਵਾਲਾ ਵਕਤ।

ਨੋਟ- ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨-੧੩ ਤੇ ਹੈ।

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥੧॥ (ਗੁ:ਗ੍ਰੰ: ਪੰਨਾ ੧੨)

## ਰਾਗੁ ਆਸਾ ਮਹਲਾ ੧॥

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥੧॥

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥

ਮਿਲ ਕੇ ਤੇਲ[1] ਪਾਵੋ; (ਅਤੇ) ਹੇ ਸਜਣੋਂ! (ਐਸੀਆਂ) ਅਸੀਸਾਂ ਦੇਵੋ ਕਿ ਜਿਸ ਕਰਕੇ ਸੁਆਮੀ ਨਾਲ ਮੇਲ ਹੋਵੇ[2]॥੩॥

(ਜੋ) ਨਿੱਤ ਸੱਦੇ ਪੈ ਰਹੇ ਹਨ ਇਹੋ ਘਰ ਘਰ ਵਿਚ ਪਹੁੰਚਾ (ਪਹੁੰਚ ਰਿਹਾ ਹੈ), ਸੱਦਣ ਵਾਲੇ ਨੂੰ ਸਿਮਰੋ, ਓਹ ਦਿਨ (ਸਾਹੇ ਦੇ) ਆ ਰਹੇ ਹਨ[3] (ਕਹਿੰਦੇ ਹਨ ਗੁਰੂ) ਨਾਨਕ (ਦੇਵ)॥੪॥੧॥

## ਆਸਾ ੫:੧

ਛੀ ਸਾਸ਼ਤ੍ਰ, ਛੀ (ਉਨ੍ਹਾਂ ਦੇ) ਰਚਣਹਾਰੇ[4], ਛੀ (ਉਨ੍ਹਾਂ ਦੇ) ਉਪਦੇਸ਼ ਹਨ, (ਪਰ) ਗੁਰਾਂ ਦਾ ਗੁਰੂ (ਅਕਾਲ ਪੁਰਖ) ਇਕੋ ਹੈ, (ਉਸ ਦੇ) ਵੇਸ ਅਨੇਕ ਹਨ॥੧॥

ਹੇ ਭਾਈ! ਜਿਸ ਘਰ (ਸ਼ਾਸਤ੍ਰ ਯਾ ਮਤ) ਵਿਚ (ਉਸ) ਕਰਤੇ (ਪੁਰਖ) ਦੀ ਕੀਰਤੀ ਹੋਵੇ, ਉਸ ਘਰ ਨੂੰ ਰੱਖ (ਧਾਰਨ ਕਰ, ਮੰਨ ਕਿਉਂਕਿ ਇਸੇ ਵਿਚ) ਤੇਰੀ ਵਡਿਆਈ ਹੈ[5]॥੧॥ਰਹਾਉ॥

(ਜਿਕੁਰ) ਵਿਸ਼ਿਆਂ, ਚਸਿਆਂ, ਘੜੀਆਂ ਪਹਿਰਾਂ, ਥਿਤਾਂ (ਤੇ) ਵਾਰਾਂ ਨਾਲ ਮਹੀਨਾ॥੧॥

---

੧ 'ਸਨੇਹ' ਦੇ ਦੋ ਅਰਥ ਹਨ ਪ੍ਰੇਮ ਤੇ ਤੇਲ, ਇਸੇ ਕਰਕੇ ਅਕਸਰ ਦਾਨੇ ਤੇਲ ਨੂੰ ਸਨੇਹ ਸਮਝ ਕੇ ਤੇਲ ਦਾ ਅਰਥ ਪ੍ਰੇਮ ਵੀ ਲਾ ਲੈਂਦੇ ਹਨ। ਭਾਵ ਕਿ ਮੈਨੂੰ ਪ੍ਰੇਮ ਦਾਨ ਕਰੋ। ਕਈ ਵੈਰਾਗ ਨੂੰ ਬੀ ਤੇਲ ਦਾ ਭਾਵ ਦੱਸਦੇ ਹਨ। ਉਂਵ ਤੇਲ ਚਾੜ੍ਹਨਾ ਇਕ ਰਸਮ ਹੈ ਜੋ ਵਿਆਹ ਤੋਂ ਪਹਿਲਾਂ ਕਰੀਦੀ ਹੈ।

੨. ਭਾਵ, ਮੌਤ ਦਾ ਦਿਨ ਨਿਯਤ ਹੈ। ਹੁਣ ਸੰਤਾਂ ਅਗੇ ਬੇਨਤੀ ਹੈ ਕਿ ਤੁਸੀਂ ਪ੍ਰੇਮ ਦਾ ਤੇਲ ਚਾੜ੍ਹੋ ਤੇ ਨਾਲ ਅਸੀਸਾਂ ਦੇਵੋ ਜੋ ਹੱਬ ਜੀ ਨਾਲ ਵਿਆਹ ਹੋ ਜਾਵੇ। ਭਾਵ ਮੌਤ ਵਿਛੋੜੇ ਦਾ ਰੂਪ ਲੈ ਕੇ ਨਾ ਆਵੇ ਪਰ ਉਹ ਮਾਂਈਂ ਨਾਲ ਮੇਲ ਦਾ ਅਵਸਰ ਬਣੇ।

੩. ਭਾਵ ਇਹ ਕਿ ਨਿੱਤ ਦੇ ਸੱਦੇ ਜੋ ਪੈ ਰਹੇ ਹਨ, ਅਰਥਾਤ ਲੋਕੀਂ ਮਰ ਰਹੇ ਹਨ, ਇਹੋ ਪਹੋਚਾ ਹੈ ਕਿ ਸਾਹੇ ਦੇ ਦਿਨ ਪਰ ਤੁਸਾਂ ਬੀ ਪਹੁੰਚਣਾ ਹੋਵੇਗਾ। ਜਦ ਸੱਦਾ ਮਿਲ ਗਿਆ ਹੈ, ਤਦ ਤੁਸੀਂ ਤਯਾਰੀ ਕਰੋ। ਤਿਆਰੀ ਇਹ ਹੈ, ਕਿ ਸੱਦਣਹਾਰੇ ਨੂੰ ਸਿਮਰੋ, ਇਸ ਤੋਂ ਪਹਿਲੇ ਕਿ ਉਹ ਸਾਹੇ ਦੇ ਦਿਨ ਆਉਣ, ਅਰਥਾਤ ਇਹ ਕਿ ਮੌਤ ਤੋਂ ਪਹਿਲੇ ਪਹਿਲੇ ਭਜਨ ਕਰ ਲਓ। ਇਉਂ ਬੀ ਅਰਥ ਕਰਦੇ ਹਨ:- ਕਿ ਦਿਨ ਰਾਤ ਬਦਲਨਾ ਦੋ ਸੱਦੇ ਪੈ ਰਹੇ ਹਨ, ਇਹੋ ਪਹੁੰਚਾ ਘਰ ਘਰ ਵਿਚ ਹੋ ਰਿਹਾ ਹੈ। ਅਥਵਾ ਘਰਿ ਘਰਿ=ਸ਼ਾਸਤ੍ਰ ਜਾਂ ਧਰਮ ਪੁਸਤਕਾਂ ਦੇ ਵਿਚ ਇਹੋ ਸੱਦੇ ਪੈ ਰਹੇ ਹਨ ਕਿ ਹੇ ਜੀਵ ਰਾਜਾਨ ਨੂੰ ਪਹੁੰਚ; 'ਪਹੋਚਾ' ਯਾ 'ਪਹੁੰਚਾ' ਇਕ ਰਸਮ ਸੀ ਕਿ ਲਾਗੀ ਮੌਲੀ ਦਾ ਅੱਟਾ ਦੇ ਕੇ ਲੋਕਾਂ ਨੂੰ ਸੱਦਾ ਦੇਂਦੇ ਕਿ ਫਲਾਣੇ ਦਿਨ ਵਿਆਹ ਤੇ ਪਹੁੰਚੋ। ਨਿਜ ਦੇ ਸੰਬੰਧੀਆਂ ਨੂੰ ਨਾਲ ਭਾਜੀ ਬੀ ਜਾਂਦੀ ਸੀ। ਭਾਵ ਵਿਆਹ ਦੇ ਸੱਦੇ ਤੋਂ ਹੈ। ਲਹਿੰਦੇ ਵਲ ਸਾਹੇ ਚਿੱਠੀ ਦੇ ਨਾਲ ਕੁਛ ਸ਼ੈ ਧੀ ਵਾਲੇ ਘਰ ਘੱਲਦੇ ਹਨ ਉਸ ਨੂੰ 'ਭੋਚਾ' ਕਹਿੰਦੇ ਹਨ।

੪. ਛੇ ਸ਼ਾਸਤ੍ਰਾਂ ਦੇ ਕਰਤਾ ਏਹ ਹਨ:- (੧) ਨਯਾਯ ਦਾ ਗੌਤਮ, (੨) ਵਿਸ਼ੇਸ਼ਕ ਦਾ ਕਣਾਦ, (੩) ਸਾਂਖ ਦਾ ਕਪਿਲ, (੪) ਯੋਗ ਦਾ ਪਤੰਜਲ, (੫) ਵੇਦਾਂਤ ਦਾ ਵਯਾਸ, (੬) ਮੀਮਾਂਸਾ ਦਾ ਜੈਮਨੀ।

੫. ਗੁਰੂ ਜੀ ਆਪਣਾ ਸਿਧਾਂਤ ਦੱਸਦੇ ਹਨ ਕਿ ਸਾਈਂ ਦੀ ਸਿਫਤ ਸਲਾਹ ਵਾਲਾ (ਪ੍ਰੇਮ ਮਾਰਗ) ਸਭ ਤੋਂ ਸ੍ਰੇਸ਼ਟ ਹੈ।

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥੨॥
(ਗੁ:ਗ੍ਰੰ: ਪੰਨਾ ੧੨)

ਰਾਗੁ ਧਨਾਸਰੀ ਮਹਲਾ ੧॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥

ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥

ਬਣਿਆ ਹੈ[1]; (ਫੇਰ) ਅਨੇਕ ਰੁੱਤਾਂ (ਬਣੀਆਂ ਹਨ ਪਰ ਸਭਨਾਂ ਦਾ ਕਾਰਣ) ਇਕੋ ਸੂਰਜ ਹੈ, (ਤਿਵੇਂ ਇਕ) ਕਰਤਾਰ ਦੇ ਅਨੇਕ ਵੇਸ ਹਨ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ)॥੨॥

ਪਨਾ: ਮ:੧

(ਕੁਦਰਤ ਦੀ ਆਰਤੀ) ਅਕਾਸ਼ ਰੂਪ ਥਾਲ ਹੈ, ਸੂਰਜ ਚੰਦ ਦੀਵੇ ਬਣੇ ਹਨ, ਤਾਰਿਆਂ ਦਾ ਮੰਡਲ ਮਾਨੋ[2] ਮੋਤੀ ਹਨ। ਮਲਜ ਪਰਬਤ ਦੀ (ਸੁਗੰਧਿਤ) ਵਾਯੂ[3] ਧੂਪ (ਹੈ ਮਾਨੋ), ਪੌਣ (ਮਾਨੋਂ) ਚੌਰ ਕਰਦੀ ਹੈ, ਸਾਰੀ ਬਨਾਸਪਤੀ ਹੇ ਜੋਤੀ (ਰੂਪ ਅਕਾਲ ਪੁਰਖ!)ਤੇਰੇ ਫੁੱਲ ਹਨ[4]॥੧॥

ਹੇ ਭਉ ਦੂਰ ਕਰਨੇ ਵਾਲੇ! ਕਿਹੋ ਜਿਹੀ (ਹੋਰ) ਤੇਰੀ ਆਰਤੀ ਹੋਵੇ, ਤੇਰੀ (ਇਸ ਕੁਦਰਤੀ) ਆਰਤੀ ਲਈ ਅਨਾਹਦ ਸ਼ਬਦ (ਰੂਪ) ਭੇਰੀ (ਆਦਿ ਵਾਜੇ) ਵੱਜ ਰਹੇ ਹਨ॥੧॥ਰਹਾਊ॥

ਹਜ਼ਾਰਾਂ (ਹੀ) ਤੇਰੇ ਨੇਤ੍ਰ ਹਨ, ਪਰ ਕੋਈ ਤੇਰਾ ਨੇਤ੍ਰ ਨਹੀਂ[5], ਹਜ਼ਾਰਾਂ ਤੇਰੀਆਂ ਮੂਰਤੀਆਂ ਹਨ, (ਫੇਰ) ਇਕ ਬੀ ਨਹੀਂ। ਹਜ਼ਾਰਾਂ ਤੇਰੇ ਨਿਰਮਲ ਪੈਰ ਹਨ (ਫੇਰ) ਇਕ ਬੀ ਨਹੀਂ ਤੇਰਾ ਪੈਰ। ਨਾਸਕਾਂ ਤੋਂ ਤੂੰ ਬਿਨਾਂ ਹੈਂ, (ਫੇਰ) ਹਜ਼ਾਰਾਂ ਤੇਰੀਆਂ ਨਾਸਕਾਂ[6] ਹਨ, ਇਉਂ (ਦੇ ਤੇਰੇ) ਚਰਿੱਤ੍ਰਾਂ ਨਾਲ (ਮੈਂ) ਮੋਹੀ ਗਈ ਹਾਂ[7]॥੨॥

---

੧. ਅਥਵਾ ਹੋਆ=ਨਾਮ ਬਰਸਦਾ ਹੈ। (ਸੰਸ:, ਹਾਯਨ=ਵਰਹਾ) ਭਾਵ ਇਕ ਸੂਰਜ ਤੋਂ ਬਰਸ, ਮਹੀਨੇ, ਥਿਤਾਂ, ਵਾਰ, ਪਹਿਰ, ਘੜੀਆਂ, ਚਸੇ ਵਿਸੇ ਹਨ ਤੇ ਜਿਵੇਂ ਉਸ ਇਕੋ ਤੋਂ ਰੁਤ ਦੀ ਅਨੇਕਤਾਈ ਹੈ ਤਿਵੇਂ ਕਰਤਾਰ ਦੇ ਅਨੇਕ ਵੇਸ ਹਨ। ਪੰਦਰਾਂ ਵਾਰ ਅੱਖ ਫਰਕਨਾ ਵਿਸਾ ਹੈ। ਪੰਦ੍ਰਾਂ ਵਿਸੇ ਦਾ ਇਕ ਚਸਾ। ੩੦ ਚਸੇ ਦਾ ਇਕ ਪਲ। ੬੦ ਪਲ ਦੀ ੧ ਘੜੀ, ੭॥ ਘੜੀ ਦਾ ਪਹਰ, ਚਾਰ ਪਹਰ ਦਾ ਵਾਰ ਯਾ ਥਿਤਿ।

੨. ਜਨਕ=ਜਾਣੋਂ, ਮਾਨੋਂ। ਕਈ, ਜਨਕ ਦਾ 'ਜੜੇ ਹੋਏ' ਬੀ ਅਰਥ ਕਰਦੇ ਹਨ।

੩. ਮਲਜਾਨਲੋ =ਮਲਜ + ਅਨਲ =ਮਲਜ ਪਹਾੜ ਦੀ ਸੁਗੰਧਿਤ ਵਾਯੂ।

੪. ਅਥਵਾ, ਸਾਰੀ ਬਨਾਸਪਤੀ (ਮਾਨੋ) ਫੁੱਲ ਖਿੜ ਰਹੇ ਹਨ।

੫. ਨਿਰਗੁਣ ਰੂਪ ਕਰਕੇ ਕੋਈ ਅੰਗ ਨਹੀਂ, ਪਰ ਕਰਤਾ, ਪਾਲਕ, ਸਿਖ੍ਯਾ ਦਾਤਾ, ਅੰਤਰਯਾਮੀ ਤੇ ਵ੍ਯਾਪਕ ਆਦਿ ਹੋਣ ਕਰਕੇ ਉਸ ਨੂੰ ਸਾਰੇ ਗ੍ਯਾਨ ਹਨ। ਜੋ ਸਾਨੂੰ ਇੰਦ੍ਰਿਆਂ ਦੁਆਰੇ ਹੁੰਦੇ ਹਨ ਉਸ ਨੂੰ ਸ੍ਵਤੇ ਹਨ। ਸੋ ਓਹ ਮਾਨੋ ਹਜਾਰਾਂ ਐਸੇ ਇੰਦ੍ਰਿਆਂ ਵਾਲਾ ਹੈ। ਅਕਸਰ ਗ੍ਯਾਨੀ ਉਸ ਦੇ ਵਿਰਾਟ ਸਰੂਪ ਨੂੰ ਇੰਦ੍ਰੈ ਯੁਕਤ ਤੇ ਨਿਰਗੁਣ ਸਰੂਪ ਨੂੰ ਇੰਦ੍ਰੈ ਰਹਤ ਦੱਸਦੇ ਹਨ, ਪਰ ਵਿਰਾਟ ਬ੍ਰਹਮ ਦਾ ਸਰੂਪ ਮੰਨਿਆ ਗਿਆ ਹੈ। ਪਰ ਗੁਰੂ ਜੀ ਇਥੇ ਉਸ ਨੂੰ ਜ੍ਯੋਤੀ ਸਰੂਪ ਕਹਿ ਰਹੇ ਹਨ। ਸੋ ਉਹ ਹੈ ਨਿਰਗੁਣ ਤੇ ਉਹੀ ਹੈ ਸਰਗੁਣ।

੬. ਗੰਧ=ਸੁਘਨ ਵਾਲਾ ਅੰਗ-ਨਾਸਕਾ, ਨਾਸਾਂ। ੭. ਅਥਵਾ, (ਮੇਰੀ ਬੁੱਧੀ) ਮੋਹੀ ਗਈ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥

(ਗੁ:ਗ੍ਰੰ: ਪੰਨਾ ੧੩)

ਸਭਨਾਂ (ਪ੍ਰਕਾਸ਼ਵਾਨਾਂ) ਵਿਚ ਜੋ ਜੋਤਿ ਹੈ ਸੋ (ਤੇਰੀ ਹੀ) ਜੋਤਿ ਹੈ (ਹੇ ਪਰਮੇਸ਼ੁਰ ਜੀ![1] ਉਸ (ਤੇਰੀ ਜੋਤਿ) ਦੇ ਚਾਨਣੇ ਕਰਕੇ ਸਭ ਵਿਚ ਚਾਨਣਾ ਹੋ ਰਿਹਾ ਹੈ। (ਪਰ ਉਹ) ਜੋਤਿ ਗੁਰਾਂ ਦੀ ਸਾਖੀ (ਉਪਦੇਸ਼)[2] ਦੁਆਰਾ ਪ੍ਰਗਟ ਹੁੰਦੀ ਹੈ। (ਤਾਂ ਤੇ) ਜੋ ਉਸ ਨੂੰ ਭਾਵੇ ਆਰਤੀ ਓਹੋ ਹੈ॥੩॥

(ਹੇ) ਹਰੀ (ਆਪ ਦੇ) ਚਰਨਾਂ ਕਵਲਾਂ ਦੇ ਮਕਰੰਦ[3] (ਰਸ) ਦਾ ਲੁਭਾਇਮਾਨ ਹੋ ਰਿਹਾ ਹੈ (ਮੇਰਾ) ਮਨ, (ਤੇ) ਰਾਤ ਦਿਨ ਹੀ ਮੈਨੂੰ (ਇਸ ਦੀ) ਪਯਾਸ ਲੱਗੀ ਰਹਿੰਦੀ ਹੈ। ਪਪੀਹੇ (ਵਰਗੇ ਪ੍ਰੇਮੀ) ਨਾਨਕ ਨੂੰ ਕ੍ਰਿਪਾ ਦਾ ਜਲ ਦੇਹ, ਜਿਸ ਕਰਕੇ ਤੇਰੇ ਨਾਮ ਵਿਚ ਨਿਵਾਸ ਹੋ ਜਾਵੇ॥੪॥੩॥

ਰਾਗੁ ਗਉੜੀ ਪੂਰਬੀ ਮਹਲਾ ੪॥

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥ ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੇ॥੧॥ਰਹਾਉ॥

ਗਉ: ਪੂ: ਮ:੪

ਸਰੀਰ ਕਾਮ ਕ੍ਰੋਧ ਨਾਲ ਬਹੁਤ ਭਰਿਆ ਹੋਇਆ ਸੀ, ਸਾਧੂ ਨਾਲ ਮਿਲ ਕੇ (ਕਾਮ ਕ੍ਰੋਧ) ਸਾਰਾ ਹੀ ਦੂਰ ਕਰ ਦਿਤਾ ਹੈ[4]। ਪੂਰਬ ਲਿਖਤ ਦੇ ਲਿਖੇ ਅਨੁਸਾਰ ਗੁਰੂ ਪ੍ਰਾਪਤ ਹੋਇਆ ਹੈ (ਜਿਸ ਦੀ ਮਿਹਨਤ ਨਾਲ) ਮਨ ਵਿਚ ਹਰੀ ਦੀ ਲਿਵ ਨੂੰ ਭਲੀ ਪ੍ਰਕਾਰ ਇਸਥਿਤ ਕੀਤਾ ਹੈ[5]॥੧॥

ਸੰਤਾਂ ਅਗੇ ਅੰਜੁਲੀ[6] ਕਰ (ਇਹ) ਵੱਡਾ ਪੁੰਨ ਹੈ। (ਉਹਨਾਂ ਅਗੇ) ਡੰਡਉਤ[7] ਕਰ (ਇਹ) ਵੱਡਾ ਪੁੰਨ ਹੈ॥੧॥ਰਹਾਉ॥

---

੧. ਅਥਵਾ; ਹੇ ਜੋਤੀ! ਓਹ (ਤੇਰੀ) ਜੋਤਿ ਸਭ ਵਿਚ ਹੈ।

੨. ਸੰਪ੍ਰਦਾਈ ਅਰਥ ਸ਼ਿਖ੍ਯਾ ਤੇ ਉਪਦੇਸ਼ ਹਨ। ਸਾਖੀ=ਸਾਕਸ਼ੀ ਦਾ ਅਰਥ ਅੱਖਾਂ ਨਾਲ ਦੇਖਣ ਵਾਲਾ, ਦੇਖਣਾ ਤੇ ਦ੍ਰਿਸ਼ਟੀ ਹੈ। ਸੋ ਭਾਵ ਹੈ ਗੁਰੂ ਦੀ ਬਖਸ਼ੀ ਦ੍ਰਿਸ਼ਟੀ ਨਾਲ।

੩. ਫੁਲਾਂ ਦੀਆਂ ਇਕ ਤੁਰੀਆਂ ਦੇ ਉਪਰ ਪ੍ਰਾਗ ਹੁੰਦਾ ਹੈ, ਦੂਸਰੀਆਂ ਦੇ ਵਿਚ ਮਿੱਠਾ ਰਸ ਹੁੰਦਾ ਹੈ। ਉਸਨੂੰ ਮਕਰੰਦ ਆਖਦੇ ਹਨ। ਮੁਰਾਦ ਹੈ ਵਾਹਿਗੁਰੂ ਦੇ ਧਿਆਨ ਵਿਚ ਜੁੜਿਆਂ ਜੋ ਰਸ ਆਉਂਦਾ ਹੈ।

੪. ਖੰਡਲ ਖੰਡਾ ਹੇ-ਟੋਟੇ ਟੋਟੇ ਕੀਤਾ ਹੈ, (ਅ) (ਖੰਡਲ=) ਸਾਰਾ ਹੀ ਟੁੱਟ ਗਿਆ ਹੈ।

੫. ਭਾਵ, ਮਨ ਵਿਚ ਕਾਮ ਕ੍ਰੋਧ ਭਰੇ ਪਏ ਸਨ ਓਹ ਓਥੋਂ ਭੰਨ ਤੋੜ ਕੇ ਦੂਰ ਕੀਤੇ ਤੇ ਉਸਦੀ ਥਾਵੇਂ ਹਰੀ ਦੀ ਲਿਵ ਨੂੰ ਸਜਾ ਫਬਾ ਕੇ ਭਾਵ ਭਲੀ ਪ੍ਰਕਾਰ ਟਿਕਾ ਦਿਤਾ ਹੈ। ਖੰਡਲ ਖੰਡਾ=ਤੋੜ ਭੰਨ ਕੇ ਦੂਰ ਕਰਨਾ; ਮੰਡਲ ਮੰਡਾ=ਸਜਾ ਫਬਾ ਕੇ ਟਿਕਾਉਣਾ। (ਅ) ਮੰਡਲ ਦਾ ਅਰਥ ਟਿਕਾਣਾ ਹੈ। ਮਨ ਵਿਚ 'ਹਰੀ ਲਿਵ' ਦਾ ਟਿਕਾਣਾ ਬਣਾ ਦਿਤਾ ਹੈ।

੬. ਅੰਜੁਲੀ=ਦੁਇ ਹੱਥਾਂ ਨੂੰ ਐਉਂ ਮੇਲਣਾ ਹੈ ਕਿ ਬੁੱਕ ਜਿਹਾ ਬਣੇ, ਜਿਸ ਨੂੰ ਉਠਾਕੇ ਸਿਰ ਤਕ ਲੈ ਜਾਣਾ; ਐਸਾ ਕਰਨਾ ਬੜਾ ਸਤਿਕਾਰ ਕਰਨਾ ਹੁੰਦਾ ਹੈ।

੭. ਡੰਡਉਤ=ਡੰਡੇ ਵਤ ਲੰਮਾ ਪੈਕੇ ਮੱਥਾ ਟੇਕਣਾ।

ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮ ਕਾਲੁ ਸਹਹਿ ਸਿਰਿ ਡੰਡਾ ਹੇ॥੨॥

ਸਾਕਤਾਂ[1] ਨੇ ਹਰਿ ਰਸ ਦਾ ਸਵਾਦ ਨਹੀਂ ਜਾਤਾ, (ਕਿਉਂਕਿ) ਉਹਨਾਂ ਦੇ ਅੰਦਰ ਹਉਮੈ ਦਾ ਕੰਡਾ ਹੈ। ਜਿਉਂ ਜਿਉਂ (ਉਹ ਆਪਣੇ ਹਉਮੈ ਦੇ ਕਰਮਾਂ ਵਿਚ ਅਗਾਹਾਂ) ਤੁਰਦੇ ਹਨ, (ਕੰਡਾ ਚੁਭਦਾ ਹੈ (ਉਹ) ਦੁਖ ਪਾਉਂਦੇ ਹਨ (ਤੇ ਅੰਤ ਨੂੰ) ਜਮ ਕਾਲ ਦਾ ਡੰਡਾ ਸਿਰ ਉਤੇ ਸਹਿੰਦੇ ਹਨ[2]॥੨॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ
ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥

(ਪਰ) ਹਰੀ ਦੇ ਜਨ ਹਰਿ ਹਰਿ ਨਾਮ ਵਿਚ ਸਮਾਏ (ਰਹਿੰਦੇ ਹਨ, ਉਹਨਾਂ ਨੇ) ਸੰਸਾਰ ਦੇ ਜਨਮ ਮਰਣ (ਆਦਿ) ਦੇ ਦੁਖ ਨੂੰ ਕੱਟ ਦਿੱਤਾ ਹੈ। ਕਦੇ ਨਾਸ਼ ਨਾ ਹੋਣੇ ਵਾਲਾ ਵਿਆਪਕ ਪਰਮੇਸ਼ੁਰ (ਉਹਨਾਂ ਨੇ) ਪਾ ਲਿਆ ਹੈ (ਉਹਨਾਂ ਦੀ) ਸੋਭਾ ਦੇਸ਼ਾਂ (ਤੇ) ਬ੍ਰਹਮੰਡਾਂ ਵਿਚ ਬਹੁਤ ਹੋਈ ਹੈ॥੩॥

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ
ਰਾਖੁ ਰਾਖੁ ਵਡ ਵਡਾ ਹੇ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ
ਨਾਮੇ ਹੀ ਸੁਖੁ ਮੰਡਾ ਹੇ॥੪॥੪॥
(ਗੁ:ਗ੍ਰੰ: ਪੰਨਾ ੧੩)

ਹੇ ਪ੍ਰਭੂ! ਅਸੀਂ ਗਰੀਬ ਤੇ ਕੰਗਾਲ[3] (ਹਾਂ ਪਰ) ਤੇਰੇ ਹਾਂ, ਹੇ ਹਰੀ ਸਾਨੂੰ ਰੱਖ ਲੈ, ਰੱਖ ਲੈ[4], (ਕਿਉਂਕਿ ਤੂੰ ਹੀ) ਵੱਡਿਆਂ ਤੋਂ ਵੱਡਾ (ਭਾਵ ਸਰਬ ਸਮਰੱਥ ਹੈਂ[5]। ਨਾਨਕ ਦਾਸ ਨੂੰ (ਹੇ ਹਰੀ! ਤੇਰੇ) ਨਾਮ ਦਾ ਹੀ ਆਧਾਰ ਤੇ ਆਸਰਾ ਹੈ[6], ਪਰ ਹਰਿ ਦੇ ਨਾਮ ਦੁਆਰਾ ਹੀ (ਇਸ ਨੇ) ਸੁਖ ਪਾਇਆ ਹੈ॥੪॥੪॥

ਰਾਗੁ ਗਉੜੀ ਪੂਰਬੀ ਮਹਲਾ ੫॥
ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ
ਟਹਲ ਕੀ ਬੇਲਾ॥ ਈਹਾ ਖਾਟਿ ਚਲਹੁ
ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥

ਗਉ:ਪੂ:ਮ:੫

(ਮੈਂ) ਬੇਨਤੀ ਕਰਦਾ ਹਾਂ ਸੁਣੋਂ ਹੇ ਮੇਰੇ ਮਿੱਤ੍ਰੋ! ਸੰਤਾਂ ਦੀ ਟਹਿਲ ਦਾ (ਹੁਣ ਵੇਲਾ[7]। (ਜੇ) ਇੱਥੇ ਹਰੀ (ਰੂਪ) ਨਫਾ ਖੱਟ ਕੇ ਲੈ ਚੱਲੇ (ਤਾਂ) ਅੱਗੇ ਵੱਸਣਾ ਸੌਖਾ ਹੋਵੇਗਾ॥੧॥

੧. ਸਾਕਤ=ਸ਼ਾਕਤ੍ਰ=ਸ਼ਕਤੀ ਦਾ ਉਪਾਸ਼ਕ। ਭਾਵ ਹੈ ਪਰਮੇਸ਼ੁਰ ਵਿਮੁਖ ਤੋਂ। ਅਰਬੀ ਪਦ 'ਸਾਕਤ', ਇਸ ਦੇ ਅਰਥ ਹਨ ਟੁੱਟਾ ਹੋਯਾ, ਭਾਵ ਪਰਮੇਸ਼ੁਰ ਵੱਲੋਂ ਟੁੱਟਾ ਹੋਇਆ।

੨. ਭਾਵ ਇਹ ਬੀ ਕੱਢਦੇ ਹਨ ਕਿ ਸੰਤ ਜਨ ਤਾਂ ਅੱਗੇ ਵਧਦੇ ਹਨ ਤੇ ਸਾਕਤਾਂ ਨੂੰ ਦੇਖ ਕੇ ਈਰਖਾ ਵਧਦੀ ਹੈ। ਇਹ ਪੀੜਾ ਕਰਦੀ ਹੈ ਤੇ ਅੰਤ ਜਮ ਪੀੜਾ ਸਹਾਰਦੇ ਹਨ।

੩. ਗਰੀਬ (ਅਰਬੀ)=ਪਰਦੇਸੀ, ਧਨਹੀਨ। ਮਿਸਕੀਨ=(ਅਰਬੀ) ਜਿਸ ਨੂੰ ਨਿਰਧਨਤਾ ਨੇ ਬੇਤਾਕਤ ਕਰ ਦਿਤਾ ਹੋਵੇ, ਜਿਸ ਪਾਸ ਕੁਝ ਨਾ ਹੋਵੇ। ੪. ਕਈ ਐਉਂ ਭੀ ਭਾਵ ਲੈਂਦੇ ਹਨ, ਪੰਜ ਤੱਤਾਂ ਦੀ ਦੇਹ ਤੋਂ ਸਾਡੀ ਰੱਖਯਾ ਕਰ। ਰਾਖ ਨਾਮ ਸੁਆਹ ਦਾ ਹੈ, ਭਾਵ ਸਰੀਰ ਤੋਂ ਲੈ ਲੈਂਦੇ ਹਨ। ੫. ਜਾਂ, ਹੇ ਵੱਡਿਆਂ ਤੋਂ ਵੱਡੇ ਹਰੀ ਸਾਨੂੰ ਰੱਖ ਲੈ।

੬. ਆਧਾਰੁ ਤੇ ਟੇਕ ਦੀ ਅਰਥ ਵਿਵੇਚਨਾ:- ਅਧਾਰ, ਯਥਾ-ਸਿਮਰਿ ਸਿਮਰਿ ਨਾਮੁ ਬਾਰੰਬਾਰ॥ ਨਾਨਕ ਜੀਅ ਕਾ ਇਹੈ ਅਧਾਰ॥ (ਸੁਖਮਨੀ) ਟੇਕ, ਯਥਾ- ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥ (ਤਿਲੰ:ਨਾਮ-੧/੭੨੭) ੭. ਵੇਲਾ ਦਾ ਭਾਵ ਮਨੁਖਾ ਜਨਮ ਲੈਂਦੇ ਹਨ।

ਅਉਧ ਘਟੈ ਦਿਨਸੁ ਰੈਣਾ ਰੇ॥
ਮਨ ਗੁਰ ਮਿਲਿ ਕਾਜ ਸਵਾਰੇ॥੧॥
ਰਹਾਉ॥

ਦਿਨ ਤੇ ਰਾਤ ਕਰਕੇ ਉਮਰਾ ਘਟਦੀ ਜਾਂਦੀ ਹੈ (ਤਾਂਤੇ) ਹੇ ਮਨ! (ਤੇਰੇ ਲਈ ਚੰਗਾ ਇਹ ਹੈ ਕਿ ਤੂੰ) ਗੁਰਾਂ ਨਾਲ ਮਿਲਕੇ ਕੰਮ ਸੁਆਰ ਲਵੇਂ॥੧॥ਰਹਾਉ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥

ਇਹ ਸੰਸਾਰ ਵਿਕਾਰ (ਰੂਪ ਹੈ ਅਰ) ਸੰਸੇ ਵਿਚ ਹੈ[੧]; (ਇਸ ਨੂੰ) ਬ੍ਰਹਮ ਗਿਆਨੀ ਨੇ ਤਰਿਆ ਹੈ। (ਹਾਂ) ਜਿਸ ਨੂੰ (ਉਹ)[੨] ਜਗਾ ਕੇ [੩] ਇਹ ਰਸ[੪] ਪਿਆਲਦਾ ਹੈ, ਅਕਥ ਕਥਾ ਉਸ ਨੇ ਜਾਣੀ ਹੈ॥੨॥

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥

(ਹੇ ਮਿੱਤਰੋ!) ਜਿਸ (ਕੰਮ) ਲਈ ਆਏ ਹੋ, ਸੋਈ ਖਰੀਦੋ, ਹਰਿ ਦਾ ਗੁਰਾਂ ਦੁਆਰਾ ਮਨ ਵਿਚ ਬਸੇਰਾ (ਪ੍ਰਾਪਤ ਕਰੋ ਤਾਂ ਤੁਸੀਂ) ਆਪਣੇ ਘਰ ਵਿਚ ਮਹਲ (ਤੇ ਉਸ ਦਾ) ਸੁਖ ਸਹਿਜ ਸੁਭਾਵ ਹੀ ਪਾ ਲਓਗੇ[੫], (ਤੇ) ਫੇਰ ਜਨਮ ਮਰਨ (ਖੀ) ਨਹੀਂ ਹੋਵੇਗਾ॥੩॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥ ਨਾਨਕ ਦਾਸ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥੪॥੫॥ (ਗੁ:ਗ੍ਰੰ: ਪੰਨਾ ੧੩)

(ਇਉਂ ਬੇਨਤੀ ਕਰੋ): ਹੇ ਅੰਤਰਜਾਮੀ! ਹੇ ਕਰਤਾਰ[੬]! ਹੇ ਮਨ ਦੀ ਸ਼ਰਧਾ ਪੂਰਨ ਕਰਨ ਵਾਲੇ[੭]! ਨਾਨਕ ਦਾਸ ਇਹੋ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੀ (ਚਰਣ) ਧੂੜ ਬਣਾਓ, (ਭਾਵ, ਸਤਿਸੰਗ ਵਿਚ ਸ਼ਰਧਾ ਬਖਸ਼ੋ[੮])॥੪॥੫॥

---

੧. ਭਾਵ ਸਰੀਰ ਕਰਕੇ ਲੋਕ ਵਿਕਾਰਾਂ ਵਿਚ ਹੈਨ ਤੇ ਮਨ ਕਰਕੇ ਸੰਸਿਆਂ ਵਿਚ ਹੈਨ।

੨. ਭਾਵ, ਬ੍ਰਹਮ ਗਿਆਨੀ ਜਿਸ ਨੂੰ ਜਗਾਵੇ, ਇਸ ਦਾ ਭਾਵ 'ਵਾਹਿਗੁਰੂ ਜਿਸ ਨੂੰ ਜਗਾਵੇ' ਬੀ ਕਰਦੇ ਹਨ।

੩. ਭ੍ਰਮ, ਮੋਹ ਮਾਇਆ ਤੇ ਵਿਕਾਰਾਂ ਤੋਂ ਹਟਾ ਕੇ ਨਾਮ ਵਿਚ ਲਗਾ ਦੇਣਾ ਇਹ ਜਗਾਉਣਾ ਹੈ।

੪. ਇਹ ਰਸ ਜੋ ਅੱਗੇ ਆਉਂਦਾ ਹੈ:- ਮਨ ਵਿਚ ਹਰੀ ਦਾ ਬਸੇਰਾ ਤੇ ਉਸ ਤੋਂ ਉਪਜਿਆ ਸਹਜ ਸੁਖ।

੫. ਘਰ ਵਿਚ ਮਹਲ ਪਾਉਣਾ=ਘਰ ਇਕ ਛੋਟਾ ਮਕਾਨ ਹੈ, ਮਹਲ ਬਹੁਤ ਵੱਡਾ ਮਕਾਨ ਹੈ। ਘਰ ਤੋਂ ਭਾਵ ਮਨੁਖ ਦਾ ਜੀਵ ਤੱਤ ਯਾ ਆਤਮਾ ਹੈ, ਮਹਲ ਤੋਂ ਭਾਵ ਬ੍ਰਹਮ ਤੱਤ ਯਾ ਪਰਮਾਤਮਾ ਹੈ! ਭਾਵ ਇਹ ਹੈ ਕਿ ਬਾਹਰੋਂ ਨਹੀਂ, ਪਰ ਆਪਣੇ ਆਤਮਾ ਵਿਚ ਹੀ ਪਰਮਾਤਮਾ ਦਾ ਮੇਲ ਹੋ ਜਾਏਗਾ ਤੇ ਉਸ ਮੇਲ ਤੋਂ ਉਪਜਯਾ ਸਹਜ ਸੁਖ ਮਿਲ ਪਵੇਗਾ! ਐਉਂ ਬੀ ਆਖਦੇ ਹਨ ਕਿ ਆਪਣੇ ਹਿਰਦੇ ਵਿਚ ਸਰੂਪ ਪ੍ਰਾਪਤੀ ਹੋ ਜਾਏਗੀ।

੬. ਬਿਧਾਤਾ ਦਾ ਅਰਥ ਕਰਤਾਰ ਹੈ, ਪਰ ਫਲ ਪ੍ਰਦਾਤਾ ਬੀ ਅਰਥ ਹੈ, 'ਯਥਾ 'ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ'॥ (ਆਸਾ ਮ:੧ ਛੰਤ ੧/੪੩੮)

੭. 'ਪੂਰੇ' ਦਾ ਅਰਥ 'ਪੂਰੀ ਕਰੋ' ਵੀ ਲਾ ਲੈਂਦੇ ਹਨ।

੮. ਚਰਨ ਧੂੜ ਬਖਸ਼ੋ ਬੀ ਅਰਥ ਕਰਦੇ ਹਨ।

# ਦਖਣੀ ਓਅੰਕਾਰ*

| | |
|---|---|
| **ਰਾਮਕਲੀ ਮਹਲਾ ੧ ਦਖਣੀ ਓਅੰਕਾਰੁ** | ਰਾਗ ਰਾਮਕਲੀ ਦੱਖਣੀ[1] ਵਿਚ |
| **ੴ ਸਤਿਗੁਰ ਪ੍ਰਸਾਦਿ॥** | ਓਅੰਕਾਰ[2] ਨਾਮੇ ਮਹਲਾ ੧ ਦੀ ਬਾਣੀ[3]। |
| **ਓਅੰਕਾਰਿ ਬ੍ਰਹਮਾ ਉਤਪਤਿ॥** | ਓਅੰਕਾਰ[4] ਤੋਂ ਬ੍ਰਹਮਾ[5] ਦੀ ਉਤਪਤੀ ਹੋਈ, ਓਅੰਕਾਰ (ਉਹ ਹੈ) ਜਿਸ ਨੇ ਚਿਤ |

---

* ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਨਾਂ ੯੨੯ ਤੋਂ ੯੩੮ ਤੇ ਹੈ।

੧. ਇਸ ਬਾਣੀ ਨੂੰ ਬੋਲਚਾਲ ਵਿਚ 'ਦੱਖਣੀ ਓਅੰਕਾਰ' ਕਹਿੰਦੇ ਹਨ। ਗਜਾਨੀ ਸੱਜਣ ਇਸ ਬਾਣੀ ਨੂੰ ਦੱਖਣ ਵਿਚ ਉਚਾਰਿਆ ਦੱਸਦੇ ਹਨ। ਨਰਬਦਾ ਨਦੀ ਦੇ ਕਿਨਾਰੇ ਓਅੰਕਾਰ ਮਹਾਂਦੇਵ ਦਾ ਸਥਾਨ ਹੈ, ਓਥੇ ਇਕ ਪਾਂਧੇ ਪ੍ਰਤੀ ਉਪਦੇਸ਼ ਹੋਇਆ- ਇਹ ਟਿਕਾਣਾ ਮੱਧ ਹਿੰਦ ਦੇ ਜ਼ਿਲੇ ਨਿਮਾਰ ਵਿਚ ਦੱਸੀਦਾ ਹੈ। ਪੁਰਾਤਨ ਜਨਮ ਸਾਖੀ ਵਿਚ ਇਹ ਉਪਦੇਸ਼ ਚਤੁਰ ਦਾਸ ਨਾਮੇ ਬਨਾਰਸ ਦੇ ਪਾਂਧੇ ਪ੍ਰਤੀ ਲਿਖਿਆ ਹੈ। ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਆਪਣੇ ਬਾਣੀ ਬਿਉਰੇ ਵਿਚ ਇਕ ਹੋਰ ਖਯਾਲ ਵੀਚਾਰ ਲਈ ਦੱਸਦੇ ਹਨ। ਉਹ ਇਹ ਹੈ ਕਿ ਦੱਖਣੀ ਇਕ ਰਾਗਣੀ ਦਾ ਨਾਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਰਾਗਾਂ ਨਾਲ ਬੀ ਦੱਖਣੀ ਪਦ ਆਯਾ ਹੈ, ਜਿਸ ਦਾ ਮਤਲਬ ਇਹ ਹੁੰਦਾ ਹੈ ਕਿ ਦੱਖਣੀ ਰਾਗਣੀ ਉਸ ਰਾਗ ਨਾਲ ਮਿਲਾਈ ਗਈ ਹੈ, ਜੈਸੇ 'ਵਡਹੰਸ ਮਹਲਾ ੧ ਦਖਣੀ'। ਇਸੇ ਤਰ੍ਹਾਂ ਇਥੇ ਲਿਖਿਆ ਹੈ 'ਰਾਮਕਲੀ ਮਹਲਾ ੧ ਦਖਣੀ ਓਅੰਕਾਰ', ਸੋ 'ਦਖਣੀ' ਰਾਗ ਮਾਤ੍ਰ ਦੀ ਸੂਚਨਾ ਹੀ ਹੈ।)

੨. ਯਾ ਰਾਮਕਲੀ ਮ:੧ ਵਿਚ ਦਖਣੀ ਓਅੰਕਾਰ ਨਾਮੇ ਬਾਣੀ।

੩. ਇਹ ਪੈਂਤੀ ਯਾ ਵਰਣਮਾਲਾ ਦੀ ਤਰ੍ਹਾਂ ਦੀ ਬਾਣੀ ਹੈ, ਇਸ ਪੈਂਤੀ ਵਿਚ ਸੰਕ੍ਰਿਤੀ ਅਖਰ ਹਨ। ਪਹਿਲੇ 'ਓਨਮ: ਸਿਧੰ' ਏਹ ਅੱਖਰ ਲਏ ਹਨ। ਇਹ ਮੰਗਲ ਵਾਕ ਪਾਂਧੇ ਪੱਟੀ ਦੇ ਆਦਿ ਵਿਚ ਲਿਖਦੇ ਹੁੰਦੇ ਸਨ। ਗੁਰੂ ਜੀ ਪਾਂਧੇ ਨੂੰ ਆਪਣਾ ਆਦਰਸ਼ ਦੱਸਣ ਲਈ ਇਸ ਦੇ ਅੱਖਰਾਂ ਦੇ ਅਰਥ ਆਪਣੇ ਕਰ ਰਹੇ ਹਨ, ਜੋ ਅਰਥ ਇਸ ਵਾਕ ਵਿਚ ਹੈਨ ਉਨ੍ਹਾਂ ਨੂੰ ਨਹੀਂ ਲੈ ਰਹੇ। ਸਿਧਾਯ ਦੀ ਥਾਂ ਸਿਧੰ ਪਾਠ ਪਾਂਧੇ ਕਿਉਂ ਲਿਖਦੇ ਹਨ, ਇਸ ਤੇ ਵਿਚਾਰ ਵਿਸ਼ੇਸ਼ ਵਿਸਤਾਰ ਵਿਚ ਫੇਰ ਛਪੇਗੀ। ਫੇਰ ਸੂਰ ਅੱਖਰ ਲਏ ਹਨ, ਇਨ੍ਹਾਂ ਵਿਚ ਰਾਰਾ ਤੇ ਲਲਾ, ਰ੍ਰੀ ਤੇ ਲ੍ਰੀ ਦੀ ਥਾਵੇਂ ਹਨ। ਸ਼, ਖ਼, ਸ, ਹ, ਨੂੰ ਸ, ਖ, ਸ, ਹ ਦੇ ਰੂਪ ਵਿਚ ਦਿੱਤਾ ਹੈ। ਫਿਰ ੧੫, ੧੬, ੧੭ ਪਉੜੀ ਵਿਚ ਵਿਸ਼ੇਸ਼ ਵਿਚਾਰ ਜਾਪਦੀ ਹੈ ਤੇ ਭੁਲੇਵਾ ਪੈਂਦਾ ਹੈ ਕਿ ਜ, ਵ, ਗ, ਕਿਉਂ ਆ ਗਏ ਹਨ। ਪਰ ਇਨ੍ਹਾਂ ਨੂੰ ਕੋਈ ਅੱਖਰ ਨਹੀਂ ਸਮਝਣਾ ਚਾਹੀਏ, ਏਹ ਇਸੇ ਬਾਣੀ ਵਿਚ ਆਏ ਜ, ਵ, ਗ, ਦੇ ਅੰਤਰਗਤਿ ਸਮਝਣੇ ਚਾਹੀਏ ਤੇ ਭਾਵ ਵੀ ਉਨ੍ਹਾਂ ਨਾਲ ਮੇਲ ਖਾਂਦੇ ਹਨ। ੫੨, ੫੩, ੫੪, ਵਿਚ ਆਪਣਾ ਮਤ ਤੇ ਪਾਂਧੇ ਵਲ ਪੁਨਰ ਦ੍ਰਿਸ਼ਟੀ ਦੀ ਵੀਚਾਰ ਵਾਂਙੂ ਆਯਾ ਹੈ। ਅੰਕ ੪੭ ਵਿਚ ਇਕ ਅੱਖਰ 'ੜ' ਹੈ, ਜੋ ਸੰਸਕ੍ਰਿਤ ਨਹੀਂ, ਪਰ 'ਡ' ਨੂੰ ਹੇਠ ਬਿੰਦੀ ਲਾ ਕੇ 'ੜ' ਦੀ ਥਾਂ ਹਿੰਦੀ ਆਦਿ ਵਾਲੇ ਵਰਤ ਲੈਂਦੇ ਹਨ। 'ਓਨਮ ਸਿਧੰ' ਦੇ ਬਾਦ ਜੋ 'ਙ' ਹੈ ਉਹ ਹੈ ਅਨੁਸੂਰ, ਤਬਦੀਲੀ ਦੇ ਨਿਯਮ ਵਿਸਥਾਰ ਵਿਚ ਵਖਰੇ ਫੇਰ।

੪. ਓਅੰਕਾਰ ਨਾਮ ਪਰਮੇਸ਼ੁਰ ਦਾ ਹੈ, ਯਥਾ- 'ਓਅੰਕਾਰ ਏਕੋ ਰਵਿ ਰਹਿਆ'। ਇਹ 'ਅਵ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਰਖਯਾ ਕਰਨੀ। ਸੋ ਓਅੰਕਾਰ-ਰਖਯਾ ਕਰਨਹਾਰਾ, ਸਾਰੇ ਰਵ ਰਹਿਆ ਵਾਹਿਗੁਰੂ। ਸ੍ਰਿਸਟੀ ਰਚਨ ਸਮੇਂ ਇਹੋ ਸ਼ਬਦ ਪਰਮੇਸ਼ੁਰ ਤੋਂ ਹੋਇਆ 'ਓਅੰਕਾਰ ਸਭ ਸ੍ਰਿਸ਼ਟੀ ਉਪਾਈ' ਜਿਸ ਤੋਂ ਰਚਨਾ ਹੋਈ। ਓਅੰ ਦੇ ਨਾਲ 'ਕਾਰ' ਲਗਣ ਤੇ 'ਕੇਵਲ' ਓਂ ਅਰਥ ਲੀਤਾ ਜਾਂਦਾ ਹੈ। _ਕਾਰ ਗ੍ਰਹਣੇ ਕੇਵਲ ਗ੍ਰਹਣੇ)

੫. ਬ੍ਰਹਮਾ ਤੋਂ ਮੁਰਾਦ ਸੰਸਾਰ ਦੀ ਰਚਣਹਾਰ ਸ਼ਕਤੀ ਹੈ)

ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥

ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ॥
ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ॥

(ਚੇਤਨਤਾ) ਨੂੰ ਰਚਿਆ[1]। ਓਅੰਕਾਰ ਤੋਂ ਦੇਸ਼ ਤੇ ਕਾਲ[2] ਰਚੇ ਗਏ। ਓਅੰਕਾਰ ਤੋਂ ਬੇਦ[3] ਉਪਜੇ, ਓਅੰਕਾਰ ਸ਼ਬਦ ਦਵਾਰਾ (ਜੀਵ) ਉਧਰ ਗਏ ਓਅੰਕਾਰ (ਜਪ) ਦੁਆਰਾ ਗੁਰਮੁਖ ਤਰੇ! 'ਓਂ' ਅੱਖਰ (ਜਿਸ ਨੂੰ ਤੁਸੀਂ) ਨਮਸਕਾਰ(ਜੋਗ ਲਿਖਿਆ) ਹੈ[4] (ਤਿਸ ਦਾ) ਬੀਚਾਰ ਸੁਣੋਂ, 'ਓਂ' ਅੱਖਰ (ਜਿਸ ਨੂੰ ਤੁਸੀਂ) ਨਮਸਕਾਰ (ਜੋਗ ਲਿਖਿਆ ਹੈ) ਤਿੰਨਾਂ ਭੋਣਾਂ ਦਾ ਸਾਰ[5] ਹੈ॥੧॥

ਸੁਣ ਹੇ ਪਾਂਡੇ! (ਤੂੰ) ਕੀ ਜੰਜਾਲ ਲਿਖ ਰਿਹਾ ਹੈਂ[6]? ਗੁਰਾਂ ਦੁਆਰੇ ਗੋਪਾਲ[7] ਦਾ ਰਾਮ ਨਾਮ[8] (ਅੱਖਰ) ਲਿਖ॥੧॥ਰਹਾਉ॥

ਸਸੇ ਦੁਆਰੇ (ਕਹਿੰਦੇ ਹਨ ਕਿ) ਕਿ ਇਕ ਜਯੋਤੀ ਸਰੂਪ ਨੇ ਤ੍ਰੈ ਭਵਨ (ਰੂਪ) ਸਾਰਾ ਸੰਸਾਰ ਸਹਜ ਨਾਲ (ਨਿਰਯਤਨ) ਪੈਦਾ ਕੀਤਾ[9]। ਗੁਰਾਂ ਦੁਆਰੇ ਵਸਤੂ ਪ੍ਰਾਪਤ ਹੁੰਦੀ ਹੈ, ਮਾਣਕ ਤੇ ਮੋਤੀ[10] (ਵਿਚੋਂ) ਚੁਣ ਲੈ। (ਜੇ ਕੋਈ ਪੜ੍ਹੇ ਤਾਂ) ਪੜ੍ਹ ਪੜ੍ਹ ਕੇ (ਇਹ ਗੱਲ) ਬੁੱਝ ਲਵੇ, (ਜੇ ਕੋਈ) ਸਮਝੇ ਤਾਂ (ਉਸ ਨੂੰ ਇਹ ਗੱਲ) ਸੁੱਝ ਪਵੇ ਕਿ ਅੰਤ ਨੂੰ ਇਕ ਰਸ ਸੱਚਾ ਅਟੱਲ (ਉਹੋ ਹੈ, ਫੇਰ) ਗੁਰੂ ਦੁਆਰਾ ਸੱਚ ਨੂੰ ਸੰਮ੍ਹਾਲੇ (ਤਾਂ ਆਪਣੀ

---

੧. ਚਿਤ ਰਚਨੇ ਤੋਂ ਭਾਵ ਹੈ ਚੇਤਨਤਾ ਰਚੀ। ਐਉਂ ਬੀ ਅਰਥ ਲਾਉਂਦੇ ਹਨ-ਜਿਸ (ਬ੍ਰਹਮਾ) ਨੇ ਓਅੰਕਾਰ ਨੂੰ ਚਿਤ ਕੀਤਾ, ਭਾਵ ਸਿਮਰਿਆ।

੨. ਪਹਾੜ ਰਚੇ ਬੀ ਅਰਥ ਕਰਦੇ ਹਨ, ਪਰ ਸੈਲ ਤੋਂ ਮੁਰਾਦ 'ਦੇਸ਼' ਦੀ ਹੈ ਤੇ ਜੁਗ ਤੋਂ ਮੁਰਾਦ 'ਕਾਲ' ਦੀ ਹੈ। ਜੁਗ-ਸਤ, ਤ੍ਰੇਤਾ, ਦੁਆਪਰ, ਕਲਿ। ਭਾਵ ਹੈ ਸਮਾਂ ਅਰੰਭ ਕੀਤਾ। ਸੈਲ ਜੁਗ-ਦੇਸ਼ ਕਾਲ।

੩. 'ਹਰ ਪ੍ਰਕਾਰ ਦੇ ਗਯਾਨ' ਬੀ ਅਰਥ ਕਰਦੇ ਹਨ।

੪. ਓਨਮ=ਓਂ ਨਮ:=ਓਅੰ ਨੂੰ ਨਮਸਕਾਰ ਹੈ! ਪਾਂਧੇ ਨੇ ਪੱਟੀ ਉਤੇ ਓਨਮ: ਲਿਖਿਆ ਹੋਯਾ ਸੀ; ਉਸ ਵਲ ਸੈਨਤ ਹੈ।

੫. ਓਅੰਕਾਰ ਸਾਰ ਹੈ ਤੇ ਤ੍ਰੈ ਭਵਣ ਉਸ ਦਾ ਪਸਾਰਾ ਹੈ।

੬. ਭਾਵ ਬੱਚਿਆਂ ਨੂੰ ਫਸਨ ਵਾਲੀ ਵਿਦਯਾ ਨਾ ਦੇਹ, ਪਰ ਛੁਡਾਉਣ ਵਾਲੀ ਦੇਹ (ਵੇਰਵੇ ਲਈ ਦੇਖੋ ਇਸੇ ਬਾਣੀ ਦਾ ਅੰਕ ੫੩-੫੪)।

੭. ਕਈ ਏਥੇ 'ਗੋਪਾਲ' ਨਾਮ ਪਾਂਡੇ ਦਾ ਹੈ, ਇਹ ਭਾਵ ਲੈਂਦੇ ਹਨ ਤੇ ਗੋਪਾਲ ਦਾ 'ਹੇ ਗੋਪਾਲ!' ਅਰਥ ਕਰਦੇ ਹਨ।

੮. ਪਉੜੀ ੫੩, ੫੪ ਵਿਚ ਬੀ 'ਰਾਮ ਨਾਮ ਲਿਵਲਾਇ' ਤੇ 'ਰਾਮ ਨਾਮੁ ਗਲਿ ਹਾਰ' ਦੱਸਦੇ ਹਨ।

੯. ਅਥਵਾ, ਸਸੇ=ਈਸ਼੍ਵਰ ਨੇ। ਈਸ਼੍ਵਰ ਨੇ ਸਾਰਾ ਜਗ ਸਹਜੇ ਉਪਾਇਆ (ਤੇ ਆਪ) ਤਿੰਨ ਭਵਨਾਂ ਵਿਚ ਇਕ ਜੋਤ ਸਰੂਪ ਹੋ ਕੇ ਵਯਾਪਕ ਹੈ।

੧੦. ਏ ਮਾਣਕ ਤੇ ਮੋਤੀ ਤਿੰਨਾਂ ਭਵਨਾਂ ਵਿਚ ਵਯਾਪਕ ਜੋਤੀ ਦੇ ਵਿਸ਼ੇਸ਼ਣ ਹਨ ਕਿ ਓਹ ਪ੍ਰਕਾਸ਼ ਰੂਪ ਤੇ ਅਮੋਲਕ ਹੈ। ਕਈ ਗਿਆਨੀ ਮਾਣਕ ਤੋਂ ਗਯਾਨ ਤੇ ਮੋਤੀ ਤੋਂ ਵੈਰਾਗ ਭਾਵ ਬੀ ਲੈਂਦੇ ਹਨ।

ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ॥੨॥

ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ॥

ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ॥

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥੩॥

ਙਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ॥

ਅੱਖੀਂ) ਦੇਖੇਗਾ ਕਿ ਸੱਚੇ (ਵਾਹਿਗੁਰੂ) ਤੋਂ ਬਿਨਾਂ ਜਗਤ ਕੱਚਾ ਹੈ[੧]॥੨॥

ਧਧੇ[੨](ਦੁਆਰਾ ਦੱਸਦੇ ਹਨ ਕਿ ਗੁਰੂ) ਧਰਮ ਨੂੰ ਧਾਰੇ ਹੋਏ ਹਨ (ਐਸਾ ਕਿ) ਧਰਮ ਦਾ (ਉਹ) ਰਾਜਾ[੩] ਹੈ, (ਉਹ ਅਪ ਹੀ ਧਰਮੀ ਨਹੀਂ ਦੂਸਰੇ ਨੂੰ ਧਰਮ ਦਾ) ਗੁਣ (ਦਾਨ) ਕਰਨੇ ਵਾਲਾ (ਬੀ) ਹੈ (ਤੇ ਐਸਾ ਕਰਨੇ ਵਿਚ ਉਸਦਾ) ਮਨ ਧੀਰਜਵਾਨ ਹੈ[੪](ਭਾਵ, ਗੁਣ ਕਰਦਾ ਅੱਕਦਾ ਨਹੀਂ। ਜਿਨ੍ਹਾਂ ਦੇ) ਮੂੰਹ ਤੇ ਮੱਥੇ ਤੇ (ਐਸੇ ਗੁਰੂ ਦੀ) ਧੂੜ ਪੈ ਜਾਵੇ ਓਹ ਮਨੂਰ ਵਰਗੇ (ਨਿਕਾਰੇ ਹੋਏ ਲੋਕ) ਸੋਨੇ (ਵਾਂਙੂ ਸੁੱਛ ਤੇ ਕੀਮਤੀ) ਹੋ ਜਾਂਦੇ ਹਨ। (ਉਸ ਗੁਰੂ ਦਾ) ਧਨ[੫] (ਈਸ਼ੂਰ) ਆਪ ਹੈ (ਜੋ) ਧਰਤੀ ਦੇ ਧਾਰਨ ਕਰਨੇ ਵਾਲਾ ਹੈ (ਤੇ ਫੇਰ ਅਜੋਨੀ=) ਜਨਮ ਰਹਿਤ ਹੈ (ਉਹ ਗੁਰੂ) ਤੋਲ ਵਿਚ ਪੂਰਾ ਤੇ ਬੋਲ ਵਿਚ ਸੱਚਾ ਹੈ। (ਪਰ ਉਸ ਧਰਣੀਧਰ ਤੇ ਅਜੋਨੀ) ਕਰਤੇ ਦੀ ਮਿਤਿ ਨੂੰ ਕਰਤਾ (ਆਪ) ਜਾਣਦਾ ਹੈ ਯਾ (ਉਪਰ ਕਿਹਾ) ਸੂਰਾ ਗੁਰੂ ਜਾਣਦਾ ਹੈ[੬]॥੩॥

(ਜਿਨ੍ਹਾਂ ਨੂੰ ਐਸਾ ਪਰਮੇਸ਼ੁਰ ਤੇ ਗੁਰੂ ਛੱਡ ਕੇ) ਦੂਜਾ (ਕੋਈ ਹੋਰ) ਪਜਾਰਾ ਲੱਗਾ ਹੈ

---

੧. ਅਥਵਾ-(ਜੋ ਕਿਸੇ ਪਾਸੋਂ) ਸਮਝੇਗਾ (ਉਸਨੂੰ ਇਹ ਗਲ) ਸੁੱਝੇਗੀ, (ਜੋ ਧਰਮ ਦੇ ਪੁਸਤਕ) ਪੜ੍ਹੇਗਾ, (ਉਹ) ਪੜ੍ਹ ਕੇ (ਇਹੋ ਗੱਲ) ਬੁੱਝੇਗਾ ਕਿ ਅੰਤ ਇਕ ਰਸ ਸੱਚਾ (ਵਾਹਿਗੁਰੂ) ਹੈ, (ਫਿਰ ਓਹ ਇਸ) ਸੱਚ ਦੀ ਸੰਭਾਲ ਗੁਰੂ ਦਵਾਰਾ ਕਰੇਗਾ (ਤਾਂ ਪ੍ਰਤੱਖ ਆਪ) ਦੇਖੇਗਾ ਕਿ ਸੱਚੇ (ਪਰਮੇਸ਼ੁਰ) ਤੋਂ ਬਿਨਾਂ ਜਗ ਕੱਚਾ ਹੈ।

੨. 'ਧ' ਅੱਖਰ ਦਾ ਅਰਥ ਬੀ 'ਧਰਮ' ਹੈ।

੩. ਧਰਮ+ਅਪੂਰਤਿ=ਜਿਸ ਵਿਚ ਧਰਮ ਦੀ ਪੂਰਣਤਾ ਹੈ। ਭਾਵ, ਧਰਮ ਦਾ ਪੂਜ, ਧਰਮ ਦਾ ਰਾਜਾ।

੪. ਦੂਸਰੇ ਨੂੰ ਆਪਣੇ ਗਲ ਲਾ ਲਏਗਾ, ਇਹ ਗੁਣਕਾਰ ਹੈ ਤੇ ਜੇ ਉਸ ਦੇ ਗੁਣ ਕੀਤੇ ਤੇ ਲੋਕੀਂ ਮਾੜਾ ਸਲੂਕ ਕਰਨਗੇ ਤਾਂ ਮਨ ਦਾ ਧੀਰਜੀ ਹੋ ਕੇ ਸਹਾਰੇਗਾ।

੫. 'ਧਨ' 'ਧੰਨਤਾ ਯੋਗ' ਦੇ ਅਰਥਾਂ ਵਿਚ ਬੀ ਗੁਰਬਾਣੀ ਵਿਚ ਵਿਦਮਾਨ ਹੈ ਯਥਾ:- "ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ॥(ਅ) ਐਉਂ ਬੀ ਅਰਥ ਲਾਉਂਦੇ ਹਨ 'ਜਿਸ ਸੰਤ ਦਾ ਧਨ (ਦੌਲਤ) ਧਰਣੀ ਧਰ ਤੇ ਅਜੋਨੀ ਆਪ ਹੈ ਉਹ ਸੰਤ ਉਸ ਧਨ ਦੇ ਲੈਣ ਦੇਣ ਵਿਚ ਪੂਰਾ ਤੇ ਬੋਲ ਵਿਚ ਸੱਚਾ ਹੈ।'

੬. ਅੰਤ ਵਿਚ ਪਦ 'ਕਰਤਾ' ਤੇ 'ਗੁਰੂ' ਦੱਸਦੇ ਹੈਨ ਕਿ ਗੁਰੂ ਤੇ ਉਸ ਅਜੋਨੀ ਬਾਬਤ ਕਥਨ ਹੋ ਰਿਹਾ ਹੈ। ਪਰ ਐਉਂ ਬੀ ਅਰਥ ਲਗਦੇ ਹਨ:- ਧਧੇ (ਦੁਆਰਾ ਉਪਦੇਸ਼ ਹੈ ਕਿ ਉਹ) ਧਰਮਾਂ ਦੇ ਰਾਜੇ (=ਗੁਰੂ) ਦੇ ਧਰਮ ਨੂੰ ਧਾਰਨ ਕਰੇ (ਤਾਂ ਉਹ) ਗੁਣਕਾਰੀ ਤੇ ਮਨ ਦਾ ਧੀਰਜੀ (ਹੋ ਜਾਏਗਾ)। ਐਸੇ (ਧਧੇ=) ਧਰਮ ਵਾਲੇ ਦੀ ਧੂੜ ਮੂੰਹ ਤੇ ਮੱਥੇ ਉਤੇ (ਜੇ) ਪਵੇ (ਤਦ ਸਮਝੋ ਕਿ) ਮਨੂਰ ਤੋਂ ਕੰਚਨ ਹੋ ਗਏ (ਭਾਵ ਅਪਵਿਤ੍ਰ ਤੋਂ ਪਵਿਤ੍ਰ ਹੋ ਗਏ) ਪਰ ਧੰਨ ਹੈ (ਉਹ ਆਪ ਧਰਤੀ ਦੇ ਧਾਰਨੇ ਵਾਲਾ ਪਰਮੇਸ਼ੁਰ) ਜੋ ਜੂਨ ਤੋਂ ਰਹਿਤ ਹੈ ਤੇ ਜਿਸ ਦਾ ਤੋਲ ਤੇ ਬੋਲ ਪੂਰਾ ਹੈ। (ਪਰ ਕੁਛ ਕਿਹਾ ਨਹੀ ਜਾ ਸਕਦਾ ਕਿਉਂਕਿ) ਕਰਤੇ ਦੀ ਮਿਤ ਨੂੰ (ਉਹ) ਕਰਤਾਰ (ਆਪ) ਹੀ ਜਾਣਦਾ ਹੈ ਜਾਂ ਸੂਰਮਾ ਗੁਰ ਜਾਣਦਾ ਹੈ।

ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ॥

(ਉਹਨਾਂ ਨੇ ਆਪਣਾ) ਗਿਆਨ ਗੁਆ ਲਿਆ ਹੈ, (ਓਹ) ਹੰਕਾਰ ਵਿਚ ਗਲ ਗਏ ਹਨ, (ਕਿਉਂ ਕਿ ਉਨ੍ਹਾਂ ਨੇ ਦ੍ਵੈਤ ਰੂਪ) ਜ਼ਹਿਰ[੧] ਖਾ ਲੀਤੀ ਹੈ। (ਉਨ੍ਹਾਂ ਨੂੰ) ਗੁਰੂ ਦਾ (ਪ੍ਰੇਮ) ਰਸ ਭਾਉਂਦਾ ਨਹੀਂ (ਤੇ ਗੁਰੂ ਦੇ) ਗੀਤ (ਭਾਵ ਬਾਣੀ ਤੇ ਗੁਰੂ ਦਾ) ਕਥਨ ਸੁਣਿਆ ਨਹੀਂ ਭਾਉਂਦਾ[੨], (ਉਹਨਾਂ ਨੇ) ਗਹਿਰ ਗੰਭੀਰ (ਪਰਮਾਤਮਾ) ਨੂੰ ਗੁਆ ਲਿਆ ਹੈ[੩]।

ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ॥

(ਪਰ) ਗੁਰੂ ਨੇ (ਜੋ) ਸੱਚ ਕਿਹਾ ਹੈ (ਜਿਨ੍ਹਾਂ ਨੇ ਉਹ ਸੱਚ ਰੂਪੀ) ਅੰਮ੍ਰਿਤ ਲੈ ਲਿਆ ਹੈ, (ਉਨ੍ਹਾਂ ਦੇ) ਮਨ ਤਨ ਵਿਚ ਸੱਚ ਸੁਖਾ ਗਿਆ ਹੈ। (ਉਨ੍ਹਾਂ ਨੂੰ ਫਿਰ ਪ੍ਰਤੀਤ ਹੋ ਆਉਂਦਾ ਹੈ ਕਿ ਵਾਹਿਗੁਰੂ) ਆਪ ਹੀ ਅੰਮ੍ਰਿਤ ਹੈ,

ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ॥੪॥

ਆਪ ਹੀ ਗੁਰਮੁਖ ਹੈ, ਆਪ ਹੀ (ਅੰਮ੍ਰਿਤ) ਦੇਂਦਾ ਹੈ ਤੇ ਉਸ ਨੇ ਆਪੇ ਹੀ ਗੁਰਮੁਖ ਤੋਂ ਸਿੱਖਾਂ ਨੂੰ ਅੰਮ੍ਰਿਤ ਪਿਲਵਾਇਆ ਹੈ॥੪॥

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥੫॥

(ਕਹਿਣ ਨੂੰ ਤਾਂ) ਸਭ ਕੋਈ ਇਕੋ ਇਕ ਕਹਿੰਦਾ ਹੈ (ਪਰ ਸਭ ਕਿਸੇ ਨੂੰ) ਮੈਂ ਤੇ ਮੇਰੀ (ਦੀ ਦੂਈ[੪]) ਵਿਆਪ ਰਹੀ ਹੈ। (ਪਰ ਜੇ ਸਚੀ ਮੁਚੀ ਉਸ) ਇਕ ਨੂੰ ਅੰਦਰ ਬਾਹਰ (ਵਜਾਪਕ) ਪਛਾਣ ਲਵੇ (ਤਾਂ) ਐਉਂ ਘਰ ਤੇ ਮਹਲ[੫] ਸਿਆਨਿਆ ਜਾਂਦਾ ਹੈ। (ਉਸ ਮਹਲ ਦਾ) ਪ੍ਰਭੂ ਨੇੜੇ ਹੈ ਸੋ ਉਸ) ਪਰਮੇਸ਼ੁਰ ਨੂੰ ਦੂਰ ਨਾ ਜਾਣੋ, ਸਾਰੀ ਸ੍ਰਿਸ਼ਟੀ ਵਿਚ ਇਕੋ (ਓਹੋ ਹਰੀ) ਹੈ। (ਹਾਂ) ਕੇਵਲ ਇਕੋ ਹੈ ਹੋਰ ਦੂਜਾ (ਕੋਈ) ਨਹੀਂ, ਹੇ ਨਾਨਕ! (ਸਭ ਵਿਚ ਉਹੋ) ਇਕੋ ਸਮਾ ਰਿਹਾ ਹੈ॥੫॥

---

੧. ਬਿਖੁ ਦਾ ਭਾਵ ਵਿਸ਼ੇ ਬੀ ਲੈਂਦੇ ਹਨ। ਯਥਾ- "ਬਿਖਿਆ ਬਿਖ ਜਿਉ ਬਿਸਾਰਿ॥"

੨. ਬਾਨੀ ਦਾ ਅਧਜਾਹਾਰ ਕਰਕੇ ਐਉਂ ਬੀ ਅਰਥ ਕਰਦੇ ਹਨ:- ਗੁਰਬਾਣੀ ਦਾ ਰਸ (ਜੋ ਬਾਣੀ ਦੇ ਗੀਤ ਬਾਦ=) ਗਾਉਣ ਵਜਾਉਣ (ਤੋਂ ਮਿਲਦਾ ਹੈ ਉਹਨਾਂ ਨੂੰ) ਸੁਣਿਆਂ ਨਹੀਂ ਭਾਉਂਦਾ।

੩. ਅਥਵਾ-ਜਿਨ੍ਹਾਂ ਨੂੰ ਗੁਣ ਰਸ ਗੀਤ ਬਾਦ ਨਹੀਂ ਭਾਉਂਦਾ (ਉਹਨਾਂ ਦਾ ਦਾਰੂ ਇਹ ਹੈ ਕਿ ਉਹ) ਗਹਿਰ ਗੰਭੀਰ (ਦੇ ਜਸ ਨੂੰ) ਗਾਵਿਆ ਜਾਂਦਾ ਸੁਣਨ!

੪. ਹਉਮੈਂ-ਮੈਂ, ਉਹ ਮੈਂ ਜੋ ਆਪ ਨੂੰ ਵਖਰਿਆਂ ਸਮਝਦੀ ਹੈ, ਗਰਬ ਹੈ ਉਸ ਮੈਂ ਦੇ ਮਹੱਤ੍ਵ ਦੇ ਆਸ਼ੇ ਵਿਚ ਜਾਣਾ ਤੇ ਪ੍ਰਵਿਰਤ ਹੋਣਾ।

੫. ਘਰ-ਮਕਾਨ। ਮਹਲ-ਬਹੁਤ ਵੱਡਾ ਤੇ ਆਲੀਸ਼ਾਨ ਮਕਾਨ। ਘਰ ਤੋਂ ਮੁਰਾਦ ਜੀਵਤੱਤ੍ਵ ਹੈ ਤੇ ਮਹਲ ਤੋਂ ਮੁਰਾਦ ਬ੍ਰਹਮਤੱਤ੍ਵ ਹੈ। ਭਾਵ ਇਹ ਹੈ ਕਿ ਉਸ ਨੂੰ ਆਪਣੇ ਆਤਮਾ ਵਿਚ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ਏਸੇ ਤਰ੍ਹਾਂ ਅਰਥ ਬੀ ਲਗਦਾ ਹੈ:- (ਪਰ ਜੇ ਕੋਈ ਉਸ) ਇਕ ਨੂੰ ਅੰਦਰ ਬਾਹਰ ਪਛਾਣ ਲਵੇ (ਤਾਂ) ਏਹੋ ਘਰ (ਆਪਣਾ ਅੰਤਹਕਰਣ) ਉਸ ਨੂੰ ਮਹਲ (ਸਰੂਪ) ਦਿੱਸ ਪਵੇਗਾ।

ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ॥
ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥੬॥

(ਪਰ ਤੁਸੀਂ) ਇਸ ਕਰਤੇ ਨੂੰ ਕਿੱਕੁਰ ਫੜ ਕੇ ਰਖੋਗੇ (ਕਿਉਂਕਿ ਦੋ ਮੁਸ਼ਕਲਾਂ ਰਸਤੇ ਵਿਚ ਹਨ, ਇਕ ਤਾਂ ਇਹ ਹੈ ਕਿ ਓਹ ਏਕੰਕਾਰ) ਤੋਲਿਆ ਤੇ ਫੜਿਆ[1] ਨਹੀਂ ਜਾ ਸਕਦਾ। (ਦੂਜੇ ਤੁਸੀਂ) ਲੋਕ[2] ਮਾਇਆ ਦੇ ਦੀਵਾਨੇ ਹੋ (ਜਿਨ੍ਹਾਂ ਉਤੇ ਮਾਇਆ ਨੇ) ਝੂਠੀ ਠੱਗੀ[3] ਪਾ ਰਖੀ ਹੈ। (ਉਸ ਠਗਉਰੀ ਕਰਕੇ ਤੁਸੀਂ ਤ੍ਰਿਸ਼ਨਾਂ ਵਿਚ ਹੋ, ਤ੍ਰਿਸ਼ਨਾ ਕਰਕੇ ਤੁਸੀਂ) ਲਬ ਲੋਭ ਵਿਚ (ਪੈ ਕੇ) ਤੇ ਮੁਥਾਜ ਹੋ ਕੇ ਖਰਾਬ ਹੁੰਦੇ ਹੋ, (ਜਿਸ ਕਰਕੇ) ਹੁਣ ਬੀ ਤੇ ਫੇਰ ਓਦੋਂ ਬੀ[4](ਤੁਸੀਂ) ਪਛੁਤਾਵੋਗੇ। (ਪਰ ਜੇ ਕੋਈ) ਇਕ ਨੂੰ ਠੀਕ ਤਰ੍ਹਾਂ ਨਾਲ ਸੇਵੇ[5] ਤਾਂ (ਉਹ) ਗਤਿ ਮਿਤਿ[6] ਨੂੰ ਪ੍ਰਾਪਤ ਹੋ ਜਾਵੇਗਾ ਤੇ ਉਸ ਦਾ ਆਉਣਾ ਜਾਣਾ (ਭਾਵ ਜਨਮ ਮਰਨ) ਕੱਟ ਜਾਵੇਗਾ॥੬॥

ਏਕੁ ਅਚਾਰੁ ਰੰਗੁ ਇਕੁ ਰੂਪੁ॥
ਪਉਣ ਪਾਣੀ ਅਗਨੀ ਅਸ ਰੂਪੁ॥
ਏਕੋ ਭਵਰੁ ਭਵੈ ਤਿਹੁ ਲੋਇ॥
ਏਕੋ ਬੂਝੈ ਸੂਝੈ ਪਤਿ ਹੋਇ॥
ਗਿਆਨੁ ਧਿਆਨੁ ਲੇ ਸਮਸਰਿ ਰਹੈ॥
ਗੁਰਮੁਖਿ ਏਕੁ ਵਿਰਲਾ ਕੋ ਲਹੈ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ॥

(ਤੀਸਰੀ ਤੁਕ ਤੋਂ) ਤਿੰਨਾਂ ਲੋਕਾਂ ਵਿਚ ਇਕੋ ਚੇਤਨ ਵਿਚਰ ਰਿਹਾ ਹੈ, (ਪਹਿਲੇ ਆਚਾਰ=) ਕਰਮ (ਹੈ, ਉਸ ਵਿਚ ਬੀ ਉਹੋ) ਇਕੋ ਹੈ, (ਦੂਜੇ) ਰੰਗ ਰੂਪ(ਆਦਿ ਗੁਣ ਹੈਨ ਉਨ੍ਹਾਂ ਵਿਚ ਬੀ ਉਹੋ) ਇਕੋ ਹੈ। (ਤੀਜੇ) ਪਉਣ ਪਾਣੀ ਅਗਨੀ (ਆਦਿ ਉਸ ਇਕੋ ਦੇ) ਐਸੇ (ਐਸੇ) ਰੂਪ ਹੈਨ[7]। (ਐਉਂ ਜੇ ਕੋਈ) ਇਕੋ ਨੂੰ ਬੁੱਝ ਲਵੇ (ਤੇ ਉਸਨੂੰ) ਸਾਖਜਾਤ-ਕਾਰ ਹੋ ਜਾਵੇ[8](ਤਾਂ ਉਸ ਦੀ) ਪਤ ਹੁੰਦੀ ਹੈ। (ਇਸ ਤਰ੍ਹਾਂ ਦਾ) ਗਿਆਨ ਧਿਆਨ ਲੈ ਕੇ (ਉਹ) ਇਕ ਰਸ (ਬ੍ਰਿਤੀ ਵਾਲੀ ਦਸ਼ਾ) ਵਿਚ ਰਹੇ। (ਪਰ ਇਸ) ਇਕ ਨੂੰ ਕੋਈ ਵਿਰਲਾ ਗੁਰਮੁਖ ਪ੍ਰਾਪਤ ਕਰਦਾ ਹੈ। ਜਿਸ ਨੂੰ (ਪਰਮੇਸ਼ੁਰ ਇਹ ਦਾਤ) ਦੇਵੇ (ਉਹ ਉਸ ਦੀ) ਕ੍ਰਿਪਾ ਤੇ ਸੁਖ ਪਾਉਂਦਾ

---

੧. ਅਫੜ=ਫੜਨ ਤੋਂ ਰਹਤ, ਭਾਵ ਜੋ ਇੰਦ੍ਰਿਆਂ ਦਾ ਵਿਸ਼ਾ ਨਹੀਂ!ਅਫੜ ਇਸੇ ਕਰਕੇ ਹੈ ਕਿ ਉਹ ਅਤੋਲ ਹੈ ਤੇ ਅਤੋਲ ਇਸ ਵਾਸਤੇ ਹੈ ਕਿ ਉਹ ਮਾਦੀ ਵਸਤੂ ਨਹੀਂ। ੨. ਪ੍ਰਾਣੀ=ਪ੍ਰਾਣਾਂ ਵਾਲੇ, ਜਨਤਾ, ਲੋਕ।

੩. ਠਗਮੂਰੀ, ਕੋਈ ਜੜ੍ਹੀ ਬੂਟੀ ਜੋ ਠਗ ਲੋਕ ਪਿਲਾਕੇ, ਲੋਕਾਂ ਦੀ ਮਤ ਮਾਰਕੇ, ਬਿਹੋਸ਼ ਕਰਕੇ ਲੁਟਦੇ ਹਨ।

੪. ਇਬ=ਹੁਣ, ਇਸ ਵੇਲੇ। ਤਬ=ਤਦੋਂ, ਮਰਨ ਵੇਲੇ। ਇਬ ਤਬ=ਲੋਕ ਪ੍ਰਲੋਕ।

੫. ਸਰੇਵਣਾ=ਚੰਗੀ ਤਰ੍ਹਾਂ ਨਾਲ ਸੇਵਾ ਕਰਨੀ, ਭਾਵ ਇਕ ਮਨ ਇਕ ਚਿੱਤ ਹੋ ਕੇ ਸੇਵਨਾ।

੬. ਗਤੀ(ਮੁਕਤੀ) ਦੀ ਹੱਦ, ਭਾਵ ਪਰਮ ਗਤੀ, ਪੂਰਨ ਮੁਕਤੀ, ਸੰਪੂਰਨ ਗਿਆਨ।

੭. ਭਾਵ ਇਹ ਹੈ ਕਿ 'ਗੁਣ, ਕਰਮ ਦ੍ਰਵ੍ਯ' ਜਿਨ੍ਹਾਂ ਮੁੱਖ ਪਦਾਰਥਾਂ ਦੀ ਤ੍ਰਿਲੋਕੀ ਬਣੀ ਹੈ, ਉਸ ਇਕ ਚੇਤਨ ਹੋਂਦ ਦੇ ਪਸਾਰੇ ਹੈਨ। ਭਵਰ ਤੋਂ ਮੁਰਾਦ ਚੇਤਨ ਦੀ ਹੈ ਤੇ ਭਵੇ ਤੋਂ ਮੁਰਾਦ ਉਸ ਹੋਂਦ ਦੀ ਹੈ, ਜੋ ਸਾਰੇ ਵਿਦਮਾਨ ਹੈ। (ਭਵ=ਹੋਣਾ)! ਗਿਆਨੀ ਐਉਂ ਬੀ ਅਰਥ ਲਾਉਂਦੇ ਹਨ:- ਇਕ (ਉਹੀ) ਰੂਪ-ਰੰਗ ਤੇ ਕਰਮ ਰੂਪ ਹੈ। ਪਉਣ ਪਾਣੀ ਅਗਨੀ ਰੂਪ ਬੀ (ਉਹੀ ਅਸ=) ਹੈ। ਇਕੋ ਹੀ (ਉਹੀ) ਜੀਵ ਰੂਪ (ਹੋਕੇ) ਤਿੰਨਾਂ ਲੋਕਾਂ ਵਿਚ ਭ੍ਰਮਦਾ ਹੈ।

੮. ਸੂਝੈ=ਦਿੱਸ ਪਵੇ, ਸਾਖਜਾਤਕਾਰ ਹੋ ਜਾਵੇ।

ਗੁਰੂ ਦੁਆਰੈ ਆਖਿ ਸੁਣਾਏ ॥੭॥

ਹੈ, (ਪਰ ਇਹ ਉਪਦੇਸ਼ ਉਸ ਨੂੰ ਪਰਮੇਸ਼ੁਰ) ਗੁਰੂ ਦਵਾਰੇ ਆਖ ਕੇ ਸੁਣਾਉਂਦਾ ਹੈ[1]॥੭॥

ਊਰਮ ਧੂਰਮ ਜੋਤਿ ਉਜਾਲਾ ॥
ਤੀਨਿ ਭਵਣ ਮਹਿ ਗੁਰ ਗੋਪਾਲਾ ॥
ਊਗਵਿਆ ਅਸ ਰੂਪੁ ਦਿਖਾਵੈ ॥
ਕਰਿ ਕਿਰਪਾ ਅਪੁਨੈ ਘਰਿ ਆਵੈ ॥
ਊਨਵਿ ਬਰਸੈ ਨੀਝਰ ਧਾਰਾ ॥
ਊਤਮ ਸਬਦਿ ਸਵਾਰਣਹਾਰਾ ॥
ਇਸੁ ਏਕੇ ਕਾ ਜਾਣੈ ਭੇਉ ॥
ਆਪੇ ਕਰਤਾ ਆਪੇ ਦੇਉ ॥੮॥

ਤਿੰਨਾਂ ਭਵਣਾਂ ਵਿਚ ਜੋ ਮਾਨਸਿਕ (ਤੇ) ਸਰੀਰਕ ਵਿਆਕੁਲਤਾ[2] ਹੈ (ਉਨ੍ਹਾਂ) ਵਿਚ (ਉਸ) ਗੁਰ ਗੋਪਾਲ ਦੀ ਜੋਤਿ ਦਾ ਉਜਾਲਾ ਹੈ। (ਅਰਥਾਤ-ਉਹ ਜੋਤਿ ਦੁਖਾਂ ਤੋਂ ਬਚਣ ਦਾ ਰਸਤਾ ਦੱਸਣ ਵਾਲੀ (=ਗੁਰੂ) ਹੈ ਤੇ ਰਖਜਾ ਕਰਨ ਵਾਲੀ (ਗੋਪਾਲ) ਹੈ[3])। (ਐਉਂ) ਕ੍ਰਿਪਾ ਕਰਕੇ (ਉਹ ਜੀਵ ਦੇ ਰਿਦੇ ਰੂਪ) ਅਪਣੇ ਘਰ ਵਿਚ (ਜਦ) ਆਉਂਦਾ ਹੈ[4] ਤਦ (ਸੂਰਜ ਵਾਂਙ ਉਦੈ ਹੋਕੇ (ਉਸ ਨੂੰ ਅਪਣਾ) ਅਸਤਿ[5] ਰੂਪ ਦਿਖਾਲਦਾ ਹੈ। (ਫੇਰ ਬੱਦਲ ਵਾਂਙੂ) ਝੁਕ ਕੇ ਇਕ ਰਸ ਧਾਰਾ ਵਰਸਦੀ ਹੈ (ਅਨੰਦ ਦੀ, ਉਹਨਾਂ ਦਾ ਫੇਰ) ਉਤਮ ਸ਼ਬਦ (ਉਪਦੇਸ਼ ਸੰਸਾਰ ਨੂੰ) ਸੁਵਾਰਨੇ ਵਾਲਾ ਹੁੰਦਾ ਹੈ! (ਜੋ ਕੋਈ) ਇਸ ਏਕੇ ਦਾ ਭੇਦ ਸਮਝ ਲਵੇ, (ਉਹ) ਆਪ ਹੀ ਕਰਨੇ ਵਾਲਾ ਤੇ ਆਪ ਹੀ ਪ੍ਰਕਾਸ਼ਣੇ ਵਾਲਾ ਹੈ[6]॥੮॥

ਉਗਵੈ ਸੂਰੁ ਅਸੁਰ ਸੰਘਾਰੈ ॥

(ਸੂਰਜ ਚਾਨਣਾ ਹੈ, ਹਨ੍ਹੇਰਾ ਨਹੀਂ ਪਰ ਜਦੋਂ) ਸੂਰਜ ਚੜ੍ਹਦਾ ਹੈ (ਉਹ ਰੋਜ਼) ਰਾਖਸ਼ ਮਾਰਦਾ ਹੈ[7]।

---

੧. ਕ੍ਰਿਪਾ ਦਾ ਸਰੂਪ ਇਹ ਹੈ ਕਿ ਗੁਰੂ ਦੁਆਰੇ ਉਸ ਨੂੰ ਪਰਮੇਸ਼ੁਰ ਉਪਦੇਸ਼ ਦਿੰਦਾ ਹੈ।

੨. ਊਰਮਿ=ਲਹਿਰ, ਤ੍ਰੰਗ, ਮਨ ਵਿਚ ਪੈਦਾ ਹੋਣ ਵਾਲੇ ਦੁਖਾਂ ਦਾ ਤਰੰਗ, ਸੋ ਮਾਨਸਿਕ ਵਜਾਕੁਲਤਾ। ਧੂਰਮ=ਧੂਰਮਯ= ਜੋ ਧੂੜ ਤੋਂ ਬਣਿਆ ਹੈ, ਸਰੀਰ। ਭਾਵ ਸਰੀਰਕ ਵਜਾਕੁਲਤਾ ਤੋਂ ਹੈ, ਕਿਉਂਕਿ ਧੂੜ ਮਿੱਟੀ ਦੀ ਵਜਾਕੁਲ ਦਸ਼ਾ ਦਾ ਨਾਮ ਹੈ। (ਅ) ਊਰਮ ਧੂਰਮ ਦੇ ਅਰਥ ਤ੍ਰੈ ਹੋਰ ਬੀ ਕਰਦੇ ਹਨ-(੧) ਸੰਸ: ਊਰਮਿ=ਪ੍ਰਕਾਸ਼। ਦੇਸ਼ ਭਾ:, ਧੂਰਮ=ਹਨੇਰਾ। (੨) ਧੂਰਮਜ=ਪ੍ਰਿਥਵੀ। ਊਰਮ=ਤ੍ਰੰਗਾਂ ਵਾਲਾ, ਸਮੁੰਦਰ। ਭਾਵ ਜਲ ਥਲ (੩) ਸੰਸ:, ਉਰਵੀ=ਪ੍ਰਿਥਵੀ। ਦੇ: ਭਾਸ਼ਾ, ਧੂ+ਰਮ=ਜਿਸ ਵਿਚ ਧੂਆਂ ਗਮਨ ਕਰੇ=ਆਕਾਸ਼।

੩. ਗੁਰ, ਗੁਰੂ=ਹਨੇਰਾ ਦੂਰ ਕਰਨੇ ਵਾਲਾ। ਗੁਪਾਲ=ਪ੍ਰਿਥੀ ਪਾਲਕ, ਰਖਜਾ ਕਰਨੇ ਵਾਲਾ।

੪. ਅਥਵਾ, (ਤਦੋਂ ਉਸ ਏਕੇ ਦੀ) ਕ੍ਰਿਪਾ ਕਰਕੇ (ਜੀਵ) ਆਪਣੇ ਸਰੂਪ ਵਿਚ ਆਉਂਦਾ ਹੈ।

੫. ਅਸ, ਅਸਤਿ=ਭਾਵ ਇਕ ਈਸ਼੍ਵਰ ਨਾਮ ਰੂਪ ਤੋਂ ਰਹਤ ਕੇਵਲ ਸਤਾ ਮਾਤ੍ਰ ਹੈ। ਉਸ ਦਾ ਨਿਰਗੁਣ ਨਿਰਵਿਕਾਰ ਸਰੂਪ ਕੇਵਲ 'ਅਸ' = 'ਹੈ' ਹੈ। ਜਦ ਗਜਾਨ ਉਦੇ ਹੁੰਦਾ ਹੈ ਤਦ ਉਸ ਦਾ ਅਸਲ 'ਅਸ'='ਹੈ' ਮਾਤ੍ਰ ਸਰੂਪ ਜੋ ਹੈ ਸੋ ਗਿਆਨਵਾਨ ਨੂੰ 'ਦਖਾਲਦਾ ਹੈ। ਇਹ ਰੂਪ ਇਕ ਰਸ ਰਹਿੰਦਾ ਹੈ। 'ਅਸ' ਅਰ 'ਸਤ' ਇਕੋ ਗੱਲ ਹੈ: 'ਹੈ' ਸਰੂਪ।

੬. ਭਾਵ, ਉਹ ਆਪੇ ਵਿਚ ਆਪ ਹੀ ਕਰਤਾ ਦੇਵ ਦਾ ਸਰੂਪ ਹੈ। ਅਥਵਾ ਉਸ ਏਕੇ ਦਾ ਭੇਤ ਜਾਣੇ (ਕਿ ਉਹ ਕੀਹ ਹੈ?) ਅਕਾਲ ਪੁਰਖ ਆਪ ਹੀ ਕਰਨਹਾਰ ਹੈ ਤੇ ਆਪੇ ਹੀ ਪ੍ਰਕਾਸ਼ ਸਰੂਪ ਹੈ।

੭. ਜਾਂ, ਆਸੁਰੀ (ਸੰਪਦਾ ਨੂੰ) ਮਾਰ ਕੇ ਜਦ ਗਜਾਨ) ਸੂਰਜ ਚੜ੍ਹਦਾ ਹੈ, (ਤਦ ਪ੍ਰੇਮੀ ਉਸ ਨੂੰ) ਚੜ੍ਹਿਆ ਵੇਖਕੇ ਸ਼ਬਦ ਦਾ ਵੀਚਾਰ ਕਰਦੇ ਹਨ। ਕਥਾ ਸ਼ਾਸਤ੍ਰ ਅਨੁਸਾਰ, ਸੂਰਜ ੧੪ ਹਜ਼ਾਰ ਰਾਖਸ਼ ਮਾਰ ਕੇ ਰੋਜ਼ ਚੜ੍ਹਦਾ ਹੈ। ਗੁਰੂ ਜੀ ਕਹਿੰਦੇ ਹਨ: ਗਜਾਨ ਸੂਰਜ ਆਸੁਰੀ ਸੰਪਦਾ ਨੂੰ ਮਾਰ ਕੇ ਉਦੇ ਹੁੰਦਾ ਹੈ। ਜਦ ਗਿਆਨ ਪ੍ਰਕਾਸ਼ ਹੋ ਜਾਵੇ ਤਦ ਭੀ ☞

 www.sikhbookclub.com

ਊਹਉ ਦੇਖਿ ਸਬਦਿ ਬੀਚਾਰੈ॥
ਊਪਰਿ ਆਦਿ ਅੰਤਿ ਤਿਹੁ ਲੋਇ॥
ਆਪੇ ਕਰੈ ਕਥੈ ਸੁਣੈ ਸੋਇ॥
ਓਹੁ ਬਿਧਾਤਾ ਮਨੁ ਤਨੁ ਦੇਇ॥
ਓਹੁ ਬਿਧਾਤਾ ਮਨਿ ਮੁਖਿ ਸੋਇ॥
ਪ੍ਰਭੁ ਜਗਜੀਵਨੁ ਅਵਰੁ ਨ ਕੋਇ॥
ਨਾਨਕ ਨਾਮਿ ਰਤੇ ਪਤਿ ਹੋਇ॥੯॥
ਰਾਜਨ ਰਾਮ ਰਵੈ ਹਿਤਕਾਰਿ॥
ਰਣ ਮਹਿ ਲੂਝੈ ਮਨੂਆ ਮਾਰਿ॥
ਰਾਤਿ ਦਿਨੰਤਿ ਰਹੈ ਰੰਗਿ ਰਾਤਾ॥
ਤੀਨਿ ਭਵਨ ਜੁਗ ਚਾਰੇ ਜਾਤਾ॥
ਜਿਨਿ ਜਾਤਾ ਸੋ ਤਿਸ ਹੀ ਜੇਹਾ॥
ਅਤਿ ਨਿਰਮਾਇਲੁ ਸੀਝਸਿ ਦੇਹਾ॥
ਰਹਸੀ ਰਾਮੁ ਰਿਦੈ ਇਕ ਭਾਇ॥
ਅੰਤਰਿ ਸਬਦੁ ਸਾਚਿ ਲਿਵ ਲਾਇ॥
੧੦॥

(ਤਿਵੇਂ ਗਜਾਨ ਨੇ ਅਗਜਾਨ ਨਹੀਂ ਹੋ ਜਾਣਾ, ਪਰ ਜਦੋਂ ਜਗਜਾਸੂ ਆਪਣੇ ਰਿਦੇ ਵਿਚ ਗਜਾਨ) ਉੱਚਾ ਹੋਯਾ (ਭਾਵ ਉਦੇ ਹੋਯਾ) ਦੇਖੇ (ਤਾਂ ਸਮਝ ਲਵੇ ਕਿ ਉਸ ਨੂੰ ਆਸੁਰੀ ਸੰਪਦਾ ਦੇ ਰਾਖਸ਼ਾਂ ਨੂੰ ਨਿਤ ਮਾਰਦੇ ਰਹਿਣਾ ਪਵੇਗਾ ਤੇ ਓਹ ਮਰਦੇ ਹਨ ਨਾਮ ਅਭਜਾਸ ਨਾਲ, ਸੋ ਦੱਸਦੇ ਹਨ ਕਿ ਗਜਾਨ ਪਾ ਕੇ ਬੀ) ਸ਼ਬਦ ਦਾ ਵਿਚਾਰ ਕਰੇ। (ਅੱਗੇ ਹੁਣ ਪੰਜ ਤੁਕਾਂ ਵਿਚ ਗਜਾਨ ਦਾ ਸਰੂਪ ਹੈ ਤੇ ਛੇਵੀਂ ਵਿਚ ਸ਼ਬਦ ਵੀਚਾਰ ਦਾ ਅਰਥ ਹੈ)। (ਪਰਮਾਤਮਾ) ਜਨਮ ਮਰਨ ਤੇ ਤਿੰਨਾਂ ਲੋਕਾਂ ਤੋਂ ਉਪਰ ਹੈ! (ਉਹ) ਆਪ ਹੀ (ਗਜਾਨ ਪ੍ਰਗਟ) ਕਰਦਾ ਹੈ, (ਆਪ ਹੀ) ਕਥਨ ਕਰਦਾ ਹੈ (ਤੇ ਆਪ ਹੀ) ਉਹ ਸੁਣਦਾ ਹੈ[1]। ਉਹ ਪਰਮੇਸ਼ੂਰ ਮਨ ਤੇ ਤਨ ਦਾ ਦਾਤਾ ਹੈ। ਉਹ ਪਰਮੇਸ਼ੂਰ ਮਨ ਵਿਚ ਹੈ ਤੇ ਓਹੋ ਮੁਖ ਵਿਚ ਹੈ। (ਓਹੋ) ਪ੍ਰਭੂ ਜਗਤ ਦਾ ਜੀਵਨ ਹੈ ਹੋਰ ਕੋਈ ਨਹੀਂ। (ਪਰ ਕਹਿੰਦੇ ਹਨ ਗੁਰੂ) ਨਾਨਕ (ਉਸਦੇ) ਨਾਮ ਵਿਚ ਲਗਿਆਂ (ਰਿਹਾ ਹੀ) ਪਤਿ ਹੁੰਦੀ ਹੈ॥੯॥

ਪ੍ਰਕਾਸ਼ ਰੂਪ ਪਰਮੇਸ਼ੂਰ ਨੂੰ ਹਿਤ ਨਾਲ ਜਪੇ(=ਉਸ ਦਾ ਨਾਮ ਜਪੇ, ਇਸ ਸੰਸਾਰ ਤੋਂ ਨੱਸ ਕੇ ਨਹੀਂ ਪਰ ਇਸੇ) ਰਣ ਵਿਚ ਜੰਗ ਕਰਕੇ ਮਨ ਨੂੰ ਮਾਰ ਲਵੇ[2]। (ਫਿਰ) ਰਾਤ ਦਿਨੇਂ ਰੰਗ (=ਵਾਹਿਗੁਰੂ ਦੇ ਪ੍ਰੇਮ) ਵਿਚ ਰੱਤਾ ਰਹੇ। (ਐਸੇ ਪੁਰਖ ਨੇ) ਤਿੰਨਾਂ ਭਵਨਾਂ[3] ਤੇ ਚਹੁੰ ਜੁਗਾਂ[4] ਵਿਚ (ਉਸ ਰਾਜਨ ਰਾਮ ਨੂੰ) ਜਾਣ ਲਿਆ ਹੈ। ਜਿਸ ਨੇ ਜਾਣ ਲਿਆ ਹੈ ਉਹ ਉਸੇ ਹੀ ਵਰਗਾ ਹੈ। (ਉਸ ਦਾ ਆਤਮਾ) ਅਤਿ ਦਾ ਨਿਰਮਲ ਹੋ ਗਿਆ ਹੈ ਤੇ ਦੇਹ (ਉਸ ਦੀ) ਸਫਲ ਹੋ ਗਈ ਹੈ[5]। (ਐਸਾ ਪੁਰਖ ਉਸ ਜੈਸਾ ਹੋ ਕੇ ਵੀ ਅਪਣੇ) ਅੰਦਰ ਸ਼ਬਦ ਦਾ (ਧਾਰਣੀ ਰਹਿ ਕੇ) ਸੱਚ ਵਿਚ ਲਿਵ ਲਾਈ ਰਖੇਗਾ (ਤੇ) ਵਾਹਿਗੁਰੂ (ਉਸ ਦੇ) ਰਿਦੇ ਵਿਚ ਇਕ ਰਸ ਆਨੰਦ ਦੇਵੇਗਾ[6]॥੧੦॥

---

੧. ਆਪ (ਕਰਨਹਾਰਾ ਹੋ ਕੇ) ਕਰਦਾ ਹੈ, (ਗੁਰੂ ਵਿਚ ਹੋ ਕੇ) ਰਹਿੰਦਾ ਹੈ (ਤੇ ਜਗਜਾਸੂ ਵਿਚ ਹੋ ਕੇ) ਸੁਣਦਾ ਹੈ।
੨. ਭਾਵ ਅਤ ਤ ਹੋ ਕੇ ਨਹੀਂ ਸਗੋਂ ਗ੍ਰਿਹਸਤ ਦੇ ਵਿਚੇ ਰਹਿ ਕੇ ਅਜ਼ਮਾਇਸ਼ਾਂ ਦੇ ਮੁਕਾਬਲੇ ਕਰਕੇ ਫਤੇ ਪਾਵੇ।
੩. ਭਾਵ ਸਰਬ ਦੇਸ਼ਾਂ ਵਿਚ। ੪. ਭਾਵ ਸਰਬ ਕਾਲ ਵਿਚ।
੫. ਭਾਵ, ਕਿ ਗ੍ਰਿਹਸਤ ਰੂਪੀ ਰਣ ਵਿਚ ਆਤਮਾ ਨੂੰ ਨਿਰਮਲ ਕਰਦੇ ਹੋਏ ਦੇਹ ਦੀ ਸਫਲਤਾ ਦਾ ਉਪਦੇਸ਼ ਹੈ।
੬. ਰਹਸ=ਅਨੰਦ। ਰਹਸੀ=ਅਨੰਦ ਦੇਵੇਗਾ।

☞ ਗਿਆਨਵਾਨ ਨੂੰ ਨਾਮ ਤਿਆਗ ਨਹੀਂ ਕਰਨਾ ਚਾਹੀਏ। ਇਹੋ ਗੱਲ ਇਸ ਦੇ ਅੰਤ ਵਿਚ ਕਹੀ ਹੈ:-ਨਾਨਕ ਨਾਮਿ ਰਤੇ ਪਤਿ ਹੋਇ।

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥
ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥
ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ॥
ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥੧੧॥

(ਸੰਸਾਰ ਦੇ ਕਿਸੇ ਅਸਰ ਤੋਂ) ਕਲੇਸ਼ ਵਿਚ ਨਾ ਜਾਓ, (ਨਾਮ) ਅੰਮ੍ਰਿਤ ਪੀਓ[1] (ਕਿਉਂਕਿ) ਸੰਸਾਰ ਵਿਚ ਰਹਿਣ (ਸਦਾ) ਨਹੀਂ (ਹੋਣਾ)। (ਏਥੇ) ਤਾਂ ਰਾਜੇ ਰਾਇ ਤੇ ਗ਼ਰੀਬ (ਕਿਸੇ ਬੀ) ਨਹੀਂ ਰਹਿਣਾ (ਇਸ ਤਰ੍ਹਾਂ) ਚੌਹਾਂ ਹੀ ਜੁਗਾਂ ਵਿਚ (ਇਹ ਜੀਵ) ਆਉਂਦੇ ਜਾਂਦੇ (ਰਹਿੰਦੇ) ਹਨ[2]। 'ਰਹਿਣਾ' ਆਖਣ ਨਾਲ ਰਹਿੰਦਾ ਕੋਈ ਨਹੀਂ[3], (ਭਾਵ ਸਾਰੇ ਰਹਿਣਾ ਕਹਿੰਦੇ ਹਨ, ਪਰ ਰਹਿੰਦਾ ਕੋਈ ਨਹੀਂ, ਮੈਂ) ਕਿਸ ਪਾਸ ਬੇਨਤੀ ਕਰਾਂ[4]? (ਹਾਂ ਸਦਾ ਰਹਿਣੇ ਵਾਲੀ ਇਕ ਸ਼ੈ ਹੈ ਉਹ ਹੈ) ਇਕ ਸ਼ਬਦ ਰਾਮ ਦਾ ਨਾਮ (ਜੋ ਜੀਵ ਦਾ) ਵਿਸ਼ੇਸ਼ ਕਰਕੇ ਉਧਾਰ ਕਰਨੇ ਵਾਲਾ ਹੈ[5], (ਜੇ ਉਹ) ਗੁਰੂ (ਮੇਰੀ) ਬੁੱਧੀ ਵਿਚ ਦੇ ਦੇਵੇ ਤਾਂ ਪਤ (ਰਹਿੰਦੀ ਹੈ[6])॥੧੧॥

ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ॥
ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ॥
ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ॥

(ਤੀਸਰੀ ਤੁਕ ਤੋਂ) (ਜਦੋਂ) ਪ੍ਰੇਮ ਨੇ (ਪਜਾਰੀ ਨੂੰ) ਲਾਡ ਨਾਲ ਸੱਦ ਲਿਆ (ਤਾਂ ਉਸ ਦੇ) ਮਨ ਵਿਚ (ਇਸ ਪ੍ਰੇਮ ਸੱਦੇ ਦਾ) ਸ਼ਬਦ (ਤੇ ਉਸ ਸ਼ਬਦ ਦਾ) ਆਨੰਦ=ਚਾਉ) ਭਰ ਗਿਆ, ੧. (ਹੁਣ ਉਹ) ਘੁੰਡ ਖੋਹਲ ਕੇ (ਪਜਾਰੇ ਵਲ) ਟੁਰ ਪਈ, ਲਜਜਾ ਦੂਰ ਹੋ ਗਈ, (ਜੋ ਪਹਿਲਾਂ ਉਸ ਨੂੰ ਆਪਣੇ ਵਿਚ) ਮਾਰੀ ਰਖਦੀ ਸੀ (ਭਾਵ ਘੁੱਟੀ ਦੱਬੀ ਰਖਦੀ ਸੀ ਤੇ) ਸ਼ੰਕਾ ਰੂਪੀ ਦਿਵਾਨੀ ਤੇ ਬਾਵਰੀ ਸੱਸ ਬੀ ਸਿਰ ਤੋਂ ਟਲ ਗਈ।

---

੧. ਨਾਮ ਜਪਣ ਵਾਲੇ ਨੂੰ ਕ੍ਰੋਧ, ਈਰਖਾ, ਭੈ, ਮੋਹ ਆਦਿ ਗੱਲਾਂ ਵਿਚ ਗਿਆਂ ਨਾਮ ਰਸ ਭੰਗ ਹੋ ਜਾਂਦਾ ਹੈ। ਇਨ੍ਹਾਂ ਤੋਂ ਬਚ ਕੇ ਨਾਮ ਜਪਿਆਂ ਨਾਮ ਅੰਮ੍ਰਿਤ ਵਾਂਙੂ ਰਸ ਦੇਂਦਾ ਹੈ।

੨. ਅਥਵਾ=ਚਾਰੇ ਜੁਗ ਵੀ ਨਾਸ਼ ਹਨ।

੩. ਸੰਸਾਰ ਪੁਰ ਰਹਿਣਾ ਸਭ ਕੋਈ ਕਹਿੰਦਾ ਹੈ ਕਿ ਰਹੀਏ ਅਰ ਧੰਦੇ ਬੀ ਐਸੇ ਕਰਦੇ ਹਨ ਕਿ ਕਦੇ ਮਰਨਾ ਨਹੀਂ, ਪਰ ਰਹਿੰਦਾ ਕੋਈ ਨਹੀਂ।

੪. ਅਥਵਾ, ਕਹਿੰਦੇ ਹਨ ਸਾਰੇ ਕਿ ਮਰ ਜਾਣਾ ਹੈ, ਪਰ ਮਰਨ ਲਖ ਕੇ ਜਿਸ ਰਹਿਣੀ ਪਰ ਰਹਿਣਾ ਚਾਹੀਏ ਉਸ ਪਰ ਕੋਈ ਨਹੀਂ ਰਹਿੰਦਾ। ਯਥਾ:- 'ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ।' (ਡਖ:ਮ:੫/੧੦੯੯) ਇਸ ਲਈ ਕਿਸ ਪਾਸ ਬੇਨਤੀ ਕਰਾਂ? ਉਤਰ-ਰਾਮ ਨਾਮ ਦਾ ਇਕ ਸ਼ਬਦ ਹੀ (ਮ੍ਰਿਤੂ ਨੂੰ) ਰੋਕਣ ਵਾਲਾ ਹੈ (ਪਰ ਇਹ ਮਿਲਦਾ ਉਸ ਨੂੰ ਹੈ ਜਿਸ ਦੀ) ਮਤਿ ਵਿਚ ਗੁਰੂ (ਇਹ ਪਾ) ਦੇਵੇ (ਉਸ ਦੀ) ਪਤ (ਕਾਲ ਤੋਂ ਬਚੇਗੀ।)

੫. ਨਿਰੁੱਧ+ਰ=ਮਨ ਨੂੰ ਬ੍ਰਿਤੀਆਂ ਤੋਂ ਰੋਕਣ ਵਾਲਾ। ਨਿਰ+ਉਧਰਾ=ਵਿਸ਼ੇਸ਼ ਕਰਕੇ ਉਧਾਰ ਕਰਨ ਵਾਲਾ। ਨਿਰੁਦਧਾਰ=ਜਿਸ ਦਾ ਉੱਧਾਰ ਹੋਣਾ ਦੂਰ ਹੋ ਜਾਏ। ਭਾਵ ਉਹ ਮੰਤ੍ਰ ਜਿਸ ਨੂੰ ਦੂਸਰਾ ਮੰਤ੍ਰ ਤੋੜ ਨਾ ਸਕੇ। ਮੰਤ੍ਰ ਵਾਲੇ ਲੋਕ 'ਨਿਰੁੱਧਰ ਮੰਤ੍ਰ' ਉਸ ਨੂੰ ਕਹਿੰਦੇ ਹਨ ਜਿਸ ਦੇ ਅਸਰ ਨੂੰ ਹੋਰ ਕੋਈ ਮੰਤ੍ਰ ਜ਼ਾਯਲ ਨਾ ਕਰ ਸਕੇ।

੬. ਇਹ ਪਉੜੀ ਉੱਚ ਕਾਵਜ ਰਸ ਰੰਗ ਵਾਲੀ ਹੈ, ਭਾਵ ਐਉਂ ਬੀ ਜਾਪਦਾ ਹੈ ਕਿ ਸੰਸਾਰ ਨਾਲ ਰੁੱਸ ਕੇ ਉਦਾਸ ਹੋ ਕੇ ਬਨਾਂ ਨੂੰ ਨੱਸਣਾ ਠੀਕ ਨਹੀਂ, ਵਿਚੇ ਰਹਿ ਕੇ ਰਾਮ ਨਾਮ ਜਪੋ ਜੋ ਨਿਰੋਧਰ ਮੰਤ੍ਰ ਹੈ, ਇਥੋਂ ਇਕ ਦਿਨ ਟੁਰ ਹੀ ਜਾਣਾ ਹੈ, ਪਹਿਲੋਂ ਹੀ ਨੱਸ ਜਾਣ ਦਾ ਫਲ ਕੀਹ ਹੈ, ਵਿਚੇ ਰਹਿ ਕੇ ਜੁੱਧ ਕਰਕੇ ਫਤੇ ਪਾ ਕੇ ਅੰਮ੍ਰਿਤ ਪੀਣਾ ਠੀਕ ਹੈ।

ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥੧੨॥

(ਹੁਣ ਉਹ) ਪਜਾਰੇ ਵਿਚ ਰੱਤੀ ਜਾ ਕੇ ਪਜਾਰੇ ਜੈਸੀ ਹੋ ਗਈ ਹੈ, (ਹਾਂ ਹੁਣ ਉਹ ਮੁੜ ਵਿਛੋੜੇ ਦੇ ਭੈ ਤੋਂ) ਨਿਸਚਿੰਤ ਹੋ ਗਈ ਹੈ (ਤੇ ਹੋਰਨਾਂ ਨੂੰ ਪਜਾਰੇ ਦੇ ਦੇਸ਼ ਲੈ ਜਾਣ ਲਈ) ਗੁਰਮੁਖ ਹੋ ਗਈ ਹੈ[੧]॥੧੨॥

ਲਾਹਾ ਨਾਮੁ ਰਤਨੁ ਜਪਿ ਸਾਰੁ॥
ਲਬੁ ਲੋਭੁ ਬੁਰਾ ਅਹੰਕਾਰੁ॥
ਲਾੜੀ ਚਾੜੀ ਲਾਇਤਬਾਰੁ॥
ਮਨਮੁਖੁ ਅੰਧਾ ਮੁਗਧੁ ਗਵਾਰੁ॥
ਲਾਹੇ ਕਾਰਣਿ ਆਇਆ ਜਗਿ॥
ਹੋਇ ਮਜੂਰੁ ਗਇਆ ਠਗਾਇ ਠਗਿ॥ ਲਾਹਾ ਨਾਮੁ ਪੂੰਜੀ ਵੇਸਾਹੁ॥
ਨਾਨਕ ਸਚੀ ਪਤਿ ਸਚਾ ਪਾਤਿਸਾਹੁ॥ ੧੩॥

(ਇਸ ਮਨੁੱਖਾ ਜਨਮ ਵਿਚ ਅਸਲੀ) ਲਾਹਾ ਨਾਮ ਰੂਪੀ ਰਤਨ ਹੈ, (ਤਾਂਤੇ ਨਾਮ ਦਾ) ਸਿਮਰਣ ਕਰ, (ਇਹੋ) ਸਾਰ (ਵਸਤੂ) ਹੈ, (ਸੰਸਾਰਕ ਲਾਹੇ ਦਾ ਮੰਦ) ਲਬ ਤੇ ਲੋਭ ਬੁਰਾ ਹੈ (ਤੇ ਬੁਰਾ ਹੈ) ਹੰਕਾਰ (ਤੇ ਬੁਰਾ ਹੈ) ਲਾਊ ਮਚਕਾਊ ਪੁਣਾ ਤੇ ਚੁਗਲੀ[੨]। (ਜਿਹਦੇ ਵਿਚ ਇਹ ਹਨ ਉਹ ਰੱਬ ਵੱਲੋਂ) ਮਨਮੁਖ (ਤੇ ਅਸਲੀਅਤ ਨੂੰ ਸਮਝਣ ਵਲੋਂ) ਮੂਰਖ, ਗਵਾਰ ਤੇ ਅੰਨ੍ਹਾ ਹੈ। ਆਇਆ ਤਾਂ ਸੀ ਜਗਤ ਵਿਚ ਨਫੇ ਲਈ (ਪਰ) ਠੱਗੀ (ਕਰਨ ਵਿਚ ਆਪ ਨੂੰ ਹੀ) ਠਗਾ ਗਿਆ (ਤੇ ਸ਼ਾਹ ਬਣਨ ਦੀ ਥਾਂ) ਮਜੂਰ ਹੋ ਗਿਆ, (ਤਾਂਤੇ ਸਮਝ ਕਰ ਹੇ ਪੰਡਤ! ਕਿ) ਨਾਮ ਹੈ (ਅਸਲੀ) ਲਾਹਾ, ਰਾਸ ਹੈ ਸਿਦਕ, (ਇਉਂ ਬਣੇਗੀ ਤੇਰੀ) ਸੱਚੀ ਪਤ (ਉਸ ਪਾਸ ਜੋ ਹੈ) ਸੱਚਾ ਪਾਤਸ਼ਾਹ, ਹੇ ਨਾਨਕ॥੧੩॥

---

੧. ਭਾਵ ਏਹ ਕਿ ਭਗਤੀ ਕਰਦਿਆਂ ਜੀਵ ਦੀ ਤਦਲੀਨਤਾ ਵਿਚ ਆਪਣੇ ਸਤਿਕਾਰ-ਸੰਕੋਚ ਦੀਆਂ ਕੁਝ ਸੂਖਮ ਰੁਕਾਵਟਾਂ ਹੁੰਦੀਆਂ ਹਨ ਜੋ ਪਜਾਰੇ ਜੀ ਦੇ ਅਪਣੇ ਪ੍ਰੇਮ ਸੱਦੇ ਨਾਲ ਤ੍ਰੁਟ ਜਾਂਦੀਆਂ ਹਨ ਤੇ ਫੇਰ ਪ੍ਰੇਮੀ ਦੇ ਪਜਾਰੇ ਨਾਲ ਤਦਰੂਪਤਾ ਹੋ ਜਾਂਦੀ ਹੈ। (ਅ) ਸਜਣ ਜਨ ਐਉਂ ਬੀ ਅਰਥ ਲਾਉਂਦੇ ਹਨ:- (ਜੋ ਜੀਵ ਰੂਪੀ ਇਸਤ੍ਰੀ ਲੋਕ) ਲਾਜ ਨਾਲ ਮਰਦੀ ਸੀ ਮਰ ਗਈ। (ਭਾਵ ਪਰਮਾਰਥ ਤੋਂ ਰਹਿ ਗਈ, ਪਰ ਜੋ) ਘੁੰਡ ਖੋਹਲ ਤੁਰੀ (ਭਾਵ ਲੋਕ ਲਾਜ ਤਿਆਗ ਕੇ ਪਰਮਾਰਥ ਦੇ ਰਸਤੇ ਤੁਰੀ ਉਸ ਦੇ) ਸਿਰ ਤੋਂ ਬਾਉਲੀ ਤੇ ਸ਼ੁਦਾਇਣ ਸੱਸ (ਅਵਿਦਜਾ) ਦੀ ਸ਼ੰਕਾ ਦੂਰ ਹੋ ਗਈ। (ਉਸ ਨੂੰ) ਪ੍ਰੇਮ (ਪਰਮੇਸ਼ੁਰ) ਨੇ ਖੁਸ਼ੀ ਨਾਲ ਸੱਦ ਲਿਆ; (ਉਸ ਵੇਲੇ ਉਸ ਦੇ) ਮਨ ਵਿਚ ਨਾਮ ਸੀ ਤੇ ਨਾਮ ਦਾ ਆਨੰਦ ਸੀ। ਹੁਣ ਪਜਾਰੇ ਵਿਚ ਰੱਤੀ ਹੋਈ (ਲਾਲ ਦੀ) ਪਿਆਰੀ ਹੋ ਗਈ, ਗੁਰਮੁਖ ਹੋ ਗਈ ਤੇ ਬੇਚਿੰਤ ਹੋ ਗਈ।

ਇਹ ਪਉੜੀ ਬੀ ਅਚਰਜ ਕਾਵਜਰਸ ਨਾਲ ਡੁੱਲ੍ਹ ਡੁੱਲ੍ਹ ਪੈ ਰਹੀ ਹੈ ਤੇ ਭਗਤੀ ਮਰਮ ਦੀ ਲਖਾਜਕ ਹੈ। ਸੰਪ੍ਰਦਾਯਕ ਅਰਥਾਂ ਦਾ ਝੁਕਾਉ ਇਸ ਪਾਸੇ ਹੈ ਕਿ ਲੱਜਾ ਨਾਲ ਮਰਨੇ ਵਾਲੀ 'ਬੁੱਧੀ' ਹੈ; ਲਾਜ, ਲੋਕ ਲਾਜ ਹੈ; ਘੂੰਘਟ ਹੈ ਅਵਰਨ ਰੂਪ ਤੇ ਸੱਸ ਹੈ ਅਵਿਦਜਾ ਰੂਪ।

੨. ਲਾੜੀ ਚਾੜੀ=ਲਹਾ ਚੜ੍ਹਾ ਦੀਆਂ ਗੱਲਾਂ; ਝੂਠ ਸੱਚ ਬੋਲ ਕੇ ਅਗਲੇ ਨੂੰ ਵਿਸਾਹ ਕੇ ਲਾਹਾ ਕੱਢਣਾ। ਕਈ ਥਾਂਈਂ ਅਰਬੀ ਪਦ ਹੈ, ਬੇਇਤਬਾਰਾ ਆਦਮੀ ਹੈ। ਗੁਰਬਾਣੀ ਵਿਚ 'ਲਾਇਤਬਾਰੀ' ਦਾ ਅਰਥ 'ਚੁਗਲੀ' ਲਾਇਤਬਾਰ ਲਗਦਾ ਹੈ।


www.sikhbookclub.com

ਆਇ ਵਿਗੂਤਾ ਜਗੁ ਜਮ ਪੰਥੁ॥
ਆਈ ਨ ਮੇਟਣ ਕੋ ਸਮਰਥੁ॥
ਆਥਿ ਸੈਲ ਨੀਚ ਘਰਿ ਹੋਇ॥
ਆਥਿ ਦੇਖਿ ਨਿਵੈ ਜਿਸੁ ਦੋਇ॥
ਆਥਿ ਹੋਇ ਤਾ ਮੁਗਧੁ ਸਿਆਨਾ॥
ਭਗਤਿ ਬਿਹੂਨਾ ਜਗੁ ਬਉਰਾਨਾ॥
ਸਭ ਮਹਿ ਵਰਤੈ ਏਕੋ ਸੋਇ॥
ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ॥੧੪॥
ਜੁਗਿ ਜੁਗਿ ਥਾਪਿ ਸਦਾ ਨਿਰਵੈਰੁ॥
ਜਨਮਿ ਮਰਣਿ ਨਹੀ ਧੰਧਾ ਧੈਰੁ॥
ਜੋ ਦੀਸੈ ਸੋ ਆਪੇ ਆਪਿ॥
ਆਪਿ ਉਪਾਇ ਆਪੇ ਘਟ ਥਾਪਿ॥

(ਸੰਸਾਰਕ) ਲਾਹੇ[1] ਦਾ ਖਰਾਬ ਕੀਤਾ ਹੋਯਾ ਜਗਤ ਹੀ ਯਮ ਦਾ ਮਾਰਗ ਹੈ, (ਪਰ ਇਸ) ਲਾਹੇ ਦੀ (ਤ੍ਰਿਸ਼ਨਾ ਨੂੰ) ਮੇਟਣ ਨੂੰ ਕੋਈ ਸਮਰੱਥ ਨਹੀਂ (ਕਿਉਂਕਿ ਦੌਲਤ ਨੇ ਲੋਕਾਂ ਦੇ ਮਨਾਂ ਤੇ ਐਸਾ ਵਸੀਕਾਰ ਪਾਇਆ ਹੋਯਾ ਹੈ ਕਿ ਜੇ ਏਹ) ਦੌਲਤ ਦਾ ਢੇਰ[2] ਨੀਚ ਦੇ ਘਰ ਬੀ ਹੋਵੇ ਤਾਂ ਇਸ) ਦੌਲਤ ਨੂੰ ਦੇਖ ਕੇ ਦੋਵੇਂ[3] (ਊਚ ਨੀਚ ਉਸ ਅੱਗੇ) ਝੁਕ ਜਾਂਦੇ ਹਨ। ਦੌਲਤ[4] (ਜੇ ਮੂਰਖ ਦੇ ਘਰ) ਹੋਵੇ ਤਾਂ (ਉਹ) ਮੂਰਖ ਬੀ ਸਿਆਣਾ (ਗਿਣੀਂਦਾ) ਹੈ। (ਇਉਂ ਦੌਲਤ ਦੇ ਮੋਹ ਵਿਚ ਫਾਥਾ) ਜਗਤ (ਭਗਤੀ ਵਲ ਰੁਖ ਨਹੀਂ ਕਰਦਾ ਤੇ) ਭਗਤੀ ਤੋਂ ਖਾਲੀ ਹੋਣ ਕਰਕੇ (ਝੂਠੇ ਨਫੇ ਦੇ ਮਗਰ) ਬਾਵਰਾ ਹੋ ਰਿਹਾ ਹੈ। ਸਭ ਵਿਚ ਇਕੋ ਉਹੋ (ਵਾਹਿਗੁਰੂ) ਵਰਤ ਰਿਹਾ ਹੈ, ਜਿਸ ਤੇ ਕ੍ਰਿਪਾ ਕਰਦਾ ਹੈ ਉਸ ਉਤੇ ਪ੍ਰਗਟ ਹੁੰਦਾ ਹੈ (ਤੇ ਜਿਸ ਤੇ ਪ੍ਰਗਟਦਾ ਹੈ ਉਹ 'ਆਈ' ਤੇ ਫਤੇ ਪਾਉਂਦਾ ਹੈ)॥੧੪॥

(ਓਹ ਇਕ) ਹਰ ਜੁਗ ਵਿਖੇ ਥਾਪਦਾ[5] ਹੈ, (ਪਰ ਆਪ) ਸਦਾ ਨਿਰਵੈਰ (ਰਹਿੰਦਾ ਹੈ, (ਤੇ) ਨਾ (ਹੀ ਇਸ ਥਾਪਨਾ ਵਿਚ) ਉਹ ਆਪ ਜਨਮ ਵਿਚ (ਆਉਂਦਾ) ਹੈ, ਨਾ ਮਰਨ ਵਿਚ, ਨਾਂ ਉਸ ਨੂੰ ਕ੍ਰਿਯਾ ਹੈ ਨਾਂ ਅਕ੍ਰਿਯਾ[6] ਹੈ। ਜੋ ਦਿੱਸਦਾ ਹੈ ਸੋ ਆਪ ਹੀ ਆਪ ਹੈ। ਆਪ ਹੀ ਉਪਾਉਂਦਾ ਹੈ ਘਟਾਂ ਨੂੰ (ਤੇ) ਆਪ ਹੀ ਉਹਨਾਂ ਘਟਾਂ ਵਿਚ ਸਥਾਪਤ ਹੁੰਦਾ ਹੈ[7]। ਆਪ (ਓਹ) ਇੰਦ੍ਰਿਆਂ ਤੋਂ ਅਵਿਸ਼ੇ ਹੈ (ਪਰ)

---

੧. ਸੰਸ, ਆਯ=ਆਮਦਨ, ਨਫਾ, ਲਾਹਾ। 'ਆਯ' ਦਾ ਪੰਜਾਬੀ ਰੂਪ ਹੈ- 'ਆਇ'=ਲਾਹਾ। ਆਈ=ਲਾਹੇ ਹੀ ਤ੍ਰਿਸ਼ਨਾ।

੨. ਸੈਲ (ਸੰਸ:, ਸ਼ੈਲ=ਪਹਾੜ, ਟਿੱਲਾ, ਚਟਾਨ) ਭਾਵ ਢੇਰ ਤੋਂ ਹੈ।

੩. ਹਿੰਦੂ ਮੁਸਲਮਾਨ ਯਾ ਅਮੀਰ ਗਰੀਬ।

੪. ਆਥਿ=(ਪ੍ਰਕ੍ਰਿਤ, ਅਤਥ, ਸੰਸਕ੍ਰਿਤ ਅਰਥ) ਮਾਯਾ, ਦੌਲਤ। ਪੁਰਾਤਨ ਸੰਪ੍ਰਦਾਇਕ ਅਰਥ-'ਆਥਿ' ਦਾ ਏਥੇ 'ਭਗਤੀ' ਰੂਪੀ ਧਨ ਬੀ ਲਾਉਂਦੇ ਹਨ। ਐਉਂ:- ਨੀਚ ਦੇ ਘਰ ਵਿਚ (ਬੀ ਜੇ) ਭਗਤੀ ਹੋਵੇ ਤਾਂ ਉਹ ਸੈਲ ਵਤ ਉਚਾ (ਸ੍ਰੇਸ਼ਟ) ਹੋ ਜਾਂਦਾ ਹੈ। ਯਥਾ:- 'ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥' (ਬਿਲਾ:ਰਵਿ-੨/੮੫੮) ਭਗਤੀ (ਐਸੀ ਵਸਤੂ ਹੈ ਕਿ) ਜਿਸ ਨੂੰ ਦੇਖ ਕੇ ਦੂਇ ਨੀਉਂਦੇ ਹਨ, ਭਗਤੀ (ਜਿਸ ਪਾਸ) ਹੋਵੇ (ਤਾਂ) ਮੁਗਧ ਬੀ ਸਿਆਣਾ (ਹੋ ਜਾਂਦਾ ਹੈ)। ਭਗਤੀ ਤੋਂ ਬਿਨਾਂ ਜਗਤ ਬਉਰਾ ਹੋਇਆ ਹੈ, ਆਦਿ।

੫. ਥਾਪਦਾ=ਜਗਤ ਉਤਪਤੀ, ਪ੍ਰਬੰਧ ਤੇ ਸੰਘਾਰ ਕਰਦਾ ਹੈ। ਮੂਲ ਤੁਕ ਦਾ ਭਾਵ-ਓਹ ਕਿਸੇ ਵੈਰ ਆਦਿ ਪ੍ਰਯੋਜਨ ਨਾਲ ਜਗਤ ਦੀ ਉਤਪਤੀ, ਪ੍ਰਬੰਧ ਤੇ ਸੰਘਾਰ ਆਦਿ ਨਹੀਂ ਕਰਦਾ।

੬. ਧੰਧਾ=ਕੰਮ, ਕ੍ਰਿਯਾ। ਧੈਰ=ਅਚੰਚਲਤਾ, ਸਥਿਰਤਾ, ਅਕ੍ਰਿਯਾ। (ਇਸ ਦਾ ਮੂਲ ਹੈ, ਧੀਰ=ਅਚੰਚਲ, ਸੁਸਥਿਰ)।

੭. ਥਾਪਣ ਦਾ ਮੂਲ ਸਥਾਪਨ ਹੈ, ਸਥਾਪਨ ਦੇ ਹਿੰਦੀ ਅਰਥਾਂ ਵਿਚ ਇਕ ਅਰਥ ਹੈ ਸਰੀਰਾਂ ਦੀ ਰਖਜਾ ਤੇ ਆਯੂ ਬ੍ਰਿਧੀ ਦਾ ਉਪਾਯ। ਆਪ ਸਰੀਰ ਉਪਾਉਂਦਾ ਹੈ ਤੇ ਆਪ ਹੀ ਘਰ (ਅੰਤਹਕਰਨਾਂ) ਨੂੰ ਥਾਪਦਾ ਹੈ।

ਆਪਿ ਅਗੋਚਰੁ ਧੰਧੈ ਲੋਈ॥
ਜੋਗ ਜੁਗਤਿ ਜਗ ਜੀਵਨੁ ਸੋਈ॥
ਕਰਿ ਆਚਾਰੁ ਸਚੁ ਸੁਖੁ ਹੋਈ॥
ਨਾਮ ਵਿਹੂਣਾ ਮੁਕਤਿ ਕਿਵ ਹੋਈ॥
੧੫॥

ਸ੍ਰਿਸ਼ਟੀ ਨੂੰ ਧੰਧੇ ਵਿਚ ਲਾ ਰਖਿਆ ਸੂ। (ਪਰ ਧੰਧੇ ਵਿਚ ਫਸਿਆਂ ਨੂੰ ਆਪਣੇ ਨਾਲ) ਜੁੜਨ ਦੀ ਜੁਗਤ (ਦੇਣ ਵਾਲਾ ਬੀ) ਉਹੀ ਜਗ ਜੀਵਨ (ਆਪ) ਹੈ[1]। (ਹੇ ਪੰਡਤ!) ਸੱਚ ਨੂੰ ਆਚਾਰ ਬਣਾ[2] (ਤਾਂ) ਸੁਖ ਹੋਵੇਗਾ, (ਤੂੰ ਹੀ ਸੋਚ ਲੈ ਕਿ) ਨਾਮ ਤੋਂ ਜੋ ਖ਼ਾਲੀ ਹੈ, ਉਹ ਕਿਕੁਰ ਮੁਕਤ ਹੋ ਸਕਦਾ ਹੈ[3]?॥੧੫॥

ਵਿਣੁ ਨਾਵੇ ਵੇਰੋਧੁ ਸਰੀਰ॥
ਕਿਉ ਨ ਮਿਲਹਿ ਕਾਟਹਿ ਮਨ ਪੀਰ॥
ਵਾਟ ਵਟਾਊ ਆਵੈ ਜਾਇ॥
ਕਿਆ ਲੇ ਆਇਆ ਕਿਆ ਪਲੈ ਪਾਇ॥
ਵਿਣੁ ਨਾਵੈ ਤੋਟਾ ਸਭ ਥਾਇ॥
ਲਾਹਾ ਮਿਲੈ ਜਾ ਦੇਇ ਬੁਝਾਇ॥
ਵਣਜੁ ਵਾਪਾਰੁ ਵਣਜੈ ਵਾਪਾਰੀ॥
ਵਿਣੁ ਨਾਵੈ ਕੈਸੀ ਪਤਿ ਸਾਰੀ॥੧੬॥

(ਕਿਉਂਕਿ)

ਬਿਨਾ ਨਾਮ ਦੇ ਇੰਦ੍ਰਿਆਂ ਦਾ ਸਮੁਦਾਯ[4] ਬੇਕਾਬੂ ਰਹਿੰਦਾ ਹੈ। (ਪਰ ਪਰਮੇਸ਼੍ਵਰ ਦੇ ਨਾਮ ਸਿਮਰਨ ਨਾਲ ਮਨ ਪਰਮੇਸ਼੍ਵਰ ਨਾਲ ਮਿਲਿਆ ਰਹਿੰਦਾ ਹੈ, ਤਾਂਤੇ ਹੇ ਪਾਂਡੇ ਤੂੰ) ਕਿਉਂ (ਨਾਮ ਨਾਲ ਉਸ ਨੂੰ) ਨਹੀਂ ਮਿਲਦਾ ਤੇ ਮਨ ਦੀ ਪੀੜਾ ਦੂਰ ਕਰ ਲੈਂਦਾ। (ਨਾਮ ਤੋਂ ਬਿਨਾ) ਰਸਤੇ ਦੇ ਮੁਸਾਫਰ[5] ਵਾਂਙੂ (ਜੀਵ) ਆਉਂਦਾ (ਤੇ) ਚਲਾ ਜਾਂਦਾ ਹੈ। (ਦੱਸ ਉਹ ਏਥੇ) ਕੀ ਲਿਆਇਆ ਤੇ ਕੀ ਪੱਲੇ ਲੈ ਗਿਆ (ਭਾਵ ਖਾਲੀ ਗਿਆ)। ਨਾਮ ਤੋਂ ਬਿਨਾਂ ਸਭ ਥਾਂਈਂ ਤੋਟਾ ਹੀ (ਪੱਲੇ ਪੈਂਦਾ) ਹੈ, (ਪਰ) ਲਾਹਾ ਤਾਂ ਮਿਲਦਾ ਹੈ ਜੇ (ਉਹ ਆਪ) ਸੁਮਤਿ ਦੇ ਦੇਵੇ, (ਜਿਸ ਨਾਲ) ਵਪਾਰੀ (ਨਾਮ ਦਾ) ਵਣਜ ਵਪਾਰ ਵਣਜਣ ਲੱਗ ਪਵੇ[6], (ਤਾਂਤੇ ਹੇ ਪਾਂਡੇ! ਸੋਚ ਕਿ) ਨਾਮ ਤੋਂ ਬਿਨਾਂ (ਵਪਾਰੀ ਦੀ) ਪੂਰੀ ਇੱਜ਼ਤ ਕੀਕੂੰ[7] (ਬਣੇਗੀ)॥੧੬॥

---

੧. ਐਉਂ ਬੀ ਅਰਥ ਕਰਦੇ ਹਨ, ਜੋਗ ਦੀ ਜੁਗਤੀ ਤੇ ਜੁਗਤ ਦਾ ਜੀਵਨ ਬੀ ਆਪ ਹੈ।
੨. ਕਰਮ ਕਾਂਡ ਦਾ ਆਚਾਰ ਨਾ ਪਰ 'ਸੱਚ ਦਾ ਆਚਾਰ' ਧਾਰਨ ਕਰ। ਉਹ ਜੀਵਨ ਜੋ ਅੰਦਰੋਂ ਬਾਹਰੋਂ ਸੱਚ ਤੇ ਤੁਰਦਾ ਹੈ।
੩. ਭਾਵ ਇਹ ਕਿ ਸਾਡੇ ਦੱਸੇ ਜੋਗ ਦੀ ਜੁਗਤ ਦੇ ਦੋ ਅੰਗ ਹਨ: ਇਕ 'ਸੱਚ ਦਾ ਆਚਾਰ' ਤੇ ਦੂਜਾ 'ਨਾਮ'। ਸੱਚ ਦਾ ਆਚਾਰ ਬਣਾ ਲੈਣ ਨਾਲ ਸੁਖ ਹੋਵੇਗਾ, ਨਾਮ ਨਾਲ ਮੁਕਤ ਹੋਵੇਗੀ।
੪. ਇੰਦ੍ਰਿਆਂ ਦੇ ਸਮੁਦਾਯ ਦਾ ਨਾਮ ਹੈ ਸਰੀਰ। ਇੰਦ੍ਰਿਆਂ ਦਾ ਅਪਨੇ ਵਿਖਿਆਂ (objects) ਵਲ ਧਾਂਵਦੇ ਰਹਿਣਾ ਹੈ ਸਰੀਰਕ (ਵਿਰੋਧ), ਜਿਸਦਾ ਫਲ ਹੁੰਦਾ ਹੈ ਮਨ ਦਾ ਖਿੰਡਾਉ ਵਿਚ ਰਹਿਣਾ। ਖਿੰਡਾਉ ਵਿਚ ਰਹਿਣਾ ਹੈ ਬੇਕਾਬੂ ਰਹਿਣਾ। ਵੇਰੋਧ ਹੈ ਨਿਰੋਧ ਦਾ ਉਲਟ, ਰੁਕ ਨ ਸਕਣਾ। ਧਾਤੂ ਹੈ ਰੁਧ੍=ਰੁਕਣਾ। (ਅ) ਅਥਵਾ ਵੇਰੋਧ=ਰੋਕ। ਭਾਵੇਂਹ ਕਿ ਨਾਮ ਵਿਹੂਣੇ ਲੋਕ ਸਰੀਰ ਦੇ ਰਸਾਂ ਕਸਾਂ ਵਿਚ ਲੱਗੇ ਹੋਏ ਵਾਹਿਗੁਰੂ ਵਲ ਰੁਖ਼ ਨਹੀਂ ਕਰਦੇ, ਤੇ ਸਰੀਰ ਦੇ ਵਿਕਾਰਾਂ ਵੱਲੋਂ ਰੁਕਦੇ ਨਹੀਂ, ਐਉਂ ਸਰੀਰ ਹੀ ਰੋਕ ਬਣ ਗਿਆ। (ੲ) ਵਿਸ਼ੇਸ਼ ਐਉਂ ਬੀ ਹੈ:- ਸਰੀਰ ਸਤ ਰਜ ਤਮ ਗੁਣਾਂ ਨਾਲ ਵੇੜ੍ਹਿਤ ਹੈ। ਇਨ੍ਹਾਂ ਤਿੰਨਾਂ ਦਾ ਵਿਰੋਧ ਰਹਿੰਦਾ ਹੈ। ਜੋ ਗੁਣ ਦੂਸਰਿਆਂ ਨੂੰ ਦਬਾ ਲਵੇ ਓਹ ਪ੍ਰਗਟ ਹੋ ਜਾਂਦਾ ਹੈ, ਦੂਸਰੇ ਦਬ ਜਾਂਦੇ ਹਨ ਪਰ ਰਹਿੰਦੇ ਅੰਦਰੇ ਹਨ। ਫੇਰ ਦਬੇ ਹੋਏ ਕਦੇ ਬਲ ਪਾ ਕੇ ਪ੍ਰਗਟ ਹੋ ਜਾਂਦੇ ਹਨ, ਦੂਜੇ ਦਬ ਜਾਂਦੇ ਹਨ, ਐਉਂ ਸਰੀਰ ਦੇ ਅੰਦਰ ਇਨ੍ਹਾਂ ਦਾ ਵਿਰੋਧ ਭਾਵ ਬਣਿਆ ਰਹਿੰਦਾ ਹੈ।
੫. ਅਥਵਾ ਜਮ ਮਾਰਗ ਦਾ ਮੁਸਾਫਰ (ਜੀਵ) ਜਨਮਦਾ ਮਰਦਾ ਹੀ ਰਹਿੰਦਾ ਹੈ।
੬. ਅਥਵਾ ਜੀਵ (ਕਈ ਤਰ੍ਹਾਂ ਦੇ) ਵਣਜਾਂ ਦਾ ਵਾਪਾਰੀ ਹੋ ਕੇ ਵਣਜ ਵਾਪਾਰਦਾ ਹੈ ਪਰ ਨਾਮ ਤੋਂ ਬਿਨਾ।
੭. ਅਥਵਾ, 'ਪਤ ਦੀ ਨਰਦ ਕਿਵੇਂ ਪੁੱਗੇ'। ਸਾਰੀ=ਪੂਰੀ। ਸਾਰੀ=ਨਰਦ।

ਗੁਣ ਵੀਚਾਰੇ ਗਿਆਨੀ ਸੋਇ॥
ਗੁਣ ਮਹਿ ਗਿਆਨੁ ਪਰਾਪਤਿ ਹੋਇ॥
ਗੁਣਦਾਤਾ ਵਿਰਲਾ ਸੰਸਾਰਿ॥
ਸਾਚੀ ਕਰਣੀ ਗੁਰ ਵੀਚਾਰਿ॥
ਅਗਮ ਅਗੋਚਰੁ ਕੀਮਤਿ ਨਹੀ ਪਾਇ॥
ਤਾ ਮਿਲੀਐ ਜਾ ਲਏ ਮਿਲਾਇ॥
ਗੁਣਵੰਤੀ ਗੁਣ ਸਾਰੇ ਨੀਤ॥
ਨਾਨਕ ਗੁਰਮਤਿ ਮਿਲੀਐ ਮੀਤ॥ ੧੭॥

(ਪਰਮੇਸ਼ੁਰ ਨਿਰਗੁਣ ਹੋਣ ਕਰਕੇ ਅਗੰਮ ਤੇ ਅਗੋਚਰ ਹੈ, ਉਸ ਦੇ ਇਸ ਸਰੂਪ ਦੀ ਕੀਮਤ ਨਹੀਂ ਪੈ ਸਕਦੀ, ਪਰ ਉਸ ਦੀ ਪ੍ਰਾਪਤੀ ਦਾ ਸੁਖੈਨ ਤਰੀਕਾ ਉਸ ਦੇ ਗੁਣਾਂ ਦਾ ਵੀਚਾਰ ਹੈ। ਸੋ ਸੰਪੂਰਨ ਗਯਾਨ ਉਸ ਨੂੰ ਹੋ ਸਕਦਾ ਹੈ ਤੇ) ਉਹੋ ਗਯਾਨੀ ਹੈ (ਜੋ ਉਸ ਨੂੰ ਨਿਰਗੁਣ ਲਖਦਾ ਹੋਇਆ ਉਸ ਦੇ) ਗੁਣਾਂ ਦਾ ਵੀਚਾਰ ਕਰੇ! ਗੁਣਾਂ (ਦੀ ਵੀਚਾਰ) ਵਿਚੋਂ ਗਯਾਨ ਦੀ ਪ੍ਰਾਪਤੀ ਹੁੰਦੀ ਹੈ, ੪.([1]ਕਿਉਂਕਿ) ਸੱਚੀ ਕਰਨੀ ਗੁਰਾਂ ਦੀ ਵੀਚਾਰ ਦਵਾਰਾ (ਸਿੱਖੀਦੀ ਹੈ[2], ੩.ਪਰ ਐਸੇ) ਗੁਣਾਂ ਦਾ ਦਾਤਾ ਸੰਸਾਰ ਵਿਚ ਵਿਰਲਾ ਹੈ। (ਉਹ ਵਾਹਿਗੁਰੂ) ਗੰਮਤਾ ਤੋਂ ਰਹਿਤ ਅਰ ਇੰਦ੍ਰਿਆਂ ਦਾ ਵਿਸ਼ਾ ਨਹੀਂ, (ਇਸ ਕਰਕੇ ਉਸ) ਦਾ ਮੁੱਲ ਨਹੀਂ ਪੈ ਸਕਦਾ। (ਉਸ ਨਾਲ) ਮੇਲ ਹੁੰਦਾ ਹੈ (ਪਰ) ਤਦ ਜਦ (ਉਹ ਆਪ) ਮਿਲਾ ਲਵੇ। (ਫਿਰ ਜਦ ਆਪਣੇ ਵੱਸ ਨਹੀਂ ਮਿਲਨਾ ਤਾਂ ਜੀਵ ਕੀਹ ਕਰੇ? ਗੁਰੂ) ਨਾਨਕ (ਜੀ ਦੱਸਦੇ ਹਨ ਕਿ ਫਿਰ ਉਸ ਦੇ) ਗੁਣਾਂ ਦਾ ਨਿੱਤ ਸਿਮਰਨ ਕਰੇ (ਐਉਂ ਸੁਰਤ ਗੁਣਵੰਤੀ=) ਸਿਫਤ ਸਲਾਹ ਵਾਲੀ (ਬਣੀ ਰਹੇ। ਇਹ ਹੈ ਗੁਰੂ ਦੀ ਮਤ, ਇਸ) ਗੁਰਮਤ ਦ੍ਵਾਰਾ ਮਿਲੀਦਾ ਹੈ, ਹੇ ਮਿੱਤ੍ਰ! ॥੧੭॥

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥
ਕਸਿ ਕਸਵਟੀ ਸਹੈ ਸੁ ਤਾਉ॥
ਨਦਰਿ ਸਰਾਫ ਵੰਨੀ ਸਚੜਾਉ॥

ਕਾਮ ਕ੍ਰੋਧ ਕਾਇਆਂ ਨੂੰ (ਐਉਂ) ਗਾਲਦਾ ਹੈ ਜਿਕੁਰ ਸੋਹਾਗਾ ਸੋਨੇ ਨੂੰ ਢਾਲ ਦੇਂਦਾ ਹੈ। (ਕਾਮ ਕ੍ਰੋਧ ਰੂਪ ਅਗਨੀ ਦਾ ਗਾਲਨਾ ਵਿਨਾਸ਼ ਹੈ, ਪਰ ਇਕ ਹੋਰ ਅਗਨੀ ਹੈ ਜਿਸ ਨੂੰ ਤਾਉ ਕਹਿ ਰਹੇ ਹਨ, ਉਸ ਨੂੰ ਸਹਿਕੇ ਜੀਵਨ ਪਦ ਪਾ ਲਈਦਾ ਹੈ, ਜੇ ਜਗਯਾਸੂ) ਉਸ ਤਾਉ ਨੂੰ ਸਹਾਰੇ ਤੇ ਕਸਵਟੀ ਦੀ ਕਸ (ਉਤੇ ਪੂਰਾ ਉਤਰੇ ਤਾਂ ਗੁਰੂ ਰੂਪ) ਸਰਾਫ ਦੀ ਨਜ਼ਰ ਵਿਚ ਵੰਨੀ ਦਾ ਚੜ੍ਹਾਉ[3] (ਚੜ੍ਹੇਗਾ,

੧. ਚੌਥੀ ਤੁਕ ਦਾ ਅਰਥ ਪਹਿਲੇ ਤੇ ਤੀਸਰੀ ਦਾ ਮਗਰੋਂ ਲਗਦਾ ਹੈ।

੨. ਪਰੰਤੂ ਕਈ ਦਾਨੇ ਐਉਂ ਭਾਵ ਸਮਝਦੇ ਹਨ ਕਿ:-'ਸਚੀ ਕਰਣੀ'=ਸ਼ੁਭ ਕਰਮਾਂ ਦੀ ਕਰਨੀ, ਜੋ ਗੁਰੂ ਵੀਚਾਰ ਤੋਂ ਮਿਲਨੀ ਦੱਸੀ ਹੈ, ਇਸ ਤੋਂ ਤਾਂ ਸਪਸ਼ਟ ਭਾਵ ਹੈ ਕਿ ਮੁਰਾਦ ਗੁਣਾਂ ਦੇ ਵੀਚਾਰਨ ਤੋਂ ਤੇ ਉਨ੍ਹਾਂ ਤੋਂ ਗਯਾਨ ਪ੍ਰਾਪਤੀ ਦੀ ਹੈ।

੩. ਸੋਨੇ ਦੀ ਪਛਾਣ ਪਹਿਲੇ ਕਸਵੱਟੀ ਤੇ ਹੁੰਦੀ ਹੈ, ਪਰ ਪਹਿਲੇ ਤਾਅ ਕੇ ਉਸ ਨੂੰ ਸ਼ੁੱਧ ਕਰਦੇ ਹਨ, ਦੋਹਾਂ ਵਿਚ ਸ਼ੁੱਧ ਨਿਕਲੇ ਤਾਂ ਫੇਰ ਸਰਾਫ ਦੀ ਨਜ਼ਰ ਉਸ ਨੂੰ ਪਰਖਦੀ ਹੈ ਤੇ ਪਸੰਦ ਕਰਦੀ ਹੈ। ਐਸੇ ਸੋਧੇ ਤੇ ਪਰਖੇ ਨੂੰ ਬਾਰਾਂ ਵੰਨੀ ਦਾ ਸੋਨਾ ਕਹਿੰਦੇ ਹਨ। ਯਥਾ- ਨਦਰਿ ਸਰਾਫ ਵੰਨੀ ਸਚੜਾਇਆ=ਸੁਹਣੀ ਵੰਨੀ ਨੇ ਸਰਾਫ ਦੀ ਨਜ਼ਰੇ ਚਾੜ੍ਹ ਦਿੱਤਾ।

**ਜਗਤ ਪਸੂ ਅਹੰਕਾਲੁ ਕਸਾਈ॥**
**ਕਰਿ ਕਰਤੈ ਕਰਣੀ ਕਰਿ ਪਾਈ॥**
**ਜਿਨਿ ਕੀਤੀ ਤਿਨਿ ਕੀਮਤਿ ਪਾਈ॥**
**ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ॥੧੮॥**

ਭਾਵ ਸ਼ੁੱਧ ਸੋਨਾ ਕਰ ਜਾਏਗਾ। ਕਾਮ ਕ੍ਰੋਧ ਦੀ ਤਰ੍ਹਾਂ ਹੁਣ ਅੰਦਰਲੇ ਇਕ ਹੋਰ ਅਵਗੁਣ ਦਾ ਫਲ ਦੱਸਦੇ ਹਨ ਕਿ) ਅਹੰਕਾਰ[1] (ਜੋ ਹੈ ਸੋ) ਕਸਾਈ ਵਾਂਙੂ ਹੈ ਤੇ ਜਗਤ ਪਸ਼ੂ (ਸਮਾਨ ਹੈ, ਭਾਵ ਅੰਦਰ ਬੈਠਾ ਅਹੰਕਾਰ ਹੀ ਵਧ ਵਧ ਕੇ ਇਸ ਦੇ ਵਿਨਾਸ਼ ਦਾ ਹੇਤੂ ਹੋ ਜਾਂਦਾ ਹੈ। ਇਸ ਅਹੰ ਵਿਚ ਫਸ ਕੇ ਜੀਵ ਨੇ ਜੋ) ਕਰਨੀ ਕੀਤੀ ਹੈ। (ਉਸ ਮੂਜਬ ਹੀ) ਕਰਤਾਰ ਨੇ (ਉਸ ਲਈ) ਕਾਰ ਪਾਈ ਹੈ[2]! (ਪਰ ਜਿਨ੍ਹਾਂ ਨੇ ਏਸ ਜਗਤ ਵਿਚ ਸਰਾਫ ਦੀ ਨਦਰ ਵਿਚ ਪ੍ਰਵਾਣਤਾ ਪਾ ਲਈ ਹੈ ਉਨ੍ਹਾਂ ਦਾ) ਮੁੱਲ ਭੀ ਓਸੇ (ਪਰਮੇਸ਼੍ਵਰ) ਨੇ ਪਾਇਆ ਹੈ, ਜਿਸ ਨੇ (ਇਸ ਸ੍ਰਿਸ਼ਟੀ) ਨੂੰ ਰਚਿਆ ਹੈ। ਹੋਰ ਕੀ ਕਹੀਏ ਕੁਛ ਕਿਹਾ ਨਹੀਂ ਜਾ ਸਕਦਾ[3]॥੧੮॥

**ਖੋਜਤ ਖੋਜਤ ਅੰਮ੍ਰਿਤੁ ਪੀਆ॥**
**ਖਿਮਾ ਗਹੀ ਮਨੁ ਸਤਗੁਰਿ ਦੀਆ॥**
**ਖਰਾ ਖਰਾ ਆਖੈ ਸਭੁ ਕੋਇ॥**
**ਖਰਾ ਰਤਨੁ ਜੁਗ ਚਾਰੇ ਹੋਇ॥**
**ਖਾਤ ਪੀਅੰਤ ਮੂਏ ਨਹੀ ਜਾਨਿਆ॥**
**ਖਿਨ ਮਹਿ ਮੂਏ ਜਾ ਸਬਦੁ ਪਛਾਨਿਆ॥**

(ਅਸਾਂ) ਖੋਜਦਿਆਂ ਖੋਜਦਿਆਂ (ਨਾਮ ਰੂਪੀ) ਅੰਮ੍ਰਿਤ (ਲੱਭਿਆ ਤੇ ਇਹ ਅਸਾਂ) ਪੀਤਾ। ਮਨ ਸਤਿਗੁਰ ਨੂੰ ਅਰਪਨ ਕਰ ਦਿਤਾ ਤੇ (ਸਤਿਗੁਰ ਤੋਂ) ਖਿਮਾ ਪ੍ਰਾਪਤ ਕੀਤੀ[4]। (ਕਹਿਣ ਨੂੰ ਤਾਂ) ਖਰਾ ਖਰਾ ਸਭ ਕੋਈ (ਆਪਣੇ ਕੱਚ ਆਦਿ ਨੂੰ ਬੀ) ਕਹਿ ਲੈਂਦਾ ਹੈ (ਪਰ) ਖਰਾ (ਉਹ ਹੈ ਜੋ) ਰਤਨ ਹੈ (ਤੇ ਉਹ) ਚਹੁੰ ਜੁਗਾਂ ਵਿਚ (ਸਦਾ ਖਰਾ) ਹੈ[5]। (ਜਿਨ੍ਹਾਂ ਨੂੰ ਖਰਾ-ਨਾਮ ਰਤਨ-ਪ੍ਰਾਪਤ ਨਹੀਂ ਹੋਇਆ ਤੇ ਕੱਚ ਵਿਹਾਝਦੇ ਰਹੇ ਹਨ) ਓਹ (ਸਦਾ) ਖਾਂਦੇ ਪੀਂਦੇ (ਤੇ ਜੰਮਦੇ) ਮਰਦੇ ਰਹੇ ਹਨ। (ਪਰ) ਰਹੇ ਅਗਜਾਨੀ ਹਨ। (ਪਰ ਉਨ੍ਹਾਂ ਨੇ) ਜਦ ਸ਼ਬਦ ਨੂੰ ਪਛਾਣ ਲਿਆ (ਉਹ ਤਦ ਝੂਠੇ ਜੀਵਨ ਵਲੋਂ) ਪਲ ਵਿਚ ਹੀ ਮਰ ਗਏ।

---

੧. ਅਹੰਕਾਲ=ਅਹੰਕਾਰ। (ਅ) ਅਹੰ+ਕਾਲੁ। 'ਅਹੰ ਜੋ ਹੈ ਸੋ ਕਾਲ (ਵਿਨਾਸ਼) ਦਾ ਰੂਪ ਹੈ। (ੲ) ਇਉਂ ਬੀ ਲਾਉਂਦੇ ਹਨ, ਜਗਤ 'ਅਹੰ' ਕਰਕੇ ਪਸ਼ੂ ਹੈ।

੨. ਅਨ੍ਵਜ:--ਕਰਣੀ ਕਰਿ, ਕਰਤੇ ਕਰਿ, ਪਾਈ=(ਜੈਸੀ) ਕਰਨੀ ਕੀਤੀ (ਜੀਵ ਨੇ ਤੈਸੀ) ਕਰਤੇ ਨੇ ਕਰਿ (ਹੱਥ ਤੇ) ਪਾਈ ਹੈ। ਅਰਥਾਤ ਜੀਵ ਦੇ ਕਰਮਾਂ ਅਨੁਸਾਰ ਕਿਸਮਤ ਬਣਦੀ ਹੈ। (ਅ) ਐਉਂ ਬੀ ਅਰਥ ਕਰਦੇ ਹਨ: ਜੈਸੀ ਕਰਨੀ ਕਰਤੇ ਨੇ ਕਰ (ਹੱਥ) ਤੇ ਪਾਈ (ਵੈਸੀ ਜੀਵ) ਕਰ ਰਿਹਾ ਹੈ।

ਐਉਂ ਭੀ ਅਰਥ ਲਗ ਜਾਂਦਾ ਹੈ, ਜਿਨ੍ਹਾਂ ਨੇ (ਕਸ ਕਸਵਟੀ ਤੇ ਤਾਉ ਸਹਣ ਦੀ ਘਾਲ) ਕੀਤੀ ਉਨ੍ਹਾਂ ਨੇ (ਪ੍ਰਵਾਣਤਾ ਰੂਪੀ) ਕੀਮਤ ਪ੍ਰਾਪਤ ਕੀਤੀ।

੩. ਸਾਰੀ ਪਉੜੀ ਦਾ ਭਾਵ ਹੈ ਕਿ ਜੀਵ ਨੂੰ ਕਾਮ, ਕ੍ਰੋਧ, ਹੰਕਾਰ ਦੇ ਵੱਸ ਪੈ ਕੇ ਬੀ ਦੁਖ ਪਾਉਣੇ ਪੈਂਦੇ ਹਨ ਤੇ ਸ਼ੁਭ ਆਚਰਨ, ਬੰਦਗੀ, ਤਪਸਜਾ ਆਦਿ ਬੀ ਤਾਉ ਵਾਂਙੂ ਔਖ ਹੀ ਸਹਾਰਨੇ ਪੈਂਦੇ ਹਨ। ਪਹਿਲੇ ਨਾਲ ਗਲ ਜਾਏਗਾ, ਪਸ਼ੂ ਵਾਂਙੂ ਮਾਰਿਆ ਜਾਏਗਾ, ਦੂਜੇ ਨਾਲ ਅਪਣਾ ਮੁੱਲ ਪੁਆ ਲਏਗਾ ਤੇ ਪਰਮੇਸ਼ੁਰ ਸਰਾਫ ਦੀ ਨਜ਼ਰੇ ਚੜ੍ਹ ਕੇ ਖਜ਼ਾਨੇ ਦਾਖਲ ਹੋ ਜਾਏਗਾ।

੪. ਐਉਂ ਬੀ ਕਰਦੇ ਹਨ:- ਖਿਮਾ ਅਸਾਂ ਧਾਰਨ ਕੀਤੀ ਤੇ ਮਨ ਅਰਪ ਦਿਤਾ ਗੁਰੂ ਨੂੰ।

੫. ਰਤਨ ਸਦਾ ਰਤਨ ਰਹਿੰਦੇ ਹਨ, ਕੱਚ ਘਸਦਾ ਹੈ, ਰੰਗ ਵਟਾਉਂਦਾ ਹੈ ਤੇ ਖਰਦਾ ਹੈ।

 www.sikhbookclub.com

ਅਸਥਿਰੁ ਚੀਤੁ ਮਰਨਿ ਮਨੁ ਮਾਨਿਆ॥
ਗੁਰ ਕਿਰਪਾ ਤੇ ਨਾਮੁ ਪਛਾਨਿਆ॥ ੧੯॥

(ਹਾਂ ਜਿਨ੍ਹਾਂ ਦਾ) ਮਨ (ਅਹੰ ਭਾਵ ਵਲੋਂ) ਮਰਨ ਪਰ ਪਤੀਜ ਗਿਆ (ਓਹ ਮਰੇ ਨਹੀਂ ਉਨ੍ਹਾਂ ਦਾ) ਮਨ ਸਥਿਰ ਹੋ ਗਿਆ (ਪਰ ਇਹ ਦਸ਼ਾ ਉਹਨਾਂ ਦੀ ਹੋਈ ਜਿਨ੍ਹਾਂ ਨੇ) ਗੁਰੂ ਕ੍ਰਿਪਾ ਨਾਲ ਨਾਮ ਨੂੰ ਪਛਾਣ ਲਿਆ[1]॥੧੯॥

ਗਗਨ ਗੰਭੀਰੁ ਗਗਨੰਤਰਿ ਵਾਸੁ॥
ਗੁਣ ਗਾਵੈ ਸੁਖ ਸਹਜਿ ਨਿਵਾਸੁ॥
ਗਇਆ ਨ ਆਵੈ ਆਇ ਨ ਜਾਇ॥
ਗੁਰ ਪਰਸਾਦਿ ਰਹੈ ਲਿਵ ਲਾਇ॥
ਗਗਨੁ ਅਗੰਮੁ ਅਨਾਥੁ ਅਜੋਨੀ॥
ਅਸਥਿਰੁ ਚੀਤੁ ਸਮਾਧਿ ਸਗੋਨੀ॥
ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ॥
ਗੁਰਮਤਿ ਸਾਰੁ ਹੋਰ ਨਾਮ ਬਿਹੂਨੀ॥ ੨੦॥

ਗਗਨ ਦੇ ਅੰਦਰ ਗੰਭੀਰ[2] ਗਗਨ ਦਾ ਵਾਸ ਹੈ, (ਪੰਜਵੀਂ ਤੁਕ) (ਪਰ ਉਹ) ਗਗਨ ਅਗੰਮ ਹੈ, ਉਸ ਦਾ ਕਰਤਾ ਕੋਈ ਨਹੀਂ, ਉਹ ਅਨਾਦਿ ਹੈ[3]। (ਪਰ ਐਸੇ ਅਗੰਮ ਦੇ ਕੋਈ ਜੇ) ਗੁਣ ਗਾਵੇ (ਤਾਂ ਉਸ ਦਾ) ਨਿਵਾਸ ਸਹਿਜ ਸੁਖ ਵਿਚ ਹੋ ਜਾਏਗਾ! (ਜਿਥੇ) ਗਿਆ ਫੇਰ ਆਉਂਦਾ ਨਹੀਂ (ਕਿਉਂਕਿ) ਆਇਆ ਜਾਂਦਾ ਨਹੀਂ। ਗੁਰੂ ਦੀ ਮਿਹਰ ਨਾਲ (ਫੇਰ) ਲਿਵ ਹੀ ਲਾਈ ਰਖਦਾ ਹੈ, ਚਿਤ ਟਿਕ ਜਾਂਦਾ ਹੈ ਤੇ ਸਗੁਣ[4] ਸਮਾਧੀ (ਲਗੀ ਰਹਿੰਦੀ ਹੈ)। (ਹੇ ਪੰਡਿਤ!) ਹਰਿ ਕਾ ਨਾਮ ਯਾਦ ਕਰ, ਫੇਰ (ਤੂੰ) ਜੂਨਾਂ ਵਿਚ ਨਹੀਂ ਪਵੇਂਗਾ। (ਹੇ ਪਾਂਡੇ!) ਗੁਰੂ ਦੀ ਮਤ ਸਾਰ ਹੈ, ਹੋਰ ਸਭ (ਮਤ) ਨਾਮ ਬਿਹੂਨੀ ਹੈ (ਤਾਂ ਤੇ ਅਸਾਰ ਹੈ)॥੨੦॥

ਘਰ ਦਰ ਫਿਰਿ ਥਾਕੀ ਬਹੁਤੇਰੇ॥
ਜਾਤਿ ਅਸੰਖ ਅੰਤ ਨਹੀ ਮੇਰੇ॥

(ਮੈਂ ਪਤੀ ਪਰਮੇਸ਼ੁਰ ਦੀ ਢੂੰਡ ਵਿਚ ਇਸਤ੍ਰੀ ਰੂਪ ਹੋ ਕੇ) ਬਥੇਰੇ ਘਰਾਂ ਦਰਾਂ ਵਿਚ ਫਿਰ ਫਿਰ ਕੇ ਥੱਕ ਗਈ। (ਅਤੇ) ਅਣਗਿਣਤ ਕਿਸਮਾਂ (ਦੇ ਦੁਆਰੇ ਫਿਰੀ[5])

---

੧. ਭਾਵ; ਅਗਯਾਨੀ ਖਾਣ ਪੀਣ ਦੇ ਰੁਝੇਵਿਆਂ ਵਿਚ ਮਰ ਗਏ, ਪਰ ਜਿਨ੍ਹਾਂ ਨੇ ਸ਼ਬਦ ਨੂੰ ਪਛਾਤਾ ਓਹ ਜੀਉਂਦੇ ਮਰ ਗਏ; ਭਾਵ ਅਹੰਤਾ ਮਮਤਾ ਦੂਰ ਹੋ ਗਈ ਤੇ ਮਨ ਉਨ੍ਹਾਂ ਦੇ ਟਿਕ ਗਏ।

੨. ਗੰਭੀਰ ਦਾ ਭਾਵ ਹੈ ਡੂੰਘਾ। ਡੂੰਘਾਣ ਪਾਣੀ ਦਾ ਬੀ ਤੇ ਡੂੰਘਾਣ ਵਿਦਯਾ, ਪ੍ਰਬੀਨਤਾ ਚੇਤਨਤਾ ਦਾ ਬੀ। ਸੋ ਇਸ਼ਾਰਾ ਹੈ ਕਿ ਓਹ ਆਕਾਸ਼ ਅਤਿਸ਼ੈ ਚੇਤਨ ਹੈ। ਨਾਲੇ ਭਾਵ ਹੈ ਕਿ ਓਹ ਦੇਸ਼ (Space) ਦੀਆਂ ਸਾਰੀਆਂ ਡੂੰਘਾਈਆਂ ਵਿਚ ਵ੍ਯਾਪਕ ਹੈ। ਭਾਵ 'ਬ੍ਰਹਮ' ਤੋਂ ਹੈ।

੩. ਗਗਨ ਨਾਮ ਹੈ ਆਕਾਸ਼ ਦਾ। ਆਕਾਸ਼ ਵ੍ਯਾਪਕ ਇਕ ਨਿਰਾਕਾਰ ਸ਼ੈ ਮੰਨੀ ਹੈ। ਇਸ ਗੁਣ ਤੋਂ ਪਰਮੇਸ਼੍ਵਰ ਦੀ ਪੂਰਨ ਵ੍ਯਾਪਕਤਾ ਦੱਸਣ ਲਈ ਉਸ ਨੂੰ ਗਗਨ ਕਿਹਾ ਹੈ। ਫੇਰ ਫਰਕ ਕਰਕੇ ਦੱਸਿਆ ਹੈ ਕਿ ਓਹ ਪਰਮਾਤਮਾ ਰੂਪ ਆਕਾਸ਼ ਅਗੰਮ ਹੈ। ਉਸ ਦਾ (ਨਾਥ) ਮਾਲਕ ਯਾ ਕਰਤਾ ਕੋਈ ਨਹੀਂ (ਅਜੋਨੀ ਹੈ) ਤੇ ਉਹ ਸਦਾ ਤੋਂ ਹੈ ਤੇ ਉਹ ਆਕਾਸ਼ ਵਿਚ ਵ੍ਯਾਪਕ ਹੈ ਤੇ ਅਥਾਹ ਹੈ। ਭਾਵ ਹੈ ਕਿ ਉਹ ਨਿਰਗੁਨ ਹੈ। ਇਉਂ ਉਸ ਦੀ ਪ੍ਰਾਪਤੀ ਕਠਨ ਹੋ ਗਈ। ਸੋ ਪ੍ਰਾਪਤੀ ਲਈ ਆਗ੍ਯਾ ਕਰਦੇ ਹਨ ਕਿ ਉਸ ਦੇ ਗੁਣ ਗਾਵੋ, ਸਿਫਤ ਸਲਾਹ ਵਿਚ ਆਵੋ ਤਾਂ ਸਹਿਜੇ ਹੀ ਸੁਖ ਪ੍ਰਾਪਤ ਹੋ ਜਾਸੀ।

੪. ਸਗੋਨੀ=ਉਹ ਸਗੁਣ ਸਮਾਧੀ ਹੈ ਜੋ ਉਸ ਦੇ ਗੁਣਾਂ ਵਿਚ ਲੀਨ ਕਰ ਦੇਵੇ। (ਅ) ਸਗੋਨੀ=ਸੈਂਕੜੇ ਗੁਣਾਂ ਵਧਵੀਂ। ਸ੍ਰੇਸ਼ਟ। ਪੂਰਨ!

੫. ਭਾਵ, ਅਨੇਕ ਕਿਸਮਾਂ ਦੇ ਅਨੇਕਾਂ ਦਰਾਂ ਤੇ ਫਿਰੀ। (ਅ) ਐਉਂ ਬੀ ਲਾਉਂਦੇ ਹਨ:- (ਮੈਂ ਹੀ ਕੀਹ) ਮੇਰੀ ਜਾਤ ਦੀਆਂ ਅਨੇਕਾਂ ਫਿਰ ਥੱਕੀਆਂ!

ਕੇਤੇ ਮਾਤ ਪਿਤਾ ਸੁਤ ਧੀਆ॥
ਕੇਤੇ ਗੁਰ ਚੇਲੇ ਫੁਨਿ ਹੂਆ॥
ਕਾਚੇ ਗੁਰ ਤੇ ਮੁਕਤਿ ਨ ਹੂਆ॥
ਕੇਤੀ ਨਾਰਿ ਵਰੁ ਏਕੁ ਸਮਾਲਿ॥
ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ॥
ਦਹ ਦਿਸ ਢੂਢਿ ਘਰੈ ਮਹਿ ਪਾਇਆ॥
ਮੇਲੁ ਭਇਆ ਸਤਿਗੁਰੂ ਮਿਲਾਇਆ॥੨੧॥

(ਜਿਨ੍ਹਾਂ ਦਾ) ਮੇਰੇ (ਲੇਖੇ) ਅੰਤ ਨਹੀਂ (ਪੈ ਸਕਦਾ[1])। ਕਈ ਤਾਂ (ਕੱਚੇ ਗੁਰੂਆਂ ਨੂੰ ਮਿਲ ਕੇ) ਮਾਂ ਪਿਉ ਧੀ ਪੁਤ੍ਰ (ਆਦਿ ਸੰਸਾਰੀ ਸਾਕ ਬਣਾ ਬੈਠੇ)। ਕਈ ਫੇਰੇ ਚੇਲੇ ਤੇ ਗੁਰੂ ਹੀ ਬਣੇ (ਪਰ) ਕੱਚੇ ਗੁਰੂ ਤੋਂ (ਕੋਈ) ਮੁਕਤ ਨਾ ਹੋਇਆ, (ਕਿਉਂਕਿ) ਪਤੀ (ਪਰਮੇਸ਼੍ਵਰ ਤਾਂ) ਇਕ (ਹੈ, ਜਿਸ ਨੂੰ) ਸਮ੍ਹਾਲਿਆਂ (ਮੁਕਤਿ ਹੋਣੀ ਸੀ, ਹੋਰ ਜਿਨ੍ਹਾਂ ਦੇ ਘਰ ਦਰ ਹੰਢੇ ਉਹ ਤਾਂ) ਸਾਰੇ ਨਾਰਾਂ ਸਨ। (ਸੋ ਇਨ੍ਹਾਂ ਨਾਰਾਂ ਨੂੰ ਛੱਡਕੇ) ਗੁਰਮੁਖ ਹੋ ਕੇ (ਆਪਣਾ) ਮਰਨ ਜੀਵਨ (ਉਸ) ਪ੍ਰਭੂ ਆਸਰੇ ਕਰ ਲਿਆ (ਭਾਵ ਸਦਾ ਮਿਲੇ ਰਹੇ[2])। (ਐਉਂ) ਦਸੋ ਦਿਸ਼ਾ ਵਿਚ (ਸਾਰੇ) ਢੂੰਡ (ਢਾਂਡ ਕੇ ਅੰਤ ਅਸਾਂ ਉਸ ਨੂੰ) ਆਪਣੇ ਦਿਲ ਵਿਚੋਂ ਹੀ ਪਾਇਆ ਹੈ। (ਇਹ ਜੋ ਅੰਤਰਗਤੀ) ਮੇਲ ਹੋਇਆ ਹੈ (ਇਹ ਬੀ) ਸਤਿਗੁਰੂ ਨੇ ਮਿਲਾਇਆ ਹੈ[3]॥੨੧॥

ਗੁਰਮੁਖਿ ਗਾਵੈ ਗੁਰਮੁਖਿ ਬੋਲੈ॥
ਗੁਰਮੁਖਿ ਤੋਲਿ ਤੁਲਾਵੈ ਤੋਲੈ॥
ਗੁਰਮੁਖਿ ਆਵੈ ਜਾਇ ਨਿਸੰਗੁ॥
ਪਰਹਰਿ ਮੈਲੁ ਜਲਾਇ ਕਲੰਕੁ॥

ਗੁਰਮੁਖ[4] ਗਾਉਂਦਾ ਹੈ, ਗੁਰਮੁਖ ਕਥਨ ਕਰਦਾ ਹੈ। ਗੁਰਮੁਖ (ਵਿਚਾਰ ਦੇ) ਵੱਟੇ ਨਾਲ (ਆਪਾ) ਤੋਲਦਾ (ਤੇ ਹੋਰਨਾਂ ਤੋਂ) ਤੁਲਾਉਂਦਾ ਹੈ[5]। ਗੁਰਮੁਖ ਆਉਣ ਜਾਣ (ਜੰਮਣ ਮਰਨ) ਵਿਚ ਬੇਪਰਵਾਹ ਹੈ[6] (ਕਿਉਂਕਿ ਉਸ ਨੇ) ਮੈਲ ਤਿਆਗ ਦਿਤੀ ਤੇ ਕਲੰਕ ਜਲਾ ਦਿਤਾ

੧. 'ਮੇਰੇ ਜਾਤਿ' ਕੱਠੇ ਕਰਕੇ 'ਮੇਰੇ ਜਨਮ' ਅਰਥ ਕਰਨਾ ਅਸੰਗਤਿ ਹੈ। 'ਜਾਤਿ' ਪਦ ਸੰਸਕ੍ਰਿਤ ਵਿਚ ਇਸਤ੍ਰੀ ਲਿੰਗ ਹੈ, ਚਾਹੇ ਅਰਥ ਜਨਮ ਬੀ ਹੈ। ਇਸ ਲਈ 'ਮੇਰੇ' ਪਦ 'ਜਾਤਿ' ਦਾ ਸੰਬੰਧ ਕਾਰਕ ਪਦ ਨਹੀਂ। 'ਜਾਤਿ ਅਸੰਖ' ਅਲੱਗ ਹੈ ਤੇ 'ਅੰਤ ਨਹੀਂ ਮੇਰੇ' ਅਲੱਗ ਹੈ।

੨. ਨਾਲਿ=ਉਸ ਦੇ ਮੇਲ ਵਿਚ, ਆਸਰੇ।

੩. ਸਿਆਣੇ ਐਉਂ ਬੀ ਕਰਦੇ ਹਨ:- ਕਿ ਕਈ ਦੇਹਾਂ ਵਿਚ ਜਨਮ ਧਾਰ ਕੇ ਮੇਰੀ ਜੀਵ ਕਲਾ ਥੱਕ ਗਈ ਹੈ, ਕਦੇ ਮੈਂ ਮਾਂ ਪਿਉ ਧੀ ਤੇ ਕਦੇ ਗੁਰ ਚੇਲਾ ਹੋਇਆ। ਕੱਚੇ ਗੁਰੂ ਤੋਂ ਮੁਕਤਿ ਨ ਮਿਲੀ। ਹੁਣ ਪੱਕੇ ਗੁਰੂ ਦੇ ਮਿਲਨ ਨਾਲ ਸੁਖ ਹੋਇਆ ਹੈ। ਕਿੰਨੀਆਂ ਹੀ ਨਾਰਾਂ (ਰੂਹਾਂ ਜਗਜਾਸੂ) ਇਕ ਵਰ ਪਤੀ ਵਾਹਿਗੁਰੂ ਨੂੰ ਸੰਭਾਲਦੀਆਂ ਹਨ। ਏਥੇ ਨਾਰਿ ਦਾ ਅਰਥ ਜਗਜਾਸੂ ਹੈ। ਯਥਾ- ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ। (ਵਡ: ਵਾਰ:-੧੫/੫੯੧)

੪. ਗੁਰ ਨਾਨਕ ਆਦਰਸ਼ ਤੇ ਟੁਰਨ ਵਾਲੇ ਆਦਰਸ਼ਕ ਆਦਮੀ ਦਾ ਨਾਉਂ ਗੁਰਮੁਖ ਹੈ। ਪਿਛਲੀ ਪਉੜੀ ਵਿਚ ਆਯਾ ਸੀ 'ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ'। ਉਸ ਪਦ 'ਗੁਰਮੁਖ' ਦੀ ਇਸ ਅੰਕ ੨੨ ਵਿਚ ਵਯਾਖਯਾ ਹੈ।

੫. ਗਾਵੈ=ਸਿਫਤ ਸਲਾਹ ਕਰਦਾ ਹੈ। ਬੋਲੈ=ਕਥਾ, ਵਿਆਖਿਆ ਯਾ ਬਚਨ ਕਰਦਾ ਹੈ: ਭਾਵ ਉਸ ਨੂੰ ਮੋਨ ਬ੍ਰਤ ਧਾਰਨ ਦਾ ਬੰਧਨ ਨਹੀਂ ਹੁੰਦਾ! ਤੋਲੈ=ਵੀਚਾਰ ਕਰਦਾ ਹੈ। ਤੋਲੈ=ਆਪਾ ਚੀਨਦਾ ਹੈ। ਤੁਲਾਵੈ=ਅੱਗੋਂ ਇਹ ਜਾਚ ਆਪਾ ਤੋਲਣ ਦੀ ਹੋਰਨਾਂ ਨੂੰ ਸਿਖਾਲਦਾ ਹੈ! ਤੋਲਿ=ਵੱਟੇ ਨਾਲ।

੬. ਭਾਵ, ਉਸ ਦਾ ਜਨਮ ਮਰਨ ਕਿਸੇ ਕਰਮ ਫਲ ਦੇ ਨਿਯਮ ਅਨੁਸਾਰ ਨਹੀਂ।


www.sikhbookclub.com

ਗੁਰਮੁਖਿ ਨਾਦ ਬੇਦ ਬੀਚਾਰੁ॥
ਗੁਰਮੁਖਿ ਮਜਨੁ ਚਜੁ ਅਚਾਰੁ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ॥
ਨਾਨਕ ਗੁਰਮੁਖਿ ਪਾਵੈ ਪਾਰੁ॥੨੨॥

ਹੈ (ਅਰਥਾਤ ਉਹ ਕਰਮ ਵਿਮੁਕਤ ਹੋ ਗਿਆ ਹੈ)। ਗੁਰਮੁਖ ਦਾ ਨਾਦ ਹੀ ਬੇਦ ਦਾ ਵੀਚਾਰ ਹੈ। ਗੁਰਮੁਖ ਦੀ ਰਹੁ ਰੀਤਿ ਹੀ ਇਸ਼ਨਾਨ ਹੈ। ਗੁਰਮੁਖ ਦਾ ਸ਼ਬਦ ਅੰਮ੍ਰਿਤ ਦਾ ਬੀ ਸਾਰ ਰੂਪ ਹੈ। (ਕਹਿੰਦੇ ਹਨ ਗੁਰੂ) ਨਾਨਕ ਗੁਰਮੁਖ ਪਾਰ ਨੂੰ ਪਾ ਲੈਂਦਾ ਹੈ[1]॥੨੨॥

ਚੰਚਲੁ ਚੀਤੁ ਨ ਰਹਈ ਠਾਇ॥
ਚੋਰੀ ਮਿਰਗੁ ਅੰਗੂਰੀ ਖਾਇ॥
ਚਰਨ ਕਮਲ ਉਰ ਧਾਰੇ ਚੀਤ॥
ਚਿਰੁ ਜੀਵਨੁ ਚੇਤਨੁ ਨਿਤ ਨੀਤ॥
ਚਿੰਤਤ ਹੀ ਦੀਸੈ ਸਭੁ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥
ਚਿਤਿ ਵਸੈ ਰਾਚੈ ਹਰਿ ਨਾਇ॥
ਮੁਕਤਿ ਭਇਆ ਪਤਿ ਸਿਉ ਘਰਿ ਜਾਇ॥੨੩॥

ਚਿਤ ਚੰਚਲ ਹੈ ਟਿਕਾਣੇ ਸਿਰ (ਟਿਕ ਕੇ) ਨਹੀਂ ਰਹਿੰਦਾ, ਮਿਰਗ ਚੋਰੀ ਅੰਗੂਰੀ ਖਾ ਜਾਂਦਾ ਹੈ[2]। [3](ਜੋ ਕੋਈ) ਨਿੱਤ ਚੇਤਨ ਦੇ ਚਰਨਾਂ ਕਵਲਾਂ ਦਾ ਨਿੱਤ ਧਯਾਨ ਧਰੇ[4] (ਐਤਨਾ ਕਿ ਉਹ) ਚੀਤ(=ਧਯਾਨ) ਹੋ ਜਾਵੇ (ਤਾਂ ਉਸ ਨੂੰ) ਸਦਾ ਦਾ ਜੀਵਨ (ਪ੍ਰਾਪਤ ਹੋ ਜਾਵੇ)। (ਹੁਣ ਪ੍ਰਸ਼ਨ ਹੁੰਦਾ ਹੈ ਕਿ ਨਿੱਤ ਦੇ ਧਿਆਉਣ ਯਾ ਸਿਮਰਨ ਦਾ ਕੰਮ ਬੜਾ ਕਠਨ ਹੈ ਤੇ ਹੋ ਨਹੀਂ ਸਕਦਾ, ਉਸ ਦੀ ਸੁਗਮਤਾ ਦੱਸਦੇ ਹਨ:) ਸਭ ਕੋਈ (ਹਰ ਵੇਲੇ) ਚਿੰਤਨ ਕਰਦਾ ਹੀ ਦਿੱਸਦਾ ਹੈ, (ਪਰ ਸਭ ਕੋਈ ਅਨੇਕ ਚਿੰਤਨ ਵਿਚ ਹੈ, ਇਸ ਕਰਕੇ ਅਨੇਕਤਾ ਵਿਚ ਭਟਕਦਾ ਹੈ, ਜੇਕਰ ਕੋਈ) ਇਕ ਨੂੰ ਸਿਮਰਨ ਕਰੇ ਤਾਂ ਉਸ ਨੂੰ ਸੁਖ ਹੋ ਜਾਵੇਗਾ (ਕਿਉਂਕਿ ਉਹ 'ਇਕ' ਸਦਾ ਸੁਖ ਸਰੂਪ ਹੈ। ਹਾਂ) ਜਦੋਂ ਪਰਮੇਸ਼ੁਰ ਦਾ ਨਾਮ ਚਿੱਤ ਵਿਚ ਵਸ ਜਾਵੇ (ਤੇ ਅੰਦਰ ਸਾਰੇ) ਰਚ ਜਾਵੇ (ਤਦੋਂ ਹੀ ਉਸ ਨੂੰ) ਮੁਕਤ ਹੋਇਆ (ਸਮਝ ਲਵੋ, ਉਹ ਫਿਰ) ਪਤਿ ਨਾਲ ਨਿਜ ਸਰੂਪ[5] ਵਿਚ ਜਾਵੇਗਾ॥੨੩॥

ਛੀਜੈ ਦੇਹ ਖੁਲੈ ਇਕ ਗੰਢਿ॥
ਛੇਆਨਿਤ ਦੇਖਹੁ ਜਗਿ ਹੰਢਿ॥

(ਜਿਸ ਦੇਹ ਦੇ ਸੁਖਾਂ ਵਿਚ ਪੈ ਕੇ ਤੁਸਾਂ ਉਸ ਇਕ ਨੂੰ ਭੁਲਾਯਾ ਹੋਯਾ ਹੈ ਉਹ) ਦੇਹ (ਤਾਂ ਪ੍ਰਾਣ ਅਪਾਣ ਦੀ) ਇਕ ਗੰਢ (ਮਾਤ੍ਰ) ਦੇ ਖੁੱਲ੍ਹ ਜਾਣ ਨਾਲ ਛਿਜ

---

੧. ਪਾਰ ਨੂੰ ਪਾ ਲੈਣਾ=ਸੰਸਾਰ ਸਾਗਰ ਤੋਂ ਪਾਰ ਹੋ ਜਾਣਾ। ਪਰਮ ਪਦ ਨੂੰ ਪਾ ਲੈਣਾ, ਪਾਰਬ੍ਰਹਮ ਨੂੰ ਪਾ ਲੈਣਾ।

੨. ਮਨ ਦੇ ਹੇਠ ਇਕ ਹੋਰ ਮਨ ਦਾ ਹਿੱਸਾ ਹੈ ਜੋ ਅਗਜਾਤ ਯਾ ਅਰਧ ਅਗਜਾਤ ਮਨ ਹੈ, ਜਿਥੇ ਸੰਸਕਾਰ ਵਸਦੇ ਹਨ। ਉਸੇ ਨੂੰ ਚੀਤ ਕਿਹਾ ਹੈ। ਸਾਧਕ ਜਦ ਸਾਧਨ ਕਰਕੇ ਗਜਾਤ ਮਨ ਏਕਾਗ੍ਰ ਕਰਦਾ ਹੈ ਤਾਂ 'ਚੀਤ', ਜਿਸ ਵਿਚ ਸੰਸਕਾਰਾਂ ਦੇ ਕੱਠੇ ਕੀਤੇ ਵਿਕਾਰੀ ਸੰਕਲਪ ਹੁੰਦੇ ਹਨ, ਉਹ ਚੋਰੀ ਉਸ ਏਕਾਗ੍ਰਤਾ ਦੀ ਅੰਗੂਰੀ ਨੂੰ ਖਾਂਦਾ ਹੈ। ਇਸ ਕਰਕੇ ਉਹ ਸਾਧਨ ਜੋ 'ਗੁਰਮੁਖ ਸਾਧਨ' ਨਹੀਂ ਨਜੂਨ ਸਾਧਨ ਹਨ। ਗੁਰਮੁਖ ਸਾਧਨ ਹੁਣ ਅੱਗੇ ਦੱਸਣ ਲਗੇ ਹਨ।

੩. ਤੀਜੀ ਚੌਥੀ ਤੁਕ ਦਾ ਅਰਥ ਇਕੱਠਾ ਲੱਗਦਾ ਹੈ।

੪. ਰੂਪ ਰੇਖ ਰੰਗ ਤੋਂ ਨਿਆਰੇ ਦੇ ਚਰਨਾਂ ਕਮਲਾਂ ਦਾ ਧਿਆਨ ਧਰਨ ਤੋਂ ਮੁਰਾਦ ਸਦਾ ਧਿਆਉਣ ਯਾ ਸਦਾ ਸਿਮਰਨ ਦੀ ਹੈ। ਉਰਧਾਰਨ=ਧਿਆਨ ਧਰਨਾ।

੫. 'ਘਰ' ਤੋਂ ਮੁਰਾਦ 'ਮੁਕਤੀ ਦਾ ਘਰ' ਹੈ, ਜੈਸਾ ਕਿ ਅੱਗੇ ਅੰਕ ੨੪ ਦੀ ਸਤਰ ੪ ਵਿਚ ਦੱਸਣਗੇ।


www.sikhbookclub.com

ਧੂਪ ਛਾਵ ਜੇ ਸਮ ਕਰਿ ਜਾਣੈ॥
ਬੰਧਨ ਕਾਟਿ ਮੁਕਤਿ ਘਰਿ ਆਣੈ॥
ਛਾਇਆ ਛੂਛੀ ਜਗਤੁ ਭੁਲਾਨਾ॥
ਲਿਖਿਆ ਕਿਰਤੁ ਧੁਰੇ ਪਰਵਾਨਾ॥
ਛੀਜੈ ਜੋਬਨੁ ਜਰੂਆ ਸਿਰਿ ਕਾਲੁ॥
ਕਾਇਆ ਛੀਜੈ ਭਈ ਸਿਬਾਲੁ॥੨੪॥

(ਨਾਸ਼) ਹੋ ਜਾਂਦੀ ਹੈ। (ਇਕ ਦੇਹ ਤੇ ਨਹੀਂ ਸਗੋਂ ਹਰ ਸਮੇਂ ਤੇ ਹਰ ਥਾਂਵੇਂ) ਫਿਰ ਕੇ (ਸਾਰੇ) ਜਗਤ ਵਿਚ ਦੇਖ ਲਵੇ ਕਿ ਨਿਤ ਵਿਨਾਸ਼[1] ਹੀ ਹੋ ਰਿਹਾ ਹੈ (ਭਾਵ ਦੇਹਾਂ ਖਿਨਸ ਰਹੀਆਂ ਹਨ)। ਜੋ (ਜੀਵ ਇਸ ਦੇਹ ਤੇ ਇਸ ਦੇ ਰਸਾਂ ਕਸਾਂ ਨੂੰ ਅਨਿੱਤ ਸਮਝ ਕੇ) ਦੁਖ ਸੁਖ[2] ਨੂੰ ਸਮ ਕਰਕੇ ਜਾਣ ਲਵੇ ਤੇ (ਆਪਣੇ) ਬੰਧਨ (ਜੋ ਅਨੇਕ ਚਿੰਤਨ ਨਾਲ ਪੈਂਦੇ ਹਨ) ਕੱਟ ਲਵੇ (ਤਾਂ ਮਨ ਨੂੰ) ਮੁਕਤੀ ਦੇ ਘਰ ਵਿਚ ਲੈ ਆਵੇਗਾ; (ਪਰ ਹੇ ਪਾਂਡੇ!) ਜਗਤ ਨਿਕੰਮੀ ਛਾਇਆ[3] ਵਿਚ ਭੁੱਲ ਗਿਆ ਹੈ। ਕਿਰਤ[4] ਦਾ ਪਰਵਾਨਾ ਤਾਂ ਧੁਰੋਂ ਹੀ ਲਿਖਿਆ ਗਿਆ ਸੀ[5]; (ਤਾਂਤੇ ਤੁਸੀਂ ਚਿੰਤਾ ਛੱਡਕੇ ਸਾਈਂ ਚਿੰਤਨ ਵਿਚ ਲੱਗੋ ਨਹੀਂ ਤਾਂ ਇਹ) ਜੋਬਨ (ਤਾਂ) ਛਿਜਦਾ (ਹੀ ਰਹਿੰਦਾ ਹੈ) ਤੇ ਬੁਢੇਪਾ ਆ (ਹੀ) ਜਾਂਦਾ ਹੈ, (ਜਿਸ ਨਾਲ) ਕਾਇਆਂ ਸਿਥਲ[6] ਹੋ ਜਾਂਦੀ ਹੈ (ਤੇ ਫੇਰ) ਸਿਰ ਤੇ ਕਾਲ (ਆ ਗੱਜਦਾ ਹੈ ਤੇ ਇਹ) ਨਾਸ਼ ਹੋ ਜਾਂਦੀ ਹੈ॥੨੪॥

ਸੂਚਨਾ: ਪਿਛੇ ਜਗਤ ਦਾ ਛਾਇਆ ਵਿਚ ਭੁੱਲਣਾ ਤੇ ਉਸ ਦਾ ਫਲ ਦੱਸਿਆ ਹੈ, ਹੁਣ ਵਾਹਿਗੁਰੂ ਜੀ ਕੋਲ ਆਪਣੀ ਯਾਚਨਾ ਕਰਦੇ ਹਨ ਕਿ ਉਹ ਮਿਹਰ ਕਰਕੇ ਸਾਨੂੰ ਇਹ ਕੁਛ ਦੇਵੇ। ਅਰਥ ਚੌਥੀ ਤੁਕ ਤੋਂ ਤੁਰੇਗਾ।

ਜਾਪੈ ਆਪਿ ਪ੍ਰਭੂ ਤਿਹੁ ਲੋਇ॥
ਜੁਗਿ ਜੁਗਿ ਦਾਤਾ ਅਵਰੁ ਨ ਕੋਇ॥
ਜਿਉ ਭਾਵੈ ਤਿਉ ਰਾਖਹਿ ਰਾਖੁ॥
ਜਸੁ ਜਾਚਉ ਦੇਵੈ ਪਤਿ ਸਾਖੁ॥
ਜਾਗਤੁ ਜਾਗਿ ਰਹਾ ਤੁਧੁ ਭਾਵਾ॥
ਜਾ ਤੂ ਮੇਲਹਿ ਤ ਤੁਝੈ ਸਮਾਵਾ॥
ਜੈ ਜੈਕਾਰੁ ਜਪਉ ਜਗਦੀਸ॥

(ਮੈਂ ਪ੍ਰਭੂ ਤੋਂ ਉਸ ਦੀ) ਸਿਫਤ ਸਲਾਹ ਮੰਗਦਾ ਹਾਂ, (ਉਹ ਨਾਲ) ਪਤ ਤੇ ਅਬਰੋ ਬੀ (ਮੈਨੂੰ) ਦੇਵੇ। ਤਿੰਨਾਂ ਲੋਕਾਂ ਵਿਚ (ਮੈਨੂੰ ਛਾਯਾ ਨਾ ਭੁਲਾਵੇ ਸਗੋਂ) ਪ੍ਰਭੂ ਆਪ ਪ੍ਰਕਾਸ਼ਮਾਨ[7] ਰਹੇ। (ਹਾਂ ਪ੍ਰਭੂ ਜੋ) ਹਰ ਜੁਗ ਵਿਚ (ਨਿੱਤ ਹੈ ਤੇ) ਦਾਤਾ ਹੈ, ਹੋਰ ਕੋਈ (ਜੋ ਨਿੱਤ ਨਹੀਂ ਉਹ ਮੈਨੂੰ) ਨਾਂ (ਭੁਲਾਵੇ) ਤੇ ਜਿਵੇਂ (ਉਸ ਨੂੰ) ਭਾਵੇ ਤਿਵੇਂ (ਉਹ ਮੇਰੀ) ਰਾਖੀ ਰਖੇ। (ਹੇ ਪ੍ਰਭੂ ਮੈਂ) ਜਾਗਦਾ ਹੋਯਾ (ਤੇਰੀ) ਜਾਗ ਵਿਚ ਰਹਾਂ, (ਛੂਛੀ ਛਾਇਆ ਵਿਚ ਭੁੱਲਾ ਨਾਂ ਰਹਾਂ ਤੇ) ਤੈਨੂੰ ਪਜਾਰਾ ਲੱਗਾਂ। ਜਦ ਤੂੰ (ਮੈਨੂੰ) ਮੇਲ ਲਵੇਂ ਤਦ ਤੇਰੇ ਵਿਚ (ਆ) ਸਮਾਵਾਂ, (ਹੇ) ਜਗਦੀਸ਼ (ਤੇਰਾ ਹੀ) ਜੈ ਜੈ ਕਾਰ (ਕਰਾਂ ਤੇ ਤੇਰਾ ਹੀ ਜਾਪ) ਜਪਾਂ। (ਐਉਂ ਹੇ ਪਾਂਡੇ!)

੧. ਸੰਸ:;ਕਜ਼ਯ-ਵਿਨਾਸ਼। ਪ੍ਰਾਕ੍ਰਿਤ, ਛਾਅ (ਛੇਦ ਤੋਂ)=ਵਿਨਾਸ਼। ਪੁ: ਪੰ:,ਛੇਆ। ਨਿਤ=ਸਦਾ, ਹਰ ਰੋਜ਼।

੨. ਧੂਪ ਛਾਵ, ਭਾਵ ਦੁਖ ਸੁਖ। ੩. ਭਾਵ ਮਾਇਆ। ੪. ਕਿਰਤ-ਕਰਨੀ, ਪਰ ਏਥੇ ਭਾਵ ਰੋਜ਼ੀ ਤੋਂ ਹੈ।

੫. ਅਗਲੀਆਂ ਦੋਹਾਂ ਸਤਰਾਂ ਦਾ ਅਰਥ ਕੱਠਾ ਹੈ!

੬. ਭਾਵ ਸਿਵਾਲ ਵਾਂਙੂ ਸਿਥਲ (ਨਿਤਾਣੀ) ਹੋ ਜਾਏਗੀ। ਸਿਵਾਲ=ਪਾਣੀ ਉਪਰ ਬੂਰ ਵਰਗੀ ਤਰ ਰਹੀ ਪਤਲੀ ਸ਼ੈ।

੭. ਜਾਪੈ=ਪ੍ਰਕਾਸ਼ਮਾਨ ਰਹੇ।

**ਗੁਰਮਤਿ ਮਿਲੀਐ ਬੀਸ ਇਕੀਸ॥ ੨੫॥**

ਗੁਰੂ ਦੀ ਮਤ ਦੁਆਰਾ (ਬੀਸ=ਬੀਸ ਬਿਸਵੇ ਭਾਵ) ਨਿਸ਼ਚੇ ਕਰਕੇ ਇਕ ਈਸ਼੍ਵਰ ਨੂੰ ਮਿਲ ਪਈਦਾ ਹੈ॥੨੫॥

ਸੂਚਨਾ: ਅਗਲੇ ਅੰਕ ਤੋਂ ਐਉਂ ਜਾਪਦਾ ਹੈ ਕਿ ਮਾਨੋਂ ਪਾਂਡੇ ਤੇ ਅਸਰ ਹੋ ਗਿਆ ਹੈ ਤੇ ਉਹ ਗੁਰੂ ਆਸ਼ੇ ਦੇ ਅਨੁਕੂਲ ਟੁਰ ਪਿਆ ਹੈ। ਉਸ ਨਾਲ ਹੋਰ ਪੰਡਤਾਂ ਦੇ ਝਗੜੇ ਛਿੜੇ ਹਨ ਤਦ ਉਸ ਨੇ ਮਤਿਗੁਰਾਂ ਤੋਂ ਇਸ ਦਾ ਦਾਰੂ ਪੁੱਛਿਆ ਹੈ ਤੇ ਉਸ ਦੇ ਉਤਰ ਵਿਚ ਆਪ ਫੁਰਮਾਉਂਦੇ ਹਨ:-

**ਝਖਿ ਬੋਲਣੁ ਕਿਆ ਜਗ ਸਿਉ ਵਾਦੁ॥ਝੂਰਿ ਮਰੈ ਦੇਖੈ ਪਰਮਾਦੁ॥ ਜਨਮਿ ਮੂਏ ਨਹੀ ਜੀਵਣ ਆਸਾ॥ ਆਇ ਚਲੇ ਭਏ ਆਸ ਨਿਰਾਸਾ॥ ਝੁਰਿ ਝੁਰਿ ਝਖਿ ਮਾਟੀ ਰਲਿ ਜਾਇ॥ ਕਾਲੁ ਨ ਚਾਂਪੈ ਹਰਿ ਗੁਣ ਗਾਇ॥ ਪਾਈ ਨਵ ਨਿਧਿ ਹਰਿ ਕੈ ਨਾਇ॥ ਆਪੇ ਦੇਵੈ ਸਹਜਿ ਸੁਭਾਇ॥੨੬॥**

ਜਗਤ ਨਾਲ ਝਗੜੇ (ਕਰਨੇ) ਦਾ ਕੀ (ਲਾਭ) ਹੈ? (ਇਹ) ਬੋਲਣ (ਤਾਂ) ਝਖ[1] ਮਾਰਨੀ ਹੈ। (ਕਰੇ ਕੀਹ? ਉੱਤਰ:-) ਦੇਖੇ (ਕਿ) ਪਰਮਾਦੁ (ਤਾਂ ਆਪੇ ਹੀ) ਝੁਰਕੇ[2] ਮਰ ਜਾਂਦਾ ਹੈ[3]। (ਨਿਰੇ ਵਾਦ ਕਰਨ ਵਾਲਿਆਂ ਨੂੰ ਆਤਮ) ਜੀਵਨ ਦੀ ਆਸਾ ਨਹੀਂ, (ਓਹ ਆਤਮ ਜੀਵਨ ਵਲੋਂ) ਜੰਮਦੇ ਹੀ ਮਰ ਗਏ, (ਓਹ ਆਏ) ਮਨ ਆਸਾ (ਧਾਰਕੇ ਪਰ) ਨਿਰਾਸ ਹੋ ਕੇ ਚਲੇ ਗਏ। (ਸੋ ਜੋ ਝਗੜਿਆਂ ਵਿਚ ਰਹੇਗਾ ਉਹ) ਝੂਰ ਝੂਰ ਕੇ ਤੇ ਖਪ ਖਪ ਕੇ (ਅੰਤ) ਮਿੱਟੀ ਵਿਚ ਰਲ ਜਾਏਗਾ[4]। (ਪਰੰਤੂ) ਹਰੀ ਦੇ ਗੁਣ ਗਾਉਂਦਿਆਂ ਕਾਲ ਨਹੀਂ ਦਬਾਉਂਦਾ, (ਇਹ) ਨੌਨਿਧਿ (ਅਸਾਂ) ਹਰੀ ਦੇ ਨਾਮ ਕਰਕੇ ਪਾਈ ਹੈ, (ਇਹ ਪਰਮੇਸ਼ਰ) ਆਪੇ ਸਹਜ ਸੁਭਾਵ ਹੀ ਦੇ ਦਿੰਦਾ ਹੈ॥੨੬॥

ਜਗਤ ਨਾਲ ਵਾਦ ਕਰਨਾਂ ਮਨ੍ਹੇ ਕਰਕੇ ਹੁਣ ਦੱਸਦੇ ਹਨ ਕਿ ਆਪਣੇ ਆਪ ਨਾਲ ਆਪ ਵੀਚਾਰ ਤੇ ਵਾਦ ਕਰੇ।

**ਗਿਆਨੋ ਬੋਲੈ ਆਪੇ ਬੂਝੈ॥ ਆਪੇ ਸਮਝੈ ਆਪੇ ਸੂਝੈ॥**

ਗਜਾਨ (ਦੇ ਨੁਕਤੇ) ਤੋਂ ਹੀ ਬੋਲੇ (ਤੇ) ਆਪ ਹੀ (ਉਸ ਨੂੰ) ਬੁੱਝੇ (ਭਾਵ ਜੋ ਆਪਣੀ ਉੱਚੀ ਮਤਿ ਕਹੇ ਉਸ ਨੂੰ ਅਪਣਾ ਮਨ ਬੁਝੇ ਐਉਂ ਜਦ) ਆਪ ਹੀ ਸਮਝ ਲਏਗਾ ਤਾਂ ਆਪ ਨੂੰ ਹੀ ਸੋਝੀ ਹੋ ਆਵੇਗੀ! (ਜੋ

੧. ਝਖ=(ਪ੍ਰ:, ਝਖ) ਬਕਵਾਸ ਕਰਨੀ, ਵਿਲਾਪ ਕਰਨਾ।

੨. ਸੰਸ:, ਕਿਸ਼। ਪ੍ਰਾਕ੍ਰਿਤ ਝੂਰ=ਸੂਖਨਾਂ। ਹਿੰਦੀ ਵਾਲੇ ਠੇਠ ਹਿੰਦੀ ਪਦ ਦੱਸਦੇ ਹਨ ਤੇ ਅਰਥ ਕਰਦੇ ਹਨ: ਸੁੱਕਣਾ, ਵਜਰਥ, ਦੁਖ, ਪਰਿਤਾਪ ਪੰਜਾਬੀ, ਦੁਖ ਵਿਚ ਸੜਨਾ, ਦੁਖ ਰੋਣੀ ਰੋਣਾ।

੩. ਭਾਵੇਹ ਕਿ ਪਰਮਾਦੀ(=ਹੰਕਾਰ ਵਿਚ ਪਰਵਿਰਤ) ਲੋਕ ਆਪੇ ਝੂਰ ਝੂਰ ਕੇ ਮਰ ਜਾਂਦੇ ਹਨ। (ਸੰਸ:, ਪ੍ਰਮਾਦ=ਭੁੱਲ, ਗਲਤੀ। ਹੰਕਾਰ ਦਾ ਨਸ਼ਾ। ਸ਼ੁਦਾ)।

੪. ਪ੍ਰਸੰਗਕ ਅਰਥ ਉਪਰਲਾ ਹੈ, ਪਰ ਐਉਂ ਬੀ ਦਾਨੇ ਕਰਦੇ ਹਨ:-ਜਗਤ ਨਾਲ ਝਗੜਨਾ ਝਖ ਮਾਰਨੀ ਹੈ, ਪ੍ਰਮਾਦ ਵਾਲੇ ਝੂਰ ਕੇ ਮਰਦੇ ਡਿੱਠੇ ਹਨ। ਜੀਵਨ(=ਪਰਮੇਸ਼ੁਰ) ਦੀ ਜਿਨ੍ਹਾਂ ਨੂੰ ਆਸ ਹੈ ਸੋ ਜਨਮ ਵਿਚ ਨਹੀਂ, ਨਾ ਓਹ ਮਰਦੇ ਹਨ: ਓਹ ਆਸ਼ਾ ਵਿਚ ਨਿਰਾਸ਼ੇ ਹੋ ਕੇ (ਰਹਿ ਕੇ) ਇਥੇ ਆਕੇ ਨਿਸ਼ਪਾਪ ਚਲੇ ਜਾਂਦੇ ਹਨ, ਝੂਰ ਝੂਰ ਤੇ ਝਖ ਕੇ (ਜੋ ਮਰਨਾ ਸੀ ਉਨ੍ਹਾਂ ਦਾ) ਮਿੱਟੀ ਵਿਚ ਰਲ ਗਿਆ।

ਗੁਰ ਕਾ ਕਹਿਆ ਅੰਕਿ ਸਮਾਵੈ॥
ਨਿਰਮਲ ਸੂਚੇ ਸਾਚੋ ਭਾਵੈ॥
ਗੁਰੁ ਸਾਗਰੁ ਰਤਨੀ ਨਹੀ ਤੋਟ॥
ਲਾਲ ਪਦਾਰਥ ਸਾਚੁ ਅਖੋਟ॥
ਗੁਰਿ ਕਹਿਆ ਸਾ ਕਾਰ ਕਮਾਵਹੁ॥
ਗੁਰ ਕੀ ਕਰਣੀ ਕਾਹੇ ਧਾਵਹੁ॥
ਨਾਨਕ ਗੁਰਮਤਿ ਸਾਚਿ ਸਮਾਵਹੁ॥
੨੭॥

ਐਉਂ ਆਪੇ ਨਿਰਣੈ ਦੇ ਘਰ ਨਾ ਅੱਪੜ ਸਕੇ ਤਾਂ) ਗੁਰੂ ਦੇ ਕਹੇ ਨੂੰ ਅੰਕਿ (=ਅੰਤਹਕਰਣ) ਵਿਚ ਸਮਾਵੇ (ਫਿਰ ਮਨ ਤੇ ਮਤਿ ਭਾਵ ਅੰਤਹਕਰਣ) ਸੁੱਚੇ ਤੇ ਨਿਰਮਲ (ਹੋ ਜਾਣਗੇ ਤੇ ਉਹਨਾਂ ਨੂੰ) ਸੱਚ ਹੀ ਭਾਵੇਗਾ[1]। ਗੁਰੂ (ਆਤਮ ਗੁਣਾਂ ਦਾ) ਸਮੁੰਦਰ ਹੈ (ਉਸ ਵਿਚ) ਰਤਨਾਂ ਦਾ ਟੋਟਾ ਨਹੀਂ। ਸੱਚ ਰੂਪੀ ਲਾਲ ਪਦਾਰਥ (ਅਮੁਲ ਗੁਣ ਉਸ ਵਿਚ) ਅਖੁੱਟ ਹਨ (ਪਰ ਓਹ ਪਦਾਰਥ ਪ੍ਰਾਪਤ ਤਾਂ ਹੋਣਗੇ ਜੇ) ਗੁਰੂ ਨੇ (ਜੋ ਕਾਰ) ਦੱਸੀ ਹੈ ਉਸ ਦੀ ਕਮਾਈ ਕਰੇ, (ਪਰ ਐਸੇ ਪੂਰਨ) ਗੁਰੂ ਦੀ ਕਰਨੀ ਤੇ ਧਾਵਾ ਕਿਉਂ ਕਰਦੇ ਹੋ[2]। (ਕਹਿੰਦੇ ਹਨ ਗੁਰੂ) ਨਾਨਕ ਐਸੇ ਗੁਰੂ ਦੀ ਮਤਿ (ਲੈ ਕੇ ਸੱਚੇ) ਵਿਚ ਸਮਾਵੇ॥੨੭॥

ਟੂਟੈ ਨੇਹੁ ਕਿ ਬੋਲਹਿ ਸਹੀ॥
ਟੂਟੈ ਬਾਹ ਦੂਹੂ ਦਿਸ ਗਹੀ॥
ਟੂਟਿ ਪਰੀਤਿ ਗਈ ਬੁਰ ਬੋਲਿ॥
ਦੁਰਮਤਿ ਪਰਹਰਿ ਛਾਡੀ ਢੋਲਿ॥

(ਸਥੂਲ ਚੀਜ਼ਾਂ ਦਾ ਟੁੱਟਣਾ ਦੁਤਰਫੀ ਖਿਚ ਖਿਚਾਵਟ ਨਾਲ ਹੁੰਦਾ ਹੈ, ਜੀਕੂੰ)[3] ਬਾਂਹ ਦੋਹੁੰ ਪਾਸਿਆਂ ਤੋਂ ਫੜੀ (ਤੇ ਖਿਚੀ) ਹੋਈ ਟੁੱਟ ਜਾਂਦੀ ਹੈ। (ਪਰ ਪਜਾਰ ਵਰਗੀਆਂ ਸੂਖਮ ਚੀਜ਼ਾਂ ਇਕ ਤਰਫੀ ਖਿੱਚ ਆਵਣ ਨਾਲ ਹੀ ਟੁੱਟ ਜਾਂਦੀਆਂ ਹਨ ਜੈਸੇ) ਪ੍ਰੀਤ (ਕੇਵਲ) ਬੁਰੇ ਵਾਕਾਂ ਦੇ ਬੋਲਣ ਨਾਲ ਟੁੱਟ ਜਾਂਦੀ ਹੈ[4](ਅਤੇ) ਨੇਹੁੰ (ਇਸ਼ਕ) ਬੋਲਣ (=ਕਿੰਤੂ ਕਰਨ ਮਾਤ੍ਰ) ਨਾਲ ਹੀ ਟੁੱਟ ਜਾਂਦਾ ਹੈ! (ਪਰ ਜਗਜਾਸੂ ਰੂਪ ਚੇਰੀ ਤਾਂ ਗੁਰੂ ਰੂਪ) ਢੋਲ (=ਸੁਆਮੀ) ਨੇ ਦੁਰਮਤਿ (=ਕੁਬੁਧਿ ਮਾਤ੍ਰ) ਕਰਕੇ ਹੀ (ਮਨੋਂ) ਛੱਡ ਦਿਤੀ ਹੈ ਤੇ (ਸਤਿ ਸੰਗੋਂ) ਤਜਾਗ ਦਿਤੀ ਹੈ[5]। (ਭਾਵ ਇਹ ਕਿ ਮਨ ਬੁਧਿ ਵਿਚ ਖੋਟੇ ਭਾਵ ਆਉਣ ਨਾਲ ਹੀ ਪਰਸਪਰ ਸੰਬੰਧ ਟੁੱਟ ਜਾਂਦਾ ਹੈ। ਇਸ ਤੋਂ ਬੀ ਵੱਧ ਇਹ ਗੱਲ ਹੈ ਕਿ ਜੇਦੋਂ ਜਗਜਾਸੂ ਨੂੰ

---

੧. ਇਸ ਪਉੜੀ ਵਿਚ ਜੋ ਕੁਛ ਗੁਰੂ ਜੀ ਫੁਰਮਾ ਰਹੇ ਹਨ ਸੋ ਤੀਸਰੀ ਪਾਤਸ਼ਾਹੀ ਨੇ ਵਾਰ ਸਿਰੀ ਰਾਗ ਮ: ੩ ਵਿਚ ਐਉਂ ਖੁਹਲ ਦੇ ਦਰਸਾਯਾ ਹੈ: 'ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥ ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ॥ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥ ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥ ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥ ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ॥ ਮਨਮੁਖੀ ਮਨ ਹਠਿ ਹਾਰਿਆ ਕੂੜੁ ਕੁਸਤੁ ਕਮਾਇ॥ ਗੁਰਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥੨॥ (ਸਿਰੀ: ਵਾਰ-੧੨/੮੭)

੨. ਭਾਵ, ਨੁਕਤਾਚੀਨੀ ਕਰਨ ਤੋਂ ਹੈ। (ਅ) ਗੁਰੂ ਦੀ ਰੀਸ ਕਰਨ ਤੋਂ ਬੀ ਭਾਵ ਲੈਂਦੇ ਹਨ।

੩. ਦੂਸਰੀ ਤੁਕ ਹੈ। ੪. ਪਹਿਲੀ ਤੁਕ ਹੈ।

੫. ਮੂਲ ਵਿਚ ਪਾਠ 'ਗਈ' ਤੇ 'ਛਾਡੀ' ਹੈਨ ਤਾਂ ਭੂਤ ਕਾਲ ਦੇ ਪਦ, ਪਰ ਅਰਥ ਵਰਤਮਾਨ ਵਿਚ ਹੀ ਹੈ।


www.sikhbookclub.com

ਟੂਟੇ ਗੰਠਿ ਪੜੈ ਵੀਚਾਰਿ॥
ਗੁਰ ਸਬਦੀ ਘਰਿ ਕਾਰਜੁ ਸਾਰਿ॥
ਲਾਹਾ ਸਾਚੁ ਨ ਆਵੈ ਤੋਟਾ॥
ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ॥ ੨੮॥

ਵੀਚਾਰ=) ਸ਼ੰਕੇ ਤੇ ਸੋਚਾਂ (ਮਾਤ੍ਰ ਬੀ) ਪੈ ਜਾਣ (ਅੰਦਰਲੀ ਪ੍ਰੇਮ ਦੀ) ਗੰਢ (ਤਾਂ ਉਹਨਾਂ ਨਾਲ ਹੀ) ਤ੍ਰੁਟ ਜਾਂਦੀ ਹੈ। (ਤਾਂਤੇ ਹੇ ਜਗਜਾਸੂ) ਗੁਰੂ ਦੇ ਹੁਕਮ ਦੁਆਰਾ (ਆਪਣੇ) ਮਨ ਵਿਚ (ਆਪਣਾ) ਕਾਰਜ ਰਾਸ ਕਰ। (ਭਾਵ ਇਹ ਕਿ 'ਗੁਰਿ ਕਹਿਆ ਸਾਕਾਰ ਕਮਾਵਹੁ', ਐਸਾ ਕਰਨੇ ਨਾਲ) ਤੋਟਾ ਨਹੀਂ ਆਵੇਗਾ (ਤੇ) ਸੱਚ (ਰੂਪੀ) ਲਾਹਾ (ਪ੍ਰਾਪਤ ਹੋਵੇਗਾ, ਉਹ ਸੱਚ ਕਿ ਜੋ) ਤਿੰਨਾਂ ਭਵਨਾਂ ਦਾ ਮਾਲਕ ਹੈ, (ਸਭ ਦਾ) ਅਤੀ ਪ੍ਰਿਯ ਹੈ[1]॥੨੮॥

ਠਾਕਹੁ ਮਨੂਆ ਰਾਖਹੁ ਠਾਇ॥
ਠਹਕਿ ਮੁਈ ਅਵਗੁਣਿ ਪਛੁਤਾਇ॥
ਠਾਕੁਰੁ ਏਕੁ ਸਬਾਈ ਨਾਰਿ॥
ਬਹੁਤੇ ਵੇਸ ਕਰੇ ਕੂੜਿਆਰਿ॥
ਪਰ ਘਰਿ ਜਾਤੀ ਠਾਕਿ ਰਹਾਈ॥
ਮਹਲਿ ਬੁਲਾਈ ਠਾਕ ਨ ਪਾਈ॥
ਸਬਦਿ ਸਵਾਰੀ ਸਾਚਿ ਪਿਆਰੀ॥
ਸਾਈ ਸੋਹਾਗਣਿ ਠਾਕੁਰਿ ਧਾਰੀ॥ ੨੯॥

੩. ਠਾਕੁਰ (ਜੋ ਤਿੰਨਾਂ ਭਵਨਾਂ ਦਾ ਸ੍ਵਾਮੀ ਹੈ ਤੇ ਪ੍ਰੀਤ ਕਰਨੇ ਜੋਗ ਹੈ ਕੇਵਲ) ਇਕ ਹੈ (ਲੋਕਾਂ ਨੇ ਉਸ ਤੋਂ ਛੁੱਟ ਜੋ ਹੋਰ ਪੂਜਜ ਮੰਨ ਰਖੇ ਹਨ) ਸਭ ਨਾਰੀ ਹਨ (ਠਾਕੁਰ ਨਹੀਂ ਹਨ)। ੪. (ਓਹ ਜ਼ਗਜਾਸੂ ਰੂਪ ਇਸਤ੍ਰੀ। ਕੂੜਿਆਰ ਹੈ (ਜੋ ਉਸ ਇਕ ਠਾਕੁਰ ਨੂੰ ਛੱਡ ਕੇ ਨਾਰੀਆਂ ਪਿੱਛੇ) ਬਹੁਤੇ ਵੇਸ ਕਰਦੀ ਹੈ (ਭਾਵ ਇਤਰ ਦੇਵਾਂ ਦੀ ਪੂਜਾ ਦੇ ਸਾਮਾਨ ਕਰਦੀ ਹੈ। ੧. ਤਾਂਤੇ ਆਪਣੇ) ਮਨ ਨੂੰ (ਇਤਰ ਦੇਵੀ ਦੇਵਤਿਆਂ ਦੀ ਪੂਜਾ ਤੋਂ) ਰੋਕੋ (ਤੇ ਇਸ ਨੂੰ) ਟਿਕਾਣੇ ਰਖੋ (ਭਾਵ ਉਸ ਇਕ ਠਾਕੁਰ ਵਿਚ ਲਾਈ ਰਖੋ, ੨. ਨਹੀਂ ਤਾਂ ਇਤਰ ਦੇਵੀ ਦੇਵਤਿਆਂ ਨਾਲ ਜੋ) ਲੱਗ ਗਈ (ਸੋ ਇਸ) ਅਵਗੁਣ ਵਿਚ (ਪਈ ਹੋਈ ਪਿਛੋਂ) ਪੱਛੋਤਾਉਂਦੀ ਮਰਦੀ ਹੈ। ੫. (ਪਰ ਜੋ) ਪਰਾਏ ਘਰਾਂ ਵਲ ਜਾਣੋਂ (ਭਾਵ ਠਾਕੁਰ ਤੋਂ ਛੁੱਟ ਹੋਰਨਾਂ ਦੀ ਪੂਜਾ ਵਿਚ ਪੈਣੋਂ) ਰੁਕੀ ਰਹੀ ਹੈ, ੬. (ਉਹ ਜਗਜਾਸੂ ਰੂਪ ਚੇਰੀ ਠਾਕੁਰ ਨੇ ਆਪਣੇ) ਮਹਲ ਵਿਚ ਸੱਦ ਲਈ ਹੈ (ਤੇ ਉਸ ਦੇ ਰਸਤੇ ਵਿਚ ਫੇਰ ਕੋਈ) ਰੋਕ ਨਹੀਂ ਪਈ, ੭. ਸ਼ਬਦ ਨੂੰ ਉਸ ਨੇ ਸੰਵਾਰਿਆ ਹੈ, ਸੱਚ ਨੇ (ਉਸ ਨੂੰ) ਪਿਆਰਿਆ ਹੈ ਤੇ ੮. ਠਾਕੁਰ ਨੇ (ਉਸ ਨੂੰ) ਧਾਰਿਆ ਹੈ (ਭਾਵ ਗ੍ਰਹਣ ਕੀਤਾ ਹੈ, ਤਾਂਤੇ) ਉਹ ਸੁਹਾਗਣ ਹੈ[2]॥੨੯॥

---

੧. ਮੋਟਾ, ਆਮ ਤੌਰ ਤੇ 'ਸਰੀਰ ਵਿਚ ਭਾਰੇ' ਨੂੰ ਕਹਿੰਦੇ ਹਨ, ਪਰ ਇਸ ਦੇ ਅਰਥ ਅਤਿ ਵੱਡੇ ਤੇ ਪਰਮ ਦੇ ਬੀ ਹਨ। ਏਹ ਅਰਥ ਹਿੰਦੀ ਤੇ ਮਰਹਟੀ ਬੋਲੀ ਵਿਚ ਬੀ ਹਨ।

੨. ਅਰਥਾਂ ਵਿਚ ਜੋ ਅੰਗ ਹਨ ਸੋ ਮੂਲ ਦੀਆਂ ਤੁਕਾਂ ਦੇ ਹਨ: (ਅ) 'ਨਾਰਿ' ਦਾ ਭਾਵ 'ਜੀਵ' ਭੀ ਲੈਂਦੇ ਹਨ, ਤਾਂ ਅਰਥ ਐਉਂ ਚਲਦਾ ਹੈ: ੩. (ਉਹ ਮੋਟਾ ਠਾਕੁਰ ਤ੍ਰਿਭਵਣ ਦਾ ਪ੍ਰੀਤਮ) ਇਕ ਮਾਲਕ (ਯਾ ਪਤੀ ਹੈ ਤੇ ਸਾਰੀ ਸ੍ਰਿਸ਼ਟੀ ਉਸ ਦੀ ਇਸਤ੍ਰੀ ਹੈ। ੪. ਉਸ ਨੂੰ ਮਿਲਣੇ ਲਈ ਜੋ (ਬਹੁਤੇ ਵੇਸ=) ਬਹੁਤੇ ਪਖੰਡ ਕਰਦੀ ਹੈ ਕੂੜਿਆਰ ਹੈ! ੨. (ਉਹ) ਠੁਹਕਰਾਂ ਖਾ ਖਾ ਕੇ ਮਰਦੀ ਹੈ (ਤੇ ਆਪਣੇ ਕੀਤੇ) ਔਗੁਣਾਂ ਕਰਕੇ (ਦੁਖ ਪਾਉਂਦੀ ਤੇ ਫੇਰ) ਪੱਛੋਤਾਉਂਦੀ ਹੈ। ੭. (ਪਰੰਤੂ) ਸੱਚ ਦੀ ਪਿਆਰੀ (ਉਹ ਹੈ, ਜੋ) ਸ਼ਬਦ (ਨਾਮ ਨੇ ਸੰਵਾਰੀ ਹੈ। ੮. ਉਹੋ ਸੁਹਾਗਣ ਹੈ ਉਹੋ (ਠਾਕੁਰ=) ਪਤੀ ☞

ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ॥

ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ॥

ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ॥

ਡਰੁ ਰਾਖਿਆ ਗੁਰਿ ਆਪਣੈ ਨਿਰਭਉ ਨਾਮੁ ਵਖਾਣਿ॥

(ਬਹੁਤੇ ਵੇਸ ਕਰਨੇ ਵਾਲੀ ਕੂੜਿਆਰ ਨੂੰ ਕਹਿੰਦੇ ਹਨ ਕਿ) ਹੇ ਸਖੀ! (ਇਕ ਠਾਕੁਰ ਨੂੰ ਛੱਡ ਕੇ ਜੋ ਤੂੰ ਦੁਆਰੇ ਦੁਆਰੇ) ਡੋਲਦੀ[1] ਫਿਰਦੀ ਹੈਂ (ਇਸ ਨਾਲ ਤਾਂ ਤੇਰੇ ਕੀਤੇ ਅਨੇਕਾਂ) ਵੇਸ ਤੇ ਸ਼ਿੰਗਾਰ[2] ਬਿਰਥਾ ਜਾਣਗੇ। (ਜਿਹੜੀ ਅੰਦਰਲੀ ਅਤ੍ਰਿਪਤ ਡੰਝ[3] ਤੈਨੂੰ ਐਉਂ ਲਈ ਫਿਰਦੀ ਹੈ ਉਸ) ਡੰਝ ਨਾਲ ਤਨ ਵਿਚ ਸੁਖ ਨਹੀਂ (ਹੋ ਸਕਦਾ, ਉਸ ਦਾ ਦਾਰੂ ਇਕ ਠਾਕੁਰ ਦਾ ਡਰ ਹੈ, ਇਸ) ਡਰ ਬਿਨਾ (ਤੂੰ ਇਕ ਕੀਹ) ਡਾਰਾਂ ਦੀਆਂ ਡਾਰਾਂ[4] ਵਿਨਾਸ਼ ਹੋ ਗਈਆਂ ਹਨ। (ਹੁਣ ਪਰ ਘਰ ਜਾਣੋਂ ਠਾਕ ਰਹਾਈ ਦਾ ਹਾਲ ਦੱਸਦੇ ਹਨ ਕਿ ਉਹ) ਆਪਣੇ ਮਨ ਵਿਚ (ਇਕ ਠਾਕੁਰ ਦੇ ਡਰ ਨਾਲ) ਭੈ ਵਿਚ ਰਹਿ ਕੇ ਮਰ ਗਈ (ਭਾਵ ਅਡੋਲ ਹੋ ਗਈ, ਉਸ ਅਡੋਲ ਹੋਈ ਨੂੰ) ਸੁਜਾਣ ਪਤੀ ਨੇ ਦੇਖਿਆ। (ਜਿਸ ਨੇ ਇਹ) ਡਰ ਰਖਿਆ ਸੀ (ਉਸ ਨੂੰ) ਆਪਣੇ ਗੁਰੂ ਨੇ ਨਿਰਭਉ ਨਾਮ ਦਾ ਉਪਦੇਸ਼ ਦਿਤਾ (ਭਾਵ ਉਸ ਪਤੀ ਦੇ ਭੈ ਵਾਲੀ ਨੂੰ ਉਹ ਨਾਮ ਪ੍ਰਾਪਤ ਹੋਇਆ ਜੋ ਨਿਰਭੈ ਕਰ ਦਿੰਦਾ ਹੈ)।

ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ॥

ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ॥

ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ॥

(ਉਸ ਠਾਕੁਰ ਦਾ) ਵਾਸਾ ਪਹਾੜ ਉਤੇ ਹੈ (ਉਹ ਪਹਾੜ ਉੱਚਾ ਤੇ ਦੂਰ ਇੰਨਾ ਹੈ ਕਿ ਰਸਤੇ ਵਿਚ ਤੁਰਦਿਆਂ) ਅਤਿ ਤ੍ਰੇਹ ਲੱਗਦੀ ਹੈ, (ਪਰ) ਜਦ (ਉਸ ਦ੍ਰਿਸ਼ਟੀ ਨਾਲ) ਡਿੱਠਾ ਤਾਂ (ਉਹ) ਦੂਰ ਨਹੀਂ ਸੀ[5], (ਉਹ ਦ੍ਰਿਸ਼ਟੀ ਐਉਂ ਪ੍ਰਾਪਤਿ ਹੋਈ ਕਿ ਮੈਂ) ਸ਼ਬਦ ਮਨ ਵਿਚ (ਵਸਾਇਆ, ਉਸ ਨੇ) ਤ੍ਰਿਖਾ ਦੂਰ ਕਰ ਦਿਤੀ (ਇਹ) ਅੰਮ੍ਰਿਤ (=ਨਾਮ) ਮੈਂ ਪੀਤਾ (ਤੇ) ਤ੍ਰਿਪਤ ਹੋ ਗਈ[6]। (ਇਹ ਗੱਲਾਂ ਸੁਣ ਕੇ) ਸਭ ਕੋਈ ਆਖਦਾ ਹੈ (ਕਿ ਇਹ ਅੰਮ੍ਰਿਤ ਸਾਨੂੰ) ਦਿਓ (ਜ਼ਰੂਰ) ਦਿਓ

---

੧. ਡੋਲਨਾ=ਦਰ ਦਰ ਭਟਕਦਿਆਂ ਫਿਰਨਾ। (ਅ) ਅਥਵਾ ਅਨੇਕਾਂ ਜੂਨਾਂ ਵਿਚ ਭਟਕਣਾ।

੨. ਭੇਖ ਦੇ ਸਾਧਨ। (ਅ) 'ਚੀਰ' ਦਾ ਅਰਥ 'ਸਰੀਰ' ਤੇ 'ਸ਼ਿੰਗਾਰ' ਦਾ 'ਇੰਦ੍ਰਯ' ਲਾਉਂਦੇ ਹਨ।

੩. ਸੰਸ:,ਦਾਹ=ਸੜਨਾ। ਪੰਜਾ:, ਡਾਹ=ਸਾੜ, ਜਲਨ। ਡਾਹਪਣੁ=ਜਲਨ, ਪਯਾਸ ਦੀ ਜਲਨ, ਡੰਝ। (ਅ) ਚਤੁਰਤਾ ਅਰਥ ਬੀ ਕਰਦੇ ਹਨ। ਸਿੰਧੀ ਗੁਜਰਾਤੀ ਵਿਚ 'ਡਾਹਪ' ਚਾਲਾਕੀ ਚਤੁਰਾਈ ਨੂੰ ਬੀ ਕਹਿੰਦੇ ਹਨ, ਭਾਵ ਹੈ ਪਰਮੇਸ਼ਰ ਦੇ ਭੈ ਵਿਹੂਣਾਂ ਤੇ ਚਤੁਰਾਈਆਂ ਤੇ ਟੇਕਾਂ ਰੱਖਣ ਵਾਲਾ ਜੀਵਨ। (ੲ) ਸੰਪ੍ਰ:, ਭ੍ਰਮਣ। ਭ੍ਰਮਕ ਬੁੱਧੀ।

੪. ਡਾਰ=ਗ੍ਰੋਹ, ਭੀੜ, ਝੁੰਡ, ਭਾਵ ਹੈ ਅਨੇਕਾਂ।

੫. ਅਥਵਾ:- ਜਿਨ੍ਹਾਂ ਦਾ ਵਾਸਾ ਹੰਕਾਰ ਪਰਬਤ ਪਰ ਸੀ ਅਰ ਤ੍ਰਿਸ਼ਨਾਂ ਤ੍ਰਿਖਾ ਵਿਚ ਸੀ, ਜਦ ਵਿਚਾਰ ਪ੍ਰਾਪਤ ਹੋਈ ਤਾਂ ਪਤੀ ਦੂਰ ਨਾ ਰਿਹਾ। ੬. ਭਰਪੂਰਿ=ਨਕਾ-ਨਕ ਭਰ ਗਈ, ਰੱਜ ਗਈ, ਤ੍ਰਿਪਤ ਹੋ ਗਈ।

☞ਪਰਮੇਸ਼ੁਰ ਨੇ ਗ੍ਰਹਣ ਕੀਤੀ ਹੈ ੫. (ਉਹ ਠਾਕੁਰ ਨੇ) ਪਰਾਏ ਘਰ (=ਪਰਮੇਸ਼ੁਰ ਤੋਂ ਛੁੱਟ ਹੋਰ ਕਿਸੇ ਵਿਚ) ਜਾਣੋਂ ਰੋਕ ਲੀਤੀ। ੬. (ਤੇ ਆਪਣੇ) ਸਰੂਪ ਵਿਚ ਉਸਨੂੰ ਸੱਦ ਲਿਆ (ਤੇ ਅੰਗੀਕਾਰ ਕਰਨੋ)ਰੋਕ ਨਹੀਂ ਪਾਈ।
੧. (ਤਾਂਤੇ ਹੇ ਪਾਂਡੇ!) ਆਪਣੇ ਮਨ ਨੂੰ(ਅਨਿਸ਼ਟ ਤੋਂ) ਰੋਕੋ ਤੇ ਟਿਕਾਣੇ (=ਸਰੂਪ) ਵਿਚ ਰੱਖੋ।

ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ॥੩੦॥

(ਪਰ ਠਾਕੁਰ) ਜਿਸ ਨੂੰ ਭਾਉਂਦਾ ਹੈ, ਉਸ ਨੂੰ ਦੇਂਦਾ ਹੈ। (ਅਤੇ) ਦੇਂਦਾ ਗੁਰੂ ਦੀ ਰਾਹੀਂ ਹੈ, ਓਹ ਅੰਮ੍ਰਿਤ ਫੇਰ) ਤ੍ਰੇਹ ਦੂਰ ਕਰ ਦੇਂਦਾ ਹੈ॥੩੦॥

ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ॥
ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ॥
ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ॥
ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ॥
ਮਨੁ ਦੀਆ ਗੁਰਿ ਆਪਣੈ ਪਾਇਆ ਨਿਰਮਲ ਨਾਉ॥
ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ॥
ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ॥
ਗੁਰ ਪਰਸਾਦੀ ਤਿਸੁ ਸੰਮ੍ਲਾ ਤਾ ਤਨਿ ਦੂਖੁ ਨ ਹੋਇ॥੩੧॥

ਢੰਡੋਲਦੀ ਤੇ ਢੂੰਡਦੀ[1] ਮੈਂ ਫਿਰੀ (ਤੇ ਮੈਂ ਕੀ ਡਿੱਠਾ ਕਿ) ਕਿਨਾਰਿਆਂ ਤੋਂ ਢਹਿ ਢਹਿ ਕੇ ਡਿਗ ਰਹੇ ਹਨ (ਭਾਰੇ ਬੀ ਤੇ ਹਲਕੇ ਬੀ)। ਭਾਰੇ ਤਾਂ ਢਹਿਦਿਆਂ ਹੀ ਡੁਬ ਗਏ ਪਰ ਹਉਲੇ ਪਾਰ ਜਾ ਨਿੰਕਲੇ[2]। (ਹਉਲੇ ਕੌਣ ਸਨ? ਅਜਾਚੀ, ਜਿਨ੍ਹਾਂ ਵਿਚ ਯਾਚਨਾਂ ਨਹੀਂ ਸੀ, ਭਾਵ ਜੋ ਨਿਸ਼ਕਾਮ ਭਗਤੀ ਵਾਲੇ ਸਨ। ਇਨ੍ਹਾਂ) ਨਿਸ਼ਕਾਮ ਭਗਤੀ ਵਾਲਿਆਂ ਨੂੰ ਕਦੇ ਨਾ ਮਰਨੇ ਵਾਲੇ ਹਰਿ ਜੀ ਮਿਲ ਪਏ[3], ਉਹਨਾਂ ਦੇ ਮੈਂ ਸਦਕੇ ਜਾਂਦਾ ਹਾਂ। ਉਹਨਾਂ (ਨਿਸ਼ਕਾਮ ਭਗਤਾਂ, ਦੀ ਧੂੜ ਕਰਕੇ ਛੁੱਟੀ ਦਾ[4] ਹੈ (ਤਾਂ ਤੇ ਹੇ ਹਰੀ! ਉਹਨਾਂ ਦੀ) ਸੰਗਤ ਦੇ ਮੇਲ ਵਿਚ (ਸਾਨੂੰ) ਮਿਲਾ ਦਿਓ! ਆਪਣੇ ਗੁਰੂ ਨੂੰ (ਮੈਂ) ਮਨ ਦਿਤਾ ਹੈ (ਤੇ ਉਸ ਗੁਰੂ ਤੋਂ ਮੈਨੂੰ) ਪ੍ਰਾਪਤ ਹੋਯਾ ਹੈ ਨਿਰਮਲ ਨਾਮ। (ਸੋ) ਜਿਸ (ਗੁਰੂ ਨੇ ਮੈਨੂੰ) ਨਾਮ ਦਿਤਾ ਹੈ ਉਸ ਨੂੰ ਸੇਵਾਂਗਾ (ਅਰ) ਉਸ ਤੋਂ (ਮੈਂ) ਸਦਕੇ ਜਾਵਾਂਗਾ। (ਕਿਉਂਕਿ ਜਿਸ ਦਾ ਨਾਮ ਉਸ ਨੇ ਦਿਤਾ ਹੈ) ਉਹ (ਵਾਹਿਗੁਰੂ) ਜੋ ਉਸਾਰਦਾ ਹੈ ਓਹੋ ਢਾਹੇਗਾ[5] ਉਸ ਤੋਂ ਬਿਨਾਂ ਹੋਰ ਕੋਈ (ਕਰਤਾ ਹਰਤਾ) ਨਹੀਂ ਹੈਂ। ਗੁਰੂ ਦੀ ਕ੍ਰਿਪਾ ਨਾਲ (ਉਸ ਵਾਹਿਗੁਰੂ ਨੂੰ) ਸੰਮ੍ਹਾਲਦਾ ਰਹਾਂ ਤਾਂ (ਜੋ ਮੇਰੇ) ਸਰੀਰ ਨੂੰ ਦੁਖ ਨਾ ਹੋਵੇ॥੩੧॥

---

੧. ਢੂੰਡਣਾ= ਆਪ ਤੁਰ ਫਿਰ ਕੇ ਤਲਾਸ਼ ਕਰਨਾ। ਢੰਡੋਲਣਾ= ਦੂਜੇ ਦੀ ਰਾਹੀਂ ਢੂੰਡਣਾ। ਢੂੰਡਣ ਦਾ ਭਾਵ ਹੈ ਅਪਣਾ ਤਜਰਬਾ ਤੇ ਢੰਡੋਲਣ ਦਾ ਭਾਵ ਹੈ ਦੂਜਿਆਂ ਦਾ ਤਜਰਬਾ ਜੋ ਧਰਮ ਪੁਸਤਕਾਂ ਆਦਿ ਦ੍ਵਾਰਾ ਮਿਲਦਾ ਹੈ।

੨. ਨਦੀ ਕਿਨਾਰੇ ਦੇ ਰੁਖ ਅੰਤ ਵਿਚ ਡਿਗਦੇ ਹਨ। ਭਾਵ; ਸਾਰੇ ਲੋਕ ਮਰਦੇ ਹਨ, ਜੋ ਨਿਸ਼ਕਾਮ ਭਗਤ ਹਨ ਮੁਕਤ ਪਾਉਂਦੇ ਹਨ, ਜੋ ਲੋਕ ਕਾਮਨਾ ਨਾਲ ਭਾਰੇ ਹਨ ਸੋ ਆਪਣੀ ਕਾਮਨਾ ਦੀ ਪ੍ਰਾਪਤੀ ਵਿਚ ਰਹਿ ਜਾਂਦੇ ਹਨ, ਹਰੀ ਨੂੰ ਨਹੀਂ ਪਾ ਸਕਦੇ। '......ਹਰੂਏ ਹਰੂਏ ਤਿਰਿ ਗਏ ਡੂਬੇ ਜਿਨਿ ਸਿਰ ਭਾਰ।' (ਸਲੋਕ ਕਬੀਰ--੩੫)

੩. ਅਥਵਾ ਜੋ ਅਮਰ ਤੇ ਅਜਾਚੀ ਰੱਬ ਨੂੰ ਮਿਲੇ ਹੋਏ ਹਨ। ਅਜਾਚੀ=ਜੋ ਯਾਚਨਾ ਨਾ ਕਰੇ, ਮੰਗੇ ਨਾ (ਅ) ਜੋ ਜਾਚਿਆ ਨਾ ਜਾ ਸਕੇ। ਅਮਰ=ਅਮਰੋਂ (ਸੁਤੇ ਹੀ)।

੪. ਘੁਲਨਾ=ਕਿਸੇ ਸ਼ੈ ਵਿਚ ਹੱਲ ਹੋ ਜਾਣਾ। ਅਘੁੱਲਣਾ=ਘੁਲੀ ਹਾਲਤ ਵਿਚੋਂ ਨਿਤਰ ਕੇ ਅਲੱਗ ਹੋ ਕੇ ਉੱਪਰ ਆ ਜਾਣਾ, ਭਾਵ ਤਰ ਜਾਣਾ, ਛੁੱਟਣਾ, ਮੁਕਤ ਹੋਣਾ।

੫. ਰਚਨ ਤੇ ਸੰਘਾਰ ਕਰਤਾ ਇਕੋ ਵਾਹਿਗੁਰੂ ਹੈ। ਬ੍ਰਹਮਾ ਸਾਜਦਾ, ਸ਼ਿਵ ਸੰਹਾਰ ਕਰਦਾ ਹੈ ਤੇ ਵਿਸ਼ਨੂੰ ਪਾਲਦਾ ਹੈ। ਇਨ੍ਹਾਂ ਤਿੰਨਾਂ ਨੂੰ ਗੁਰੂ ਜੀ ਏਥੇ ਵਾਹਿਗੁਰੂ ਨਹੀਂ ਮੰਨ ਰਹੇ; ਪਰ ਅਪਣੇ ਵਾਹਿਗੁਰੂ ਨੂੰ ਉਤਪਤ ਪਰਲੋ ਸਭ ਕੁਛ ਦਾ ਮਾਲਕ ਤੇ ਪੂਜ੍ਯ ਦੱਸਦੇ ਹਨ, ਜਿਸਦੇ ਹੁਕਮ ਵਿਚ ਸਭ ਕੁਛ ਹੋ ਰਿਹਾ ਹੈ।


www.sikhbookclub.com

ਉਤਮ ਪੁਰਖ ਵਿਚ ਜਗਿਆਸੂਆਂ ਪਰਿਥਾਇ ਉਚਾਰਦੇ ਹਨ:-

ਨਾ ਕੋ ਮੇਰਾ ਕਿਸੁ ਗਹੀ ਨਾ ਕੋ ਹੋਆ ਨ ਹੋਗੁ॥

ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ॥

ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ॥

ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ॥

ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ॥

ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ॥

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥

(ਸੰਸਾਰ ਵਿਚ) ਕੋਈ (ਪਦਾਰਥ) ਮੇਰਾ ਨਹੀਂ ਹੈ[1] ਨਾ (ਕਦੇ ਅੱਗੇ) ਕੋਈ ਹੋਇਆ ਹੈ ਨਾ (ਅਗੋਂ) ਹੋਵੇਗਾ, (ਸੋ ਮੈਂ) ਕਿਸ ਨੂੰ ਫੜਾਂ (ਭਾਵ ਕੋਈ ਸ਼ੈ ਫੜਨੇ ਜੋਗ ਹੈ ਨਹੀਂ)। ਇਨ੍ਹਾਂ ਪਦਾਰਥਾਂ ਦੀ) ਪ੍ਰਾਪਤੀ ਤੇ ਵਿਨਾਸ਼ ਵਿਚ ਦੁਬਿਧਾ (ਰੂਪੀ) ਰੋਗ ਲੱਗਾ ਰਹਿੰਦਾ ਹੈ (ਜਿਸ ਨਾਲ) ਖੁਆਰ ਹੋਈਦਾ ਹੈ। (ਖੁਆਰ ਇਸ ਤਰ੍ਹਾਂ ਕਿ ਦੁਬਿਧਾ ਵਿਚ ਲੱਗੇ ਹੋਏ ਆਦਮੀ ਨਾਮ ਵਿਚ ਨਹੀਂ ਲੱਗ ਸਕਦੇ ਅਤੇ) ਨਾਮ[2] ਤੋਂ ਸੱਖਣੇ ਆਦਮੀ ਕੱਲਰੀ ਕੰਧ ਵਾਂਗ ਡਿਗ ਪੈਂਦੇ ਹਨ[3]। (ਫਿਰ ਪਰਲੋਕ ਵਿਚ ਜਾ ਕੇ) ਨਾਮ ਤੋਂ ਬਿਨਾਂ ਛੁਟਕਾਰਾ ਨਹੀਂ ਮਿਲਦਾ ਤੇ ਅੰਤ ਨੂੰ ਰਸਾਤਲ[4] ਵਿਚ ਚਲੇ ਜਾਂਦੇ ਹਨ।

(ਅੱਖਰੀ ਵਿਦਜਾ ਬੀ ਨਹੀਂ ਤਾਰ ਸਕਦੀ ਕਿਉਂ ਕਿ) ਅੱਖਰਾਂ ਦੁਆਰੇ (ਜੋ ਵਿਦਜਾ ਪ੍ਰਾਪਤ ਕਰਾਉਣੀ ਹੈ ਸੋ) ਗਿਣਤੀ ਸਿਖਾਉਣੀ ਹੈ[5] (ਪਰ) ਉਹ ਸੱਚਾ (ਵਾਹਿਗੁਰੂ) ਗਿਣਤੀਆਂ ਤੋਂ ਪਰ੍ਹੇ ਹੈ। (ਐਸਾ ਗਜਾਨੀ) ਅਗਜਾਨੀ ਹੈ, ਬੁੱਧੀ ਤੋਂ ਸੱਖਣਾ ਹੈ, (ਕਿਉਂਕਿ ਉਹ ਨਹੀਂ ਸਮਝਦਾ ਕਿ) ਗੁਰੂ ਬਿਨਾ ਗਜਾਨ (ਪ੍ਰਾਪਤ) ਨਹੀਂ ਹੋ ਸਕਦਾ। (ਕਿਉਂਕਿ ਜੇ) ਰਬਾਬ ਦੀ ਤੰਦ ਟੁੱਟ ਜਾਵੇ ਤਦ ਰਬਾਬ ਤੰਦ ਦੇ) ਵਿਜੋਗ (ਹੋ ਜਾਣ) ਕਰਕੇ ਵੱਜਦਾ ਨਹੀਂ[6], (ਪਰ ਜਿਵੇਂ ਸੰਗੀਤਕ ਉਸਤਾਦ ਰਬਾਬ ਨਾਲ ਤਾਰ ਦਾ ਸੰਜੋਗ ਕਰ ਦੇਂਦਾ ਹੈ ਤਿਵੇਂ ਗੁਰੂ) ਟੁੱਟੀ ਸੁਰਤ

---

੧. 'ਨਾ' ਦਾ ਪ੍ਰਾਕ੍ਰਿਤ, ਰੂਪ 'ਣਾ' ਹੈ।

੨. 'ਨਾਮਨ' ਯਾ ਨਾਮ ਦਾ ਪ੍ਰਾਕ੍ਰਿਤ ਰੂਪ ਹੈ 'ਣਾਮ'।

੩. ਜਿਵੇਂ ਕੱਲਰ ਦੀ ਖਾਧੀ ਕੰਧ ਉਤੋਂ ਸਾਬਤ ਦਿੱਸਦੀ ਹੈ ਵਿਚੋਂ ਭੁੱਗੀ ਹੁੰਦੀ ਹੈ, ਤਿਵੇਂ ਪਦਾਰਥਾਂ ਦੀ ਪ੍ਰਾਪਤੀ ਤੇ ਵਿਨਾਸ਼ ਤੋਂ ਲੱਗੀ ਦੁਬਿਧਾ ਦੇ ਰੋਗ ਨਾਲ ਗ੍ਰਸੇ ਜਾ ਕੇ ਅੰਦਰੋਂ ਭੁੱਗੇ ਹੋ ਜਾਣਾ ਹੈ ਤੇ ਕੱਲਰ ਦੀ ਕੰਧ ਵਾਂਙੂ ਅੰਤ ਵਿਨਾਸ਼ ਹੋਣਾ ਹੈ। ਇਹ ਇਕ ਤਸਵੀਰ ਹੈ ਜਿਸ ਵਿਚ ਕਵਿਤਾ ਦਾ ਕਮਾਲ ਹੈ।

੪. ਰਸਾਤਲ=ਧਰਤੀ ਦੇ ਹੇਠਾਂ, ਸੱਤਵਾਂ ਪਾਤਾਲ ਯਾ ਨਰਕ ਜਿਥੇ ਨਾਗ ਅਸੁਰ ਦੈਂਤ ਰਹਿੰਦੇ ਹਨ। ਭਾਵ, ਅਧੋਗਤੀ।

੫. ਪੜ੍ਹੇ ਹੋਏ ਤਰ੍ਹਾਂ ਤਰ੍ਹਾਂ ਦੇ ਲੇਖੇ ਰਬ ਨਾਲ ਕਰਦੇ ਹਨ, ਕੋਈ ੨੪ ਹਜ਼ਾਰ ਸੁਆਸਾਂ ਦਾ, ਕੋਈ ਕਰਮਾਂ ਦਾ, ਕੋਈ ਰੋਮਾਂ ਦੀ ਗਿਣਤੀ ਦਾ, ਕੋਈ ਜੰਤ੍ਰਾਂ ਮੰਤ੍ਰਾਂ ਦਾ, ਕੋਈ ਸ਼ਾਸਤ੍ਰਾਂ ਵਿਚ ਦੱਸੀਆਂ ਗਿਣਤੀਆਂ ਤੇ ਹਿਸਾਬਾਂ ਦਾ।

੬. ਮਨ ਰਬਾਬ ਹੈ, ਤੰਤ ਬ੍ਰਿਤੀ ਦੀ ਲਿਵ, ਨਾਮ ਦੀ ਧੁਨੀ ਇਸ ਦੀ ਵੱਜਣਾ ਹੈ। 'ਲਿਵ ਛੁੜਕੀ ਲਗੀ ਤ੍ਰਿਸ਼ਨਾ' ਤ੍ਰਿਸ਼ਨਾ ਵਿਚ ਨਾਮ ਕਿਥੇ। ਸੋ ਮਨ ਤੇ ਲਿਵਤਾਰ ਦਾ ਸੰਜੋਗ ਪਰਮੇਸ਼ੁਰ ਦੀ ਕ੍ਰਿਪਾ ਨਾਲ ਗੁਰੂ ਮਿਲੇ ਤਾਂ ਹੋ ਜਾਂਦਾ ਹੈ।

ਵਿਛੁੜਿਆ ਮੇਲੈ ਪ੍ਰਭੁ ਨਾਨਕ ਕਰਿ ਸੰਜੋਗ॥੩੨॥

ਦਾ[1] ਸੰਜੋਗ ਕਰ ਦੇਂਦਾ ਹੈ (ਐਉਂ) ਵਾਹਿਗੁਰੂ ਨੂੰ ਮਿਲਾ ਦੇਂਦਾ ਹੈ[2]॥੩੨॥

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥
ਆਪਿ ਛਡਾਏ ਛੂਟੀਐ ਵਡਾ ਆਪਿ ਧਣੀ॥
ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ॥
ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥੩੩॥

ਸਰੀਰ (ਮਾਨੋਂ ਇਕ) ਬ੍ਰਿਛ[3] ਹੈ, ਮਨ (ਇਸ ਬ੍ਰਿਛ ਤੇ ਬੈਠਾ) ਪੰਛੀ ਹੈ, (ਪਰ ਇਸੇ ਸਰੀਰ ਰੂਪੀ) ਬ੍ਰਿਖ ਵਿਖੇ ਪੰਜ (ਇੰਦ੍ਰੇ ਰੂਪੀ) ਪੰਛੀ (ਹੋਰ) ਹਨ[4]। (ਜੇ ਏਹ ਪੰਛੀ ਆਪੋ ਵਿਚ) ਇਕ ਸਾਰ ਮਿਲ ਕੇ ਤੱਤ (ਦੀ ਚੋਗ) ਚੁਗਣ ਤਾਂ ਉਹਨਾਂ ਨੂੰ ਰੱਤੀ ਮਾਤ੍ਰ ਬੰਧਨ ਨਹੀਂ ਪੈਂਦੇ, (ਪਰ ਜੇ ਮਨ ਤੇ ਇੰਦ੍ਰੇ ਰੂਪੀ ਪੰਛੀ) ਕਾਹਲੇ ਕਾਹਲੇ ਹੋ ਕੇ ਉਡ ਪੈਣ ਤੇ ਬਹੁਤੀ ਚੋਗ ਨੂੰ ਤੱਕਣ (ਭਾਵ ਉਸ ਚੋਗ ਵਿਚ ਲੁਭਾਇਮਾਨ ਹੋ ਜਾਣ ਤਾਂ ਉਹਨਾਂ ਨੂੰ) ਫਾਹੀ ਪੈ ਜਾਏਗੀ, ਖੰਭ ਟੁੱਟ ਜਾਣਗੇ ਤੇ ਅਉਗਣਾਂ ਦੇ ਕਾਰਨ ਭੀੜ ਆ ਬਣੇਗੀ[5] (ਜਦੋਂ ਭੀੜ ਬਣ ਗਈ ਤਾਂ) ਬਿਨਾਂ ਸੱਚੇ (ਵਾਹਿਗੁਰੂ ਦੇ) ਕਿਵੇਂ ਛੁੱਟ ਸਕੀਏ? (ਉੱਤਰ:- ਉਸ ਸੱਚੇ) ਹਰੀ ਦੇ ਗੁਣ (ਗਾਇਨ ਰੂਪੀ) ਕਰਮ ਵਿਚ (ਭਾਗਾਂ ਦੀ) ਮਣੀ (ਵਸਦੀ ਹੈ)। (ਉਹ) ਆਪ ਵੱਡਾ ਧਨੀ (ਦਾਤਾਰ ਹੈ) ਆਪ ਹੀ ਛਡਾਏ ਤਾਂ ਛੁੱਟੀਦਾ ਹੈ, (ਹਾਂ) ਗੁਰੂ ਦੀ ਮਿਹਰ ਨਾਲ ਛੁੱਟੀਦਾ ਹੈ, (ਜਦ ਓਹ) ਆਪ ਕ੍ਰਿਪਾ ਕਰੇ ਤਾਂ[6]। (ਸਭ) ਵਡਿਆਈਆਂ (ਉਸ ਦੇ) ਆਪਣੇ ਹੱਥ ਵਿਚ ਹਨ, ਜਿਸ ਨੂੰ ਭਾਵੇ ਉਸ ਨੂੰ ਦੇਂਦਾ ਹੈ॥੩੩॥

---

੧. ਵਿਛੁੜਿਆ=ਭਾਵ, ਸੁਰਤ ਦੇ ਸਾਂਈਂ ਨਾਲੋਂ ਟੁੱਟ ਗਿਆਂ ਹੋਇਆਂ।

੨. ਇਸ ਅੰਕ ਵਿਚ ਖਿੱਚੀ ਤਸਵੀਰ ਤੇ ਉਪਦੇਸ਼ ਐਉਂ ਹੈ:- ਪ੍ਰਾਣੀ ਮਾਤ੍ਰ ਦੇ ਅੰਦਰ ਇਕ ਸੁਤੇ ਸਿਧ ਗਜਾਨ ਹੈ। ਇਹ ਗਜਾਨ ਅਪੱਕ ਅਵੱਸਥਾ ਵਿਚ ਅੱਖਰਾਂ ਦੀ ਵਿਦਯਾ ਨਾਲ ਨਸ਼ਟ ਹੋ ਜਾਂਦਾ ਹੈ, ਫੇਰ ਅਖਰੀ ਵਿਦਜਾ ਕੇਵਲ ਰਬਾਬ ਮਾਤ੍ਰ ਰਹਿ ਜਾਂਦੀ ਹੈ ਜੋ ਆਪਣੀ ਗਜਾਨ ਦੀ ਤਾਰ ਤੋੜ ਚੁੱਕੀ ਹੈ। ਇਹ ਗਜਾਨ ਦੀ ਤਾਰ ਫੇਰ ਗੁਰੂ ਦੁਆਰਾ ਜੁੜਦੀ ਹੈ ਜੋ 'ਸਫਲ ਪ੍ਰਭੁ ਮਿਲਾਪ' ਹੁੰਦੀ ਹੈ।

੩. ਤਰਵਰੁ=ਸ੍ਰੇਸ਼ਟ ਬ੍ਰਿਛ। ਬ੍ਰਿਛ।

੪. 'ਪੰਖੀ ਪੰਚ' ਦਾ ਅਰਥ ਸ੍ਰੇਸ਼ਟ ਪੰਛੀ ਬੀ ਸਿਆਣੇ ਲਾਉਂਦੇ ਹਨ। ਕਾਇਆਂ ਇਕ ਬ੍ਰਿਛ ਹੈ, ਮਨ ਇਕ ਪੰਛੀ ਹੈ। ਭਾਵ ਚਤੁਸ਼ਟੇ (ਅੰਤਹਕਰਣ) ਤੇ ਇਸ ਬ੍ਰਿਛ ਪਰ (ਇਕ ਹੋਰ ਇਸ ਤੋਂ) ਸ੍ਰੇਸ਼ਟ ਪੰਛੀ ਹੈ (ਓਹ ਪਰਮਾਤਮਾ ਹੈ)। ਜੇ ਤਾਂ (ਮਨ ਅਰਥਾਤ) ਚਾਰੇ ਅੰਤਹਕਰਣ ਰੂਪੀ ਪੰਛੀ ਉਸ ਇਕ ਨਾਲ ਮਿਲ ਕੇ ਤੱਤ ਦੀ ਚੋਗ ਚੁਗਣ ਤਾਂ ਉਹਨਾਂ ਨੂੰ ਫਾਹੀ ਨਹੀਂ, ਪਰ ਜੇ ਉਸ ਤੋਂ ਅੱਡ ਹੋ ਕੇ (ਦ੍ਰਿਸ਼ਟਮਾਨ) ਵੱਲ ਉਡ ਪੈਣ ਤੇ ਵਿਕਾਰਾਂ ਦੀ ਚੋਗ ਨੂੰ ਬਹੁਤ ਚੁਗਣ ਲੱਗ ਪੈਣ ਤਾਂ ਉਥੇ ਹੀ ਫਸ ਜਾਂਦੇ ਹਨ ਅਤੇ ਅਉਗਣਾਂ ਕਰਕੇ ਬਿਪਤਾ ਵਿਚ ਗ੍ਰਸੇ ਜਾਂਦੇ ਹਨ।

੫. ਭਾਵ -ਜਮ ਦੀ ਫਾਹੀ ਪਵੇਗੀ, ਮੌਤ ਆਵੇਗੀ। ਉਸ ਵੇਲੇ ਸੂਖਮ ਸਰੀਰ ਤੇ ਸਥੂਲ ਸਰੀਰ ਦਾ ਵਿਯੋਗ ਹੋਵੇਗਾ। ਇਹ ਵਿਯੋਗ ਮਾਨੋ ਖੰਭ ਟੁੱਟਣਗੇ ਅਗੇ ਜਾ ਕੇ ਆਪਣੇ ਹੀ ਅਵਗੁਣਾਂ ਦੀ ਆਪ ਨੂੰ ਹੀ ਮੁਸ਼ਕਲ ਆ ਬਣੇਗੀ।

੬. ਅਰਥਾਤ, ਪਰਮੇਸ਼ੁਰ ਦੀ ਮਿਹਰ ੧. ਗੁਰੂ ਦੀ ਮਿਹਰ ੨. ਸਿਫਤ ਸਲਾਹ ਤੇ ੩. ਨਾਮ ਏਹ ਤ੍ਰੈ ਛੁਟਕਾਰਾ ਦੇਣਹਾਰ ਹੈਨ।


www.sikhbookclub.com

ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥ ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ॥ ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥ ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ॥ ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ॥ ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ॥ ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ॥ ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ॥੩੪॥

ਥਾਨ ਵਿਹੂਣਾ ਹੋਇਆ (ਅਰਥਾਤ ਸਰੂਪ ਤੋਂ ਘੁੱਸਿਆ) ਜੀਵ ਥਰ ਥਰ ਕੰਬਦਾ ਹੈ, (ਪਰ ਜੇ ਜਾਣ ਲਵੇ ਕਿ) ਥਾਨੀ ਤੇ ਮਾਨੀ[1] ਤਾਂ 'ਇਕ' ਹੈ (ਜੋ) ਸਤਜ ਸਰੂਪ ਹੈ (ਤਾਂ ਇਸ ਜੀਵ ਦਾ) ਕੋਈ ਕੰਮ ਨਾ ਵਿਗੜੇ (ਭਾਵ ਥਾਨੀ ਤੇ ਮਾਨੀ ਦਾ ਆਸਰਾ ਮਿਲ ਜਾਣ ਕਰਕੇ ਸੁਖੀ ਹੋ ਜਾਵੇ। (ਉਹ) ਪਰਮਾਤਮਾ ਥਿਰ ਹੈ, ਗੁਰੂ ਥਿਰ ਹੈ, ਸੱਚਾ ਗਜਾਨ ਥਿਰ ਹੈ। ਦੇਵਤਿਆਂ ਮਨੁੱਖਾਂ ਤੇ ਨਾਥਾਂ ਦਾ ਸ੍ਵਾਮੀ ਤੂੰ ਹੈਂ, ਨਜਾਸਰਿਆਂ ਦਾ ਆਸਰਾ ਤੂੰ ਹੈਂ। ਸਾਰੇ ਥਾਵਾਂ ਦਾ ਥਨੰਤਰੀ ਤੂੰ ਹੈਂ, ਤੂੰ (ਸਭ ਦਾ) ਦਾਤਾ (ਹੈਂ ਦਾਤਿਆਂ ਦਾ ਬੀ) ਦਾਤਾਰ ਹੈਂ। (ਮੈਂ) ਜਿੱਥੇ ਦੇਖਦਾ ਹਾਂ ਓਥੇ ਇਕੋ ਤੂੰ (ਦਿਸ ਆਂਵਦਾ ਹੈਂ, ਤੇਰੇ) ਅੰਤ ਦਾ ਪਾਰਾਵਾਰ ਨਹੀਂ। ਥਾਂਵਾਂ ਤੇ ਥਾਂਵਾਂ ਦੇ ਵਿਚਾਲਿਆਂ ਵਿਚ (ਉਹੀ) ਰਵ ਰਿਹਾ ਹੈ, (ਇਹ ਗੱਲ ਦਿੱਸ ਪੈਂਦੀ ਹੈ) ਗੁਰਾਂ ਦੇ ਸ਼ਬਦ ਦੇ ਵੀਚਾਰ ਤੋਂ। (ਉਹ ਦਾਤਾ) ਬਿਨਾ ਮੰਗੇ ਦਾਨ ਦੇਵੇਗਾ, (ਉਹ) ਵੱਡਾ ਹੈ, ਗੰਮਤਾ ਤੇ ਪਾਰ ਤੋਂ ਰਹਤ ਹੈ[2]॥੩੪॥

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ॥ ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ॥

(ਹੇ ਅਪਾਰ ਤੇ ਅਗੰਮ!) ਦਇਆ ਤੂੰ ਹੈਂ, ਦਾਨ ਤੂੰ ਹੈਂ, ਦਇਆ ਕਰਨੇ ਵਾਲਾ ਤੂੰ ਹੈਂ (ਤੇ ਦਇਆ) ਕਰ ਕਰਕੇ ਦੇਖਣੇ ਵਾਲਾ ਬੀ ਤੂੰ ਹੈਂ। ਹੇ ਪ੍ਰਭੂ (ਜੇ) ਤੂੰ (ਮੇਰੇ ਤੇ) ਦਇਆ ਕਰੇਂ (ਤਾਂ ਆਪਣੇ ਨਾਲ) ਮੇਲ ਲੈ (ਤੇ ਉਸ ਵਿੱਥ ਨੂੰ ਜੋ ਤੇਰੇ ਮੇਰੇ ਮਿਲਾਪ ਦੇ ਵਿਚਾਲ ਪਈ ਖੜੀ ਹੈ) ਪਲ ਵਿਚ ਢਾਹ ਦੇਹ (ਤੇ ਮਿਲਾਪ ਦਾ ਮਹਿਲ) ਉਸਾਰ ਦੇਹ (ਭਾਵ ਮਿਲਾਪ ਪੱਕਾ ਕਰ ਦੇਹ)। (ਪਰ ਮੈਂ ਦੱਸ ਕੇ ਕੀਹ ਯਾਚਨਾ ਕਰਾਂ)

---

੧. ਥਾਨਿ ਮਾਨਿ=ਥਾਨੀ, ਮਾਨੀ। ਥਾਨੀ=ਥਾਉਂ ਵਾਲਾ, ਮਾਨੀ=ਮਾਨ ਵਾਲਾ। ਜੀਵ ਤਾਂ ਥਾਨੀ ਮਾਨੀ ਤੋਂ ਵਿਛੁੜਿਆ ਥਾਂਉਂ ਰਹਤ ਹੈ, ਮਾਨ ਰਹਤ ਹੈ। ਕਿਉਂਕਿ ਥਾਨ ਮਾਨ ਦਾ ਮਾਲਕ ਪ੍ਰਭੂ ਆਪ ਹੈ। ਉਸ ਨੂੰ ਮਿਲ ਪਿਆ ਤਾਂ ਥਾਨ ਮਾਨ ਬੀ ਮਿਲ ਪਏ।

੨. ਇਸ ਤੋਂ ਅਗਲੇ ਅੰਕ ਵਿਚ ਸਨਮੁਖ ਅਰਦਾਸ ਹੈ, ਜੋ ਇਕ ਅਕਾਲ ਪੁਰਖ ਅਗੇ ਕੀਤੀ ਗਈ ਹੈ ਤੇ ਏਕਤਾ ਦਾ ਅਸੂਲ ਦ੍ਰਿੜ੍ਹ ਕੀਤਾ ਗਿਆ ਹੈ। ਅਨੇਕ ਪੂਜਾ ਤੋਂ ਵਿੱਥ ਕਰਕੇ ਦੱਸੀ ਹੈ। ਦੂਸਰੇ ਇਹ ਭਾਵ ਹੈ:- ਪਿਛਲੇ ਅੰਕ ਵਿਚ ਕਿਹਾ ਸਾਨੇ ਕਿ ਉਹ ਥਿਰ ਹੈ, ਸਾਰੇ ਵਜਾਪਕ ਹੈ ਤੇ ਸਭ ਦਾ ਆਸਰਾ ਹੈ। ਏ ਤ੍ਰੈਏ ਗੁਣ ਅਚੇਤਨ ਤੇ ਬੀ ਘਟ ਜਾਂਦੇ ਹਨ, ਜੈਸਾ ਕਿ ਪ੍ਰਕ੍ਰਿਤੀ ਥਿਰ ਦੀਹਦੀ ਹੈ, ਅਕਾਸ਼ ਵਜਾਪਕ ਹੈ, ਦੇਸ ਆਸਰਾ ਹੈ। ਇਹ ਟਪਲਾ ਨਾ ਲਗ ਜਾਏ ਇਸ ਲਈ ਦੱਸਦੇ ਹਨ ਕਿ ਸਾਡਾ ਥਿਰ, ਵਿਆਪਕ ਤੇ ਆਧਾਰ ਰੂਪ ਜੋ ਹੈ ਸੋ ਇਕ ਚੇਤਨ ਹੈ ਅਰ ਦਇਆ, ਦਾਨ, ਦਿਆਲਤਾ ਸਰਬ ਸਮਰਥਾ, ਸਰਵੱਗਜਤਾ, ਦੁਖ ਹਰਣਾ ਤੇ ਗਿਆਨ ਧਿਆਨ ਆਦਿ ਚੇਤਨਤਾ ਵਾਲਾ ਹੈ ਤੇ ਸੁਤੰਤਰ ਇੱਛਾ ਵਾਲਾ ਹੈ।

ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ॥
ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ॥੩੫॥

ਜਾਣਨਹਾਰ ਤੂੰ ਹੈਂ, ਦੇਖਣਹਾਰ ਤੂੰ ਹੈਂ, ਦਾਤਿਆਂ ਦਾ ਸ਼੍ਰੋਮਣੀ ਦਾਤਾ (ਤੂੰ ਆਪ ਹੈਂ[1]), (ਤੇਰੀ ਦਾਤ[2] ਦਰਿੱਦ੍ਰੀਆਂ ਦੇ) ਦਰਿੱਦ੍ਰ ਭੰਨਣੇ ਵਾਲੀ ਹੈ, (ਦੁਖੀਆਂ ਦੇ) ਦੁਖ ਦਲਨੇ ਵਾਲੀ ਹੈ (ਅਤੇ) ਗੁਰਮੁਖਾਂ ਨੂੰ ਗਜਾਨ ਧਿਆਨ (ਦੇਣੇ ਵਾਲੀ ਹੈ)॥੩੫॥

ਪਿਛਲੇ ਅੰਕ ਵਿਚ 'ਮਿਲਾਪ' ਦਾਨ ਮੰਗਿਆ ਹੈ, ਧਨ ਦਾ ਦਾਨ ਨਹੀਂ ਮੰਗਿਆ, ਧਨ ਦੀ ਨਿਖੇਧੀ ਇਸ ਅੰਕ ਵਿਚ ਦਰਸਾਉਂਦੇ ਹਨ:-

ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥
ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥
ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ॥
ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥
ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ॥

ਧਨ (ਜਦ) ਗੁਆਚਦਾ[3] ਹੈ ਤਾਂ ਬੈਠ ਕੇ ਝੂਰੀਦਾ ਹੈ (ਕਿਉਂਕਿ ਅਸਾਂ) ਗੁਆਰਾਂ ਦਾ ਚਿਤ ਧਨ ਵਿਚ (ਗਡਿਆ ਹੋਇਆ) ਹੈ। ਨਿਰਮਲ ਨਾਮ (ਰੂਪੀ) ਪਜ਼ਾਰ ਦੁਆਰਾ ਸੱਚਾ ਧਨ ਵਿਰਲਿਆਂ ਨੇ ਕੱਠਾ ਕੀਤਾ ਹੈ। ਜੇ (ਤੂੰ) ਇਕ (ਅਕਾਲ ਪੁਰਖ) ਦੇ ਰੰਗ ਵਿਚ ਰਚ ਜਾਵੇਂ (ਤੇ ਝੂਠਾ) ਧਨ (ਤੇਰੇ ਪਾਸੋਂ) ਚਲਾ ਜਾਵੇ ਤਾਂ ਜਾਣ ਦੇਹ ਸੂ (ਕਿਉਂਕਿ ਜਦ 'ਇਕ' ਦੇ ਰੰਗ ਵਿਚ ਰਚੀਏ ਤਾਂ ਐਸਾ ਰਚੀਏ ਕਿ ਧਨ ਤਾਂ ਕੀਹ ਵਸਤੂ ਹੈ) ਮਨ (ਤਕ) ਦੇ ਦੇਈਏ, ਸਿਰ (ਬੀ) ਹਵਾਲੇ ਕਰ ਦੇਈਏ, ਫਿਰ ਟੇਕ (ਉਸੇ) ਕਰਤਾਰ ਤੇ ਰੱਖੀਏ। (ਝੂਠੇ ਧਨ ਦੇ ਸੰਚਣ ਵਿਚ ਜੋ) ਧੰਧਾ (ਗ਼ਲੇ ਪੈਂਦਾ ਹੈ ਤੇ ਧੰਧਿਆਂ ਵਿਚ ਫਸ ਕੇ ਜੋ) ਦੌੜਾਂ ਭੱਜਾਂ (ਕਰਨੀਆਂ ਪੈਂਦੀਆਂ ਹਨ, ਸਭੇ) ਦੂਰ ਹੋ ਜਾਂਦੀਆਂ ਹਨ, (ਜਦੋਂ ਕਿ) ਸ਼ਬਦ ਦਾ ਆਨੰਦ ਮਨ ਵਿਚ (ਟਿਕ ਜਾਂਦਾ ਹੈ) (ਅਤੇ) ਖੋਟੇ ਪੁਰਖ ਤੋਂ ਖਰੇ ਪੁਰਖ ਬਣ ਜਾਈਦਾ ਹੈ[4], (ਜਦੋਂ ਕਿ) ਗੁਰ ਗੋਬਿੰਦ ਜੀ ਭੇਟ ਲਈਦੇ ਹਨ। (ਜਿਸ) ਵਸਤੂ ਨੂੰ ਬਨੋ ਬਨ ਢੂੰਡ ਫਿਰੀ (ਉਹ) ਤਾਂ ਘਰ ਵਿਚ[5] ਹੈਗੀ ਸੀ, (ਪਰ ਮੈਨੂੰ ਪਤਾ ਨਹੀਂ ਸੀ, ਹੁਣ ਉਹ ਵਸਤੂ ਘਰ ਵਿਚੋਂ ਹੀ) ਸਤਿਗੁਰੂ ਨੇ ਮੇਲ ਦਿਤੀ ਹੈ (ਹੁਣ ਮੈਂ ਉਸ ਨਾਲ) ਮਿਲ ਰਹੀ ਹਾਂ ਤੇ

---

੧. ਸਿਰਿ ਦਾਨੁ=ਸ਼੍ਰੋਮਣੀ ਦਾਤਾ। (ਸੰਸ:, ਦਾਨੁ=ਦਾਤਾ।)।

੨. ਅਥਵਾ, ਤੂੰ ਦਾਲਦ ਭੰਜਨ ਆਦਿ ਹੈਂ!

੩. 'ਧਨਿ ਗਇਐ' ਇਹ ਕਰਮ ਕਰਤ੍ਰੀ ਪ੍ਰਕ੍ਰਿਆ (Middle Voice) ਹੈ, ਇਸ ਦਾ ਤਰਜਮਾ ਕਰ ਸਕਣਾ ਕਠਨ ਹੈ, ਜੋ ਕੁਛ ਐਸ ਤਰ੍ਹਾਂ ਦਾ ਹੋਵੇਗਾ:- ਧਨ ਦੇ ਆਪਣੇ ਆਪ ਨੂੰ ਗੁਆ ਲੈਣ ਤੇ: ਵਿਸ਼ੇਸ਼ ਵੇਰਵੇ ਲਈ ਦੇਖੋ ਇਸੇ ਪੋਥੀ ਵਿਖੇ ਆਸਾ ਦੀ ਵਾਰ ਦੀ ਦੂਜੀ ਪਉੜੀ ਵਿਚ 'ਨਿਬੜੇ' ਪਦ ਦੀ ਹੇਠਲੀ ਟੂਕ। (ਪੰਨਾ ੩੯੯-੪੦੦)

੪. ਐਉਂ ਬੀ ਕਰਦੇ ਹਨ:- ਉਨ੍ਹਾਂ ਦੇ ਵੈਰੀ ਸੁਭ ਸੱਜਣ ਹੋ ਗਏ। (ਅ) ਵਿਸ਼ੇ ਵਿਕਾਰ ਵਾਲੇ ਇੰਦ੍ਰੇ।

੫. ਘਰਿ ਬਾਰਿ=ਘੋਰ ਵਿਚ। (ਅ) ਘਰ ਦੇ ਦਰਵਾਜ਼ੇ ਵਿਚ।

ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ॥੩੬॥

ਜਨਮ ਮਰਣ ਦਾ ਦੁਖ ਦੂਰ ਹੋ ਗਿਆ ਹੈ, (ਅਰਥਾਤ ਨਾਮ ਸਿਮਰਨ ਵਿਚ ਲੱਗ ਰਹੀ ਹਾਂ)॥੩੬॥

ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ॥

ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ॥

ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ॥

ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ॥

(ਨਾਮ ਨਾਲ ਲੱਗੇ ਰਹਿਣ ਤੋਂ ਬਿਨਾਂ ਕੇਵਲ) ਨਾਂਹ ਨਾਂਹ ਕਰਨ ਨਾਲ (ਭਾਵ, ਜਗਤ ਤਿੰਨ ਕਾਲ ਹੈ ਹੀ ਨਹੀਂ, ਪਾਪ ਪੁੰਨ ਹੈ ਹੀ ਨਹੀਂ, ਆਦਿ ਵਾਕ ਕਹਿਣ ਮਾਤ੍ਰ ਨਾਲ) ਛੁਟਕਾਰਾ ਨਹੀਂ ਪਾ ਸਕੀਦਾ ਗੁਣਾਂ ਤੋਂ ਬਿਨਾਂ ਜਮਪੁਰ ਨੂੰ ਜਾਵੇਗਾ। (ਐਉਂ ਆਦਮੀ) ਦਾ ਨਾਂ ਇਹ (ਲੋਕ ਸੰਵਰਦਾ) ਹੈ ਨਾ ਓਹ (ਪਰਲੋਕ), ਅਵਗੁਣਾਂ ਕਰਕੇ (ਹੁਣ ਲੋਕ ਵਿਚ ਨੇਕ ਨਾਮ ਨਹੀਂ ਰਹਿੰਦਾ ਤੇ) ਫੇਰ (ਪਰਲੋਕ ਵਿਚ) ਪਛੋਤਾਉਂਦਾ ਹੈ। (ਕੇਵਲ ਕਥਨੀ ਮਾਤ੍ਰ ਨਾਲ ਨਹੀਂ ਨਹੀਂ ਕਰਨ ਵਾਲੇ ਨੂੰ) ਨਾਂ (ਤਾਂ ਸਫਲ) ਗਜਾਨ (ਪ੍ਰਾਪਤ ਹੁੰਦਾ ਹੈ[1]) ਨਾ ਉਸ ਦਾ ਧਿਆਨ (ਅਕਾਲ ਪੁਰਖ ਵਿਚ ਜੁੜਦਾ ਹੈ) ਨਾ ਉਸ ਨੂੰ ਧਰਮ (ਪ੍ਰਾਪਤ ਹੁੰਦਾ ਹੈ ਤੇ) ਨਾ ਹੀ ਧਿਆਨ[2] (ਪ੍ਰਾਪਤ ਰਹਿੰਦਾ ਹੈ)। ਨਾਮ ਤੋਂ ਬਿਨਾਂ (ਓਹ) ਨਿਰਭਉ ਕਿਸ ਤਰ੍ਹਾਂ (ਹੋ ਸਕਦੇ ਹਨ? ਜੋ ਉਹਨਾਂ ਨੇ ਜਾਣਿਆਂ ਹੈ ਉਹ) ਕੀਹ ਜਾਣਿਆਂ ਹੈ। (ਕੇਵਲ ਜਾਣਨੇ ਮਾਤ੍ਰ ਦਾ) ਅਭਿਮਾਨ (ਪ੍ਰਾਪਤ ਹੋਇਆ ਹੈ)।

ਹੁਣ ਉਤਮ ਪੁਰਖ ਦ੍ਵਾਰਾ ਨਾ ਨਾ ਕਰਨ ਵਾਲੀ ਸ੍ਰਿਸ਼ਟੀ ਦੀ ਇਕ ਥਰਰਾਉਂਦੀ ਤਸਵੀਰ ਖਿਚਦੇ ਹਨ ਤੇ ਦਾਰੂ ਦੱਸਦੇ ਹਨ ਕਿ ਏਹ ਲੋਕ ਅਨਜਾਣ ਨਹੀਂ ਹਨ, ਏਹ ਲੋਕ ਜਾਣਨ ਦੇ ਟੁਟੇ ਬੇੜੇ ਦੇ ਸਵਾਰ ਹਨ ਜੋ ਹੁਣ ਬਾਹੁਲੀਆਂ ਮਾਰ ਮਾਰ ਕੇ:-

ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ॥

ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ॥

ਥੱਕੇ ਪਏ ਹਨ (ਇਹ ਹੁਣ ਪਾਰ) ਕੀਕੂੰ ਪਹੁੰਚਣ? (ਇਨ੍ਹਾਂ ਨੂੰ ਇਸ ਭਉਜਲ ਸਮੁੰਦਰ ਦਾ) ਨਾ ਪਾਰ ਲੱਗਾ ਹੈ ਨਾ ਇਸ ਦੀ ਥਾਹ ਮਿਲੀ ਹੈ, ਨਾ (ਹੀ ਇਨ੍ਹਾਂ ਨੂੰ ਕੋਈ) ਪਜਾਰ ਵਾਲੇ ਉਹ ਸੱਜਣ (ਮਲਾਹ=ਆਗੂ ਮਿਲੇ ਹਨ ਜੋ ਕੋਈ ਜੁਗਤ ਪਾਰ ਕਰਨ ਦੀ ਦੱਸ ਦੇਣ, ਹੁਣ ਇਹ) ਕਿਸ ਪਾਸ ਪੁਕਾਰ ਕਰਨ। (ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ ਕਿ ਹੁਣ ਭੀ) ਜੇ

੧. ਭਾਵੇਹ ਕਿ ਓਹ ਸਭ ਕੁਛ ਨੂੰ ਨਾ ਨਾ (ਮਿਥਿਆ) ਕਹਿ ਕਹਿ ਕੇ ਤੇ ਕਥਨੀ ਮਾਤ੍ਰ ਨਾਲ ਆਪ ਨੂੰ ਬ੍ਰਹਮ ਕਹਿ ਕਹਿ ਕੇ ਯਥਾਰਥ ਗਜਾਨ ਵਿਚ ਨਹੀਂ ਪਹੁੰਚੇ, ਕੇਵਲ ਅਭਿਮਾਨ ਵਿਚ ਵਧੇ ਹਨ, ਜੈਸਾ ਕਿ ਚੌਥੀ ਤੁਕ ਵਿਚ ਕਿਹਾ ਹੈ।

੨. ਪਹਿਲੇ ਧਜਾਨ ਦਾ ਅਰਥ ਹੈ- ਵਾਹਿਗੁਰੂ ਜੀ ਵਿਚ ਚਿਤ ਬ੍ਰਿਤੀ ਦਾ ਜੁੜ ਜਾਣਾ। ਦੂਸਰੇ ਧਜਾਨ ਦਾ ਅਰਥ ਹੈ-ਤਵੱਜੋ। ਪਾਪ ਪੁੰਨ ਦੀ ਵੀਚਾਰ ਕਰਕੇ ਬੁਰੇ ਕਰਮਾਂ ਦੇ ਤਜਾਗ ਤੇ ਭਲਿਆਂ ਦੇ ਗ੍ਰਹਣ ਨਾਲ ਸਦਗਤੀ ਸਮਝਦਾ ਹੈ, ਉਸ ਦੀ ਤਵੱਜੋ ਧਰਮ ਅਰਥਾਤ ਪਾਪ ਪੁੰਨ ਦੇ 'ਵਿਵੇਕ' ਵਿਚ ਲੱਗੀ ਰਹਿੰਦੀ ਹੈ।

ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥

ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ॥੩੭॥

(ਏਹ) ਪ੍ਰਿਉ ਪ੍ਰਿਉ ਕਰਨ ਲੱਗ ਪੈਣ[੧] (ਵਾਹਿਗੁਰੂ ਦੇ ਨਾਮ ਦੀ ਦੁਹਾਈ ਦੇਣ ਲੱਗ ਪੈਣ ਤਾਂ ਅਵਗੁਣਾਂ ਦੇ ਕਾਰਣ) ਜਿਸ (ਵਾਹਿਗੁਰੂ ਨੇ ਇਨ੍ਹਾਂ ਨੂੰ ਆਪਣੇ) ਤੋਂ ਵਿਛੋੜਿਆ ਸੀ ਓਹ ਗੁਰੂ ਦੇ ਅਪਾਰ ਹਿਤ ਦਵਾਰਾ (ਇਨ੍ਹਾਂ ਨੂੰ ਫੇਰ ਆਪਣੇ ਨਾਲ) ਮੇਲ ਲਏਗਾ, (ਉਸ ਦਾ ਬਿਰਦ) ਮੇਲਣਹਾਰ ਹੈ, (ਉਹ ਜ਼ਰੂਰ) ਮੇਲ ਲਏਗਾ॥੩੭॥

ਪਾਪੁ ਬੁਰਾ ਪਾਪੀ ਕਉ ਪਿਆਰਾ॥

ਪਾਪਿ ਲਦੇ ਪਾਪੇ ਪਾਸਾਰਾ॥

ਪਰਹਰਿ ਪਾਪੁ ਪਛਾਣੈ ਆਪੁ॥

ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥

ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ॥

ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ॥

ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ॥

ਪਾਪੀ (ਜਾਣਦਾ ਹੈ ਕਿ) ਪਾਪ ਬੁਰਾ ਹੈ (ਪਰ ਸੁਭਾਵ ਭੂਤ ਹੋ ਜਾਣ ਕਰਕੇ ਉਸ) ਨੂੰ ਪਜਾਰਾ ਲਗਦਾ ਹੈ[੨], (ਕਿਉਂਕਿ ਉਸ ਦਾ ਬਾਹਰ ਦਾ) ਪਸਾਰਾ (ਸਾਰਾ) ਪਾਪ ਦਾ ਹੀ ਹੈ (ਇਸ ਕਰ ਕੇ ਉਸ ਦਾ ਅੰਤਹਕਰਣ) ਪਾਪ ਨਾਲ ਭਰਿਆ ਜਾ ਰਿਹਾ ਹੈ। (ਹੁਣ ਓਹ ਜੇ) ਪਾਪ ਨੂੰ ਤਜਾਗ ਕੇ ਆਪਾ ਪਛਾਣ ਲਵੇ (ਫਿਰ) ਉਸ ਨੂੰ ਸੋਗ ਵਿਜੋਗ ਤੇ ਸੰਤਾਪ (ਤ੍ਰੈਏ ਦੁਖ) ਨਾ ਹੋਣਗੇ[੩]। (ਪਰ ਜੇ ਪਾਪ ਛੋੜ ਕੇ ਆਪਾ ਨਾ ਪਛਾਣੇਗਾ ਤਾਂ ਉਹ ਜੋਗੀ) ਨਰਕ ਪੈਣੋਂ ਕਿਵੇਂ ਬਚੇਗਾ ਤੇ ਜਮ ਕਾਲ (ਉਸ ਤੋਂ) ਕਿਵੇਂ ਠੱਗਿਆ ਜਾਵੇਗਾ[੪] (ਤੇ) ਆਵਾਗਵਨ (ਦਾ ਸੰਸਕਾਰ) ਕਿਸ ਤਰ੍ਹਾਂ ਹਟੇਗਾ (ਜਦੋਂ ਕਿ) ਝੂਠ (ਅੰਦਰ ਬੈਠਾ ਹੈ ਜੋ ਖੈ ਕਰਨੇ ਵਾਲੇ ਕਾਲ (ਦੇ ਤੁੱਲ) ਬੁਰਾ ਹੈ। (ਭਾਵੇਂ ਗ੍ਰਿਹਸਤ ਦੇ ਜੰਜਾਲ ਜੋਗੀ ਛੱਡ ਆਯਾ ਹੈ, ਪਰ ਪਸਾਰਾ ਜੋ ਕਰ ਰਖਿਆ ਹੈ ਸੋ ਇਸ ਨਾਲ) ਮਨ (ਫੇਰ ਜੰਜਾਲਾਂ ਨਾਲ ਘੇਰਿਆ ਗਿਆ ਹੈ (ਸੋ ਤਜਾਗ ਕਰਕੇ) ਬੀ (ਅਜੇ ਉਹ) ਜੰਜਾਲਾਂ ਵਿਚ

---

੧. ਇਨ੍ਹਾਂ ਪਦਾਂ ਵਿਚ ਆਪਣਾ ਅਮਲੀ ਆਦਰਸ਼ ਗੁਰੂ ਜੀ ਨੇ ਕਿਸੇ ਪ੍ਰਾਗੱਲਭਤਾ ਨਾਲ ਦਰਸਾਇਆ ਹੈ। ਫੋਕੇ ਤੇ ਵਾਚ ਗਜਾਨੀਆਂ ਦੇ ਗੁਰੂ ਤਾਂ ਹੁੰਦੇ ਹਨ ਪਰ ਓਹ ਪ੍ਰੇਮ ਵਾਲੇ ਨਹੀਂ ਹੁੰਦੇ। ਗੁਰੂ ਜੀ ਪ੍ਰੇਮ ਹੀਨ ਗਜਾਨੀ ਨੂੰ ਮ੍ਰਿਤਕ ਤੁੱਲ ਦੱਸਦੇ ਹਨ। ਫਿਰ ਜਦ ਕਹਿੰਦੇ ਹਨ 'ਪ੍ਰਿਉ ਪ੍ਰਿਉ' ਤਾਂ ਬੀ ਪਜਾਰ ਦੀ ਸੈਨਤ ਮਾਰਦੇ ਹਨ ਕਿ 'ਓਹ ਟੇ ਪਜਾਰੇ ਹੇ ਪਜਾਰੇ ਕਹਿ ਕੇ ਪੁਕਾਰ ਕਰਨ। ਇਸ ਵਿਚ ਜਪਾਣ ਵਾਲੇ ਤੇ ਨਾਮ ਜਪਦੇ ਦੇ ਪ੍ਰੇਮ ਨਾਲ ਸਨਿਗਧ ਹੋਣ ਦੀ ਸੂਚਨਾ ਕਿਸ ਸੁੰਦਰਤਾ ਨਾਲ ਪ੍ਰਗਟ ਕਰਦੇ ਹਨ।

੨. ਭਾਵ, ਛੁੱਟ ਨਹੀਂ ਸਕਦਾ।

੩. ਏਥੇ ਸੰਤਾਪ ਤੋਂ ਮੁਰਾਦ ਸਾਰੇ ਸਰੀਰਕ ਦੁਖਾਂ ਦੀ ਹੈ, ਵਿਜੋਗ ਤੋਂ ਮੁਰਾਦ ਸਾਰੇ ਮਾਨਸਿਕ ਦੁਖਾਂ ਦੀ ਹੈ ਤੇ ਸ਼ੋਕ ਆਤਮਿਕ ਦੁਖ ਹੈ ਅਰਥਾਤ ਆਨੰਦ ਰਹਤ ਆਤਮ ਪ੍ਰਤੀਤੀ।

੪. 'ਕਾਲ ਬੰਚਨ' ਇਕ ਯੋਗ ਕ੍ਰਿਯਾ ਹੈ, ਜਿਸ ਨਾਲ ਯੋਗੀ ਮਰਨ ਤੋਂ ਬਚਣ ਲਈ ਯਮਦੂਤ ਨੂੰ ਧੋਖਾ ਦੇਣ ਦਾ ਯਤਨ ਕਰਦੇ ਹਨ। ਇਸ ਪਦ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਾਰਾ ਅੰਕ ਯੋਗ ਮਤ ਦੇ ਪਰਥਾਇ ਹੈ ਜੋ ਗ੍ਰਿਹਸਤ ਤਿਆਗਕੇ ਸਾਧਨ ਤਾਂ ਕਰ ਰਿਹਾ ਹੈ ਪਰ ਸੱਚ ਵਿਚ ਨਹੀਂ ਟਿਕਦਾ।

ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ॥੩੮॥

ਹੈ (ਨਾਮ ਵਿਚ ਨਹੀਂ ਆਯਾ)। (ਇਹ ਜੰਜਾਲ ਪਾਪ ਕਰਾਉਂਦੇ ਹਨ ਸੋ ਉਹ) ਪਾਪਾਂ ਵਿਚ ਪਚ ਰਿਹਾ ਹੈ (ਤੇ ਮਗਰ ਲੱਗਣ ਵਾਲਿਆਂ ਨੂੰ) ਪਚਾ ਰਿਹਾ ਹੈ, (ਪਰ ਨਿਸਚੇ ਜਾਣੋ ਕਿ) ਨਾਮ ਤੋਂ ਬਿਨਾਂ ਛੁਟਕਾਰਾ ਕਿਵੇਂ ਬੀ ਨਹੀਂ ਹੋਣਾ॥੩੮॥

ਫਿਰਿ ਫਿਰਿ ਫਾਹੀ ਫਾਸੈ ਕਊਆ॥
ਫਿਰਿ ਪਛੁਤਾਨਾ ਅਬ ਕਿਆ ਹੂਆ॥
ਫਾਥਾ ਚੋਗ ਚੁਗੈ ਨਹੀ ਬੂਝੈ॥
ਸਤਗੁਰੁ ਮਿਲੈ ਤ ਆਖੀ ਸੂਝੈ॥
ਜਿਉ ਮਛੁਲੀ ਫਾਥੀ ਜਮ ਜਾਲਿ॥
ਵਿਣੁ ਗੁਰ ਦਾਤੇ ਮੁਕਤਿ ਨ ਭਾਲਿ॥
ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ॥
ਇਕ ਰੰਗਿ ਰਚੈ ਰਹੈ ਲਿਵ ਲਾਇ॥
ਇਵ ਛੂਟੈ ਫਿਰਿ ਫਾਸ ਨ ਪਾਇ॥੩੯॥

(ਜੀਵ ਰੂਪੀ) ਕਾਂ ਮੁੜ ਮੁੜ ਕੇ (ਜਮ ਦੀ) ਫਾਹੀ ਵਿਚ ਫਸਦਾ ਹੈ, (ਜਦ ਜਮ ਵਲੋਂ ਸਜ਼ਾ ਮਿਲਦੀ ਹੈ ਤਾਂ) ਮੁੜ ਮੁੜ ਪਛੋਤਾਉਂਦਾ ਹੈ, ਹੁਣ ਕੀ ਹੁੰਦਾ ਹੈ ਭਾਵ ਅੰਤ ਨੂੰ ਕੀ ਹੁੰਦਾ ਹੈ? ਮੁੜ ਮੁੜ ਕੇ ਕੀਤੇ ਕਰਮਾਂ ਨਾਲ ਉਹੋ ਸੁਭਾਵ ਬਣ ਜਾਂਦਾ ਹੈ ਤੇ ਇਹ) ਫਸਿਆ ਹੋਇਆ ਚੋਗ ਚੁਗੀ ਜਾਂਦਾ ਹੈ ਤੇ ਨਹੀਂ ਸਮਝਦਾ (ਕਿ ਮੈਂ ਚੋਗ ਦੇ ਲਾਲਚ ਵਿਚ ਫੇਰ ਫਸ ਰਿਹਾ ਹਾਂ, ਇਸ ਅਵਸਥਾ) ਤੋਂ ਸਤਿਗੁਰ ਮਿਲੇ ਤਾਂ (ਉਸ ਨੂੰ ਸੱਚ) ਪ੍ਰਤੱਖ ਦਿੱਸਣ ਲਗ ਪਵੇਗਾ, (ਭਾਵ ਸਫਲ ਗਿਆਨ ਹੋ ਜਾਵੇਗਾ[1])। (ਹੁਣ ਉਸ ਜੋਗੀ ਦਾ ਦ੍ਰਿਸ਼ਟਾਂਤ ਦੇਂਦੇ ਹਨ ਜੋ ਆਪਣੇ ਭਾਣੇ ਅਪਣੇ ਆਪ ਵਿਚ ਨਿਰੁੱਧ ਹੋ ਗਿਆ ਹੈ ਕਿ) ਜਿਵੇਂ ਮੱਛੀ (ਜੋ ਆਪ ਨੂੰ ਸੁਤੰਤਰ ਸਮਝਦੀ ਹੈ) ਫਸ ਜਾਂਦੀ ਹੈ (ਜਾਲ ਵਿਚ ਤਿਵੇਂ ਜੀਵ ਫਸ ਜਾਂਦਾ ਹੈ) ਜਮ ਦੇ ਜਾਲ ਵਿਚ (ਸੋ ਤੂੰ) ਦਾਤੇ ਗੁਰੂ ਤੋਂ ਬਿਨਾਂ ਮੁਕਤੀ ਨਾ ਲੱਭ। (ਜੇ ਲੱਭੇਂਗਾ ਤਾਂ) ਫਿਰ ਫਿਰ ਆਵੇਂਗਾ, ਫਿਰ ਫਿਰ ਜਾਵੇਂਗਾ, (ਪਰ ਜੇ) ਇਕ (ਪਰਮੇਸ਼੍ਵਰ) ਦੇ ਰੰਗ ਵਿਚ ਲਿਵ ਲਾ ਕੇ ਰਚ ਜਾਵੇਂ (ਤੇ) ਐਉਂ ਛੁਟੇਂ (=ਮੁਕਤੀ ਪਾਵੇਂ ਤਾਂ ਤੈਨੂੰ ਕਾਲ) ਫੇਰ ਫਾਸ ਨ੍ਹਹੀਂ ਪਾਵੇਗਾ[2]।੩੯।

---

੧. ਉਸ ਜੋਗੀ ਦਾ ਹਾਲ ਹੈ ਜਿਸ ਦੇ ਅੰਦਰ ਤਮੋਗੁਣ ਪ੍ਰਧਾਨ ਹੈ।

੨. ਅੰਕ ੩੮,੩੯ ਵਿਚ ਇਕੋ ਵਿਸ਼ਾ ਹੈ, ਪਾਪ ਤੋਂ ਨਿਰਬੰਧ ਨਾ ਹੋਏ ਪਰ 'ਕਾਲ ਬੰਚਨ' ਆਦਿ ਕ੍ਰਿਆ ਕਰਦੇ ਯੋਗੀ ਨੂੰ ਪਾਪ ਰਹਿਤ ਹੋਣ ਦਾ ਤੇ ਮਨ ਨੂੰ ਜੰਜਾਲਾਂ ਤੋਂ ਛੁੱਟਣੇ ਦਾ ਉਪਦੇਸ਼ ਹੈ ਤੇ ਨਾਮ ਦਾ ਦਾਰੂ ਦੱਸਿਆ ਹੈ, ਜੋ ਮਨ ਦੀ ਮੈਲ ਨੂੰ ਧੋਵੇਗਾ ਤੇ ਉਸ ਨੂੰ ਦੱਸਿਆ ਹੈ ਕਿ ਮੁੜ ਮੁੜ ਫਸਣੇ ਤੇ ਮੱਤ ਹੀ ਮਾਰ ਹੋ ਜਾਂਦੀ ਹੈ, ਜਿਵੇਂ ਫਸੇ ਪੰਛੀ ਸੁਤੰਤਰਤਾ ਭੁੱਲ ਕੇ ਪਿੰਜਰਿਆਂ ਵਿਚ ਪਏ ਚੋਗੇ ਚੁਗਦੇ ਹਨ। ਇਸ ਅਵਸਥਾ ਦਾ ਦਾਰੂ ਗੁਰੂ ਦੱਸਿਆ ਹੈ, ਉਹ ਅੱਖਾਂ ਖੁਹਲੇਗਾ। ਸਤਿਗੁਰੂ ਜੀ ਦੇ ਖਿਆਲ ਮੂਜਬ ਯੋਗ ਆਦਰਸ਼ ਅਨੁਸਾਰ ਕੇਵਲ ਮੁਕਤੀ ਪ੍ਰਾਪਤ ਕੀਤੀ ਸੀ ਨਿਰੰਤਰ ਮੁਕਤੀ ਨਹੀਂ: ਉਹ ਮੁੜ ਪ੍ਰਕ੍ਰਿਤੀ ਦੇ ਬੰਧਨ ਵਿਚ ਹੋਣ ਦੇ ਤੋਖਲੇ ਤੋਂ ਕਿਸੇ ਤਰ੍ਹਾਂ ਖਾਲੀ ਨਹੀਂ, ਜਿਸ ਤਰ੍ਹਾਂ ਸਮੁੰਦਰ ਵਿਚ ਵਿਚਰ ਰਹੀ ਆਜ਼ਾਦ ਮੱਛੀ ਫਸ ਜਾਂਦੀ ਹੈ। ਜਦ ਆਦਰਸ਼ ਹੀ ਨਿਰੰਤਰ ਮੁਕਤੀ ਨਹੀਂ ਦੇ ਸਕਦਾ, ਤਦ ਉਨ੍ਹਾਂ ਯੋਗੀਆਂ ਦੀ ਕੀ ਗੱਲ ਜੋ ਆਦਰਸ਼ ਤੋਂ ਗਿਰਕੇ ਕੇਵਲ ਯੋਗ ਦੇ ਦਿਖਾਵੇ ਹੇਠ ਝੂਠ ਵਿਚ ਗ੍ਰਸਤ ਹਨ। ਨਿਰੰਤਰ ਮੁਕਤੀ ਕੇਵਲ ਇਕ ਵਿਚ ਰਚਣ ਨਾਲ ਪ੍ਰਾਪਤ ਹੋ ਸਕਦੀ ਹੈ। ਇਸ ਵਿਚ ਜੋ 'ਇਵ' ਪਦ ਆਇਆ ਹੈ, ਉਹ ਸਪਸ਼ਟ ਕਰਦਾ ਹੈ ਕਿ ਇਹ ਸਾਧਾਰਣ ☞

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥

ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥

ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥

ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥

ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥

ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥

ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥

੩. ਪਿਤਾ (ਪਰਮੇਸ਼ੁਰ) ਦੇ ਘਰ (ਇਕ) ਬੇਟੀ ਹੈ (=ਦੇਹ ਇਹ) ਬਾਲੀ (ਆਪਣੇ) ਭਰਾ (ਬਾਲੇ-ਆਤਮਾ) ਨਾਲ ਪਜਾਰ ਵਿਚ ਹੈ।

੧. (ਜਦੋਂ ਬੀਰ=)ਆਤਮਾਂ ਵੈਰਾਗਵਾਨ ਹੋ ਜਾਂਦਾ ਹੈ (ਤਾਂ ਇਹ ਭੈਣ) ਵੀਰਾ ਵੀਰਾ ਕਰਕੇ ਪੁਕਾਰਦੀ ਹੈ।

੨. (ਪਰ) ਵੀਰ ਜੀ ਆਪਣੇ ਘਰ ਨੂੰ ਚਲੇ ਜਾਂਦੇ ਹਨ ਤੇ ਭੈਣ (ਉਹਨਾਂ ਦੇ) ਬਿਰਹੋਂ ਵਿਚ ਸੜ ਜਾਂਦੀ ਹੈ।

੪. (ਪਰ) ਜੇ (ਇਹ ਭੈਣ ਆਪਣੇ ਭਰਾ ਦੇ ਪਜਾਰ ਵਿਚ ਹੀ ਨਾ ਰਹੇ) ਕਾਮਣੀ (ਹੋ ਕੇ) ਵਰ ਲੋੜੇ ਤਾਂ ਸਤਿਗੁਰੂ ਨੂੰ ਹਿਤ ਨਾਲ ਸੇਵੇ। (ਪਰ ਅਸਲੀਅਤ ਦੀ ਘੁੰਡੀ) ਕੇਵਲ (ਉਹ) ਗਜਾਨੀ ਬੁੱਝਣ ਵਾਲਾ ਹੈ (ਜੋ) ਸਤਿਗੁਰ ਨੂੰ ਸੱਚ ਦਵਾਰਾ ਮਿਲੇ। (ਪਰ ਇਹ) ਵਡਿਆਈਆਂ ਠਾਕੁਰ ਦੇ ਹੱਥ ਵਿਚ ਹੈਨ, ਜਿਸ ਨੂੰ ਭਾਵੇ ਉਸ ਨੂੰ ਦੇਂਦਾ ਹੈ, (ਇਸ ਸਾਡੀ) ਬਾਣੀ ਨੂੰ ਕੋਈ (ਉਹ) ਵਿਰਲਾ ਵਿਚਾਰੇਗਾ ਜੋ ਗੁਰਮੁਖ (ਹੋਇਆ) ਹੋਵੇਗਾ। ਇਹ ਬਾਣੀ ਮਹਾਂ ਪੁਰਖ (ਪਰਮ ਪੁਰਖ) ਦੀ ਹੈ (ਜਿਸ ਨਾਲ) ਸ੍ਵੈ ਸਰੂਪ ਵਿਚ ਵਾਸਾ ਮਿਲੇਗਾ[੧] ॥੪੦॥

੧. ਭਾਵ, ਜਦ ਜੀਵ ਵੈਰਾਗੀ ਹੋ ਜਾਂਦਾ ਹੈ ਤਦ ਕਿਸੇ ਜੋਗੀ ਆਦਿਕ ਦਾ ਭੇਖ ਧਾਰਨ ਕਰ ਲੈਂਦਾ ਹੈ। ਐਸੀ ਅਵਸਥਾ ਵਿਚ ਦੇਹ ਤੋਂ ਉਪਰਾਮਤਾ ਹੋ ਜਾਂਦੀ ਹੈ। ਦੇਹ ਜੀਵ ਦੀ ਏਸ ਅਨਗਹਿਲੀ ਉਪਰ ਵਿਆਕੁਲ ਹੋ ਕੇ ਵਿਰਲਾਪ ਕਰਨ ਲੱਗ ਜਾਂਦੀ ਹੈ। ਐਸੇ ਜੋਗੀਆਂ ਪ੍ਰਤੀ ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ ਇਹ ਕਾਇਆਂ ਤੱਤ ਤੇ ਜੀਵ ਤੱਤ ਦੋਵੇਂ ਇਕ ਪਰਮੇਸ਼ੁਰ ਦੇ ਉਤਪੰਨ ਕੀਤੇ ਹੋਏ ਹਨ, ਤੇ ਇਸ ਕਰਕੇ ਕਾਇਆਂ ਨੂੰ ਸਫਲ ਕਰਨਾ ਬੀ ਅਤਿ ਜ਼ਰੂਰੀ ਹੈ। ਕਾਇਆਂ ਦੀ ਸਫਲਤਾ ਸਤਿਗੁਰ ਦੀ ਸੇਵਾ ਵਿਚ ਦੱਸਦੇ ਹਨ ਜੋ ਵਰ ਲੋੜਨ ਦੇ ਤੁੱਲ ਹੈ। ਸੇਵਾ ਬਾਬਤ ਸਤਿਗੁਰੂ ਜੀ ਸਭ ਭੇਖ ਧਾਰੀਆਂ ਨੂੰ ਇਕ ਹੋਰ ਥਾਂਵੇਂ ਉਪਦੇਸ਼ ਕਰਦੇ ਹਨ:- ਜੰਗਮ ਜੋਧ ਜਤੀ ਸੰਨਿਆਸੀ ਗੁਰ ਪੂਰੇ ਵੀਚਾਰੀ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ, ਸੇਵਾ ਕਰਣੀ ਸਾਰੀ॥ (ਮਾਰੂ ਮ:੧-੧੦)

ਇਹ ਅੰਕ ਅਤਿ ਕਠਨ ਹੈ, ਇਸ ਦਾ ਭਾਵ ਐਉਂ ਬੀ ਲਗਦਾ ਹੈ:- ਅਗਜਾਨ ਪਿਤਾ ਹੈ, ਸੰਸਾਰ ਉਸ ਦਾ ਘਰ ਹੈ, ਬੁੱਧੀ ਉਸ ਦੀ ਧੀ ਹੈ, ਪਦਾਰਥ ਉਸ ਦੇ ਪੁੱਤ੍ਰ ਹਨ। ਜਦੋਂ ਪਦਾਰਥ ਕਦੇ ਖੁੱਸਦੇ ਹਨ ਤਾਂ ਬੁੱਧੀ ਰੋਂਦੀ ਹੈ। ਇਹ ਬੁੱਧੀ ਜੋ ਅਗਜਾਨੀ ਦੀ ਹੈ, ਜਦ ਤਕ ਬਾਬਲ ਦੇ ਘਰ (=ਸੰਸਾਰ ਵਿਚ ਹੈ), ਇਸ ਬਾਲੀ ਦਾ ਬਾਲਿਆਂ (=ਪਦਾਰਥਾਂ) ਨਾਲ ਨੇਹੁ ਹੈ, ਪਰ ਜੇ ਇਹ ਇਸਤ੍ਰੀ ਬਣ ਕੇ ਵਰ ਦੀ ਲੋੜ ਰੱਖੇ ਤਾਂ ਬਾਲਿਆਂ ਦਾ ਮੋਹ ਛਡੇ ਤੇ ਸਤਿਗੁਰ ਦੀ ਸੇਵਾ ਕਰੇ ਤਾਂ ਪਤੀ ਮਿਲੇ।

☞ ਪਾਪੀ ਨੂੰ ਉਪਦੇਸ਼ ਨਹੀਂ ਪਰ ਛੁਟਕਾਰੇ ਦੇ ਯਤਨ ਕਰ ਰਹੇ, ਤੇ ਅਵਗੁਣਾਂ ਵਿਚ ਫਸੇ ਕਿਸੇ ਸਾਧਕ ਨੂੰ ਉਪਦੇਸ਼ ਹੈ ਕਿ ਜਿਵੇਂ ਤੂੰ ਕਰ ਰਿਹਾ ਹੈਂ ਉਸ ਤਰ੍ਹਾਂ ਨਹੀਂ ਪਰ ਇਸ ਤਰ੍ਹਾਂ ਛੁਟੇਂ (ਜਿਵੇਂ ਅਸਾਂ ਕਿਹਾ ਹੈ) ਤਾਂ ਫੇਰ ਨਾ ਫਸੇਂਗਾ।


www.sikhbookclub.com

ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ॥
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ॥
ਗੁਰ ਪਰਸਾਦੀ ਆਪੋ ਚੀਨੑੈ ਜੀਵਤਿਆ ਇਵ ਮਰੀਐ॥੪੧॥

ਭੰਨ ਭੰਨ ਕੇ ਘੜੀਂਦਾ (ਦੀਹਦਾ ਹੈ, ਤੇ) ਘੜੀ ਘੜੀ ਕੇ ਭੱਜਦਾ (ਦਿਸਦਾ) ਹੈ (ਇਹ ਸਾਰਾ ਸੰਸਾਰ), (ਪਰ ਇਹ ਆਪੂੰ ਨਹੀਂ ਹੋ ਰਿਹਾ, ਇਸ ਦੇ ਪਿੱਛੇ ਵਾਹਿਗੁਰੂ ਹੈ ਜੋ) ਢਾਹ ਕੇ ਉਸਾਰਦਾ ਤੇ ਉੱਸਰੇ ਨੂੰ ਢਾਹੁੰਦਾ ਹੈ, ਭਰੇ ਤਲਾ ਸੁਕਾਉਂਦਾ ਹੈ, ਫਿਰ (ਸੱਖਣੇ) ਭਰ ਕੇ ਲਬਾਲਬ ਕਰ ਦੇਂਦਾ ਹੈ[1], ਓਹ (ਸਭ ਕੁਛ ਕਰਨ ਨੂੰ)। ਸਮਰੱਥ ਹੈ ਤੇ (ਹਾਨ ਲਾਭ, ਸ਼ੋਕ ਹਰਖ ਤੋਂ) ਬੇਪਰਵਾਹ ਹੈ। (ਵਾਹਿਗੁਰੂ ਕਰਤਾ ਹੈ, ਇਸ ਭੇਤ ਨੂੰ ਨਾ ਸਮਝਣ ਵਾਲੇ) ਭਰਮ ਵਿਚ ਭੁੱਲੇ ਹੋਏ ਦਿਵਾਨੇ ਹੋ ਗਏ ਹਨ, (ਉਹਨਾਂ ਨੂੰ ਬੀ ਦੋਸ਼ੀ ਕਾਹਨੂੰ ਕਹੀਏ) ਭਾਗਾਂ ਬਿਨਾਂ ਕੁਛ ਨਹੀਂ ਮਿਲਦਾ, (ਪਰ) ਗੁਰਮੁਖਾਂ ਨੂੰ ਗ੍ਯਾਨ ਹੈ (ਕਿ ਸਾਡੀ) ਡੋਰੀ ਵਾਹਿਗੁਰੂ ਨੇ ਫੜੀ ਹੋਈ ਹੈ[2], ਜਿੱਧਰ ਉਹ ਖਿੱਚ ਰਿਹਾ ਹੈ ਜਾ ਰਹੇ ਹਾਂ। (ਓਹ ਇਸ ਤੇ ਖੜੇ) ਹਰਿ ਗੁਣ ਗਾਉਂਦੇ ਸਦਾ (ਉਸ ਦੇ) ਪ੍ਰੇਮ ਵਿਚ ਰਚੇ ਹਨ (ਓਨ੍ਹਾਂ ਨੇ) ਮਗਰੋਂ (ਮਨਮੁਖਾਂ ਵਾਂਗੂ) ਪਛੁਤਾਉਣਾ ਨਹੀਂ ਹੈ। (ਗੁਰਮੁਖ ਕੌਣ ਹਨ? ਉਤਰ-) ਭ[3] (ਜੋ ਭਾਲਦੇ ਹਨ (ਗੁਰੂ ਨੂੰ ਸੋ) ਗੁਰਮੁਖ ਹਨ, (ਜੋ ਗੁਰਮੁਖ ਹਨ, ਸੋ) ਬੁਝਦੇ ਹਨ, ਓਹ ਸ੍ਵੈ ਸਰੂਪ ਨੂੰ ਪ੍ਰਾਪਤ ਹੁੰਦੇ ਹਨ। ਭ[3] (ਸੰਸਾਰ ਰੂਪੀ) ਭਉਜਲ ਦਾ ਰਸਤਾ ਬਿਖੜਾ ਹੈ, (ਏਥੇ ਓਹ) ਤਰਦਾ ਹੈ (ਜੋ ਆਸ) ਵਿਚ ਨਿਰਾਸ ਰਹੇ, ਗੁਰੂ ਦੀ ਕ੍ਰਿਪਾ ਨਾਲ ਆਪੇ ਨੂੰ ਪਛਾਣੇ ਤੇ ਇਉਂ ਜੀਉਂਦਿਆਂ ਮਰ ਰਹੇ[4]॥੪੧॥

ਸੂਚਨਾ – ਪਿਛਲੇ ਅੰਕ ਵਿਚ ਅਨੀਸ਼੍ਵਰਵਾਦੀ ਦਾ ਜ਼ਿਕਰ ਸੀ। ਅਨੀਸ਼੍ਵਰਵਾਦੀ ਹੋਣਾ ਘੋਰ ਅਗ੍ਯਾਨ ਹੈ, ਇਹ ਅਗ੍ਯਾਨ ਫਿਰ ਮਾਯਾ ਪ੍ਰੇਮ ਵਿਚ ਲੈ ਜਾਂਦਾ ਹੈ ਤੇ ਮਾਯਾ ਪ੍ਰੇਮ ਅਵਗੁਣਾਂ ਵਿਚ ਲੈ ਜਾਂਦਾ

੧. ਪੋਖਣਾ=ਪਾਲਣਾ, ਪੁਸ਼ਟ ਕਰਨਾ, ਭਾਵ ਲਬਾਲਬ ਕਰਨਾ। (ਅ) ਦੇਸ਼ ਭਾਸ਼ਾ ਵਿਚ ਪੋਖਾ ਛੰਭ ਨੂੰ ਭੀ ਕਹਿੰਦੇ ਹਨ। (ਸੰਸ:, ਪੁਸ਼ਕ੍ਰ=ਛੰਭ)। ਭੀ ਭਰਿ ਪੋਖੈ=ਫਿਰ ਭਰਦਾ ਹੈ ਛੰਭਾਂ ਨੂੰ।

੨. ਅਥਵਾ, ਗੁਰਮੁਖਾਂ ਦਾ ਗ੍ਯਾਨ (ਇਹ ਹੈ ਕਿ ਸਾਡੀ ਪਰਾਰਬਧ ਰੂਪੀ) ਡੋਰੀ ਉਸ ਦੇ ਹੱਥ ਹੈ।

੩. ਭੱਭੇ ਅੱਖਰ ਦੁਆਰਾ ਉਪਦੇਸ਼ ਹੈ। ਉਂਞ 'ਭ' ਅੱਖਰ ਦੋ ਅਰਥ ਰਖਦਾ ਹੈ- ੧. ਚਾਨਣ, ੨. ਭੁੱਲ। 'ਭਾਲਹਿ' ਵਿਚ ਚਾਨਣ ਦੀ ਧੁਨੀ ਹੈ ਤੇ 'ਭਉਜਲ' ਵਿਚ ਭੁੱਲ ਦੀ ਧੁਨੀ।

੪. ਇਸ ਪਉੜੀ ਵਿਚ ਅਨੀਸ਼੍ਵਰ ਵਾਦੀਆਂ ਦਾ ਖੰਡਨ ਹੈ, ਜੋ ਇਸ ਸੰਸਾਰ ਦੀ ਉਤਪਤੀ ਤੇ ਲਯ ਕਿਸੇ ਈਸ਼੍ਵਰੀ ਕਾਰਨ ਤੋਂ ਨਹੀਂ ਮੰਨਦੇ। ਆਪ ਦੱਸਦੇ ਹਨ ਕਿ ਦ੍ਰਿਸ਼ਟਮਾਨ ਵਿਚ ਜੋ ਕੁਛ ਵਰਤ ਰਿਹਾ ਹੈ ਉਸ ਦਾ ਕਾਰਣ ਅਦ੍ਰਿਸ਼ਟ ਈਸ਼੍ਵਰ ਦੀ ਸਮਰੱਥਾ ਹੈ। ਭਵਜਲ ਵਿਚ 'ਆਪਾ ਪਛਾਣਨਾ' ਮੁਰਦਾ ਤਾਰੀ ਵਾਂਙੂ ਹੈ, ਫਿਰ ਤਰਨਾ ਸੁਗਮ ਹੋ ਜਾਂਦਾ ਹੈ।

ਹੈ। ਮਾਯਾ ਏਥੇ ਰਹਿ ਜਾਂਦੀ ਹੈ ਤੇ ਅਵਗੁਣ ਸਰੀਰ ਛੋੜਿਆਂ ਬੀ ਨਾਲ ਜਾਂਦੇ ਹਨ। ਅਗਲੇ ਅੰਕ ਵਿਚ ਇਹ ਭਾਵ ਅੰਤਰਗਤ ਹੈ।

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ॥
ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ॥
ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ॥੪੨॥

(ਮਾਯਾ-ਪ੍ਰੇਮੀ ਜੀਵ) ਮਾਯਾ ਮਾਯਾ ਕਰਦੇ ਮਰ ਜਾਂਦੇ ਹਨ, ਮਾਯਾ ਕਿਸੇ ਦੇ ਨਾਲ ਨਹੀਂ (ਜਾਂਦੀ)। ਦੁਚਿੱਤਾ[1] ਜੀਵ ਉੱਠ ਤੁਰਦਾ ਹੈ (ਤਦ) ਮਾਇਆ ਏਥੇ[2] ਹੀ ਭੁੱਲ ਜਾਂਦੀ ਹੈ। ਮਨ (ਝੂਠ ਵਿਚ ਪ੍ਰਵਿਰਤ ਹੋ ਕੇ) ਝੂਠਾ (ਹੋ ਰਿਹਾ ਹੁੰਦਾ ਹੈ ਕਿ ਇਸੇ ਹਾਲਤ ਵਿਚ) ਮੌਤ ਆ ਜਾਂਦੀ ਹੈ[3] (ਤੇ) ਅਵਗੁਣ ਨਾਲ ਹੀ ਟੁਰ ਪੈਂਦੇ ਹਨ। (ਔਗੁਣਾਂ ਦੀ ਥਾਂਵੇਂ) ਜੇ (ਜੀਵ ਚਾਹੁੰਦਾ ਕਿ ਇਸ ਦੇ) ਨਾਲ (ਮਰ ਕੇ) ਗੁਣ ਹੋਣ ਤਾਂ (ਚਾਹੀਦਾ ਸੀ ਕਿ) ਮਨ ਨੂੰ (ਝੂਠ ਵਿਚ ਪਰਵਿਰਤ ਕਰਨ ਦੀ ਥਾਵੇਂ) ਉਲਟਾਕੇ ਮਨ ਵਿਚ ਹੀ ਸਮੋਇਆ ਹੁੰਦਾ। (ਮਨ ਦਾ ਉਲਟਣਾ ਨਾਮ ਨਾਲ ਹੁੰਦਾ ਹੈ ਸੋ) ਨਾਮ ਦੇ ਬਿਨਾਂ ਤਾਂ (ਆਦਮੀ) ਮੇਰੀ ਮੇਰੀ ਕਰਦੇ ਮਰ ਜਾਂਦੇ ਹਨ (ਤੇ ਮਰਨ ਮਗਰੋਂ) ਦੁਖ ਲੱਭਦਾ ਹੈ। (ਜਿਨ੍ਹਾਂ) ਕਿਲ੍ਹੇ, ਮੰਦਰਾਂ (ਤੇ) ਇਸਤ੍ਰੀਆਂ (ਨੂੰ ਮੇਰੀ ਮੇਰੀ ਕਰਦਾ ਮਰ ਰਿਹਾ ਸੀ, ਹੁਣ) ਕਿੱਥੇ ਹਨ (ਉਹ ਤਾਂ) ਬਾਜ਼ੀਗਰ ਦੇ ਪਿੜ ਵਾਂਙੂ (ਖਿੰਡ ਗਏ)। (ਤਾਂਤੇ ਉਪਦੇਸ਼ ਕਰਦੇ ਹਨ ਗੁਰੂ) ਨਾਨਕ (ਕਿ) ਸੱਚੇ ਨਾਮ ਬਿਨਾਂ ਜੀਵ[4] ਹੀ (ਬਾਜੀਗਰ ਦੇ ਪਿੜ ਵਾਂਙੂ) ਝੂਠਾ ਹੈ (ਭਾਵ ਨਹੀਂ ਰਹਿੰਦਾ)। (ਪਰੰਤੂ ਕਰਤਾਰ ਇਕ ਅਲੌਕਿਕ ਬਾਜ਼ੀਗਰ ਹੈ ਜੋ) ਆਪਣੇ ਆਪ ਵਿਚ ਚਤੁਰ ਸਰੂਪ ਹੈ[5] (ਤੇ ਅਪਣੀ ਰਚਾਈ ਖੇਲ ਨੂੰ ਜਾਨਣ ਵਿਚ ਸੁਜਾਣ=) ਚਤੁਰ ਜਾਣਨਹਾਰ ਹੈ[6]॥੪੨॥

---

੧. ਭਾਵ ਆਸ ਨਿਰਾਸਾ ਵਿਚ ਦੁਚਿਤਾਈ ਹੁੰਦੀ ਹੈ- ਆਸ ਜੋ ਮਾਇਆ ਦੀ ਬੱਝ ਰਹੀ ਹੈ, ਤੇ ਨਿਰਾਸਾ ਜੋ ਮਾਯਾ ਨੇ ਲਾਈ ਹੈ।

੨. ਸੰਸ:, ਅਤ੍ਰ:, ਪ੍ਰਾ: ਅਥ: ਪੁ: ਪੰਜਾਬੀ, ਆਥਿ=ਏਥੇ। ਇਸ ਦੇ ਹੋਰ ਅਰਥ ਬੀ ਹੈਨ:- ਸੰਸ:, ਅਰ੍ਥ, ਪ੍ਰਾ: ਅਤ੍ਥ, ਪੁ: ਪੰਜਾ:, ਆਥਿ=ਦੌਲਤ। (ਅ) ਆਥਿ=ਹੈ, ਅਰਥਾਤ ਭੂਲੀ ਹੈ। (ੲ) ਮਾਇਆ ਤੇ ਆਥਿ=ਸ਼ੁਧ ਮਾਇਆ ਤੇ ਮਾਯਾ (੪) ਮਾਇਆ ਆਥਿ=ਮਾਇਆ ਦੀ ਲਗਨ ਤੇ।

੩. ਜਮਿ ਜੋਹਿਆ=ਮੌਤ ਨੇ ਤੱਕਿਆ, ਭਾਵ ਮੌਤ ਆ ਗਈ।

੪. ਆਉਣ ਤੋਂ ਜਾਣ ਤਕ ਜੋ ਕੁਛ ਵਿਚਾਲੇ ਹੈ ਸੋ ਸਾਡਾ ਜੀਵਨ ਹੈ।

੫. ਉਸ ਦਾ ਵਜੂਦ ਹੀ 'ਚਤੁਰ' ਹੈ ਭਾਵ ਉਹ ਗਜਾਨ ਸਰੂਪ ਹੈ।

੬. ਭਾਵ ਪਰਮੇਸ਼ੁਰ ਇਕ ਵੱਡਾ ਬਾਜ਼ੀਗਰ ਹੈ, ਉਹ ਆਪਣੇ ਆਪ ਪਰਮ ਪ੍ਰਬੀਨ ਗਜਾਨ ਸਰੂਪ ਹੈ ਪਰ ਸੰਸਾਰ ਬਾਜ਼ੀਗਰ ਦੇ ਪਿੜ ਵਾਂਙੂ ਖਿਨ ਭੰਗਰ ਹੈ ਤੇ ਬਾਜ਼ੀਗਰ ਦੀਆਂ ਖੇਡਾਂ ਨੂੰ ਨਹੀਂ ਜਾਣਦਾ, ਪਰ ਬਾਜ਼ੀਗਰ ਇਸ ਆਪਣੀ ਖੇਲ ਦੀ ਬੀ ਸਾਰੀ ਗੱਲਬਾਤ ਨੂੰ ਚੰਗੀ ਤਰ੍ਹਾਂ ਆਪੇ ਜਾਣਦਾ ਹੈ।

ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ॥

ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ॥

ਸੇ ਜਨ ਉਬਰੇ ਜਿਨ ਹਰਿ ਭਾਇਆ॥

ਧੰਧਾ ਮੁਆ ਵਿਗੂਤੀ ਮਾਇਆ॥

ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ॥

ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ॥

ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ॥

ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ॥੪੩॥

੨. ਚੌਰਾਸੀ ਲੱਖ (ਮੇਦਨੀ=) ਸ੍ਰਿਸ਼ਟੀ ਨਾ (ਹੇਠ ਨੂੰ) ਘਟਦੀ ਹੈ ਨਾ ਉਪਰ ਨੂੰ ਵਧਦੀ ਹੈ, (ਭਾਵ ਕਿ ਇਹ ਸਥਿਰ ਹੈ ਪਰ ਇਸ ਦੀ ਸਥਿਰਤਾ ਅਨਿਸਥਿਰਤਾ ਵਿਚ ਹੈ, ਕਿਉਂਕਿ ਇਹ ਆਵਾਗਉਣ ਦੇ ਆਸਰੇ ਹੈ, ਇਸ ਵਿਚ) ੧. ਜੋ ਆਉਂਦੇ ਹਨ ਓਹ ਫੇਰ (ਇਸੇ ਵਿਚ ਚਲੇ) ਜਾਂਦੇ ਹਨ (ਐਉਂ) ਆਉਂਦੇ ਜਾਂਦੇ (ਇਸ ਨੂੰ ਸਥਿਰ ਰਖ ਰਹੇ ਹਨ, ਪਰ ਜੋ ਐਉਂ ਗੇੜ ਵਿਚ ਹਨ ਓਹ ਸੰਤੁਸ਼ਟ ਨਹੀਂ ਸਗੋਂ) ਪਛੁਤਾਉਂਦੇ ਰਹਿੰਦੇ ਹਨ।

੩. (ਫਿਰ ਦੇਖੋ ਇਨ੍ਹਾਂ ਹੀ ਵਿਚੋਂ) ਜਿਨ੍ਹਾਂ ਜਨਾਂ ਨੂੰ ਪਰਮੇਸ਼੍ਵਰ ਪਜਾਰਾ ਲੱਗਾ ਹੈ, ਓਹ ਉਬਰਦੇ (ਬੀ ਹਨ, ਭਾਵ ਗੇੜ ਵਿਚੋਂ ਉੱਚੇ ਉਠ ਕੇ ਨਿਕਲ ਜਾਂਦੇ ਹਨ, ਉਹਨਾਂ ਦਾ) ਧੰਦਾ ਮੁੱਕ ਜਾਂਦਾ ਹੈ ਤੇ ਮਾਇਆ ਸਮਾਪਤ ਹੋ ਜਾਂਦੀ ਹੈ। (ਪਰ ਫੇਰ ਚੌਰਾਸੀ ਲੱਖ ਦਾ ਗੇੜ ਥਿਰ ਹੈ ਤੇ ਇਸ ਸਥਿਰਤਾ ਦੇ ਹੁੰਦਿਆਂ ਕੋਈ ਸਥਿਰ ਨਹੀਂ ਕਿਉਂਕਿ) ਜੋ ਦਿੱਸਦਾ ਹੈ ਸਭ ਚਲਾਇਮਾਨ ਹੈ, (ਇਸ ਵਿਚੋਂ) ਕਿਸ ਨੂੰ ਮੈਂ ਮਿੱਤਰ ਬਣਾਵਾਂ (ਜਿਸ ਨੂੰ ਕਿ) ਆਪਣਾ ਜੀਉ ਸਮਰਪਣ ਕਰ ਦਿਆਂ ਤੇ ਤਨ ਮਨ (ਉਸ ਦੇ) ਅੱਗੇ ਧਰ ਦਿਆਂ? (ਐਸਾ ਮਿਤਰ) ਹੇ ਮੇਰੇ ਮਾਲਿਕ ਤੂੰ ਹੀ ਹੈਂ ਜੋ (ਇਸ ਚਲਾਇਮਾਨ ਦਾ) ਕਰਤਾ ਹੈਂ (ਤੇ ਆਪ ਸਦਾ) ਸਥਿਰ ਹੈਂ, (ਐਸਾ ਜੋ ਸਦਾ ਥਿਰ ਧਣੀ ਹੈ) ਓਸੇ ਦੀ ਮੈਨੂੰ ਓਟ ਹੈ। (ਇਹ ਓਟ ਐਉਂ ਲੱਭੀ ਹੈ ਕਿ ਗੁਰੂ ਦੇ ਦਿਤੇ ਸ਼ਬਦ ਦੀ) ਚੋਟ ਮਨ ਵਿਚ (ਘਾਉ ਕਰ ਗਈ ਹੈ, ਜਿਸ ਕਰਕੇ ਮੈਂ) ਸ਼ਬਦ ਵਿਚ ਰਚ ਗਈ, (ਸ਼ਬਦ ਵਿਚ ਲਿਵਲੀਨਤਾ ਆਦਿ ਦੇ) ਗੁਣ ਦੀ ਮਾਰੀ (ਹੋਈ ਚੋਟ ਨਾਲ) ਹਉਮੈ ਮਰ ਗਈ[1]॥੪੩॥

ਸੂਚਨਾ- ਪਿਛੇ ਦੱਸਿਆ ਹੈ ਕਿ ਅਸਥਿਰ ਇਕੋ ਵਾਹਿਗੁਰੂ ਹੈ, ਉਸ ਨੂੰ ਮਿਤ੍ਰ ਬਣਾਓ ਤੇ ਰਸਤਾ ਦੱਸਿਆ ਸੀ ਗੁਣ। ਹੁਣ ਉਸ ਗੁਣ ਤੇ ਗੁਣਦਾਤਾ ਬਾਬਤ ਉਚਾਰਣ ਚਲਦਾ ਹੈ:-

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥ਵਾਰੀ ਆਪੋ

ਰਾਣਾ ਤੇ ਰਾਜਾ (ਏਥੇ) ਕੋਈ ਨਹੀਂ ਰਹਿੰਦਾ ਨਾ ਗਰੀਬ ਨਾ ਅਮੀਰ੨ ਤੇ ਨਾ ਫਕੀਰ। ਆਪੋ ਆਪਣੀ ਵਾਰੀ ਸਿਰ (ਸਭ ਚਲੇ ਜਾਂਦੇ ਹਨ) ਕੋਈ (ਕਾਲ ਅਗੇ)

੧. ਇਸ ਤੁਕ ਦਾ ਭਾਵ ਪਿਛੇ ਆਈ ਅੰਕ ੪੨ ਦੀ ਇਸ ਤੁਕ ਤੋਂ ਕੁਛ ਖੁਲ੍ਹਦਾ ਹੈ: 'ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥' ਬਾਕੀ ਦਾ ਅਗੇ ਆਉਣ ਵਾਲੀਆਂ ਤੁਕਾਂ ਅੰਕ ੪੪ ਦੀਆਂ ਤੋਂ ਖੁਲ੍ਹਦਾ ਹੈ, ਜਿਨ੍ਹਾਂ ਵਿਚ ਦੱਸਿਆ ਹੈ ਕਿ ਸਤਿਗੁਰ ਦਾ ਸਤਿਸੰਗ ਹੋਵੇ, ਉਸ ਦੇ ਸ਼ਬਦ ਦੀ ਮਦਦ ਨਾਲ ਵੀਚਾਰ ਕਰੇ ਤਾਂ ਪਤਾ ਲਗਦਾ ਹੈ ਕਿ ਏਹ ਗੁਣ ਹਨ।

੨. ਰੰਗ (=ਰੰਕ) ਕੰਗਾਲ, ਗਰੀਬ। ਤੁੰਗ (ਸੰਸ:, ਤੁੰਗ=) ਉੱਚਾ, ਵੱਡਾ। (ਫ਼ਾ:,ਤਵੰਗਰ=)ਅਮੀਰ।

ਆਪਣੀ ਕੋਇ ਨ ਬੰਧੈ ਧੀਰ॥ ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥ ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ॥ ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥ ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ॥ ਅਵਗੁਣੀ ਭਰਪੂਰਿ ਹੈ ਗੁਣ ਭੀ ਵਸਹਿ ਨਾਲਿ॥ ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥੪੪॥

ਧੀਰਜ ਨਹੀਂ ਬੰਨ੍ਹਦਾ (ਟਿਕ ਨਹੀਂ ਸਕਦਾ)। (ਅਗੇ) ਰਸਤਾ ਬੁਰਾ (-ਬਹੁਤ) ਡਰਾਉਣਾ ਹੈ, (ਇਸ ਵਿਚ) ਅਥਾਹ[1] ਜਲ ਤੇ (ਉੱਚੇ) ਪਰਬਤ (ਆਉਂਦੇ) ਹਨ। (ਜਿਨ੍ਹਾਂ ਤੋਂ ਕਿ ਗੁਣਾਂ ਨਾਲ ਪਾਰ ਹੋ ਸਕੀਦਾ ਹੈ ਪਰ) ਮੇਰੇ ਸਰੀਰ ਵਿਚ ਔਗੁਣ ਹਨ, (ਇਸ ਲਈ ਮੈਂ) ਝੁਰ ਝੁਰ ਕੇ ਮਰ ਲੱਥੀ ਹਾਂ ਕਿ ਗੁਣਾਂ ਤੋਂ ਬਾਝ (ਮੈਂ) ਕਿੱਕੁਰ (ਆਪਣੇ) ਟਿਕਾਣੇ ਲੱਗਾਂ। ਗੁਣੀ (ਪੁਰਖ) ਗੁਣ ਦ੍ਵਾਰਾ ਪਰਮੇਸ਼ੁਰ ਨੂੰ ਮਿਲ ਪਏ ਹਨ, (ਮੈਂ) ਉਨ੍ਹਾਂ (ਗੁਣੀ ਪੁਰਖਾਂ) ਨੂੰ (ਬੀ) ਕਿੱਕੁਰ ਮਿਲਾਂ? (ਉੱਤਰ-) ਪਿਆਰ ਨਾਲ। (ਪਿਆਰ ਕੀਕੂੰ ਲੱਗੇ? ਉੱਤਰ) ਹਿਰਦੇ ਵਿਚ ਵਾਹਿਗੁਰੂ ਨੂੰ ਸਿਮਰ ਸਿਮਰ ਕੇ (ਪਜਾਰ ਵਾਲੇ ਸਿਮਰਨ ਨਾਲ) ਮੈਂ ਉਨ੍ਹਾਂ ਹੀ ਵਰਗੀ ਹੋ ਜਾਵਾਂਗੀ (ਭਾਵ ਪ੍ਰਭੂ ਨੂੰ ਮੇਲਣ ਵਾਲੇ ਗੁਣਾਂ ਵਾਲੀ ਹੋ ਜਾਵਾਂਗੀ। ਸਰੀਰ ਤਾਂ) ਔਗੁਣਾਂ ਨਾਲ ਭਰਪੂਰ ਹੈ (ਫਿਰ ਤੱਕੋ ਕਿ) ਗੁਣ ਬੀ ਨਾਲ ਹੀ ਵਸਦੇ ਹਨ। ਪਰ ਸਤਿਗੁਰੂ ਤੋਂ ਬਿਨਾਂ ਗੁਣ ਪਤਾ ਨਹੀਂ ਲਗਦੇ, ਜਿੰਨਾ ਚਿਰ ਸ਼ਬਦ ਦ੍ਵਾਰਾ (ਉਨ੍ਹਾਂ ਦਾ) ਵੀਚਾਰ, ਨਾ ਕਰੇ।੪੪।

ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ॥ ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ॥ ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ॥ ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ॥

ਫੌਜੀ (ਆਪੋ ਆਪਣੇ ਸੇਵਾ ਦੇ) ਟਿਕਾਣਿਆਂ ਤੇ[2] ਤਤਪਰ ਹੋ ਗਏ (ਕਿ ਜਦੋਂ) ਦਰਮਾਹਾਂ[3] ਲਿਖਾ ਲਿਆਏ (ਹਨ ਤਾਂ ਅਪਣੇ) ਸਿਰ ਉਤੇ ਮਾਲਕ (ਨੂੰ ਜਾਣ ਕੇ ਉਸ ਦੀ) ਕਾਰ ਕਮਾਉਣ, (ਐਉਂ ਉਨ੍ਹਾਂ ਦੇ) ਪੱਲੇ ਨਫਾ ਪਏਗਾ। (ਜੋ ਨੌਕਰ) ਲਾਲਚ ਲੋਭ ਤੇ ਸਭ ਪ੍ਰਕਾਰ ਦੀਆਂ) ਬੁਰਾਈਆਂ ਮਨੋਂ ਤਿਆਗ ਦੇਣ[4] ਤੇ ਕਿਲ੍ਹੇ ਉਤੇ ਦੁਹਾਈ ਦੇਣ ਪਾਤਸ਼ਾਹ ਦੀ[5] (ਫੇਰ) ਕਦੇ ਹਾਰ ਨਹੀਂ ਆਵੇਗੀ[6]।

੧. ਅਸਗਾਹ= ਜਿਸ ਦਾ ਥਾਹ ਨਾ ਆ ਸਕੇ, ਬਹੁਤ ਡੂੰਘੇ। ਸੰਸ:, ਸਰ=ਤਲਾ, ਝੀਲ, ਜਲ।

੨. ਐਉਂ ਬੀ ਭਾਵ ਲੈਂਦੇ ਹਨ: ਘਰ ਸੰਮਲੇ=ਘਰ ਸੰਭਾਲ ਦਿਤੇ, ਭਾਵ ਘਰ ਛੱਡ ਕੇ ਨੌਕਰੀਆਂ ਤੇ ਆ ਗਏ।

੩. ਵਜ਼ੀਫਾ, ਤਨਖਾਹ। ੪. ਛੋਡੇ ਤੋਂ ਅਨੁਸੂਰ ਲੋਪ ਹੈ, ਛੋਡੇਂ।

੫. ਲੋਭ ਆਦਿਕ ਦੇ ਛੱਡਣ ਵਿਚ 'ਆਚਰਣ ਦੀ ਉੱਚਤਾ' ਤੇ 'ਕਿਲ੍ਹੇ ਤੇ ਪਾਤਸ਼ਾਹ ਦੀ ਦੋਹੀ ਤੋਂ ਮੁਰਾਦ 'ਨਾਮ ਆਰਾਧਣ ਦੀ' ਹੈ।

੬. ਇਸ ਅੰਕ ਦਾ ਭਾਵ:- ਲਸ਼ਕਰੀ ਜੀਵ ਹਨ, ਇਨ੍ਹਾਂ ਨੇ ਘਰ ਸੰਭਾਲੇ-ਸੇਵਾ ਦੇ ਕੰਮ ਤੇ ਹਾਜ਼ਰ ਹੋ ਗਏ, ਅਥਵਾ ਜੀਵ ਦੇਹਾਂ ਵਿਚ ਆਏ ਕਾਰ ਕਮਾਵਣ ਨੂੰ। (ਵਜਹੁ=) ਪਰਾਰਬਧ ਏਹ ਨਾਲ ਲੈ ਆਏ ਹਨ। ਜਿਹੜੇ ਧਨੀ ਵਲੋਂ ਮਿਲੀ ਕਾਰ ਨੂੰ ਸਿਰ ਦੇ ਜ਼ੋਰ ਕਮਾਉਂਦੇ ਹਨ, ਉਨ੍ਹਾਂ ਦੇ ਪੱਲੇ ਲਾਹਾ ਪੈਂਦਾ ਹੈ ਤੇ ਜੋ ਐਬਾਂ ਵਿਚ ਨਹੀਂ ਪੈਂਦੇ ਤੇ ਜੋ ਸਰੀਰ ਰੂਪੀ ਗੜ੍ਹ ਤੇ ਪਾਤਸ਼ਾਹ ਦੇ ਨਾਮ ਦੀ ਦੁਹਾਈ ਦੇਂਦੇ ਹਨ, ਭਾਵ ਨਾਮ ਜਪਦੇ ਰਹਿੰਦੇ ਹਨ ਓਹ ਹਾਰ ਖਾ ਕੇ ਨਹੀਂ ਪ੍ਰਲੋਕ ਵਿਚ ਆਉਂਦੇ।

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥ ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥ ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥ ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ॥ ੪੫॥

(ਪਰ ਕੋਈ) ਚਾਕਰ ਤਾਂ ਕਹਾਵੇ ਮਾਲਕ ਦਾ (ਤੇ ਮਾਲਕ ਨੂੰ) ਸਾਮ੍ਹਣੇ ਉਤਰ ਦੇਵੇ, (ਤਾਂ ਉਹ) ਦਰਮਾਹਾ ਆਪਣਾ ਗੁਆ ਲਵੇਗਾ ਤੇ ਤਖ਼ਤ ਦੇ ਪਾਸ[1] (ਭਾਵ ਹਜ਼ੂਰੀ ਵਿਚ ਕਦੇ) ਨਹੀਂ ਬੈਠੇਗਾ। ਪਜਾਰੇ (ਪਰਮੇਸ਼ੁਰ) ਦੇ ਹੱਥ ਵਿਚ ਵਡਿਆਈਆਂ ਹਨ, ਜਿਸ ਨੂੰ ਚਾਹੇ ਉਸ ਨੂੰ ਦਿੰਦਾ ਹੈ। ਆਪ ਹੀ (ਓਹ) ਕਰਦਾ ਹੈ, ਹੋਰ ਕੋਈ ਨਹੀਂ ਕਰਦਾ (ਤਾਂ ਤੇ ਹੋਰ) ਕਿਸ ਨੂੰ ਕਹੀਏ (ਕਿ ਓਹ ਸਿਫਾਰਸ਼ ਕਰੇ[2])॥੪੫॥

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥ ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ॥ ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ॥ ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ॥

(ਸਾਨੂੰ) ਦੂਜਾ ਕੋਈ ਨਹੀਂ ਦਿੱਸਦਾ (ਜੋ) ਗਲੀਚਾ ਵਿਛਾ ਕੇ ਬੈਠੇ (ਉਸ ਦੇ ਸਾਹਮਣੇ ਜੋ) ਨਰਕ ਨੂੰ ਦੂਰ ਕਰਨ ਵਾਲਾ ਹੈ, ਅਤੇ ਨਰਾਂ ਵਿਚੋਂ ਨਰ ਹੈ[3], ਸੱਚਾ ਹੈ ਤੇ ਜਿਸ ਦਾ ਨਿਆਉਂ[4] ਸੱਚਾ ਹੈ[5]। (ਐਸੇ ਸਰਬ ਸਮਰੱਥ ਨੂੰ ਮੈਂ) ਬਨ ਬਨ ਤੇ ਕਖ ਕਖ ਢੂੰਡਦੀ ਫਿਰਦੀ ਰਹੀ (ਪਰ ਉਹ ਐਉਂ ਹੱਥ ਨਹੀਂ ਆਇਆ, ਹੁਣ ਮੈਂ) ਮਨ ਵਿਚ ਵਿਚਾਰ ਕਰਦੀ ਹਾਂ ਕਿ ਲਾਲਾਂ ਰਤਨਾਂ ਤੇ ਬਹੁਤ (ਭਾਤਾਂ ਦੇ) ਮਾਣਕਾਂ ਦਾ (ਭੰਡਾਰਾ ਤਾਂ) ਸਤਿਗੁਰੂ ਦੇ ਹੱਥ ਵਿਚ ਹੈ। (ਕਿਸੇ ਤਰ੍ਹਾਂ ਇਹ ਭੰਡਾਰਾ ਪ੍ਰਾਪਤ ਕਰਕੇ ਮੈਂ) ਚੰਗੀ ਬਣਾਂ (ਤਦ ਇਸ ਜੋਗ ਹੋਵਾਂ ਕਿ ਮੈਨੂੰ) ਪ੍ਰਭੂ ਮਿਲੇ (ਤਾਂ

੧. 'ਤਖ਼ਤ ਉਪਰ' ਬੀ ਅਰਥ ਕਰਦੇ ਹਨ।

੨. ਭਾਵ ਇਹ ਹੈ ਕਿ ਦਿਆਨਤਦਾਰੀ ਨਾਲ ਨੌਕਰੀ ਕਰੇ ਤੇ ਪਾਤਸ਼ਾਹ ਨਾਲ ਰਾਜ ਭਗਤੀ ਵਿਚ ਰਹੇ ਤਾਂ ਉਸ ਨੂੰ ਦਰਮਾਹਾਂ ਮਿਲੇਗਾ, ਪਰ ਦਰਬਾਰ ਵਿਚ ਹਜ਼ੂਰੀ ਵਿਚ ਬਿਠਾਏ ਜਾਣਾ ਐਸੀ ਵਡਿਆਈ ਹੈ ਜੋ ਵਾਹਿਗੁਰੂ ਦੀ ਆਪਣੀ ਪ੍ਰਸੰਨਤਾ ਤੇ ਹੀ ਹੈ, ਓਹ ਮਿਹਰ ਨਾਲ ਦੇਵੇਗਾ। ਮਿਹਰ ਉਹ ਆਪ ਕਰਦਾ ਹੈ, ਪੁੱਛ ਕੇ ਕਿਸੇ ਨੂੰ ਨਹੀਂ ਕਰਦਾ, ਤਾਂਤੇ ਕਿਸ ਨੂੰ ਕਹੀਏ ਕਿ ਸਿਫਾਰਸ਼ ਕਰੇ।

੩. ਨਰਾਂ ਵਿਚੋਂ ਨਰ, ਭਾਵ ਮਹਾ ਬਲੀ ਪਰਮੇਸ਼ੁਰ।

੪. ਸੰਸ:, ਨਜਾਯ, ਪ੍ਰਾ:,ਣਾਯ। ਪੁ. ਪੰਜਾਬੀ, ਨਾਇ। ਨਵੀਨ ਪੰਜਾਬੀ, ਨਿਆਂ, ਨਿਆਉਂ।

੫. ਉਸ ਪਰਮੇਸ਼ੁਰ ਦਾ ਨਰਕ ਨਿਵਾਰਣ ਦਾ ਜੋ ਗੁਣ ਹੈ ਉਹ ਉਸ ਦੇ ਨਜਾਯਸ਼ੀਲ ਧਰਮ ਦਾ ਕਿਸੇ ਤਰ੍ਹਾਂ ਵਿਰੋਧੀ ਨਹੀਂ। ਅਰਥਾਤ ਉਸ ਦੀ ਮਿਹਰ ਉਸ ਦੇ ਇਨਸਾਫ ਦਾ ਹੀ ਕੋਈ ਵਿਸ਼ੇਸ਼ ਰੂਪ ਹੈ। ਪਰ ਏਹ ਉਸ ਦੇ ਬਖ਼ਸ਼ਿਸ਼ ਦੇ ਕਰਮ ਉਸ ਦੀ ਆਪਣੀ ਇਛਾ ਅਧੀਨ ਹਨ, ਹੋਰ ਕੋਈ ਐਸਾ ਨਹੀਂ ਜੋ ਉਸ ਦੇ ਦਰਬਾਰ ਵਿਚ ਸਿਫਾਰਸ਼ ਕਰ ਸਕੇ। ਕਿਸੇ ਨੂੰ ਸਿਫਾਰਸ਼ੀ ਦੀ ਪਦਵੀ ਦਾ ਅਧਿਕਾਰ ਨਹੀਂ, ਜਿਹੜਾ ਉਸ ਦੇ ਤਖ਼ਤ ਅੱਗੇ ਵਿਛੇ ਹੋਏ ਗਲੀਚੇ ਉਪਰ ਬੈਠਣ ਦਾ ਅਧਿਕਾਰੀ ਹੋਵੇ। ਇਸ ਕਰਕੇ ਬਾਣੀ ਵਿਚ ਉਸ ਨੂੰ 'ਬੇਵਜੀਰ' ਬੀ ਕਿਹਾ ਹੈ ਤੇ 'ਬੀਓ ਪੂਛਿ ਨ ਮਸਲਤਿ ਧਰੈ' ਬੀ ਕਿਹਾ ਹੈ। ਭਾਵ ਉਸ ਦਰਬਾਰ ਵਿਚ ਸਾਰੇ ਸੇਵਕ ਹੀ ਹੈਨ, ਜੈਸਾ ਕਿ ਉਪਰਲੀ ਪਉੜੀ ਵਿਚ ਕਹਿ ਆਏ ਹਨ।

ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ॥

ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ॥

ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ॥

ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ॥੪੬॥

ਭੰਡਾਰਾ ਮਿਲਦਾ ਹੈ) ਇਕ ਮਨ ਨਾਲ ਇਕ ਪ੍ਰੇਮ ਵਿਚ (ਰਚਿਆਂ ਤੇ। ਤਦ ਮੈਂ ਐਸਾ ਪ੍ਰੇਮ ਕਰਕੇ ਕੀਹ ਪਾਇਆ? ਕਿ ਓਹ ਪ੍ਰਭੂ ਜੀ ਮੈਨੂੰ) ਪ੍ਰੀਤਮ ਹਸ ਵਿਚ[1] ਮਿਲ ਪਏ (ਤੇ) ਪਰਲੋਕ[2] ਦਾ ਲਾਹਾ (ਮੈਨੂੰ ਏਥੇ ਹੀ) ਮਿਲ ਗਿਆ, ਹੇ ਨਾਨਕ! (ਇਹ ਪ੍ਰਭੂ ਪ੍ਰੀਤਮ ਉਹੋ ਹੈ) ਜਿਸ ਨੇ ਸਾਰੀ ਸ੍ਰਿਸ਼ਟੀ ਰਚੀ ਹੈ (ਤੇ) ਜਿਸ ਨੇ ਸਾਰਾ ਆਕਾਰ ਸਿਰਜਿਆ ਹੈ[3], (ਫੇਰ ਓਹ ਬੇਅੰਤ ਹੈ (ਜਿਸ ਦਾ) ਨਾ ਅੰਤ ਹੈ ਨਾ ਪਾਰਵਾਰ ਹੈ[4] (ਉਸ ਨੂੰ) ਗੁਰਮੁਖ ਹੋਕੇ ਧਿਆਓ। (ਗੁਰਮੁਖ ਦਾ ਧਿਆਉਣਾ, ਪ੍ਰੀਤਮ ਰਸ ਵਿਚ ਪ੍ਰਭੂ ਨੂੰ ਸਾਖਜਾਤ ਕਰਨਾ ਹੈ)॥੪੬॥

ੜਾੜੈ ਰੂੜਾ ਹਰਿ ਜੀਉ ਸੋਈ॥

ਤਿਸੁ ਬਿਨੁ ਰਾਜਾ ਅਵਰੁ ਨ ਕੋਈ॥

ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ॥

ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥

ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ॥

'ੜ'- (ਜਿਸ ਨੂੰ ਉਪਰ ਪ੍ਰੀਤਮ ਤੇ ਪ੍ਰਭੂ ਕਿਹਾ ਹੈ, ਉਸੇ ਬਾਬਤ ਫੇਰ ਆਖਦੇ ਹਨ ਕਿ) ਓਹੋ ਹਰਿ ਜੀਉ ਸੁਹਣਾ ਹੈ (ਤੇ) ਉਸ ਬਿਨ ਰਾਜਾ ਬੀ ਹੋਰ ਕੋਈ ਨਹੀਂ (ਭਾਵ ਤੇਜ਼ ਤੇ ਕਾਂਤੀ ਦੁਹਾਂ ਸੁੰਦਰਤਾਈਆਂ ਵਾਲਾ ਹੈ, ਪਰ ਤੂੰ ਉਸ ਨੂੰ ਪ੍ਰਾਪਤ ਨਹੀਂ ਹੋ ਸਕਦੀ ਕਿਉਂਕਿ ਤੂੰ ਹੰਕਾਰ ਰੂਪੀ ਵਿਖ ਵਿਚ ਗ੍ਰਸੀ ਦੁਖੀ ਹੈਂ ਇਸ ਵਿਖ ਨੂੰ ਝਾੜਨ ਲਈ ਇਕ) ਗਾਰੜੂ ਮੰਤਰ ਹੈ (ਜਿਸ ਨਾਲ ਕਿ ਹੰਕਾਰ ਦੀ ਵਿਸ ਲਹਿੰਦੀ ਹੈ ਤੇ) ਹਰਿ ਮਨ ਵਿਚ ਵੱਸ ਜਾਂਦਾ ਹੈ, ਸੋ ਤੂੰ ਸੁਣ: (ਉਹ ਮੰਤਰ) ਸੁੰਦਰ ਬਾਣੀ ਹੈ[5], (ਇਸ ਮੰਤ੍ਰ ਨਾਲ) ਨਿਰਸੰਦੇਹ[6] ਗੁਰੂ ਦੀ ਕ੍ਰਿਪਾ ਦ੍ਵਾਰਾ ਹਰੀ ਪ੍ਰਾਪਤ ਹੁੰਦਾ ਹੈ, ਐਸਾ ਓਹ (ਗੁਰੂ) ਹਰਿ (ਰੂਪੀ) ਧਨ (ਕੱਠਾ ਕਰਕੇ) ਸੱਚਾ ਸ਼ਾਹ

---

੧. ਪਰਮੇਸ਼ੁਰ ਨੂੰ ਪਿਛਲੇ ਅੰਕ ਵਿਚ ਪਾਤਸ਼ਾਹ ਕਹਿਕੇ ਫੇਰ ਪ੍ਰੀਤਮ ਕਿਹਾ ਸੀ, ਏਥੇ ਬੀ ਨਰਟਨਰ ਕਹਿਕੇ ਪ੍ਰੀਤਮ ਕਿਹਾ ਹੈ। ਇਸ ਸੰਬੰਧ ਵਿਚ ਦਾਸ ਭਾਵ ਹੁੰਦਾ ਹੈ। ਦਾਸ ਭਾਵ ਵਿਚ ਪਿਰਮ ਰਸ ਨਹੀਂ ਹੁੰਦਾ। ਗੁਰੂ ਜੀ ਦਾ ਆਦਰਸ਼ ਹੈ ਪ੍ਰੇਮ, ਇਸ ਕਰਕੇ ਵਾਹਿਗੁਰੂ ਦਾ ਜਲਾਲ ਦੱਸਦੇ ਹੋਏ ਝਟ ਉਸ ਦੇ 'ਪਜਾਰਾ' ਹੋਣ ਦੇ ਭਾਵ ਵਿਚ ਆ ਜਾਂਦੇ ਹਨ, ਹੁਣੇ ਕਿਹਾ ਸਾਨੇ ਪ੍ਰਭੁ ਮਿਲੇ। ਇਸ ਮੇਲ ਨੂੰ ਨੌਕਰ ਤੇ ਮਾਲਕ ਦਾ ਮੇਲ ਨਹੀਂ ਦੱਸਦੇ ਪਰ ਪ੍ਰੀਤਮ ਤੇ ਪਜਾਰੇ ਦਾ ਮੇਲ ਦੱਸਦੇ ਹਨ, ਇਸ ਕਰਕੇ 'ਇਕ ਮਨਿ ਏਕੈ ਭਾਇ' ਕਿਹਾ ਸੀ। ਹੁਣ ਪ੍ਰੇਮ ਕਰਦਿਆਂ ਜੋ ਰਸ ਦਾ ਆਵੇਸ਼ ਹੁੰਦਾ ਹੈ ਜਾਂ ਰਸ ਰੂਪ ਹੋ ਜਾਈਦਾ ਹੈ, ਉਹ ਰਸ ਹੀ ਪਰਮੇਸ਼ੁਰ ਦੇ ਮਿਲਾਪ ਦਾ ਸਰੂਪ ਹੈ। ਹੋਰ ਲੋਕ ਤਾਂ ਪਰਲੋਕ ਵਿਚ ਜਾਕੇ ਮਿਲਾਪ ਮੰਗਦੇ ਹਨ, ਆਪ ਦੱਸਦੇ ਹਨ ਇਸ ਪ੍ਰੀਤਮ ਰਸ ਵਿਚ ਏਥੇ ਹੀ ਅਸਾਂ ਪ੍ਰਲੋਕ ਦੇ ਮਿਲਾਪ ਦਾ ਲਾਹਾ ਲੈ ਲਿਆ ਹੈ।

੨. ਪਰਥਾਇ=ਪਰਲੋਕ। ਪਰਮਪਦ।

੩. ਭਾਵ=ਸਰਗੁਣ।

੪. ਭਾਵ- ਨਿਰਗੁਣ। ਸੋ ਇਹ ਪ੍ਰੀਤਮ ਉਹ ਹੈ ਜਿਸ ਬਾਬਤ ਗੁਰਬਾਣੀ ਕਹਿੰਦੀ ਹੈ:-ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ। (ਸੁਖਮਨੀ)

੫. 'ਰੂੜੀ ਬਾਣੀ' ਨਾਲਿ 'ਹਰਿ' ਪਾਉਣਾ ੭ਵੀਂ ਤੁਕ ਵਿਚ ਹੈ।

੬. 'ਮਤੁ ਕੋ ਭਰਮਿ ਭੁਲਾਹਿ' ਦਾ ਭਾਵ ਹੈ-ਨਿਰਸੰਦੇਹ।


www.sikhbookclub.com

ਗੁਰਮੁਖਿ ਪੂਰਾ ਤਿਸੁ ਸਾਬਾਸਿ॥

ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ॥

ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ॥੪੭॥

ਬਣਿਆ ਹੋਇਆ ਹੈ (ਤੇ ਹਰਿ ਧਨ ਦੀ) ਰਾਸ (ਨਾਲ ਅੱਗੋਂ ਵਪਾਰ ਕਰਦਾ ਹੈ ਅਤੇ ਇਸ ਪ੍ਰਕਾਰ) ਪੂਰਾ ਗੁਰਮੁਖ ਹੈ (ਅਤੇ) ਉਹ ਸ਼ਾਬਾਸ਼ ਦੇ ਯੋਗ ਹੈ! (ਇਸ ਮੰਤ੍ਰ) 'ਰੂੜੀ ਬਾਣੀ' (ਦਾ ਫਲ) ਹਰੀ ਦੀ ਪ੍ਰਾਪਤੀ ਹੋਵੇਗਾ (ਅਤੇ) ਗੁਰੂ ਦੇ ਸ਼ਬਦ ਦੀ ਵੀਚਾਰ ਦਵਾਰਾ ਆਪਾ ਭਾਵ[1] ਦੂਰ ਜਾਏਗਾ, (ਵਿਛੋੜੇ ਦਾ) ਦੁਖ ਕਟਿਆ ਜਾਏਗਾ ਤੇ ਹਰਿ ਦਾ ਮਿਲਾਪ ਹੋ ਜਾਏਗਾ (ਅਰ ਉਹ ਮਿਲਾਪ ਏਸ ਤਰ੍ਹਾਂ ਦਾ ਪ੍ਰੇਮ ਆਰੂੜ ਹੋਵੇਗਾ ਜਿਸ ਤਰ੍ਹਾਂ ਦਾ ਕਿ) ਇਸਤ੍ਰੀ ਨੂੰ ਭਰਤਾ (ਦਾ ਮਿਲਾਪ ਹੁੰਦਾ ਹੈ)॥੪੭॥

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥
ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ॥
ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ॥
ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ॥
ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ॥੪੮॥

ਸੋਨਾ ਚਾਂਦੀ ਕੱਠਾ ਕਰੀਏ, (ਪਰ ਇਹ ਤਾਂ ਕੱਚਾ ਧਨ ਹੈ, ਵਿਹੁ[2] (ਰੂਪ ਤੇ) ਸੁਆਹ[3] ਰੂਪ ਹੈ), ਐਸਾ ਧਨ ਕੱਠਾ ਕਰਕੇ (ਜੋ) ਸ਼ਾਹ ਸਦਾਵੇ (ਓਹ) ਦੁਖਿਧਾ ਵਿਚ ਖੁਆਰ ਹੁੰਦਾ ਹੈ। ਸੱਚਿਆਂ ਨੇ ਸੱਚ ਕੱਠਾ ਕੀਤਾ ਹੈ, (ਉਹ) ਸੱਚਾ ਨਾਮ ਉੱਜਲ ਤੇ ਨਿਰਮਾਇਲ[4] ਹਰੀ (ਦਾ ਹੈ ਜਿਸ ਕਰਕੇ ਉਹ) ਅਮੋਲਕ (ਰਤਨ) ਹੈ। (ਇਸ ਰਤਨ ਦੇ ਆਧਾਰ ਕਰਕੇ ਉਨ੍ਹਾਂ ਸਚਿਆਰਾਂ ਦਾ) ਬੋਲ (ਸਦਾ) ਸੱਚਾ (ਹੁੰਦਾ ਹੈ ਤੇ ਬੋਲ ਦੇ ਸੱਚੇ ਹੋਣ ਕਰਕੇ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ) ਸੱਚੀ ਪਤ (ਬਣ ਜਾਂਦੀ ਹੈ)। (ਰਤਨਾਂ ਦੀ ਸ਼ੋਭਾ ਉਜਲ ਨਿਰਮਾਇਲ ਤੇ ਅਮੋਲ ਆਦਿ ਦੇਂਦੇ ਹੋਏ, ਅਚੇਤਨ ਤੋਂ ਵਿਤ੍ਰੇਕ ਕਰਣ ਵਾਲੇ ਗੁਣਾਨੁਵਾਦ ਦਵਾਰਾ ਉਸ ਚੇਤਨ ਦਾ ਸਰੂਪ ਦੱਸਦੇ ਹਨ)! ਤੂੰ ਸਰੋਵਰ (ਦੀ ਤਰ੍ਹਾਂ ਰਤਨਾਂ ਦੀ ਖਾਣ ਤੇ ਰਤਨਾਂ ਦੀ ਸਾਰ ਜਾਣਨੇ ਵਾਲਾ), ਤੂੰ ਹੀ ਸੱਜਣ ਹੈਂ, ਤੂੰ ਹੀ ਮਿਤ੍ਰ ਹੈਂ, (ਪਰ ਤੂੰ), ਸੁਜਾਣ (ਦਾਨਾ ਮਿੱਤਰ ਹੈਂ)। (ਇਹ) ਸਚਾ ਠਾਕੁਰ (ਜਿਸ ਦੇ) ਮਨ ਵਿਚ ਵਸੇ ਉਸ (ਸੱਚੇ ਸ਼ਾਹ) ਦੇ ਮੈਂ ਬਲਿਹਾਰੀ ਹਾਂ। (ਸੋ ਹੇ ਪਾਂਡੇ ਤੂੰ) ਮੋਹ ਲੈਣ ਵਾਲੀ ਮਾਇਆ ਮਮਤਾ (ਵਿਚ ਨਾ ਲਿਪਾਇਮਾਨ ਹੋ ਪਰ) ਜਿਸਨੇ (ਇਹ) ਰਚੀ ਹੈ ਉਸਨੂੰ ਜਾਣ! (ਫਿਰ ਤੂੰ ਸੁਜਾਣ ਹੋ ਜਾਏਂਗਾ) ਸੁਜਾਣ ਪੁਰਖ ਬੁਝ ਲੈਂਦਾ ਹੈ ਕਿ ਇਹ ਬਿਖਿਆ (ਮਾਇਆ ਬੀ) ਇਕ ਅੰਮ੍ਰਿਤ ਹੈ[5]॥੪੮॥

---

੧. ਆਪੁ-ਆਪਾ ਭਾਵ, ਹੰਕਾਰ। ੨. ਮਰਨ ਵੇਲੇ ਨਾਲ ਨਹੀਂ ਜਾਂਦਾ ਤਾਂਤੇ ਕੱਚਾ, ਵਿਕਾਰਾਂ ਦਾ ਸਹਾਈ ਹੋਣ ਕਰਕੇ ਵਿਹੁ ਰੂਪ। ੩. ਨਾਸ਼ਮਾਨ ਹੋਣ ਕਰਕੇ ਸੁਆਹ ਰੂਪ। ੪. ਉਜਲ, ਉਹ ਰਤਨ ਜੋ ਬਹੁਤ ਚਮਕਦਾਰ ਹੋਵੇ। ਪਾਣੀ ਦਾ ਸਾਫ। ਨਿਰਮਾਇਲ-ਉਹ ਰਤਨ ਜੋ ਮੂਲੋਂ ਹੀ ਦੋਸ਼ ਰਹਿਤ ਹੋਵੇ। ਅਥਵਾ, (ਉਹ) ਸੱਚਾ ਨਾਮ ਉਜਲ ਤੇ ਨਿਰਮਾਇਲ ਹਰੀ ਦਾ ਰੂਪ ਹੈ। ੫. ਇਸ ਤੁਕ ਦਾ ਯਥਾਰਥ ਭਾਵ ਤੀਸਰੇ ਸਤਿਗੁਰਾਂ ਨੇ ਖੁਹਲਿਆ ਹੈ:- ☞

ਸੂਚਨਾ- ਸੰਸਾਰ ਨਾਲ ਜੋ ਵਰਤੋਂ ਹੈ ਉਸ ਵਿਚ ਹਉਮੈ ਦੂਰ ਕਰਨ ਦਾ ਅਮਲੀ ਤ੍ਰੀਕਾ 'ਖਿਮਾ' ਹੈ। ਇਸੇ 'ਹਉਮੈਂ' ਬਾਬਤ ਪਉੜੀ ੪੭ ਵਿਚ ਦੱਸ ਆਏ ਹਨ ਕਿ ਉਹ ਅੰਦਰੋਂ ਕਿਵੇਂ ਦੂਰ ਕਰਨੀ ਹੈ, ਪਰ ਉਹ ਆਪੇ ਤੇ ਹਰੀ ਦੇ ਸੰਬੰਧ ਵਿਚ ਸੀ, ਹੁਣ ਇਸ ਪਉੜੀ ਵਿਚ ਆਪੇ ਤੇ ਸ੍ਰਿਸ਼ਟੀ ਦੇ ਸੰਬੰਧ ਵਿਚ ਹਉਮੈਂ ਨਿਵਿਰਤੀ ਦਾ ਪ੍ਰਕਾਰ ਦੱਸਿਆ ਹੈ।

**ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥**

**ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥**

**ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥**

**ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥**

**ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ॥**

ਖਿਮਾਂ ਤੋਂ ਖਾਲੀ (ਪੁਰਖਾਂ ਦੀਆਂ) ਲੱਖਾਂ ਤੇ ਅਣਗਿਣਤ ਖੂਹਣੀਆਂ ਖਪ ਗਈਆਂ[1] (ਮੁੱਕ ਗਈਆਂ, ਉਨ੍ਹਾਂ ਦੀ) ਗਿਣਤੀ ਨਹੀਂ ਹੁੰਦੀ, ਕਿਕੁਰ ਗਿਣਤੀ ਕਰਾਂ? ਬੇਅੰਤ[2] ਹੀ ਖਪ ਖਪ ਕੇ[3] ਮਰ ਗਏ। (ਜੋ) ਆਪਣਾ ਖਸਮ ਪਛਾਣ ਲਵੇ, ਉਸ ਦਾ (ਹਉਮੈ ਦਾ) ਬੰਧਨ ਖੁੱਲ੍ਹ ਜਾਂਦਾ ਹੈ (ਤੇ ਉਸ ਨੂੰ ਫੇਰ ਮੁੜ ਕੇ) ਨਹੀਂ ਪੈਂਦਾ। (ਹੇ ਪਾਂਡੇ!) ਤੂੰ ਸ਼ਬਦ ਦੁਆਰਾ ਖਰਾ ਮਹਲ ਵਾਸੀ[4] (ਤਦੇ ਹੈਂ ਜੇ ਤੂੰ) ਖਿਮਾ ਤੇ ਸਚ[5] ਸਹਜ ਸੁਭਾਵਕ ਹੀ[6] (ਧਾਰਨ ਕਰ ਲਏ ਹਨ। ਜਦੋਂ)[7] ਮਨ ਦੇ ਅੰਦਰ ਧੀਰਜ (ਆਦਿ) ਗੁਣਾਂ (ਨੇ ਪ੍ਰਵੇਸ਼ ਕਰ ਲਿਆ ਹੈ, ਅਤੇ ਜਦੋਂ) ਮਨ ਤਨ ਤੇ ਮੁਖ ਦੁਆਰਾ (ਐਸਾ ਨਾਮ) ਜਪੀਣ ਲੱਗ ਪਿਆ ਹੈ (ਕਿ ਨਾਮ) ਆਪੇ ਹੀ (ਸਾਰੇ) ਸਰੀਰ ਵਿਚ ਵਸਣ ਲੱਗ ਪਿਆ ਹੈ (ਤਾਂ) ਤੂੰ ਖਰਾ ਧਨ[8] ਅਤੇ ਧਿਆਨ[9]

---

੧. ਦੂਰ ਹੋ ਗਈਆਂ, ਨਾਸ਼ ਹੋ ਗਈਆਂ। ਧੁਨੀ ਹੈ ਕਿ ਉਹ ਅਪ੍ਰਾਪਤੀ ਵਿਚ ਚਲੀਆਂ ਗਈਆਂ।

੨. ਬਿ+ਸੰਖ=ਅਣਗਿਣਤ।

੩. ਛਿੱਥੇ ਹੋ ਕੇ, ਝਖ ਝਖ ਕੇ।

੪. ਮਹਲ ਵਿਚ ਜੋ ਨਿਵਾਸ ਰਖੇ ਸੋ ਮਹਲੀ। ਸ਼ਬਦ ਮਹਲੀ=ਸ਼ਬਦ ਵਿਚ ਨਿਵਾਸੀ, ਨਾਮੀ ਪੁਰਖ।

੫. ਸੱਚ ਦਾ ਧਾਰਨੀ ਨਜਾਯਸ਼ੀਲ ਹੁੰਦਾ ਹੈ। ਤੁਲਵੇਂ ਨਜਾਯ ਵਿਚ ਖਿਮਾ (ਦਇਆ) ਨਹੀਂ ਹੁੰਦੀ। ਸਤਿਗੁਰ ਦੱਸ ਰਹੇ ਹਨ ਕਿ ਸੱਚ ਤੇ ਖਿਮਾ ਦੀ ਸੰਮਿਲਤ ਵਰਤੋਂ ਨਾਮੀ ਪੁਰਖ ਦੇ ਸੁਭਾਵ ਵਿਚ ਰਚੀ ਹੋਈ ਹੁੰਦੀ ਹੈ।

੬. ਸੁਖ ਭਾਇ=ਸੁਖ ਦੇ ਭਾਵ ਨਾਲ ਸਹਜ ਸੁਭਾਵਕ। ਇਥੇ ਦਾਨਿਆਂ ਨੇ 'ਖਿਮਾ ਸਚੁ ਸੁਖ ਭਾਇ' ਦੇ ਹੋਰ ਅਰਥ ਬੀ ਲਾਏ ਹਨ। ਯਥਾ-ਖਿਮਾ ਤੇ ਪ੍ਰੇਮ ਨਿਸਚੇ ਸੁਖਦਾਈ ਹੈ। ਪੁਨਾ: ਖਿਮਾ, ਸੱਚ, ਸੁਖ, ਪ੍ਰੇਮ ਚਾਹੀਦੇ ਹਨ ਆਦਿ।

੭. ਛੇਵੀਂ ਤੁਕ ਦਾ ਅਰਥ ਪਹਿਲੋਂ ਤੇ ਪੰਜਵੀਂ ਦਾ ਉਸ ਦੇ ਨਾਲ ਹੈ; ਫੇਰ ਅੱਠਵੀਂ ਤੇ ਫੇਰ ਸੱਤਵੀਂ ਦਾ।

੮. ਨਾਮ ਦਾਨ ਦੇਹ।

੯. ਤਵੱਜੋ, ਦਇਆ ਵਾਲੀ ਤਵੱਜੋ ਸੰਸਾਰ ਨੂੰ ਦੇਹ। ਕ੍ਰਿਪਾ ਦ੍ਰਿਸ਼ਟੀ ਕਰ।

☞ ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥ ਨਾਨਕ ਸੋਈ ਉਬਰੈ ਜਿ ਸਚਿ ਰਹੇ ਲਿਵ ਲਾਇ॥੨॥ (ਵਾਰ ਗੂਜਰੀ ਮ:੩-੫/੫੧੦)। ਭਾਵ ਵਿਖ ਵਾਲੀ ਮਾਇਆ ਦੀ ਵਿਹੁ ਗੁਰਮੁਖ ਗਾਰੜੂ ਹੋ ਕੇ ਵਿਸ ਝਾੜ ਕੇ ਯੋਗ ਵਰਤਾਉ ਕਰਦੇ ਹਨ, ਇਹ ਉਪਦੇਸ਼ ਹੈ ਗੁਰੂ ਕੇ ਦੱਸੇ ਮਾਰਗ 'ਪ੍ਰਵਾਣ ਗ੍ਰਿਹਸਤ ਉਦਾਸ' ਦਾ। ਜੇ ਬਿਖਿਆ ਦੇ ਥਾਂ ਪਾਠ ਬਿਖੁ ਹੁੰਦਾ ਤਾਂ ਤੁਕ ਦੇ ਅਰਥ ਹੁੰਦੇ ਬਿਖ ਤੇ ਅੰਮ੍ਰਿਤ ਦੁਏ ਇਕ ਹਨ, ਜੈਸੇ ਵਾਕ ਹੈ- 'ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ'। (ਸੁਖਮਨੀ-੯) ਪਰ ਸਿਆਣੇ ਇਹ ਅਰਥ ਬੀ ਲਾ ਲੈਂਦੇ ਹਨ।


www.sikhbookclub.com

ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥ ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥ ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ॥੪੯॥

ਖਰਚ ਕਰ[1]। (ਜੰਤੁ ਉਪਾਇ=) ਵਜਕਤੀ ਵਾਲੀ ਰਚਨਾ ਹਿਤ ਕਰਤੇ ਨੇ ਜੰਤੂਆਂ ਵਿਚ (ਹਉਮੈਂ) ਪਾਈ ਸੀ (ਪਰ ਉਹ ਆਪ ਇਸ ਹਉਮੈਂ ਤੋਂ) ਵੱਖਰਾ ਤੇ ਪਰ੍ਹੇ ਰਿਹਾ (ਇਹ) ਹਉਮੈਂ (ਹੀ ਜੀਵਾਂ ਨੂੰ ਪਰਸਪਰ) ਖਪਾਉਂਦੀ ਰਹਿੰਦੀ ਹੈ (ਕਿਉਂਕਿ) ਦੂਜੀ ਵਸਤੂ (ਆਪਣੇ ਤੋਂ ਜੁਦਾ ਗੈਰ ਸ਼ੈ ਦੀ ਸੰਭਾਵਨਾ ਏਸੇ ਦਾ) ਵਿਗਾੜ ਹੈ[2]॥੪੯॥

ਪਿਛਲੀ ਪਉੜੀ ਵਿਚ ਦੱਸ ਆਏ ਹਨ ਕਿ ਕਰਤਾ ਅਲੱਗ ਅਪਾਰ ਹੈ। ਫੇਰ ਸੁਆਲ ਪੈਦਾ ਹੁੰਦਾ ਹੈ ਕਿ ਉਹ ਸ੍ਰਿਸ਼ਟੀ ਦਾ ਰਚਣਹਾਰ ਕਿਸ ਤਰ੍ਹਾਂ ਹੈ। ਏਥੇ ਦੱਸਦੇ ਹਨ ਕਿ ਇਹ ਭੇਤ ਵਾਲੀ ਗੱਲ ਹੈ ਤੇ ਉਸ:-

ਸ੍ਰਿਸਟੇ ਭੇਉ ਨ ਜਾਣੈ ਕੋਇ॥
ਸ੍ਰਿਸਟਾ ਕਰੈ ਸੁ ਨਿਹਚਉ ਹੋਇ॥
ਸੰਪੈ ਕਉ ਈਸਰੁ ਧਿਆਈਐ॥
ਸੰਪੈ ਪੁਰਬਿ ਲਿਖੇ ਕੀ ਪਾਈਐ॥
ਸੰਪੈ ਕਾਰਣਿ ਚਾਕਰ ਚੋਰ॥
ਸੰਪੈ ਸਾਥਿ ਨ ਚਾਲੈ ਹੋਰ॥
ਬਿਨੁ ਸਾਚੇ ਨਹੀ ਦਰਗਹ ਮਾਨੁ॥
ਹਰਿ ਰਸੁ ਪੀਵੈ ਛੁਟੈ ਨਿਦਾਨਿ॥ ੫੦॥

ਸ੍ਰਿਸ਼ਟੇ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਿਆ (ਪਰ ਇਤਨੀ ਗੱਲ ਨਿਸਚੇ ਪੂਰਬਕ ਹੈ ਕਿ ਉਹ ਕਰਤਾ ਹੈ ਤੇ ਜੋ ਕੁਛ ਉਹ) ਸ੍ਰਿਸ਼ਟਾ ਕਰਦਾ ਹੈ ਉਹ ਅਵੱਸ਼ ਹੋ ਕੇ ਰਹਿੰਦਾ ਹੈ। (ਹੁਣ ਤੁਸੀਂ ਉਸ ਸ੍ਰਿਸ਼ਟੇ ਦੀ ਪ੍ਰਾਪਤੀ ਵਿਚ ਨਹੀਂ ਲੱਗ ਰਹੇ ਪਰ ਰਚੇ ਗਏ ਸ਼ਿਵ ਆਦਿਕਾਂ ਵਿਚ ਲੱਗ ਰਹੇ ਹੋ ਜੋ ਕਿ ਉਸ ਨੂੰ ਜਾਣਦੇ ਬੀ ਨਹੀਂ! ਫਿਰ ਇਨ੍ਹਾਂ ਦੇ ਮਗਰ ਬੀ ਤੁਸੀਂ ਦੌਲਤ ਲਈ ਪਏ ਹੋਏ ਹੋ ਪਰ)[3] ਜਦ ਦੌਲਤ ਪਿੱਛੇ ਲਿਖੇ (ਹੋਏ ਕਰਮਾਂ) ਦੀ ਪ੍ਰਾਪਤੀ ਹੋ ਜਾਂਦੀ ਹੈ (ਤਾਂ ਇਸ) ਸੰਪਤੀ ਲਈ ਈਸ਼ਰ (ਨੂੰ ਬੀ ਕਿਉਂ) ਧਿਆਈਏ। ਸੰਪਤੀ ਦੀ ਖ਼ਾਤਰ (ਲੋਕ) ਚਾਕਰ ਤੇ ਚੋਰ (ਬੀ ਬਣਦੇ ਹਨ ਤੇ ਏਥੇ ਓਥੇ ਦੁਖ ਪਾਉਂਦੇ ਹਨ, ਪਰ ਨਹੀਂ ਸੋਚਦੇ ਕਿ ਨਾਮ ਬਿਨਾਂ) ਹੋਰ ਸੰਪਤੀ (ਅੱਗੇ ਨਾਲ ਨਹੀਂ ਜਾਂਦੀ।) (ਪੱਕ ਜਾਣ ਲੈ ਕਿ) ਦਰਗਾਹ ਵਿਚ ਸੱਚੇ (ਨਾਮ) ਬਿਨਾ ਮਾਣ ਨਹੀਂ (ਪ੍ਰਾਪਤ ਹੁੰਦਾ, ਉਥੇ ਤਾਂ ਜੋ) ਹਰਿ ਰਸ ਪੀਵੇਗਾ ਉਹੋ ਅੰਤ ਨੂੰ ਮੁਕਤ ਹੋਵੇਗਾ॥੫੦॥

---

੧. ਐਉਂ ਬੀ ਸਿਆਣ ਲਾਉਂਦੇ ਹਨ- ਤੂੰ ਧਜਾਨ ਰੂਪੀ ਖਰਾ ਧਨ ਖਰਚ ਕਰ (ਭਾਵ ਧਜਾਨ ਲਾ), ਆਪ ਤੇਰੇ ਸਰੀਰ ਵਿਚ ਸਾਈਂ ਵਸੇਗਾ। (ਜਦੋਂ ਤੂੰ) ਮਨ ਤਨ ਮੁਖ ਦ੍ਵਾਰਾ ਸਦਾ ਨਾਮ ਜਪੇਂਗਾ (ਤੇਰੇ) ਅੰਦਰ ਗੁਣ (ਆਉਣਗੇ ਤੇ) ਮਨ ਵਿਚ ਧੀਰਜ। (ਜੋ) ਹਉਮੈਂ ਵਿਚ ਖਪੇ ਖਪਾਏਗਾ। (ਜਾਣ ਲਵੇ ਕਿ ਇਹ ਦੇਹ ਅਭਿਮਾਨ) ਦੂਜੀ ਵਸਤੂ ਹੈ। (ਮੁੜ ਉਸ ਲਈ) ਕਰਤਾ ਸਰੀਰ ਪੈਦਾ ਕਰਕੇ (ਉਸ ਨੂੰ) ਵਿਚ ਪਾਏਗਾ, ਪਰ ਆਪ ਉਹ ਅਪਾਰ ਅਲੱਗ ਹੈ ਸਦਾ।

੨. ਭਾਵ-ਹਉਮੈਂ, ਸ੍ਰਿਸ਼ਟੀ ਦੀ ਰਚਨਾ ਲਈ ਲੋੜੀਂਦੇ ਪਦਾਰਥਾਂ ਵਿਚੋਂ ਇਕ ਜ਼ਰੂਰੀ ਸ਼ੈ ਹੈ, ਜੋ ਪ੍ਰਾਣੀ ਮਾਤ੍ਰ ਨੂੰ ਅਲੱਗ ਅਲੱਗ ਹਸਤੀ ਦੇਂਦੀ ਹੈ, ਪਰ ਪ੍ਰਾਣੀਆਂ ਨੇ ਏਸੇ ਹਉਮੈਂ ਨੂੰ ਵਿਗਾੜ ਕੇ ਆਪਣੀ ਪਰਸਪਰ ਵਰਤੋਂ ਵਿਚ ਦ੍ਵੈਤ ਭਾਵ ਦਾ ਵਿਗਾੜ ਪੈਦਾ ਕਰ ਲੀਤਾ ਹੈ, ਜਿਸ ਕਰਕੇ ਆਪਸ ਵਿਚ ਖਪਦੇ ਖਪਾਉਂਦੇ ਰਹਿੰਦੇ ਹਨ। ਇਸ ਜਗਤ ਵਰਤੋਂ ਵਿਚ ਆਉਣ ਵਾਲੀ ਹਉਮੈ ਦਾ ਦਾਰੂ ਖਿਮਾ ਹੈ, ਜਿਸ ਦੀ ਵਜਾਖਜਾ ਇਸ ਪਉੜੀ ਵਿਚ ਕੀਤੀ ਗਈ ਹੈ।

੩. ਚੌਥੀ ਤੁਕ ਦਾ ਅਰਥ ਪਹਿਲੋਂ ਹੈ।


www.sikhbookclub.com

ਸੂਚਨਾ- ਪਾਂਧੇ ਦਾ ਕੰਮ ਚੂੰਕਿ ਪੜ੍ਹਨ ਪੜ੍ਹਾਉਣ ਦਾ ਸੀ, ਇਸ ਲਈ ਇਸ ਅੰਕ ਵਿਚ ਉਸ ਪ੍ਰਤੀ ਉਪਦੇਸ਼ ਦੇਂਦੇ ਹਨ ਕਿ ਫੋਕੀ ਪੜ੍ਹਾਈ ਨਾਲ ਅਸਲ ਗਜਾਨ ਪ੍ਰਾਪਤ ਨਹੀਂ, ਜੋ ਕੇਵਲ ਜਗਜਾਸੂ ਦੀ ਹੈਰਾਨੀ ਤੇ ਹੰਕਾਰ ਨੂੰ ਵਧਾਉਂਦੀ ਰਹਿੰਦੀ ਹੈ। ਪੜ੍ਹਾਈ ਤੇ ਹੋਰ ਕਰਮ ਧਰਮ ਦੇ ਸਾਧਨ ਛੁੱਟੜ ਇਸਤ੍ਰੀ ਦੇ ਸਿੰਗਾਰ ਵਾਕੁਣ ਨਿਸ਼ਫਲ ਯਤਨ ਹਨ।

ਹੇਰਤ ਹੇਰਤ ਹੇ ਸਖੀ ਹੋਇ
ਰਹੀ ਹੈਰਾਨੁ॥

ਹਉ ਹਉ ਕਰਤੀ ਮੈ ਮੁਈ
ਸਬਦਿ ਰਵੈ ਮਨਿ ਗਿਆਨੁ॥

ਹਾਰ ਡੋਰ ਕੰਕਨ ਘਣੇ ਕਰਿ
ਥਾਕੀ ਸੀਗਾਰੁ॥

ਮਿਲਿ ਪ੍ਰੀਤਮ ਸੁਖੁ ਪਾਇਆ
ਸਗਲ ਗੁਣਾ ਗਲਿ ਹਾਰੁ॥

ਨਾਨਕ ਗੁਰਮੁਖਿ ਪਾਈਐ ਹਰਿ
ਸਿਉ ਪ੍ਰੀਤਿ ਪਿਆਰੁ॥

ਹਰਿ ਬਿਨੁ ਕਿਨਿ ਸੁਖੁ ਪਾਇਆ
ਦੇਖਹੁ ਮਨਿ ਬੀਚਾਰਿ॥

ਹਰਿ ਪੜਣਾ ਹਰਿ ਬੁਝਣਾ
ਹਰਿ ਸਿਉ ਰਖਹੁ ਪਿਆਰੁ॥

ਹਰਿ ਜਪੀਐ ਹਰਿ ਧਿਆਈਐ
ਹਰਿ ਕਾ ਨਾਮੁ ਅਧਾਰੁ॥੫੧॥

੧. 'ਹੇ ਸਖੀ! (ਮੈਂ ਦਰੋ ਦਰ) ਦੇਖਦੀ ਭਾਲਦੀ (ਰਹੀ ਭਾਵ ਅਨੇਕ ਮਤ ਮਤਾਂਤ੍ਰ ਘੋਖਦੀ ਰਹੀ ਪਰ ਹੈਰਾਨ ਹੋ ਹੋ ਕੇ (ਰਹਿ ਜਾਂਦੀ) ਰਹੀ, (ਪੱਲੇ ਕੁਛ ਨਾ ਪਿਆ), ੩. (ਇਸ ਤਰ੍ਹਾਂ) ਹਾਰ, ਡੋਰ, ਕੜੇ (ਆਦਿ ਭੂਸ਼ਣਾਂ ਨਾਲ) ਬਹੁਤ ਸ਼ਿੰਗਾਰ ਕਰ ਕਰ ਕੇ ਥੱਕ ਗਈ, (ਭਾਵ, ਹੋਰ ਸਾਧਨਾਂ ਤੇ ਹੋਰ ਗੁਣਾਂ ਦੇ ਧਾਰਨ ਨਾਲ ਥਕਾਨ ਹੀ ਪੱਲੇ ਪਿਆ। ੨. ਪਰ) ਨਾਮ ਦੇ ਜਪਣ ਨਾਲ ਮਨ ਵਿਚ ਗਿਆਨ ਹੋ ਆਇਆ (ਤੇ ਮੇਰੀ) ਮੈਂ (ਜੋ ਹੇਰਨ ਵਿਚ ਤੇ ਸ਼ਿੰਗਾਰਨ ਵਿਚ) ਹਉਂ ਹਉਂ ਕਰਦੀ ਰਹੀ ਸੀ (ਸੋ ਬੀ) ਮਰ ਗਈ। (ਸ਼ਬਦ ਦੁਆਰਾ 'ਮੈਂ' ਮਰ ਕੇ ਜੋ ਗਜਾਨ ਪ੍ਰਾਪਤ ਹੋਇਆ ਹੈ ਸੋ ਸੁੰਨ ਦਸ਼ਾ ਨਹੀਂ ਉਹ ਪ੍ਰੀਤਮ ਮਿਲਾਪ ਹੈ, ਉਹ ਮਿਲਾਪ ਬੇਸੁਧੀ ਮਾਤ੍ਰ ਨਹੀਂ ਪਰ ਸੁਖ ਰੂਪ ਹੈ। ਮੈਂ ਇਹ ਗੱਲ ਤਜਰਬੇ ਨਾਲ ਕਹਿ ਰਹੀ ਹਾਂ, ਕਿ ੪. ਮੈਂ ਉਸ) ਪ੍ਰੀਤਮ ਨੂੰ ਮਿਲ ਕੇ ਸੁਖ ਪਾਇਆ ਹੈ, (ਤੇ ਹੁਣ ਪ੍ਰੀਤਮ ਕਦੇ ਮਿਲਦਾ ਕਦੇ ਵਿਛੁੜਦਾ ਨਹੀਂ ਸਗੋਂ) ਗਲ ਵਿਚ ਪਏ ਹਾਰ (ਵਾਂਙੂ ਉਹ) ਸਾਰੇ ਗੁਣਾਂ ਦਾ ਹਾਰ (ਮੈਨੂੰ ਸਦੀਵ ਪ੍ਰਾਪਤ) ਹੈ। ੬. (ਸੋ ਹੇ ਪਾਂਧੇ!) ਮਨ ਵਿਚ ਵੀਚਾਰ ਕਰਕੇ ਦੇਖ ਲੈ ਕਿ ਹਰਿ ਦੇ (ਐਕੁਰਾਂ ਮਿਲੇ) ਬਾਝ ਕਿਸ ਨੇ ਸੁਖ ਪਾਇਆ ਹੈ। ੫. (ਹਰੀ ਮਿਲਦਾ ਹੈ ਪਜਾਰ ਕਰਨ ਨਾਲ ਤੇ) ਉਹ ਹਰੀ ਦੀ ਪ੍ਰੀਤ ਤੇ ਉਸ ਦਾ ਪਿਆਰ ਗੁਰਮੁਖ ਦੁਆਰਾ ਪ੍ਰਾਪਤ ਹੁੰਦਾ ਹੈ, ਹੇ ਨਾਨਕ! ੭.੮. (ਗੁਰਮੁਖ ਪ੍ਰੀਤ ਕਰਨ ਦੀ ਜਾਚ ਕੀਹ ਦੱਸਦਾ ਹੈ? ਉੱਤਰ-) ਹਰਿ ਦਾ ਹੀ ਪੜ੍ਹਨਾ ਕਰੀਏ, ਹਰੀ ਦੀ ਹੀ ਸਮਝ ਪੈਦਾ ਕਰੀਏ, ਹਰਿ ਨੂੰ ਜਪੀਏ, ਹਰਿ ਨੂੰ ਧਿਆਈਏ, ਹਰੀ ਦੇ ਨਾਮ ਦਾ ਆਸਰਾ ਲਈਏ, (ਐਉਂ) ਰਖੋ ਹਰੀ ਨਾਲ ਪਜਾਰ[2] ॥੫੧॥

---

੧. ਤੁਕਾਂ ਦੇ ਅਰਥ ਅਗੇ ਪਿਛੇ ਲਾ ਕੇ ਢੁਕਦੇ ਹਨ, ਸੋ ੧,੩,੨,੪,੬,੫,੭,੮, ਅੰਗ ਤੁਕਾਂ ਦੇ ਅਰਥਾਂ ਵਿਚ ਕ੍ਰਮ ਦੱਸਦੇ ਹਨ।

੨. ਅਰਥ ਐਉਂ ਬੀ ਲਾਉਂਦੇ ਹਨ :- ਹੇ ਸਖੀ (-ਹੇ ਪਾਂਧੇ! ਮੈਂ ਇਹ ਗੱਲ) ਦੇਖ ਦੇਖ ਕੇ ਅਚਰਜ ਹੋ ਰਹੀ ਹਾਂ ਕਿ ਹਾਰ ਡੋਰ ਕੰਗਣ (ਆਦਿ ਪਹਿਨ ਕੇ) ਬਹੁਤੇ ਸ਼ੀਗਾਰ ਕਰ ਕਰ ਥੱਕ ਗਈ, (ਬਣਿਆ ਕੁਛ ਨਾਂ: ਪਰ) ਨਾਮ ਜਪਣ ਨਾਲ ਮਨ ਵਿਚ ਗਜਾਨ (ਉਦੇ ਹੋ ਗਿਆ ਤਾਂ) ਮੈਂ (ਜੋ) ਹਉਂ ਹਉਂ ਕਰਦੀ ਸੀ ਮਰ ਗਈ। (ਤਦ) ਪ੍ਰੀਤਮ ਨੂੰ ☞

ਸੂਚਨਾ- ਅਗੇ ਅੰਕ ੫੪ ਵਿਚ ਪੱਟੀ ਦਾ ਜ਼ਿਕਰ ਹੈ, ਮਾਨੋਂ ਪਾਂਧੇ ਦੀ ਪੱਟੀ ਗੁਰੂ ਜੀ ਦੇ ਅੱਗੇ ਪਈ ਹੈ। ਉਸ ਪੱਟੀ ਦੇ ਦੋ ਅਮਲ ਹਨ: ਇਕ ਲਿਖਣਾ ਤੇ ਦੂਸਰੇ ਲਿਖੀ ਹੋਈ ਨੂੰ ਪੜ੍ਹਨਾ। ਪੜ੍ਹਨ ਬਾਬਤ ਪਿਛਲੇ ਅੰਕ ਵਿਚ ਦੱਸ ਆਏ ਹਨ ਕਿ ਅਸਲ ਪੜ੍ਹਨਾ ਕੀਹ ਹੈ, ਜੋ ਕੁਛ ਪਾਂਧਾ ਪੜ੍ਹਾ ਰਿਹਾ ਹੈ ਉਸ ਦੀ ਅਸਾਰਤਾ ਪਿਛੇ ਇਸੇ ਬਾਣੀ ਵਿਚ ਕਈ ਥਾਂਈਂ ਦੱਸਦੇ ਆਏ ਹਨ ਹੁਣ ਖਿਆਲ ਪੱਟੀ ਦੇ ਲਿਖਣ ਵਲ ਗਿਆ ਹੈ ਕਿ ਇਸ ਦਾ ਲਿਖਿਆ ਤਾਂ ਤੂੰ ਆਪੇ ਪੜ੍ਹਦਾ ਹੈਂ ਤੇ ਆਪੇ ਮੇਟ ਲੈਂਦਾ ਹੈਂ ਤੇ ਹੋਰ ਇਸ ਪਰ ਲਿਖ ਦੇਂਦਾ ਹੈਂ, ਪਰ ਇਕ ਲੇਖ ਹੋਰ ਹੈ ਸੋ ਤੂੰ ਨਹੀਂ ਖਿਆਲਦਾ। ਉਹ ਲੇਖ ਕਰਤਾ ਪੁਰਖ ਦਾ ਹੈ, ਜਿਸ ਦੇ ਲਿਖੇ ਨੂੰ ਕੋਈ ਨਹੀਂ ਮੇਟ ਸਕਦਾ। ਯਥਾ:- 'ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ॥'(ਪਨਾ:ਮ:੧-੭) ਇਹ ਗਲ ਇਸ ਅੰਕ ਵਿਚ ਦੱਸਦੇ ਹਨ:-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥**
**ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥**
**ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ॥**
**ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ॥**
**ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ॥**
**ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ॥**
**ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ॥**

੧. ਹੇ ਸਖੀ! ਜੋ (ਲੇਖ) ਕਰਤਾਰ ਨੇ ਲਿਖਿਆ ਹੈ (ਉਹ) ਲੇਖ ਨਹੀਂ ਮਿਟ ਸਕਦਾ। ੪. (ਉਸ ਲੇਖ ਵਿਚ ਜੋ ਹੁਕਮ) ਲਿਖਿਆ ਹੈ (ਉਸ ਦੇ ਅਮਲ ਦਰਾਮਦ ਨੂੰ ਭੀ) ਮੋੜਿਆ ਨਹੀਂ ਜਾ ਸਕਦਾ, (ਸੋ ਤੂੰ ਇਸ ਅਟੱਲ ਲੇਖ ਵਿਚ) ਜਿਵੇਂ ਭਾਵੀ (ਲਿਖੀ ਹੈ ਉਸ ਨਾਲ) ਤਿਵੇਂ ਹੀ ਸਾਰ ਲੈ (ਭਾਵ ਉਸ ਹੁਕਮੀ ਨੂੰ ਮੰਨ ਲੈ[੧] ਪਰ ਇਕ ਗੱਲ ਹੋ ਸਕਦੀ ਹੈ ਕਿ ਤੂੰ ਲੇਖਾਂ ਨੂੰ ਭੋਗਦੀ ਹੋਈ ਸੁਖੀ ਹੋ ਜਾਵੇਂ, ਉਹ ਐਉਂ ਹੈ ਕਿ) ੩. ਗੁਰੂ ਦੀ ਵੀਚਾਰ ਦੁਆਰਾ ਬੁੱਝ ਲੈ (ਕਿ ਸਭ) ਵਡਿਆਈਆਂ ਕਰਤਾਰ ਦੇ ਹੱਥ ਹਨ (ਫਿਰ ਉਹ ਕਰਤਾ ਕਿ) ੨. ਜਿਸ ਨੇ ਆਪੇ ਕਾਰਣ ਕੀਤਾ ਹੈ ਕ੍ਰਿਪਾ ਕਰਕੇ (ਤੇਰੇ ਹਿਰਦੇ ਵਿਚ) ਚਰਨ ਪਾਏਗਾ।

(ਹੁਣ ਆਪਣੀ ਸਾਖ ਭਰਦੇ ਹਨ ਸਨਮੁਖ ਅਰਦਾਸ ਵਿਚ ਜਾ ਕੇ, ਕਿ ਹੇ ਕਰਤੇ!) ਸ਼ਬਦ ਨੂੰ ਵੀਚਾਰ ਕੇ ਤੇਰੀ ਮਿਹਰ ਨਾਲ (ਅਸਾਂ) ਸੁਖ ਪਾਇਆ ਹੈ (ਕਹਿੰਦੇ ਹਨ ਗੁਰੂ) ਨਾਨਕ (ਦੇਵ) ੬. (ਫੇਰ ਸਖੀ=ਪਾਂਧੇ ਨੂੰ ਕਹਿੰਦੇ ਹਨ) ਮਨਮੁਖ (ਇਸ ਗਲੋਂ) ਭੁੱਲ ਗਏ, ਇਸ ਕਰਕੇ ਖਪ ਮੋਏ (ਪਰ ਗੁਰਮੁਖ) ਗੁਰੂ ਦੀ ਵੀਚਾਰ ਦੁਆਰਾ ਤਰ ਨਿਕਲੇ (ਭਾਵ ਸੁਖੀ ਹੋ ਗਏ)। ਜਿਹੜਾ (ਕਰਤਾ) ਪੁਰਖ ਨਜ਼ਰ ਨਹੀਂ ਆਉਂਦਾ ਉਸ ਦਾ ਵਰਣਨ ਕੀਹ ਕਹਿ ਕੇ ਹੋ ਸਕੇ? (ਪਰ) ਬਲਿਹਾਰਨੇ ਹਾਂ ਉਸ ਆਪਣੇ

---

੧. (ਅ) ਐਉਂ ਵੀ ਕਰਦੇ ਹਨ, ਲਿਖਿਆ ਮਿਟ ਨਹੀਂ ਸਕਦਾ; (ਹੇ ਰੱਬ) ਜਿਵੇਂ ਭਾਵੇ ਤੈਨੂੰ ਸੰਭਾਲ ਕਰ ਸਾਡੀ।

☞ ਮਿਲ ਕੇ ਸੁਖ ਪ੍ਰਾਪਤ ਹੋਇਆ, ਸਾਰੇ ਗੁਣਾਂ ਵਾਲਾ, ਗਲੇ ਵਿਚ ਪਏ ਹਾਰ (ਵਾਂਙ। ਕਹਿੰਦੇ ਹਨ ਗੁਰੂ) ਨਾਨਕ: ਗੁਰਮੁਖ ਦੁਆਰੇ ਪਾਈਦਾ ਹੈ, ਪਰਮੇਸ਼ੁਰ ਨਾਲ ਪ੍ਰੀਤ ਤੇ ਪਜਾਰ। ਮਨ ਵਿਚ ਵਿਚਾਰ ਕਰਕੇ ਦੇਖੋ ਹਰੀ ਬਿਨਾ ਕਿਸ ਨੇ ਸੁਖ ਪਾਇਆ ਹੈ। ਵਾਹਿਗੁਰੂ (ਦੀ ਵਿਦਜਾ) ਪੜ੍ਹੋ, ਵਾਹਿਗੁਰੂ (ਦਾ ਗਜਾਨ) ਸਿੱਖੋ। ਵਾਹਿਗੁਰੂ ਨਾਲ ਪਜਾਰ ਕਰੋ। ਵਾਹਿਗੁਰੂ ਜਪੀਏ (ਰਸਨਾ ਨਾਲ), ਵਾਹਿਗੁਰੂ ਧਿਆਈਏ (ਹਿਰਦੇ ਨਾਲ) ਤੇ (ਅੰਦਰ ਆਪਣੇ) ਵਾਹਿਗੁਰੂ ਨਾਮ ਦਾ ਆਸਰਾ ਰਖੀਏ।

ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ॥੫੨॥

ਗੁਰੂ ਦੇ ਜਿਸ ਨੇ ਹਿਰਦੇ ਵਿਚ (ਉਹ ਕਰਤਾ ਪੁਰਖ) ਦਿਖਾ ਦਿਤਾ ਹੈ[1]॥੫੨॥

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥

ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥੫੩॥

(ਉਹ) ਪਾਂਧਾ (ਸਚ-ਮੁਚ) ਪੜ੍ਹਿਆ ਹੋਇਆ (ਪਾਂਧਾ) ਆਖਣਾ ਚਾਹੀਏ (ਕਿ ਪਹਿਲੇ ਜਿਸ ਦੇ) ਸੁਭਾਵ ਵਿਚ ਸਹਿਜ ਦਵਾਰਾ (ਪ੍ਰਾਪਤ) ਵਿਦਜਾ[2] (ਹੋਵੇ ਤੇ ਉਹ) ਵਿਚਾਰ ਵਿਚ ਆਵੇ। (ਫਿਰ ਪੜ੍ਹ ਕੇ ਪ੍ਰਾਪਤ ਹੋਈ) ਵਿਦਜ਼ਾ ਨੂੰ (ਉਹ ਸਹਿਜ ਉਪਲਬਧ ਵਿਦਜਾ ਨਾਲ) ਸੋਧ, ਫਿਰ ਦੁਹਾਂ ਵਿਚੋਂ) ਤਤ ਕੱਢ ਲਵੇ ਤੇ ਰਾਮ ਦੇ ਨਾਮ ਵਿਚ ਲਿਵ ਲਾਵੇ[3], ਪਰ) ਮਨਮੁਖ ਵਿਦਜਾ ਨੂੰ ਵੇਚਦਾ ਹੈ, ਬਿਖ ਖੱਟਦਾ ਹੈ ਤੇ ਬਿਖ ਖਾਂਦਾ ਹੈ, (ਕਿਉਂਕਿ ਉਹ) ਮੂਰਖ ਸ਼ਬਦ ਨੂੰ ਨਹੀਂ ਪਛਾਣਦਾ, (ਉਸ ਨੂੰ) ਸੂਝ (ਸਹਿਜ ਦੁਆਰਾ ਪ੍ਰਾਪਤ ਜੋ ਵਿਦਜਾ ਹੁੰਦੀ ਹੈ ਉਹ ਤੇ) ਬੂਝ (ਜੋ ਪੜ੍ਹ ਕੇ ਤੱਤ ਵਿਵੇਚਨ ਨਾਲ ਪ੍ਰਾਪਤ ਹੁੰਦੀ ਹੈ, ਦੁਹਾਂ ਵਿਚੋਂ) ਕੋਈ ਪ੍ਰਾਪਤ ਨਹੀਂ[4]॥੫੩॥

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥

(ਉਹ ਪਾਂਧਾ ਗੁਰਮੁਖ ਕਹਿਣਾ ਚਾਹੀਏ (ਜੋ) ਚੇਲਿਆਂ ਨੂੰ (ਇਹ) ਮੱਤ ਦਿੰਦਾ ਹੈ:-'ਨਾਮ ਨੂੰ ਸੰਭਾਲੋ (ਭਾਵ ਕਦੇ ਨਾਂ ਭੁੱਲੋ), ਨਾਮ ਕੱਠਾ ਕਰੋ[5]' (ਇਹ ਮੱਤ ਵਿਦਜਾਰਥੀਆਂ ਨੂੰ ਦੇ ਕੇ ਗੁਰਮੁਖ ਪਾਂਧਾ (ਅੰਮ੍ਰਿਤ ਰੂਪੀ) ਲਾਹਾ ਜਗਤ ਵਿਚ ਲਵੇ[6]। (ਹੇ

---

੧. ਇਸ ਅੰਕ ਦਾ ਭਾਵ ਇਹ ਹੈ ਕਿ ਲੇਖ ਮਿਟੇਗਾ ਨਹੀਂ, ਪਰ ਜੇ ਲੇਖਾਂ ਦੇ ਫਲ ਸ਼ਾਂਤੀ ਨਾਲ ਭੋਗਦਾ ਹੋਇਆ ਗੁਰ ਬੀਚਾਰ ਦੁਆਰਾ ਸ਼ਬਦ ਅਭਜਾਸ ਵਿਚ ਲੱਗ ਜਾਵੇਗਾ ਤਾਂ ਸੁਖੀ ਹੋ ਜਾਏਗਾ, ਸਾਂਈਂ ਉਸ ਦੇ ਅੰਦਰ ਆ ਵਸੇਗਾ। 'ਦੁਖ ਵਿਚਿ ਸੂਖ ਮਨਾਈ' ਦਾ ਪ੍ਰਕਾਰ ਇਸ ਅੰਕ ਵਿਚ ਹੈ।

੨. Intuition, Intuitive Knowledge.

੩. ਦਾਨੇ ਮਜਣ ਐਉਂ ਬੀ ਅਰਥ ਇਨ੍ਹਾਂ ਤੁਕਾਂ ਦਾ ਲਾਉਂਦੇ ਹਨ:- ਉਹ ਪਾਂਧਾ ਪੜ੍ਹਿਆ ਹੋਇਆ ਕਹਿਣਾ ਚਾਹੀਏ ਕਿ ਜੋ ਸੁਤੇ ਸੁਭਾਵ ਵਿਦਜਾ ਦਾ ਵੀਚਾਰ ਕਰਦਾ ਹੈ (ਵਿਵਾਦ ਵਾਸਤੇ ਨਹੀਂ ਕਰਦਾ ਤੇ ਉਸ ਵੀਚਾਰੀ ਹੋਈ) ਵਿਦਜ਼ਾ ਨੂੰ ਸੋਧਦਾ ਹੈ, ਉਸ ਵਿਚੋਂ ਤੱਤ ਨੂੰ ਗ੍ਰਹਣ ਕਰਦਾ ਹੈ ਤੇ ਰਾਮ ਦੇ ਨਾਮ ਵਿਚ ਲਿਵ ਲਾਉਂਦਾ ਹੈ।

੪. ਵਿਦਜਾ ਜਿਸ ਨਾਲ ਮਾਯਾ (ਅਗਜਾਨ) ਤੋਂ ਛੁਟਕਾਰਾ ਪਾਉਣਾ ਸੀ ਉਹ ਮਾਇਆ (ਸੰਪਤੀ) ਪ੍ਰਾਪਤੀ ਦਾ ਕਾਰਣ ਬਣਾ ਲਈ ਤੇ ਉਸ ਮਾਇਆ ਤੋਂ ਹਉ ਵਧੀ ਤੇ ਵਿਕਾਰਾਂ ਤੇ ਉਹ ਖਰਚ ਕੀਤੀ, ਜਿਸ ਨਾਲ ਕਿ ਅਗਜਾਨ ਨਾ ਦੂਰ ਹੋਇਆ।

੫. ਭਾਵ ਲਗਾਤਾਰ ਆਰਾਧਣ ਨਾਲ ਉਹ ਅੰਦਰ ਸੰਗ੍ਰਹ ਹੁੰਦਾ ਜਾਂਦਾ ਹੈ।

੬. ਪਿਛਲੇ ਅੰਕ ਵਿਚ ਮਨਮੁਖ ਦੀ ਵਿਦਜਾ ਦਾ ਹਾਲ ਦੱਸਿਆ ਸੀ ਤੇ ਉਸ ਦੇ ਟਾਕਰੇ ਤੇ 'ਅਸਲੀ ਵਿਦਵਾਨ' ਦੇ ਲੱਛਣ ਕਹੇ ਸਨ ਕਿ ਉਹ ਵਿਦਜਾ ਸੋਧਦਾ, ਤਤ ਨੂੰ ਲੈਂਦਾ ਤੇ ਨਾਮ ਵਿਚ ਲਿਵ ਲਾਉਂਦਾ ਹੈ। ਭਾਵ ਇਹ ਕਿ ਉਹ ਅਪਣਾ ਉਧਾਰ ਕਰਦਾ ਹੈ। ਇਸ ਅੰਕ ਵਿਚ ਉਸੇ ਅਸਲੀ ਪੜ੍ਹੇ ਪਾਂਧੇ ਨੂੰ ਗੁਰਮੁਖ ਕਿਹਾ ਹੈ ਤੇ ਲੱਛਣ ਇਹ ਕੀਤਾ ਹੈ ਕਿ ਜੋ ਪਰਮੇਸ਼ੁਰ ਦਾ ਨਾਮ ਗਲਿਹਾਰ ਵਾਂਙੂ ਪ੍ਰਾਪਤ ਕਰਕੇ ਅਗੋਂ ਚਾਟੜਿਆਂ ਨੂੰ ਨਾਮ ਦੀ ਸੁਮੱਤ ਦੇਵੇ।

ਸਚੀ ਪਟੀ ਸਚੁ ਮਨਿ ਪੜੀਐ
ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ
ਬੀਨਾ ਜਿਸੁ ਰਾਮ ਨਾਮੁ ਗਲਿ
ਹਾਰੁ ॥੫੪॥੧॥

ਭਾਈ!) ਮਨ ਵਿਚ ਸੱਚ (ਦਾ ਵਸਾਉਣਾ ਇਹ ਤਾਂ ਹੈ) ਸੱਚੀ ਪੱਟੀ (ਇਸ ਪਰ ਲਿਖਕੇ ਸੱਚਾ) ਸ਼ਬਦ (ਉਸ ਨੂੰ) ਪੜ੍ਹੀਏ (ਤੇ ਉਸ ਦਾ) ਸ੍ਰੇਸ਼ਟ ਤੱਤ (ਸਮਝੀਏ)[੧]। (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਜੀ) ਉਹ ਵਿਦਵਾਨ ਹੈ, ਉਹ ਪੰਡਿਤ ਹੈ, (ਉਹ ਖੁੱਲ੍ਹੇ ਨੈਣਾਂ ਵਾਲਾ) ਦਾਨਾ[੨] ਹੈ, ਜਿਸ ਦੇ ਗਲ ਵਿਚ ਰਾਮ ਨਾਮ (ਰੂਪੀ) ਹਾਰ ਹੈ[੩] ॥੫੪॥੧॥

---

੧. ਅਥਵਾ 'ਸ੍ਰੇਸ਼ਟ ਤੇ ਸਾਰ ਰੂਪ ਸ਼ਬਦ ਨੂੰ ਪੜ੍ਹੀਏ।'

੨. ਫ਼ਾ:, ਬੀਨਾ= ਦੇਖਣ ਵਾਲਾ। ਉਹ ਦਾਨਾ ਜਿਸ ਦੀ ਵਿਦਜਾ 'ਜਾਣਨ' ਤੇ 'ਅਨੁਭਵ' ਦੁਹਾਂ ਗੁਣਾਂ ਵਾਲੀ ਹੈ।

੩. ਭਾਵ, ਉਹ ਨਾਮ ਜੋ ਹਾਰ ਵਾਂਙੂ ਨਿਕਟ ਵਰਤੀ, ਸਦਾ ਪ੍ਰਾਪਤ ਤੇ ਨਿਰਯਤਨ ਅੰਗ ਸੰਗ ਰਹਿੰਦਾ ਹੈ।

# ਸਿਧ ਗੋਸਟਿ*

**ਰਾਮਕਲੀ ਮਹਲਾ ੧ ਸਿਧ ਗੋਸਟਿ**
**੧ਓ ਸਤਿਗੁਰ ਪ੍ਰਸਾਦਿ॥**

ਰਾਮਕਲੀ[1] (ਰਾਗ) ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਬਾਣੀ (ਜਿਸ ਦਾ ਨਾਮ) ਸਿਧ ਗੋਸਟਿ[2] ਹੈ। ਅਕਾਲ ਪੁਰਖ ਤੇ ਸਤਿਗੁਰ ਦੀ ਕ੍ਰਿਪਾ ਦੁਆਰਾ (ਲਿਖਦੇ ਹਾਂ ਅਗਲੀ ਬਾਣੀ)।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੯੩੮ ਤੋਂ ੯੪੬।

੧. ਰਾਮਕਲੀ ਨੂੰ ਰਾਗੀ ਸਵੇਰ ਵੇਲੇ ਗਾਉਂਦੇ ਹਨ।

੨. ਇਹ ਬਾਣੀ ਗੋਰਖ ਦੇ ਜੋਗ ਮਤ ਦੇ ਵਡਕਿਆਂ ਨਾਲ, ਜਿਨ੍ਹਾਂ ਨੂੰ ਸਿੱਧ ਕਹਿੰਦੇ ਸਨ, ਹੋਈ ਵੀਚਾਰ ਤੋਂ ਬਾਦ ਇਸ ਤਰ੍ਹਾਂ ਲਿਖੀ ਗਈ ਹੈ ਕਿ ਉਸ ਵੇਲੇ ਦੇ ਸਿਧਾਂਤ ਵਿਰੋਲੇ ਹੋਏ ਸਦਾ ਲਈ ਕੰਮ ਆਉਣ। ਗੋਸਟ ਪਦ ਦਾ ਅਰਥ ਹੈ: ਗਊਆਂ ਦੇ ਖੜੋਣ ਦਾ ਥਾਂ। ਦੂਸਰਾ ਅਰਥ ਹੈ: ਇਕੱਠ, ਵਾਰਤਾਲਾਪ, ਵੀਚਾਰ, ਮੁਬਾਹਿਸਾ। ਪੁਰਾਤਨ ਜਨਮ ਸਾਖੀ ਦਾ ਲੇਖਕ ਇਸ ਗੋਸਟ ਨੂੰ ਗੋਰਖ ਹਟੜੀ ਵਿਚ ਹੋਈ ਲਿਖਦਾ ਹੈ। ਪਰ ਇਸ ਸਾਖੀ ਤੋਂ ਪੁਰਾਤਨ ਭਾਈ ਗੁਰਦਾਸ ਜੀ ਹਨ। ਉਹ ਦੱਸਦੇ ਹਨ ਕਿ ਇਹ ਗੋਸਟ ਅਚਲ ਵਟਾਲੇ ਵਿਚ ਸਿਧਾਂ ਨਾਲ ਹੋਈ, ਅਤੇ ਇਸ ਦਾ ਚੰਗਾ ਵਿਸਥਾਰਵਾਂ ਹਾਲ ਓਹ ਅਪਣੀ ਪਹਿਲੀ ਵਾਰ ਦੀਆਂ ੩੯ ਤੋਂ ੪੪ ਤਕ ੬ ਪੌੜੀਆਂ ਵਿਚ ਦੇਂਦੇ ਹਨ। ਤੇ ਇਹ ਬੀ ਦੱਸਦੇ ਹਨ ਕਿ ਇਸ ਦੇ ਅਸਰ ਨਾਲ ਸਿਧਾਂ ਨੇ ਸ੍ਰੀ ਗੁਰੂ ਜੀ ਦੇ ਸ਼ਬਦ ਸਿਧਾਂਤ ਨੂੰ ਮੰਨ ਕੇ ਸ਼ਾਂਤੀ ਪ੍ਰਾਪਤ ਕੀਤੀ ਤੇ ਗੁਰੂ ਜੀ ਨੂੰ ਬਿਜੈਮਾਨ ਹੋਕੇ ਛੋਆਂ ਹੀ ਦਰਸ਼ਨਾਂ ਤੋਂ ਵਡਿਆਈ ਮਿਲੀ। ਯਥਾ– 'ਬਾਬੇ ਕੀਤੀ ਸਿਧਿ ਗੋਸ਼ਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ। ਜਿਣਿ ਮੇਲਾ ਸ਼ਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ। ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ। ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।' ਸਿਧ ਗੋਸਟਿ ਦੇ ਅੰਤ ਵਿਚ ਅਪਣੇ ਨਿੰਮ੍ਰੀ ਭੂਤ ਤ੍ਰੀਕੇ ਅਨੁਸਾਰ ਇਹ ਗੱਲ ਗੁਰੂ ਜੀ ਨੇ ਆਪ ਬੀ ਦਰਸਾਈ ਹੈ।


www.sikhbookclub.com

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਸੰਤਾਂ ਦੀ ਸੰਗਤ ਵਿਚ ਸਭਾ ਲਗਾਈ ਬੈਠੇ ਸਨ[੧] ਕਿ ਸਿਧ ਆ ਗਏ ਤੇ ਆਖਣ ਲਗੇ:-

**ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥**
**ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥**
**ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥**
**ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥**

ਹੇ ਸੰਤ ਸਭਾ (ਆਪ ਜੋਗ ਸਾਡੀ) ਨਮਸਕਾਰ ਹੋਵੇ, (ਇਹ ਕਹਿੰਦੇ ਹੋਏ) ਸਿਧ ਆਸਣ ਲਾ ਕੇ[੨] ਸਭਾ (ਜੋੜ ਕੇ) ਬੈਠ ਗਏ (ਗੁਰੂ ਜੀ ਦੱਸਦੇ ਹਨ: ਅਸਾਂ ਤਦ ਆਖਿਆ) ਸਾਡੀ ਨਮਸਕਾਰ[੩] ਉਸ ਅਗੇ ਹੈ ਜੋ ਸੱਚਾ (ਸਦਾ ਥਿਰ) ਹੈ ਤੇ ਜੋ ਅਪਰ ਅਪਾਰੁ[੪] ਹੈ। (ਪਰ ਮੈਂ) ਉਸ (ਸੰਤ ਦੇ) ਅਗੇ (ਬੀ) ਤਨ ਮਨ ਅਰਪ ਦਿਆਂ (ਤੇ) ਸਿਰ ਕੱਟ ਕੇ ਅਗੇ ਧਰ ਦਿਆਂ, (ਜਿਸ) ਸੰਤ ਮਿਲਣ ਨਾਲ ਸੱਚ ਪਾਈਦਾ ਹੈ ਤੇ ਸੁਭਾਵਕ ਹੀ (ਵਾਹਿਗੁਰੂ ਦਾ) ਜਸ ਲੈ ਲਈਦਾ ਹੈ[੫] ਹੇ ਨਾਨਕ! ॥੧॥

**ਕਿਆ ਭਵੀਐ ਸਚਿ ਸੂਚਾ ਹੋਇ ॥**
**ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥**

(ਸੱਚ ਤੇ ਹਰਿ ਜਸ ਬਿਨਾ ਦੇਸ਼ ਦੇਸ਼ਾਂਤ੍ਰਾਂ ਤੇ ਤੀਰਥਾਂ ਤੇ) ਭਉਂਦੇ ਫਿਰਨ ਦਾ ਕੀ ਲਾਭ ਹੈ? ਸੁੱਚਾ (ਤਾਂ ਜਦ ਕੋਈ ਹੁੰਦਾ ਹੈ) ਸੱਚ ਦੁਆਰਾ ਹੀ ਹੁੰਦਾ ਹੈ, (ਤਾਂਤੇ) ਸੱਚੇ ਸ਼ਬਦ ਤੋਂ ਬਿਨਾ ਕਿਸੇ ਦੀ ਮੁਕਤੀ ਨਹੀਂ ਹੁੰਦੀ। (ਤੇ ਉਹ ਸੱਚ ਤੇ ਸੱਚਾ ਸ਼ਬਦ ਸੰਤ ਤੋਂ ਸਹਿ ਸੁਭਾਵ ਹੀ ਮਿਲ ਜਾਂਦਾ ਹੈ, ਫਿਰ ਹਾਂਡ ਦਾ ਕੀ ਲਾਭ?) ॥੧॥ ਰਹਾਉ ॥

ਸਿੱਧ ਖੁਣਸ ਵਿਚ ਭਰੇ ਹੋਏ ਆਏ ਸਨ, ਹੁਣ ਇਕ ਉਨ੍ਹਾਂ ਵਿਚੋਂ ਹਕਾਰਤ ਸੂਚਨ ਕਰਨ ਵਾਲੀ ਸੁਰ ਵਿਚ ਪ੍ਰਸ਼ਨ ਕਰਦਾ ਹੈ:-

---

੧. ਪੁਰਾਤਨ ਅਰਥਾਂ ਮੁਤਾਬਿਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਧਾਂ ਦੀ ਸਭਾ ਵਿਚ ਆਉਣਾ ਮੰਨਿਆ ਹੈ। ਪਰ ਭਾਈ ਗੁਰਦਾਸ ਜੀ ਤੇ ਹੋਰ ਇਤਿਹਾਸਾਂ ਤੋਂ ਪਤਾ ਲੱਗਦਾ ਹੈ ਕਿ ਸਿਧ ਆਏ ਸਨ ਗੁਰੂ ਨਾਨਕ ਦੇਵ ਜੀ ਦੀ ਸਭਾ ਵਿਚ। ਯਥਾ- 'ਖਾਧੀ ਖੁਣਸ ਜੁਗੀਸ਼ਰਾਂ ਗੋਸਟ ਕਰਨ ਸਭੇ ਉਠਿ ਆਈ।'

੨. ਆਸਣ ਕਰਿ=ਆਸਣ ਲਾਕੇ।

੩. ਰਹਰਾਸਿ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਰਿਯਾਦਾ, ਰਹੁਰੀਤ, ਅਰਦਾਸ ਤੇ ਨਮਸਕਾਰ ਆਦਿ ਅਰਥਾਂ ਵਿਚ ਆਇਆ ਹੈ। ਏਥੇ 'ਜੈਕਾਰੋ' ਦੇ ਜਵਾਬ ਵਿਚ ਗੁਰੂ ਜੀ ਨੇ ਵਰਤਿਆ ਹੈ।

੪. ਅਪਰ ਅਪਾਰੋ ਦੇ ਅਰਥ ਹਨ:- ਦੂਰ ਹੁੰਦਾ ਹੋਇਆ ਨੇੜੇ। ਅਪਾਰੋ=ਜਿਸ ਦੇ ਅੰਤ ਤਕ ਨਹੀਂ ਅੱਪੜ ਸਕੀਦਾ ਭਾਵ ਦੂਰ। ਅਪਰ=ਨੇੜੇ। (ਅ) ਇਸ ਪਦ ਦੇ ਐਉਂ ਬੀ ਅਰਥ ਲਾਏ ਜਾਂਦੇ ਹਨ- ਅਪਰ ਅਪਾਰ=ਜਿਸ ਤੋਂ ਪਰ੍ਹੇ (=ਸ੍ਰੇਸ਼ਟ) ਕੋਈ ਨਹੀਂ ਤੇ ਜੋ ਪਾਰ ਰਹਿਤ (ਅਨੰਤ) ਹੈ। (ਏ) ਇਹ ਪਦ ਅਪਰੰਪਰ ਦਾ ਰੂਪਾਂਤ੍ਰ ਬੀ ਸਮਝਿਆ ਜਾਂਦਾ ਹੈ, ਜਿਸ ਦਾ ਅਰਥ ਹੈ-ਪਾਰਾਵਾਰ ਤੋਂ ਰਹਿਤ ਅਨੰਤ। (ਸ) (ਅਪਰ=) ਸੰਸਾਰ ਤੋਂ ਜੋ (ਅਪਾਰ=) ਪਰ੍ਹੇ ਹੈ।

੫. ਗੁਰੂ ਜੀ ਦਾ ਇਸ਼ਾਰਾ ਖੁਣਸ ਖਾ ਕੇ ਬਹਸ ਕਰਨ ਵਾਲੇ ਜੁਗੀਸ਼ਰਾਂ ਨੂੰ ਇਹ ਸੁਮੱਤ ਦੇਣ ਦਾ ਹੈ ਕਿ ਸੰਤ ਨੂੰ ਮਿਲਿਆਂ ਤਾਂ ਸੱਚ ਦੀ ਪ੍ਰਾਪਤੀ ਹੋਣੀ ਚਾਹੀਏ ਤਾਂਕਿ ਉਹ ਵਾਦ ਵਿਵਾਦ ਨਾ ਕਰਨ-ਜਿਸ ਆਸ਼ੇ ਨਾਲ ਕਿ ਓਹ ਆਏ ਸੇ-ਤੇ ਅਪਣੇ ਵੀਚਾਰਾਂ ਨੂੰ ਸੱਚ ਦੀ ਖੋਜ ਦੇ ਸੁੱਚੇ ਪਹਿਲ ਵਿਚ ਹੀ ਰੱਖਣ।

ਕਵਨ ਤੁਮੇ੍ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥

ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥

ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥

ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥੨॥

'ਕੌਣ ਹੋ "ਤੁਮ"[੧] ਕੀ ਹੈ ਨਾਉਂ ਤੁਹਾਡਾ, ਮਾਰਗ (ਤੇਰਾ) ਕਿਹੜਾ ਹੈ ਤੇ ਮਨੋਰਥ (ਤੇਰਾ) ਕੀ ਹੈ? (ਗੁਰੂ ਜੀ ਇਹ ਜ਼ਾਤੀ ਪ੍ਰਸ਼ਨ ਤੇ ਹਕਾਰਤ ਵਾਲੀ ਅਵਾਜ਼ ਸੁਣ ਕੇ ਅਪਣੇ ਗੰਭੀਰ ਤੇ ਠੰਢੇ ਸੁਭਾਵ ਨਾਲ ਬਚਨ ਕਰਦੇ ਹਨ ਕਿ) ਮੈਂ ਸੱਚ ਕਹਿੰਦਾ ਹਾਂ[੨] (ਤੇ) ਮੇਰੀ (ਨਿਤ ਇਹ) ਅਰਦਾਸ ਹੈ ਕਿ ਮੈਂ ਸੰਤਾਂ ਤੋਂ ਬਲਿਹਾਰ ਜਾਵਾਂ। (ਇਕ ਸਿੱਧ ਹੁਣ ਨਰਮ ਸੁਰ ਵਿਚ ਫੇਰ ਪ੍ਰਸ਼ਨ ਕਰਦਾ ਹੈ) ਹੇ ਬਾਲੇ! ੧. ਕਿੱਥੇ ਬੈਠਦੇ ਹੋ, ੨. ਕਿੱਥੇ ਰਹਿੰਦੇ ਹੋ, ੩. ਕਿੱਥੋਂ ਆਏ ਹੋ, ੪. ਕਿੱਥੇ ਜਾਓਗੇ, ੫. [੩]ਤੁਸਾਡਾ ਰਸਤਾ ਕੀ ਹੈ? (ਇਹ ਸੁਣ ਕੇ ਗੁਰੂ) ਨਾਨਕ (ਦੇਵ ਜੀ) ਬੋਲੇ, ਹੇ ਬੈਰਾਗੀ ਸੁਣ[੪] :-॥੨॥

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥

੧. ਸਰੀਰ ਵਿਚ (ਜੋ) ਮਨ (ਹੈ ਉਸ) ਵਿਚ (ਅਸੀਂ) ਬੈਠਦੇ ਹਾਂ, ੨. ਅੰਤਰੇ ਤੋਂ ਰਹਿਤ (ਜੋ ਪਰੀ ਪੂਰਣ ਪਰਮਾਤਮਾ ਹੈ ਉਸ ਵਿਚ ਅਸੀਂ) ਰਹਿੰਦੇ ਹਾਂ, ੫. [੫](ਰਾਹ ਸਾਡਾ ਇਹ ਹੈ ਕਿ ਅਸੀਂ) ਸਤਿਗੁਰ ਦੇ ਭਾਣੇ ਵਿਚ ਟੁਰਦੇ ਹਾਂ, ੩. ਹੁਕਮ ਦੁਆਰਾ (ਅਸੀਂ ਸੁਤੇ ਹੀ) ਆਏ ਹਾਂ, ੪. ਹੁਕਮ ਦੁਆਰਾ ਹੀ (ਅਸੀਂ ਸੁਤੇ ਹੀ) ਚਲੇ ਜਾਵਾਂਗੇ, ੫. (ਇਉਂ ਹੁਕਮ ਉਸ ਦਾ ਵਰਤਦਾ ਹੈ ਤੇ ਅਸੀਂ ਉਸ ਦੀ) ਸਦਾ ਰਜ਼ਾ ਵਿਚ (ਵਰਤਦੇ ਹਾਂ)[੬], ਹੇ ਨਾਨਕ

---

੧. ਤੁਮੇ੍ ਪਦ ਹੈਂਕੜ ਤੇ ਹਕਾਰਤ ਦਾ ਸੂਚਕ ਹੈ।

੨. ਭਾਵ ਇਹ ਹੈ ਕਿ ਮੈਂ ਤੁਹਾਨੂੰ ਨਿਸਚੇ ਕਰਾਉਂਦਾ ਹਾਂ ਕਿ ਮੈਂ ਜੋ ਕੁਛ ਵੀ ਹਾਂ ਤੁਹਾਡਾ ਦੋਖੀ ਨਹੀਂ ਹਾਂ, ਸਗੋਂ ਮੈਂ ਤਾਂ ਸੱਚੇ ਸੰਤਾਂ ਤੋਂ ਸਦਾ ਸਦਕੇ ਹੋਣ ਦੀ ਅਰਦਾਸ ਵਿਚ ਰਹਿੰਦਾ ਹਾਂ। ਇਉਂ ਜੋਗੀਸ਼ਰਾਂ ਦਾ ਤੌਖਲਾ ਹਟਦਾ ਹੈ ਤੇ ਫੇਰ ਉਨ੍ਹਾਂ ਵਿਚੋਂ ਕੋਈ ਜ਼ਰਾ ਨਰਮ ਸੁਰ ਵਿਚ ਉਹੋ ਹੀ ਪ੍ਰਸ਼ਨ ਕਰਦਾ ਹੈ, ਮਾਨੋਂ ਕਹਿੰਦਾ ਹੈ ਕਿ ਸਾਨੂੰ ਆਪਣੇ ਆਦਰਸ਼ ਤੇ ਰਹਿਣ ਬਹਿਣ ਦਾ ਪਤਾ ਦਿਓ। ਇਸ ਤੁਕ ਦੇ ਅਰਥ ਭਾਵ ਨੂੰ ਕਈ ਦਾਨੇ ਉਤਰ ਬੀ ਸਮਝਦੇ ਹਨ ਤੇ ਐਉਂ ਭਾਵ ਲੈਂਦੇ ਹਨ ਕਿ ਮੈਂ ਸੱਚ ਕਹਣੇ ਵਾਲਾ ਹਾਂ, ਮੇਰਾ ਨਾਮ ਅਰਦਾਸੀਆ ਹੈ, ਸੰਤ ਮੇਰਾ ਮਾਰਗ ਹੈ ਤੇ ਸੰਤਾਂ ਤੋਂ ਆਪਾ ਵਾਰਨਾ ਮੇਰਾ ਪ੍ਰਯੋਜਨ ਹੈ।

੩. ੧ ਤੋਂ ੫ ਤਕ ਪ੍ਰਸ਼ਨਾਂ ਦੇ ਅੰਕ ਹਨ। ਇਨ੍ਹਾਂ ਦੇ ਉਤਰ ਅਗਲੀ ਪੌੜੀ ਦੇ ਅਰਥਾਂ ਵਿਚ ਇਨ੍ਹਾਂ ਅੰਕਾਂ ਨਾਲ ਦਰਸਾਏ ਜਾਣਗੇ।

੪. ਇਹਦਾ ਅਰਥ ਐਉਂ ਬੀ ਲਾਉਂਦੇ ਹਨ, ਬੈਰਾਗੀ ਨੂੰ ਸੁਣ ਕੇ ਗੁਰ ਨਾਨਕ ਦੇਵ ਜੀ ਬੋਲੇ:-

੫. ਏਹ ੧ ਤੋਂ ੫ ਤਕ ਅੰਕ ਪਿਛਲੀ ਪੌੜੀ ਦੇ ਪ੍ਰਸ਼ਨਾਂ ਦੇ ਉਤਰ ਹਨ।

੬. ਭਾਵ ਇਹ ਹੈ ਕਿ ਅਸੀਂ ਨਾ ਕਰਮ ਵਸ ਆਏ ਹਾਂ, ਨਾ ਕਰਮ ਵਸ ਜਾਵਾਂਗੇ, ਉਸ ਦਾ ਹੁਕਮ ਸੇਧ ਬੰਨ੍ਹਦਾ ਹੈ ਸਾਡੇ ਆਉਣੇ ਜਾਣੇ ਦੀ ਤੇ ਉਸ ਦੀ ਰਜ਼ਾ ਵਿਚ ਇਕ ਸੁਰ ਰਹਿਣਾ ਇਹ ਹੈ ਸਾਡਾ ਉਸ ਹੁਕਮ ਨਾਲ ਵਰਤਾਉ। ਹੁਣ ਸਾਡੇ ਮੁਕਾਬਲੇ ਤੇ ਸਦਾ ਥਿਰ ਆਸਣ ਤੇ ਬੈਠਾ ਕੌਣ ਹੈ? ਉਹ ਹੈ ਨਾਰਾਇਣ। ਸੋ ਜੇ ਕੋਈ ਇਹ ਗੁਰਮਤ ਪ੍ਰਾਪਤ ਕਰ ਲਵੇ ਕਿ ਅਸੀਂ ਚਲਣਹਾਰ ਹਾਂ ਤੇ ਉਹ ਸਦਾ ਥਿਰ ਹੈ ਤਾਂ ਉਹ ਗੁਰਮੁਖ ਹੋ ਕੇ ਅਸਲੀਅਤ ਨੂੰ ਬੁੱਝ ਲਵੇਗਾ।


www.sikhbookclub.com

**ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥ ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ॥੩॥**

ਆਸਣ ਤੇ ਬੈਠਣਾ ਉਸ ਦਾ ਹੈ ਜੋ ਥਿਰ ਨਾਰਾਇਣ ਹੈ, (ਸੋ ਜੇ ਕੋਈ) ਐਸੀ ਗੁਰਮਤਿ ਪ੍ਰਾਪਤ ਕਰ ਲਵੇ ਉਹ ਗੁਰਮੁਖ ਹੋਕੇ (ਇਹ ਗੱਲ) ਬੂਝ ਲਏਗਾ ਤੇ ਆਪ ਨੂੰ ਪਛਾਣ ਲਵੇਗਾ, ਉਹ ਸੱਚ ਦੁਆਰਾ ਸੱਚੇ (ਪਰਮੇਸ਼ੁਰ ਵਿਚ) ਸਮਾਏਗਾ[੧]॥੩॥

**ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥**
**ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥**
**ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥**
**ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥੪॥**

[੨](ਹੁਣ) ਚਰਪਟ (ਨਾਮੇ ਜੋਗੀ) ਬੋਲਿਆ, ਹੇ ਅਵਧੂਤ ਨਾਨਕ! (ਅਪਣਾ) ਸੱਚਾ ਵੀਚਾਰ (ਸਾਨੂੰ) ਦੱਸ (ਕਿ ਇਹ) ਦੁਨੀਆਂ ਕਠਨਤਾ ਨਾਲ ਤਰੇ ਜਾਣ ਵਾਲਾ ਸਮੁੰਦਰ ਕਹੀਦਾ ਹੈ (ਇਸ ਦਾ) ਪਾਰ ਕੀਕੂੰ ਪਾਈਏ? (ਗੁਰੂ ਜੀ ਉਸ ਨੂੰ ਆਪਣੇ ਮ੍ਰਿਦੁਲ ਸੁਭਾਵ ਨਾਲ ਪਹਿਲਾਂ ਆਦਰ ਦਾ ਬਚਨ ਕਹਿੰਦੇ ਹਨ ਕਿ) ਜੋ ਆਪ (ਸੰਸਾਰ ਸਾਗਰ ਦੇ ਤਰਨੇ ਦੀ ਕਠਨਤਾ ਨੂੰ) ਦੱਸਦਾ ਹੈ (ਤੇ ਉਸ ਦਾ ਇਲਾਜ) ਆਪ ਸਮਝਦਾ ਹੈ ਉਸ ਨੂੰ ਕੀ ਉਤਰ ਦੇਈਏ; ਮੈਂ ਸੱਚ ਕਹਿੰਦਾ ਹਾਂ ਤੁਸੀਂ (ਸੰਸਾਰ ਸਾਗਰ ਦੇ[੩]) ਪਾਰ ਗਿਰਾਮੀ[੪] ਹੋ, ਤੁਸਾਂ ਨੂੰ (ਬਹਿਸ ਵਿਚ) ਬੈਠਣ (ਹੀ) ਕਿਉਂ ਦੇਈਏ?॥੪॥

ਪਰ ਇਕ ਗੱਲ ਮੈਂ ਫੇਰ ਬੀ ਕਹਿਣੀ ਚਾਹੁੰਦਾ ਹਾਂ ਕਿ ਮਾਰਗ ਸੰਸਾਰ ਤਜਾਗ ਦਾ ਨਹੀਂ, ਪਰ ਇਸ ਦੇ ਉਲਟ ਹੈ:-

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**

ਜਿਸ ਤਰ੍ਹਾਂ ਪਾਣੀ ਵਿਚ ਕਮਲ ਦਾ ਫੁੱਲ ਅਸੰਗ ਰਹਿੰਦਾ ਹੈ ਤੇ ਨਦੀ ਦੇ ਸਾਹਮਣੇ ਮੁਰਗਾਬੀ (ਅਸੰਗ ਰਹਿ ਕੇ ਤਰਦੀ ਹੈ, ਉਸੇ ਤਰ੍ਹਾਂ ਸੰਸਾਰ ਵਿਚ ਰਹਿੰਦਿਆਂ

---

੧. ਇਸ ਸਾਰੇ ਅੰਕ ਦਾ ਭਾਵ ਇਹ ਹੈ ਕਿ ਸਿੱਧਾਂ ਦੇ ਪ੍ਰਸ਼ਨ ਹਨ ਸਾਧਾਰਨ ਅਤੇ ਪਤੇ ਲਾਉਣ ਦੇ, ਗੁਰੂ ਜੀ ਆਪਣੇ ਉੱਤਰ ਵਿਚ ਗੂੜ੍ਹ ਭਾਵ ਆਤਮ ਵਿੱਦਯਾ ਦੇ ਦੱਸਦੇ ਹਨ ਜੋ ਇਹ ਹੈਨ ਕਿ ਭਾਈ ਸਾਡਾ ਆਸਣਾਂ ਤੇ ਬੈਠਣਾ, ਰਹਿਣਾ, ਆਉਣਾ ਜਾਣਾ ਸਭੇ ਕ੍ਰਿਯਾ ਹਨ, ਚਾਹੋ ਕਿੰਨਾ ਆਸਣ ਜੋੜ ਬਹੀਏ ਫੇਰ ਬੀ ਸਦਾ ਥਿਰ ਨਹੀਂ ਹੋ ਸਕੀਦਾ। ਸੋ ਇਹ ਸਾਡਾ ਚੱਲਣਾ, ਆਉਣਾ, ਜਾਣਾ, ਰਹਿਣਾ ਆਦਿ ਹੁਕਮ ਵਿਚ ਹੈ।

੨. ਦੂਸਰੀ ਤੁਕ ਦਾ ਅਰਥ ਪਹਿਲੋਂ ਲੱਗਦਾ ਹੈ।

੩. ਚਰਪਟ ਚੰਗਾ ਆਦਮੀ ਸੀ ਇਸ ਕਰਕੇ ਗੁਰੂ ਜੀ ਉਸ ਨੂੰ ਯਥਾਰਥ ਆਦਰ ਦੇਂਦੇ ਹਨ।

੪. ਬੈਸਣ ਦਾ ਭਾਵ ਹੈ ਬਹਸ ਵਿਚ ਬੈਠਣਾ। ਰਿਵਾਜ ਸੀ ਕਿ ਜੋ ਚਰਚਾ ਕਰਦਾ ਸੀ ਉਹ ਚਰਚਾ ਕਰਣ ਵਾਲੇ ਦੇ ਸਨਮੁਖ ਆ ਬੈਠਦਾ ਸੀ। ਸੰਪ੍ਰਦਾਈ ਅਰਥ ਇਸ ਪਦ ਦਾ ਉਤਰ ਬੀ ਹੈ।

☞ ਆਪਾ ਪਛਾਣ ਲਵੇਗਾ ਤੇ ਸੱਚ ਦੁਆਰਾ ਸੱਚ ਵਿਚ ਸਮਾ ਜਾਏਗਾ, ਭਾਵ ਸਦਾ ਥਿਰ ਨੂੰ ਪ੍ਰਾਪਤ ਹੋ ਕੇ ਸਦਾ ਥਿਰ ਹੋਵੇਗਾ। ਯਥਾ- 'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥' (ਮਾਰੂ:ਵਾਰ:ਡਖਣੇ-੧੮)

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥੫॥

ਸੰਸਾਰ ਤੋਂ ਨਿਰਾਲਾ ਰਹਿ ਕੇ) ਨਾਮ ਦੇ ਜਪਣ ਨਾਲ (ਤੇ) ਸ਼ਬਦ ਵਿਚ ਸੁਰਤ (ਲਾਈ ਰੱਖਣ ਨਾਲ) ਭਵ ਸਾਗਰ ਨੂੰ ਤਰ ਜਾਈਦਾ ਹੈ: (ਬੇਸ਼ਕ) ਏਕਾਂਤ ਵਿਚ ਰਹੇ (ਪਰ ਏਕਾਂਤ ਵਿਚ ਰਹਿਣਾ ਬਨ ਦਾ ਰਹਿਣਾ ਨਹੀਂ ਸਗੋਂ) ਇਕ (ਪਰਮੇਸ਼ੁਰ ਦਾ ਮਨ ਵਿਚ ਵਸਿਆ ਰਹਿਣਾ ਹੈ, ਤੇ ਆਸਾ ਵਿਚ ਨਿਰਾਸ ਹੋਏ ਰਹਿਣਾ ਹੈ। (ਐਸਾ ਗੁਰਮੁਖ) ਅਗੰਮ (ਤੇ) ਅਗੋਚਰ ਨੂੰ (ਆਪ) ਦੇਖ ਲੈਂਦਾ ਹੈ (ਤੇ ਦੂਜਿਆਂ ਨੂੰ) ਦਿਖਾ ਦੇਂਦਾ ਹੈ, ਉਸ ਦਾ ਨਾਨਕ ਦਾਸ ਹੈ॥੫॥

ਜੋਗੀ ਦਾ ਹੋਰ ਪ੍ਰਸ਼ਨ-

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥
ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥
ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ॥੬॥

ਹੇ ਸਵਾਮੀ! ਸਾਡੀ ਬੇਨਤੀ ਸੁਣ (ਮੈਂ) ਇਕ ਸੱਚਾ ਵੀਚਾਰ (ਆਪ ਤੋਂ) ਪੁੱਛਦਾ ਹਾਂ, (ਆਪ ਨੇ) ਗੁੱਸਾ ਨਹੀਂ ਕਰਨਾ (ਤੇ) ਉੱਤਰ ਦੇਣਾ ਕਿ (ਆਪੇ ਦੇਖ ਦਿਖਾਏ ਵਾਲੇ) ਗੁਰੂ ਦਾ ਵਸੀਲਾ ਕੀਕੂੰ ਪ੍ਰਾਪਤ ਹੋਵੇ? (ਉੱਤਰ:) ਕਰਤਾਰ (ਐਸੇ ਸਤਿਪੁਰਖ ਦਾ) ਆਪੇ ਮੇਲ ਮਿਲਾਉਂਦਾ ਹੈ (ਪਰ ਤਾਂ ਜੇ ਜਗਜਾਸੂ ਦਾ) ਸੱਚ ਵਿਚ ਪਿਆਰ ਲੱਗ ਜਾਏ[1]। (ਇਸ ਮਿਲਾਪ, ਤੋਂ ਨਾਮ ਮਿਲੇਗਾ, ਜਿਸ) ਨਾਮ ਦੇ ਆਧਾਰ ਨਾਲ ਇਹ ਚੰਚਲ ਮਨ ਸੱਚ ਘਰ (=ਵਾਹਿਗੁਰੂ) ਵਿਚ ਟਿਕ ਜਾਏਗਾ[2]॥੬॥

ਇਹ ਸੁਣ ਕੇ ਲੋਹਾਰੀਪਾ ਨਾਮੇ ਜੋਗੀ ਬੋਲਿਆ: ਇਹ ਤ੍ਰੀਕਾ ਗ੍ਰਿਹਸਤ ਦੇ ਵਿਚੇ ਰਹਿ ਕੇ ਜਲ ਵਿਚ ਕਮਲ ਵਤ ਵੱਸ ਕੇ ਠੀਕ ਨਹੀਂ ਹੋ ਸਕਦਾ, ਜੋਗ ਦਾ ਅਸਲੀ ਤ੍ਰੀਕਾ ਮੈਂ ਦੱਸਦਾ ਹਾਂ ਕਿ ਜਗਜਾਸੂ

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥

ਬਸਤੀਆਂ ਤੇ ਬਸਤੀਆਂ ਦੇ ਰਾਹਾਂ[3] ਤੋਂ ਦੂਰ (ਕਿਤੇ ਬੇਰਾਹੇ) ਜੰਗਲਾਂ ਵਿਚ ਰੁੱਖਾਂ ਬਿਰਖਾਂ ਹੇਠ ਰਹਵੇ

੧. ਭਾਵ ਜੋ ਸੱਚ ਦਾ ਸੱਚਾ ਮੁਤਲਾਸ਼ੀ ਹੈ ਉਸ ਨੂੰ ਸਾਂਈਂ ਆਪ ਮੇਲ ਮਿਲਾਉਂਦਾ ਹੈ!

੨. ਅੰਕ ੬ ਦਾ ਅਰਥ ਪਿਛਲੇ ਦਾਨਿਆਂ ਇਉਂ ਭੀ ਖੁਹਲਿਆ ਹੈ:- ਪ੍ਰਸ਼ਨ-ਕਿਉਂ ਪਾਈਐ? ਉਤਰ- ਗੁਰੂ ਦੇ ਦੁਆਰੇ। ਪ੍ਰਸ਼ਨ- ਇਹ ਮਨ ਚਲਤਉ ਸਚ ਘਰ ਬੈਸੇ ਕਿਉਂ? ਉਤਰ-ਨਾਮ ਅਧਾਰੋ। ਪ੍ਰਸ਼ਨ-ਆਪੇ ਮੇਲ ਮਿਲਾਏ ਕਰਤਾ ਕਿਉਂ? ਉਤਰ-(ਜੇ) ਲਾਗੈ ਸਾਚਿ ਪਿਆਰੋ। ਭਾਵ ਤ੍ਰੈ ਪ੍ਰਸ਼ਨ ਹਨ। ੧. ਕਿਵੇਂ ਪਾਈਏ ਓਹ ਅਗਮ ਅਗੋਚਰ ਜੋ ਅੰਕ ਪੰਜ ਵਿਚ ਕਿਹਾ ਹੈ। ਜਵਾਬ ਹੈ-ਗੁਰੂ ਦੇ ਦੁਆਰੇ। ੨. 'ਕਿਉਂ' ਪਹਿਲੀ ਤੁਕ ਵਿਚੋਂ ਲੈਣਾ ਹੈ, ਇਹ ਚੰਚਲ ਮਨ ਕਿਵੇਂ ਨਿਜ ਘਰ ਵਿਚ ਟਿਕੇ? ਉਤਰ-ਨਾਮ ਅਧਾਰੋ। ੩. ਆਪ ਕਿਵੇਂ ਕਰਤਾ ਮੇਲ ਮੇਲੇਗਾ? ਉਤਰ-ਜੋ ਸੱਚਾ ਪਿਆਰ ਲਗੇਗਾ ਗੁਰੂ ਮਿਲਾਪ ਵਿਚ ਤਾਂ।

੩. ਹਾਟੀ, ਹਟਾਂ, ਭਾਵ ਘਰ ਬਾਹਰ, ਬਜ਼ਾਰ, ਮੁਰਾਦ ਹੈ ਬਸਤੀ ਤੋਂ। ਬਾਟੀ=ਰਸਤਾ। ਭਾਵ ਹੈ ਰਸਤਿਆਂ ਦੇ ਲਾਗੇ ਯਾ ਲਾਗਲੇ ਬਨਾਂ ਵਿਚ ਨਾ, ਪਰ ਦੂਰ ਬੇਰਾਹੇ ਜੰਗਲਾਂ ਵਿਚ।


www.sikhbookclub.com

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥

(ਓਥੇ ਰਹਿ ਕੇ) ਭੋਜਨ ਕੰਦ ਮੂਲ[1] ਦਾ ਖਾਈਏ, ਆਉਧੂ ਇਹ) ਗਜਾਨ ਦੀ ਗੱਲ ਦੱਸਦਾ ਹੈ[2]। (ਬਨਾਂ ਨੂੰ ਕਦੇ ਛੱਡੀਏ ਤਾਂ) ਤੀਰਥਾਂ ਦੇ ਇਸ਼ਨਾਨ ਕਰੀਏ, (ਤੇ ਇਸ਼ਨਾਨ ਦਾ) ਸੁਖ ਫਲ ਪਾਈਏ (ਇਉਂ ਸੁਧ ਹੋਇਆ ਫੇਰ) ਕੋਈ ਮੈਲ ਨਹੀਂ ਲੱਗਦੀ। ਗੋਰਖ ਦਾ ਬਾਲਕਾ ਲੋਹਾਰੀਪਾ ਕਹਿੰਦਾ ਹੈ ਕਿ ਵਿਧਿ (ਪੂਰਬਕ) ਜੋਗ ਦੀ ਜੁਗਤ ਇਹੋ ਹੈ॥੭॥

ਇਹ ਸੁਣ ਕੇ ਸ੍ਰੀ ਗੁਰੂ ਜੀ ਬੋਲੇ;-

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ-ਅਹਾਰੰ ਨਾਨਕ ਤਤੁ ਬੀਚਾਰੋ॥੮॥

ਹਾਟਾਂ ਬਾਟਾਂ[3] ਵਿਚ (ਹੀ ਰਹੇ ਪਰ) ਸਾਵਧਾਨ ਰਹੇ[4] ਤੇ ਪਰਾਏ ਘਰ[5] ਵਿਚ ਮਨ ਨਾ ਡੋਲਣ ਦੇਵੇ! (ਪਰ) ਨਾਮ ਤੋਂ ਬਿਨਾ ਮਨ (ਕਿਸੇ) ਟੇਕ ਤੇ ਟਿਕਾਉ ਨਹੀਂ ਪਕੜਦਾ ਤੇ ਤ੍ਰਿਸ਼ਨਾ ਦੂਰ ਨਹੀਂ ਹੁੰਦੀ, ਹੇ ਨਾਨਕ! ਗੁਰੂ ਨੇ (ਮੈਨੂੰ) ਮੰਡੀ, ਦੁਕਾਨ ਤੇ ਘਰ ਦਿਖਾ ਦਿਤਾ ਹੈ[6] (ਤੇ ਇਨ੍ਹਾਂ ਵਿਚ ਬੈਠਦਿਆਂ ਤੇ ਵਸਦਿਆਂ) ਸਹਿਜ ਦੁਆਰਾ ਸੋਚ (ਰੂਪੀ) ਵਪਾਰ (ਕਰਨਾ ਮੈਨੂੰ ਸਿਖਾਲ ਦਿਤਾ ਹੈ। ਉਹ ਵਪਾਰ ਹੈ) ਤਤ ਵੀਚਾਰ ਜਿਸ ਨਾਲ ਕਿ) ਥੋੜਾ ਖਾਣਾ ਥੋੜਾ ਸੌਣਾ (ਸੁਤੇ ਸਿਧ ਹੋ ਜਾਂਦਾ ਹੈ), ਹੇ ਨਾਨਕ[7]! ॥੮॥

ਗੁਰੂ ਜੀ ਦੀ ਯਥਾਰਥ ਕਥਨੀ ਦਾ ਕਾਇਲ ਹੋ ਕੇ ਹੁਣ ਸਿਧ ਚਾਹੁੰਦਾ ਹੈ ਕਿ ਏਹ ਕਿਵੇਂ ਸਾਡੇ ਮਤ ਵਿਚ ਆ ਜਾਣ, ਤਾਂ ਉਨ੍ਹਾਂ ਨੂੰ ਅਪਣੇ ਭੇਖ ਵਿਚ ਦਾਖਲ ਹੋਣ ਦੀ ਐਉਂ ਪ੍ਰੇਰਨਾ ਕਰਦਾ ਹੈ:-

---

੧. ਭਾਵ ਹੈ ਫਲ ਤੇ ਜੜ੍ਹਾਂ ਤੋਂ! ਉਂਵ ਅੱਖਰੀ ਅਰਥ ਹਨ, ਕਚਾਲੂ, ਰਤਾਲੂ ਆਦਿ ਕੰਦ ਹਨ ਤੇ ਮੂਲੀਆਂ ਗਾਜਰਾਂ ਗੋਂਗਲੂ ਆਦਿ ਮੂਲ ਹਨ।

੨. (ਅ) ਅਵਧੂਤ ਬਣ ਕੇ ਰਹੇ (ਗ੍ਰਿਹਸਤੀ ਨਾ ਬਣੇ ਤੇ) ਗਲ-ਬਾਤ ਗਜਾਨ ਦੀ ਹੀ ਕਰੇ।
(ੲ) ਹੇ ਅਉਧੂ ਨਾਨਕ! ਮੈਂ ਤੁਹਾਨੂੰ ਗਜਾਨ ਦੀ ਗੱਲ ਦੱਸਦਾ ਹਾਂ।

੩. ਹਾਟੀਂ ਬਾਟੀਂ= ਹਟਾਂ ਬਟਾਂ ਵਿਚ।

੪. ਨੀਂਦ ਨਾ ਆਵੇ ਦਾ ਮਤਲਬ ਸਰੀਰ ਦੀ ਨੀਂਦ ਨਹੀਂ, ਪਰ ਮਨ ਦੀ ਭੁਲਾਵਟ ਤੇ ਗ਼ਾਫ਼ਲੀ ਹੈ, ਉਸ ਦਾ ਨਾਂ ਹੋਣਾ ਹੈ ਸਾਵਧਾਨਤਾ।

੫. 'ਆਪਣਾ ਘਰ' ਹੈ ਸ੍ਵੈ ਸਰੂਪ। ਸ੍ਵੈ' ਤੋਂ ਅਤ੍ਰਿਕਤ ਦਾ ਜੋ ਲਾਲਚ ਹੈ ਸੋ ਪਰ ਘਰ। ਪਰ ਵਿਸ਼ੇਸ਼ ਅਰਥ ਹੈ ਪਰਾਈ ਇਸਤ੍ਰੀ। ਪਰਾਏ ਪਦਾਰਥ ਬੀ ਭਾਵ ਹੁੰਦਾ ਹੈ।

੬. (ਅ) ਹਟ ਪਟਣ ਵਿਚ ਵਸਦਿਆਂ ਗੁਰੂ ਜੀ ਨੇ ਮੈਨੂੰ ਸ੍ਵੈ ਸਰੂਪ ਦਿਖਾ ਦਿਤਾ ਹੈ।

੭. ਭਾਵ ਇਹ ਹੈ- ਗੁਰੂ ਜੀ ਉਸ ਦੇ ਕੰਦ ਮੂਲ ਖਾਣ, ਤੀਰਥ ਸੁਖ ਫਲ ਆਦਿ ਦੇ ਖੰਡਨ ਵਿਚ ਕਹਿ ਰਹੇ ਹਨ ਕਿ ਇਨ੍ਹਾਂ ਗੱਲਾਂ ਦੀ ਲੋੜ ਨਹੀਂ, ਜਦ ਤੱਤ ਵੀਚਾਰ ਪ੍ਰਾਪਤ ਹੋ ਜਾਵੇ ਤਾਂ ਉਹ ਆਪੇ ਹਰ ਗੱਲ ਨੂੰ ਸੰਯਮ ਵਿਚ ਕਰ ਲੈਂਦਾ ਹੈ! ਉਂਵ ਐਉਂ ਭੀ ਭਾਵ ਲੈਂਦੇ ਹਨ- ਥੋੜਾ ਖਾਣ ਤੇ ਥੋੜਾ ਸੌਣ ਤੇ ਤੱਤ ਦਾ ਵੀਚਾਰ ਪ੍ਰਾਪਤ ਹੁੰਦਾ ਹੈ।

**ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥**

**ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥**

**ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ॥**

**ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥੯॥**

(ਹੇ ਗੁਰੂ ਨਾਨਕ!) ਭੇਖ ਧਾਰਨ ਕਰੋ (ਤੇ) ਦਰਸਨ-ਯੋਗੀ (ਬਣੋ, ਜਿਨ੍ਹਾਂ ਦਾ ਭੇਖ) ਹੈ ਮੁੰਦਰਾ, ਝੋਲੀ ਤੇ ਗੋਦੜੀ; (ਭੇਖ ਵਿਚ ਸ਼ਾਮਲ ਹੋ ਜਾਣ ਤੇ ਆਪ ਨੂੰ) ਜੋਗਿੰਦ੍ਰ[1] (ਪਦਵੀ ਮਿਲੇਗੀ)। ਦਰਸ਼ਨ (ਪੰਥ) ਛੇ (ਹਨ, ਛਿਆਂ ਵਿਚੋਂ) ਇਕ ਹੈ (ਜੋਗੀ) ਪੰਥ (ਇਸ ਜੋਗੀ ਦੇ ਅਗੋਂ ੧੨ ਫਿਰਕੇ ਹਨ), ੧੨ ਵਿਚੋਂ ਇਕ ਨੂੰ ਸੇਵੇਂ (ਓਹ ਹੈ ਆਈ ਪੰਥ)। ਇਸ ਬਿਧੀ ਦੁਆਰਾ (ਭੇਖ ਧਾਰਨ ਕਰਕੇ ਫੇਰ) ਮਨ ਨੂੰ ਸਮਝਾਈਏ ਤਾਂ ਹੇ (ਸ੍ਰੇਸ਼ਟ) ਪੁਰਖ ਜੀਓ! (ਕਾਲ ਦੀ) ਚੋਟ ਮੁੜ ਕੇ ਨਹੀਂ ਖਾਈਦੀ। (ਇਹ ਸੁਣ ਕੇ ਗੁਰੂ) ਨਾਨਕ (ਦੇਵ ਜੀ) ਬੋਲੇ (ਮੈਂ ਜੋ ਕਹਿਣ ਲਗਾ ਹਾਂ) ਗੁਰਮੁਖ (ਉਸ ਨੂੰ) ਡੂੰਘੀ ਵਿਚਾਰ ਨਾਲ ਸਮਝੇ[2], ਕਿ ਜੋਗ ਦੀ ਜੁਗਤ ਤਾਂ ਐਉਂ ਪਾਈਦੀ ਹੈ:-॥੯॥

**ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥**

**ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥**

**ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥**

**ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥੧੦॥**

(ਸਾਡੇ) ਅੰਦਰ ਲਗਾਤਾਰ ਸ਼ਬਦ (ਦਾ ਨਿਵਾਸ ਰਹਿੰਦਾ ਹੈ, ਇਹ ਜੋਗੇਂਦਰ ਪਦ) ਹੈ, ਹਉਮੈ ਤੇ ਮਮਤਾ (ਅਸਾਂ ਦੂਰ ਕੀਤੀ ਹੈ (ਇਹ ਸਾਡੀਆਂ) ਮੁੰਦਰਾਂ ਹੈਨ। ਕਾਮ ਕਰੋਧ ਤੇ ਹੰਕਾਰ (ਤਿੰਨਾਂ ਨੂੰ) ਦੂਰ ਕੀਤਾ ਹੈ (ਇਹ ਦਰਸ਼ਨ ਭੇਖ ਅਸਾਂ ਧਾਰਿਆ ਹੈ), ਗੁਰੂ ਦੇ ਸ਼ਬਦ ਦੁਆਰਾ (ਮਾਨੂੰ ਤੱਤ੍ਵ ਦੀ) ਸਮਝ ਪਈ ਹੈ (ਇਹ ਸਾਡਾ ਪੰਥ ਹੈ)। ਖਿੰਥਾ=) ਗੋਦੜੀ (ਅਸਾਂ ਇਸ ਸ਼ੁਭ ਮਤ ਦੀ ਲਈ ਹੈ ਕਿ ਹਰੀ ਸਾਰੇ) ਪਰੀ ਪੂਰਣ ਹੋ ਰਿਹਾ ਹੈ, ਝੋਲੀ (ਅਸਾਂ ਇਹ ਅੱਡ ਰੱਖੀ ਹੈ ਕਿ) ਹੇ ਨਾਨਕ! ਇਕ ਹਰੀ ਹੀ (ਸਾਨੂੰ) ਤਾਰੇ। ਸਾਹਿਬ (ਅਕਾਲ ਪੁਰਖ) ਸੱਚਾ ਹੈ ਉਸ ਦੀ ਮਹਿਮਾ ਸੱਚੀ ਹੈ (ਇਹ ਗੱਲ) ਗੁਰੂ ਦੀ ਖਰੀ ਬਾਣੀ ਦੁਆਰਾ (ਆਪ) ਪਰਖ ਲਵੇ (ਭਾਵ ਜੋ ਕਲਜਾਨ ਦਾ ਚਾਹਵਾਨ ਹੈ ਉਹ ਅਮਲ ਕਰਕੇ ਤਜਰਬਾ ਕਰ ਲਵੇ॥੧੦॥

---

੧. ਜੋਗੇਂਦ੍ਰਾ ਪਦ ਏਥੇ ਸੰਬੋਧਨ ਨਹੀਂ ਹੈ, ਸੰਬੋਧਨ ਤਾਂ ਅੱਗੇ ਪਿਆ ਹੈ 'ਪੁਰਖਾ'।

੨. ਛੇ ਸ਼ਾਸਤ੍ਰਾਂ ਨੂੰ ਖਟ ਦਰਸ਼ਨ ਕਹਿੰਦੇ ਹਨ। ਇਨ੍ਹਾਂ ਵਿਚੋਂ ਇਕ ਯੋਗ ਹੈ, ਪਰ ਖਟ ਦਰਸ਼ਨ ਪਦ ਛੇ ਭੇਖਾਂ ਨੇ ਬੀ ਅਪਣੇ ਤੇ ਵਰਤਿਆ ਹੈ: ਉਹ ਛੇ ਇਉਂ ਹਨ:- ਜੋਗੀ, ਜੰਗਮ, ਜੇਵੜਾ (=ਸ੍ਰੇਵੜਾ), ਸੰਨਿਆਸੀ, ਦਰਵੇਸ਼। ਛੇਵਾਂ ਦਰਸ਼ਨ ਬ੍ਰਹਮ ਕਾ ਜਾ ਨਉ ਮੀਨ ਨ ਮੇਖ। ਭਾਈ ਲੱਧਾ ਸਿੰਘ ਪ੍ਰੋਪਕਾਰੀ ਨੇ ਛੇ ਇਉਂ ਗਿਣੇ ਹਨ- ਜੋਗੀ, ਜੰਗਮ, ਸ੍ਰੇਵੜਾ, ਸੰਨਜਾਸੀ, ਬੈਰਾਗੀ, ਮਦਾਰੀ। ਇਨ੍ਹਾਂ ਵਿਚੋਂ ਪਹਿਲਾ ਹੈ ਜੋਗੀ। ਜੋਗੀ ਦੋ ਤਰ੍ਹਾਂ ਦੇ ਹਨ, ਔਘੜ ਤੇ ਕੰਨ ਫਟੇ। ਕੰਨਫਟੇ ਯੋਗੀ ਆਪ ਨੂੰ ਦਰਸ਼ਨ ਭੇਖ ਵਾਲੇ ਜੋਗੀ ਬੀ ਸਦਵਾਉਂਦੇ ਹਨ। ਇਨ੍ਹਾਂ ਦਾ ਆਚਾਰਯ ਗੋਰਖ ਹੈ। ਇਨ੍ਹਾਂ ਦੇ ਬਾਰਾਂ ਫਿਰਕੇ ਹਨ:- ਹੇਤੂ, ਪਾਵ, ਆਈ, ਗਮਜ, ਪਾਗਲ, ਗੋਪਾਲ, ਕੰਥੜੀ, ਬਨ, ਧ੍ਰਜ, ਚੋਲੀ, ਰਾਵਲ, ਦਾਸ। ਜੋਗੀ ਜੋ ੧੨ ਵਿਚੋਂ ਇਕ ਕਹਿ ਰਿਹਾ ਹੈ ਉਸ ਦਾ ਭਾਵ 'ਆਈ' ਪੰਥ ਤੋਂ ਹੈ। ਅਜ ਕਲ ਜੋਗੀਆਂ ਦੇ ਫਿਰਕੇ ਗਿਣਨ ਵਿਚ ਗੇਣਤੀ ੫੦ ਤੋਂ ਅੱਗੇ ਲੰਘ ਜਾਂਦੀ ਹੈ। ਗੋਰਖ ਦੇ ਚੇਲੇ ਭੀ ੧੨ ਗਿਣੇ ਜਾਂਦੇ ਹਨ।

ਹੁਣ ਜੋਗ ਭੇਖ ਦੇ ਹੋਰ ਪਦਾਰਥ ਬੀ ਨਾਲ ਹੀ ਗਿਣ ਕੇ ਦੱਸਦੇ ਹਨ:-

**ਊਂਧਉ ਖਪਰੁ ਪੰਚ ਭੂ ਟੋਪੀ॥ ਕਾਂਇਆ ਕੜਾਸਣੁ ਮਨੁ ਜਾਗੋਟੀ॥ ਸਤੁ ਸੰਤੋਖੁ ਸੰਜਮੁ ਹੈ ਨਾਲਿ॥ ਨਾਨਕ ਗੁਰਮੁਖਿ ਨਾਮੁ ਸਮਾਲਿ॥ ੧੧॥**

(ਖੱਪਰ ਸਾਡਾ ਇਹ ਹੈ ਕਿ ਅਸਾਂ) ਖੱਪਰ ਮੂਧਾ ਹੀ ਕਰ ਛੱਡਿਆ ਹੈ[1], ਟੋਪੀ ਸਾਡੀ ਪੰਜਵਾ ਤੱਤ (ਆਕਾਸ਼) ਹੈ[2], ਸਰੀਰ (ਨੂੰ ਕੱਸ ਕੇ ਰੱਖਣਾ ਹੀ ਸਾਡੀ) ਕੜਾਸਣ ਹੈ[3], ਮਨ (ਨੂੰ ਜਾਗਦੇ ਰਖਣਾ ਹੀ ਸਾਡੀ) ਜਾਗੋਟੀ[3] ਹੈ। ਸਤ, ਸੰਤੋਖ, ਸੰਜਮ (ਸਾਡੇ) ਨਾਲ ਹੈ (ਇਹ ਸਾਡੀ ਨਾਲ=ਸਿੰਙੀ ਹੈ)। ਨਾਨਕ! ਐਉਂ (ਉੱਚ ਆਚਰਨ ਧਾਰਨ ਕਰਕੇ ਅਸੀਂ) ਨਾਮ ਸਮ੍ਹਾਲਦੇ ਹੋਏ ਗੁਰਮੁਖ ਹੁੰਦੇ ਹਾਂ॥੧੧॥

ਹੁਣ ਹੋਰ ਇਕ ਜੋਗੀ ਬੋਲਦਾ ਹੈ ਜੋ ਕੁਛ ਅੜਾਉਣੀਆਂ ਪਾਉਣ ਵਾਲੇ ਢੰਗ ਵਿਚ ਪ੍ਰਸ਼ਨ ਕਰਦਾ ਹੈ:-

**ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥ ਕਵਨੁ ਸੁ ਆਵੈ ਕਵਨੁ ਸੁ ਜਾਇ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥੧੨॥**

ਪ੍ਰਸ਼ਨ-੧. (ਜੋ) ਗੁਪਤਾ ਹੈ ਸੋ ਕੌਣ ਹੈ? ੨. (ਜੋ) ਮੁਕਤਾ ਹੈ ਸੋ ਕੌਣ ਹੈ? ੩. (ਜੋ) ਅੰਦਰ ਬਾਹਰ ਜੁੜਿਆ ਹੈ ਸੋ ਕੌਣ ਹੈ? ੪. ੫. (ਜੋ ਆਉਂਦਾ ਹੈ ਸੋ ਕੌਣ ਹੈ? (ਜੋ) ਜਾਂਦਾ ਹੈ ਉਹ ਕੌਣ ਹੈ? ੬.੭. (ਜੋ) ਤਿੰਨ ਭਵਨਾਂ ਵਿਚ (ਹੈ) ਸੋ ਕੌਣ ਹੈ? (ਉਸ ਵਿਚ ਜੋ) ਸਮਾ ਰਿਹਾ ਹੈ ਸੋ ਕੌਣ ਹੈ?॥੧੨॥

**ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥**

ਉੱਤਰ:-

੧. ਗੁਪਤ (ਉਹ ਹੈ ਜੋ) ਘਟ ਘਟ ਵਿਚ ਹੈ

---

੧. ਜੋਗੀ ਜਦ ਖੱਪਰ ਮੂਧਾ ਮਾਰੇ ਤਾਂ ਉਸ ਵੇਲੇ ਭਿਖਯਾ ਨਾ ਲੈਣ ਦਾ ਭਾਵ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਖੱਪਰ ਤੁਸਾਂ ਤੋਂ ਲੈਣਾ ਕੀਹ ਹੈ ਇਹ ਤਾਂ ਮੂਧਾ ਪਿਆ ਹੀ ਚੰਗਾ ਹੈ। ਭਾਵ ਸਾਡਾ ਮਨ ਮੰਗ-ਅਵਸਥਾ ਵਿਚ ਹੀ ਨਹੀਂ ਤਾਂ ਖੱਪਰ ਦੀ ਕੀ ਲੋੜ ਹੈ। ਫਿਰ ਕਹਿੰਦੇ ਹਨ ਕਿ ਟੋਪੀ ਲੈਣ ਦੀ ਬੀ ਲੋੜ ਨਹੀਂ, ਆਕਾਸ਼ ਹੀ ਕੁਦਰਤ ਨੇ ਟੋਪੀ ਬਣਾ ਰਖੀ ਹੈ। ਭਾਵ ਇਹ ਕਿ ਭੇਖ ਦੀ ਬਨਾਵਟ ਵਾਲੀ ਟੋਪੀ ਦੀ ਲੋੜ ਨਹੀਂ। ਇਕ ਬ੍ਰਿਧ ਮਹਾਤਮਾ ਇਸ ਦਾ ਅਰਥ ਐਉਂ ਲਾਉਂਦੇ ਹਨ ਤੇ ਨਿਸਚੇ ਵਿਚ ਹਨ ਕਿ ਇਹੋ ਅਰਥ ਸ਼ੁਧ ਹੈ:-ਖੱਪਰ ਨੂੰ ਮੂਧਾ ਕਰਕੇ ਟੋਪੀ ਬਣਾ ਲਓ, ਇਹ ਟੋਪੀ ਪੰਜ ਭੂਤਨਿਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉਤੇ ਪਾ ਦਿਓ ਜੋ ਉਹ ਨਿਗ੍ਰਹਿ ਹੋ ਜਾਣ। ਭਾਵ ਇਹ ਹੈ ਕਿ ਤੁਸੀਂ ਪਰ ਘਰ ਜਾਂਦੇ ਤੇ ਭਿਖਯਾ ਮੰਗਣ ਲਈ ਖੱਪਰ ਅੱਡਦੇ ਹੋ, ਮਾਈਆਂ ਆਟੇ ਪਾਉਂਦੀਆਂ ਹਨ ਤੇ ਤੁਹਾਡੇ ਮਨ ਉਨ੍ਹਾਂ ਨੂੰ ਤੱਕ ਤੱਕ ਕੇ ਡੋਲਦੇ ਹਨ, ਯਥਾ:- ਮਾਈ ਮਾਗਤ ਤ੍ਰੈ ਲੋਭਾਵਹਿ॥(ਰਾਮ:ਮ:੧:ਅਸ਼ਟ-੨) ਸੋ ਤੁਸੀਂ ਖੱਪਰ ਮੂਧਾ ਕਰੋ, ਮੰਗਣਾ ਛੋੜ ਦਿਓ ਤੇ ਮਨ ਉਤੇ ਵਾਸ਼ਨਾ ਯਾਮ ਕਰਕੇ ਵਸੀਕਾਰ ਪ੍ਰਾਪਤ ਕਰੋ।

੨. ਮਰਹਟੀ,-ਕੜਾਸਨ-ਮ੍ਰਿਗਛਾਲਾ। ਕੜਾਸਨ ਦਾ ਅਰਥ ਛਾਤੀ ਤੇ ਵਲੀ ਹੋਈ ਸੇਲ੍ਹੀ ਬੀ ਕਰਦੇ ਹਨ

੩. ਲੰਗੋਟੀ। ਕਈ ਛੋਟੀ ਸੇਲ੍ਹੀ ਨੂੰ, ਜੋ ਗਲੇ ਪਾਉਂਦੇ ਹਨ, ਬੀ ਜਾਗੋਟੀ ਕਹਿੰਦੇ ਹਨ। ਸਿਰ ਤੇ ਵਲੀ ਰੱਸੀ (ਸੇਲ੍ਹੀ) ਨੂੰ ਬੀ ਦੱਸਦੇ ਹਨ।

ਅੰਤਰਿ ਬਾਹਰਿ ਸਬਦਿ ਸੁ ਜੁਗਤਾ॥ ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥ ੧੩॥

(ਤੇ ਫੇਰ ਗੁਪਤ ਹੈ)। ੨. ਮੁਕਤਾ (ਉਹ ਹੈ ਜੋ) ਗੁਰਮੁਖ ਹੈ। ੩. (ਜੁਗਤਾ=ਜੁੜਿਆ ਹੋਇਆ) ਉਹ ਹੈ ਜੋ ਅੰਦਰੋਂ ਬਾਹਰੋਂ ਸ਼ਬਦ ਨਾਲ ਜੁੜਿਆ ਹੈ। ੪.੫. ਮਨਮੁਖ ਆਉਂਦਾ ਹੈ (=ਜੰਮਦਾ ਹੈ), ਬਿਨਸਦਾ ਹੈ (ਮਰਦਾ ਹੈ ਤੇ ਫੇਰ ਚਲਾ) ਜਾਂਦਾ ਹੈ। ੬.੭. (ਤਿੰਨਾਂ ਭਵਨਾਂ ਵਿਚ ਸੱਚ ਸਮਾ ਰਿਹਾ ਹੈ ਤੇ ਉਸ) ਸੱਚ ਵਿਚ ਗੁਰਮੁਖ ਸਮਾ ਰਿਹਾ ਹੈ[1] ਹੇ ਨਾਨਕ! ॥੧੩॥

ਕਿਉ ਕਰਿ ਬਾਧਾ ਸਰਪਨਿ ਖਾਧਾ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ॥ ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ॥੧੪॥

ਪ੍ਰਸ਼ਨ:-

ਕਿੱਕੁਰ (ਇਹ ਜੀਵ ਬੰਨ੍ਹਿਆ ਗਿਅ? (ਜੋ) ਸਰਪਨੀ ਨੇ (ਇਸ ਨੂੰ) ਖਾਧਾ। ਕੀਕੁਰ (ਇਸ ਦਾ ਆਤਮ ਰਤਨ) ਗੁਆਚ ਗਿਆ ਤੇ ਕੀਕੁਰ ਲੱਭ ਪਿਆ? ਕੀਕੁਰ ਨਿਰਮਲ ਹੁੰਦਾ ਹੈ (ਤੇ) ਕੀਕੁਰ ਹਨ੍ਹੇਰਾ ਹੋ ਜਾਂਦਾ ਹੈ? (ਜੋ) ਇਹ ਤੱਤ ਬੀਚਾਰੇ ਉਹ ਸਾਡਾ ਗੁਰੂ ਹੈ! ॥੧੪॥

ਦੁਰਮਤਿ ਬਾਧਾ ਸਰਪਨਿ ਖਾਧਾ॥ ਮਨਮੁਖਿ ਖੋਇਆ ਗੁਰਮੁਖਿ ਲਾਧਾ॥ ਸਤਿਗੁਰੁ ਮਿਲੈ ਅੰਧੇਰਾ ਜਾਇ॥ ਨਾਨਕ ਹਉਮੈ ਮੇਟਿ ਸਮਾਇ॥੧੫॥

ਉੱਤਰ:-

ਬੇਸਮਝੀ ਨੇ (ਇਸ ਨੂੰ) ਬੰਨ੍ਹ ਲਿਆ ਤਾਂ ਸਰਪਣੀ (ਮਾਯਾ ਨੇ ਇਸ ਨੂੰ) ਖਾਧਾ। ਮਨਮੁਖ (ਹੋ ਕੇ ਇਸ ਨੇ ਆਤਮ ਰਤਨ) ਗੁਆ ਲਿਆ (ਤੇ) ਗੁਰਮੁਖ (ਹੋ ਕੇ ਇਸ ਨੇ ਫੇਰ) ਲੱਭ ਲਿਆ ਹੈ। (ਜੇ ਇਸ ਨੂੰ) ਸਤਿਗੁਰ ਮਿਲ ਪਵੇ (ਤਾਂ) ਹਨੇਰਾ (ਅਗਯਾਨ) ਦੂਰ ਹੋ ਜਾਂਦਾ ਹੈ। ਹਉਮੈਂ (ਦੀ ਮੈਲ) ਮਿਟ ਕੇ (ਉੱਜਲਤਾ ਆ ਜਾਂਦੀ ਹੈ ਤੇ ਵਾਹਿਗੁਰੂ ਵਿਚ) ਸਮਾ ਜਾਂਦਾ ਹੈ, ਹੇ ਨਾਨਕ! ॥੧੫॥

ਜਾਪਦਾ ਹੈ ਕਿ ਓਹੋ ਸਿੱਧ ਹੁਣ ਫੇਰ ਬੋਲ ਪਿਆ ਹੈ ਤੇ ਆਪਣੀ ਮਤ ਦੀ ਉਹ ਗੱਲ, ਜਿਸ ਤੇ ਓਹ ਬੜਾ ਫਖਰ ਰਖਦੇ ਹਨ, ਦੱਸਦਾ ਹੈ:-

ਸੁੰਨ ਨਿਰੰਤਰਿ ਦੀਜੈ ਬੰਧੁ॥ ਉਡੈ ਨ ਹੰਸਾ ਪੜੈ ਨ ਕੰਧੁ॥ ਸਹਜ ਗੁਫਾ ਘਰੁ ਜਾਣੈ ਸਾਚਾ॥

(ਜੇ) ਸੁੰਨ ਦੀ ਨਿਰੰਤਰਤਾ ਵਿਚ (ਪ੍ਰਾਣਾਂ ਨੂੰ) ਬੰਨ੍ਹ ਦੇਈਏ (ਤਾਂ) ਜੀਵਾਤਮਾ ਉਡਦਾ ਨਹੀਂ ਤੇ ਸਰੀਰ ਮਰਦਾ ਨਹੀਂ। (ਗੁਰੂ ਜੀ ਦੱਸਦੇ ਹਨ ਕਿ ਸਾਡਾ ਸਿੱਧਾਂਤ ਇਹ ਹੈ ਕਿ ਜੋ ਗੁਰਮੁਖ) ਸਹਿਜ (ਜੀਵਨ) ਦੀ ਗੁਫਾ (ਵਿਚ ਰਹਿੰਦਾ ਹੋਇਆ) ਸੱਚੇ ਘਰ ਨੂੰ ਜਾਣ ਲਵੇ ਉਹ ਸੱਚੇ (ਪਰਮੇਸ਼ੁਰ) ਨੂੰ ਭਾ ਜਾਏਗਾ,

---

੧. ਆਖਰੀ ਤੁਕ ਦੀ ਕਠਨਤਾ ਬਹੁਤ ਹੈ। ਇਸ ਦਾ ਇਹ ਅਰਥ ਬੀ ਹੋ ਸਕਦਾ ਹੈ ਕਿ ਪਹਿਲੇ ਪ੍ਰਸ਼ਨ ਦੇ ਜਵਾਬ ਵਾਂਙੂ ਗੁਰੂ ਜੀ ਵਜੰਗ ਨਾਲ ਕਹਿ ਰਹੇ ਹਨ ਕਿ ਤੁਸੀਂ ਪੁੱਛਦੇ ਹੋ ਤ੍ਰਿਭਵਣ ਵਿਚ ਕੌਣ ਸਮਾ ਰਿਹਾ ਹੈ ਤੇ 'ਗੁਰਮੁਖ ਜਾਣਦੇ ਹਨ ਕਿ ਤ੍ਰਿਭਵਣ ਤਾਂ ਸੱਚ ਵਿਚ ਸਮਾ ਰਿਹਾ ਹੈ।'

ਨਾਨਕ ਸਾਚੇ ਭਾਵੈ ਸਾਚਾ ॥੧੬॥

(ਜੋ ਸੱਚੇ ਨੂੰ ਭਾ ਜਾਏਗਾ ਸੋ) ਸੱਚਾ (ਹੋ ਜਾਏਗਾ)[1] ॥੧੬॥

ਗੁਰੂ ਨਾਨਕ ਦੇਵ ਜੀ ਤੋਂ ਭੇਖ ਤਜਾਗ ਤੇ ਸ਼ੁਭ ਗੁਣ ਧਾਰਨ ਦੀ ਗੱਲ ਸੁਣ ਕੇ ਸਿੱਧ ਨੂੰ ਫੁਰਦਾ ਹੈ ਕਿ ਇਨ੍ਹਾਂ ਨੇ ਆਪ ਕਿਉਂ ਘਰ ਛਡਿਆ ਤੇ ਭੇਖ ਧਾਰਿਆ ਹੈ ਤਾਂ ਪ੍ਰਸ਼ਨ ਕਰਦਾ ਹੈ:-

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥ ਕਿਸੁ ਵਖਰ ਕੇ ਤੁਮ ਵਣਜਾਰੇ॥ ਕਿਉ ਕਰਿ ਸਾਥੁ ਲੰਘਾਵਹੁ ਪਾਰੇ॥੧੭॥

(ਹੇ ਨਾਨਕ! ਕਿਸ ਕਰਕੇ ਤੂੰ ਘਰ ਛੱਡਿਆ (ਤੇ) ਉਦਾਸੀ (ਹੋਇਆ ਹੈਂ)? ਕਿਸ ਕਰਕੇ (ਤੂੰ) ਇਹ ਭੇਖ ਨਿਵਾਸੀ ਹੋਇਆ ਹੈਂ? ਤੁਸੀਂ ਕਿਸ ਮਾਲ ਦੇ ਵਪਾਰੀ ਹੋ? ਤੇ ਅਪਣੇ ਸਾਥ ਨੂੰ ਪਾਰ ਕੀਕੂੰ ਲੰਘਾਓਗੇ?॥੧੭॥

ਉੱਤਰ:-

ਗੁਰਮੁਖਿ ਖੋਜਤ ਭਏ ਉਦਾਸੀ॥ ਦਰਸਨ ਕੈ ਤਾਈ ਭੇਖ ਨਿਵਾਸੀ॥ ਸਾਚ ਵਖਰ ਕੇ ਹਮ ਵਣਜਾਰੇ॥ ਨਾਨਕ ਗੁਰਮੁਖਿ ਉਤਰਸਿ ਪਾਰੇ॥੧੮॥

ਗੁਰਮੁਖ ਨੂੰ ਖੋਜਣ ਵਾਸਤੇ (ਅਸੀਂ) ਉਦਾਸੀ ਹੋਏ ਹਾਂ। (ਸੰਤਾਂ ਦੇ) ਦਰਸ਼ਨ ਦੇ ਵਾਸਤੇ ਭੇਖ ਨਿਵਾਸੀ ਹੋਏ ਹਾਂ। ਅਸੀਂ 'ਸੱਚ' ਵੱਖਰ ਦੇ ਵਪਾਰੀ ਹਾਂ। (ਅਸੀਂ ਸਾਥ ਨੂੰ) ਗੁਰਮੁਖ (ਬਨਾਉਣਾ ਹੈ, ਜੋ ਬਣੇਗਾ) ਪਾਰ ਉਤਰ ਜਾਏਗਾ!॥੧੮॥

ਪ੍ਰਸ਼ਨ:-

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ॥ ਕਿਤੁ ਬਿਧਿ ਆਸਾ ਮਨਸਾ ਖਾਈ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥ ਬਿਨੁ ਦੰਤਾ ਕਿਉ ਖਾਈਐ ਸਾਰੁ॥ ਨਾਨਕ ਸਾਚਾ ਕਰਹੁ ਬੀਚਾਰੁ॥ ੧੯॥

(ਬਿਨਾਂ ਕਿਸੇ ਭੇਖਧਾਰੀ ਤੋਂ ਭੇਖ ਲਏ ਦੇ) ਹੇ ਪੁਰਖ! ਤੂੰ ਕਿਸ ਤਰੀਕੇ ਨਾਲ (ਗ੍ਰਿਹਸਤੀ ਤੋਂ ਅਤੀਤ ਦਾ) ਜਨਮ ਵਟਾ ਲਿਆ? ਇਹ ਮਨ ਤੂੰ ਕਿਸ (ਵਸਤੂ) ਨਾਲ ਲਾਇਆ? ਆਸਾ ਤੇ ਮਨਸਾ (ਤੂੰ) ਕਿਸ ਤਰੀਕੇ ਨਾਲ ਖਾਧੀ? ਕਿਸ ਪ੍ਰਕਾਰ (ਪਰਮਾਤਮਾ ਦੀ) ਨਿਰੰਤਰੀ ਜੋਤਿ ਤੈਂ) ਪ੍ਰਾਪਤ ਕੀਤੀ ਹੈ? ਦੰਦਾਂ ਬਿਨਾਂ (ਭਾਵ ਹਠ ਯੋਗ ਕੀਤੇ ਬਿਨਾਂ) ਕੀਕੂੰ ਲੋਹਾ (=ਜਗਤ)[2] ਖਾਧਾ ਜਾ ਸਕਦਾ ਹੈ, (ਭਾਵ ਜਿੱਤਿਆ ਜਾ ਸਕਦਾ ਹੈ)। ਹੇ ਨਾਨਕ! ਸੱਚਾ ਵੀਚਾਰ (ਕਥਨ) ਕਰੋ॥੧੯॥

---

੧. ਭਾਵ ਇਹ ਹੈ ਕਿ ਸੁੰਨ ਨਿਰੰਤਰ ਵਿਚ ਪ੍ਰਾਣਾਂ ਨੂੰ ਬੰਨ੍ਹਣ ਦੀ ਲੋੜ ਨਹੀਂ ਕਿਉਂਕਿ ਐਸੇ ਪੁਰਖ ਦਾ ਹੰਸ ਅਪਣੇ ਸੱਚ ਘਰ ਦਾ ਜਾਣੂ ਹੋਣ ਕਰਕੇ ਇਸ ਕੱਚ ਘਰ ਵਿਚ ਬੱਝਿਆ ਰਹਿਣ ਦੇ ਲੋਭ ਵਿਚ ਨਹੀਂ ਹੁੰਦਾ। ਉਸ ਨੂੰ ਸੁੰਨ ਨਿਰੰਤਰ ਵਿਚ ਆਪਣੇ ਪ੍ਰਾਣ ਬੰਨ੍ਹ ਕੇ ਰਖਣ ਦੀ ਲੋੜ ਨਹੀਂ ਪੈਂਦੀ, ਉਹ ਸਹਜ ਜੀਵਨ ਵਿਚ ਵਿਚਰਦਾ ਹੈ। ਕਈ ਦਾਨੇ ਇਸ ਅੰਕ ਦੀਆਂ ਚਾਰ ਤੁਕਾਂ ਨੂੰ ਸ੍ਰੀ ਗੁਰੂ ਸਾਹਿਬ ਵਲੋਂ ਆਪਣੇ ਸਿੱਧਾਂਤ ਬਾਬਤ ਉਚਾਰੀਆਂ ਖਜਾਲ ਕਰਕੇ ਅਰਥ ਲਾਉਂਦੇ ਹਨ। ਪਰ ਪਹਿਲੀਆਂ ਦੋ ਤੁਕਾਂ ਦੇ ਵਾਕ ਤੇ ਉਸ ਵਿਚ ਖਜਾਲ ਜੋਗੀਆਂ ਦੀ ਸਾਧਨ ਕ੍ਰਿਯਾ ਦੇ ਸਪਸ਼ਟ ਦਿੱਸਦੇ ਹਨ। ਜੋਗੀ ਅਸਲ ਵਿਚ ਅਪਣੀ 'ਕਾਲ ਬੰਚਨ ਕ੍ਰਿਯਾ' ਦਾ ਫਖਰ ਕਰ ਰਿਹਾ ਹੈ ਤੇ ਦੱਸ ਰਿਹਾ ਹੈ ਕਿ ਸੁੰਨ ਵਿਚ ਪ੍ਰਾਣ ਬੰਨ੍ਹਣ ਨਾਲ ਜਿੱਤ ਲਈਦਾ ਹੈ, ਤੇ ਰੂਹ ਦੇਹ ਛੋੜ ਕੇ ਨਹੀਂ ਜਾਂਦੀ। ਦੂਜੀਆਂ ਦੋਹਾਂ ਵਿਚ ਸਪਸ਼ਟ ਗੁਰੂ ਜੀ ਦਾ ਸਿੱਧਾਂਤ ਹੈ, ਵਾਹਿਗੁਰੂ ਜੀ ਦਾ ਪਜਾਰ, ਸਹਜ ਵ੍ਰਿਚ ਨਾਮ ਤੇ ਵਾਹਿਗੁਰੂ ਵਿਚ ਨਿਵਾਸ।

੨. ਜਗੁ ਕਰੜਾ ਮਨਮੁਖੁ ਗਾਵਾਰੁ॥ (ਸਿਧ ਗੋਸਟਿ-੪੬)।



www.sikhbookclub.com

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥
ਅਨਹਤਿ ਰਾਤੇ ਇਹੁ ਮਨੁ ਲਾਇਆ॥
ਮਨਸਾ ਆਸਾ ਸਬਦਿ ਜਲਾਈ॥
ਗੁਰਮੁਖਿ ਜੋਤਿ ਨਿਰੰਤਰਿ ਪਾਈ॥
ਤ੍ਰੈ ਗੁਣ ਮੇਟੇ ਖਾਈਐ ਸਾਰੁ॥
ਨਾਨਕ ਤਾਰੇ ਤਾਰਣਹਾਰੁ॥੨੦॥

ਉਤਰ:-

(ਅਸੀਂ ਜਦ) ਸਤਿਗੁਰ ਦੇ (ਗ੍ਰਿਹ) ਜਨਮੇ ਤਾਂ (ਆਵਾ) ਗਵਨ ਹੀ ਮਿਟ ਗਿਆ। (ਜਦ ਜਨਮ ਮਰਨ ਹੀ ਮਿਟ ਗਿਆ ਤਾਂ ਜਨਮ ਵਟਾਉਣ ਦਾ ਸਵਾਲ ਹੀ ਉਠ ਗਿਆ) ਅਨਹਤ ਵਿਚ ਰਚ ਗਏ (ਐਉਂ) ਇਹ ਮਨ ਲਾ ਲਿਆ। ਮਨਸਾ (ਇਛਾ ਤੇ) ਆਸ਼ਾ ਸ਼ਬਦ ਦੁਆਰਾ ਸਾੜ ਦਿਤੀ ਹੈ। ਗੁਰੂ ਦੁਆਰਾ (ਪਰਮਾਤਮਾ ਦੀ) ਨਿਰੰਤਰੀ ਜੋਤਿ ਪਾਈ ਹੈ[1]। ਤਿੰਨਾਂ ਗੁਣਾਂ ਨੂੰ ਦੂਰ ਕਰਕੇ ਸਾਰ ਖਾਧਾ ਜਾ ਸਕਦਾ ਹੈ[2]। (ਕਹਿੰਦੇ ਹਨ ਗੁਰੂ) ਨਾਨਕ (ਸੱਚਾ ਬਚਨ ਇਹ ਹੈ ਕਿ ) ਤਾਰ ਲੈਂਦਾ ਹੈ ਤਾਰਨਹਾਰ (ਪਰਮਾਤਮਾ)॥੨੦॥

ਇਕ ਹੋਰ ਜੋਗੀ ਦੇ ਪ੍ਰਸ਼ਨ:-

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥
ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ॥
ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ॥
ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ॥

ਆਦਿ ਦਾ ਵੀਚਾਰ ਕੀਹ ਕਥਨ ਕਰਦੇ ਹੋ? ਸੁੰਨ ਦਾ ਵਾਸਾ ਕਿਸ ਘਰ ਹੈ? (ਕੀ ਸੁੰਨ ਨਿਰਾਧਾਰ ਹੈ ਕਿ ਇਸ ਦਾ ਵੀ ਕੋਈ ਹੋਰ ਆਸਰਾ ਹੈ ਜੋ ਇਸ ਤੋਂ ਵੀ ਆਦਿ ਹੈ। ਗਿਆਨ ਕਿਸ ਤਰ੍ਹਾਂ ਪੈਦਾ ਹੋਵੇ ਤੇ ਉਹ) ਗਿਆਨ ਦੀ ਮੁਦ੍ਰਾ ਕਿਹੜੀ ਕਹਿੰਦੇ ਹੋ (ਜੋ ਇਸ ਸਾਧਨ ਵਿਚ ਸਹਾਈ ਹੋਵੇ)? ਘਟਿ ਘਟਿ ਵਿਚ ਕਿਸ ਦਾ ਵਾਸ ਹੈ? ਕਾਲ ਦਾ ਡੰਡਾ ਕਿੱਕੁਰ ਸਾੜਦੇ ਹੋ? ਨਿਰਭਉ ਦੇ ਘਰ ਵਿਚ ਕੀਕੂੰ ਜਾਈਦਾ ਹੈ? ਸਹਿਜ ਵਾਲੇ ਸੰਤੋਖ ਦਾ ਆਸਣ ਕਿਵੇਂ ਜਾਣੇ ਤੇ ਕਿਵੇਂ ਵੈਰੀਆਂ ਨੂੰ ਮਾਰੇ?

ਇਨ੍ਹਾਂ ਉਪਰਲੇ ਪ੍ਰਸ਼ਨਾਂ ਵਿਚ ਸਾਧਨ ਪੱਖ ਦੇ ਮਤਲਬ ਦੀਆਂ ਗੱਲਾਂ ਦੋ ਹੀ ਹਨ, ਹੋਰ ਸਾਰੇ ਪ੍ਰਸ਼ਨ ਇਨ੍ਹਾਂ ਦੇ ਅੰਤਰਗਤਿ ਹਨ, ਉਹ ਏਹ ਹਨ ਕਿ ਕਾਮ ਕ੍ਰੋਧ ਵੈਰੀ ਕੀਕੂੰ ਮਾਰੀਏ ਤੇ ਨਿਰਭੈ ਘਰ ਵਿਚ ਕੀਕੂੰ ਜਾਈਏ। ਗੁਰੂ ਜੀ ਦੱਸਦੇ ਹਨ ਕਿ ਹਉਮੈ ਦੀ ਜ਼ਹਿਰ ਨੂੰ ਗੁਰੂ ਦੇ ਦੱਸੇ ਸ਼ਬਦ ਨਾਲ ਮਾਰ ਲਓ ਤਾਂ ਸ੍ਵੈ ਸਰੂਪ ਵਿਚ ਵਾਸਾ ਹੋ ਜਾਏਗਾ ਤੇ ਉਸੇ ਸ਼ਬਦ ਦੁਆਰਾ ਹੀ ਰਚਣਹਾਰ ਦੀ ਪਛਾਣ ਪੈਦਾ ਕਰ ਲਓਗੇ ਤਾਂ ਆਦਿ ਦੀ ਪਛਾਣ, ਸੁੰਨ ਦਾ ਵਾਸ, ਗਜਾਨ ਦੀ ਮੁਦ੍ਰਾ, ਘਟ ਘਟ ਦਾ ਵਾਸੀ, ਕਾਲ ਦੇ ਡੰਡੇ ਦਾ ਦਾਰੂ ਤੇ ਸਹਜ ਦਾ ਆਸਣ ਸੱਭੋ ਕੁਛ ਜਾਣ ਲਓਗੇ।

---

੧. ਇਕ ਰਸ ਤੇ ਬਿਨਾਂ ਅੰਤਰੇ ਦੇ ਜੋ ਹੋਵੇ ਸੋ ਨਿਰੰਤਰੀ।

੨. ਭਾਵ ਜਗਤ ਦ੍ਰਿਸ਼ਟੀ ਵਿਚੋਂ 'ਤ੍ਰੈ ਗੁਣਤ੍ਵ' ਦੂਰ ਕਰ ਦੇਣਾ ਮਾਨੋ ਜਗਤ ਰੂਪੀ ਲੋਹੇ ਨੂੰ ਚੱਬ ਲੈਣਾ ਹੈ। ਤ੍ਰੈ ਗੁਣਾਂ ਦਾ ਇਹ ਮੇਟਣਾ ਸ਼ਬਦ ਦੀ ਕਮਾਈ ਨਾਲ ਹੁੰਦਾ ਹੈ। ਦੇਖੋ ਇਸੇ ਬਾਣੀ ਦਾ ਅੰਕ ੪੬।


www.sikhbookclub.com

| | |
|---|---|
| **ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ॥੨੧॥** | ਗੁਰ ਦੇ ਸ਼ਬਦ (ਨਾਮ) ਦੁਆਰਾ ਹਉਮੈ ਰੂਪ ਜ਼ਹਿਰ ਨੂੰ ਮਾਰ ਲਵੇ ਤਾਂ ਆਪਣੇ ਸਰੂਪ ਵਿਚ ਵਾਸਾ ਹੁੰਦਾ ਹੈ[1]। ਜਿਸ ਨੇ (ਇਹ) ਰਚਨਾ ਰਚੀ ਹੈ ਉਸ ਨੂੰ (ਬੀ) ਸ਼ਬਦ ਦੁਆਰਾ (ਹੀ) ਪਛਾਣ ਲਵੇ ਤਾਂ ਨਾਨਕ ਉਸ ਦਾ ਦਾਸ ਹੈ॥੨੧॥ |

ਪਰ ਜਾਪਦਾ ਹੈ ਕਿ ਇਸ ਸਮੁੱਚੇ ਉੱਤਰ ਤੋਂ ਘਬਰਾ ਕੇ ਇਕ ਹੋਰ ਕਾਹਲਾ ਜੋਗੀ ਉਸੇ ਤਰ੍ਹਾਂ ਦੇ ਪਰ ਹੋਰ ਅੱਖਰਾਂ ਵਿਚ ਪ੍ਰਸ਼ਨ ਕਰ ਦੇਂਦਾ ਹੈ:-

| | |
|---|---|
| **ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ॥ ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ॥ ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ॥ ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥** | ਇਹ ਕਿਥੋਂ ਆਉਂਦਾ ਹੈ, ਕਿੱਥੇ ਇਹ ਜਾਂਦਾ ਹੈ ਤੇ ਕਿੱਥੇ ਸਮਾਇਆ ਰਹਿੰਦਾ ਹੈ? ਜੋ ਇਸ ਬਚਨ ਦਾ ਅਰਥ ਕਰ ਦੇਵੇ ਉਸ ਗੁਰੂ ਨੂੰ ਤਿਲ ਜਿੰਨੀ ਤਮਾ ਨਹੀਂ ਹੈ। ਕਿਸ ਤਰ੍ਹਾਂ ਤੱਤ ਅਵਿਗਤ[2] ਨੂੰ ਪਾਵੇ? ਗੁਰਮੁਖ ਨਾਲ ਪਜਾਰ ਕੀਕੂੰ ਲੱਗੇ? ਆਪੇ ਕਰਤਾਰ ਤੇ ਆਪੇ ਜਾਣਨ ਹਾਰ (ਕੀਕੂੰ) ਹੋ ਜਾਵੇ? ਹੇ ਨਾਨਕ। ਇਸ ਦਾ ਵੀਚਾਰ ਕਹੁ। |

ਗੁਰੂ ਜੀ ਇਸ ਨੂੰ ਬੀ ਇਸ ਦੇ ਪ੍ਰਸ਼ਨਾਂ ਦਾ ਸਮੁੱਚਾ ਉਤਰ ਦੇਂਦੇ ਹਨ:-

| | |
|---|---|
| **ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥ ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥੨੨॥** | ਹੁਕਮੁ ਦੁਆਰਾ ਆਉਂਦਾ ਹੈ, ਹੁਕਮੁ ਦੁਆਰਾ ਚਲਾ ਜਾਂਦਾ ਹੈ, ਹੁਕਮੁ ਦੁਆਰਾ (ਉਸ ਹੁਕਮੀ ਵਿਚ) ਸਮਾਇਆ ਰਹਿੰਦਾ ਹੈ, ਪੂਰੇ ਗੁਰੂ (ਨੂੰ ਮਿਲੇ ਉਸ) ਤੋਂ (ਜਾਚ ਸਿੱਖ ਕੇ) ਸੱਚ ਦੀ ਕਮਾਈ ਕਰੇ ਤੇ ਸ਼ਬਦ (ਦਾ ਅਭਿਆਸ ਕਰੇ, ਇਸ) ਦੁਆਰਾ ਗਤਿ ਮਿਤਿ[3] ਪਾ ਲਏਗਾ॥੨੨॥ |

ਪਰ ਉਹ ਪਹਿਲਾ ਤੇ ਇਹ ਦੋਵੇਂ ਜੋਗੀ ਕਾਹਲੇ ਪੈ ਕੇ ਚਾਹੁੰਦੇ ਹਨ ਕਿ ਇਕ ਇਕ ਕਰ ਕੇ ਉਤਰ ਦਿਓ। ਓਹ ਸਮਝਦੇ ਹਨ ਕਿ ਸ਼ਾਇਦ ਇਨ੍ਹਾਂ ਨੂੰ ਉੱਤਰ ਆਉਂਦੇ ਨਹੀਂ। ਸੋ ਗੁਰੂ ਜੀ ਹੁਣ ਦੋਹਾਂ ਨੂੰ ਵਾਰੋ ਵਾਰੀ ਵੇਰਵੇ ਨਾਲ ਉੱਤਰ ਦੇਂਦੇ ਹਨ:-

| | |
|---|---|
| **ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥** | (ਸਾਰੇ ਜਗਤ ਦਾ) ਆਦਿ (ਅਥਵਾ ਜਗਤ ਦੇ ਮੁੱਢ ਤੋਂ ਬੀ ਪਹਿਲਾਂ ਜੋ ਸੀ ਉਸ) ਦਾ ਵੀਚਾਰ 'ਬਿਸਮਾਦ ਕਹੀਦਾ ਹੈ[4]। ਸੁੰਨ ਨੇ ਨਿਰੰਤਰ ਵਾਸਾ ਲੀਤਾ |

---

੧. ਭਾਵ, ਨਾਮ ਦੁਆਰਾ ਜੀਵ ਤੱਤ ਤੇ ਬ੍ਰਹਮ ਤੱਤ ਦੋਹਾਂ ਦੀ ਸੋਝੀ ਹੋ ਜਾਂਦੀ ਹੈ।

੨. ਅੰਕ ੨੩ ਵਿਚ ਅਵਿਗਤ ਸਮਾਈ ਦਾ ਤ੍ਰੀਕਾ ਦੱਸਿਆ ਹੈ।

੩. ਮੁਕਤੀ ਦਾ ਗਜਾਨ। ਮਰਿਯਾਦਾ ਨਾਲ ਪ੍ਰਾਪਤੀ। ਗਜਾਨ ਯਾ ਮੁਕਤੀ ਦਾ ਅੰਦਾਜ਼।

੪. ਭਾਵ ਉਸ ਬਾਬਤ ਇਹੋ ਕਿਹਾ ਜਾ ਸਕਦਾ ਹੈ ਕਿ-ਉਹ-ਅਚਰਜ ਹੈ।
ਯਥਾ:- ਅਸਚਰਜ ਰੂਪੰ ਰਹੰਤ ਜਨਮੰ॥ ਨੇਤ ਨੇਤ ਕਥੰਤਿ ਬੇਦਾ॥

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ॥
ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ॥
ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ॥

ਹੈ[1]। ਗੁਰੂ ਦਾ ਗਿਆਨ ਅਕਲਪਤ ਮੁਦ੍ਰਾ[2] ਵੀਚਾਰ ਕਰੀਦਾ ਹੈ (ਪਰ) ਸਰਬ ਜੀਵਾਂ ਦੇ ਘਟ ਘਟ ਵਿਚ ਸੱਚਾ (ਪਰਮੇਸ਼ੁਰ ਨਿਵਾਸ ਕਰ) ਰਿਹਾ ਹੈ। ਗੁਰੂ ਦੇ ਉਪਦੇਸ਼ (ਦੀ ਕਮਾਈ) ਨਾਲ ਅਵਜਕਤ ਵਿਚ ਸਮਾਈਦਾ ਹੈ (ਤੇ) ਤੱਤ ਨਿਰੰਜਨ ਨੂੰ ਸਹਿਜ ਨਾਲ ਪਾ ਲਈਦਾ ਹੈ[3]। (ਇਹ ਨਿਰਭੈ ਦਾ ਘਰ ਹੈ)। (ਵਰਤੋਂ ਵਿਚ) ਦੂਜੇ (ਭਾਵ) ਵਾਲੀ (ਕੋਈ) ਕਾਰ ਨਾ ਕਰਨੀ (ਸਗੋਂ) ਸੇਵਾ ਕਰੇ, ਐਸਾ ਸਿੱਖ ਖੋਜ ਕਰਕੇ ਪਾ ਲਏਗਾ (ਸਦਗਤੀ ਨੂੰ) ਹੇ ਨਾਨਕ!

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ॥
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ॥੨੩॥

ਹੁਕਮ ਬਿਸਮਾਦ ਹੈ, ਹੁਕਮੀ (ਬਿਸਮਾਦ ਹੈ) (ਇਹ ਗੱਲ ਜੋ) ਸਮਝ ਲਵੇ ਉਹ ਜੀ ਦੀ ਜੁਗਤ ਤੇ ਸੱਚ (ਪਰਮੇਸ਼ੁਰ) ਨੂੰ ਪਛਾਣ ਲਵੇਗਾ। ਆਪਾ ਭਾਵ ਨੂੰ ਮੇਟ ਕੇ (ਉਹ ਮਾਯਕ ਆਸਰਿਆਂ ਤੋਂ) ਨਿਰਾਸਰਾ[4] (=ਸੁਤੰਤਰ) ਹੋ ਜਾਂਦਾ ਹੈ, (ਉਸ ਦੇ) ਅੰਦਰ ਸੱਚ (ਸਮਾ ਜਾਂਦਾ ਹੈ ਤੇ) ਓਸੇ ਨੂੰ ਜੋਗੀ ਕਹੀਦਾ ਹੈ॥੨੩॥

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥

ਅਵਿਗਤ (ਦੇ ਆਰਾਧਣ) ਤੋਂ ਨਿਰਮਲਤਾ ਉਪਜਦੀ ਹੈ (ਐਉਂ ਇਹ ਜੀਵ ਜੋ) ਗੁਣ ਹੀਨ (ਸੀ ਸੋ) ਗੁਣਵਾਨ ਹੋ ਜਾਂਦਾ ਹੈ[5]।

---

੧. ਜੋਗੀਆਂ ਨੇ ਸੁੰਨ ਕੇਵਲ ਦਸਮ ਦੁਆਰ ਆਦਿਕ ਟਿਕਾਣਿਆਂ ਵਿਚ ਮੰਨੀ ਹੈ। ਗੁਰੂ ਜੀ ਕਹਿੰਦੇ ਹਨ ਉਹ ਸਾਰੇ ਵਜਾਪਕ ਹੈ।

੨. ਜੋਗ ਸਾਧਨ ਦੀਆਂ ੨੪ ਮੁੰਦ੍ਰਾ ਹਨ ਜੋ ਕਲਪਨਾ ਅਰਥਾਤ ਗੇਣਤੀ ਵਿਚ ਹੈਨ। ਗਜਾਨ ਪਾ ਕੇ ਕਲਪਨਾ ਰਹਿਤ ਹੋਈਦਾ ਹੈ। ਗੁਰੂ ਜੀ ਨਿਰਵਿਕਲਪ ਗਜਾਨ ਦਾ ਜ਼ਿਕਰ ਕਰ ਰਹੇ ਹਨ।

੩. ਜੋਗੀ ਕਹਿੰਦੇ ਹਨ ਕਾਲ ਬੰਚਨ ਕੀਤੂੰ ਕਰਕੇ ਦੇਹ ਨੂੰ ਅਮਰ ਕਰਨਾ ਹੈ, ਗੁਰੂ ਜੀ ਕਹਿੰਦੇ ਹਨ ਅਵਜਕਤ ਵਿਚ ਨਾਮ ਨਾਲ ਸਮਾਉਣਾ ਹੈ ਤੇ ਅਵਜਕਤ ਤੇ ਦੂਜੇ ਸਰੂਪ ਤੱਤ ਨਿਰੰਜਨ ਵਿਚ ਫੇਰ ਸਹਿਜ ਨਾਲ ਜਾ ਪੁੱਜਣਾ ਹੈ, ਇਹ ਅਮਰ ਪਦ ਹੈ ਜਿਥੋਂ ਫੇਰ ਹੇਠ ਨਹੀਂ ਆਉਣਾ, ਕਾਲ ਦਾ ਡੰਡਾ ਐਉਂ ਸਾੜਨਾ ਹੈ ਤੇ ਨਿਰਭੈ ਘਰ ਵਿਚ ਜਾਣਾ ਹੈ।

੪. ਨਿਰ+ਅਲੰਬ।

੫. ਦਾਰਸ਼ਨਿਕ ਪਹਿਲੂ ਵਿਚ ਇਸ ਦੇ ਅਰਥ ਸ੍ਰਿਸ਼ਟੀ ਦੀ ਉਤਪਤੀ ਵਲ ਲੱਗਦੇ ਹਨ। ਅਬਿਗਤ ਦਾ ਅਰਥ ਪਰਮ ਤੱਤ ਪਰਾਸੰਵਿਤ) ਹੈ ਜੋ ਹਰ ਇਕ ਚੀਜ਼ ਦਾ ਆਦਿ ਕਾਰਣ ਹੈ, ਇਸ ਤੱਤ ਤੋਂ ਨਿਰਮਾਇਲ ਉਪਜਦਾ ਹੈ: ਨਿਰਮਾਇਲ ਦਾ ਭਾਵ ਸ਼ੁਧ ਤੱਤ ਤੋਂ ਹੈ।

ਮੰਤ੍ਰ ਸ਼ਾਸਤ੍ਰ ਮੁਤਾਬਕ ਸ਼ਿਵ, ਸ਼ਕਤੀ, ਨਾਦ, ਬਿੰਦ, ਈਸ਼ੂਰ ਆਦਿਕ ਸ਼ੁਧ ਤੱਤ ਵਿਚ ਗਿਣੇ ਹਨ ਜੋ ਪਰਮ ਤੱਤ (ਪਰਾਸੰਵਿਤ) ਤੋਂ ਉਪਜਦੇ ਹਨ, ਜਿਸ ਨੂੰ ਬਾਣੀ ਵਿਚ ਅਬਿਗਤ (ਅਵਜਕਤ) ਕਿਹਾ ਹੈ। ਮੰਤ੍ਰ ਸ਼ਾਸਤ੍ਰ ਨੇ ਸ਼ੁੱਧ ਤੱਤ ਤੋਂ ਪਿਛੇ ਸ਼ੁੱਧ-ਅਸ਼ੁੱਧ ਤੱਤ ਦੀ ਉਤਪਤੀ ਮੰਨੀ ਹੈ ਜਿਸ ਵਿਚ ਮਾਯਾ ਤੇ ਕੰਚੁਕ ਆਦਿ ਗਿਣੇ ਹਨ। ਸ਼ੁੱਧ ਅਸ਼ੁੱਧ ਤਤ੍ਵ ਸ੍ਰਿਸ਼ਟੀ ਦੀ ਉਤਪਤੀ ਵਿਚ ਉਹ ਪੌੜੀ ਹੈ ਜਿਥੇ ਨਿਰਗੁਣ ਸ਼ਰਗੁਣ ਹੋਣ ਲਗਦਾ ਹੈ। ਇਸ ਤੋਂ ਅਗਾਹਾਂ ☞

ਸਤਿਗੁਰ ਪਰਚੈ ਪਰਮ ਪਦੁ ਪਾਈਐ
ਸਾਚੈ ਸਬਦਿ ਸਮਾਇ ਲੀਆ॥

ਏਕੇ ਕਉ ਸਚੁ ਏਕਾ ਜਾਣੈ ਹਉਮੈ
ਦੂਜਾ ਦੂਰਿ ਕੀਆ॥

ਸੋ ਜੋਗੀ ਗੁਰ ਸਬਦੁ ਪਛਾਣੈ
ਅੰਤਰਿ ਕਮਲੁ ਪ੍ਰਗਾਸੁ ਥੀਆ॥

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ
ਅੰਤਰਿ ਜਾਣੈ ਸਰਬ ਦਇਆ॥

ਨਾਨਕ ਤਾ ਕਉ ਮਿਲੈ ਵਡਾਈ
ਆਪੁ ਪਛਾਣੈ ਸਰਬ ਜੀਆ॥੨੪॥

ਸਾਚੌ ਉਪਜੈ ਸਾਚਿ ਸਮਾਵੈ ਸਾਚੇ
ਸੂਚੇ ਏਕ ਮਇਆ॥

ਝੂਠੇ ਆਵਹਿ ਠਵਰ ਨ ਪਾਵਹਿ
ਦੂਜੈ ਆਵਾ ਗਉਣੁ ਭਇਆ॥

ਆਵਾ ਗਉਣੁ ਮਿਟੈ ਗੁਰਸਬਦੀ
ਆਪੇ ਪਰਖੈ ਬਖਸਿ ਲਇਆ॥

ਏਕਾ ਬੇਦਨ ਦੂਜੈ ਬਿਆਪੀ ਨਾਮੁ
ਰਸਾਇਣੁ ਵੀਸਰਿਆ॥

ਸੋ ਬੂਝੈ ਜਿਸੁ ਆਪਿ ਬੁਝਾਏ ਗੁਰ
ਕੈ ਸਬਦਿ ਸੁ ਮੁਕਤੁ ਭਇਆ॥

ਨਾਨਕ ਤਾਰੇ ਤਾਰਣਹਾਰਾ
ਹਉਮੈ ਦੂਜਾ ਪਰਹਰਿਆ॥੨੫॥

ਸਤਿਗੁਰੂ ਦੇ (ਮੇਲ ਤੇ) ਉਪਦੇਸ਼[1] ਦੁਆਰਾ ਪਰਮ ਪਦ ਪਾਈਦਾ ਹੈ, ਸਚੇ ਸ਼ਬਦ (ਅਰਥਾਤ ਬ੍ਰਹਮ) ਨੇ (ਜੀਵ ਨੂੰ ਅਪਣੇ ਵਿਚ) ਸਮਾ ਲੀਤਾ ਹੈ। ਇਕ (ਪਰਮੇਸ਼ੁਰ) ਨੂੰ (ਜਿਸ ਨੇ) ਇਕੋ ਸੱਚ ਜਾਣ ਲਿਆ ਹੈ (ਤੇ) ਹਉਮੈ (ਰੂਪੀ) ਦ੍ਵੈਤ ਨੂੰ ਦੂਰ ਕੀਤਾ ਹੈ ਉਹ ਗੁਰ ਸ਼ਬਦ ਨੂੰ ਪਛਾਣਦਾ ਹੈ (ਤੇ ਉਸ ਦੇ) ਅੰਦਰ ਕਮਲ ਪ੍ਰਕਾਸ਼ ਹੋਇਆ ਹੈ,ਉਹ ਜੋਗੀ ਹੈ। ਜੋ ਜੀਵਤ (ਭਾਵ ਵਲੋਂ) ਮਰ ਜਾਏ ਤਾਂ (ਉਸ ਨੂੰ ਇਹ) ਸਭ ਕੁਛ ਸੁੱਝ ਪੈਂਦਾ ਹੈ; (ਉਹ ਜਾਣਨ ਮਾਤ੍ਰ ਦਾ ਗਜਾਨੀ ਨਹੀਂ ਬਣਦਾ, ਪਰ ਉਹ ਅਪਣੇ) ਅੰਦਰ (ਇਹ ਬੀ) ਜਾਣ ਲੈਂਦਾ ਹੈ (ਕਿ ਹੁਣ ਮੇਰੀ ਵਰਤੋਂ) ਸਭ ਤੇ ਦਇਆ (ਕਰਨੀ ਹੈ)। ਹੇ ਨਾਨਕ! ਉਸ ਨੂੰ ਵਡਿਆਈ ਮਿਲਦੀ ਹੈ ਜੋ ਸਭ ਜੀਵਾਂ ਵਿਚ ਆਪ ਨੂੰ ਪਛਾਣ ਲਵੇ॥੨੪॥

(ਬੇਸ਼ਕ ਜੀਵ) ਸੱਚ ਤੋਂ ਉਪਜਦੇ ਹਨ (ਪਰ) ਸੱਚ ਵਿਚ ਸਮਾਉਂਦੇ (ਤਾਂ) ਹਨ (ਜੇ) ਸੱਚੇ (ਨੂੰ ਆਰਾਧਣ ਨਾਲ) ਸੁੱਚੇ (ਹੋ ਜਾਣ), (ਤਦ ਉਸ ਸੱਚ ਨਾਲ) ਇਕ ਰੂਪ ਹੋ ਜਾਣਗੇ। ਝੂਠੇ ਆਉਂਦੇ ਹਨ (ਪਰ ਉਨ੍ਹਾਂ ਦਾ) ਟਿਕਾਣਾ ਨਹੀਂ ਲੱਭਦਾ (ਉਨ੍ਹਾਂ ਨੂੰ) ਦੂਜੇ ਭਾਵ ਕਰਕੇ ਆਵਾਗੌਣ ਹੁੰਦਾ ਹੈ। (ਇਹ) ਆਵਾਗੌਣ ਗੁਰੂ ਦੇ ਸ਼ਬਦ (ਨਾਮ) ਨਾਲ ਮਿਟਦਾ ਹੈ, (ਗੁਰ ਸ਼ਬਦ ਅਭਜਾਸੀਆਂ ਨੂੰ ਪਰਮੇਸ਼ੁਰ) ਆਪ ਪਰਖਦਾ ਹੈ (ਤੇ) ਬਖਸ਼ ਬੀ ਲੈਂਦਾ ਹੈ। (ਪਰ ਝੂਠਿਆਂ ਨੂੰ) ਨਾਮ ਰਸਾਇਣ ਵਿਸਰ ਰਿਹਾ ਹੈ (ਜੋ ਉਨ੍ਹਾਂ ਨੂੰ ਮੁੜਕੇ ਸੱਚਾ ਸੋਨਾ ਬਣਾ ਸਕਦਾ ਸੀ, ਕਿਉਂਕਿ ਉਨ੍ਹਾਂ ਨੂੰ) ਦੂਜੇ ਭਾਵ ਦੀ ਹੀ ਇਕੋ ਪੀੜਾ ਬਜਾਪ ਰਹੀ ਹੈ। ਇਸ ਗੱਲ ਨੂੰ ਕਿ ਮੈਨੂੰ ਦੂਜੇ ਭਾਵ ਦਾ ਪਜਾਰ ਹੈ ਤੇ ਨਾਮ ਇਸ ਦਾ ਦਾਰੂ ਹੈ) ਉਹ ਸਮਝਦਾ ਹੈ ਜਿਸ ਨੂੰ (ਪਰਮੇਸ਼ੁਰ) ਆਪ ਬੁਝਾਵੇ, ਉਹ (ਫਿਰ) ਗੁਰੂ ਦੇ ਸ਼ਬਦ ਦੁਆਰਾ ਮੁਕਤ ਹੋ ਜਾਂਦਾ ਹੈ। ਹੇ ਨਾਨਕ! ਜਿਸ ਨੇ ਹਉਮੈ ਤੇ ਦੂਜਾ (ਭਾਵ) ਦੂਰ ਕੀਤਾ ਹੈ ਉਸ ਨੂੰ ਤਾਰਨਹਾਰ ਤਾਰਦਾ ਹੈ॥੨੫॥

੧. ਸੰਸਕ੍ਰਿਤ, ਪਰਿਚਯ=ਵਾਕਫੀ, ਮੇਲ ਕਰਾਉਣ ਦਾ ਕਾਰਜ। ਉਪਦੇਸ਼। ਮੇਲ ਤੇ ਉਪਦੇਸ਼।

☞ ਅਸ਼ੁਧ ਤੱਤਾਂ ਦੀ ਉਤਪਤੀ ਹੈ ਜਿਸ ਵਿਚ ਪ੍ਰਕ੍ਰਿਤੀ ਤੇ ਉਹਦੇ ਵਿਕਾਰ ਰੂਪ ਹੈਨ। ਇਹ ਸਥੂਲ ਰੂਪ ਸਰਗੁਣਤਾ ਦਾ ਹੈ।

ਮਨਮੁਖਿ ਭੂਲੈ ਜਮ ਕੀ ਕਾਣਿ॥ ਪਰ ਘਰੁ ਜੋਹੈ ਹਾਣੇ ਹਾਣਿ॥ ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥ ਸਬਦੁ ਨ ਚੀਨੈ ਲਵੈ ਕੁਬਾਣਿ॥ ਨਾਨਕ ਸਾਚਿ ਰਤੇ ਸੁਖੁ ਜਾਣਿ॥ ੨੬॥

(ਹਉ ਤੇ ਦੂਜੇ ਭਾਵ ਦੇ ਵਿਚ ਫਸਕੇ ਜੋ ਪਰਮੇਸ਼ਰ ਨੂੰ) ਭੁੱਲ ਗਿਆ ਹੈ (ਉਹ) ਮਨਮੁਖ (ਹੈ ਉਸ ਨੂੰ) ਜਮ ਕੀ ਕਾਣ ਹੈ (ਭਾਵ ਉਹ ਜਨਮ ਮਰਨ ਵਿਚ ਹੈ। ਉਹ ਆਪਣੇ ਪਰਮਾਤਮਾ ਨੂੰ ਛੋੜਕੇ) ਪਰਾਯਾ ਘਰ ਢੂੰਡਦਾ ਹੈ (ਇਸ ਕਰਕੇ ਉਸ ਨੂੰ) ਹਾਨੀ ਹੀ ਹਾਨੀ (ਪੱਲੇ ਪੈਂਦੀ) ਹੈ। ਭਰਮ ਵਿਚ ਫਸਕੇ ਮਨਮੁਖ ਉਜਾੜ ਵਿਚ ਭਉਂਦਾ ਫਿਰਦਾ ਹੈ। ਮਸਾਣਾਂ[1] ਵਿਚ (ਬੈਠਕੇ) ਮੰਤ੍ਰ (ਸਿੱਧ ਕਰਕੇ ਤੇ ਬੀਰਾ-ਰਾਧਨ ਆਦਿ ਕਰਨੇ ਕਰਕੇ ਉਹ ਇਸ) ਖੋਟੇ ਰਾਹ ਵਿਚ ਹੀ ਲੁਟਿਆ ਜਾਏਗਾ; (ਉਹ) ਨਾਮ ਨੂੰ ਨਹੀਂ ਸਮਝਦਾ ਤੇ ਖੋਟੀ ਬਾਣੀ ਪੜ੍ਹਦਾ ਹੈ। ਹੇ ਨਾਨਕ! (ਐਉਂ ਝੂਠ ਦੇ ਮਗਰ ਲੱਗਿਆਂ ਸੁਖ ਨਹੀਂ) ਸੱਚ ਵਿਚ ਰਚਨ ਨਾਲ ਹੀ ਸੁਖ (ਦੀ ਪ੍ਰਾਪਤੀ) ਸਮਝ॥੨੬॥

ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥ ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੨੭॥

[2]ਗੁਰਮੁਖ (ਅਪਣੇ ਮਨ ਤੇ ਅਪਣੇ ਮਿਲਨ ਵਾਲਿਆਂ ਉਤੇ) ਸੱਚੇ (ਪਰਮੇਸ਼ੁਰ) ਦਾ ਭਉ ਪਾਉਂਦਾ ਹੈ। ਗੁਰਮੁਖ (ਅਪਣੀ) ਬਾਣੀ (ਨਾਮ ਉਪਦੇਸ਼) ਨਾਲ ਅਨਸਿੱਖਜਤ (ਜਗਜਾਸੂ) ਨੂੰ ਸੁਸਿਖਜਤ ਕਰ ਦੇਂਦਾ ਹੈ। ਗੁਰਮੁਖ ਪਰਮੇਸ਼ੁਰ ਦੇ ਨਿਰਮਲ ਗੁਣ ਗਾਉਂਦਾ ਹੈ[3]। ਗੁਰਮੁਖ ਪਵਿੱਤ੍ਰਤਾ ਦਾ ਪਰਮ ਪਦ (ਅਤਿ ਉੱਚਾ ਦਰਜਾ) ਪਾ ਲੈਂਦਾ ਹੈ। ਗੁਰਮੁਖ ਰੋਮ ਰੋਮ ਦੁਆਰਾ ਪਰਮੇਸ਼ੁਰ ਨੂੰ ਆਰਾਧਦਾ ਹੈ। ਨਾਨਕ! ਗੁਰਮੁਖ ਸੱਚ ਵਿਚ ਸਮਾਉਂਦਾ ਹੈ॥੨੭॥

ਗੁਰਮੁਖਿ ਪਰਚੈ ਬੇਦ ਬੀਚਾਰੀ॥ ਗੁਰਮੁਖਿ ਪਰਚੈ ਤਰੀਐ ਤਾਰੀ॥ ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥

ਗੁਰਮੁਖ ਨਾਲ ਪਰਚਾ ਪੈ ਜਾਣ ਕਰਕੇ (ਭਾਵ ਉਸ ਦੇ ਮਿਲਾਪ ਸਤਿਸੰਗ ਉਪਦੇਸ਼ ਵਿਚ ਜੀਵ) ਗਜਾਨ ਦਾ ਵੀਚਾਰਨਹਾਰ ਹੋ ਜਾਂਦਾ ਹੈ। ਗੁਰਮੁਖ ਦੇ ਮਿਲਾਪ ਨਾਲ (ਮਾਯਾ ਰੂਪੀ) ਨਦੀ ਨੂੰ ਤਰ ਜਾਈਦਾ ਹੈ। (ਜੋ) ਗੁਰਮੁਖ ਦੇ ਮਿਲਾਪ ਵਿਚ ਆ ਜਾਂਦਾ ਹੈ ਉਹ ਸ਼ਬਦ (ਦੀ ਮਹਿਮਾ) ਦਾ ਗਜਾਨੀ ਹੋ ਜਾਂਦਾ ਹੈ। (ਜੋ) ਗੁਰ-ਮੁਖ (ਨੂੰ) ਮਿਲਦਾ ਹੈ (ਉਹ ਆਪਣੇ) ਅੰਦਰ ਦੀ

੧. ਕਈ ਨਾਟਕੀ ਚੇਟਕੀ ਜੋਗੀ ਮਸਾਣਾਂ ਵਿਚ ਬੈਠਕੇ ਬੀਰਾਰਾਧਨ ਕਰਦੇ ਹਨ।

੨. ਆਪਣੇ ਪੈਦਾ ਕੀਤੇ ਆਦਰਸ਼ਕ ਬੰਦੇ-ਗੁਰਮੁਖ-ਦੇ ਲੱਛਣ ਗੁਰੂ ਜੀ ਦੱਸਦੇ ਹਨ।

੩. ਜਾਂ ਗੁਰਮੁਖ ਨਿਰਮਲ ਹਰਿ ਦੇ ਗੁਣ ਗਾਉਂਦਾ ਹੈ। ਨਿਰਮਲ ਹਰਿ ਤੋਂ ਮੁਰਾਦ ਨਿਰਗੁਣ ਪਰਮਾਤਮਾਂ ਦੀ ਹੈ। ਮੰਤ੍ਰ ਆਰਾਧਨਾ ਵਾਲੇ ਹਰਿ ਦੇ 'ਗੁਣ ਅਵਤਾਰਾਂ' ਦੀ ਆਰਾਧਨਾ ਕਰਦੇ ਹਨ। 'ਗੁਣ ਅਵਤਾਰ' ਸ਼ਿਵ ਆਦਿਕ ਹਨ।

ਗੁਰਮੁਖਿ ਪਾਈਐ ਅਲਖ ਅਪਾਰੁ॥
ਨਾਨਕ ਗੁਰਮੁਖਿ ਮੁਕਤਿ ਦੁਆਰੁ॥
੨੮॥

ਹਾਲਤ ਨੂੰ ਜਾਣ ਜਾਂਦਾ ਹੈ। ਗੁਰਮੁਖ ਦੁਆਰੇ ਪਾਈਦਾ ਹੈ ਨਾ ਲਖੇ ਜਾਣ ਵਾਲਾ ਤੇ ਪਾਰ ਤੋਂ ਰਹਿਤ (ਪਰਮਾਤਮਾ)। ਹੇ ਨਾਨਕ! ਗੁਰਮੁਖ ਦੇ ਵਸੀਲੇ ਮੁਕਤੀ ਦਾ ਦਰਵਾਜ਼ਾ (ਪ੍ਰਾਪਤ ਹੁੰਦਾ) ਹੈ॥੨੮॥

ਗੁਰਮੁਖਿ ਅਕਥੁ ਕਥੈ ਬੀਚਾਰਿ॥
ਗੁਰਮੁਖਿ ਨਿਬਹੈ ਸਪਰਵਾਰਿ॥
ਗੁਰਮੁਖਿ ਜਪੀਐ ਅੰਤਰਿ ਪਿਆਰਿ॥
ਗੁਰਮੁਖਿ ਪਾਈਐ ਸਬਦਿ ਅਚਾਰਿ॥
ਸਬਦਿ ਭੇਦਿ ਜਾਣੈ ਜਾਣਾਈ॥
ਨਾਨਕ ਹਉਮੈ ਜਾਲਿ ਸਮਾਈ॥੨੯॥

ਗੁਰਮੁਖ ਅਕੱਥ (ਨਾ ਕਥੇ ਜਾਣ ਵਾਲੇ ਪਰਮੇਸ਼ਰ) ਨੂੰ (ਅਪਣੇ) ਵੀਚਾਰ ਦੁਆਰਾ ਵਰਣਨ ਕਰਦਾ ਹੈ। ਗੁਰਮੁਖ ਪਰਵਾਰ ਸਮੇਤ[1] ਨਿਭ ਜਾਂਦਾ ਹੈ (ਭਾਵ ਭਉਜਲ ਨੂੰ ਤਰ ਜਾਂਦਾ ਹੈ)। (ਤਾਂਤੇ) ਗੁਰਮੁਖ ਦੁਆਰਾ ਅੰਦਰਲੇ ਪਿਆਰ ਨਾਲ (ਪਰਮੇਸ਼ੁਰ ਨੂੰ) ਜਪੀਦਾ ਹੈ: (ਪਰ) ਗੁਰਮੁਖ ਦੁਆਰੇ (ਹੀ) ਪਾਈਦੀ ਹੈ ਸ਼ਬਦ[2] ਦੀ ਕਰਣੀ[3]। (ਕਿਉਂਕਿ ਗੁਰਮੁਖ) ਸ਼ਬਦ ਦਾ ਭੇਦ ਜਾਣਦਾ ਹੈ[4] (ਤੇ ਦੂਸਰਿਆਂ ਨੂੰ ਇਹ ਭੇਤ) ਦੱਸ ਦੇਂਦਾ ਹੈ। ਗੁਰਮੁਖ) ਹਉਮੈਂ ਨੂੰ ਸਾੜ ਕੇ (ਪਰਮੇਸ਼ੁਰ ਵਿਚ) ਸਮਾਉਂਦਾ ਹੈ, ਹੇ ਨਾਨਕ! ॥੨੯॥

ਗੁਰਮੁਖਿ ਧਰਤੀ ਸਾਚੈ ਸਾਜੀ॥
ਤਿਸ ਮਹਿ ਓਪਤਿ ਖਪਤਿ ਸੁ ਬਾਜੀ॥
ਗੁਰ ਕੈ ਸਬਦਿ ਰਪੈ ਰੰਗੁ ਲਾਇ॥
ਸਾਚਿ ਰਤਉ ਪਤਿ ਸਿਉ ਘਰਿ ਜਾਇ॥ ਸਾਚ ਸਬਦ ਬਿਨੁ ਪਤਿ ਨਹੀ ਪਾਵੈ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ॥੩੦॥

ਗੁਰਮੁਖ (ਜਾਣਦਾ ਹੈ ਕਿ) ਇਹ ਧਰਤੀ ਸੱਚੇ (ਪਰਮੇਸ਼ੁਰ) ਨੇ ਸਾਜੀ ਹੈ। ਇਸ (ਧਰਤੀ) ਵਿਚ ਉਪਜਣਾ ਬਿਨਸਣਾ (ਇਕ) ਖੇਲ ਹੈ। (ਇਸ ਕਰਕੇ ਉਹ) ਪ੍ਰੇਮ ਲਾ ਕੇ ਗੁਰੂ ਤੇ ਸ਼ਬਦ ਵਿਚ ਰੰਗਦਾ ਹੈ (ਆਪ ਨੂੰ ਐਉਂ) ਸੱਚ ਵਿਚ ਰਚ ਕੇ (ਉਹ) ਪਤ ਨਾਲ ਪਰਲੋਕ ਨੂੰ ਜਾਂਦਾ ਹੈ। (ਕਿਉਂਕਿ ਪਰਲੋਕ ਵਿਚ ਕੋਈ) ਸੱਚੇ ਸ਼ਬਦ ਬਿਨਾਂ ਪਤ ਨਹੀਂ ਪਾਉਂਦਾ ਤੇ ਬਿਨਾਂ ਨਾਮ ਦੇ (ਕੋਈ) ਸੱਚ ਵਿਚ ਕਿਵੇਂ ਸਮਾਵੇ, ਹੇ ਨਾਨਕ! (ਤਾਂਤੇ ਨਾਮ ਵਿਚ ਰਚੋ) ॥੩੦॥

ਗੁਰਮੁਖਿ ਅਸਟ ਸਿਧੀ ਸਭਿ ਬੁਧੀ॥
ਗੁਰਮੁਖਿ ਭਵਜਲੁ ਤਰੀਐ ਸਚ ਸੁਧੀ॥

ਗੁਰਮੁਖ ਨੂੰ ਅੱਠਾਂ ਸਿੱਧੀਆਂ ਤੇ ਸਾਰੀਆਂ ਬੁੱਧੀਆਂ (ਦੀ ਸੋਝੀ ਹੁੰਦੀ ਹੈ[5]) ਗੁਰਮੁਖ ਦੁਆਰਾ ਭਉਜਲ ਨੂੰ

੧. ਆਪਣੇ ਸਤਿਸੰਗੀਆਂ ਸਮੇਤ, ਚਾਹੋ ਘਰ ਦੇ ਚਾਹੋ ਦੂਸਰੇ।
੨. ਸ਼ਬਦਿ ਦਾ ਅਰਥ ਐਸੇ ਥਾਂਵੀਂ 'ਬ੍ਰਹਮ' ਬੀ ਲਾਉਂਦੇ ਹਨ। (ਅ) 'ਸ਼ਬਦ ਦੁਆਰਾ'।
੩. ਅਚਾਰ ਤੋਂ ਏਥੇ ਮਤਲਬ ਕਰਣੀ ਕਰਤੱਬ ਹੈ। ਪਿਛਲੇ ਅੰਕ ਵਿਚ 'ਸਬਦਿ ਗਿਆਨ' ਕਿਹਾ ਸੀ, ਏਥੇ 'ਸਬਦਿ ਅਚਾਰਿ' ਕਿਹਾ ਹੈ: ਗਜਾਨ ਤੇ ਕਰਨੀ ਦੁਇ ਆ ਗਏ। ਯਥਾ: 'ਗੁਰ ਮਿਲਿ ਚਜੁ ਆਚਾਰੁ ਸਿਖੁ.....' (ਸਿਰੀ:ਮ:੫-੯੩)
(ਅ) ਗੁਰਮੁਖ ਦੁਆਰਾ ਪਾਈਦੀ ਹੈ ਨਾਮ ਨਾਲ (ਹੀ ਸ਼ੁਭ) ਆਚਰਣ ਵਿਚ (ਪ੍ਰਵਿਰਤ)।
੪. ਅਥਵਾ- "ਗੁਰਮੁਖ ਸ਼ਬਦ ਨਾਲ ਮਨ ਨੂੰ ਭੇਦਣਾ ਜਾਣਦਾ ਹੈ"।
੫. ਯੋਗ ਦੁਆਰਾ ਜੋ ਵਿਭੂਤੀਆਂ ਅਤੇ 'ਕੈਵਲ' ਤਕ ਸਾਰੀਆਂ 'ਬੁਧੀਆਂ' ਕਹੀਆਂ ਹਨ, ਗੁਰਮੁਖ ਨੂੰ ਉਨ੍ਹਾਂ ਦੀ ਸੋਝੀ ਨਾਮ ਰਾਹੀਂ ਹੋ ਜਾਂਦੀ ਹੈ।

ਗੁਰਮੁਖਿ ਸਰ ਅਪਸਰ ਬਿਧਿ ਜਾਣੈ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥ ਗੁਰਮੁਖਿ ਤਾਰੇ ਪਾਰਿ ਉਤਾਰੇ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ॥੩੧॥

ਤਰ ਜਾਈਦਾ ਹੈ ਸੱਚ ਦੀ ਪਵਿੱਤ੍ਰਤਾ ਨਾਲ। ਗੁਰਮੁਖ ਮੌਕਿਆਂ ਬੇਮੌਕਿਆਂ ਦੀ ਵਿਧਿ ਨੂੰ ਜਾਣਦਾ ਹੈ[1]। ਗੁਰਮੁਖ ਪਰਵਿਰਤੀ ਤੇ ਨਿਰਵਿਰਤੀ ਨੂੰ ਪਛਾਣਦਾ ਹੈ[2]। ਗੁਰਮੁਖ (ਸੰਸਾਰ ਸਾਗਰ ਵਿਚ ਡੁਬਣੋਂ ਬਚਣ ਲਈ) ਤਾਰਦਾ ਹੈ (ਤੇ ਤਾਰ ਕੇ) ਪਾਰ ਪਹੁੰਚਾ ਦੇਂਦਾ ਹੈ। ਗੁਰਮੁਖ ਸ਼ਬਦ ਦੁਆਰਾ (ਜਗਤ ਨੂੰ) ਮੁਕਤ ਕਰਦਾ ਹੈ, ਹੇ ਨਾਨਕ! ॥੩੧॥

ਜਿਸ ਸ਼ਬਦ ਨਾਲ ਗੁਰਮੁਖ ਨਿਸਤਾਰਦਾ ਹੈ ਉਹ ਹੈ ਭਗਵੰਤ ਦਾ ਨਾਮ; ਸੋ ਫੁਰਮਾਉਂਦੇ ਹਨ ਕਿ-

ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥ ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥੩੨॥

ਨਾਮ ਵਿਚ ਰਚਣੇ ਨਾਲ ਹਉਮੈ ਦੂਰ ਹੁੰਦੀ ਹੈ, (ਜੋ) ਨਾਮ ਵਿਚ ਰਸ ਗਏ ਹਨ (ਓਹ) ਸੱਚ ਵਿਚ ਸਮਾਏ ਰਹਿੰਦੇ ਹਨ। (ਜੋ) ਨਾਮ ਵਿਚ ਰਚੇ ਹਨ (ਓਹ) ਜੋਗ ਦੀ ਜੁਗਤੀ ਦੀ ਵੀਚਾਰ (ਰਖਦੇ ਹਨ)। (ਜੋ) ਨਾਮ ਵਿਚ ਰਚੇ ਹਨ ਮੁਕਤੀ ਦਾ ਦਰ ਪਾ ਲੈਂਦੇ ਹਨ। ਜੋ ਨਾਮ ਵਿਚ ਰਚੇ ਹਨ (ਉਹਨਾਂ ਨੂੰ) ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ। (ਜੋ) ਨਾਮ ਵਿਚ ਰਚੇ ਹਨ ਓਹ ਸਦਾ ਦੇ ਸੁਖ ਨੂੰ (ਪ੍ਰਾਪਤ) ਹੋਏ ਹਨ (ਕਹਿੰਦੇ ਹਨ ਗੁਰੂ) ਨਾਨਕ॥੩੨॥

ਨਾਮਿ ਰਤੇ ਸਿਧ ਗੋਸਟਿ ਹੋਇ॥ ਨਾਮਿ ਰਤੇ ਸਦਾ ਤਪੁ ਹੋਇ॥ ਨਾਮਿ ਰਤੇ ਸਚੁ ਕਰਣੀ ਸਾਰੁ॥ ਨਾਮਿ ਰਤੇ ਗੁਣ ਗਿਆਨ ਬੀਚਾਰੁ॥ ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥੩੩॥

ਨਾਮ ਵਿਚ ਰਚਿਆਂ (ਆਪੇ) ਸਿਧ ਗੋਸਟਿ ਹੋ ਜਾਂਦੀ ਹੈ[3]। ਸਦਾ ਨਾਮ ਵਿਚ ਰਚਣੇ ਕਰਕੇ ਤਪ ਹੁੰਦਾ ਹੈ (ਭਾਵ, ਨਾਮ ਅਭ੍ਯਾਸ ਸਿਰ ਤਪਾਂ ਦੇ ਤਪ ਹੈ)। ਨਾਮ ਵਿਚ ਰਚਣੇ ਕਰਕੇ ਸੱਚ ਤੇ ਸਾਰ ਰੂਪ ਕਰਣੀ (ਆਪੇ ਪਈ ਹੁੰਦੀ ਹੈ। ਭਾਵ ਨਾਮ ਸਭ ਤੋਂ ਸ਼ਿਰੋਮਣੀ ਕਰਨੀ ਹੈ)। ਨਾਮ ਵਿਚ ਰਚਣੇ ਕਰਕੇ ਗੁਣ ਤੇ ਗ੍ਯਾਨ ਦਾ ਵੀਚਾਰ (ਸੁਤੇ ਪ੍ਰਾਪਤ ਹੋ ਜਾਂਦਾ ਹੈ)। ਨਾਮ ਤੋਂ ਬਿਨਾ (ਜੋ ਹੋਰ) ਬਚਨ ਕਰੇ ਸਭ ਵਿਕਾਰ (ਰੂਪ) ਹੈ। ਜੋ ਨਾਮ ਵਿਚ ਰਚੇ ਹਨ ਉਨ੍ਹਾਂ ਨੂੰ ਨਮਸਕਾਰ ਹੈ, ਹੇ ਨਾਨਕ! ॥੩੩॥

---

੧. ਜਗਤ ਵਿਚ ਰਹਿੰਦਿਆਂ ਜੋ ਸਮੇਂ ਤੇ ਕੁਸਮੇਂ ਆਉਂਦੇ ਹਨ, ਹਰ ਇਕ ਵਿਚ ਆਪਣੇ ਨਾਮ ਆਧਾਰ ਤੋਂ ਉੱਕ ਜਾਣਾ ਇਹ ਗੱਲਾਂ ਸਭ ਜਾਣਦਾ ਹੈ। ਦੂਸਰੇ ਉਹ ਦਾਨਾ ਹੁੰਦਾ ਹੈ, ਮੂਰਖਤਾਈਆਂ ਨਹੀਂ ਕਰਦਾ।

੨. ਗ੍ਰਿਹਸਤ ਤੇ ਸਨ੍ਯਾਸ ਮਾਤ੍ਰ ਨੂੰ ਓਹ ਪਰਵਿਰਤੀ ਨਿਰਵਿਰਤੀ ਨਹੀਂ ਮਾਨਦਾ, ਮਨ ਦਾ ਤ੍ਯਾਗ ਨਿਰਵਿਰਤੀ ਹੈ ਤੇ ਮਨ ਦੀ ਪਕੜ ਪਰਵਿਰਤੀ ਹੈ, ਐਸੀਆਂ ਹੋਰ ਗ੍ਰਹਣ ਤ੍ਯਾਗ ਦੀਆਂ ਸਭ ਅਸਲੀਅਤਾਂ ਨੂੰ ਉਹ ਜਾਣਦਾ ਹੈ।

੩. ਸਿੱਧਾਂ ਨਾਲ ਵਾਰਤਾਲਾਪ ਹਠ, ਤਪ ਦੇ ਸੰਬੰਧ ਵਿਚ ਹੋਣੀ ਹੈ, ਪਰ ਨਾਮ ਵਿਚ ਰਚੇ ਹੋਏ ਐਸੇ ਸਾਧਨਾਂ ਤੋਂ ਬੇਲੋੜਗੀ ਹੋ ਜਾਂਦੀ ਹੈ। ਕਿਉਂਕਿ ਅਗਲੀ ਤੁਕ ਵਿਚ ਦੱਸਦੇ ਹਨ ਕਿ 'ਨਾਮ ਵਿਚ ਰਚਣਾ' ਹੀ ਤਪੱਸ੍ਯਾ ਹੈ।

ਪੂਰੇ ਗੁਰ ਤੇ ਨਾਮੁ ਪਾਇਆ ਜਾਇ॥
ਜੋਗ ਜੁਗਤਿ ਸਚਿ ਰਹੈ ਸਮਾਇ॥
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥
ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ॥
ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ॥੩੪॥

(ਪਰੰਤੂ) ਨਾਮ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। (ਜਿਨ੍ਹਾਂ ਨੂੰ ਐਉਂ ਨਾਮ ਪ੍ਰਾਪਤ ਹੋਇਆ ਹੈ ਓਹ) ਸੱਚੀ ਮੁਚੀ ਜੋਗ ਦੀ ਜੁਗਤੀ ਵਿਚ ਸਮਾ ਰਹੇ ਹਨ। (ਨਾਮ ਤੋਂ ਬਿਨਾ ਤਾਂ) ਬਾਰਹ (ਫਿਰਕਿਆਂ) ਵਿਚ (ਵੰਡੇ ਹੋਏ) ਜੋਗੀ[1] ਭਰਮ ਰਹੇ ਹਨ ਤੇ ਸਨਯਾਸੀ ਦਸਾਂ (ਫਿਰਕਿਆਂ) ਵਿਚ[2] (ਭਰਮ ਰਹੇ ਹਨ), ਪਰ ਗੁਰੂ ਦੇ ਉਪਦੇਸ਼ (ਨਾਮ) ਦੁਆਰਾ ਜੋ ਮਰਕੇ ਜੀਵੇ ਉਹ ਮੁਕਤੀ ਦਾ ਦ੍ਵਾਰਾ ਪਾਉਂਦਾ ਹੈ। (ਜੋ ਗੁਰ) ਸ਼ਬਦ ਤੋਂ ਬਿਨਾਂ (ਹਨ ਸੋ) ਦ੍ਵੈਤ ਵਿਚ ਲਗ ਰਹੇ ਹਨ, ਰਿਦੇ ਵਿਚ ਵੀਚਾਰ ਕਰਕੇ (ਆਪ) ਦੇਖ ਲਓ। (ਹਾਂ) ਜਿਨ੍ਹਾਂ ਨੇ ਹਿਰਦੇ ਵਿਚ ਸੱਚ ਧਾਰਨ ਕਰ ਲਿਆ ਹੈ ਉਹੋ ਵਡਭਾਗੇ ਹਨ ਤੇ ਉਹੋ ਵੱਡੇ ਹਨ, ਹੇ ਨਾਨਕ! ॥੩੪॥

ਅਰਥ ਚੌਥੀ ਤੁਕ ਤੋਂ ਲੱਗੇਗਾ--

ਗੁਰਮੁਖਿ ਰਤਨੁ ਲਹੈ ਲਿਵ ਲਾਇ॥
ਗੁਰਮੁਖਿ ਪਰਖੈ ਰਤਨੁ ਸੁਭਾਇ॥
ਗੁਰਮੁਖਿ ਸਾਚੀ ਕਾਰ ਕਮਾਇ॥
ਗੁਰਮੁਖਿ ਸਾਚੇ ਮਨੁ ਪਤੀਆਇ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ॥ ਨਾਨਕ ਗੁਰਮੁਖਿ ਚੋਟ ਨ ਖਾਵੈ॥ ੩੫॥

੪. (ਪਹਿਲਾਂ) ਗੁਰਮੁਖ ਸੱਚੇ ਵਿਚ (ਅਪਣੇ) ਮਨ ਨੂੰ ਪਤਿਆ ਲੈਂਦਾ ਹੈ (ਅਰਥਾਤ ਗੁਰਮੁਖ ਸੱਚ ਵਿਚ ਪਤੀਜੇ ਹੋਏ ਮਨ ਵਾਲਾ ਹੋ ਜਾਂਦਾ ਹੈ)। ੨. (ਫੇਰ) ਗੁਰਮੁਖ ਸੁਭਾਵਕ ਹੀ ਰਤਨ ਪਾਰਖੂ ਹੋ ਜਾਂਦਾ, ੧.(ਤੇ ਪਾਰਖੂ ਹੋ ਜਾਣ ਕਰਕੇ) ਗੁਰਮੁਖ ਰਤਨ ਨੂੰ ਪ੍ਰਾਪਤ ਕਰੀ ਰੱਖਦਾ ਹੈ ਲਿਵ ਲਾਕੇ (ਭਾਵ ਰਤਨ ਪ੍ਰਾਪਤ ਹੋ ਜਾਂਦਾ ਹੈ)। ੩. (ਏਸ ਤਰ੍ਹਾਂ) ਗੁਰਮੁਖ (ਦੀ ਸਾਰੀ) ਕਾਰ ਕਮਾਈ ਬੀ ਸੱਚ ਵਾਲੀ ਹੋ ਜਾਂਦੀ ਹੈ। ੬. (ਰਤਨ ਵਾਲਾ) ਰਤਨ ਪਾਰਖੂ ਤੇ ਸੱਚੀ ਕਰਨੀ ਵਾਲਾ ਹੋ ਜਾਣ ਕਰਕੇ ਹੁਣ ਗੁਰਮੁਖ ਕੋਈ ਧੋਖਾ (ਆਦਿ) ਨਹੀਂ ਖਾਂਦਾ, ਹੇ ਨਾਨਕ! ੫. (ਹੁਣ ਆਪ ਐਉਂ ਪੂਰਨ ਹੋ ਕੇ) ਉਸ ਨੂੰ ਜੇ ਭਾਵੇ ਤਾਂ (ਦੂਸਰਿਆਂ ਨੂੰ ਬੀ ਉਹ) ਅਲਖ ਵਸਤੂ ਲਖਾ ਦੇਂਦਾ ਹੈ॥੩੫॥

---

੧. ਹੇਤੂ ਆਈ, ਪਾਂਵ, ਗਮਜ ਆਦਿ। ਦੇਖੋ ਪੰਨਾ ੧੫੬ ਦੀ ਹੇਠਲੀ ਟੂਕ-੨।

੨. ਗਿਰੀ, ਪੁਰੀ, ਸਰਸ੍ਵਤੀ, ਤੀਰਥ, ਆਸ਼੍ਰਮ, ਬਨ, ਅਰਣ੍ਯ, ਪਰਬਤ, ਸਾਗਰ, ਭਾਰਤੀ। ਇਨ੍ਹਾਂ ਦਸ ਫਿਰਕਿਆਂ ਤੋਂ ਸਿਵਾ ਸਨਯਾਸੀਆਂ ਦੇ ਹੋਰ ਚਾਰ ਅਵਸਥਾ ਭੇਦ ਬੀ ਹਨ--ਕੁਟੀਚਰ, ਬਹੂਦਕ, ਹੰਸ ਤੇ ਪਰਮਹੰਸ।


www.sikhbookclub.com

ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥
ਗੁਰਮੁਖਿ ਭਉ ਭੰਜਨੁ ਪਰਧਾਨੁ॥
ਗੁਰਮੁਖਿ ਕਰਣੀ ਕਾਰ ਕਰਾਏ॥
ਨਾਨਕ ਗੁਰਮੁਖਿ ਮੇਲਿ ਮਿਲਾਏ॥ ੩੬॥

ਗੁਰਮੁਖ ਨਾਮ ਦਾਨ (ਤੇ) ਇਸ਼ਨਾਨ (ਦੀ ਧਾਰਨਾ ਧਾਰਦਾ ਹੈ[1]! ਗੁਰਮੁਖ ਦਾ ਧਯਾਨ ਸੁਤੇ ਸੁਭਾਵ ਲਗਾ ਰਹਿੰਦਾ ਹੈ[2]। ਗੁਰਮੁਖ (ਏਥੇ ਨਾਮ ਦਾਨ ਇਸ਼ਨਾਨ ਤੇ ਸਹਿਜ ਧਯਾਨ ਵਿਚ ਰਹਿੰਦਾ ਹੈ ਤੇ ਅੱਗੇ ਚੱਲਕੇ) ਦਰਗਾਹ ਵਿਚ ਮਾਨ ਪਾਉਂਦਾ ਹੈ। ਗੁਰਮੁਖ (ਦਰਗਾਹ ਵਿਚ) ਪਰਧਾਨ (ਸ੍ਰੇਸ਼ਟ) ਹੁੰਦਾ ਹੈ[3] (ਕਿਉਂਕਿ ਉਹ) ਭਉ ਦਾ ਭੰਨਣਹਾਰ ਹੁੰਦਾ ਹੈ। (ਦੂਸਰਿਆਂ ਤੋਂ) ਗੁਰਮੁਖ ਕਰਣੇ ਯੋਗ ਕੰਮ[4] ਕਰਵਾਉਂਦਾ ਹੈ। ਨਾਨਕ ਗੁਰਮੁਖ (ਵਾਹਿਗੁਰੂ ਦੇ) ਮੇਲ ਵਿਚ (ਉਪਰਲੀ ਕਰਨੀ ਵਾਲੇ) ਨੂੰ ਮਿਲਾ ਦੇਂਦਾ ਹੈ॥੩੬॥

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ॥
ਗੁਰਮੁਖਿ ਪਾਵੈ ਘਟ ਘਟਿ ਭੇਦ॥
ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ॥
ਨਾਨਕ ਗੁਰਮੁਖਿ ਖਸਮੁ ਪਛਾਤਾ॥ ੩੭॥

ਗੁਰਮੁਖ ਸ਼ਾਸਤ੍ਰਤਾਂ ਸਿੰਮ੍ਰਤੀਆਂ ਤੇ ਵੇਦਾਂ (ਦੇ ਭੇਦ ਨੂੰ ਜਾਣਦਾ ਹੈ)। ਗੁਰਮੁਖ (ਆਪਣੇ) ਮਨ ਵਿਚ 'ਘਟ' (ਅਵਸਥਾ) ਦੇ ਭੇਦ ਨੂੰ ਪ੍ਰਾਪਤ ਕਰ ਲੈਂਦਾ ਹੈ[5]। (ਸ਼ਾਸਤ੍ਰਾਂ ਸਿਮਰਤੀਆਂ ਆਦਿ ਦੇ ਪਰਸਪਰ) ਵਿਰੋਧ ਤੇ ਖੰਡਨ (ਆਦਿ ਨੂੰ) ਗੁਰਮੁਖ ਮਿਟਾ ਦੇਂਦਾ ਹੈ (ਤੇ ਇਸ ਤਰ੍ਹਾਂ ਦੀਆਂ ਪਦ ਪਦਾਰਥਾਂ ਦੀਆਂ) ਸਾਰੀਆਂ ਗੇਣਤੀਆਂ ਮਿਟਾ ਦੇਂਦਾ ਹੈ, (ਭਾਵ ਇਨ੍ਹਾਂ ਦੀਆਂ ਉਲਝਨਾਂ ਵਿਚ ਨਹੀਂ ਫਸਦਾ)। (ਕਿਉਂਕਿ) ਗੁਰਮੁਖ ਨੇ (ਬੁੱਧੀ ਕਰਕੇ ਤਾਂ) ਖਸਮ ਨੂੰ ਪਛਾਣ ਲਿਆ ਹੈ, (ਤੇ) ਗੁਰਮੁਖ (ਮਨ ਕਰਕੇ ਉਸ) ਰਾਮ ਦੇ ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਹੇ ਨਾਨਕ! ॥੩੭॥

{ਗੁਰੂ, ਨਾਨਕ ਦੇਵ ਦੇ ਮਾਰਗ ਦਾ ਸਿੱਧ ਪੁਰਖ 'ਗੁਰਮੁਖ' ਹੈ, ਜੋਗੀ ਦੇ ਟਾਕਰੇ ਤੇ 'ਗੁਰਮੁਖ' ਦੇ ਲੱਛਣ ਕਹਿਕੇ ਹੁਣ ਗੁਰੂ ਬਾਬਤ ਉਚਾਰਦੇ ਹਨ:-}

ਬਿਨੁ ਗੁਰ ਭਰਮੈ ਆਵੈ ਜਾਇ॥
ਬਿਨੁ ਗੁਰ ਘਾਲ ਨ ਪਵਈ ਥਾਇ॥

(ਜੀਵ) ਗੁਰੂ ਤੋਂ ਬਿਨਾ ਆਉਂਦਾ ਜਾਂਦਾ ਭਟਕਦਾ ਰਹਿੰਦਾ ਹੈ। ਗੁਰੂ ਤੋਂ ਬਿਨਾ ਘਾਲ ਥਾਂ ਨਹੀਂ

੧. ਨਾਮ=ਵਾਹਿਗੁਰੂ ਦੀ ਯਾਦ ਵਿਚ ਰਹਿਣਾ। ਦਾਨ=ਨਾ ਕੇਵਲ ਅਸਤੇਜ (=ਨਾ ਲੈਣ ਵਾਲੇ) ਸੁਭਾਵ ਵਿਚ ਵਰਤਣਾ ਸਗੋਂ ਦਾਤਾ ਪਦ ਵਿਚ ਖੇਲਨਾ। ਇਸ਼ਨਾਨ=ਸਰੀਰ, ਮਨ ਤੇ ਅੰਦਰਲੇ ਨੂੰ ਪਵਿੱਤ੍ਰ ਰੱਖਣਾ।

੨. 'ਗਯਾਨ ਵਿਚ' ਬੀ ਲਾਉਂਦੇ ਹਨ। ਏਥੇ ਹਠ ਯੋਗ ਦੀਆਂ ਅਸਹਜ ਤੇ ਕਰੜੀਆਂ ਸਰੀਰ ਭੰਨ ਕ੍ਰਿਯਾ ਦੇ ਮੁਕਾਬਲੇ ਤੇ ਗੁਰਮੁਖ ਦਾ ਧਯਾਨ ਸਹਜੇ ਜੁੜਿਆ ਦੱਸ ਰਹੇ ਹਨ।

੩. ਪੰਚ ਪਰਵਾਨ ਪੰਚ ਪਰਧਾਨ॥ ਪੰਚੇ ਪਾਵਹਿ ਦਰਗਹਿ ਮਾਨੁ॥

੪. ਸਿਫਤ ਸਲਾਹ, ਨਾਮ ਅਭਯਾਸ ਤੇ ਸ੍ਰੇਸ਼ਟਾਚਾਰ।

੫. ਘਟਿ=ਮਨਿ ਵਿਚ। 'ਘਟ' ਅਵਸਥਾ ਉਹ ਅਵਸਥਾ ਹੈ ਜਿਸ ਵਿਚ ਪ੍ਰਾਨ, ਅਪਾਨ, ਨਾਦ, ਬਿੰਦੂ, ਜੀਵਾਤਮਾ ਤੇ ਪਰਮਾਤਮਾ ਦੀ 'ਮਿਲਾਪ ਏਕਤਾ' ਹੁੰਦੀ ਹੈ।

ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ॥੩੮॥

ਪੈਂਦੀ। ਗੁਰੂ ਤੋਂ ਬਿਨਾਂ ਮਨ ਬਹੁਤ ਡੋਲਦਾ ਰਹਿੰਦਾ ਹੈ। (ਕਿਉਂਕਿ) ਗੁਰੂ ਤੋਂ ਬਿਨਾਂ (ਤ੍ਰਿਸ਼ਨਾਂ ਤੋਂ) ਮਨ ਨੂੰ ਤ੍ਰਿਪਤੀ ਨਹੀਂ ਹੁੰਦੀ (ਜੀਵ ਅਯੋਗ ਕਮਾਈ ਦੀ) ਜ਼ਹਿਰ (ਰੂਪੀ ਮਾਯਾ) ਨੂੰ ਖਾਂਦਾ ਰਹਿੰਦਾ ਹੈ। ਗੁਰੂ ਤੋਂ ਬਿਨਾਂ ਸੱਪ ਡੰਗ ਮਾਰਦਾ ਹੈ ਤੇ ਰਾਹ ਵਿਚ ਹੀ ਮਰ ਜਾਂਦਾ ਹੈ[1]। ਨਾਨਕ! ਗੁਰੂ ਤੋਂ ਬਿਨਾਂ ਘਾਟਾ ਹੀ ਘਾਟਾ ਪੈਂਦਾ ਹ॥੩੮॥

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ॥ ਅਵਗਣ ਮੇਟੈ ਗੁਣਿ ਨਿਸਤਾਰੈ॥ ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ॥ ਗੁਰਮੁਖਿ ਕਦੇ ਨ ਆਵੈ ਹਾਰਿ॥ ਤਨੁ ਹਟੜੀ ਇਹੁ ਮਨੁ ਵਣਜਾਰਾ॥ ਨਾਨਕ ਸਹਜੇ ਸਚੁ ਵਾਪਾਰਾ॥੩੯॥

ਜਿਸ ਨੂੰ ਗੁਰੂ ਮਿਲ ਪਵੇ ਉਸ ਨੂੰ ਪਾਰ ਉਤਾਰ ਦੇਂਦਾ ਹੈ। (ਜਿਸ ਨੂੰ ਗੁਰੂ ਮਿਲ ਪਵੇ ਉਸ ਦੇ ਉਹ) ਅਵਗੁਣ ਮੇਟ ਦੇਂਦਾ ਹੈ ਤੇ ਗੁਣਾਂ ਦੁਆਰਾ (ਉਸ ਦਾ) ਨਿਸਤਾਰਾ ਕਰ ਦੇਂਦਾ ਹੈ। ਗੁਰੂ ਦੇ ਸ਼ਬਦ ਤੇ (ਗੁਰੂ ਦੀ ਬਖਸ਼ੀ) ਵੀਚਾਰ ਦੁਆਰਾ ਮੁਕਤੀ ਦਾ ਮਹਾਂ ਸੁਖ (ਪ੍ਰਾਪਤ ਹੁੰਦਾ ਹੈ)। ਗੁਰੂ ਦੁਆਰੇ (ਤੁਰਨ ਵਾਲੇ ਨੂੰ) ਕਦੇ ਹਾਰ ਨਹੀਂ ਆਉਂਦੀ। (ਜੇ ਗੁਰੂ ਸ਼ਾਹ ਮਿਲ ਪਵੇ ਤਾਂ ਇਹ) ਤਨ ਹੱਟੀ ਬਣ ਜਾਂਦੀ ਹੈ ਤੇ ਮਨ ਵਪਾਰੀ ਬਣ ਜਾਂਦਾ ਹੈ ਤੇ ਸੱਚ ਦਾ ਵਪਾਰ ਸਹਿਜੇ ਹੀ ਟੁਰ ਪੈਂਦਾ ਹੈ, ਹੇ ਨਾਨਕ!॥੩੯॥

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥ ਰਾਮਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥ ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥੪੦॥

ਗੁਰਮੁਖ (ਰਾਮਚੰਦ੍ਰ) ਨੇ ਬੱਧਾ ਪੁਲ ਵਿਧਾਤਾ (ਦੇ ਸਹਾਰੇ), ਲੰਕਾ ਲੁੱਟ ਲਈ (ਤੇ) ਦੈਂਤਾਂ ਨੂੰ ਸੰਤਾਪ ਦਿਤਾ। ਰਾਮਚੰਦ (ਗੁਰਮੁਖ) ਨੇ ਮਾਰ ਲਿਆ ਮਹਾਨ[2] ਰਾਵਣ ਨੂੰ। ਬਭੀਖਣ ਦਾ ਭੇਦ ਗੁਰਮੁਖ ਦਾ ਪਰ-ਚਾਇਣ ਹੋਇਆ, (ਭਾਵ ਜੋ ਬਭੀਖਣ ਪਾਸ ਗੁਪਤ ਗੱਲ ਸੀ ਸੋ ਰਾਮਚੰਦ੍ਰ ਨੂੰ ਉਸ ਦੇ ਮਿਲਣ ਨਾਲ ਪ੍ਰਗਟ ਹੋ ਕੇ ਰਾਵਣ ਦੇ ਮਾਰਨ ਦਾ ਰਸਤਾ ਦੱਸਣ ਵਾਲੀ ਬਣ ਗਈ)। ਗੁਰਮੁਖ (ਰਾਮਚੰਦਰ) ਨੇ ਸਮੁੰਦਰ ਉੱਤੇ ਪੱਥਰ ਤਾਰੇ। ਗੁਰਮੁਖ (ਰਾਮਚੰਦਰ) ਨੇ ਤੇਤੀ ਕ੍ਰੋੜ ਉਧਾਰੇ[3]॥੪੦॥

---

੧. ਭਾਵ ਪਰਮਾਰਥ ਦੇ ਰਸਤੇ ਵਿਚ ਜੋ ਅਜ਼ਮਾਯਸ਼ਾਂ ਤੇ ਪਰਤਾਵੇ ਪੈਂਦੇ ਹਨ ਓਹ ਕੁਥਾਂ ਮਾਰ ਲੈਂਦੇ ਹਨ।

੨. 'ਅਹਿ' ਪਦ ਸੰਸਕ੍ਰਿਤ 'ਅਧਿ' ਦਾ ਪ੍ਰਾਕ੍ਰਿਤ ਰੂਪ ਹੈ। ਜਿਸ ਤਰ੍ਹਾਂ ਸੰਸਕ੍ਰਿਤ ਪਦ ਅਧਿ ਦੇਵ ਦਾ ਅਰਥ ਹੈ 'ਵੱਡਾ ਦੇਵਤਾ' ਅਧਿ ਰਾਜ' ਦਾ ਅਰਥ ਹੈ 'ਵੱਡਾ ਰਾਜਾ' ਤਿਵੇਂ 'ਅਹਿਰਾਵਣ' ਦਾ ਅਰਥ ਹੈ 'ਮਹਾਨ ਰਾਵਣ, ਭਾਵ ਹੈ ਜੋ ਬੜਾ ਬਲਵਾਨ ਸੀ।

੩. ਭਾਵ-ਇਹ ਦ੍ਰਿਸ਼ਟਾਂਤ ਦੇ ਕੇ ਜੋਗੀਆਂ ਨੂੰ ਉਪਦੇਸ਼ ਦਿਤਾ ਹੈ ਕਿ ਕਠਨ ਤੋਂ ਕਠਨ ਕੰਮ ਗੁਰਮੁਖ ਕਰ ਲੈਂਦਾ ਹੈ, ਗੁਰਮੁਖ ਤੁਸਾਂ ਦੇ 'ਸਿੱਧ' ਵਾਂਗ ਬਨ, ਕੰਦ੍ਰਾਂ ਵਿਚ ਨਹੀਂ ਛੁਪ ਬੈਠਦਾ, ਉਹ ਈਸ਼੍ਵਰ ਦੇ ਆਸਰੇ ਜਗਤ ਦੀ ਮੁਸ਼ਕਲ ਦਾ ਸਾਹਮਣਾ ਕਰਦਾ ਹੈ ਤੇ ਫੇਰ ਆਪਣਾ ਵੀ ਉਧਾਰ ਕਰਦਾ ਹੈ ਤੇ ਕ੍ਰੋੜਾਂ ਦਾ ਬੀ ਉਧਾਰ ਕਰਦਾ ਹੈ। ਇਸ ਲਈ ਗੁਰੂ ਜੀ ਨੇ ਦ੍ਰਿਸ਼ਟਾਂਤ ਉਨ੍ਹਾਂ ਦੀ ਮੰਨੀ ਪ੍ਰਮੰਨੀ ਵਜਕਤੀ ਸ੍ਰੀ ਰਾਮਚੰਦ੍ਰ ਦਾ ਦਿੱਤਾ ਹੈ ਤੇ ਉਸਨੂੰ ਗੁਰਮੁਖ ਆਖਿਆ ਹੈ ਜੋ ਹਠ ॥੬॥

ਗੁਰਮੁਖਿ ਚੂਕੈ ਆਵਣ ਜਾਣੁ॥
ਗੁਰਮੁਖਿ ਦਰਗਹ ਪਾਵੈ ਮਾਣੁ॥
ਗੁਰਮੁਖਿ ਖੋਟੇ ਖਰੇ ਪਛਾਣੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਦਰਗਹ ਸਿਫਤਿ ਸਮਾਇ॥ ਨਾਨਕ ਗੁਰਮੁਖਿ ਬੰਧੁ ਨ ਪਾਇ॥੪੧॥

ਗੁਰਮੁਖ ਦਾ ਆਉਣਾ ਜਾਣਾ ਮੁਕ ਜਾਂਦਾ ਹੈ। ਗੁਰਮੁਖ ਦਰਗਾਹ ਵਿਚ ਮਾਣ ਪਾਉਂਦਾ ਹੈ। ਗੁਰਮੁਖ ਨੂੰ ਖੋਟੇ ਤੇ ਖਰੇ ਦੀ ਪਛਾਣ ਹੁੰਦੀ ਹੈ। ਗੁਰਮੁਖ ਦਾ ਧਿਆਨ ਸਹਿਜੇ ਹੀ ਲਗਾ ਰਹਿੰਦਾ ਹੈ। ਗੁਰਮੁਖ (ਵਾਹਿਗੁਰੂ ਦੀ) ਸਿਫਤ ਦੁਆਰਾ ਦਰਗਾਹ ਵਿਚ ਸਮਾਈ ਪਾਉਂਦਾ ਹੈ, (ਤੇ ਦਰਗਾਹ ਵਿਚ ਜਾਂਦਿਆਂ) ਗੁਰਮੁਖ ਨੂੰ ਕੋਈ ਰੋਕ ਨਹੀਂ ਪਾਉਂਦਾ, ਹੇ ਨਾਨਕ! ॥੪੧॥

ਗੁਰਮੁਖ ਕਿਵੇਂ ਤਿਆਰ ਹੁੰਦਾ ਹੈ:-

ਗੁਰਮੁਖਿ ਨਾਮੁ ਨਿਰੰਜਨ ਪਾਏ॥
ਗੁਰਮੁਖਿ ਹਉਮੈ ਸਬਦਿ ਜਲਾਏ॥
ਗੁਰਮੁਖਿ ਸਾਚੇ ਕੇ ਗੁਣ ਗਾਏ॥
ਗੁਰਮੁਖਿ ਸਾਚੈ ਰਹੈ ਸਮਾਏ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ॥ ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ॥੪੨॥

(ਪਹਿਲਾਂ) ਗੁਰਮੁਖ ਨਿਰੰਕਾਰ ਦਾ ਨਾਮ ਪ੍ਰਾਪਤ ਕਰਦਾ ਹੈ। (ਇਸ ਨਾਮ=) ਸ਼ਬਦ ਦੇ (ਅਭਜਾਸ) ਨਾਲ ਗੁਰਮੁਖ ਹਉਮੈਂ ਨੂੰ ਸਾੜ ਦੇਂਦਾ ਹੈ। (ਨਾਮ ਸਿਮਰਣ ਦੇ ਨਾਲ) ਗੁਰਮੁਖ ਸੱਚੇ (ਪਰਮੇਸ਼ੁਰ) ਦੇ ਗੁਣ ਗਾਉਂਦਾ ਹੈ (ਤਾਂ ਜੋ ਉਸ ਦਾ ਸਿਮਰਣ ਪ੍ਰੇਮ ਰੂਪ ਰਹੇ, ਨਿਰਾ ਉਚਾਰਣ ਮਾਤ੍ਰ ਨਾ ਰਹਿ ਜਾਏ, ਸੋ ਸੱਚੇ ਗੁਣ ਗਾਉਂਦਿਆਂ ਜਿਸ ਦਾ ਗੁਣ ਗਾਵੀਏ ਉਸ ਨਾਲ ਧਜਾਨ ਵਿਚ ਤਦਰੂਪਤਾ ਹੁੰਦੀ ਹੈ, ਐਉਂ) ਗੁਰਮੁਖ ਸੱਚੇ ਵਿਚ ਸਮਾਇਆ ਰਹਿੰਦਾ ਹੈ[੧]। (ਸੋ) ਗੁਰਮੁਖ ਦੀ (ਬਿਨਾ ਕੋਈ ਕਠਨ ਸਾਧਨ ਕੀਤੇ ਦੇ ਕੇਵਲ) ਸੱਚੇ ਨਾਮ ਦੁਆਰਾ ਹੀ ਉੱਤਮ ਪਤ ਹੋ ਜਾਂਦੀ ਹੈ ਤੇ ਗੁਰਮੁਖ ਨੂੰ (ਨਾਲ ਹੀ ਸਾਰੇ) ਭਵਨਾਂ ਦੀ ਸੋਝੀ ਹੋ ਜਾਂਦੀ ਹੈ, ਹੇ ਨਾਨਕ! ॥੪੨॥

---

੧. ਅੰਕ ੨੭ ਤੋਂ ੪੨ ਦੇ ਅੰਤ ਤਕ ਗੁਰੂ ਜੀ ਨੇ ਜੋਗੀ ਦੇ ਮੁਕਾਬਲੇ ਤੇ ਅਪਣੇ ਤਜਾਰ ਕੀਤੇ ਆਦਰਸ਼ਕ ਇਨਸਾਨ ਦਾ ਸਰੂਪ ਵਰਣਨ ਕੀਤਾ ਹੈ ਤੇ ਉਸ ਨੂੰ 'ਗੁਰਮੁਖ' ਆਖਿਆ ਹੈ।

ਇਹ ਸੁਣ ਕੇ ਜਾਪਦਾ ਹੈ ਕਿ ਸਿੱਧਾਂ ਦੀ ਅਜੇਂ ਤਸੱਲੀ ਨਹੀਂ ਹੋਈ ਕਿ ਹਠ ਸਾਧਨ ਕੀਤੇ ਬਿਨਾਂ ਨਿਰੇ ਨਾਮ ਅਭਜਾਸ ਨਾਲ ਸਹਜੇ ਹੀ ਕਿਵੇਂ ਕੋਈ ਇਸ-ਗੁਰਮੁਖ ਆਦਰਸ਼-ਵਾਲਾ ਹੋ ਸਕਦਾ ਹੈ। ਇਸ ਲਈ ਓਹ ਫੇਰ ਪ੍ਰਸ਼ਨਾਂ ਦਾ ਸਿਲਸਿਲਾ ਸ਼ੁਰੂ ਕਰਦੇ ਹਨ। ਗਜਾਨੀ ਸੱਜਣਾਂ ਦਾ ਖਜਾਲ ਹੈ ਕਿ ਏਹ ਪ੍ਰਸ਼ਨ ਗੋਰਖ ਨੇ ਆਪ ਕੀਤੇ ਹਨ। ਗੁਰੂ ਜੀ ਦੇ ਉੱਤਰਾਂ ਵਿਚ ਕਿਤੇ 'ਸੁਆਮੀ' ਪਦ ਸਿੱਧ ਵੰਨੇ ਵਰਤਿਆ ਆਉਂਦਾ ਹੈ, ਯਥਾ- 'ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ॥' ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਧ ਮੰਡਲੀ ਦੇ ਸ਼ਿਰੋਮਨੀ ਨਾਲ ਹੀ ਹੁਣ ਵੀਚਾਰ ਆਰੰਭ ਹੋਈ ਹੈ।

☞ ਯੋਗੀ ਤੇ ਅਕ੍ਰੈ ਵਿਧਾਨ ਕਰਨ ਵਾਲੇ ਨਹੀਂ ਸਨ, ਪਰ ਵਿਚੇ ਰਹਿ ਕੇ ਮੁਸ਼ਕਲਾਂ ਦਾ ਸਾਹਮਣਾ ਕਰਕੇ ਸਾਂਈਂ ਸਨਮੁਖਤਾ ਦੇ ਮਾਰਗੀ ਸਨ। (ਅ) ਇਸ ਦੇ ਐਉਂ ਬੀ ਅਰਥ ਕਰਦੇ ਹਨ:- (ਰਾਮਚੰਦ੍ਰ ਰੂਪ) ਗੁਰਮੁਖ-ਨੇ (ਸੰਸਾਰ ਸਾਗਰ ਤੋਂ ਪਾਰ ਹੋਣ ਲਈ) ਬਿਧਾਤੇ ਦੇ ਨਾਮ ਦਾ, ਪੁਲ ਬੰਨ੍ਹ ਦਿਤਾ ਹੈ। (ਇਸ ਪੁਲ ਦੇ ਜ਼ਰੀਏ ਉਸ ਨੇ ਦੁਰਬੁਧੀ ਰੂਪ) ਲੰਕਾ ਲੁਟ ਲਈ (ਤੇ ਆਸੁਰੀ ਗੁਣ ਰੂਪੀ) ਰਾਖਸ਼ ਸਾੜ ਦਿਤੇ। (ਜਿਵੇਂ) ਰਾਮਚੰਦ੍ਰ ਨੇ ਗੁਰਮੁਖ ਬਭੀਖਣ ਦਾ ਪਰਚਾ ਪਾ ਕੇ ਭੇਦ ਲੱਭ ਕੇ ਮਹਾਨ ਰਾਵਣ ਮਾਰ ਲਿਆ ਸੀ (ਤਿਵੇਂ) ਗੁਰਮੁਖ ਨੇ ਬਭੀਖਣ ਰੂਪ ਗੁਰਮੁਖ ਤੋਂ ਭੇਦ ਪਾ ਕੇ (ਅਹੰਕਾਰ ਮਾਰ ਲਿਆ ਹੈ)। (ਸੋ ਨਾਮ ਨਾਲ ਜਿਵੇਂ ਰਾਮ ਨੇ ਪੱਥਰ ਤਾਰ ਲਏ ਸਨ ਤਿਵੇਂ ਗੁਰਮੁਖ (ਭੈਜਲ ਰੂਪੀ) ਸਮੁੰਦਰ ਉਤੇ ਪੱਥਰਾਂ (ਵਤ ਭਾਰੇ ਜੀਵਾਂ ਨੂੰ) ਤਾਰ ਲੈਂਦਾ ਹੈ, ਗੁਰਮੁਖ (ਤੇਤੀ ਕ੍ਰੋੜ ਭਾਵ) ਅਣਗਿਣਤ ਜੀਵਾਂ ਦਾ ਉਧਾਰ ਕਰ ਦੇਂਦਾ ਹੈ।

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥ ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥ ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥੪੩॥

ਹੁਣ ਫੇਰ ਸਿਧ ਬੋਲਿਆ-

(ਤੇਰੀ ਇਹ) ਸਿੱਖਿਆ ਕੀ ਹੈ, ਇਸ ਦੀ ਅਸਲੀਅਤ ਕੀ ਹੈ, (ਤੇ ਇਸ ਦੇ ਜਾਰੀ ਹੋਣ ਦਾ) ਸਮਾਂ (ਕਿਹੜਾ ਹੈ)? (ਇਸ ਸਿੱਖਜਾ ਦੇ ਦੇਣ ਵਾਲਾ) ਤੇਰਾ ਗੁਰੂ ਕਿਹੜਾ ਹੈ ਜਿਸ ਦਾ ਤੂੰ ਚੇਲਾ ਹੈਂ? ਕਿਹੜਾ ਉਪਦੇਸ਼ ਲੈ ਕੇ ਤੁਸੀਂ ਨਿਰਾਲੇ ਰਹਿੰਦੇ ਹੋ? (ਹੁਣ) ਨਾਨਕ ਬੋਲੇ[1], ਹੇ ਬਾਲਕੇ! ਤੁਸੀਂ ਸੁਣਦੇ ਹੋ (ਸਾਨੂੰ) ਇਸ ਉਪਦੇਸ਼ ਦਾ ਵੀਚਾਰ ਦੱਸੋ (ਤੇ ਦੱਸੋ ਕਿ ਕਿਹੜੇ) ਸ਼ਬਦ ਦੁਆਰਾ (ਤੁਸੀਂ) ਭਉਜਲ ਲੰਘਾਵਣਹਾਰ ਹੋਏ ਹੋ?॥੪੩॥

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥ ੪੪॥

ਉੱਤਰ-(ਇਹ ਸਿੱਖਜਾ ਮੇਰੀ) ਗੁਰੂ ਦੀ ਮਤਿ ਹੈ, (ਸੋ ਇਸ ਦਾ ਮੂਲ ਸਤਿਗੁਰੂ ਹੋਇਆ, (ਜਦੋਂ) ਪੌਣ ਆਰੰਭ ਹੋਈ (ਭਾਵ ਜਦ ਤੋਂ ਪ੍ਰਾਣ ਧਾਰੀ ਬਣੇ, ਉਹ) ਵੇਲਾ ਹੈ ਇਸ ਦੇ ਆਰੰਭ ਦਾ। (ਇਸ ਸਿੱਖਜਾ ਦਾ ਦਾਤਾ ਆਦਿ) ਗੁਰੂ ਸ਼ਬਦ ਹੈ, ਚੇਲਾ ਹੈ ਸੁਰਤ ਜੋ ਧੁਨ ਵਿਚ (ਲਗ ਰਹੀ ਹੈ), (ਮੈਂ) ਅਕੱਥ (ਵਾਹਿਗੁਰੂ ਦੀ) ਕਥਾ ਲੈ ਕੇ ਨਿਰਾਲਾ ਰਹਿੰਦਾ ਹਾਂ, (ਜਿਸ ਦੀ ਇਹ ਕਥਾ ਮੈਂ ਲੈ ਕੇ ਨਿਰਾਲਾ ਰਹਿੰਦਾ ਹਾਂ ਉਹੀ) ਜੁਗ ਜੁਗ ਵਿਚ ਜੋ) ਗੋਪਾਲ (ਪਰਮੇਸ਼ੁਰ ਹੈ ਸੋਈ) ਗੁਰੂ ਹੈ[2]। ਕਥਾ ਜਿਸ ਦੀ (ਅਸਾਂ) ਵੀਚਾਰੀ ਹੈ ਉਹ ਇਕੋ 'ਸ਼ਬਦ' ਹੈ, ਜਿਸ (ਸ਼ਬਦ) ਨਾਲ ਹਉਮੈ (ਰੂਪੀ) ਅਗਨ ਦੂਰ ਹੁੰਦੀ ਹੈ ਤੇ ਗੁਰਮੁਖ (ਹੋ ਜਾਈਦਾ ਹੈ। ਗੁਰਮੁਖ ਉਹੀ ਹੈ ਜੋ ਭੈਜਲ ਤੋਂ ਪਾਰ ਹੈ ਸੋ ਐਉਂ ਸ਼ਬਦ ਭਉਜਲ ਲੰਘਾਵਣਹਾਰ ਹੈ[3]॥੪੪॥

੧. ਸਿਧ ਪ੍ਰਸ਼ਨ ਕਰਕੇ ਉੱਤਰ ਮੰਗਦੇ ਹਨ ਤੇ ਕਹਿੰਦੇ ਹਨ ਕਿ ਹੁਣ ਨਾਨਕ ਦੇ ਬੋਲਣ ਦੀ ਵਾਰੀ ਹੈ।

੨. ਅਰਥਾਤ ਸ੍ਰਿਸ਼ਟੀ ਰਚ ਕੇ ਪਾਲਣਾ ਕਰਨੇਹਾਰਾ ਤੇ ਪਾਲਕੇ ਸਿੱਖਜਾ ਦੇਣਹਾਰਾ ਗੁਰੂ ਉਹੋ ਇਕੋ ਹੈ।

੩. ਅਸਲ ਵਿਚ ਜੋਗੀ ਨਿਜ ਦੇ ਪ੍ਰਸ਼ਨ ਤੇ ਆਪਣੇ ਖਜਾਲੇ ਸੰਕੇਤਾਂ ਮੂਜਬ ਗਲਾਂ ਪੁਛਦੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਉੱਤਰ ਐਸੇ ਦੇਂਦੇ ਹਨ ਜੋ ਸਰਬ ਸਿਧਾਂਤ ਆਤਮਿਕ ਹੁੰਦੇ ਹਨ। ਇਨ੍ਹਾਂ ਦੋਹਾਂ ਪ੍ਰਸ਼ਨੋਤਰੀਆਂ ਦੇ ਅਰਥ ਐਉਂ ਬੀ ਲਾਉਂਦੇ ਹਨ:- (ਪਵਨ=) ਵਾਸ਼ਨਾ ਨੂੰ ਰੋਕਣੇ ਅਥਵਾ ਸੁਆਸਾਂ ਨੂੰ ਨਾਮ ਜਪੁ ਵਿਚ ਜੋੜਨੇ ਦਾ ਆਰੰਭ ਕੀਤਾ ਹੈ ਇਹ ਉੱਤਮ ਮਤਿ ਦੀ ਪ੍ਰਾਪਤੀ ਦਾ ਮੂਲ ਹੈ। ਜਦ ਸਤਿਗੁਰੂ ਦਾ ਮੇਲ ਹੋਇਆ ਤਾਂ ਇਹ ਉੱਤਮ ਮਤਿ ਦੀ ਪ੍ਰਾਪਤੀ ਦਾ ਵੇਲਾ ਹੋਇਆ (ਸ਼ਬਦ=) ਬ੍ਰਹਮ ਮੇਰਾ ਗੁਰੂ ਹੈ, ਸੁਰਤ ਵਿਚ ਜੋ ਬ੍ਰਹਮ ਦੇ ਜਪ ਦੀ ਧੂਨੀ ਲਗੀ ਹੈ: ਇਸ ਤਰ੍ਹਾਂ ਮੈਂ ਉਸ ਦਾ ਚੇਲਾ ਹਾਂ।

ਮੈਣ ਕੇ ਦੰਤ ਕਿਉ ਖਾਈਐ ਸਾਰੁ॥ ਜਿਤੁ ਗਰਬੁ ਜਾਇ ਸੁ ਕਵਣੁ ਅਹਾਰੁ॥ ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ॥ ਕਵਨ ਗੁਫਾ ਜਿਤੁ ਰਹੈ ਅਵਾਹਨੁ॥ ਇਤ ਉਤ ਕਿਸ ਕਉ ਜਾਣਿ ਸਮਾਵੈ॥ ਕਵਨ ਧਿਆਨੁ ਮਨੁ ਮਨਹਿ ਸਮਾਵੈ॥੪੫॥

ਪ੍ਰਸ਼ਨ-

(ੳ) [1]ਮੋਮ ਦੇ ਦੰਦਾਂ ਨਾਲ ਲੋਹਾ ਕੀਕੂੰ ਖਾਧਾ ਜਾਵੇ? (ਭਾਵ ਗ੍ਰਿਹਸਤ ਵਿਚ ਰਹਿ ਕੇ ਜਗਤ ਕੀਕੂੰ ਜਿੱਤਿਆ ਜਾਵੇ)? (ਅ) ਉਹ ਕਿਹੜਾ ਭੋਜਨ ਹੈ (ਜਿਸ ਦੇ ਖਾਧਿਆਂ) ਅਹੰਕਾਰ ਦੂਰ ਹੋ ਜਾਵੇ[2]? (ੲ) ਹਿਮਾਲਯ ਦਾ ਮੰਦਰ[3] (ਕੀਕੂੰ ਬਣੇ ਤੇ) ਅਗਨੀ ਦਾ ਚੋਲਾ (ਕੀਕੂੰ ਬਣੇ)[4]? (ਸ) ਉਹ ਗੁਫਾ ਕਿਹੜੀ ਹੈ ਜਿਥੇ ਅਚਲ ਹੋ ਕੇ ਰਹਿ ਪਵੇ[5] (ਹ) ਏਥੇ ਓਥੇ ਕਿਸਨੂੰ ਜਾਣਕੇ ਸਮਾਵੇ? (ਕ) ਕਿਹੜਾ ਧਿਆਨ ਹੈ (ਜਿਸ ਕਰਕੇ) ਮਨ ਵਿਚ ਹੀ ਮਨ ਸਮਾ ਜਾਵੇ?॥੪੫॥

ਹਉ ਹਉ ਮੈ ਮੈ ਵਿਚਹੁ ਖੋਵੈ॥[1]
ਦੂਜਾ ਮੇਟੈ ਏਕੋ ਹੋਵੈ॥[2]
ਜਗੁ ਕਰੜਾ ਮਨਮੁਖੁ ਗਾਵਾਰੁ॥[3]
ਸਬਦੁ ਕਮਾਈਐ ਖਾਈਐ ਸਾਰੁ॥[4]

(ੳ) ੩[6] (ਜੋ) ਮਨਮੁਖ ਗਵਾਰ ਹੈ (ਉਸ ਲਈ) ਜਗਤ (ਲੋਹੇ ਵਤ ਕਰੜਾ ਹੈ। ੪. (ਜੇ ਗੁਰਮੁਖ ਹੋ ਕੇ) ਸ਼ਬਦ ਦੀ ਕਮਾਈ ਕਰੀਏ ਤਾਂ ਲੋਹਾ ਖਾ ਲਈਦਾ ਹੈ[7]। (ਅ) ੭. (ਜੇ ਕੋਈ) ਸੱਚ ਦੇ ਭੈ ਵਿਚ ਰਚ ਜਾਵੇ (ਉਹ ਅਪਣੇ) ਗਰਬ ਨੂੰ ਦੂਰ ਕਰ ਲੈਂਦਾ ਹੈ। (ੲ) ੯.੧੦. ਦਿਲ ਦੇ ਅੰਦਰ ਸੱਚਾ ਸ਼ਬਦ ਵੱਸ ਜਾਏ (ਤਾਂ) ਤਨ ਮਨ ਠੰਢਾ ਹੋ ਜਾਂਦਾ ਹੈ (ਤੇ) ਪ੍ਰੇਮ ਵਿਚ ਰੰਗਿਆ ਜਾਂਦਾ ਹੈ[8]। ੧੧. (ਬਾਹਰਲੀ ਅੱਗ ਤਪਣ

---

੧. ਸੱਜੇ ਕਾਲਮ ਵਿਚ ੳ,ਅ,ੲ,ਸ,ਹ,ਕ, ਤਾਂ ਲਾਏ ਹਨ ਜੋ ਇਨ੍ਹਾਂ ਅੰਕਾਂ ਮੂਜਬ ਅਗਲੀ ੪੬,੪੭ ਪਉੜੀ ਵਿਚੋਂ ਉੱਤਰ ਛੇਤੀ ਦਿੱਸ ਪੈਣ।

੨. ਇਥੇ ਓਹ ਅਪਣੇ ਕੰਦ ਮੂਲ ਦੀ ਵਿਸ਼ੇਸ਼ਤਾ ਦੇ ਖਿਆਲ ਵਿਚ ਹਨ, ਜਿਨ੍ਹਾਂ ਦਾ ਅਹਾਰ ਕਰਨੇ ਨਾਲ ਓਹ ਸਮਝਦੇ ਹਨ ਕਿ ਹੰਕਾਰ ਨਿਵਿਰਤੀ ਹੁੰਦੀ ਹੈ।

੩. ਹਿਮ ਕਾ ਘਰ=ਹਿਮ+ਆਲਯ=ਬਰਫ਼ ਦਾ ਘਰ, ਹਿਮਾਲਯ ਪਰਬਤ। ਮੁਰਾਦ ਹੈ ਉਹ ਥਾਂ ਜਿਥੇ ਇਸ ਪਹਾੜ ਤੇ ਸਦਾ ਬਰਫ਼ ਪਈ ਰਹਿੰਦੀ ਹੈ, ਓਥੇ ਮੰਦਰ ਕੀਕੂੰ ਬਣੇ ਤੇ ਉਸ ਸਰਦੀ ਦੇ ਅਸਰ ਤੋਂ ਕੀਕੂੰ ਬਚਾਉ ਹੋਵੇ॥

੪. ਯਥਾ-ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥(ਮਾਝ ਵਾ:ਮ:੧-੧੯)
ਬਸਤਰਿ ਪਹਿਰੇ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ। (ਭਾ:ਗੁ:ਵਾ: ੧-੪੩)

੫. ਤਿਬਤ ਆਦਿ ਥਾਂਈਂ ਤਪੀ ਲੋਕ ਗੁਫ਼ਾ ਵਿਚ ਦਸ ਦਸ ਪੰਦ੍ਰਾਂ ਪੰਦ੍ਰਾਂ ਵਰ੍ਹੇ ਦਾ ਪ੍ਰਣ ਕਰਕੇ ਵੜਦੇ ਹਨ ਤੇ ਫੇਰ ਬਾਹਰ ਨਹੀਂ ਨਿਕਲਦੇ। ਰੋਟੀ ਲੋਕੀਂ ਇਕ ਝਰੋਖੇ ਵਿਚ ਧਰ ਜਾਂਦੇ ਹਨ। ਇਸ ਤਰ੍ਹਾਂ ਗੁਫ਼ਾ ਵਿਚ ਰਹਿਣਾ 'ਅਵਾਹਨ ਰਹਿਣ' ਦਾ ਜਤਨ ਹੈ। (ਅ) ਪ੍ਰਾਣਾਂ ਨੂੰ ਮਨ ਦਾ ਵਾਹਨ (=ਸਵਾਰੀ) ਮੰਨਿਆਂ ਹੈ। ਅਵਾਹਨ=ਉਹ ਅਵਸਥਾ ਜਿਸ ਵਿਚ 'ਪ੍ਰਾਣ ਸੰਜਮ' ਨਾਲ ਮਨ ਇਸਥਿਤ ਹੋਵੇ।

੬. ਖੱਬੇ ਪਾਸੇ ਇਹ ਅੰਕ ੧ ਤੋਂ ਲੈ ਕੇ ੧੨ ਤਕ ਪਉੜੀ ੪੬ ਤੇ ੪੭ ਦੀਆਂ ਤੁਕਾਂ ਦੇ ਅਰਥ ਕ੍ਰਮ ਅਨੁਸਾਰ ਦੁਹਾਂ ਦੇ ਇਕੱਠੇ ਦਿਤੇ ਹਨ, ਉਤਰਾਂ ਦੇ ਅੰਕ ੳ, ਅ, ੲ, ਸ, ਹ, ਕ, ਆਦਿ ਹੈਨ। ਪਾਠਕਾਂ ਦੀ ਸਹੂਲਤ ਲਈ ਗੁਰਬਾਣੀ ਦੀ ਹਰ ਤੁਕ ਦੇ ਅਖੀਰ ਤੇ ਵੀ ਕ੍ਰਮਵਾਰ ਅੰਕ ੧ ਤੋਂ ੧੨ ਲਾ ਦਿਤੇ ਹਨ।

੭. ਯਥਾ-ਮੈਨ ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ॥ (ਕਲਿਆ:ਮ:੪ ਅਸ਼ਟ-੩)

੮. ਭਾਵ, ਜਿਸ ਦਾ ਅੰਦਰ ਠਰ ਗਿਆ ਉਸ ਨੂੰ ਹਿਮਾਲੇ ਦੇ ਸਾਧਨ ਦੀ ਲੋੜ ਨਹੀਂ।

ਅੰਤਰਿ ਬਾਹਰਿ ਏਕੋ ਜਾਣੈ॥[੫]
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ॥੪੬॥[੬]
ਸਚ ਭੈ ਰਾਤਾ ਗਰਬੁ ਨਿਵਾਰੈ॥[੭]
ਏਕੋ ਜਾਤਾ ਸਬਦੁ ਵੀਚਾਰੈ॥[੮]
ਸਬਦੁ ਵਸੈ ਸਚੁ ਅੰਤਰਿ ਹੀਆ॥[੯]
ਤਨੁ ਮਨੁ ਸੀਤਲੁ ਰੰਗਿ ਰੰਗੀਆ॥[੧੦]
ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ॥[੧੧]
ਨਾਨਕ ਨਦਰੀ ਨਦਰਿ ਪਿਆਰੇ॥[੧੨]
੪੭॥

ਤੇ ਸੇਕ ਝੱਲਣ ਦੀ ਸ਼ਕਤਿ ਪੈਦਾ ਕਰਨੇ ਦੀ ਲੋੜ ਨਹੀਂ ਅੰਦਰੋਂ) ਕਾਮ (ਜੋ) ਅਗਨੀ (ਰੂਪ ਹੈ ਤੇ) ਕ੍ਰੋਧ (ਜੋ) ਜ਼ਹਿਰ (ਰੂਪ ਹੈ, ਇਨ੍ਹਾਂ ਦੀ) ਨਵਿਰਤੀ ਕਰੇ। ੬. ਹੇ ਨਾਨਕ! (ਇਹ) ਅਗਨੀ ਸਤਿਗੁਰ ਦੇ ਭਾਣੇ ਨਾਲ ਮਰਦੀ ਹੈ। (ਸ) ੮. (ਜੋ ਗੁਰ) ਸ਼ਬਦ ਨੂੰ ਵੀਚਾਰੇ (ਤੇ ਵੀਚਾਰ ਵੀਚਾਰ ਕੇ ਜਿਸ ਨੇ) ਇਕ ਨੂੰ ਪਛਾਣ ਲਿਆ ਹੈ, (ਉਹ ਆਵਾਹਨ ਗੁਫ਼ਾ ਵਿਚ ਰਹਿੰਦਾ ਹੈ) (ਹ) ੫. (ਜੋ) ਅੰਦਰ ਬਾਹਰ (ਭਾਵ ਸਾਰੇ) ਇਕੋ (ਪਰਮੇਸ਼ੁਰ) ਨੂੰ ਜਾਣ ਲਵੇ (ਉਹ ਉਸ ਵਿਚ ਸਮਾਏਗਾ)। (ਕ) ੧. (ਜੋ) ਹਉਂ ਹਉਂ (ਤੇ) ਮੈਂ ਮੈਂ ਨੂੰ ਵਿਚੋਂ ਗੁਆ ਦੇਵੇ, (ਤੇ) ੨. ਦੂਜਾ ਭਾਵ ਮੇਟ ਦੇਵੇ (ਉਹ) ਇਕੋ ਹੋ ਜਾਏਗਾ। (ਭਾਵ ਉਸ ਦਾ ਮਨ ਵਿਚ ਮਨ ਸਮਾ ਜਾਏਗਾ) ੧੨. (ਪਰ ਇਹ ਪ੍ਰਾਪਤੀ) ਪਿਆਰੇ ਨਦਰੀ ਦੀ ਨਦਰ ਨਾਲ (ਹੁੰਦੀ ਹੈ)[੧] ਹੇ ਨਾਨਕ! ॥੪੬॥ਤੇ॥੪੭॥

ਜੋਗੀਆਂ ਨੇ ਆਪਣੇ ਹਠ ਯੋਗ ਦੇ ਵਾਹਜ ਸਾਧਨਾਂ ਦੇ ਪ੍ਰਸ਼ਨ ਕੀਤੇ ਸਨ, ਸਤਿਗੁਰ ਜੀ ਨੇ ਭਗਤੀ ਗਜਾਨ ਦੇ ਨੁਕਤੇ ਤੋਂ ਸਾਰਿਆਂ ਦੇ ਅੰਤ੍ਰੀਵ ਹੱਲ ਦੱਸੇ ਹਨ। ਯੋਗੀ ਹੁਣ ਉਨ੍ਹਾਂ ਪ੍ਰਸ਼ਨਾਂ ਦੇ ਸੰਬੰਧ ਵਿਚ ਅੰਤ੍ਰੀਵ ਸਾਧਨ ਪੁਛਦੇ ਹਨ, ਪਰ ਹਠ ਯੋਗ ਦੇ ਨੁਕਤੇ ਤੋਂ।

ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ॥ ਕਵਨ ਮੁਖਿ ਸੂਰਜੁ ਤਪੈ ਤਪਾਇਆ॥ ਕਵਨ ਮੁਖਿ ਕਾਲੁ ਜੋਹਤ ਨਿਤ ਰਹੈ॥ ਕਵਨ ਬੁਧਿ ਗੁਰਮੁਖਿ ਪਤਿ ਰਹੈ॥

(ੳ) ਕਿਸ ਦੁਆਰੇ (ਭਾਵ ਕਿਸ ਸਾਧਨ ਨਾਲ) ਚੰਦ ਜੋ ਬਰਫ ਦਾ ਘਰ ਹੈ (ਨਿੱਤ) ਛਾਇਆ ਰਹੇ[੨]! ਕਿਸ ਦੁਆਰਾ (ਭਾਵ ਕਿਸ ਸਾਧਨ ਨਾਲ) ਤਪਾਇਆ ਸੂਰਜ ਤਪੇ[੩]। (ਅ) ਕਿਸ ਦੁਆਰੇ (ਭਾਵ ਕਿਸ ਸਾਧਨ ਨਾਲ) ਕਾਲ (ਜੋ) ਸਦਾ (ਜੀਵ ਨੂੰ) ਤਾੜਦਾ ਰਹਿੰਦਾ ਹੈ, (ਦੂਰ ਹੋਵੇ[੪])। (ੲ) ਕਿਸ ਬੁੱਧੀ ਦੁਆਰੇ (ਭਾਵ ਕਿਸ ਸਾਧਨ ਨਾਲ) ਗੁਰਮੁਖ ਦੀ ਪਤਿ ਰਹਿ ਆਵੇ?

---

੧. ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ (ਗਉ: ਥਿਤੀ ਮ:੫-੧੦)।

੨. ਬ੍ਰਹਮ ਰੰਧ੍ਰ ਵਿਚ ਸਹਸ੍ਰ ਦਲ ਕਮਲ ਹੈ, ਇਸਦੇ ਵਿਚਕਾਰ ਇਕ ਸਥਾਨ ਹੈ ਜਿਸ ਦੀ ਸ਼ਕਲ ਚੰਦ੍ਰਮਾ ਦੀ ਹੈ। ਇਸ ਚੰਦ ਤੋਂ ਨਿੱਤ ਅੰਮ੍ਰਿਤ ਦਾ ਠੰਢਾ ਪ੍ਰਵਾਹ ਇੜਾ ਦੁਆਰਾ ਚਲਦਾ ਹੈ। ਜੋਗੀ ਪੁਛਦੇ ਹਨ ਕਿ ਕਿਸ ਸਾਧਨ ਨਾਲ ਇਹ ਪ੍ਰਵਾਹ ਸਦਾ ਆਪਣਾ ਅਸਰ ਕਰਦਾ ਰਹੇ ਤੇ ਇਹ ਨਸ਼ਟ ਨਾ ਹੋਵੇ ਜੋ ਕਿ ਰੋਜ਼ ਹੁੰਦਾ ਹੈ। ੩. ਮੂਲਾਧਾਰ ਚੱਕਰ ਵਿਚ ਇਸਥਿਤ ਸੂਰਜ ਪਿੰਗਲਾ ਨਾੜੀ ਦੁਆਰਾ ਪ੍ਰਾਣਾਯਾਮ ਦੀ ਵਿਸ਼ੇਸ਼ ਵਿਧੀ ਨਾਲ ਤਪਾਇਆ ਜਾਂਦਾ ਹੈ, ਜਿਸ ਤਪਸ਼ ਨਾਲ ਸੁਖਮਨਾ ਅਤੇ ਮੇਰੁ ਡੰਡ ਦੀ ਵਿਚਲੀ ਮਿੱਝ ਆਦਿ ਰੁਕਾਵਟ ਨੂੰ ਪੰਘਾਰਕੇ ਦਸਮ ਦੁਆਰ ਦਾ ਰਸਤਾ ਖੋਲ੍ਹਿਆ ਜਾਂਦਾ ਹੈ।

੪. ਜੋਗੀ ਸੁਖਮਨਾ ਨਾੜੀ ਨੂੰ ਸਾਧ ਲੈਣ ਨਾਲ ਸਮਝਦੇ ਹਨ ਕਿ ਉਹ ਕਾਲ ਨੂੰ ਜਿੱਤ ਲੈਂਦੇ ਹਨ।

ਕਵਨੁ ਜੋਧੁ ਜੋ ਕਾਲੁ ਸੰਘਾਰੈ॥ ਬੋਲੈ ਬਾਣੀ ਨਾਨਕੁ ਬੀਚਾਰੈ॥੪੮॥

(ਸ) ਕੌਣ ਹੈ ਉਹ ਸੂਰਮਾ ਜੋ ਕਾਲ ਨੂੰ ਮਾਰ ਲਵੇ? ਨਾਨਕ (ਹੁਣ) ਵੀਚਾਰ ਕਰ (ਤੇ ਉੱਤਰ ਵਿਚ ਆਪਣੇ) ਬਚਨ ਆਖੇ[੧]॥੪੮॥

ਉੱਤਰ-

ਸਬਦੁ ਭਾਖਤ ਸਸਿ ਜੋਤਿ ਅਪਾਰਾ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ॥ ਆਪੇ ਪਾਰਿ ਉਤਾਰਣਹਾਰਾ॥ ਗੁਰ ਪਰਚੈ ਮਨੁ ਸਾਚਿ ਸਮਾਇ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ॥੪੯॥

(ੳ) ਨਾਮ ਚੰਦ੍ਰਮਾਂ (ਹੈ, ਇਸ ਦੇ) ਜਪਦਿਆਂ ਅਪਾਰ ਜੋਤ ਪ੍ਰਗਟ ਹੁੰਦੀ ਹੈ। (ਜਿਸ ਘਰਿ=) ਮਨ ਵਿਚ (ਨਾਮ ਰੂਪੀ) ਚੰਦ੍ਰਮਾ (ਆ ਗਿਆ ਹੈ, ਉਥੇ ਗਜਾਨ ਰੂਪੀ) ਸੂਰਜ ਵਸ ਜਾਏਗਾ (ਤੇ ਸਾਰਾ) ਹਨੇਰਾ ਦੂਰ ਹੋ ਜਾਏਗਾ[੨]। (ਅ) ਸੁਖ ਦੁਖ ਨੂੰ ਸਮ ਕਰ ਲਓ ਤੇ ਨਾਮ ਨੂੰ (ਆਪਣਾ) ਆਸਰਾ ਬਣਾ ਲਓ[੩]। (ੲ) (ਪਰਮੇਸ਼ੁਰ) ਆਪੇ ਪਾਰ ਉਤਾਰਣਹਾਰ ਹੈ[੪] (ਸ) ਗੁਰੂ ਮਿਲਾਪ ਦੁਆਰਾ (ਜਿਸ ਦਾ) ਮਨ ਸੱਚ ਵਿਚ ਸਮਾਇਆ ਹੈ (ਉਸ ਨੂੰ) ਕਾਲ ਨਹੀਂ ਖਾਂਦਾ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ। ਭਾਵ ਇਹ ਹੈ ਕਿ ਓਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ।)॥੪੯॥

ਪਿਛਲੇ ਅੰਕ ਵਿਚ ਕਹੇ 'ਸਬਦੁ ਭਾਖਤ' ਦੀ ਹੋਰ ਵਜਾਖਜਾ ਕਰਦੇ ਹਨ:-

ਨਾਮ ਤਤੁ ਸਭ ਹੀ ਸਿਰਿ ਜਾਪੈ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥ ਤਤੋ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੈ॥

ਨਾਮ ਤੱਤ ਸਾਰੇ ਹੀ (ਸਾਧਨਾਂ ਦੇ ਸਿਧਾਂਤਾਂ) ਦੇ ਸਿਰੇ ਤੇ ਸਹੀ ਹੁੰਦਾ ਹੈ। ਨਾਮ ਤੋਂ ਬਿਨਾਂ ਦੁਖ ਤੇ ਕਾਲ ਸਤਾਉਂਦਾ ਹੈ[੫]। (ਨਾਮ ਨਾਲ ਜਦ) ਮਨ ਮੰਨ ਜਾਂਦਾ ਹੈ (ਤਾਂ ਜੀਵ ਤੱਤ (ਪਰਮ) ਤੱਤ ਨੂੰ ਮਿਲ ਪੈਂਦਾ ਹੈ[੬]। (ਇਉਂ ਨਾਮ ਨਾਲ) ਦੂਜਾ ਭਾਵ ਚਲਾ ਜਾਂਦਾ ਹੈ (ਤੇ ਨਾਮ) ਹਿਰਦੇ ਵਿਚ ਏਕਤਾ ਨੂੰ ਲੈ ਆਉਂਦਾ ਹੈ। (ਇਹ

---

੧. ਅਥਵਾ, ਸਿੱਧ ਬੋਲਦਾ ਹੈ:- ਹੁਣ ਨਾਨਕ ਵੀਚਾਰ ਕਰੇ।

੨. ਪ੍ਰਸ਼ਨ ਹਠ ਯੋਗੀਆਂ ਦੀਆਂ ਗੇਣਤੀਆਂ ਸੰਬੰਧੀ ਸੀ, ਪਰ ਤਤ੍ਵ ਦਰਸ਼ੀ ਗੁਰੂ ਨਾਨਕ ਦੇਵ ਜੀ ਨੇ ਉੱਤਰ ਆਪਣੇ ਨਾਮ ਤੇ ਗਜਾਨ ਦੇ ਪੱਖ ਦਾ ਦਿੱਤਾ ਹੈ ਕਿ ਨਾਮ ਚੰਦ੍ਰਮਾ ਹੈ ਤੇ ਸੂਰਜ (ਨਾਮੀ=) ਵਾਹਿਗੁਰੂ ਦਾ ਗਜਾਨ ਹੈ। ਨਾਮ ਅਭਜਾਸ ਦੇ ਪ੍ਰਕਾਸ਼ ਵਿਚ ਨਾਮੀ ਦਾ ਗਜਾਨ ਪ੍ਰਤਿਬਿੰਬਤ ਹੁੰਦਾ ਹੈ। ਜੋਗੀਆਂ ਦਾ ਇਸ਼ਾਰਾ ਸੂਰਜ ਦੀ ਤੱਪਸ਼ ਵਲ ਹੈ, ਪਰ ਗੁਰੂ ਜੀ ਸੂਰਜ ਦੇ ਪ੍ਰਕਾਸ਼ ਨੂੰ ਲੈ ਰਹੇ ਹਨ। ਜੋਗੀ 'ਚੰਦ' ਸਰੀਰ ਦਾ ਕੋਈ ਅੰਗ ਲੈ ਰਹੇ ਹਨ, ਗੁਰੂ ਜੀ ਨਾਮ ਨੂੰ ਚੰਦ ਕਹਿ ਰਹੇ ਹਨ। ਜਿਵੇਂ ਚੰਦ ਵਿਚ ਸੂਰਜ ਦਾ ਚਾਨਣਾ ਪ੍ਰਵਿਸ਼ਟ ਹੁੰਦਾ ਰਹਿੰਦਾ ਹੈ, ਤਿਵੇਂ ਨਾਮ ਵਿਚ ਨਾਮੀ ਦਾ ਗਜਾਨ ਪ੍ਰਵਿਸ਼ਟ ਰਹਿੰਦਾ ਹੈ।

੩. ਭਾਵ, ਐਸੇ ਪੁਰਖ ਨੂੰ ਕਾਲ ਦਾ ਦੁਖ ਤੇ ਸੰਤਾਪ ਨਹੀਂ ਹੋਵੇਗਾ।

੪. ਭਾਵ, ਨਾਮ ਦੇ ਆਧਾਰ ਵਾਲੇ ਨੂੰ ਇਹ ਸੋਝੀ ਹੁੰਦੀ ਹੈ ਕਿ ਵਾਹਿਗੁਰੂ ਆਪ ਤਾਰਨਹਾਰ ਹੈ, ਸੋ ਉਸ ਦੀ ਪਤਿ ਦਾ ਰਾਖਾ ਉਹ ਆਪ ਹੈ।

੫. ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥(ਗਉੜੀ ਬਾ:ਅ:ਮ:੫-੪੮)। ਸੋਧਤ ਸੋਧਤ ਸੋਧਿ ਤਤੁ ਬੀਚਾਰਿਆ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ॥ (ਸੂਹੀ ਮ:੫-ਅਸ਼ਟ-੧੬)।

੬. ਨਾਮ ਸੰਗਿ ਜਿਸਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਸੁਖਮਨੀ)।

| | |
|---|---|
| **ਬੋਲੈ ਪਵਨਾ ਗਗਨੁ ਗਰਜੈ॥ ਨਾਨਕ ਨਿਹਚਲੁ ਮਿਲਣੁ ਸਹਜੈ॥ ੫੦॥** | ਜੋ ਤੁਸੀਂ ਕਹਿੰਦੇ ਹੋ ਦਸਮ ਦੁਆਰ ਵਿਚ ਗਰਜ ਹੁੰਦੀ ਹੈ ਇਹ ਤਾ ਜਿਵੇਂ) ਅਕਾਸ਼ ਬੋਲਦਾ ਹੈ (ਤਾਂ ਸਮਝੀਦਾ ਹੈ ਕਿ) ਪੌਣ ਬੋਲਦੀ ਹੈ, (ਤਿਵੇਂ ਸਰੀਰ ਦੇ ਅਕਾਸ਼ ਵਿਚ ਪ੍ਰਾਣ ਵਾਯੂ ਰੁਕੀ ਹੋਈ ਬੋਲਦੀ ਹੈ) ਹੇ ਨਾਨਕ! (ਨਾਮ ਨਾਲ) ਸਹਜੇ ਹੀ ਅਟੱਲ ਮਿਲਾਪ (ਪ੍ਰਾਪਤ ਹੁੰਦਾ ਹੈ ਪਰਮਾਤਮਾ ਨਾਲ)[੧]॥੫੦॥ |

ਜਾਪਦਾ ਹੈ ਕਿ ਇਥੇ ਕਿਸੇ ਜੋਗੀ ਨੇ ਆਖਿਆ ਹੈ ਕਿ ਦਸਮ ਦੁਆਰ ਗਰਜਨ ਤੋਂ ਅਸੀਂ ਸੁੰਨ ਵਿਚ ਚਲੇ ਜਾਂਦੇ ਹਾਂ, ਜਿੱਥੇ ਪਾਪ ਪੁੰਨ ਦਾ ਕੋਈ ਲੇਸ਼ ਨਹੀਂ ਰਹਿੰਦਾ। ਸੁੰਨ ਦੇ ਤ੍ਰੈ ਟਿਕਾਣੇ ਹਨ[੨], ਕੀ ਆਪ ਨੂੰ ਉਹ ਪਤਾ ਹਨ? ਗੁਰੂ ਜੀ ਦੱਸਦੇ ਹਨ ਕਿ ਉਹ ਬੀ ਪਤਾ ਹੈਨ ਤੇ ਹੋਰ ਬੀ ਟਿਕਾਣੇ ਸਾਨੂੰ ਪਤਾ ਹਨ, ਸੋ ਸੁਣੋ:

| | |
|---|---|
| **ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥** | (ਇਕ) ਅੰਤ੍ਰੀਵ ਸੁੰਨ ਹੈ, (ਇਕ) ਬਾਹਰ ਦੀ ਸੁੰਨ, (ਇਕ) ਤ੍ਰੈ ਭਵਨ ਹੀ ਸੁੰਨ ਮਸੁੰਨ ਹੈ[੩]। |

ਪਰ ਗੁਰੂ ਜੀ ਆਪਣਾ ਸਿੱਧਾਂਤ ਦੱਸਦੇ ਹਨ ਕਿ ਸਾਰੀਆਂ ਸੁੰਨਾਂ ਦੇ ਪਿੱਛੇ ਪਰਮਾਤਮਾਂ ਰੂਪੀ ਸੁੰਨ ਦਾ ਸੁਾਮੀ ਹੈ[੪] ਸੋ ਐਉਂ ਕਥਨ ਕਰਦੇ ਹਨ:-

| | |
|---|---|
| **ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥ ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥** | ਚੌਥੇ (ਟਿਕਾਣੇ ਵਾਲੀ) ਸੁੰਨ ਨੂੰ ਜੋ ਨਰ ਜਾਣ ਲਵੇ ਉਸ ਨੂੰ ਪਾਪ ਪੁੰਨ (ਦਾ ਲੇਪ) ਨਹੀਂ। (ਉਹ) ਸੁੰਨ (ਇਕ ਸਥਾਨੀ ਨਹੀਂ, ਉਹ) ਘਟ ਘਟ (ਵਜਾਪਕ ਹੈ, ਚਾਹੀਏ ਕਿ ਜੀਵ ਉਸ) ਸੁੰਨ ਦਾ ਭੇਦ ਜਾਣ ਲਵੇ (ਕਿ ਉਹ) ਆਦਿ ਪੁਰਖ ਮਾਯਾ ਰਹਿਤ ਤੇ ਪ੍ਰਕਾਸ਼ ਸਰੂਪ |

---

੧. (ਅ) (ਹਿਰਦੇ ਵਿਚੋਂ ਦੂਈ ਦੂਰ ਕਰਨ ਤੇ ਏਕਤਾ ਨੂੰ ਲੈ ਆਉਣ ਦੇ ਸਾਧਨ ਜੋ ਤੁਸੀਂ ਦੱਸਦੇ ਹੋ ਉਹ ਤਾਂ) ਪਵਨ ਦਾ ਬੋਲਣਾ ਤੇ ਗਗਨ ਦਾ ਗਰਜਣਾ ਹੈ ਜੋ ਕਿ ਦੂਈ ਦੀ ਖੇਲ ਹੈ ਤੇ ਜੋ ਸਦੈਵੀ ਨਹੀਂ, ਪਰ ਜੋ ਜੀਵ ਤੱਤ ਦਾ ਪਰਮੇਸ਼ੁਰ ਤੱਤ ਨਾਲ ਮੇਲ ਨਾਮ ਦੇ) ਸਹਜ (ਜੋਗ) ਨਾਲ (ਅਸੀਂ ਦੱਸ ਰਹੇ ਹਾਂ, ਉਹ) ਨਿਹਚਲ ਮਿਲਣਾ ਹੈ!

੨. ਵੇਦਾਂਤੀ ਸਾਰੇ ਦ੍ਰਿਸ਼ਟਮਾਨ ਨੂੰ ਸੁਨ (ਮਾਯਾ) ਮੰਨਦੇ ਹਨ, ਤੇ ਬੋਧੀ ਤ੍ਰੈ ਭਵਨ (ਸਾਰੀ ਰਚਨਾ ਹੀ) ਸ਼ੂਨ ਤੋਂ ਮੰਨਦੇ ਹਨ, ਭਾਵ ਇਹ ਕਿ ਇਸ ਜਗਤ ਦਾ ਮੂਲ ਸ਼ੂਨ ਹੀ ਹੈ, ਓਹ ਬ੍ਰਹਮ ਤੇ ਜੀਵ ਆਤਮਾ ਕੁਛ ਨਹੀਂ ਮੰਨਦੇ! ਬੋਧੀਆਂ ਨੂੰ ਏਸ ਕਰਕੇ ਸ਼ੂਨਜਵਾਦੀ ਬੀ ਕਹਿੰਦੇ ਹਨ। ਹਠ ਯੋਗ ਦੇ ਸ਼ੂਨਜ ਦੇ ਤ੍ਰੈ ਟਿਕਾਣੇ ਏਹ ਹਨ:- ਹ੍ਰਿਦਾ ਅਕਾਸ਼, ਵਿਸ਼ੁੱਧ ਅਕਾਸ਼, ਬ੍ਰਹਮਰੰਧਰ। ਇਨ੍ਹਾਂ ਦੇ ਸ਼ੂਨਜ, ਅਤਿਸ਼ੂਨਜ, ਮਹਾਸ਼ੂਨਜ ਤ੍ਰੈ ਨਾਮ ਹਨ।

੩. ਮਸੁੰਨ ਦਾ ਅਰਥ ਕਈ ਦਾਨੇ ਅਸੁੰਨ ਬੀ ਕਰਦੇ ਹਨ। ਇਸ ਨਾਲ ਤੁਕ ਦੇ ਅਰਥ ਇਹ ਬਣਨਗੇ:- ਅੰਦਰ ਦੀ ਸੁੰਨ ਬਾਹਰ ਦੀ ਸੁੰਨ ਇਹ ਦੋਵੇਂ ਸੁੰਨਾਂ ਤ੍ਰੈਭਵਣ ਦੀ ਸੁੰਨ ਦੇ ਅੰਤਰਗਤ ਹਨ ਜੋ ਤ੍ਰੈਭਵਣ ਕਿ 'ਸੁੰਨ ਅਸੁੰਨ' ਦੀ ਪਰਸਪਰ ਕ੍ਰਿਯਾ ਦੇ ਆਸਰੇ ਪ੍ਰਾਣਧਾਰੀ ਹੁੰਦੀ ਹੈ। ਇਹ ਸੁੰਨ ਅਸੁੰਨ ਦੀ ਦ੍ਵੰਦ ਕ੍ਰਿਯਾ ਹੈ ਤੇ ਚੌਥੇ ਟਿਕਾਣੇ ਦ੍ਵੰਦਾਤੀਤ ਸੁੰਨ-ਪਰਮਾਤਮਾ ਹੈ ਜੋ ਆਦਿ ਪੁਰਖ ਨਿਰੰਜਨ ਦੇਉ ਹੈ।

੪. ਸ਼ੂਨਜ ਪਦ, ਪਰਮਾਤਮਾ, ਅਫੁਰ ਪਰਮਾਤਮਾ ਵਾਸਤੇ ਬੀ ਵਰਤਿਆ ਗਿਆ ਹੈ। ਯਥਾ ਸ਼ੰਕਰ ਜੀ ਨੇ ਕਿਹਾ ਹੈ:- ਗੰਭੀਰ ਧੀਰੰ ਨਿਰਵਾਣ ਸ਼ੂਨਜਮ੍॥ ਸੰਸਾਰ ਸਾਰੰ ਨਚ ਪਾਪ ਪੁਣਜਮ੍॥ (ਅਖੰਡ ਬ੍ਰਹਮ ਅਸਤੋਤ੍ਰ-੮)।

 www.sikhbookclub.com

ਜੋ ਜਨੁ ਨਾਮ ਨਿਰੰਜਨ ਰਾਤਾ॥
ਨਾਨਕ ਸੋਈ ਪੁਰਖੁ ਬਿਧਾਤਾ॥੫੧॥

ਹੈ[1]। ਜੋ ਪੁਰਖ (ਇਸ) ਮਾਯਾ ਰਹਿਤ ਪ੍ਰਕਾਸ਼ ਸਰੂਪ ਆਦਿ ਪੁਰਖ ਦੇ) ਨਾਮ ਵਿਚ ਰਚ ਗਿਆ, ਉਹ ਪੁਰਖ ਕਰਤਾ ਪੁਰਖ (ਦਾ ਰੂਪ ਹੋ ਗਿਆ[2]), ਹੇ ਨਾਨਕ! ॥੫੧॥

ਸੁੰਨੋ ਸੁੰਨੁ ਕਹੈ ਸਭੁ ਕੋਈ॥
ਅਨਹਤ ਸੁੰਨੁ ਕਹਾ ਤੇ ਹੋਈ॥
ਅਨਹਤ ਸੁੰਨਿ ਰਤੇ ਸੇ ਕੈਸੇ॥
ਜਿਸ ਤੇ ਉਪਜੇ ਤਿਸਹੀ ਜੈਸੇ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥ ਨਾਨਕ ਗੁਰਮੁਖਿ ਮਨੁ ਸਮਝਾਹਿ॥ ੫੨॥

ਸਭ ਕੋਈ ਸੁੰਨ ਹੀ ਸੁੰਨ ਆਖਦਾ ਹੈ, (ਪਰ ਨਹੀਂ ਜਾਣਦਾ) ਕਿ ਅਨਹਤ ਸੁੰਨ ਕਿਥੋਂ ਹੋਈ ਹੈ। (ਨਾ ਉਹ ਜਾਣਦੇ ਹਨ ਕਿ ਇਸ) ਅਨਹਤ ਸੁੰਨ ਵਿਚ ਜੋ ਰਚੇ ਹੋਏ ਹਨ ਉਹ ਕਿਹੋ ਜੇਹੇ ਹੁੰਦੇ ਹਨ? (ਭਾਵ ਕਿ ਕੇਵਲ ਸੁੰਨ ਵਿਚ ਰਚੇ ਜੋਗੀ ਤੇ ਸ਼ੂਨ ਵਾਦੀ ਆਦਿਕ ਸ਼ੂਨਜ ਹੀ ਹੋ ਜਾਂਦੇ ਹਨ, ਪਰ ਅਨਹਤ ਸੁੰਨ ਵਿਚ ਜੋ ਰਚ ਜਾਣ ਓਹ ਕਿਹੋ ਜਿਹੇ ਹੁੰਦੇ ਹਨ? ਉੱਤਰ- ਓਹ ਸ਼ੂਨ ਦੇ ਕਰਤਾ ਪਰਮਾਤਮਾ ਵਿਚ ਰਚੇ ਜਾਣ ਕਰਕੇ) ਜਿਸ ਤੋਂ (ਇਹ ਸੁੰਨ) ਉਪਜਦੀ ਹੈ ਉਸ ਜੈਸੇ ਹੀ ਹੋ ਜਾਂਦੇ ਹਨ[3]। ਓਹ ਨਾ ਜਨਮਦੇ ਹਨ ਨਾ ਮਰਦੇ ਹਨ, ਨਾ ਆਉਂਦੇ ਹਨ ਨਾ ਜਾਂਦੇ ਹਨ (ਜੋ ਅਪਣੇ) ਮਨ ਨੂੰ ਗੁਰਮੁਖ (ਦੁਆਰਾ ਇਹ) ਸਮਝ ਲੈਂਦੇ ਹਨ (ਜੋ ਉਪਰ ਕਹੀ ਹੈ[4])॥੫੨॥

ਨਉ ਸਰ ਸੁਭਰ ਦਸਵੈ ਪੂਰੇ॥
ਤਹ ਅਨਹਤ ਸੁੰਨ ਵਜਾਵਹਿ ਤੂਰੇ॥

(ਜਿਸ ਦੇ) ਨੌਂ ਸਰ ਪਵਿੱਤ੍ਰ[5] ਹੋ (ਗਏ ਹਨ, ਉਹ ਜੇ) ਦਸਵੇਂ (ਸਰ ਨੂੰ) ਪੂਰ ਲਵੇ (ਪਰਮੇਸ਼ੁਰ ਦੇ ਨਾਮ ਅੰਮ੍ਰਿਤ ਨਾਲ[6] ਤਾਂ ਉਸ ਲਈ) ਓਥੇ (ਦਸਮ ਦੁਆਰ

੧. ਓਹ ਨਿਰਾ ਸ਼ੂਨਜ=ਅਣਹੋਂਦ ਨਹੀਂ, ਪਰ ਵਜੂਦ ਹੈ, ਸਭ ਦਾ ਆਦਿ ਹੈ, ਮਾਯਾ ਰਹਿਤ ਹੈ, ਫੇਰ ਪ੍ਰਕਾਸ਼ ਸਰੂਪ ਹੈ।

੨. ਇਸ ਅੰਕ ਦਾ ਅਰਥ ਇਸ ਤਰ੍ਹਾਂ ਬੀ ਲਾਉਂਦੇ ਆਏ ਹਨ:-(ਸਭ ਦੇ) ਅੰਦਰ ਅਫੁਰ ਪਰਮਾਤਮਾ ਹੈ (ਭਾਵ ਸੁਪਨ, ਸਭ ਦੇ) ਬਾਹਰ ਅਫੁਰ ਪਰਮਾਤਮਾਂ ਹੈ (ਭਾਵ ਜਾਗ੍ਰਤ); ਤਿੰਨਾਂ ਲੋਕਾਂ ਵਿਚ ਅਫੁਰ ਪਰਮਾਤਮਾਂ ਹੀ ਹੈ (ਭਾਵ ਸਖੋਪਤ)। ਚੌਥੇ (ਭਾਵ ਤੁਰੀਆ) ਵਿਖੇ ਅਫੁਰ ਪਰਮਾਤਮਾਂ ਨੂੰ ਜੋ ਨਰ ਜਾਣਦਾ ਹੈ ਨਾ ਉਸ ਨੂੰ ਪਾਪ ਹੈ ਨਾ ਪੁੰਨ ਹੈ, (ਭਾਵ ਪਾਪ ਪੁੰਨ ਉਸ ਨੂੰ ਸਪਰਸ਼ ਨਹੀਂ ਕਰਦੇ); ਘਟ ਘਟ ਵਿਖੇ ਅਫੁਰ ਪਰਮਾਤਮਾ ਦਾ (ਜੋ) ਭੇਦ ਜਾਣ ਲਏ, (ਉਹ) ਆਦਿ ਪੁਰਖੁ (ਪਰਮੇਸ਼ੁਰ) ਮਾਇਆ ਰਹਿਤ ਪ੍ਰਕਾਸ਼ ਸਰੂਪ (ਹੈ, ਅਥਵਾ ਉਸ ਨੂੰ ਜਾਣਦਾ ਹੈ)। ਜੋ ਭਗਤ ਨਿਰੰਜਨ ਦੇ ਨਾਮ ਵਿਚ ਰਚਿਆ ਹੈ ਉਹੋ ਕਰਤਾ ਪੁਰਖ ਹੈ (ਕਹਿੰਦੇ ਹਨ ਗੁਰੂ) ਨਾਨਕ।

੩. ਭਾਵ ਸ਼ੂਨ ਜੋ ਅਨਾਤਮ ਹੈ ਤੇ ਜੋ 'ਨਹੀਂ' ਮਾਤ੍ਰ ਹੈ ਤਾਂ ਉਸ ਵਿਚ ਰਚੇ ਉਸ ਦਾ (ਜੜ੍ਹ) ਰੂਪ ਹੋ ਜਾਣਗੇ, ਪਰ ਜੋ ਅਬਿਨਾਸ਼ੀ ਤੇ ਅਫੁਰ ਪਰਮਾਤਮਾ ਵਿਚ ਰਚੇ ਸੋ ਉਸ ਦੇ ਚੇਤਨ ਰੂਪ ਵਰਗੇ ਚੇਤਨ ਹੋ ਜਾਣਗੇ। ਜੜ੍ਹ ਤੋਂ ਭਾਵ ਪ੍ਰਕ੍ਰਿਤੀ ਹੈ ਜੋ ਤਿੰਨਾਂ ਗੁਣਾਂ ਵਿਚ ਵਿਚਰਦੀ ਹੈ।

੪. ਭਾਵ, ਗੁਰੂ ਜੀ ਜੜ੍ਹ ਰੂਪ ਸ਼ੂਨ ਵਿਚ ਲਯ ਹੋਣ ਨੂੰ ਚੰਗਾ ਨਹੀਂ ਕਹਿ ਰਹੇ।

੫. ਸੁਭਰ=ਸ਼ੁਭ੍ਰ=ਚਿੱਟਾ, ਚਮਕਦਾਰ, ਸ਼ੁਧ, ਪਵਿਤ੍ਰ।

੬. ਭਾਵ ਇਹ ਹੈ -ਨਵੇਂ ਛਿਦ੍ਰ ਸ੍ਰਵਹਿ ਅਪਵਿਤ੍ਰਾ॥ ਬੋਲਿ ਹਰਿਨਾਮ ਪਵਿਤ੍ਰ ਸਭਿ ਕਿਤਾ॥ (ਮਾਰੂ ਮ:੪-੧) ਅਰਥਾਤ ਨਵੇਂ ਹੀ ਛਿਦ੍ਰ ਯਾ ਸਰ ਜੋ ਅਪਵਿੱਤ੍ਰ ਸਨ ਸਿਮਰਣ ਨਾਲ ਪਵਿਤ੍ਰ ਕੀਤੇ।

ਸਾਚੈ ਰਾਚੇ ਦੇਖਿ ਹਜੂਰੇ॥
ਘਟਿ ਘਟਿ ਸਾਚੁ ਰਹਿਆ ਭਰਪੂਰੇ॥
ਗੁਪਤੀ ਬਾਣੀ ਪਰਗਟੁ ਹੋਇ॥
ਨਾਨਕ ਪਰਖਿ ਲਏ ਸਚੁ ਸੋਇ॥
੫੩॥

ਵਿਚ) ਅਨਹਤ ਸੁੰਨ ਦੇ ਵਾਜੇ ਵੱਜ ਆਉਂਦੇ ਹਨ, (ਪਰ ਓਹ ਉਸ ਸੁੰਨ ਵਿਚ ਲੈ ਹੋਣਾ ਪ੍ਰਯੋਜਨ ਨਹੀਂ ਸਮਝਦਾ, ਉਹ ਪਰਮਾਤਮ ਮੇਲ ਦਾ ਪ੍ਰੇਮੀ) ਸੱਚੇ ਵਿਚ ਰਚਦਾ ਹੈ (ਤੇ ਉਸ ਨੂੰ) ਪ੍ਰਤੱਖ ਦੇਖਦੇ ਹੋਏ (ਕੀ ਦੇਖਦਾ ਹੈ ਕਿ ਉਹ ਆਦਿ ਨਿਰੰਜਨ ਰੂਪੀ) ਸੱਚ ਘਟਿ ਘਟਿ ਵਿਚ ਭਰਪੂਰ ਹੋ ਰਿਹਾ ਹੈ। (ਉਸ ਉਤੇ) ਗੁਪਤ ਬਾਣੀ ਪ੍ਰਗਟ ਹੁੰਦੀ ਹੈ[1], ਉਹ (ਗੁਰਮੁਖ) ਸੱਚ ਨੂੰ ਪਰਖ ਲੈਂਦਾ ਹੈ, ਹੇ ਨਾਨਕ! ॥੫੩॥

ਪਿਛਲੇ ਦਾ ਭਾਵ ਹੀ ਜਾਰੀ ਹੈ ਕਿ ਆਦਿ ਪੁਰਖ ਨਿਰੰਜਨ ਦੇਵ ਨੂੰ ਮਿਲਣ ਦਾ ਤ੍ਰੀਕਾ ਹਨ ਤੇ ਜ਼ੋਰ ਵਾਲਾ ਠੀਕ ਨਹੀਂ ਉਸ ਨੂੰ ਤਾਂ-

ਸਹਜ ਭਾਇ ਮਿਲੀਐ ਸੁਖੁ ਹੋਵੈ॥
ਗੁਰਮੁਖਿ ਜਾਗੈ ਨੀਦ ਨ ਸੋਵੈ॥
ਸੁੰਨ ਸਬਦੁ ਅਪਰੰਪਰਿ ਧਾਰੈ॥
ਕਹਤੇ ਮੁਕਤੁ ਸਬਦਿ ਨਿਸਤਾਰੈ॥
ਗੁਰ ਕੀ ਦੀਖਿਆ ਸੇ ਸਚਿ ਰਾਤੇ॥
ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ॥੫੪॥

ਸਹਿਜ ਦੇ ਤ੍ਰੀਕੇ ਨਾਲ ਮਿਲੀਦਾ ਹੈ (ਤਾਂ ਆਤਮ) ਸੁਖ (ਪ੍ਰਾਪਤ) ਹੁੰਦਾ ਹੈ। ਗੁਰਮੁਖ ਜਾਗਦਾ ਹੈ (ਸਾਵਧਾਨ ਹੈ[2]) ਤੇ ਨੀਂਦ ਵਿਚ ਨਹੀਂ ਸੌਂਦਾ (ਲਯਤਾ ਵਿਚ ਨਹੀਂ ਜਾਂਦਾ[3], ਕਿਉਂਕਿ) ਸੁੰਨ ਦਾ ਸ਼ਬਦ ਅਪਰੰਪਰ (ਪਰਮਾਤਮਾ) ਨੇ ਧਾਰਨ ਕੀਤਾ ਹੋਇਆ ਹੈ। (ਇਸ ਲਈ ਉਸ ਅਪਰੰਪਰ ਸ਼ਬਦ ਨੂੰ) ਕਹਿਣ ਵਾਲੇ ਮੁਕਤ ਹਨ[4] (ਤੇ ਓਹ ਹੋਰਨਾਂ ਨੂੰ) (ਨਾਮ) ਦੁਆਰੇ ਤਾਰਦੇ ਹਨ। ਗੁਰੂ ਦੀ ਦੀਖਿਆ ਦੁਆਰਾ[5] ਓਹ ਸੱਚ ਵਿਚ ਰਚੇ ਹਨ, ਹੇ ਨਾਨਕ! ਓਹ ਆਪ ਨੂੰ ਗੁਆਕੇ[6] (ਅਪਰੰਪਰ ਨੂੰ) ਮਿਲ ਪੈਂਦੇ ਹਨ (ਤੇ ਕਿਸੇ) ਭੁਲੇਵੇ ਵਿਚ ਨਹੀਂ ਪੈਂਦੇ[7]॥੫੪॥

---

੧. ਸੁਤੇ ਰਗਜਾਨ ਜੋ ਗੁਪਤ ਹੋ ਰਿਹਾ ਸੀ ਪ੍ਰਗਟ ਹੋ ਜਾਂਦਾ ਹੈ ਭਾਵ ਉਨ੍ਹਾਂ ਦਾ ਅਨੁਭਵ ਖੁੱਲ੍ਹ ਜਾਂਦਾ ਹੈ।

੨. ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥ (ਗਉੜੀ ਸੁਖਮਨੀ)

੩. ਸਤਿਗੁਰੁ ਸੇਵਨਿ ਜਾਗੀਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥ (ਵਾਰ ਵਡ:ਮ,੩-੧੭)।

੪. ਭਾਵ ਇਹ ਕਿ ਉਨ੍ਹਾਂ ਨੂੰ ਸੁੰਨ ਵਿਚ ਲਯ ਪ੍ਰਾਪਤੀ ਦੀ ਲੋੜ ਨਹੀਂ, ਉਨ੍ਹਾਂ ਦੀ ਮੁਕਤੀ ਅਪਰੰਪਰ ਦੇ ਜਾਪ ਨਾਲ ਹੋ ਜਾਂਦੀ ਹੈ।

੫. ਇਥੇ 'ਗੁਰਦੀਖਿਆ ਦੁਆਰਾ' ਆ ਜਾਣ ਕਰਕੇ ਦੂਸਰੀ ਤੁਕ ਵਿਚ 'ਗੁਰਮੁਖਿ' ਦਾ ਅਰਥ 'ਗੁਰੂ ਦੁਆਰਾ' ਕਰਨਾ ਵਾਧੂ ਸਹੀ ਹੁੰਦਾ ਹੈ।

੬. ਉਨ੍ਹਾਂ ਦਾ ਆਪਣੇ ਆਪ ਨੂੰ ਗੁਵਾਉਣਾ ਅਰਥਾਤ ਆਪਣਾ ਹੰਕਾਰ ਨਵਿਰਤ ਕਰਨਾ ਸੁੰਨ ਦੇ ਮੁਕਾਬਲੇ ਦਾ ਸਫਲ ਸਾਧਨ ਹੈ।

੭. ਭਾਵ ਇਹ ਹੈ ਕਿ ਜੋ ਨਿਰੇ ਸੁੰਨ ਵਿਚ ਲੀਨਤਾ ਨੂੰ ਪਰਮ ਪਦ ਸਮਝ ਲੈਣ ਦੀ ਭ੍ਰਾਂਤੀ ਵਿਚ ਪੈ ਜਾਂਦੇ ਹਨ, ਜਿਵੇਂ ਕਿ ਉਸ ਸਮੇਂ ਦੇ ਸਿੱਧ ਪੈ ਰਹੇ ਸਨ। ਸੋ ਗੁਰੂ ਜੀ ਅਭਜਾਸੀ ਦਾ ਨਿਸ਼ਾਨਾ ਪਰਮਾਤਮਾ ਨੂੰ ਰਖਦੇ ਹਨ ਤੇ ਉਸ ਦੀ ਪ੍ਰਾਪਤੀ ਨੂੰ ਪੂਰਨ ਪਦ ਦੱਸਦੇ ਹਨ, ਇਹੋ ਗੱਲ ਪਿਛਲੇ ਚਾਰ ਅੰਗਾਂ ਵਿਚ ਸਿਧਾਂ ਨੂੰ ਨਿਖੇੜ ਕੇ ਸਮਝਾਈ ਹੈ ਨੇ।

ਕੁਬੁਧਿ ਚਵਾਵੈ ਸੋ ਕਿਤੁ ਠਾਇ॥
ਕਿਉ ਤਤੁ ਨ ਬੂਝੈ ਚੋਟਾ ਖਾਇ॥
ਜਮ ਦਰਿ ਬਾਧੇ ਕੋਇ ਨ ਰਾਖੈ॥
ਬਿਨੁ ਸਬਦੈ ਨਾਹੀ ਪਤਿ ਸਾਖੈ॥
ਕਿਉ ਕਰਿ ਬੂਝੈ ਪਾਵੈ ਪਾਰੁ॥
ਨਾਨਕ ਮਨਮੁਖਿ ਨ ਬੁਝੈ ਗਵਾਰੁ॥ ੫੫॥

ਹੋਰ ਪ੍ਰਸ਼ਨ-

(ੳ) ਖੋਟੀ ਬੁਧੀ ਨੂੰ (ਇਹ) ਚੁਕਾ ਦੇਵੇ[1] ਉਹ ਕਿਹੜਾ ਟਿਕਾਣਾ ਹੈ? (ਅ) ਕਿਉਂ (ਇਹ) ਸੱਟਾਂ ਖਾਂਦਾ ਹੈ (ਪਰ) ਤੱਤ ਨੂੰ ਨਹੀਂ ਬੁੱਝਦਾ? (ੲ) ਜਮ ਦੁਆਰ ਪਰ ਬੱਧੇ ਹੋਏ ਨੂੰ ਕੋਈ ਨਹੀਂ ਰੱਖਦਾ (ਕੀ ਇਸ ਦਾ ਕੋਈ ਉਪਾਉ ਨਹੀਂ?) (ਮ) ਸ਼ਬਦ ਬਿਨ ਪਤ ਤੇ ਸਾਖ ਨਹੀਂ (ਬਣਦੀ)? (ਹ) (ਇਹ) ਕੀਕੂੰ ਬੁੱਝੇ (ਤੱਤ ਨੂੰ ਤੇ) ਪਾਰ ਹੋ ਜਾਵੇ (ਭੌਜਲ ਤੋਂ)? (ਕ) ਹੇ ਨਾਨਕ! ਜੋ ਮਨਮੁਖ ਹੈ ਤੇ ਮੂਰਖ ਹੈ (ਕਿਆ ਉਹ ਕਿਸੇ ਪ੍ਰਕਾਰ ਹੀ) ਨਹੀਂ ਸਮਝ ਸਕਦਾ?॥੫੫॥

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥
ਸਤਿਗੁਰੁ ਭੇਟੈ ਮੋਖ ਦੁਆਰ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ॥
ਦੁਰਮਤਿ ਵਿਛੁੜਿ ਚੋਟਾ ਖਾਇ॥
ਮਾਨੈ ਹੁਕਮੁ ਸਭੇ ਗੁਣ ਗਿਆਨ॥
ਨਾਨਕ ਦਰਗਹ ਪਾਵੈ ਮਾਨੁ॥੫੬॥

ਉੱਤਰ-

(ੳ) (ਕ) ਕੁਬੁਧਿ ਮਿਟਦੀ ਹੈ ਗੁਰੂ ਦੇ ਸ਼ਬਦ ਤੇ ਵੀਚਾਰ ਨਾਲ, (ਸੋ) ਜੇ ਸਤਿਗੁਰ ਨੂੰ ਮਿਲ ਪਵੇ ਤਾਂ (ਮਨਮੁਖ ਬੀ) ਮੋਖ ਦੁਆਰਾ (ਪਾ ਸਕਦਾ ਹੈ)। (ਅ) ਦੁਰਮਤਿ ਕਰਕੇ ਵਿਛੁੜ ਜਾਂਦਾ ਹੈ ਤੇ ਚੋਟਾਂ ਖਾਂਦਾ ਹੈ, (ਕਿਉਂਕਿ) ਮਨਮੁਖ ਤੱਤ ਨੂੰ ਨਹੀਂ ਪਛਾਣਦਾ (ਇਸ ਕਰਕੇ ਸ਼ੋਕ ਅਗਨ ਵਿਚ) ਸੜਦਾ ਰਹਿੰਦਾ ਹੈ। (ੲ) ਜੇ ਹੁਕਮ ਮੰਨ ਲਵੇ (ਤਾਂ ਉਸ ਵਿਚ) ਸਾਰੇ ਗੁਣ ਗਜਾਨ ਆ ਜਾਂਦੇ ਹਨ ਤੇ ਦਰਗਾਹ ਵਿਚ ਉਹ ਮਾਣ ਪਾਉਂਦਾ ਹੈ, ਹੇ ਨਾਨਕ!॥੫੬॥

ਸਾਚੁ ਵਖਰੁ ਧਨੁ ਪਲੈ ਹੋਇ॥
ਆਪਿ ਤਰੈ ਤਾਰੇ ਭੀ ਸੋਇ॥
ਸਹਜਿ ਰਤਾ ਬੂਝੈ ਪਤਿ ਹੋਇ॥
ਤਾ ਕੀ ਕੀਮਤਿ ਕਰੈ ਨ ਕੋਇ॥
ਜਹ ਦੇਖਾ ਤਹ ਰਹਿਆ ਸਮਾਇ॥

(ਹ) (ਜੇ) ਸੱਚ ਰੂਪੀ ਮਾਲ ਪੱਲੇ ਹੋਵੇ ਤਾਂ ਆਪ ਤਰ ਜਾਏਗਾ (ਤੇ) ਉਹ (ਹੋਰਨਾਂ ਨੂੰ) ਬੀ ਤਾਰੇਗਾ। (ਸ) (ਸ਼ਬਦ ਵਿਚ ਜੋ) ਸਹਿਜ ਦੁਆਰਾ ਰਚਿਆ ਹੈ (ਉਹ ਤੱਤ ਨੂੰ) ਜਾਣ ਲੈਂਦਾ ਹੈ (ਉਸ ਦੀ) ਫਿਰ (ਇੰਨੀ) ਪਤ ਹੁੰਦੀ ਹੈ ਕਿ ਜਿਸ ਦੀ ਕੀਮਤ ਕੋਈ ਪਾ ਨਹੀਂ ਸਕਦਾ[2]।

ਨਾਨਕ! (ਐਉਂ) ਸੱਚ ਦੇ ਪ੍ਰੇਮ[3] ਦੁਆਰਾ ਹੀ (ਉਹ) ਪਾਰ ਹੋ ਜਾਂਦਾ ਹੈ (ਤੇ ਇਸੇ ਨਾਲ ਹੀ, ਮੈਂ ਨਿਜ ਅਨੁਭਵ ਦੱਸਦਾ ਹਾਂ ਕਿ) ਜਿੱਧਰ ਦੇਖਦਾ ਹਾਂ ਉਹ

੧. ਚਵਾਵੇ, ਚਵਾਉਣਾ-ਚੁਕਾ ਦੇਣਾ। ਭਾਵ ਦੂਰ ਕਰਨਾ। ਚਵਾਵੈ ਦਾ ਚਬਾਵੈ ਅਰਥ ਬੀ ਲਾਉਂਦੇ ਹਨ ਪਰ ਜਵਾਬ ਵਾਲੀ ਤੁਕ ਵਿਚ 'ਮਿਟੈ' ਪਿਆ ਹੈ ਜੋ ਚੁਕਾਉਣ ਦੇ ਅਰਥ ਦੀ ਪੁਸ਼ਟੀ ਕਰਦਾ ਹੈ।

੨. ਏਹ ਛੀ ਪ੍ਰਸ਼ਨ ਉੱਤਰ ਹਨ। ਕਈ ਖ੍ਯਾਲ ਕਰਦੇ ਹਨ ਕਿ 'ਜਮ ਦਰਿ ਬਾਧੇ......'ਤੇ 'ਬਿਨੁ ਸਬਦੇ.......' ਤੁਕਾਂ ਪ੍ਰਸ਼ਨ ਨਹੀਂ, ਐਉਂ ਚਾਰ ਰਹਿ ਜਾਂਦੇ ਹਨ।

੩. ਪਹਿਲੀ ਤੁਕ ਵਿਚ ਸੱਚ ਰੂਪੀ ਮਾਲ ਬੰਨ੍ਹਣ ਦਾ ਉਪਦੇਸ਼ ਕਰ ਆਏ ਹਨ, ਹੁਣ ਉਸ ਦਾ ਤ੍ਰੀਕਾ ਦੱਸਦੇ ਹਨ ਕਿ ਸੱਚ ਨਾਲ ਪ੍ਰੇਮ ਕਰਨਾ ਹੀ ਏਸ ਮਾਲ ਨੂੰ ਪੱਲੇ ਬੰਨ੍ਹਣਾ ਹੈ।

ਨਾਨਕ ਪਾਰਿ ਪਰੈ ਸਚ ਭਾਇ॥ ੫੭॥

(ਪਰਮੇਸ਼੍ਵਰ) ਓਧਰ ਹੀ ਸਮਾ ਰਿਹਾ (ਦਿੱਸਦਾ) ਹੈ॥੫੭॥

ਹੋਰ ਪ੍ਰਸ਼ਨ-

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥ ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ॥ ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ॥

(ੳ) ਜਿਸ (ਸ਼ਬਦ) ਨਾਲ ਭਵਜਲ (ਰੂਪੀ) ਸੰਸਾਰ ਤਰ ਜਾਈਏ (ਉਸ) ਸ੍ਰੇਸ਼ਟ ਸ਼ਬਦ ਦਾ ਵਾਸਾ ਕਿੱਥੇ ਕਹੀਦਾ ਹੈ? (ਅ) ਦਸਾਂ ਉਂਗਲਾਂ ਦੀ ਪੌਣ[1] ਕਹੀਦੀ ਹੈ ਉਸ ਦਾ ਆਧਾਰ ਕਿਹੜਾ ਹੈ? (ੲ) ਜੋ ਬੋਲਦਾ ਹੈ (ਤੇ ਜੋ) ਖੇਲਦਾ ਹੈ (ਉਹ ਮਨ) ਕੀਕੂੰ ਥਿਰ ਹੋਵੇ? (ਸ) (ਫੇਰ ਉਹ ਮਨ) ਅਲਖ (ਪਰਮਾਤਮਾ ਨੂੰ) ਕੀਕੂੰ ਲਖ ਲਵੇ?

ਪ੍ਰਸ਼ਨ ਕਰਤਾ ਹੁਣ ਸਿੱਧ ਮੰਡਲੀ ਦਾ ਸੁਆਮੀ ਹੈ, ਇਸ ਕਰਕੇ ਉਸ ਨੂੰ ਗੁਰੂ ਜੀ ਉੱਤਰ ਦੇਂਦੇ ਹਨ ਤੇ ਸਮੁੱਚਾ ਭਾਵ ਦੱਸ ਦੇਂਦੇ ਹਨ-

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ॥ ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ॥ ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ॥੫੮॥

ਹੇ ਸੁਆਮੀ! ਸੁਣ, ਨਾਨਕ ਸੱਚ ਆਖਦਾ ਹੈ (ਕਿ ਮੂਲਕ ਗੱਲ ਇਹ ਹੈ ਕਿ) ਅਪਣੇ ਮਨ ਨੂੰ ਸਮਝਾਵੇ (ਜੋ ਐਉਂ ਹੈ ਕਿ ਹਠ ਜੋਗ ਦੀ ਲੋੜ ਨਹੀਂ) ਗੁਰੂ ਦੁਆਰਾ (ਮਿਲੇ) ਸ਼ਬਦ ਨਾਲ ਹੀ) ਸੱਚ ਵਿਚ ਲਿਵ ਲਗ ਜਾਂਦੀ ਹੈ (ਤੇ ਹਉਂ ਨਾਲ ਕੀਤੇ ਅਪਣੇ ਸਾਧਨ ਤੇ ਕਰਮਾਂ ਤੋਂ ਟੇਕ ਚੁਕਾ ਕੇ 'ਵਾਹਿਗੁਰੂ ਪਰਨੇ ਹੋ' ਇਹ ਨਿਹਚਾ ਧਾਰੇ ਕਿ[2]) ਨਦਰ ਕਰ ਕੇ (ਉਹ ਅਪਣੇ) ਮਿਲਾਪ ਵਿਚ ਮੇਲ ਲਵੇ। (ਅਪਣੀ ਸਹਸ ਸਿਆਣਪ ਦੀ ਲੋੜ ਨਹੀਂ ਕਿਉਂਕਿ) ਉਹ ਆਪੇ ਦਾਨਾ ਹੈ, ਆਪੇ ਦੇਖਣਹਾਰ ਹੈ, (ਉਸ ਵਿਚ) ਸਮਾਈਦਾ ਹੈ (ਅਪਣੇ ਯਤਨ ਨਾਲ ਨਹੀਂ ਪਰ) ਪੂਰੇ ਭਾਗਾਂ ਨਾਲ॥੫੮॥

ਪਰ ਜਾਪਦਾ ਹੈ ਕਿ ਮੰਡਲੀ ਦੇ ਸੁਆਮੀ ਨੇ ਅਪਣੇ ਪ੍ਰਸ਼ਨਾਂ ਦਾ ਕ੍ਰਮ ਵਾਰ ਉੱਤਰ ਫੇਰ ਚਾਹਿਆ ਹੈ ਤਾਂ ਗੁਰੂ ਜੀ ਅਪਣਾ ਸਿੱਧਾਂਤ ਉਸ ਨੂੰ ਦੱਸਦੇ ਹਨ:-

ਸੋ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥

(ੳ) ਉਸ ਸ਼ਬਦ ਦਾ ਵਾਸਾ ਨਿਰੰਤਰ ਹੈ[3] (ਅਤੇ ਉਹ ਸੁਣਿਆ ਜਾਣਾ ਤਾਂ ਕੀਹ, ਮਨ ਤੋਂ ਬੀ) ਨਹੀਂ ਲਖਿਆ ਜਾ ਸਕਦਾ (ਫੇਰ ਉਹ ਐਸਾ ਵਜਾਪਕ ਤੇ ਜ਼ਾਹਰਾ ਜ਼ਹੂਰ ਹੈ ਕਿ) ਜਿੱਥੇ ਮੈਂ ਦੇਖਦਾ ਹਾਂ ਉਹ ਓਥੇ

---

੧. ਸੁਆਸ ਜਦ ਅੰਦਰ ਆਉਂਦਾ ਤੇ ਬਾਹਰ ਜਾਂਦਾ ਹੈ ਤਾਂ ਜੋਗੀਆਂ ਦੇ ਮਤ ਅਨੁਸਾਰ ੧੪ ਯਾ ਬਾਰਾਂ ਉਂਗਲ ਤਕ ਇਸ ਦੀ ਗਤੀ ਹੁੰਦੀ ਹੈ, ਇਹ ਮਿਣਤੀ ਅਵਸਥਾ ਭੇਦ ਤੇ ਸਾਧਨ ਨਾਲ ਘੱਟ ਵਧ ਜਾਂਦੀ ਹੈ।

੨. 'ਆਪੁ ਛੋਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥ (ਰਾਮ:ਮ:੩:ਅਨੰਦ-੨੧)

੩. ਸ਼ਬਦ ਇਕ ਦੇਸੀ ਯਾ ਸਰੀਰ ਦੇ ਕਿਸੇ ਇਕ ਅੰਗ ਵਿਚ ਹੀ ਅੰਤਰੇ ਵਾਲਾ ਵਾਸਾ ਨਹੀਂ ਰਖਦਾ, ਸਗੋਂ ਉਹ ਤੇ ਇਕ ਰਸ ਹੈ, ਭਾਵੇਂਹ ਕਿ ਦੇਸ਼ ਕਾਲ ਦੁਹਾਂ ਦੇ ਭੇਦ ਤੋਂ ਰਹਿਤ ਹੈ।

ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ॥ ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ॥ ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ॥ ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥ ੫੯॥

ਹੀ (ਦਿੱਸਦਾ) ਹੈ। (ਅ) ਪੌਣ ਦਾ ਵਾਸਾ ਤੇ ਸੁੰਨ ਦਾ ਨਿਵਾਸ ਉਹੋ ਕਲਾ ਰਹਿਤ ਤੇ ਕਲਾਧਰ ਹੈ (ਅਰਥਾਤ ਜੋ ਨਿਰਗੁਣ ਤੇ ਸਰਗੁਣ ਰੂਪ ਹੈ ਪਵਨ ਤੇ ਸੁੰਨ ਦਾ ਆਧਾਰ ਉਹੋ ਹੈ)[1]। (ੲ) ਜੇ ਮਿਹਰ਼ ਕਰੇ ਤੇ ਸਬਦ ਮਨ ਵਿਚ ਵਸ ਜਾਵੇ (ਤਾ ਉਹ ਮਨ) ਵਿਚੋਂ ਭਰਮਣ (ਭਟਕਣਾ) ਗੁਆ ਦੇਵੇਗਾ[2]। (ਤੇ) ਨਾਮ ਹੀ (ਜੇ) ਮਨ ਵਿਚ (ਜੀਵ) ਵਸਾਵੇ (ਤਾਂ ਇਸੇ ਨਾਲ ਹੀ) ਤਨ ਮਨ ਨਿਰਮਲ ਹੋ ਜਾਏਗਾ ਤੇ ਬਾਣੀ ਬੀ ਨਿਰਮਲ ਹੋ ਜਾਏਗਾ[3]। (ਸ) (ਐਉਂ) ਗੁਰੂ ਦੇ ਸ਼ਬਦ ਦੁਆਰਾ ਭਵਸਾਗਰ ਤਰ ਲਈਦਾ ਹੈ, (ਉਸੇ ਸ਼ਬਦ ਦੁਆਰਾ) ਏਥੇ ਓਥੇ (ਸਾਧਕ) ਇਕੋ (ਪਰਮਾਤਮਾ) ਨੂੰ ਜਾਣ ਲੈਂਦਾ ਹੈ, (ਜਿਸ ਦਾ ਕਿ) ਨਾ ਕੋਈ ਚਿੰਨ੍ਹ ਹੈ ਨਾ (ਕੋਈ) ਰੰਗ ਹੈ (ਨਾ ਉਸ ਵਿਚ) ਛਾਯਾ (ਅਗਜਾਨ) ਹੈ (ਨਾ ਉਸ ਵਿਚ) ਮਾਯਾ ਹੈ, (ਉਸ ਨੂੰ) ਸ਼ਬਦ (ਰੂਪ) ਵਿਚ ਪਛਾਣ ਲਵੇ, ਹੇ ਨਾਨਕ! ॥੫੯॥

ਸਿੱਧ ਨੇ ਪੁੱਛਿਆ ਸੀ ੧੦ ਉਂਗਲ ਪਵਨ ਦਾ ਆਧਾਰ ਕੌਣ ਹੈ। ਆਧਾਰ ਪਦ ਦੇ ਦੋ ਅਰਥ ਹਨ ਆਸਰਾ ਤੇ ਖੁਰਾਕ। ਆਸਰਾ ਪਿਛਲੇ ਅੰਕ ਵਿਚ ਦੱਸ ਦਿੱਤਾ ਹੈ ਕਿ ਅਕਲ ਕਲਾਧਰ ਹੈ। ਹੁਣ ਤ੍ਰੈ ਸਤ ਉਂਗਲ ਪਵਨ ਦਾ ਆਹਾਰ ਦੱਸਦੇ ਹਨ:-

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ॥

ਹੇ ਅਉਧੂ! ਦਸ ਅੰਗੁਲ ਹਵਾ ਦਾ (ਅਤੇ) ਸੁੰਨ ਦਾ ਆਹਾਰ ਸੱਚ ਹੈ[4] (ਪਰੰਤੂ ਹੇ ਅਉਧੂ! ਇਹਨਾਂ

---

੧. ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ। (ਗਉੜੀ ਸੁਖਮਨੀ)

੨. ਭਟਕਣ ਹਟਣ ਦਾ ਭਾਵ ਹੈ ਥਿਰ ਹੋ ਜਾਣਾ।

੩. ਮੈਲੇ ਮਨ ਨਾਲ ਏਕਾਗ੍ਰਤਾ ਆ ਜਾਣੀ ਮਾੜੀ ਸ਼ੈ ਹੈ, ਇਹ ਗੱਲ ਗੁਰੂ ਜੀ ਨਿਰੂਪਣ ਕਰ ਰਹੇ ਤੇ ਦੱਸ ਰਹੇ ਹਨ ਕਿ ਨਾਮ ਨਾਲ ਥਿਰ ਹੋਵੇਗਾ, ਪਰ ਨਾਲ ਹੀ ਮਨ ਨਿਰਮਲ ਹੋ ਜਾਏਗਾ, ਸਰੀਰ ਬੀ ਪਵਿੱਤ੍ਰ ਤੇ ਸ੍ਰੇਸ਼ਟਾਚਾਰੀ ਹੋ ਜਾਏਗਾ ਤੇ ਬਾਣੀ ਬੀ ਪਵਿੱਤ੍ਰ ਹੋ ਜਾਏਗੀ। ਯਥਾ:- ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥(ਵਡਹੰਸ ਮ:੩-੧)

੪. ਸਿਧ ਦਾ ਪ੍ਰਸ਼ਨ 'ਸਰੀਰ ਧਰਮ ਵਿੱਦਯਾ' ਦਾ ਹੈ, ਪਰ ਗੁਰੂ ਜੀ ਜੋ ਉੱਤਰ ਦੇ ਰਹੇ ਹਨ ਉਹ 'ਸਰੀਰ ਧਰਮ ਵਿੱਦਯਾ' ਤੇ 'ਦਾਰਸ਼ਨਿਕ ਵਿੱਦਯਾ' ਦੋਹਾਂ ਦੇ ਭਾਵ ਰਖਦਾ ਹੈ। ਦਾਰਸ਼ਨਿਕ ਭਾਵ ਇਹ ਹੈ ਕਿ ਸੁਆਸ ਪਰ ਸੁਆਸ ਵਿਚ ਚਲ ਰਹੀ ਹਵਾ ਤੇ ਅੰਦਰ ਆਪਣੇ ਟਿਕਾਣਿਆਂ ਤੇ ਵਜਪ ਰਹੀ ਸੁੰਨ ਨੂੰ ਸਤਯਾ ਦੇਣਹਾਰ 'ਸੱਚ' ਹੈ। ਇਉਂ ਨਹੀਂ ਕਿ ਹਵਾ ਸੁੰਨ ਦੇ ਆਸਰੇ ਹੈ ਤੇ ਸੁੰਨ ਅਣਹੋਂਦ ਹੈ, ਪਰ ਇਹ ਕਿ ਸੁੰਨ ਨੂੰ ਸੱਤਯਾ ਦੇਣਹਾਰ ਬੀ ਸੱਚ ਹੈ। (ਅ) 'ਸਰੀਰ-ਧਰਮ ਵਿਦਯਾ' ਅਨੁਸਾਰ ਭਾਵ ਐਉਂ ਹੈ:- ਦਸ ਉਂਗਲ ਪੌਣ ਦਾ ਆਧਾਰ ਹੈ ਸੁੰਨ ਸੱਚ। ਭਾਵ ਇਹ ਹੈ ਕਿ ਸੁਆਸ ਪਰ ਸੁਆਸ ਦੀ ਗਤੀ ਸੁੰਨ ਤੇ ਨਾ ਸੁੰਨ ਦੀ ਪਰਸਪਰ ਪ੍ਰਕ੍ਰਿਆ ਨਾਲ ਚੱਲ ਰਹੀ ਹੈ। ਸੁੰਨ ਦਾ ਮਤਲਬ ਹੈ Vacuum ਤੇ ਸੱਚ ਦਾ ਮਤਲਬ ਹੈ ਅਸਤਤ੍ਵ ਅਸਥਾਨ, ਅਸੁੰਨ।

ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥

ਅਫਰੋਈ ਗੱਲਾਂ ਵਿਚ ਕੀਹ ਪਿਆ ਹੈ?) ਗੁਰਮੁਖ (ਜਦ ਬੀ) ਬੋਲੇ (ਤਦ ਹੀ) ਤੱਤ ਵਿਰੋਲ ਲਵੇ (ਜੋ ਇਹ ਹੈ ਕਿ) ਅਲਖ ਤੇ ਅਪਾਰ ਨੂੰ ਪਛਾਣੇ। (ਅਲਖ ਅਪਾਰ ਦੀ ਪਛਾਣ ਦੇ ਅਗੇ ਹਉਂ ਹੰਕਾਰ ਦਾ ਪਰਦਾ ਹੈ ਸੋ ਜੋ) ਸ਼ਬਦ ਨੂੰ (ਅੰਦਰ) ਵਸਾਵੇ, ਤ੍ਰੈ ਗੁਣਾਂ ਨੂੰ ਮੇਟੇ, ਤਾਂ ਮਨ ਵਿਚੋਂ ਹੰਕਾਰ ਦੂਰ ਹੋ ਜਾਏਗਾ। (ਹਾਂ ਜੇ) ਨਾਮ ਵਿਚ ਪਯਾਰ ਲਗੇਗਾ ਤਾਂ (ਹੀ ਹਉਂ ਦੇ ਦੂਰ ਹੋ ਜਾਣ ਪਿੱਛੋਂ) ਅੰਦਰ ਬਾਹਰ ਇੱਕੋ ਨੂੰ ਪਛਾਣ ਸਕੇਗਾ। (ਹੇ ਅਉਧੂ! ਤੁਸੀਂ ਕਹਿੰਦੇ ਹੋ ਕਿ) ਜੇ (ਸਾਧਕ) ਸੁਖਮਨਾ ਇੜਾ ਪਿੰਗੁਲਾ ਨੂੰ ਸਮਝ ਲਵੇ (ਤਾਂ) ਅਲਖ ਨੂੰ ਆਪੇ ਲਖ ਲਏਗਾ, (ਪਰ ਅਸੀਂ ਕਹਿੰਦੇ ਹਾਂ ਕਿ) ਤਿੰਨਾਂ ਤੋਂ[1] ਉੱਪਰ ਸੱਚਾ (ਪਰਮੇਸ਼ੁਰ) ਹੈ (ਸੋ ਚਾਹੀਏ ਕਿ ਇਸ ਚੌਥੇ ਪਦ ਵਿਚ) ਸਮਾਵੇ ਜੋ ਸਤਿਗੁਰ ਦੇ ਸ਼ਬਦ ਦੁਆਰਾ (ਸਹਿਜੇ ਹੋ ਜਾਂਦਾ ਹੈ) ਹੇ ਨਾਨਕ! ॥੬੦॥

ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥
ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥

ਫੇਰ ਸਿੱਧ ਬੋਲਿਆ-

ਮਨ ਦਾ ਜੀਵਨ ਪੌਣ ਕਹੀਦੀ ਹੈ, (ਤੁਸੀਂ ਦੱਸੋ) ਪੌਣ ਕਿਸ ਰਸ ਨੂੰ ਖਾਂਦੀ ਹੈ, (ਭਾਵ ਕਿਸ ਆਧਾਰ ਤੇ ਹੈ)? ਹੇ ਅਉਧੂ! ਗਯਾਨ ਦੀ ਮੁਦ੍ਰਾ ਕਿਹੜੀ ਹੈ ਤੇ ਸਿੱਧ ਦੀ ਕਮਾਈ ਕੀਹ ਹੈ?

ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥

ਗੁਰੂ ਜੀ ਨੇ ਉੱਤਰ ਦਿਤਾ:-

ਹੇ ਅਵਧੂਤ! ਸ਼ਬਦ ਤੋਂ ਬਿਨਾਂ ਰਸ ਨਹੀਂ ਆਉਂਦਾ ਤੇ ਹਉਮੈ (ਤੇ) ਤ੍ਰਿਸ਼ਨਾ ਦੂਰ ਨਹੀਂ ਹੁੰਦੀ। ਸ਼ਬਦ ਵਿਚ ਰਚੇ ਜਾ ਕੇ (ਅਸਾਂ) ਅੰਮ੍ਰਿਤ ਦਾ ਸੁਆਦ ਪਾਇਆ ਹੈ ਤੇ ਸੱਚੇ (ਨਾਮ ਕਰਕੇ) ਤ੍ਰਿਪਤ ਹੋ ਰਹੇ ਹਾਂ[2]!

---

੧. ਇਸੇ ਅੰਕ ਵਿਚ ਪਹਿਲਾਂ ਤ੍ਰੈ ਗੁਣ ਤੇ ਹੁਣ ਤ੍ਰੈ ਨਾੜੀਆਂ ਕਰਕੇ ਤ੍ਰੈ ਦੀ ਗੇਣਤੀ ਆਈ ਹੈ। ਸੋ ਦੋਹਾਂ ਗੇਣਤੀਆਂ ਤੋਂ ਉੱਪਰ ਚੌਥੇ ਦਾ ਪਤਾ ਏਥੇ ਦਿੱਤਾ ਹੈ।

੨. ਭਾਵ ਗੁਰੂ ਜੀ ਦੱਸਦੇ ਹਨ ਕਿ ਦੋ ਮੂਲਕ ਚੀਜ਼ਾਂ ਅੰਦਰੋਂ ਦੂਰ ਨਹੀਂ ਹੁੰਦੀਆਂ, ਹਉਂ ਤੇ ਤ੍ਰਿਸ਼ਨਾ। ('ਹੰਕਾਰ ਤੇ ਕ੍ਰੋਧ' = 'ਹਉਮੈਂ'। ਲੋਭ, ਮੋਹ, ਕਾਮ' = 'ਤ੍ਰਿਸ਼ਨਾ')। ਜੇ ਸਰੀਰ ਬੰਧ ਤੇ ਮੁਦ੍ਰਾ ਆਦਿ ਲੈ ਕੇ ਤੁਸਾਂ ਪੌਣ ਰੋਕੀ ਤਾਂ ਤੁਸਾਂ ਇਸ ਪਯਾਸ ਨੂੰ ਮਾਰਨ ਦਾ ਯਤਨ ਤਾਂ ਕੀਤਾ, ਪਰ ਮਾਰਿਆਂ ਉਹ ਮਰਦੀ ਨਹੀਂ। ਸਾਡਾ ਤ੍ਰੀਕਾ ਉਸ ਨੂੰ ਮਾਰਨ ਦਾ ਨਹੀਂ, ਪਰ ਤ੍ਰਿਪਤ ਕਰਨੇ ਦਾ ਹੈ ਤੇ ਤ੍ਰਿਪਤ ਭੋਗਾਂ ਨਾਲ ਨਹੀਂ ਪਰ ਵਾਹਿਗੁਰੂ ਨੂੰ ਪਯਾਰ ਕਰਕੇ ਉਸ ਤੋਂ ਤ੍ਰਿਪਤ ਹੋਣ ਵਾਲੇ ਆਤਮ ਰਸ ਨਾਲ ਹੁੰਦੀ ਹੈ। ਇਸ ਦਾ ਤ੍ਰੀਕਾ ਨਾਮ ਹੈ ਜਿਸ ਨਾਲ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੇ ਮੇਲ ਨਾਲ☞

ਫੇਰ ਸਿੱਧ ਨੇ ਪੁੱਛਿਆ ਕਿ ਆਪ ਕਹਿੰਦੇ ਹੋ ਪ੍ਯਾਸ ਨੂੰ ਨਾ ਮਾਰ, ਇਸ ਨੂੰ ਤ੍ਰਿਪਤ ਕਰ। ਦੱਸੋ ਉਹ

**ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ॥**

ਕਿਹੜਾ ਭੋਜਨ ਹੈ (ਜਿਸ ਨਾਲ ਸਾਧਕ ਪੁਰਖ) ਤ੍ਰਿਪਤ ਹੋ ਜਾਵੇ? (ਫੇਰ ਤੁਸੀਂ ਅਕਲਪਤ ਮੁਦ੍ਰਾ ਵਾਲਾ ਗ੍ਯਾਨ ਕਹਿੰਦੇ ਹੋ, ਦੱਸੋ ਉਹ) ਕਿਹੜੀ ਬੁੱਧੀ (ਯਾ ਗ੍ਯਾਨ) ਹੈ ਜਿਸ ਨਾਲ (ਸਰੀਰ ਕਰਕੇ ਮਰੇ ਨਾ ਤੇ ਮਨ ਕਰਕੇ ਹਿੱਲੇ ਨਾ, ਦੁਹਾਂ ਤਰ੍ਹਾਂ) ਸਥਿਰ ਰਹੇ?

ਗੁਰੂ ਜੀ ਨੇ ਉੱਤਰ ਦਿੱਤਾ-

**ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ॥੬੧॥**

ਸਤਿਗੁਰ ਤੋਂ (ਬੁੱਧ ਸਿੱਖੇ ਐਸੀ ਕਿ ਜਿਸ ਨਾਲ) ਦੁਖ ਸੁਖ (ਇਸ ਨੂੰ) ਇਕ ਤੁੱਲ ਜਾਪਣ ਲੱਗ ਪਵੇ, (ਫੇਰ ਮਨ ਨਹੀਂ ਭਟਕੇਗਾ ਤੇ ਫੇਰ ਹੀ ਇਹ ਜਨਮ ਮਰਨ ਦੇ ਦੁਖ ਤੋਂ ਡਰੇਗਾ ਨਹੀਂ, ਐਉਂ ਇਸ ਨੂੰ) ਕਾਲ ਨਹੀਂ ਗ੍ਰਸੇਗਾ[1]॥੬੧॥

ਜਾਪਦਾ ਹੈ ਕਿ ਇਹ ਅਗਲਾ ਅੰਕ ਗੁਰੂ ਜੀ ਉਚਾਰ ਰਹੇ ਹਨ ਤੇ ਅਪਣੇ ਸਿਧਾਂਤ ਦੱਸ ਰਹੇ ਹਨ-

**ਰੰਗਿ ਨ ਰਾਤਾ ਰਸਿ ਨਹੀ ਮਾਤਾ॥ ਬਿਨੁ ਗੁਰ ਸਬਦੈ ਜਲਿ ਬਲਿ ਤਾਤਾ॥ ਬਿੰਦੁ ਨ ਰਾਖਿਆ ਸਬਦੁ ਨ ਭਾਖਿਆ॥**

(ਕਿ ਜਿੰਨਾ ਚਿਰ ਕੋਈ) ਭਗਤੀ[2] ਦੇ ਵਿਚ ਨਹੀਂ ਰਪਿਆ (ਉੱਨਾਂ ਚਿਰ ਉਹ) ਰਸ ਵਿਚ ਨਹੀਂ ਮੱਤਾ ਹੈ, (ਚਾਹੋ ਉਹ ਜੋਗ ਸਾਧਨਾਂ ਨਾਲ ਬ੍ਰਹਮ ਰੰਧ੍ਰ ਦੇ ਰਸ ਦਾ ਜਾਣੂ ਹੋਵੇ)। (ਤੁਸੀਂ ਵਾਯੂ ਸਾਧਨ ਦੇ ਸ਼ਬਦ ਆਦਿ ਤੋਂ ਠੰਢ ਪੈਂਦੀ ਸਮਝਦੇ ਹੋ ਪਰ) ਗੁਰੂ ਦੇ (ਬਖਸ਼ੇ) ਸ਼ਬਦ ਬਿਨਾਂ (ਠੰਢ ਨਹੀਂ ਪੈਂਦੀ, ਅੰਦਰਲਾ) ਜਲਦਾ ਬਲਦਾ ਤੱਤਾ ਹੀ ਰਹਿੰਦਾ ਹੈ। (ਜੇ ਕਿਸੇ) ਨਾਮ ਨਹੀਂ ਜਪਿਆ (ਉਸ ਨੇ) ਬਿੰਦ ਰਖਿਆ ਬੀ ਹੈ ਤਾਂ ਨਾ ਰੱਖੇ ਤੁੱਲ ਹੈ[3]। (ਜਿਸ ਨੇ) ਸੱਚ ਦੀ ਅਰਾਧਨਾ

---

੧. ਭਾਵ ਜਦ ਦੁਖ ਸੁਖ ਇਕ ਹੋ ਗਏ ਤਾਂ ਮਰਨ ਦਾ ਭੈ ਮਿਟ ਗਿਆ ਤੇ ਭੈ ਮਿਟੇ ਤੇ ਆਵਾਗਵਨ ਮਿਟ ਗਿਆ ਫੇਰ ਅਮਰ ਹੋ ਗਿਆ, ਕਾਲ ਆਪੇ ਦੂਰ ਹੋ ਗਿਆ। ਗੁਰੂ ਜੀ ਇਨਸਾਨ ਦੀ ਰੂਹ ਦੇ ਸਾਰੇ ਅਵਗੁਣਾਂ ਦੇ ਦੂਰ ਹੋ ਜਾਣ ਤੇ ਅਮਰਤਾ ਨੂੰ ਦੱਸ ਰਹੇ ਹਨ।

੨. ਰੰਗ=ਪ੍ਰੇਮ, ਭਗਤੀ।

੩. ਭਾਵ ਇਹ ਹੈ ਕਿ ਇਕ ਗ੍ਰਿਹਸਤੀ ਹੈ ਤੇ ਨਾਮ ਜਪਦਾ ਹੈ ਉਹ ਸ੍ਰੇਸ਼ਟ ਹੈ ਤੇ ਇਕ ਨਾਮ ਅਭਯਾਸੀ ਨਹੀਂ ਤੇ ਆਪੇ ਨੂੰ ਕੋਹ ਕੋਹ ਕੇ ਜਤੀ ਹੋ ਕੇ ਅਤੀਤ ਬੈਠਾ ਹੈ, ਉਹ ਉਸ ਤੋਂ ਸ੍ਰੇਸ਼ਟ ਨਹੀਂ। ਯਥਾ-ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥੬॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥੭॥(ਆਸਾ ਮ:੧ ਅਸਟ:-੧੪)।

☞ ਤ੍ਰਿਪਤ ਹੋ ਕੇ ਹਉਂ ਤੇ ਤ੍ਰਿਸ਼ਨਾ ਸੁਤੇ ਸ਼ਮਨ ਹੋ ਜਾਂਦੀਆਂ ਹਨ ਤੇ ਅੰਮ੍ਰਿਤ ਰਸ ਦਾ ਪਰਵਾਹ ਜਾਰੀ ਹੋ ਜਾਂਦਾ ਹੈ। ਐਸਾ ਪੁਰਖ ਸਿੱਧ ਹੈ, ਇਹੋ ਉਸ ਦੀ ਕਮਾਈ ਹੈ ਤੇ ਇਹੋ ਗ੍ਯਾਨ ਹੈ, ਤੇ ਇਹੋ ਸੱਚੇ ਵਿਚ ਰਹਿਣ ਦੀ ਉਸ ਦੀ ਅਕਲਪਤ ਮੁਦ੍ਰਾ ਅਸੀਂ ਦੱਸ ਆਏ ਹਾਂ।

**ਪਵਨੁ ਨ ਸਾਧਿਆ ਸਚੁ ਨ ਅਰਾਧਿਆ॥**

ਨਹੀਂ ਕੀਤੀ (ਉਸ ਨੇ ਪ੍ਰਾਣਾਯਾਮ ਆਦਿ ਕਰਕੇ ਜੋ (ਪਵਨ (ਸਾਧ ਲਈ ਹੈ ਤਾਂ ਉਹ) ਨਾ ਸਾਧੇ ਵਰਗੀ ਹੈ[੧]!

ਤੁਸੀਂ ਤਿੰਨਾਂ ਗੁਣਾਂ ਦੀ ਸਮਾਨ ਅਵਸਥਾ ਵਿਚ ਲਿਵਲੀਨਤਾ ਨੂੰ ਸਮ ਅਵਸਥਾ ਸਮਝਦੇ ਹੋ, ਪਰ ਅਸਲ 'ਸਾਮਜ ਅਵਸਥਾ' ਉਹ ਹੈ ਜੋ ਤਿੰਨਾਂ ਗੁਣਾਂ ਤੋਂ ਉੱਪਰ ਪਰਮਾਤਮਾ ਦੀ ਪ੍ਰਾਪਤੀ ਤੋਂ ਮਿਲਦੀ ਹੈ ਸੋ ਜੇ ਕੋਈ ਉਸ-

**ਅਕਥ ਕਥਾ ਲੇ ਸਮ ਕਰਿ ਰਹੈ॥ ਤਉ ਨਾਨਕ ਆਤਮ ਰਾਮ ਕਉ ਲਹੈ॥੬੨॥**

ਅਕੱਥ ਦੀ ਕਥਾ ਨੂੰ ਲੈ ਕੇ ਇਕ ਤੁਲਨਾ ਕਰਕੇ ਟਿਕੇ ਤਾਂ (ਉਸ ਨੂੰ ਨਾ ਕੇਵਲ ਸਮਤਾ ਪ੍ਰਾਪਤ ਹੋਵੇਗੀ ਸਗੋਂ ਸਰਬ ਸਮਤਾ ਵਾਲਾ) ਪਰਮਾਤਮਾ ਪ੍ਰਾਪਤ ਹੋ ਜਾਇਗਾ, ਹੇ ਨਾਨਕ! ॥੬੨॥

ਸਮੁੱਚੀ ਗੱਲ ਕਹਿ ਕੇ ਹੁਣ ਅਪਣੀ ਕਹੀ ਇਕ ਇਕ ਬਾਤ ਦੀ ਪ੍ਰਾਪਤੀ ਸੰਬੰਧੀ ਕੁਛ ਜ਼ਿਕਰ ਕਰਦੇ ਹਨ-

**ਗੁਰ ਪਰਸਾਦੀ ਰੰਗੇ ਰਾਤਾ॥ ਅੰਮ੍ਰਿਤੁ ਪੀਆ ਸਾਚੇ ਮਾਤਾ॥ ਗੁਰ ਵੀਚਾਰੀ ਅਗਨਿ ਨਿਵਾਰੀ॥ ਅਪਿਉ ਪੀਓ ਆਤਮ ਸੁਖੁ ਧਾਰੀ॥ ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ॥ ਨਾਨਕ ਬੂਝੈ ਕੋ ਵੀਚਾਰੀ॥ ੬੩॥**

ਗੁਰੂ ਦੀ ਮਿਹਰ ਨਾਲ ਜਦੋਂ (ਇਹ ਜੀਵ) ਭਗਤੀ (ਦੇ ਰੰਗ) ਵਿਚ ਰੰਗਿਆ ਜਾਂਦਾ ਹੈ (ਤਦੋਂ) ਅੰਮ੍ਰਿਤ ਪੀਂਦਾ ਹੈ ਤੇ ਸੱਚੇ ਵਿਚ ਮਗਨ ਹੋ ਜਾਂਦਾ ਹੈ। ਗੁਰੂ ਦੇ ਗਯਾਨ ਨਾਲ ਅਗਨੀ[੨] ਦੂਰ ਹੋ ਜਾਂਦੀ ਹੈ, ਅੰਮ੍ਰਿਤ ਪੀਤਾ ਜਾਂਦਾ ਹੈ (ਤੇ) ਆਤਮ ਸੁਖ ਧਾਰਿਆ ਜਾਂਦਾ ਹੈ। (ਜੋ) ਸੱਚ ਨੂੰ ਅਰਾਧ ਲੈਂਦਾ ਹੈ ਉਹ ਗੁਰਮੁਖ (ਹੋ ਜਾਂਦਾ ਹੈ, ਉਹ ਆਪ) ਤਰਨਹਾਰ (ਤੇ ਦੂਸਰਿਆਂ ਨੂੰ) ਤਾਰਨਹਾਰ ਹੋ ਜਾਂਦਾ ਹੈ। ਪਰ ਕੋਈ ਗਯਾਨਵਾਨ (ਹੀ ਇਸ ਭੇਤ ਨੂੰ) ਸਮਝ ਸਕਦਾ ਹੈ[੩] ਹੇ ਨਾਨਕ! ॥੬੩॥

ਸਿੱਧ ਦੇ ਹੋਰ ਪ੍ਰਸ਼ਨ-

**ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ॥ ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ॥**

(ੳ) ਇਹ ਮਨ (ਜੋ) ਹਾਥੀ (ਵਾਂਙੂ ਮਸਤ ਹੈ) ਕਿੱਥੇ ਵਸਦਾ ਹੈ? (ਅ) ਇਹ ਪਵਨ ਕਿੱਥੇ ਵੱਸਦੀ ਹੈ? (ੲ) ਹੇ ਅਉਧੂਤ! ਉਹ ਸ਼ਬਦ ਕਿੱਥੇ ਵੱਸਦਾ ਹੈ? (ਸ) ਮਨ ਦਾ ਭ੍ਰਮਣ (ਜਿਸ ਕਰਕੇ) ਮਿਟ ਜਾਵੇ ਉਸ ਨੂੰ (ਬੀ ਕਹੁ)।

---

੧. ਰੇਚਕ ਕੁੰਭਕ ਪੂਰਕ ਮਨ ਹਾਠੀ॥ ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥(ਮਾਰੂ ਸੋ:ਮ:੧-੧੪)।

੨. 'ਪੰਚ ਅਗਨਿ ਤਿਤੁ ਲਾਗਿ ਰਹੀ' ਇਹ ਅੱਗ ਸ਼ਮਨ ਹੁੰਦੀ ਹੈ।

੩. ਇਸ ਵਿਚ ਬੁੱਝਣ ਵਾਲੀ ਗੱਲ ਇਹ ਜਾਪਦੀ ਹੈ ਕਿ ਜੋਗੀ ਤੇ ਗੁਰਮੁਖ ਦਾ ਵਿਤ੍ਰੇਕ ਦੱਸ ਰਹੇ ਹਨ, ਕਿ ਅਲੱਗ ਬੈਠਾ ਹਠ ਜੋਗੀ ਜਦ ਮੁਕੰਮਲ ਹੋਵੇਗਾ ਤਾਂ ਆਪੇ ਵਿਚ ਲੀਨ ਹੋ ਕੇ ਅਪਣੇ ਧ੍ਰਵੇ ਅਨੁਸਾਰ ਸਿਰੇ ਚੜ੍ਹੇਗਾ। ਪਰ ਗੁਰਮੁਖ ਅਲੱਗ ਨਹੀਂ ਬੈਠਾ, ਓਹ ਵਿੱਚੇ ਰਹਿ ਕੇ ਆਪ ਤਰ ਰਿਹਾ ਤੇ ਹੋਰਨਾਂ ਨੂੰ ਭਉਜਲ ਤੋਂ ਤਾਰ ਰਿਹਾ ਹੈ। ਗੁਰਮਤ ਵਿਚ ਗੁਰਮੁਖ ਲਈ ਤਾਰਨਾ ਆਵਸ਼ਜਕ ਹੈ- 'ਗੁਰਮੁਖਿ ਤਾਰੇ ਪਾਰਿ ਉਤਾਰੇ'(ਸਿਧ ਗੋ:ਮ:੧-੩੧) ਪਿਛੇ ਕਹਿ ਆਏ ਹਨ।


www.sikhbookclub.com

ਗੁਰੂ ਸਾਹਿਬ (ਸ) ਉੱਤਰ ਪਹਿਲੋਂ ਦੇਂਦੇ ਹਨ-

**ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਇ॥ ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ॥**

(ਸ) (ਕਰਤਾ ਪੁਰਖ) ਮਿਹਰ ਕਰੇ ਤਾਂ ਸਤਿਗੁਰ ਮੇਲ ਦੇਂਦਾ ਹੈ ਤਦ ਇਹ ਮਨ ਅਪਣੇ ਘਰ ਵਿਚ ਵਾਸਾ ਪਾਉਂਦਾ ਹੈ, (ਉਹ ਐਉਂ ਕਿ ਸਤਿਗੁਰ ਉਸ ਨੂੰ ਨਾਮ ਅਭਯਾਸ ਦੱਸਦਾ ਹੈ ਜਿਸ ਨਾਲ ਸਾਧਕ ਇਸ) ਦੌੜਨਹਾਰ ਨੂੰ ਹੋੜ ਹੋੜ ਰੱਖਦਾ ਹੈ (ਭਾਵ ਏਕਾਗਰ ਹੁੰਦਾ ਹੈ ਤੇ) ਆਪ ਹੀ ਆਪੇ ਨੂੰ ਖਾਕੇ (ਭਾਵ ਹਉਮੈਂ ਘਟ ਘਟ ਕੇ) ਨਿਰਮਲ ਹੋ ਜਾਂਦਾ ਹੈ[1]।

ਕਿਸੇ ਕਾਹਲੇਂ ਯੋਗੀ ਨੇ ਉੱਤਰ ਮੁੱਕਣ ਤੋਂ ਪਹਿਲਾਂ ਹੋਰ ਪ੍ਰਸ਼ਨ ਕਰ ਦਿੱਤੇ ਜਾਪਦੇ ਹਨ-

**ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ॥**

(ਹ) ਕੀਕੂੰ ਮੂਲ ਨੂੰ ਪਛਾਣੇ? (ਕ) (ਕਿਵੇਂ) ਆਤਮਾ ਨੂੰ ਜਾਣ ਲਵੇ? (ਖ) ਚੰਦਰਮਾ ਦੇ ਘਰ ਵਿਚ ਸੂਰਜ ਨੂੰ ਕੀਕੂੰ ਸਮਾ ਲਵੇ (ਭਾਵ, ਹਠ ਯੋਗ ਕਿਸ ਤਰ੍ਹਾਂ ਸੰਪੂਰਨ ਸਿਧ ਕਰੇ[2])।

ਹੁਣ ਗੁਰੂ ਜੀ ਉੱਤਰ ਦੇਂਦੇ ਹਨ, ਪਹਿਲਾਂ ਆਖੀਰਲੇ (ਖ) ਦਾ ਉੱਤਰ ਹੈ:-

**ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਿਜ ਸਮਾਵੈ॥੬੪॥**

(ਖ) ਗੁਰੂਦੁਆਰੇ ਰਿਦੇ ਵਿਚੋਂ ਹਉਮੈ ਦੂਰ ਕਰੇ ਤਦ ਸਹਿਜ (ਪਦ ਵਿਚ) ਸਮਾ ਜਾਂਦਾ ਹੈ, ਹੇ ਨਾਨਕ[3]!

ਪਹਿਲੇ ਪ੍ਰਸ਼ਨਾਂ ਦੇ ਉੱਤਰ-

(ੳ) ਇਹ ਨਿਸ਼ਚਲ ਮਨ ਹਿਰਦੇ[4] ਵਿਚ ਵੱਸਦਾ

---

੧. ਆਪ ਸੇਤੀ ਆਪੁ ਖਾਇਆ ਤਾਂ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਾਈ॥ (ਗੂਜਰੀ ਮ:੩-੧) ਪੁਨਾ-ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥(ਬਿਲਾ:ਮ:੪:ਅਸ਼ਟ-੧)। ਇਸ ਵਿਚ ਕਾਵ੍ਯ ਧ੍ਵਨੀ ਇਹ ਹੈ ਕਿ ਮਨ ਦੌੜਦਾ ਸੀ ਭੋਗਾਂ ਵਲ ਮਾਨੋਂ ਦ੍ਰਿਸ਼ਟਮਾਨ ਦੇ ਪਦਾਰਥਾਂ ਨੂੰ ਖਾਣ ਵਾਸਤੇ। ਜਦ ਓਧਰ ਦੌੜਦੇ ਨੂੰ ਰੋਕਿਆ ਤਾਂ ਨਾਮ ਦੇ ਜ਼ੋਰ ਕਰਕੇ ਇਸ ਨੂੰ ਖਾਣ ਵਾਸਤੇ ਆਪਾ ਮਿਲ ਗਿਆ। ਜਦ ਆਪਾ ਖਾਧਾ ਗਿਆ ਤਾਂ ਨਿਰਮਲ ਹੋ ਗਿਆ! ਨਿਰਮਲ ਹੋਏ ਨੂੰ ਫੇਰ ਸਿਆਣ ਆ ਗਈ ਕਿ ਮੈਂ ਤਾਂ ਜੋਤ ਸਰੂਪ ਹਾਂ,'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥' (ਆਸਾ ਮ:੩-੫)।

੨. ਹਠ ਯੋਗ ਦੇ ਮਾਰਗ ਵਿਚ 'ਸੂਰਜ ਚੰਦ' ਇਕ ਤੋਂ ਵਧੀਕ ਭਾਵਾਂ ਵਿਚ ਵਰਤੀਂਦਾ ਹੈ। ਯਥਾ-੧. ਸੂਰਜ=ਪ੍ਰਾਣ ਵਾਯੂ। ਚੰਦ=ਅਪਾਨ ਵਾਯੂ। ਦੋਹਾਂ ਦਾ ਸੰਮੇਲਨ ਕਰਨਾ ਹਠ ਯੋਗ ਕਰਨਾ! ਪਦ 'ਹਠ ਯੋਗ' ਦਾ ਭੀ 'ਹ=ਸੂਰਜ, ਠ=ਚੰਦ' ਅਰਥ ਕਰਦੇ ਹਨ। ੨. ਸਹੱਸਰ ਦਲ ਕਮਲ ਵਿਚ ਚੰਦ ਹੈ ਜਿਸ ਤੋਂ ਅੰਮ੍ਰਿਤ ਸ੍ਰਵਦਾ ਹੈ। ਮੂਲਾਧਾਰ ਵਿਚ ਸੂਰਜ ਹੈ ਜੋ ਇਸ ਅੰਮ੍ਰਿਤ ਨੂੰ ਸੁਕਾਈ ਜਾਂਦਾ ਹੈ। ਇਹ ਬੁਢਾਪੇ ਤੇ ਮੌਤ ਦਾ ਕਾਰਣ ਬਣਦਾ ਹੈ। ੩. ਚੰਦ=ਇੜਾ ਨਾੜੀ, ਸੂਰਜ=ਪਿੰਗਲਾ ਨਾੜੀ!

੩. ਸਭ ਤੋਂ ਉੱਚ ਸਹਜ ਪਦ ਹੈ। ਇਸ ਕਰ ਕੇ ਉਸ ਦਾ ਰਸਤਾ ਜੋ ਹਠ ਯੋਗ ਬਿਨਾ ਹੀ ਹੋ ਸਕਦਾ ਹੈ ਪਹਿਲਾ ਸਮੁੱਚੇ ਉੱਤਰ ਵਜੋਂ ਦੱਸਦੇ ਹਨ।

੪. ਹਿਰਦਯ ਦਾ ਅਰਥ ਉਹ ਅੰਦਰਲਾ ਹੈ ਜਿਸ ਵਿਚ ਬੋਧ ਅਨੁਭਵ ਤੇ ਪ੍ਰਤੀਤੀ ਦਾ ਨਿਵਾਸ ਹੈ। Heart is the seat of the faculty of thought and feeling.

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥ ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥ ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥੬੫॥

ਹੈ[1] (ਤੇ) ਗੁਰੂ ਦੁਆਰਾ (ਇਹ ਨਿਹਚਲ ਮਨ) ਮੂਲ ਨੂੰ ਪਛਾਣ ਕੇ ਟਿਕ ਜਾਂਦਾ ਹੈ। (ਅ) ਪੌਣ ਨਾਭਿ ਦੇ ਘਰ ਵਿਚ ਆਸਣ ਤੇ ਬੈਠਾ ਹੈ[2]। (ੲ) ਗੁਰੂ ਦੁਆਰੇ ਖੋਜ ਕੇ (ਆਤਮ) ਤੱਤ ਨੂੰ ਲਖ ਲਵੇ। ਉਹ ਸ਼ਬਦ ਨਿਰੰਤਰ ਹੈ, ਅਪਣੇ ਸਰੂਪ ਵਿਚ ਹੈ, ਉਸ ਸ਼ਬਦ ਦੁਆਰਾ ਤਿੰਨਾਂ ਭਵਨਾਂ ਦੀ ਜੋਤਿ (ਪਰਮੇਸ਼ੁਰ) ਨੂੰ ਲਖੇ।

ਸੱਚੇ ਦੀ (ਜੋ) ਭੁੱਖ ਹੈ (ਸੋ) ਦੁਖਾਂ ਨੂੰ ਖਾ ਜਾਂਦੀ ਹੈ[3], (ਫਿਰ) ਸੱਚੇ (ਨਾਮ) ਨਾਲ ਹੀ ਤ੍ਰਿਪਤ ਹੋਇਆ ਰਹਿੰਦਾ ਹੈ। ਅਨਹਦ ਬਾਣੀ (ਜੋ) ਗੁਰਮੁਖ ਨੇ ਜਾਣੀ ਹੈ ਵਿਰਲਾ ਕੋਈ (ਉਸ ਦਾ) ਅਰਥ ਕਰ ਸਕਦਾ ਹੈ ਕਿ ਜੋ ਸੱਚ (ਸੱਚ ਸਰੂਪ ਨਾਮ) ਨੂੰ ਉਚਾਰੇ ਤੇ ਜੋ ਸੱਚ ਵਿਚ ਰੰਗਿਆ ਜਾਵੇ (ਉਸ ਦਾ) ਰੰਗ ਕਦੇ ਦੂਰ ਨਹੀਂ ਹੋਵੇਗਾ, ਹੇ ਨਾਨਕ! ॥੬੫॥

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ॥

ਹੋਰ ਪ੍ਰਸ਼ਨ-

(ੳ) ਜੇ ਇਹ ਦੇਹੀ ਤੇ ਹਿਰਦਾ ਨਾ ਹੁੰਦਾ ਤਾਂ ਮਨ ਕਿੱਥੇ ਰਹਿੰਦਾ?

(ਅ) ਨਾਭਿ ਕਮਲ ਦਾ ਆਸਰਾ ਜੇ ਨਾ ਹੋਵੇ ਤਾਂ ਪੌਣ ਕਿਹੜੇ ਘਰ ਵਿਚ ਸਹਾਰਿਆ ਜਾਂਦਾ ਹੈ?

(ੲ) ਜੇ ਰੂਪ ਨਾ ਹੁੰਦਾ ਸੀ, ਕੋਈ ਰੇਖ ਨਾ ਸੀ (ਹੁੰਦੀ) ਤਾਂ ਸ਼ਬਦ ਨੇ ਕਿੱਥੇ ਲਿਵ ਲਾਈ ਸੀ? (ਭਾਵ ਲੀਨ ਸੀ)।

(ਸ) ਰਕਤ ਬਿੰਦ ਦੀ ਮੜ੍ਹੀ (ਇਹ ਦੇਹ ਜਿਸ ਦੀ) ਮਿਤ ਤੇ ਕੀਮਤਿ ਨਹੀਂ ਪਾਈ ਜਾ ਸਕਦੀ, ਨਹੀਂ ਸੀ (ਤਾਂ ਕੀਹ ਸੀ?)

੧. ਨਿਸ਼ਚਲ ਹੋਇਆ ਹੋਇਆ ਮਨ ਹਿਰਦੇ ਵਿਚ ਵਸਦਾ ਹੈ ਤੇ ਗੁਰੂ ਦੁਆਰਾ ਮੂਲ ਪਛਾਣ ਲੈਂਦਾ ਹੈ। ਭਾਵ, ਜੋ ਮਨ ਨਿਸ਼ਚਲ ਨਹੀਂ ਹੋਇਆ ਉਹ ਬਦਮਸਤ ਹਾਥੀ ਵਾਕਣ ਬੇਠਿਕਾਣਾ ਇੰਦ੍ਰੀਆਂ ਤੇ ਵਿਸ਼ਿਆਂ ਵਲ ਚਾਰੋਂ ਪਾਸੇ ਦੌੜਦਾ ਰਹਿੰਦਾ ਹੈ, ਹਿਰਦੇ ਵਿਚ ਟਿਕਾਉ ਕੇਵਲ ਓਦੋਂ ਹੀ ਹੁੰਦਾ ਹੈ ਜਦੋਂ ਨਿਸਚਲਤਾ ਪ੍ਰਾਪਤ ਕਰ ਲਵੇ।

੨. 'ਸਰੀਰ ਧਰਮ ਵਿਦਯਾ' ਅਨੁਸਾਰ ਬੀ ਪਵਨ ਸੰਚਾਲਨ ਕਲਾ ਦਾ ਕੇਂਦਰ ਨਾਭਿ ਦੇ ਲਾਗੇ ਦਾ 'ਸਨਾਯੂ ਚੱਕਰ' ਹੈ।

੩. ਸਾਚੇ ਨਾਮ ਕੀ ਲਾਗੈ ਭੂਖ॥ ਤਿਤੁ ਭੂਖੈ ਖਾਇ ਚਲੀਅਹਿ ਦੂਖ। (ਆਸਾ:ਮ:੧:-੨) ਪੁਨਾ:- ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ। (ਗਉ:ਸੁਖਮਨੀ-੩/੫)

ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ॥

(ਹ) ਉਸ ਦੇ ਵਰਨ ਭੇਖ ਤੇ ਰੂਪ ਦਾ ਪਤਾ ਨਹੀਂ ਲਗਦਾ (ਫਿਰ ਉਸ) ਸੱਚੇ ਦਾ ਪਤਾ ਕੀਕੂੰ ਲੱਗੇ? ਗੁਰੂ ਜੀ ਦਾ ਉੱਤਰ-

ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ॥੬੬॥

(ਹ) ਹੇ ਵੈਰਾਗੀ! ਜੋ ਨਾਮ ਵਿਚ ਰੱਤੇ ਹਨ (ਉਨ੍ਹਾਂ ਨੂੰ ਇਬ ਤਬ=) ਲੋਕ ਪ੍ਰਲੋਕ (ਸਭ ਥਾਂਈਂ) ਸੱਚਾ ਹੀ ਸੱਚਾ (ਪਰਮੇਸ਼ੁਰ ਦਰਸ ਦੇ ਰਿਹਾ ਹੈ[1])॥੬੬॥

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ॥

(ੳ) ਹੇ ਅਵਧੂਤ! ਜੇ ਦੇਹ ਤੇ ਹਿਰਦਾ ਨਾ ਹੋਵੇ ਤਾਂ ਵੈਰਾਗੀ ਮਨ ਸੁੰਨ ਵਿਚ ਰਹਿੰਦਾ ਹੈ[2],

ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥

(ਅ) ਜੇ ਨਾਭਿ ਕਮਲ ਦਾ ਆਸਰਾ ਨਾ ਹੋਵੇ ਤਾ ਵੈਰਾਗਵਾਨ ਦੇ ਪ੍ਰਾਣ[3] ਆਪਣੇ ਤੱਤ ਸਰੂਪ ਵਿਚ (ਜਾ) ਵੱਸਦੇ ਹਨ[4]।

ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥

(ੲ) ਜਾਂ ਰੂਪ ਰੇਖ ਤੇ ਜਾਤਿ ਨਾ ਸੀ ਹੈਗੀ ਤਾਂ ਸ਼ਬਦ ਤੱਤ ਰੂਪ (ਹੋ ਕੇ), ਪ੍ਰਪੰਚ ਰਹਿਤ[5] (ਪਰਮਾਤਮਾ) ਵਿਚ ਰਹਿੰਦਾ ਸੀ।

ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ॥

(ਸ) ਜਦੋਂ ਪ੍ਰਿਥਵੀ[6] ਤੇ ਅਕਾਸ਼ ਨਹੀਂ ਸਨ, ਤਦੋਂ ਤ੍ਰਿਭਵਣ ਜੋਤੀ (ਪਰਮਾਤਮਾ ਕੇਵਲ) ਆਪ ਹੀ ਸੀ (ਤੇ) ਨਿਰਾਕਾਰ ਸੀ[7]।

ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ॥

(ਹ) ਉਸ ਦਾ ਵਰਨ ਭੇਖ ਤੇ ਰੂਪ ਇਕ ਹੀ ਹੈ ਤੇ ਉਹ ਇਕੋ ਸ਼ਬਦ (ਨਾਮ) ਹੀ ਹੈ, (ਪਰ ਇਹ ਗੱਲ) ਅਸਚਰਜ ਹੈ!

---

੧. ਇਸ ਉੱਤਰ ਦੀ ਬਾਕੀ ਵਿਆਖਿਆ ਅਗਲੇ ਅੰਕ ਦੀਆਂ ਅਖੀਰਲੀਆਂ ਤੁਕਾਂ ਵਿਚ ਹੈ।

੨. ਭਾਵ, ਪ੍ਰਸ਼ਨ ਵਿਦੇਹ ਮਨ ਦਾ ਦੇਸ਼ ਵਿਚ ਟਿਕਾਣਾ ਪੁੱਛਣ ਦਾ ਹੈ। ਗੁਰੂ ਜੀ ਦਾ ਉੱਤਰ ਇਹ ਹੈ ਕਿ ਸ਼ੁੱਧ ਮਨ ਅਦੇਸ਼ ਵਿਚ ਰਹਿੰਦਾ ਹੈ। ਉਸ ਦਾ ਦੇਸ਼ ਵਿਚ ਟਿਕਾਣਾ ਕੀਹ ਦੱਸੀਏ।

੩. ਪਵਨ-ਪ੍ਰਾਣ।

੪ ਪ੍ਰਾਣਾਂ ਦਾ ਨਿਜ ਘਰ (ਅਪਣਾ ਤਤ੍ਵ) ਵਾਯੂ ਹੈ! ਬੀਤਰਾਗ ਦੇ ਪ੍ਰਾਣ ਕਿਤੇ ਨਹੀਂ ਜਾਂਦੇ ਵਿਚੇ ਹੀ ਲੀਨ ਹੋ ਜਾਂਦੇ ਹਨ। ਅਨ+ਰਾਗੀ=ਜਿਸ ਵਿਚ ਰਾਗ ਨਹੀਂ ਰਿਹਾ। ਬੈਰਾਗੀ=ਬੀਤ ਰਾਗ।

੫. ਅਕੁਲੀਨ=ਜਿਸ ਦੀ ਕੋਈ ਕੁਲ ਨਾ ਹੋਵੇ। ਉਹ ਅਵਸਥਾ ਜਦੋਂ ਅਜੇ ਜਗਤ ਰਚਨਾ ਨਹੀਂ ਹੋਈ।

੬. ਜਿਸ ਦੇ ਉਤੇ ਗਮਨ (ਗਉਨ) ਹੋਵੇ ਸੋ ਗਉਨੁ=ਪ੍ਰਿਥਵੀ।

੭. (ਅ) (ਪ੍ਰਸ਼ਨ-) ਜਦੋਂ ਰਕਤ ਤੇ ਬਿੰਦ ਦੀ ਦੇਹ ਨਹੀਂ ਸੀ ਤਦੋਂ (ਤ੍ਰਿਭਵਣ ਜੋਤੀ ਦੀ) ਮਿਤ ਤੇ ਕੀਮਤ (ਤਾਂ) ਪੈਂਦੀ (ਹੀ) ਨਹੀਂ ਹੋਣੀ, (ਕਿਉਂਕਿ ਪਾਉਣ ਵਾਲਾ ਜੋ ਕੋਈ ਨਹੀਂ ਸੀ)। (ਉੱਤਰ-) ਜਦੋਂ (ਸਰੀਰ ਤਾਂ ਕੀਹ) ਧਰਤੀ ਤੇ ਅਕਾਸ਼ (ਸਣੇ ਸਾਰੀ ਵਸੋਂ ਦੇ) ਨਹੀਂ ਸਨ ਤਦੋਂ 'ਤ੍ਰਿਭਵਣ ਜੋਤੀ' ਨਿਰੰਕਾਰ ਸੀ (ਤੇ ਉਹ ਅਪਣੀ ਮਿਤ ਕੀਮਤ) ਆਪੇ (ਜਾਣਦਾ ਸੀ)। ਯਥਾ-ਤੇਰੀ ਗਤਿ ਮਿਤਿ ਤੂਹੈ ਜਾਣਹਿ। (ਸੂਹੀ:ਮ:੫-੫੩)

ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥

(ਪੱਕ ਜਾਣੋ ਕਿ) ਸੱਚ ਤੋਂ ਬਿਨਾਂ (ਕਿਸੇ ਹੀ ਹੋਰ (ਕ੍ਰਿਯਾ ਨਾਲ) ਸੁੱਚਾ ਕੋਈ ਨਹੀਂ ਹੁੰਦਾ। (ਪਰ ਇਹ) ਕਥਾ ਨਾ ਕਥੀ ਜਾ ਸਕਣ ਵਾਲੀ ਹੈ, ਹੇ ਨਾਨਕ! ॥੬੭॥

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥

ਹੋਰ ਪ੍ਰਸ਼ਨ-

ਹੇ ਪੁਰਖ ਜੀ। ਕਿਸ ਕਿਸ ਬਿਧਿ ਨਾਲ ਜਗਤ ਉਪਜਦਾ ਹੈ (ਤੇ) ਕਿਸ ਕਿਸ ਦੁੱਖ ਨਾਲ ਬਿਨਸ ਜਾਂਦਾ ਹੈ?

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥

ਉੱਤਰ-

ਹੇ ਪੁਰਖ ਜੀ! ਹਉਮੈ ਵਿਚ ਜਗਤ ਉਪਜਦਾ ਹੈ (ਤੇ) ਨਾਮ ਵਿਸਰ ਜਾਣ ਕਰਕੇ (ਜਗਤ) ਦੁੱਖ ਪਾਉਂਦਾ ਹੈ।

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥

(ਕਲਜਾਨ ਇਸ ਤਰ੍ਹਾਂ ਹੈ ਕਿ ਜੀਵ) ਗੁਰਮੁਖ ਹੋ ਜਾਵੇ, ਉਹ ਤੱਤ ਗਿਆਨ ਦਾ ਵੀਚਾਰ ਕਰੇ, (ਤੇ) ਹਉਮੈ ਨੂੰ ਨਾਮ (ਅਭਯਾਸ) ਦੁਆਰਾ ਸਾੜ ਦੇਵੇ। (ਐਉਂ ਉਸ ਦਾ) ਤਨ ਤੇ ਮਨ ਨਿਰਮਲ ਹੋ ਜਾਇਗਾ ਤੇ ਉਸ ਦੀ ਬਾਣੀ (ਬੀ) ਨਿਰਮਲ ਹੋ ਜਾਏਗੀ ਤੇ ਸੱਚੇ ਵਿਚ ਸਮਾਇਆ ਰਹੇਗਾ[੧]। (ਜੋ ਅਸਾਂ ਕਿਹਾ ਹੈ ਕਿ ਹਉਮੈਂ ਨੂੰ ਸ਼ਬਦ ਨਾਲ ਜਲਾਵੇ ਉਸ ਦਾ ਮਤਲਬ ਹੈ ਕਿ ਗੁਰਮੁਖ) ਨਾਮ ਹੀ ਨਾਮ ਵਿਚ (ਭਾਵ ਕੇਵਲ ਨਾਮ) ਵਿਚ ਸਦਾ ਨਿਵਾਸ ਰੱਖਦਾ ਹੈ (ਅਤੇ ਸਰਬ ਅਸੱਤ ਤੋਂ) ਵੈਰਾਗੀ ਰਹਿੰਦਾ ਹੈ (ਅਤੇ ਜੋ ਸੱਚ ਵਿਚ ਸਮਾਉਣਾ ਕਿਹਾ ਹੈ ਉਸ ਦਾ ਭਾਵ ਹੈ ਕਿ ਉਹ) ਸੱਚ ਨੂੰ ਹਿਰਦੇ ਵਿਚ ਧਾਰਨ ਕਰੀ ਰੱਖਦਾ ਹੈ। (ਸੋ ਤੁਸੀਂ ਹੁਣ) ਰਿਦੇ ਵਿਚ (ਆਪ) ਵੀਚਾਰ ਕੇ ਦੇਖ ਲਵੋ ਕਿ ਨਾਮ ਤੋਂ ਬਿਨਾਂ ਜੋਗ ਕਦੇ ਹੋ ਹੀ ਨਹੀਂ ਸਕਦਾ, ਹੇ ਨਾਨਕ! ॥੬੮॥

੧. ਨਾਮ ਤੇ ਨਾਮ ਦਾ ਫਲ-

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥

(ਪਰ) ਕੋਈ (ਵਿਰਲਾ) ਗੁਰਮੁਖ ਸੱਚੇ ਸ਼ਬਦ (ਨਾਮ) ਨੂੰ ਵੀਚਾਰਦਾ ਹੈ। (ਸੱਚ ਸ਼ਬਦ ਦੀ ਵੀਚਾਰ ਵਿਚ ਲੱਗੇ ਹੋਏ) ਗੁਰਮੁਖ ਉਤੇ (ਫੇਰ ਧੁਰੋਂ) ਸੱਚੀ ਬਾਣੀ ਪ੍ਰਗਟ ਹੁੰਦੀ ਹੈ[੨]। (ਪਰ) ਗੁਰਮੁਖ (ਨਿਰੀ ਖੁਸ਼ਕ ਵੀਚਾਰ ਵਿਚ ਹੀ ਨਹੀਂ ਹੁੰਦਾ ਉਸ ਦਾ) ਮਨ (ਸਬਦ ਦੇ ਭਾਵ ਵਿਚ) ਦ੍ਰਵਦਾ (ਬੀ) ਹੈ। (ਭਾਵ ਵੀਚਾਰਸ਼ੀਲ ਤੇ ਦ੍ਰਵੇ ਗੁਰਮੁਖ

੧. ਭਾਵ, ਨਾ ਕੇਵਲ ਉਸ ਦੇ ਬਚ, ਮਨ ਤੇ ਤਨ (ਕਰਮ) ਸ਼ੁੱਧ ਹੋ ਜਾਣਗੇ, ਸਗੋਂ ਪਰਮੇਸ਼ੁਰ ਵਿਚ ਇਸਥਿਤੀ ਪਾਏ ਹੋਏ ਉਸ ਦੇ ਮਨ, ਬਚ, ਕਰਮ ਸਾਰੇ ਪਵਿੱਤ੍ਰ ਹੋ ਜਾਣਗੇ।

੨. ਭਾਵ, ਉਸ ਦਾ ਅਨੁਭਵ ਖੁੱਲ੍ਹ ਜਾਂਦਾ ਹੈ।

ਗੁਰਮੁਖਿ ਨਿਜ ਘਰਿ ਵਾਸਾ ਹੋਇ॥
ਗੁਰਮੁਖਿ ਜੋਗੀ ਜੁਗਤਿ ਪਛਾਣੈ॥
ਗੁਰਮੁਖਿ ਨਾਨਕ ਏਕੋ ਜਾਣੈ॥੬੯॥

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥ ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ॥੭੦॥

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥
ਗੁਰਮੁਖਿ ਸਾਚੁ ਰਖਿਆ ਉਰ ਧਾਰਿ॥ ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥
ਗੁਰਮੁਖਿ ਦਰਗਹ ਨ ਆਵੈ ਹਾਰਿ॥
ਗੁਰਮੁਖਿ ਮੇਲਿ ਮਿਲਾਏ ਸੋ ਜਾਣੈ॥

ਉਤੇ ਅਨੁਭਵ ਖੁੱਲ੍ਹਦਾ ਹੈ ਪਰ ਇਸ ਮਰਮ ਦੀ ਗੱਲ ਨੂੰ) ਕੋਈ ਵਿਰਲਾ ਬੁੱਝਦਾ ਹੈ। (ਸ੍ਵੈ ਸਰੂਪ ਵਿਚ ਵਾਸਾ ਜੋ ਤੁਸੀਂ ਕਹਿੰਦੇ ਹੋ) ਗੁਰਮੁਖ ਦਾ ਸ੍ਵੈ ਸਰੂਪ ਵਿਚ ਵਾਸਾ (ਐਉਂ) ਹੁੰਦਾ ਹੈ। ਗੁਰਮੁਖ (ਅਸਲ) ਜੋਗੀ (ਹੈ, ਉਹ ਜੋਗ ਦੀ ਇਸ ਉਪ੍ਰੋਕਤ) ਜੁਗਤਿ ਨੂੰ ਪਛਾਣਦਾ ਹੈ (ਤੇ ਨਾਲ ਹੀ) ਹੇ ਨਾਨਕ! ਗੁਰਮੁਖ (ਇਹ ਬੀ) ਜਾਣਦਾ ਹੈ ਕਿ ਇਕੋ ਹੈ (ਪਰਮਾਤਮਾ ਜਿਸ ਦਾ ਮੈਂ ਨਾਮ ਜਪਣਾ ਹੈ, ਜਿਸ ਦੀ ਮੈਂ ਵੀਚਾਰ ਕਰਨੀ ਹੈ, ਜਿਸ ਦੇ ਪਯਾਰ ਵਿਚ ਮੈਂ ਭਿੱਜੇ ਰਹਿਣਾ ਹੈ, ਜਿਸ ਵਲੋਂ ਸੁਤੇ ਗਯਾਨ ਜਾਂ ਅਨੁਭਵ ਪ੍ਰਾਪਤ ਹੋਣਾ ਹੈ ਤੇ ਜਿਸ ਵਿਚ ਪ੍ਰਾਪਤੀ ਵਾਲਾ ਨਿਜ ਘਰ ਵਾਸਾ ਮੇਰਾ ਪਰਮ ਪਦ ਹੈ)॥੬੯॥

੨. ਖ਼ਨਾਮ ਦਾਤਾ-

ਸਤਿਗੁਰੂ ਨੂੰ ਸੇਵੇ ਬਿਨਾ ਜੋਗ ਨਹੀਂ ਹੁੰਦਾ। ਸਤਿਗੁਰ ਨੂੰ ਮਿਲੇ ਬਿਨਾਂ ਕੋਈ ਮੁਕਤੀ ਨਹੀਂ ਹੁੰਦੀ। ਸਤਿਗੁਰੂ ਨੂੰ ਮਿਲੇ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਸਤਿਗੁਰੂ ਨੂੰ ਮਿਲੇ ਬਿਨਾਂ (ਜੀਵ) ਬੜਾ ਦੁਖ ਪਾਉਂਦਾ ਹੈ; ਸਤਿਗੁਰੂ ਨੂੰ ਮਿਲੇ ਬਿਨਾਂ (ਜੀਵ) ਬੜੇ ਹੰਕਾਰ ਤੇ ਅਗਿਆਨ (ਵਿਚ ਰਹਿੰਦਾ ਹੈ), ਸਤਿਗੁਰੂ ਤੋਂ ਬਿਨਾਂ (ਜੀਵ) ਜਨਮ ਹਾਰ ਕੇ ਮਰ ਜਾਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ॥੭੦॥

ਗੁਰਮੁਖ-

ਗੁਰੂ ਨੇ ਮਨ ਨੂੰ (ਹਠਾਂ ਤਪਾਂ ਨਾਲ ਕੋਹਿਆ ਨਹੀਂ ਪਰ) ਹਉਮੈਂ ਨੂੰ ਮਾਰ ਕੇ ਜਿੱਤ ਲਿਆ ਹੈ। (ਹਉਮੈਂ ਰਹਿਤ ਹੋ ਕੇ) ਗੁਰਮੁਖ (ਅਤੀਤ ਨਹੀਂ ਹੋ ਗਿਆ, ਉਸ) ਨੇ ਹਿਰਦੇ ਵਿਚ ਸੱਚ ਨੂੰ ਧਾਰਨ ਕੀਤਾ ਹੈ (ਤੇ ਇਸ ਬਿਧਿ ਵਿੱਚੇ ਰਹਿ ਕੇ ਉਸ) ਗੁਰਮੁਖ ਨੇ ਜਗਤ ਨੂੰ ਜਿੱਤ ਲਿਆ ਹੈ, (ਭਾਵ ਕਾਲ ਬੰਚਨ ਕ੍ਰਿਯਾ ਕਰਕੇ ਗੁਰਮੁਖ ਕਾਲ ਤੋਂ ਬਚਣ ਦਾ ਜਤਨ ਨਹੀਂ ਕਰਦਾ ਪਰ ਉਹ ਤਾਂ ਸੱਚ ਵਿਚ ਟਿਕ ਕੇ ਸੱਤ ਹੋ ਗਿਆ ਹੈ, ਇਉਂ ਉਸ ਨੇ) ਜਮ ਕਾਲ ਨੂੰ ਮਾਰ ਕੇ ਨਾਸ਼ ਕਰ ਦਿੱਤਾ ਹੈ) (ਭਾਵ ਉਸ ਨੇ ਕਾਲ ਦਾ ਭੈ ਮਾਰ ਲਿਆ ਹੈ। ਸੱਚ ਨੂੰ ਧਾਰਨ ਕਰਕੇ) ਦਰਗਾਹ ਵਿਚ (ਜੋ ਸੱਚੀ ਹੈ) ਗੁਰਮੁਖ ਨੂੰ ਹਾਰ ਨਹੀਂ ਆਉਂਦੀ। (ਆਪਾ ਐਸਾ ਸੁਆਰ ਕੇ ਹੁਣ) ਗੁਰਮੁਖ (ਜਗਤ ਨੂੰ ਪਰਮੇਸ਼ੁਰ

ਨਾਨਕ ਗੁਰਮੁਖਿ ਸਬਦਿ ਪਛਾਣੈ॥
੭੧॥

ਦੇ) ਮੇਲ ਵਿਚ ਮਿਲਾਉਂਦਾ ਹੈ (ਤੇ) ਉਸ (ਮੇਲ ਦੇ ਸਰੂਪ ਨੂੰ) ਉਹ ਜਾਣਦਾ ਹੈ (ਜੋ ਮੇਲਦਾ ਜਾਂ ਮਿਲ ਪੈਂਦਾ ਹੈ, ਪਰ ਇਹ ਨਿਸਚੇ ਹੈ ਕਿ) ਗੁਰਮੁਖ ਸ਼ਬਦ (ਨਾਮ) ਦੁਆਰਾ (ਸਿੱਖ ਨੂੰ ਇਸ ਮਾਰਗ ਦੀ ਜਾਣ) ਪਛਾਣ ਕਰਾਉਂਦਾ ਹੈ[1], ਹੇ ਨਾਨਕ! ॥੭੧॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ
ਤੇ ਸੁਖੁ ਹੋਈ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ
ਨਾਮੇ ਸੋਝੀ ਪਾਈ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ
ਸਚੈ ਆਪਿ ਖੁਆਈ॥
ਸਤਿਗੁਰ ਤੇ ਨਾਮੁ ਪਾਈਐ ਅਉਧੂ
ਜੋਗ ਜੁਗਤਿ ਤਾ ਹੋਈ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ
ਬਿਨੁ ਨਾਵੈ ਮੁਕਤਿ ਨ ਹੋਈ॥੭੨॥

ਹੇ ਅਵਧੂਤ! (ਸਾਡੀ ਪਰਸਪਰ ਹੋਈ) ਸ਼ਬਦ ਦੀ ਵੀਚਾਰ ਦਾ ਨਿਰਣਾ ਸੁਣ, (ਉਹ ਇਹ ਹੈ ਕਿ) ਨਾਮ ਤੋਂ ਬਿਨਾ ਜੋਗ ਹੋ ਨਹੀਂ ਸਕਦਾ। (ਜੋ) ਨਾਮ ਵਿਚ ਰਚੇ ਹਨ ਓਹ ਦਿਨ ਰਾਤ ਮਗਨ ਰਹਿੰਦੇ ਹਨ; ਨਾਮ ਤੋਂ ਹੀ ਸੁਖ (ਪ੍ਰਾਪਤ) ਹੁੰਦਾ ਹੈ। ਨਾਮ ਤੋਂ ਹੀ ਸਭ (ਆਤਮਕ ਸੁਖ ਦੀਆਂ ਅਵਸਥਾਂ) ਪ੍ਰਗਟ ਹੁੰਦੀਆਂ ਹਨ, ਨਾਮ ਤੋਂ ਹੀ ਗਜਾਨ ਪ੍ਰਾਪਤ ਹੁੰਦਾ ਹੈ। ਨਾਮ ਤੋਂ ਬਿਨਾ ਬਥੇਰੇ (ਹਨ ਜੋ) ਭੇਖ ਕਰਦੇ ਹਨ (ਭਾਵ ਜੋਗੀ ਬਣਦੇ ਹਨ ਪਰ ਪਖੰਡ ਕਰਨ ਕਰਕੇ ਉਨ੍ਹਾਂ ਨੇ) ਸੱਚੇ ਤੋਂ (ਅਪਣੀ ਬ੍ਰਿਤੀ) ਆਪ ਭੁਲੇਵੇ ਵਿਚ ਪਾ ਲਈ ਹੈ[2]। (ਪਰ) ਹੇ ਅਵਧੂਤ! ਸਤਿਗੁਰ ਤੋਂ ਨਾਮ ਪਾਈਏ ਤਾਂ ਜੋਗ ਦੀ ਜੁਗਤਿ ਪੂਰੀ ਹੁੰਦੀ ਹੈ। (ਤੁਸੀਂ ਆਪ) ਮਨ ਵਿਚ ਵਿਚਾਰ ਕਰਕੇ ਦੇਖ ਲਓ ਕਿ ਨਾਮ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ, ਹੇ ਨਾਨਕ! ॥੭੨॥

ਗੋਸ਼ਟ ਦਾ ਸਿੱਟਾ-

ਤੇਰੀ ਗਤਿ ਮਿਤਿ ਤੂਹੈ ਜਾਣਹਿ
ਕਿਆ ਕੋ ਆਖਿ ਵਖਾਣੈ॥
ਤੂ ਆਪੇ ਗੁਪਤਾ ਆਪੇ ਪਰਗਟੁ
ਆਪੇ ਸਭਿ ਰੰਗ ਮਾਣੈ॥
ਸਾਧਿਕ ਸਿਧ ਗੁਰੂ ਬਹੁ ਚੇਲੇ
ਖੋਜਤ ਫਿਰਹਿ ਫੁਰਮਾਣੈ॥
ਮਾਗਹਿ ਨਾਮੁ ਪਾਇ ਇਹ ਭਿਖਿਆ

(ਹੇ ਨਿਰੰਕਾਰ!) ਅਪਣੀ ਗਤਿ ਮਿਤਿ[3] ਤੂੰ ਆਪ ਹੀ ਜਾਣਦਾ ਹੈਂ, ਹੋਰ ਕੌਣ ਆਖ ਕੇ ਵਰਣਨ ਕਰ ਸਕਦਾ ਹੈ। ਤੂੰ ਆਪ ਹੀ ਗੁਪਤ ਹੈਂ ਆਪ ਹੀ ਪ੍ਰਗਟ ਹੈਂ, ਤੂੰ ਆਪ ਹੀ ਸਾਰੇ ਰੰਗਾਂ (ਆਨੰਦਾਂ) ਨੂੰ ਮਾਣਦਾ ਹੈਂ। ਸਾਧਨ ਕਰਨ ਵਾਲੇ ਤੇ ਸਿੱਧ, ਚੇਲੇ ਤੇ ਗੁਰੂ ਬਹੁਤੇ ਖੋਜਦੇ ਫਿਰ ਰਹੇ ਹਨ, (ਪਰ ਹੁਣ ਇਹ ਤੇਰੇ) ਹੁਕਮ ਅਨੁਸਾਰ ਨਾਮ ਮੰਗਦੇ ਹਨ (ਤੇ ਕਹਿੰਦੇ ਹਨ ਸਾਨੂੰ) ਇਹ ਖੈਰ ਪਾ ਤੇਰੇ ਦਰਸ਼ਨ[4] ਤੋਂ (ਅਸੀਂ)

---

੧. 'ਗੁਰਮੁਖ ਬ੍ਰਹਮ ਨੂੰ ਪਛਾਣਦਾ ਹੈ' ਬੀ ਅਰਥ ਕਰਦੇ ਹਨ।

੨. 'ਸੱਚੇ ਨੇ ਆਪ ਉਨ੍ਹਾਂ ਦੀ ਬੁੱਧੀ ਭੁਲਾਈ ਹੈ' ਐਉਂ ਬੀ ਅਰਥ ਲਾਉਂਦੇ ਹਨ।

੩. ਭਾਵ ਹੈ, ਜੋ ਕੁਛ ਕਿ ਤੂੰ ਹੈਂ ਉਸ ਦਾ ਸੰਪੂਰਨ ਗਜਾਨ ਤੈਨੂੰ ਗਜਾਨ ਸਰੂਪ ਨੂੰ ਆਪ ਹੀ ਹੈ, ਹੋਰ ਕਿਸੇ ਨੂੰ ਨਹੀਂ!

੪. ਸਿੱਧਾਂਤ, ਆਦਰਸ਼, ਫ਼ਿਲਸਫ਼ਾ

**ਤੇਰੇ ਦਰਸਨ ਕਉ ਕੁਰਬਾਣੈ॥**
**ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ॥**
**ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ॥੭੩॥੧॥**

ਕੁਰਬਾਨ ਹਾਂ। (ਇਹ ਏਥੇ ਮੇਲੇ ਤੇ ਵੀਚਾਰ ਚਰਚਾ ਦਾ ਜੋ) ਅਬਿਨਾਸੀ ਪ੍ਰਭੂ ਨੇ ਖੇਲ[1] ਰਚਾਇਆ ਸੀ (ਉਸ ਤੋਂ) ਗੁਰਮੁਖਾਂ ਨੂੰ ਸੋਝੀ ਪ੍ਰਾਪਤ ਹੋਈ ਹੈ[2]। ਸਾਰੇ ਜੁਗਾਂ ਵਿਚ (ਪਰਮੇਸ਼ੁਰ) ਆਪ ਹੀ ਵਰਤਦਾ ਹੈ, ਦੂਜਾ ਹੋਰ ਕੋਈ ਨਹੀਂ (ਜੋ ਇਸ ਤਰ੍ਹਾਂ ਸਦਾ ਥਿਰ ਹੋਵੇ[2]), ਹੇ ਨਾਨਕ! ॥੭੩॥੧॥

---

੧. ਇਸ ਦਾ ਅਰਥ 'ਜਗਤ ਰਚਨਾ ਦਾ ਖੇਲ' ਬੀ ਕਰਦੇ ਹਨ। ਪਰੰਤੂ ਇਸ ਅੰਕ ਵਿਚ ਤਾਂ ਗੁਰੂ ਜੀ ਨੇ ਅਪਣੇ ਨਿਰਅਭਿਮਾਨ ਤਰੀਕੇ ਅਨੁਸਾਰ ਆਪਣੀ ਉਸ ਗੋਸ਼ਟ ਵਿਚ ਜਿੱਤ ਦਾ ਪਤਾ ਦਿੱਤਾ ਹੈ ਜੋ ਅਸਾਂ ਅਰਥਾਂ ਵਿਚ ਦਰਸਾਯਾ ਹੈ! ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੇ ਲਿਖੇ ਤੋਂ ਸਪਸ਼ਟ ਹੋ ਜਾਂਦੀ ਹੈ। ਭਾਈ ਜੀ ਇਸ ਗੋਸ਼ਟ ਦੇ ਅੰਤ ਪਰ ਲਿਖਦੇ ਹਨ- ਬਾਬੇ ਕੀਤੀ ਸਿੱਧ ਗੋਸ਼ਟਿ ਸ਼ਬਦਿ ਸਾਂਤਿ ਸਿੱਧਾਂ ਵਿਚਿ ਆਈ। ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ। ਸਿਧਿ ਬੋਲਨਿ ਸੁਭ ਬਚਨਿ ਧੰਨੁ ਨਾਨਕ ਤੇਰੀ ਵਡੀ ਕਮਾਈ। ਵਡਾ ਪੁਰਖੁ ਪਰਗਟਿਆ ਕਲਜੁਗਿ ਅੰਦਰਿ ਜੋਤਿ ਜਗਾਈ। (੧,੪੪.) ਭਾਵ, ਛੇ ਦਰਸ਼ਨਾਂ ਨੇ ਮੱਥਾ ਟੇਕਿਆ। ਸਿੱਧਾਂ ਦਾ ਗੁੱਸਾ ਲਹਿਕੇ ਸ਼ਾਂਤੀ ਵਿਚ ਆਕੇ ਸ਼ੁਭ ਬਚਨ ਬੋਲੇ ਤੇ ਗੁਰੂ ਜੀ ਨੂੰ ਧੰਨ ਧੰਨ ਕਿਹਾ ਤੇ ਉਹਨਾਂ ਨੂੰ ਮਹਾਂ ਪੁਰਖ ਮੰਨਿਆ ਤੇ ਕਲਜੁਗ ਦਾ ਤਾਰਨਹਾਰ ਮੰਨਿਆ। ਗੁਰੂ ਜੀ ਗੋਸ਼ਟ ਨੂੰ ਪ੍ਰਭੂ ਦਾ ਖੇਲ ਤੇ ਜਿੱਤ ਨੂੰ ਉਸ ਦੀ ਜਿੱਤ ਦੱਸ ਰਹੇ ਹਨ, ਹੋਰ ਕਿਸੇ ਦੀ ਨਹੀਂ, ਭਾਵ ਅਪਣੀ ਨਹੀਂ।

੨. ਭਾਵ ਸਿਧ ਗੋਸ਼ਟ ਵਿਚ ਸਿੱਧਾਂਤ ਨਿਰੂਪਣ ਹੋ ਗਏ ਜੋ ਹੁਣ ਤੇ ਅੱਗੋਂ ਨੂੰ ਗੁਰਮੁਖਾਂ ਨੂੰ ਸੋਝੀ ਪਏ ਦੇਣਗੇ।

# ਅਨੰਦੁ*

ਰਾਮਕਲੀ ਮਹਲਾ ੩ ਅਨੰਦੁ॥
ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਅਮਰ ਦਾਸ ਜੀ ਦੀ ਉਚਾਰੀ ਹੋਈ 'ਅਨੰਦ'[1] ਨਾਮੇ ਬਾਣੀ ਜੋ ਰਾਮਕਲੀ ਰਾਗ ਵਿਚ ਗਾਂਵੀਂ ਗਈ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੯੧੭ ਤੋਂ ੯੨੨.।

੧. ਸੰਸ:, ਆਨੰਦ (ਆਙ+ਨਦਿ=ਖੁਸ਼ ਹੋਣਾ) ਖੁਸ਼ੀ, ਉਮਾਹ। ਆਨੰਦ ਪਰਮਾਤਮਾ ਦਾ ਬੀ ਨਾਉਂ ਹੈ। ਆਨੰਦ ਦਾ ਪ੍ਰਾਕ੍ਰਿਤਕ ਰੂਪ 'ਆਣੰਦ' ਹੈ ਪਰ ਪੰਜਾਬੀ ਰੂਪ 'ਅਨੰਦ' ਹੈ। ਇਸ ਬਾਣੀ ਵਿਚ ਅਨੰਦੁ ਤੇ ਆਨੰਦੁ ਦੁਇ ਰੂਪ ਆਏ ਹਨ। ਵਿਸ਼ੇਸ਼-ਸੰਮਤ ੧੬੧੭ ਬਿਕ੍ਰਮੀ ਦੇ ਲਗ ਪਗ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁਤਰ ਮੋਹਰੀ ਜੀ ਦੇ ਘਰ ਇਕ ਪੁਤਰ ਹੋਇਆ। ਪੋਤਰੇ ਦੇ ਜਨਮ ਪਰ ਸਿਖ ਸੰਗਤ ਨੇ ਆ ਕੇ 'ਆਨੰਦ ਆਨੰਦ' ਕਿਹਾ ਤੇ ਵਧਾਈ ਦਿਤੀ। ਸਤਿਗੁਰ ਜੀ ਨੇ ਕਿਹਾ ਸਚਾ ਅਨੰਦੁ ਸਤਿਗੁਰ ਜੀ ਦੀ ਪ੍ਰਾਪਤੀ ਹੈ ਤੇ ਇਹ ਬਾਣੀ ਸੱਚੇ ਅਨੰਦ ਸੰਬੰਧੀ ਉਸ ਵੇਲੇ ਉਚਾਰਨ ਕੀਤੀ। ਇਸ ਬਾਣੀ ਦਾ ਨਾਮ ਬੀ ਅਨੰਦ ਹੋਇਆ। ਪੋਤਰੇ ਦਾ ਨਾਮ ਬੀ 'ਅਨੰਦ' ਰਖਿਆ ਗਿਆ ਸੀ। ਉਹ ਪੁਰਖੁ ਤਪੱਸਵੀ, ਸੰਸਾਰ ਤੋਂ ਉਪਰਾਮ ਤੇ ਸਦਾ ਲਿਵ ਵਿਚ ਰਹਿੰਦਾ ਸੀ। ਤਦ ਤੋਂ ਇਹ ਬਾਣੀ ਸਿਖਾਂ ਦੇ ਹਰ ਮੰਗਲ ਸਮੇਂ ਤੇ ਉਚਾਰੀ ਯਾਂ ਗਾਂਵੀਂ ਜਾਂਦੀ ਹੈ। ਇਸ ਸਮੇਂ ਇਸ ਬਾਣੀ ਦੇ ਪਹਿਲੇ ੫ ਅੰਕ ਤੇ ਅੰਤਲਾ ਇਕ ਗਾਵੇਂ ਯਾ ਉਚਾਰੇ ਜਾਂਦੇ ਹਨ। ਕੜਾਹ ਪ੍ਰਸ਼ਾਦ ਦਾ ਭੋਗ ਇਸ ਦੇ ਪੜ੍ਹੇ ਬਿਨਾਂ ਨਹੀਂ ਲੱਗਦਾ। ਇਹ ਪਾਠ ਰਹਿਰਾਸ ਵਿਚ ਭੀ ਸ਼ਾਮਲ ਹੈ। ਅੰਮ੍ਰਿਤ ਤਿਆਰੀ ਵਿਚ ਬੀ ਅਨੰਦ ਦਾ ਪਾਠ ਹੁੰਦਾ ਹੈ। ਵਿਵਾਹ ਸਮੇਂ ਭੀ ਇਸ ਅਨੰਦ ਦਾ ਪਾਠ ਹੁੰਦਾ ਹੈ। ਸਿਖਾਂ ਵਿਚ ਵਿਆਹ ਦੀ ਮਰਿਯਾਦਾ ਦਾ ਨਾਮ ਹੀ ਅਨੰਦਕਾਰਯ ਪੈ ਗਿਆ ਹੈ, ਇਥੋਂ ਤਾਈਂ ਕਿ ਜਿਸ ਐਕਟ ਨਾਲ ਇਹ ਵਜਾਹ ਕਾਨੂੰਨੀ ਪਰਵਾਨਗੀ ਪਾ ਗਿਆ ਹੈ ਉਸ ਦਾ ਨਾਮ ਬੀ 'ਅਨੰਦ ਮੈਰਿਜ ਐਕਟ' ਹੈ।

 www.sikhbookclub.com

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥

ਹੇ ਮੇਰੀ ਮਾਂ[1]! (ਜਦ ਦਾ) ਮੈਂ ਸਤਿਗੁਰੂ ਪਾਇਆ ਹੈ (ਤਦ ਦਾ ਮੈਨੂੰ) ਆਨੰਦ ਹੋ ਗਿਆ ਹੈ। (ਮੈਂ ਕੋਈ ਆਪ ਯਤਨ ਨਹੀਂ ਕੀਤਾ ਮੈਨੂੰ) ਤਾਂ ਉਹ ਸਤਿਗੁਰੂ ਸਹਜ ਨਾਲ ਹੀ[2] ਪ੍ਰਾਪਤ ਹੋ ਗਿਆ ਸੀ (ਤਦੋਂ ਹੀ ਮੇਰੇ) ਮਨ ਵਿਚ ਵਧਾਈਆਂ ਵੱਜ ਪਈਆਂ ਸਨ! (ਮੇਰੀ ਉਸ ਅੰਤ੍ਰੀਵ ਖੁਸ਼ੀ ਪਰ ਦੇਹ ਵਾਲਿਆਂ (ਗਾਇਕਾਂ ਨੇ ਸ਼ਾਦਿਆਨੇ ਤਾਂ ਗਾਉਣੇ ਹੀ ਸਨ, ਨਾਲ) ਰਤਨ (ਰੂਪ) ਰਾਗ (ਆਪ, ਉਨ੍ਹਾਂ ਦੇ) ਪਰਵਾਰ (ਤੇ ਉਨ੍ਹਾਂ ਦੀਆਂ) ਰਾਗਣੀਆਂ (ਵਧਾਈ ਦੇ) ਸ਼ਬਦ ਗਾਉਣ ਵਾਸਤੇ ਆਈਆਂ ਸਨ। (ਹੁਣ ਤੁਸੀਂ ਬੀ ਜੋ ਵਧਾਈ ਦੇਣ ਆਏ ਹੋ ਤੇ) ਜਿਨ੍ਹਾਂ ਨੇ (ਆਪਣੇ) ਮਨ ਵਿਚ (ਪਰਮੇਸ਼ੁਰ ਨੂੰ) ਵਸਾਯਾ ਹੈ, ਹਰੀ ਦਾ ਹੀ ਸ਼ਬਦ ਗਾਵੋਂ (ਭਾਵ ਕੀਰਤਨ ਕਰੋ)। ਕਹਿੰਦੇ ਹਨ (ਗੁਰੂ) ਨਾਨਕ (ਜੀ ਜਦ ਦਾ) ਮੈਂ ਸਤਿਗੁਰੂ ਪਾਇਆ ਹੈ (ਤਦ ਦਾ ਮੈਨੂੰ) ਅਨੰਦ ਹੋ ਗਿਆ ਹੈ॥੧॥

ਸਤਿਗੁਰ ਪਾ ਕੇ ਅਨੰਦ ਇਸ ਲਈ ਹੋਇਆ ਕਿ ਉਸ ਨੇ ਨਾਮ ਦੇ ਕੇ ਵਾਹਿਗੁਰੂ ਦੀ ਸਦਾ ਹਾਜ਼ਰੀ ਵਿਚ ਮਨ ਹਾਜ਼ਰ ਕਰ ਦਿੱਤਾ, ਤਦ ਤੋਂ ਅਸਾਂ ਮਨ ਨੂੰ ਇਸ ਸਿੱਖਜਾ ਵਿਚ ਰਖਿਆ ਹੈ ਕਿ-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥

ਹੇ ਮੇਰੇ ਮਨ! ਤੂੰ ਸਦਾ ਵਾਹਿਗੁਰੂ ਦੇ ਨਾਲ ਰਹੁ (=ਹਜ਼ੂਰੀ ਵਿਚ ਹਾਜ਼ਰ ਰਹੁ। ਹਾਂ) ਹਰਿ ਦੇ ਨਾਲ ਹੀ ਰਹੁ ਤੂੰ ਹੇ ਮੇਰੇ ਮਨ! (ਉਹ) ਸਾਰੇ ਦੁੱਖਾਂ ਨੂੰ ਦੂਰ ਕਰਨੇ ਵਾਲਾ ਹੈ[3]। ਓਹ (ਹਰੀ) ਤੇਰਾ ਅੰਗੀਕਾਰ ਕਰੇਗਾ (ਓਹ) ਸਾਰੇ ਕੰਮ ਸੰਵਾਰਨੇ ਵਾਲਾ ਹੈ।

---

੧. ਮਾਂ, ਇਸ ਦਾ ਭਾਵ ਗੁਰਬਾਣੀ ਵਿਚ ਕਿਤੇ ਹੈ ਗੁਰੂ, ਕਿਤੇ ਸੰਤ, ਕਿਤੇ ਭਾਈ ਤੇ ਕਿਤੇ ਮਾਤਾ।

੨. ਸਹਜ ਸੇਤੀ ਦਾ ਅਰਥ 'ਗਜਾਨ ਸਮੇਤ' ਬੀ ਕਰਦੇ ਹਨ।

੩. ਸਾਡੇ ਮਨਾਂ ਤੋਂ ਭੁਲਾ ਦੇਂਦਾ ਹੈ ਭਾਵ ਦੂਰ ਕਰ ਦੇਂਦਾ ਹੈ। 'ਸਾਡੇ ਕੀਤੇ ਦੋਖਾਂ ਨੂੰ ਭੁਲਾ ਦੇਣ ਵਾਲਾ ਹੈ' ਇਹ ਅਰਥ ਬੀ ਕਰਦੇ ਹਨ। ਸੰਸ. ਵਿਸਮ੍ਰਿ। ਪ੍ਰਾਕ੍ਰਿਤ, ਵਿਸਮਾਰ। ਪੰਜਾਬੀ ਵਿਸਰਨ, ਵਿਸਾਰਨਾ।


www.sikhbookclub.com

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥

(ਓਹ) ਸੁਆਮੀ ਸਾਰੀਆਂ ਗੱਲਾਂ (ਦੇ ਕਰਨੇ ਵਿਚ) ਸਮਰੱਥ ਹੈ; (ਤਾਂ) ਉਸ (ਸਰਬ ਸਮਰੱਥ) ਨੂੰ (ਤੂੰ) ਮਨੋਂ ਕਿਉਂ ਭੁਲਾਉਂਦਾ ਹੈਂ। ਨਾਨਕ (ਗੁਰੂ ਜੀ) ਕਹਿੰਦੇ ਹਨ, ਹੇ ਮੇਰੇ ਮਨ (ਤੂੰ) ਸਦਾ ਹਰੀ ਦੇ ਨਾਲ ਰਹੁ॥੨॥

ਮਨ ਨੂੰ ਉੱਦਮ ਲਈ ਪ੍ਰੇਰ ਕੇ ਸਨਮੁਖ ਅਰਦਾਸ ਕਰਦੇ ਹਨ:-

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥

ਹੇ ਸੱਚੇ ਸਾਹਿਬ! ਤੇਰੇ ਘਰ ਵਿਚ ਕੀ ਨਹੀਂ ਹੈ, (ਹਾਂ) ਤੇਰੇ ਘਰ ਵਿਚ ਤਾਂ ਸੱਭੋ ਕੁਛ ਹੈ (ਪਰ) ਜਿਸ ਨੂੰ ਦੇਵੇਂ ਪ੍ਰਾਪਤ ਉਸੇ ਨੂੰ ਹੁੰਦਾ ਹੈ। (ਸਭ ਤੋਂ ਕੀਮਤੀ ਪਦਾਰਥ) ਤੇਰੀ ਸਿਫ਼ਤ ਤੇ ਸਲਾਹ (ਹੈ ਤੇ ਤੇਰਾ) ਨਾਮ ਹੈ (ਮੇਹਰ ਕਰਕੇ ਏਹ ਦੁਏ ਸਾਡੇ) ਮਨ ਵਿਚ (ਤੂੰ) ਸਦਾ ਲਈ (ਕਿਵੇਂ) ਵਸਾ ਦੇਹ[੧] ; (ਕਿਉਂਕਿ) ਜਿਨ੍ਹਾਂ ਦੇ ਮਨ ਵਿਚ ਨਾਮ ਵਸਿਆ ਹੈ (ਉਨ੍ਹਾਂ ਦੇ ਘਰ) ਬਹੁਤੇ ਵਾਜੇ ਵੱਜਦੇ ਹਨ[੨]। ਕਹਿੰਦੇ ਹਨ (ਗੁਰੂ ਨਾਨਕ) ਸੱਚੇ ਸਾਹਿਬ ਜੀ ਤੇਰੇ ਘਰ ਵਿਚ ਕੀ ਨਹੀਂ ਹੈ, (ਭਾਵ ਸਭ ਕੁਛ ਹੈ)॥੩॥

ਅਰਦਾਸ ਕਰਕੇ ਆਪਣੇ ਨਾਮ ਨੂੰ ਮਿਹਰ ਨਾਲ ਪ੍ਰਾਪਤ ਦੱਸ ਕੇ ਹੁਣ ਨਾਮ ਬਾਬਤ ਅਪਣਾ ਅਨੁਭਵ ਦੱਸਦੇ ਹਨ :-

ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥

(ਪਰਮੇਸ਼ੁਰ ਦਾ) ਸੱਚਾ ਨਾਮ (ਹੀ) ਮੇਰਾ (ਤਾਂ) ਆਧਾਰ ਹੈ। (ਇਹ) ਸੱਚਾ ਨਾਮ ਮੇਰਾ (ਨਿਰਾ ਆਧਾਰ ਹੀ ਨਹੀਂ ਸਗੋਂ ਐਸਾ) ਆਧਾਰ ਹੈ ਕਿ ਇਸਨੇ (ਹੋਰ) ਸਭ ਭੁੱਖਾਂ ਦੂਰ ਕਰ ਦਿੱਤੀਆਂ ਹਨ। (ਜਦ ਦਾ ਇਹ) ਮਨ ਵਿਚ ਆ ਕੇ ਵੱਸ ਗਿਆ ਹੈ[੩] (ਸਾਰੇ) ਸੁਖ (ਦੇ ਦਿੱਤੇ ਹਨ ਤੇ) ਸ਼ਾਂਤੀ ਵਰਤਾ ਦਿੱਤੀ ਹੈ, (ਤੇ) ਜਿਸਨੇ ਸਾਰੀਆਂ ਇਛਜਾਂ (ਬੀ) ਪੂਰਨ ਕਰ ਦਿੱਤੀਆਂ ਹਨ। (ਪਰ ਮੈਂ) ਸਦਾ ਸਦਕੇ ਕੀਤਾ (ਅਪਣੇ) ਗੁਰੂ ਉੱਤੋਂ ਜਿਸਦੀਆਂ ਏਹ (ਸਭ) ਵਡਿਆਈਆਂ ਹਨ। ਸੁਣੋ

---

੧. ਐਉਂ ਬੀ ਲਾਉਂਦੇ ਹਨ- (ਉਹ) ਤੇਰੀ ਸਦਾ ਸਿਫਤ ਸਲਾਹ ਤੇ ਨਾਮ ਨੂੰ ਮਨ ਵਿਚ ਵਸਾਉਂਦੇ ਹਨ।

੨. ਪਹਿਲੀ ਪਉੜੀ ਵਿਚ ਆਯਾ ਹੈ 'ਸ਼ਬਦ ਗਾਵਣ ਆਈਆਂ' ਫਿਰਿ ਆਯਾ ਹੈ 'ਸ਼ਬਦੋ ਤ ਗਾਵਹੁ'। ਇਥੇ ਬੀ ਸ਼ਬਦ 'ਵਾਜੇ' ਦਾ ਭਾਵ ਸ਼ਾਦਿਆਨੇ ਵਜੇ ਜਾਪਦਾ ਹੈ, ਜੋ ਕਾਮਨਾ ਦੀ ਪੂਰਤੀ ਦਾ ਸੰਕੇਤ ਹੈ। ਪਰ 'ਜਸ ਰੂਪੀ' ਵਾਜੇ ਤੇ 'ਅਨਹਦ ਵਾਜੇ' ਬੀ ਅਰਥ ਕਰ ਲੈਂਦੇ ਹਨ।

੩. 'ਸੁਖ ਮਨ ਵਿਚ ਨਾਮ ਆ ਵਸਿਆ ਹੈ' ਤੇ 'ਸੁਖ ਰੂਪ ਵਾਹਿਗੁਰੂ ਮਨਿ ਵਿਚ ਆ ਵਸਿਆ ਹੈ' ਆਦਿ ਅਰਥ ਬੀ ਲਾ ਲੈਣ ਦਾ ਜਤਨ ਹੁੰਦਾ ਹੈ।

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥ ਸਾਚਾ ਨਾਮੁ ਮੇਰਾ ਆਧਾਰੋ॥੪॥

ਹੇ ਸੰਤੋ! (ਗੁਰੂ) ਨਾਨਕ (ਦੇਵ) ਆਖਦਾ ਹੈ ਕਿ (ਤੁਸੀਂ ਬੀ) ਨਾਮ ਨਾਲ ਪਿਆਰ ਕਰੋ, (ਤੁਹਾਡਾ ਬੀ ਇਹ ਆਧਾਰ ਬਣੇਗਾ ਜਿਵੇਂ ਕਿ ਇਹ) ਸੱਚਾ ਨਾਮ ਮੇਰਾ ਆਧਾਰ ਹੈ॥੪॥

ਸੱਚਾ ਨਾਮ ਮਨ ਦਾ ਆਧਾਰ ਬਣ ਗਿਆ ਹੈ ਇਸੇ ਅਭਜਾਸ ਨਾਲ-

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥

ਪੰਜ ਸ਼ਬਦ ਵਜੇ ਹਨ ਉਸ ਸੁਭਾਗੇ ਘਰ ਵਿਚ, (ਹਾਂ ਉਸ) ਸੁਭਾਗ ਘਰ ਵਿਚ ਸ਼ਬਦ ਵਜੇ ਹਨ ਜਿਸ ਘਰ ਵਿਚ (ਤੂੰ) ਕਲਾ ਧਾਰਨ ਕੀਤੀ ਹੈ। (ਉਸ ਘਰ ਦੇ) ਪੰਜ ਦੂਤ (ਕਾਮ ਕ੍ਰੋਧ ਆਦਿ) ਤੂੰ (ਘਰ ਵਾਲੇ ਦੇ) ਵੱਸ ਵਿਚ ਕਰ ਦਿਤੇ ਹਨ, (ਤੇ ਉਸ ਦੇ ਸਿਰ ਤੋਂ) ਕਾਲ ਵੈਰੀ ਨੂੰ (ਤੂੰ) ਮਾਰ ਦਿਤਾ ਹੈ। (ਪਰ ਹੇ ਸੱਚੇ ਸਾਹਿਬ!) ਧੁਰੋਂ ਜਿਨ੍ਹਾਂ ਦੇ ਕਰਮਾਂ ਵਿਚ ਤੂੰ (ਨਾਮ) ਪਾਇਆ ਹੈ ਓਹੋ ਹਰੀ ਦੇ ਨਾਮ ਵਿਚ ਲਗੇ ਹਨ। (ਹਾਂ ਜੋ ਹਰੀ ਦੇ ਨਾਮ ਵਿਚ ਲਗਾ ਹੈ) ਉਸੇ ਦੇ ਘਰ ਵਿਚ ਅਨਹਦ ਵਾਜੇ ਵਜੇ ਹਨ ਤੇ ਉਥੇ ਹੀ ਸੁਖ ਵਰਤਿਆ ਹੈ[1], ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ)॥੫॥

ਏਹ ਜੋ ਵਾਜੇ ਵੱਜੇ ਹਨ, ਨਾਮ ਅਭਯਾਸੀ ਇਨ੍ਹਾਂ ਵਿਚ ਲੀਨ ਨਹੀਂ ਹੁੰਦਾ, ਉਹ ਸੇਧ ਆਪਣੇ ਪ੍ਰੀਤਮ ਵਾਹਿਗੁਰੂ ਦੇ ਮਿਲਾਪ ਦੀ ਰਖਦਾ ਹੈ, ਜਿਸ ਨੂੰ ਉਸ ਨੇ ਪ੍ਰਾਪਤ ਕਰਨਾ ਹੈ, ਇਸ ਕਰਕੇ ਉਹ ਸਿਮਰਨ ਵਿਚ ਲਗਾ ਰਹਿੰਦਾ ਹੈ ਤੇ ਉਹ ਲਗਾਤਾਰੀ ਸਿਮਰਨ ਨਾਮੀ ਵਿਚ ਲਗਾਤਾਰੀ ਪ੍ਰਵਾਹ ਬਣ ਜਾਂਦਾ ਹੈ, ਜਿਹਾ ਕੁ ਅਗੇ ਚੱਲ ਕੇ ਅੰਕ ੨੬ ਵਿਚ ਕਿਹਾ ਹੈ:- 'ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ' ਪੁਨਾ ਜਿਸ ਨਉ ਆਪਣੀ ਲਿਵ ਲਾਵਏ॥ ਆਪਣੀ ਲਿਵ ਆਪੇ ਲਾਏ...। (ਅਨੰਦ ਅੰਕ ੨੮)

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥

ਸੱਚੀ ਲਿਵ ਬਿਨਾਂ (ਏਹ) ਦੇਹ ਨਿਮਾਣੀ ਹੈ, ਲਿਵ ਤੋਂ ਬਿਨਾਂ ਦੇਹ ਨਿਮਾਣੀ ਹੈ, (ਨਿਮਾਣੀ ਹੋਣ ਕਰਕੇ ਇਹ) ਵੀਚਾਰੀ ਕੀਹ ਕਰੇ।

---

੧ ਘਰ ਤੋਂ ਭਾਵ ਮਨ ਯਾ ਦਸਮ ਦੁਆਰ ਦੁਏ ਹੁੰਦਾ ਹੈ। ਇਸ ਅੰਕ ਵਿਚ ਦੋ ਗੱਲਾਂ ਹਨ, ਅਨਹਦ ਵਾਜੇ ਕੀਕੂੰ ਵਜਦੇ ਹਨ ਤੇ ਤਾਸੀਰ ਕੀਹ ਹੈ। ਹਰੀ ਦੇ ਨਾਮ ਵਿਚ ਲਗਨ ਨਾਲ ਏਹ ਵਾਜੇ ਵਜਦੇ ਹਨ, ਹੋਰ ਸਾਧਨ ਦੀ ਲੋੜ ਨਹੀਂ ਦੱਸੀ ਗਈ। ਪੰਜਵੇਂ ਸਤਿਗੁਰਾਂ ਨੇ ਬੀ ਕਿਹਾ ਹੈ- ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥' ਦੂਸਰੇ ਜਿਸ ਦੇ ਹ੍ਰਿਦੇ ਯਾ ਦਸਮ ਦੁਆਰ ਵਿਚ ਵੱਜ ਪੈਣ, ਉਹ ਪੰਜਾਂ ਉਤੇ ਵਸੀਕਾਰ ਵਾਲਾ ਹੋਵੇਗਾ, ਕਾਲ ਦਾ ਭੈ ਉਸ ਦਾ ਦੂਰ ਹੋ ਗਿਆ ਹੋਵੇਗਾ, ਵਾਹਿਗੁਰੂ ਉਸ ਦੇ ਅੰਦਰ ਪ੍ਰਕਾਸ਼ਵਾਨ ਹੋਵੇਗਾ, ਜੇ ਏਹ ਗੱਲਾਂ ਪ੍ਰਾਪਤ ਨਾ ਹੋਣ ਤਾਂ ਵਾਜੇ ਨਹੀਂ ਵਜੇ ਸਮਝਣੇ ਚਾਹੀਏ;

ਤੁਧੁ ਬਾਝੁ ਸਮਰਥ ਕੋਈ ਨਾਹੀ ਕ੍ਰਿਪਾ ਕਰਿ ਬਨਵਾਰੀਆ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥੬॥

ਹੇ ਬਨਵਾਰੀ ਕ੍ਰਿਪਾ ਕਰ (ਇਸ ਨੂੰ ਸਫਲ ਕਰਨੇ ਲਈ) ਤੈਥੋਂ ਬਿਨਾ ਕੋਈ ਸਮਰਥ ਨਹੀਂ। ਹੋਰ ਕੋਈ ਇਸ ਦਾ ਟਿਕਾਣਾ ਨਹੀਂ, ਸ਼ਬਦ (ਨਾਮ) ਵਿਚ ਲਗਾਈ ਜਾਕੇ ਹੀ ਇਹ ਸੰਵਾਰੀ ਜਾ ਸਕਦੀ ਹੈ। ਇਹ ਵੀਚਾਰੀ ਲਿਵ ਤੋਂ ਬਿਨਾ ਕੀਹ ਕਰੇ, ਕਹਿੰਦੇ ਹਨ, (ਗੁਰੂ) ਨਾਨਕ, ਲਿਵ ਬਖਸ਼ ਦਿਓ ਤਾਂ ਜੋ ਦੇਹ ਇੰਦ੍ਰੇ ਤੇ ਮਨ ਸਫਲ ਹੋਣ[1])॥੬॥

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥

'ਆਨੰਦ ਆਨੰਦ' ਸਭ ਕੋਈ ਕਹਿੰਦਾ ਹੈ[2] (ਪਰ ਸਦਾ ਦਾ) ਆਨੰਦ (ਤਾਂ ਉਹ ਹੈ ਜੋ) ਗੁਰੂ ਤੋਂ (ਅਸਾਂ ਨੇ) ਜਾਣਿਆ ਹੈ। (ਸੋ ਜਾਣ ਲਓ) ਹੇ ਪਿਆਰੇ! (ਕਿ ਜਿਸ ਤੇ) ਗੁਰੂ ਕਿਰਪਾ ਕਰੇ ਸਦਾ ਆਨੰਦ ਨੂੰ (ਉਹ ਸਿੱਖ) ਜਾਣਦਾ ਹੈ। (ਗੁਰੂ) ਕਿਰਪਾ ਕਰਕੇ (ਪਹਿਲਾਂ ਸਿੱਖ ਦੇ) ਪਾਪ ਕੱਟਦਾ ਹੈ, (ਫੇਰ) ਗਜਾਨ ਦਾ ਸੁਰਮਾ (ਸਿੱਖ ਦੀਆਂ ਅੱਖਾਂ ਵਿਚ) ਪਾਉਂਦਾ ਹੈ। (ਐਉਂ ਪਾਪ ਰਹਿਤ ਤੇ ਗਜਾਨਵਾਨ ਹੋ ਕੇ) ਜਿਨ੍ਹਾਂ ਦਾ ਅੰਦਰੋਂ ਮੋਹ ਟੁੱਟ ਗਿਆ ਹੈ, ਉਹਨਾਂ ਦਾ ਸ਼ਬਦ ਸੱਚੇ ਵਾਹਿਗੁਰੂ ਨੇ ਸੰਵਾਰ ਦਿਤਾ

---

੧. ਪਹਿਲੇ ੪ ਅੰਕ ਵਿਚ ਮਨ ਦੀ ਸਫ਼ਲਤਾ ਦੱਸੀ ਸੀ ਕਿ ਨਾਮ ਵਿਚ ਲਗ ਕੇ ਹੁੰਦੀ ਹੈ। ਸਿਮਰਨ ਤੇ ਲਿਵਲੀਨਤਾ ਮਨ ਦਾ ਕੰਮ ਹੈ। ਅੰਕ ੫ ਵਿਚ 'ਪੰਚ ਦੂਤ ਤੁਧੁ ਵਸਿ ਕੀਤੇ' ਦੱਸ ਕੇ ਇੰਦ੍ਰਿਆਂ ਦੀ ਸਫਲ ਅਵਸਥਾ ਦੱਸੀ। ਹੁਣ ਸਾਰੀ ਦੇਹ ਦੀ ਸਫ਼ਲਤਾ ਦੱਸਦੇ ਹਨ ਕਿ ਸੱਚੀ ਲਿਵ ਬਿਨਾਂ ਦੇਹ ਸਫਲ ਨਹੀਂ, ਭਾਵ ਇਹ ਜਨਮ ਬਿਰਥਾ ਜਾਂਦਾ ਹੈ। ਪੁਰਾਤਨ ਜੋਗੀਆਂ ਦਾ ਖਯਾਲ ਕੇਵਲ ਮਨ ਨੂੰ 'ਵਿਲਯ' ਕਰਨ ਦੇ ਸਾਧਨਾਂ ਵਿਚ ਪੈਣ ਦਾ ਹੁੰਦਾ ਸੀ! ਗੁਰੂ ਸਾਹਿਬ ਮਨ ਨੂੰ ਵਾਹਿਗੁਰੂ ਵਿਚ ਜੋੜ ਕੇ, ਇੰਦ੍ਰਿਆਂ ਦੀ ਸਫਲਤਾ 'ਪਵਿੱਤ੍ਰਤਾ' ਵਿਚ ਦੱਸਦੇ ਹੋਏ ਸਾਰੀ ਦੇਹ ਦੀ ਇਸ ਆਤਮ ਰੰਗ ਵਿਚ ਰੰਗੇ ਜਾ ਕੇ ਸਫਲਤਾ ਦਰਸਾ ਰਹੇ ਹਨ। ਜੋ ਸੁਖ ਨਾਮ ਅਭਜਾਸ ਨਾਲ ਮਨ ਨੂੰ ਹੁੰਦਾ ਹੈ, ਉਹ ਸਨਾਯੂ ਸ਼੍ਰੇਣੀ ਦਵਾਰਾ ਹੁੰਦਾ ਹੈ, ਸਨਾਯੂ ਸ਼੍ਰੇਣੀ ਸਰੀਰ ਦਾ ਸੰਚਾਲਕ ਹਿੱਸਾ ਹੈ, ਇਉਂ ਜਦ ਸਿਮਰਨ ਲਿਵ ਬਣਦਾ ਹੈ ਤਾਂ ਮਨ ਤੇ ਸਨਾਯੂ ਸ਼੍ਰੇਣੀ ਸੁਖ ਮਾਣਦੇ ਹਨ ਤੇ ਦੇਹ, ਜੋ ਰਸਾਂ ਕਸਾਂ ਵੇਲੇ ਰਜੋ ਗੁਣੀ ਉਛਾਲੇ ਦੇਂਦੀ ਸੀ ਹੁਣ ਸਤੋ ਗੁਣੀ ਟਿਕਾਉ ਰਸ ਵਿਚ ਟਿਕਦੀ ਹੈ। ਸੋ ਮਨ, ਇੰਦ੍ਰੇ ਤੇ ਦੇਹ ਤ੍ਰੈਏ ਲਿਵ ਦੇ ਰਸ ਵਿਚ ਹਿੱਸਾ ਲੈਂਦੇ ਦੱਸੇ ਹਨ- ਫੇਰ ਅੰਕ ੩੧ ਵਿਚ-ਮਨ ਨੂੰ ਵਣਜਾਰਾ ਤੇ ਨਾਮ ਨੂੰ ਰਾਸ ਦੱਸਦੇ ਹੋਏ-ਸਰੀਰ ਨੂੰ ਸੰਬੋਧਨ ਕਰਦੇ ਹਨ ਕਿ ਤੇਰੇ ਵਿਚ ਜੋਤਿ ਰਖੀ ਸੀ ਤਾਂ ਤੂੰ ਜਗਤ ਵਿਚ ਆਯਾ ਸੈਂ। ਅੰਕ ੩੪ ਵਿਚ ਦਸਦੇ ਹਨ ਕਿ ਸਰੀਰ ਦੀ ਸਫ਼ਲਤਾ ਐਸੇ ਕਰਮ ਕਮਾਉਣ ਵਿਚ ਹੈ ਕਿ ਜਿਨ੍ਹਾਂ ਕਰਕੇ ਜੋਤ ਨਿਰਮਲ ਰਹੇ, 'ਜੋਤ ਸਰੂਪੀ' ਨੂੰ ਮਨ ਯਾਦ ਰਖੇ ਤੇ ਸਤਿਗਰ ਨਾਲ ਸਨਮੁਖਤਾ ਰਹੇ। ਅੰਕ ੩੬-੩੭ ਵਿਚ ਸਰੀਰ ਦੀ ਸਫਲਤਾ ਇੰਦ੍ਰਿਆਂ ਦੇ ਯੋਗ ਵਰਤਾਉ ਨਾਲ ਹੋਈ ਦਰਸਾਈ ਹੈ ਸਾਰੀ ਬਾਣੀ ਵਿਚ ਦੇਹ, ਇੰਦ੍ਰੇ ਤੇ ਮਨ ਤ੍ਰੈਹਾਂ ਦੀ ਸਫਲਤਾ, ਤ੍ਰੈਹਾਂ ਦਾ 'ਇਕ ਮਾਂਈਂ ਰੁਖੇ ਹੋਣਾ' ਤੇ 'ਵਾਹਿਗੁਰੂ ਦੀ ਲਿਵ' ਵਿਚ ਰਹਿਣੇ ਦਾ ਉਪਦੇਸ਼ ਹੈ।

੨. ਭਾਵ, ਕਥਨੀ ਮਾਤ੍ਰ ਵਾਲੇ 'ਸਤਿ ਚਿਤ ਆਨੰਦ' ਦੱਸਦੇ ਹੋਏ 'ਆਨੰਦ ਆਨੰਦ' ਕਹਿੰਦੇ ਹਨ, ਪਰ ਆਨੰਦ ਅਨੁਭਵ ਉਨ੍ਹਾਂ ਨੂੰ ਨਹੀਂ, ਇਸ ਅੰਕ ਵਿਚ ਉਸ ਅਨੰਦ ਨੂੰ ਅਨੁਭਵ ਕਰਨ ਦੀ ਜਾਚ ਦੱਸੀ ਹੈ।


www.sikhbookclub.com

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥

ਹੈ[1]। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਇਹ ਅਨੰਦ ਹੈ, (ਪਰ) ਇਹ ਆਨੰਦ (ਅਸਾਂ) ਗੁਰੂ ਤੋਂ ਜਾਣਿਆ ਹੈ॥੭॥

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ॥ ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ॥ ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ॥ ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ॥ ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ॥੮॥

ਹੇ ਪਿਤਾ (ਪਰਮੇਸ਼ੁਰ!) ਜਿਸ ਨੂੰ ਤੂੰ (ਇਹ ਆਨੰਦ ਆਪ) ਦੇਵੇਂ ਓਹੀ ਪੁਰਖ (ਇਸ ਨੂੰ) ਪਾ ਸਕਦਾ ਹੈ: (ਹਾਂ) ਓਹੀ ਪੁਰਖ ਤਾਂ ਪਾਉਂਦਾ ਹੈ ਜਿਸ ਨੂੰ ਤੂੰ ਦੇਂਦਾ ਹੈ, ਹੋਰ ਵਿਚਾਰੇ (ਜਿਨ੍ਹਾਂ ਨੂੰ ਨਾ ਦੇਵੇਂ ਉਹ ਆਪੂੰ) ਕੀਹ ਕਰ ਸਕਦੇ ਹਨ? (ਐਹੋ ਜਿਹੇ) ਕਈ ਭਰਮ ਵਿਚ ਭੁੱਲੇ ਹੋਏ ਦਸੋਂ ਦਿਸ਼ਾ ਵਿਚ ਭਟਕ ਰਹੇ ਹਨ, (ਤੇ) ਇਕ (ਐਸੇ ਹਨ ਜਿਨ੍ਹਾਂ ਤੇ ਤੂੰ ਤ੍ਰੁਠਾ ਹੈਂ ਓਹਨਾਂ ਨੂੰ ਤੂੰ) ਨਾਮ ਵਿਚ ਲਾ ਕੇ ਸੰਵਾਰ ਦਿਤਾ ਹੈ। (ਉਹਨਾਂ ਦਾ) ਮਨ ਗੁਰੂ ਦੀ ਕ੍ਰਿਪਾ ਨਾਲ ਨਿਰਮਲ ਹੋ ਗਿਆ ਹੈ, ਜਿਨ੍ਹਾਂ ਨੂੰ ਤੇਰਾ ਭਾਣਾ ਮਿੱਠਾ ਲੱਗ ਗਿਆ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ ਪਿਆਰੇ ਨੂੰ ਤੂੰ (ਇਹ ਭਾਣਾ ਮਿੱਠਾ ਲੱਗਣ ਦੀ ਦਾਤ) ਦੇਵੇਂ ਉਹੀ ਪੁਰਖ ਪਾ ਸਕਦਾ ਹੈ (ਆਨੰਦ)॥੮॥

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥ ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥ ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥੯॥

ਹੇ ਪਿਆਰੇ ਸੰਤੋ! ਆਵੋ, ਅਕਥ (ਪਰਮੇਸ਼ੁਰ) ਦੀ ਕਥਾ ਕਰੀਏ। (ਹਾਂ) ਅਕੱਥ (ਵਾਹਿਗੁਰੂ) ਸੰਬੰਧੀ ਕਥਾ ਕਰੀਏ (ਤੇ ਪਤਾ ਕਰੀਏ ਕਿ ਉਸ ਨੂੰ) ਕਿਸ ਰਸਤੇ[2] ਪਾਈਦਾ ਹੈ? (ਉੱਤਰ:) ਤਨ ਮਨ ਧਨ ਸਭ (ਕੁਛ) ਗੁਰੂ ਨੂੰ ਸੌਂਪ ਕੇ (ਉਸ ਦੇ) ਹੁਕਮ ਨੂੰ ਮੰਨਣ ਨਾਲ (ਪਰਮੇਸ਼ੁਰ ਨੂੰ) ਪਾਈਦਾ ਹੈ। (ਤਾਂਤੇ ਹੇ ਸਿਖੋ!) ਗੁਰੂ ਦਾ ਹੁਕਮ ਮੰਨਣਾ ਤੇ ਸੱਚੀ ਬਾਣੀ ਨੂੰ ਗਾਉਣਾ। (ਗੁਰੂ) ਨਾਨਕ (ਦੇਵ ਜੀ) ਕਹਿੰਦੇ ਹਨ: ਹੇ ਸੰਤ ਜਨੋਂ ਸੁਣੋਂ (ਐਉਂ) ਅਕਥ ਦੀ ਕਹਾਣੀ ਕਥਨ ਕਰਨੀ॥੯॥

ਪ੍ਰਸ਼ਨ ਹੁੰਦਾ ਹੈ ਕਿ ਕੀਹ ਅਪਣੀ ਚਤੁਰਾਈ ਨਾਲ ਪ੍ਰਾਪਤੀ ਨਹੀਂ ਹੋ ਸਕਦੀ? ਤਾਂ ਦੱਸਦੇ ਹਨ ਕਿ-

---

੧. ਪਿਛਲੇ ਅੰਕ ਵਿਚ ਪਾਠ ਸੀ, 'ਸਬਦਿ ਲਾਗਿ ਸਵਾਰੀਆ' ਅਗਲੇ ਅੰਕ ਵਿਚ ਪਾਠ ਹੈ, 'ਨਾਮਿ ਲਾਗਿ ਸਵਾਰਿਆ', ਇਥੇ ਪਾਠ ਹੈ, 'ਤਿਨ ਕਾ ਸਬਦੁ ਸਚੈ ਸਵਾਰਿਆ।' ਭਾਵੇਹ ਕਿ ਉਨ੍ਹਾਂ ਦੇ ਨਾਮ ਅਭਯਾਸ ਨੇ 'ਨਾਮ ਰਸ' ਵਾਲੀ (ਅਵਸਥਾ ਪਾ ਲਈ ਹੈ; 'ਸਬਦ ਸਵਾਰਿਆ' ਦਾ ਅਰਥ ਏਥੇ ਇਹ ਬੀ ਲਾਉਂਦੇ ਹਨ ਕਿ ਉਨ੍ਹਾਂ ਨੂੰ 'ਵਾਕ ਸੱਤਾ' ਪ੍ਰਾਪਤ ਹੋ ਗਈ ਹੈ, ਯਾ ਓਹ 'ਮਿੱਠ ਬੋਲੇ' ਹੋ ਗਏ ਹਨ।

੨. ਕਿਸ ਜ਼ਰੀਏ ਕਿਸ ਸਾਧਨ ਨਾਲ?

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥

ਹੇ ਚੰਚਲ ਮਨ! ਚਤੁਰਾਈ ਨਾਲ (ਸਾਈਂ) ਕਿਸੇ ਨੇ ਨਹੀਓਂ ਪਾਇਆ। ਹਾਂ, ਚਤੁਰਾਈ ਨਾਲ ਕਿਸੇ ਨੇ ਨਹੀਓਂ ਪਾਇਆ, ਤੂੰ (ਚੰਗੀ ਤਰ੍ਹਾਂ) ਸੁਣ ਲੈ ਮੇਰੇ ਮਨਾਂ! (ਕਿਉਂਕਿ) ਇਹ ਮਾਇਆ (ਜੀਵ ਨੂੰ ਮੋਹ ਲੈਣ ਵਾਲੀ ਹੈ, ਜਿਸ ਨੇ (ਇਸ ਨੂੰ) ਇਸ ਭਰਮ ਵਿਚ (ਪਾ ਕੇ) ਭੁਲਾ ਰਖਿਆ ਹੈ (ਕਿ ਸੰਸਾਰ ਨਿੱਤ ਹੈ, ਇਸ ਕਰਕੇ ਚਤੁਰਾਈ ਸੰਸਾਰ ਸੰਚਯ ਕਰਨ ਵਿਚ ਲੱਗ ਰਹੀ ਹੈ ਤੇ ਰਚਣਹਾਰ ਵਿਸਰ ਰਿਹਾ ਹੈ[1]। ਪ੍ਰਸ਼ਨ ਹੁੰਦਾ ਹੈ ਕਿ ਮਾਇਆ ਕਿਥੋਂ ਆ ਗਈ?)ਜਿਸ ਨੇ (ਸਾਡੇ ਉਤੇ) ਠਗ ਮੂਰੀ[2] ਪਾ ਛੱਡੀ ਹੈ (ਦੱਸਦੇ ਹਨ ਕਿ ਇਹ) ਮੋਹ ਲੈਣ ਵਾਲੀ ਮਾਯਾ ਬੀ ਉਸੇ (ਰਚਣਹਾਰ) ਦੀ ਰਚੀ ਹੋਈ ਹੈ। (ਪਰ ਮੈਂ) ਕੁਰਬਾਨ ਕੀਤਾ (ਰਚੀ ਹੋਈ ਤੋਂ ਨਾ ਪਰ) ਉਸ (ਰਚਣਹਾਰ) ਤੋਂ ਜਿਸ ਨੇ (ਸਾਨੂੰ) ਮੋਹ ਮਿੱਠਾ ਕਰਕੇ ਲਾਇਆ ਹੈ (ਕਿਉਂਕਿ ਇਸੇ ਮੋਹ ਨੂੰ ਅਸੀਂ ਸਾਈਂ ਵਲ ਲਾ ਕੇ ਮਾਯਾ ਦੇ ਮੋਹ ਨੂੰ ਤਰ ਜਾਵਾਂਗੇ)। (ਤਾਂਤੇ ਹੇ ਮੇਰੇ) ਚੰਚਲ ਮਨ! ਚਤੁਰਾਈ ਨਾਲ ਕਿਸੇ ਨੇ ਨਹੀਓਂ ਪਾਇਆ (ਕਿਉਂਕਿ ਚਤੁਰਾਈ ਨੂੰ ਮਾਇਆ ਠਗ ਲੈਂਦੀ ਹੈ), ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ)॥੧੦॥

ਇਹੋ ਚੰਚਲ ਮਨ, ਜਦ ਸੱਚ ਦੀ ਸਮ੍ਹਾਲ ਕਰਦਾ ਹੈ ਤਾਂ ਸਾਂਈਂ ਦੇ ਰਸਤੇ ਟੋਹ ਲਿਚੱਲਦਾ ਹੈ ਤਾਂ ਮਨ ਨੂੰ ਹੁਣ ਐਉਂ ਸੰਬੋਧਨ ਕਰਦੇ ਹਨ ਕਿ--

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਹੇ ਪਜਾਰੇ ਮਨ! ਤੂੰ ਸਦਾ ਸੱਚ ਦੀ ਸੰਮ੍ਹਾਲ ਕਰ। ਇਹ ਜੋ ਕੁਟੰਬ ਤੂੰ ਦੇਖਦਾ ਹੈਂ (ਜਿਸ ਦੇ ਮੋਹ ਵਿਚ ਤੂੰ ਠੱਗਿਆ ਜਾਂਦਾ ਸੈਂ) ਤੇਰੇ ਨਾਲ ਨਹੀਂ ਚੱਲੇਗਾ। (ਜਦ ਇਹ ਗੱਲ ਤੂੰ ਜਾਣਦਾ ਹੈਂ ਕਿ ਇਹ ਸੱਚ ਮੁੱਚ) ਤੇਰੇ ਨਾਲ ਨਹੀਂ ਜਾਏਗਾ ਤਾਂ ਇਸ ਨਾਲ (ਫੇਰ) ਚਿਤ ਕਿਉਂ ਲਾਈਦਾ ਹੈ? ਸਿਆਣਪ ਤਾਂ ਇਹ ਹੈ ਕਿ ਇਹ ਗੱਲ ਸਮਝ ਪੈ ਜਾਵੇ ਕਿ) ਅਜੇਹਾ ਕੰਮ ਮੂਲੋਂ ਨਾ ਕਰੀਏ ਜਿਸ ਦੇ (ਕਰਨੇ ਤੇ) ਅੰਤ ਨੂੰ ਪਛੋਤਾਉਣਾ ਪਵੇ। (ਤਾਂਤੇ ਹੇ ਮਨ!) ਤੂੰ ਸਤਿਗੁਰੂ ਦਾ ਉਪਦੇਸ਼ ਸੁਣ (ਜੋ

---

੧. ਇਹ ਗੱਲ ਅਗਲੇ ਅੰਕ ਵਿਚ ਸਪਸ਼ਟ ਹੋ ਜਾਂਦੀ ਹੈ।

੨. ਠਗਉਲੀ=ਕੋਈ ਬੂਟੀ ਆਦਿਕ, ਜਿਸ ਦੇ ਨਸ਼ੇ ਵਿਚ ਨਸ਼ਈ ਕਰਕੇ ਠੱਗ ਦੂਸਰੇ ਨੂੰ ਠੱਗ ਲੈਂਦੇ ਹਨ। ਭਾਵ ਹੈ ਮਾਯਾ ਦੀ ਮੋਹਨਹਾਰੀ ਸ਼ਕਤੀ।

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ੧੧॥

ਅੰਤ ਨੂੰ ਪਛੋਤਾਉਣ ਦੀ ਥਾਂ) ਤੇਰੇ ਨਾਲ (ਸਹਾਈ) ਹੋਵੇਗਾ। ਕਹਿੰਦੇ ਹਨ (ਗੁਰੂ) ਨਾਨਕ, ਹੇ ਪਯਾਰੇ ਮਨ ਤੂੰ ਸਦਾ ਸੱਚ ਨੂੰ ਸਮ੍ਹਾਲਿਆ ਕਰ! ॥੧੧॥

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥ ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ॥ ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ॥ ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ॥ ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ॥੧੨॥

ਇਸ ਤਰ੍ਹਾਂ ਉਪਦੇਸ਼ ਕਰਦੇ ਕਰਦੇ ਆਪ ਹੁਣ ਸੰਸਾਰ ਲਈ ਪ੍ਰਾਰਥਨਾ ਵਿਚ ਚਲੇ ਜਾਂਦੇ ਹਨ:-

ਹੇ ਅਗੰਮ[1], ਹੇ ਅਗੋਚਰ[2]! ਤੇਰਾ ਅੰਤ ਨਹੀਂ ਪਾਇਆ (ਗਿਆ ਕਿਸੇ ਤੋਂ। ਹਾਂ) ਤੇਰਾ ਅੰਤ ਕਿਸੇ ਨੇ ਨਹੀਂ ਪਾਇਆ, ਆਪਣਾ ਆਪ (ਕੇਵਲ) ਤੂੰ ਜਾਣਦਾ ਹੈਂ। (ਇਹ) ਜੀਆ ਜੰਤ ਸਭ ਤੇਰਾ ਖੇਲ ਹੈ, ਇਨ੍ਹਾਂ ਵਿਚ) ਕੌਣ ਹੈ (ਜੋ ਕ੍ਰਿਤ ਹੋ ਕੇ ਤੇ ਕਰਤੇ ਦੀ ਬਾਬਤ) ਕੁਛ ਕਹਿ ਕੇ ਵਰਣਨ ਕਰ ਸਕੇ। (ਹਾਂ ਤੂੰ ਜਿਸ ਨੇ ਜਗਤ ਪੈਦਾ ਕੀਤਾ ਹੈ (ਤੂੰ ਹੀ) ਹੈਂ (ਜੋ) ਸਭ ਨੂੰ ਵੇਖਦਾ ਹੈਂ (ਤੂੰ ਹੀ) ਆਖਦਾ ਹੈਂ (ਜੋ ਤੂੰ ਚਾਹੇਂ)। ਕਹਿੰਦੇ ਹਨ (ਗੁਰੂ) ਨਾਨਕ, ਤੂੰ ਸਦਾ ਅਗੰਮ ਹੈਂ, ਤੇਰਾ ਅੰਤ (ਕਿਸੇ ਨੇ) ਨਹੀਂ ਪਾਇਆ॥੧੨॥

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪਾਇਆ ਅੰਮ੍ਰਿਤੁ ਗੁਰਿ ਕਿਰਪਾ ਕੀਨੀ ਸਚਾ ਮਨਿ ਵਸਾਇਆ॥ ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥

ਸੁਰ ਨਰ, ਮੁਨੀ ਜਨ[3] (ਜਿਸ) ਅੰਮ੍ਰਿਤ ਨੂੰ ਖੋਜਦੇ ਹਨ ਉਹ (ਅਸਾਂ) ਅੰਮ੍ਰਿਤ[4] ਗੁਰੂ ਤੋਂ ਪਾ ਲਿਆ ਹੈ। ਗੁਰੂ ਨੇ (ਅਸਾਂ ਤੇ) ਕਿਰਪਾ ਕੀਤੀ, ਸੱਚਾ (ਨਾਮ ਸਾਡੇ) ਮਨ ਵਿਚ ਵਸਾ ਦਿਤਾ (ਤਾਂ ਅਸਾਂ) ਅੰਮ੍ਰਿਤ ਪਾ ਲਿਆ। (ਏਹ ਜੋ) ਜੀਅ ਜੰਤ ਸਾਰੇ ਤੇਰੇ ਪੈਦਾ ਕੀਤੇ ਹਨ (ਇਨ੍ਹਾਂ ਵਿਚੋਂ) ਇਕ (ਤਾਂ) ਵੇਖਣ ਲਈ (ਆਏ ਹਨ ਤੇ ਇਕ) ਪਰਸਣ[5] ਲਈ ਆਏ ਹਨ। (ਇਨ੍ਹਾਂ ਪਰਸਨ ਆਇਆਂ ਵਿਚੋਂ ਜਿਨ੍ਹਾਂ ਨੂੰ) ਸਤਿਗੁਰੂ (ਦਾ ਉਪਦੇਸ਼) ਚੰਗਾ ਲੱਗ

---

੧. ਜਿਸ ਨੂੰ ਮਨ ਨਾ ਜਾਣ ਸਕੇ।

੨. ਜਿਸ ਨੂੰ ਇੰਦ੍ਰੇ ਨਾ ਜਾਣ ਸਕਣ।

੩. ਸੰਸਕ੍ਰਿਤ-ਸੁਰ=ਦੇਵਤਾ। ਦਾਨਾ ਪੁਰਖ; ਵਿਦਵਾਨ। ਸੁਰਿ ਨਰ=ਦੇਵਤਾ ਤੇ ਮਨੁੱਖ। ਯਥਾ-ਸੁਰਿ ਨਰ ਅਸੁਰ ਅੰਤੁ ਨਹੀ ਪਾਯਉ। (ਸਵ:ਮ:੪) (ਅ) ਵਿਦਵਾਨ ਤੇ ਦਾਨਾ ਪੁਰਖ। ਮੁਨਿ=ਰਿਸ਼ੀ। ਤਪਸ੍ਵੀ। ਜਨ=ਦਾਸ। ਮੁਨਿਜਨ=ਮੁਨੀ ਲੋਕ।

੪. ਨਾਮ ਰਸ; ਆਤਮ ਰਸ।

੫. ਭਾਵ ਸਤਿਸੰਗ ਕਰਨ ਲਈ। ਭਾਵ ਐਉਂ ਪ੍ਰਤੀਤ ਦੇਂਦਾ ਹੈ ਕਿ ਸਤਿਗੁਰੂ ਦਾ ਇਕ ਦਰਸ਼ਨ ਕਰਨ ਮਾਤ੍ਰ ਤੇ ਇਕ ਸਤਿਸੰਗ ਕਰਨ ਲਈ ਆਏ ਹਨ।

ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥ ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥

ਗਿਆ (ਉਹਨਾਂ ਦਾ) ਲਬ ਲੋਭ ਤੇ ਹੰਕਾਰ ਦੂਰ ਹੋ ਗਿਆ। (ਹੁਣ ਆਪਣੀ ਨਿੰਮ੍ਰਤਾ ਸੂਚਨ ਕਰਦੇ ਹਨ) ਕਹਿੰਦੇ ਹਨ (ਗੁਰੂ) ਨਾਨਕ, ਜਿਨ੍ਹਾਂ ਤੇ ਆਪ (ਪਰਮੇਸ਼ੁਰ) ਤ੍ਰੁਠਾ ਉਹਨਾਂ ਨੇ ਗੁਰੂ ਤੋਂ ਅੰਮ੍ਰਿਤ ਪਾ ਲਿਆ ਹੈ॥੧੩॥

ਭਗਤਾ ਕੀ ਚਾਲ ਨਿਰਾਲੀ॥

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥

ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥

(ਗੁਰੂ ਦੇ ਦੱਸੇ ਇਸ ਮਾਰਗ ਤੇ ਚੱਲਣ ਵਾਲੇ ਭਗਤ ਕਹੀਦੇ ਹਨ, ਪਰ) ਭਗਤਾਂ ਦੀ (ਸੰਸਾਰ ਵਿਚ ਗ੍ਰਸੇ ਲੋਕਾਂ ਨਾਲੋਂ) ਚਾਲ[1] ਵੱਖਰੀ ਹੀ ਹੁੰਦੀ ਹੈ। (ਕਿਉਂਕਿ ਉਹਨਾਂ ਨੇ) ਕਠਨ ਰਸਤੇ[2] ਉਤੇ ਟੁਰਨਾ ਹੁੰਦਾ ਹੈ, ਇਸ ਕਰਕੇ (ਉਹਨਾਂ) ਭਗਤਾਂ ਦੀ ਚਾਲ ਵੱਖਰੀ (ਤਰ੍ਹਾਂ ਦੀ) ਹੁੰਦੀ ਹੈ। (ਸੰਸਾਰ ਨੇ ਤਾਂ ਤ੍ਰਿਸ਼ਨਾ, ਲਬ, ਲੋਭ, ਅਹੰਕਾਰ ਵਿਚ ਤੁਰਨਾ ਹੋਯਾ ਤੇ ਭਗਤ ਨੇ) ਲਬ ਲੋਭ ਅਹੰਕਾਰ ਤੇ ਤ੍ਰਿਸ਼ਨਾ ਨੂੰ ਛੱਡਣਾ ਹੋਇਆ, (ਐਥੋਂ ਤਾਈਂ ਕਿ) ਬੋਲਣਾ ਬੀ ਬਹੁਤ ਨਾ ਹੋਇਆ (ਤਦ ਚਾਲ ਆਪੇ ਵੱਖਰੀ ਹੋ ਜਾਣੀ ਹੋਈ)[3]। (ਫੇਰ ਇਸ ਕਠਨਤਾ ਤੇ ਹੀ ਬੱਸ ਨਹੀਂ) ਖੰਡੇ ਤੋਂ ਤ੍ਰਿਖੀ ਤੇ ਵਾਲ ਤੋਂ ਬ੍ਰੀਕ (ਜਿਵੇਂ ਪਗਡੰਡੀ ਹੋਵੇ) ਐਸੇ ਰਸਤੇ ਤੇ (ਉਹਨਾਂ ਨੂੰ) ਜਾਣਾ ਪੈਂਦਾ ਹੈ। (ਉਹ ਹੈ ਆਪਾ ਭਾਵ ਨੂੰ ਜਿੱਤ ਲੈਣਾ, ਪਰ) ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਨੇ (ਏਹ) ਆਪਾ ਭਾਵ ਛੱਡ ਦਿਤਾ ਹੈ ਤੇ ਵਾਸ਼ਨਾ ਨੂੰ ਹਰੀ ਵਿਚ ਸਮਾ ਲਿਆ ਹੈ (ਉਹੀ ਭਗਤ ਹੋਏ ਹਨ ਤੇ) ਕਹਿੰਦੇ ਹਨ (ਗੁਰੂ) ਨਾਨਕ, (ਐਸੇ) ਭਗਤਾਂ ਦੀ ਚਾਲ ਹਰ ਜੁਗ ਵਿਚ (ਸੰਸਾਰੀਆਂ ਤੋਂ) ਅੱਡਰੀ ਰਹੀ ਹੈ॥੧੪॥

ਹੁਣ ਫੇਰ ਅਰਦਾਸ ਵਿਚ ਜਾਂਦੇ ਹਨ ਕਿ ਭਗਤਾਂ ਦੀ ਚਾਲ ਅਪਣੀ ਕਿਸੇ ਹਉਂ ਦੀ ਟੇਕ ਤੇ ਨਹੀਂ, ਤੇਰੇ ਭਰੋਸੇ ਤੇ ਹੈ।

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥ ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥

(ਹੇ ਸੱਚੇ ਸਾਹਿਬ! ਹੇ) ਸੁਆਮੀ! ਜਿਵੇਂ ਤੂੰ ਚਲਾਵੇਂ ਤਿਵੇਂ (ਅਸੀਂ) ਚਲਦੇ ਹਾਂ, ਹੋਰ ਤੇਰੇ ਗੁਣਾਂ (ਦੇ ਸਮੂਹ ਨੂੰ ਅਸੀਂ) ਕੀਹ ਜਾਣੀਏ। ਜਿਨ੍ਹਾਂ ਨੂੰ (ਤੂੰ ਆਪ ਠੀਕ) ਰਸਤੇ ਪਾ ਦੇਂਦਾ ਹੈਂ (ਓਹ) ਜਿਵੇਂ ਤੂੰ ਟੋਰੇਂ ਤਿਵੇਂ ਟੁਰਦੇ ਹਨ। (ਅਪਣੀ) ਕਿਰਪਾ

---

੧. ਜੀਵਨ ਬਸਰ ਕਰਨ ਦਾ ਤ੍ਰੀਕਾ।

੨. ਵਿ+ਖਮ=ਜੋ ਇਕੋ ਜਿਹਾ ਨਾ ਹੋਵੇ। ਜਿਸ ਤੇ ਤੁਰਨਾ ਆਸਾਨ ਨਾ ਹੋਵੇ। ਕਠਨ, ਔਖਾ।

੩. ਇਸ ਵਿਚ ਧੁਨੀ ਇਹ ਹੈ ਕਿ ਲਬ ਲੋਭ ਅਹੰਕਾਰ ਤ੍ਰਿਸ਼ਨਾ ਛੱਡਕੇ ਗੱਪਾਂ ਨਹੀਂ ਮਾਰਨੀਆਂ ਕਿ ਮੈਂ ਇਹ ਗੱਲਾਂ ਛੱਡ ਦਿੱਤੀਆਂ ਹਨ, ਜਿਵੇਂ ਸੰਸਾਰੀ ਲੋਕ ਰਤਾ ਜਿੰਨਾ ਚੰਗਾ ਕੰਮ ਕਰਕੇ ਫੇਰ ਗੱਪਾਂ ਮਾਰਦੇ ਹਨ।

ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ॥ ਜਿਸਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥ ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥੧੫॥

ਕਰਕੇ ਜਿਨ੍ਹਾਂ ਨੂੰ ਤੂੰ (ਅਪਣੇ) ਨਾਮ ਵਿਚ ਲਾ ਲੈਂਦਾ ਹੈਂ ਓਹ ਸਦਾ (ਤੈਨੂੰ) ਹਰਿ ਹਰਿ (ਕਰਕੇ) ਧਿਆਉਂਦੇ ਹਨ। (ਤੂੰ ਹੀ) ਗੁਰੂ ਦੁਆਰੇ ਜਿਸ ਨੂੰ ਆਪਣੀ ਕੱਥਾ ਸੁਣਾਉਂਦਾ ਹੈਂ ਉਹੀ (ਆਤਮ) ਸੁਖ ਪਾਉਂਦਾ ਹੈ। ਕਹਿੰਦੇ ਹਨ (ਗੁਰੂ) ਨਾਨਕ, ਹੇ ਸੱਚੇ ਸਾਹਿਬ! ਜਿਵੇਂ (ਤੈਨੂੰ) ਭਾਉਂਦਾ ਹੈ (ਭਗਤਾਂ ਨੂੰ ਤੂੰ) ਓਵੇਂ ਹੀ ਚਲਾਉਂਦਾ ਹੈਂ॥੧੫॥

ਏਹੁ ਸੋਹਿਲਾ ਸਬਦੁ ਸੁਹਾਵਾ॥ ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥ ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥ ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥ ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥੧੬॥

ਏਹ ਸ਼ਬਦ ਸੋਹਿਲਾ[1] (ਬੜਾ) ਸੁਹਾਵਣਾ ਹੈ। ਏਹ ਸਦਾ ਸੁਹਾਵਣਾ ਸ਼ਬਦ ਸੋਹਿਲਾ ਸਤਿਗੁਰੂ ਨੇ ਸੁਣਾਇਆ ਹੈ। ਇਹ ਉਹਨਾਂ ਦੇ ਮਨ ਵਿਚ ਵਸ ਗਿਆ ਹੈ ਜਿਨ੍ਹਾਂ ਨੂੰ ਧੁਰੋਂ ਲਿਖਿਆ ਆਇਆ ਹੈ। ਇਕ (ਐਸੇ ਹਨ ਜੋ) ਬਤੇਰੇ ਪਏ ਫਿਰਦੇ ਹਨ ਤੇ ਗੱਲਾਂ ਮਾਰਦੇ ਹਨ (ਪਰ ਫਿਰਨ ਨਾਲ ਤੇ) ਗੱਲਾਂ ਕਰਨ ਨਾਲ (ਇਹ) ਕਿਸੇ ਨੇ ਨਹੀਂ ਪਾਇਆ। (ਇਹ ਤਾਂ ਉਹਨਾਂ ਨੇ ਪਾਇਆ ਹੈ ਜਿਨ੍ਹਾਂ ਨੂੰ ਇਹ) ਸਬਦ ਸੋਹਿਲਾ ਸਤਿਗੁਰੂ ਨੇ ਸੁਣਾਇਆ ਹੈ, ਕਹਿੰਦੇ ਹਨ (ਗੁਰੂ) ਨਾਨਕ॥੧੬॥

ਜਿਨ੍ਹਾਂ ਨੇ ਇਹ ਮੰਗਲ ਗੀਤ ਗੁਰੂ ਤੋਂ ਸੁਣ ਕੇ 'ਨਾਮ' ਧਿਆਇਆ ਹੈ ਉਹਨਾਂ ਬਾਬਤ ਹੁਣ ਕਥਨ ਕਰਦੇ ਹਨ:-

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥ ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥ ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥ ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥

ਜਿਨ੍ਹਾਂ ਨੇ ਪਰਮੇਸ਼ੁਰ ਨੂੰ ਧਿਆਇਆ ਹੈ ਓਹ ਜਨ ਪਵਿੱਤ੍ਰ ਹੋ ਗਏ ਹਨ। (ਹਾਂ) ਹਰੀ ਨੂੰ ਧਿਆਇਆ (ਜਿਨ੍ਹਾਂ ਨੇ ਓਹ) ਪਵਿਤ੍ਰ ਹੋ ਗਏ (ਪਰੰਤੂ) ਗੁਰਮੁਖ ਹੋ ਕੇ ਜਿਨ੍ਹਾਂ ਨੇ ਧਿਆਇਆ[2]। (ਓਹ ਆਪ ਪਵਿਤ੍ਰ ਹੋਏ ਹਨ, ਹਾਂ) ਮਾਂ, ਪਿਉ, ਕੁਟੰਬ ਸਮੇਤ ਪਵਿਤ੍ਰ ਹੋਏ ਹਨ ਤੇ ਸਾਰੀ ਸੰਗਤ ਸਣੇ ਪਵਿਤ੍ਰ (ਹੋਏ ਹਨ)। (ਇਸ ਨਾਮ ਨੂੰ) ਜਪਣ ਵਾਲੇ ਪਵਿਤ੍ਰ ਹੋਏ ਹਨ, ਸੁਣਨ ਵਾਲੇ ਪਵਿਤ੍ਰ ਹੋਏ ਹਨ ਤੇ ਓਹ ਪਵਿਤ੍ਰ ਹੋਏ ਹਨ ਜਿਨ੍ਹਾਂ ਨੇ ਮਨ ਵਿਚ (ਇਸ ਨੂੰ) ਵਸਾਇਆ ਹੈ। ਕਹਿੰਦੇ ਹਨ (ਗੁਰੂ) ਨਾਨਕ, ਓਹ

---

੧. ਸ਼ਬਦ ਰੂਪੀ ਮੰਗਲ ਗੀਤ। ਨਾਮ ਦਾ ਮੰਗਲਮਯ ਸੰਦੇਸਾ। ਇਥੇ ਸ਼ਬਦ ਦਾ ਅਰਥ ਨਾਮ ਆਰਾਧਨ ਹੈ, ਇਹ ਗੱਲ ਅਗਲੇ ਅੰਕ ਤੋਂ ਸਹੀ ਪਈ ਹੁੰਦੀ ਹੈ।

੨. 'ਗੁਰੂ ਦੁਆਰੇ ਜਿਨ੍ਹਾਂ ਨੇ ਧਿਆਇਆ' ਐਉਂ ਬੀ ਅਰਥ ਲੱਗਦੇ ਹਨ, ਤੇ ਗੁਰਮੁਖ ਗੁਰੂ ਤੋਂ ਉਪਦੇਸ਼ ਲੈ ਕੇ ਗੁਰ ਦੀਖਯਤ ਵਾਲੇ ਨੂੰ ਬੀ ਕਹਿੰਦੇ ਹਨ। ਭਾਵ ਦੁਹਾਂ ਦਾ ਇਕੋ ਹੈ।


www.sikhbookclub.com

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥ ੧੭॥

ਪਵਿਤ੍ਰ ਹਨ ਜਿਨ੍ਹਾਂ ਨੇ ਗੁਰਮੁਖ ਹੋ ਕੇ ਪਰਮੇਸ਼ੁਰ ਨੂੰ ਧਿਆਇਆ (ਸਿਮਰਿਆ) ਹੈ॥੧੭॥

ਪ੍ਰਸ਼ਨ ਹੁੰਦਾ ਹੈ ਕਿ ਕਿਆ ਕਰਮ ਕਾਂਡ ਦਾ ਦੱਸਿਆ ਕਰਮ ਅਭਯਾਸ ਸਦਗਤੀ ਨਹੀਂ ਦੇ ਸਕਦਾ? ਐਸੇ ਪ੍ਰਸ਼ਨ ਦਾ ਉੱਤਰ ਦੇਂਦੇ ਹਨ ਕਿ ਕਲਯਾਨ ਲਈ ਸਹਿਜ (ਸੁਤੇ ਤੇ ਅਨੁਭਵੀ ਗਯਾਨ) ਦੀ ਲੋੜ ਹੈ ਜੋ ਹਰੀ ਨਾਲ ਚਿਤ ਲਾਯਾਂ ਉਪਜਦਾ ਹੈ।

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ॥ ੧੮॥

ਕਰਮ (ਕਾਂਡ ਦੇ ਦੱਸੇ ਕਰਮ ਕਰਨੇ) ਨਾਲ ਗਜਾਨ ਨਹੀਂ ਪੈਦਾ ਹੁੰਦਾ, (ਕਰਮ ਕਾਂਡ ਤਾਂ ਜੀਵ ਨੂੰ ਸੰਸਿਆਂ ਵਿਚ ਰੱਖਦਾ ਹੈ ਤੇ) ਸੰਸਾ ਬਿਨਾਂ ਗਜਾਨ ਦੇ ਦੂਰ ਨਹੀਂ ਹੁੰਦਾ। ਕਿਸੇ ਬੀ ਸੰਜਮ[1] ਨਾਲ ਸੰਸਾ ਦੂਰ ਨਹੀਂ ਹੁੰਦਾ (ਲੋਕੀਂ ਸੰਜਮ, ਨੇਮ, ਧਰਮ, ਤਪ, ਬ੍ਰਤ, ਪੂਜਾ ਆਦਿ ਬਥੇਰੇ) ਕਰਮ ਕਰਦੇ ਰਹੇ ਹਨ। (ਪ੍ਰਸ਼ਨ:) ਜੀਉ[2] ਸੰਸਿਆਂ ਨਾਲ ਮੈਲਾ ਹੋ ਰਿਹਾ ਹੈ ਤਾਂ (ਦੱਸੋ ਜੋ ਇਹ) ਕਿਸ ਸੰਜਮ ਨਾਲ ਧੋਤਾ ਜਾਵੇ? (ਉੱਤਰ ਦੇਂਦੇ ਹਨ : ਪਰਮੇਸ਼ੁਰ ਦੇ) ਨਾਮ ਵਿਚ ਲਗੋ (ਐਉਂ ਕਿ) ਵਾਹਿਗੁਰੂ ਵਿਚ ਚਿਤ ਜੋੜੀ ਰਖੋ, (ਇਸ ਤਰ੍ਹਾਂ) ਮਨ ਨੂੰ ਧੋ ਲਓ! ਕਹਿੰਦੇ ਹਨ (ਗੁਰੂ) ਨਾਨਕ, (ਇਉਂ ਵਾਹਿਗੁਰੂ ਵਿਚ ਲਗੇ ਰਿਹਾਂ) ਗੁਰੂ ਦੀ ਕਿਰਪਾ ਨਾਲ ਗਜਾਨ ਉਪਜਦਾ ਹੈ (ਤੇ) ਇਹ ਸੰਸਾ ਐਉਂ ਦੂਰ ਹੁੰਦਾ ਹੈ॥੧੮॥

ਕਰਮ ਕਾਂਡ ਦੇ ਸੰਯਮ ਇਸ਼ਨਾਨ ਆਦਿ ਕਰਕੇ ਬਾਹਰੋਂ ਨਿਰਮਲਤਾ ਆ ਜਾਂਦੀ ਹੈ, ਪਰ ਮਨ ਵਿਚ ਤ੍ਰਿਸ਼ਨਾ ਆਦੀ ਮੈਲ ਕੰਮ ਕਰਦੀ ਰਹਿੰਦੀ ਹੈ, ਇਸ ਕਰਕੇ ਦੱਸਦੇ ਹਨ ਕਿ-

ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਜੋ ਲੋਕ) ਮਨੋਂ ਤਾਂ ਮੈਲੇ ਹਨ ਤੇ ਬਾਹਰੋਂ ਨਿਰਮਲ ਹਨ, (ਹਾਂ ਜੋ) ਬਾਹਰੋਂ ਤਾਂ ਨਿਰਮਲ ਤੇ ਮਨੋਂ ਮੈਲੇ ਹਨ, ਉਹਨਾਂ ਨੇ ਜਨਮ (ਮਾਨੋਂ) ਜੂਏ ਵਿਚ ਹਾਰ ਦਿੱਤਾ ਹੈ। (ਕਿਉਂਕਿ) ਇਹ ਤ੍ਰਿਸ਼ਨਾ (ਉਹਨਾਂ ਨੂੰ) ਵੱਡਾ ਰੋਗ[3] ਹੋ ਕੇ ਲਗ ਪਿਆ ਹੈ (ਜਿਸ ਕਰਕੇ ਉਹਨਾਂ ਨੇ) ਮਨੋਂ ਮਰਨੇ ਨੂੰ ਵਿਸਾਰ ਦਿਤਾ ਹੈ। (ਐਉਂ) ਜੀਉਣਾਂ ਜੋ ਝੂਠ ਸੀ ਇਸ ਨੂੰ ਸੱਚ ਜਾਣ ਕੇ ਓਹ

੧. ਸੰਸ:, ਸੰਯਮ=ਕਰਮ ਕਾਂਡ ਆਦਿ ਤ੍ਰੀਕਿਆਂ ਦੇ ਦੱਸੇ ਬੰਧਨ ਤੇ ਰੋਕਾਂ ਜੋ ਕਰਮ ਕਾਂਡੀ ਧਾਰਨ ਕਰਦੇ ਹਨ, ਬ੍ਰਤ ਆਦਿ। (ਅ) ਉਪਾਉ ਜਤਨ।

੨. ਜੀਉ ਦਾ ਅਰਥ ਏਥੇ ਮਨ ਹੈ ਵੇਖੋ ਚੌਥੀ ਤੁਕ ਵਿਚ ਇਸ ਦੀ ਥਾਵੇਂ ਉਤਰ ਵਿਚ 'ਮਨ' ਪਦ ਵੀ ਵਰਤਿਆ ਹੈ।

੩. ਵਡਾ ਰੋਗ 'ਕੋੜ੍ਹ' ਨੂੰ ਬੀ ਕਹਿੰਦੇ ਹਨ।

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥ ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥

ਕੂੜ ਵਿਚ ਲੱਗ ਪਏ ਤੇ) ਵੇਦਾਂ ਵਿਚ ਜੋ ਉਤਮ ਵਸਤੂ ਸੀ 'ਨਾਮ' ਉਹ ਤਾਂ ਓਹ ਸੁਣਦੇ ਨਹੀਂ ਤੇ ਬੇਤਾਲਾਂ[1] ਵਾਂਙੂ ਪਏ ਫਿਰਦੇ ਹਨ। (ਇਉਂ ਆਪਾ ਖੁੰਝਾ ਕੇ ਖਿੰਡਾਉ ਵਿਚ ਲਗਕੇ) ਜਿਨ੍ਹਾਂ ਨੇ ਸੱਚ ਨੂੰ ਤਿਆਗਿਆ ਤੇ ਝੂਠ ਨੂੰ ਲਗ ਪਏ ਉਹਨਾਂ (ਅਪਣਾ ਮਨੁੱਖਾ) ਜਨਮ (ਮਾਨੋਂ) ਜੂਏ ਵਿਚ ਹਾਰ ਦਿਤਾ ਹੈ, ਕਹਿੰਦੇ ਹਨ (ਗੁਰੂ) ਨਾਨਕ॥੧੯॥

ਜੀਅਹੁ ਨਿਰਮਲ ਬਾਹਰਹੁ ਨਿਰਮਲ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥ ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥ ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥ ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥

ਜੋ ਹਿਰਦੇ ਕਰਕੇ ਸਾਫ਼ ਸੁਥਰੇ ਹਨ, (ਹਾਂ ਜੋ) ਬਾਹਰੋਂ ਬੀ ਮੈਲ ਰਹਿਤ ਹਨ, (ਤੇ ਹਾਂ ਜੋ) ਬਾਹਰੋਂ ਤਾਂ ਨਿਰਮਲ ਹਨ (ਤੇ) ਮਨੋਂ ਬੀ ਨਿਰਮਲ ਹਨ (ਉਹਨਾਂ ਨੇ) ਸਤਿਗੁਰੂ ਤੋਂ (ਨਾਮ ਦੀ) ਕਰਣੀ (ਸਿੱਖ ਕੇ ਉਸ ਦੀ) ਕਮਾਈ ਕੀਤੀ ਹੈ। (ਅਤੇ ਨਾਲ ਹੀ ਉਹਨਾਂ ਨੇ ਅਪਣੀ) ਬੁਧੀ[2] (ਐਸੀ) ਸੱਚ ਵਿਚ ਸਮਾਈ ਹੈ ਕਿ ਹੁਣ ਕੂੜ ਦੀ ਸੋ ਤਕ (ਉਹਨਾਂ ਨੂੰ) ਨਹੀਂ ਪਹੁੰਚਦੀ[3]! (ਸੋ) ਓਹ (ਐਸੇ ਪੁਰਖ) ਭਲੇ ਵਣਜਾਰੇ ਹਨ ਜਿਨ੍ਹਾਂ ਨੇ ਕਿ (ਅਪਣਾ) ਰਤਨ ਜਨਮ ਖੱਟ ਲਿਆ ਹੈ। ਕਹਿੰਦੇ ਹਨ (ਗੁਰੂ) ਨਾਨਕ, (ਐਉਂ) ਜਿਨ੍ਹਾਂ ਦਾ ਮਨ ਨਿਰਮਲ (ਹੋਇਆ ਹੈ ਓਹ) ਸਦਾ ਵਾਹਿਗੁਰੂ ਦੇ ਨਾਲ ਰਹਿੰਦੇ ਹਨ॥੨੦॥

ਪਿਛਲੇ ਅੰਕ ਵਿਚ ਉਸ ਸਿਖ ਦੇ ਲੱਛਣ ਦੱਸੇ ਹਨ ਜਿਸ ਨੂੰ ਕਿਹਾ ਜਾ ਸਕਦਾ ਹੈ ਕਿ ਇਹ ਗੁਰੂ ਦੇ ਨਾਲ ਰਹਿੰਦਾ ਹੈ। ਇਸ ਤੋਂ ਖਯਾਲ ਹੋ ਸਕਦਾ ਹੈ ਕਿ ਹਰ ਵੇਲੇ ਪਾਸ ਰਹਿਣੇ ਵਾਲਾ ਹੀ 'ਨਾਲ ਰਹਿਣੇ ਵਾਲਾ' ਅਰਥਾਤ ਸਨਮੁਖ[4] ਸਿੱਖ ਹੋ ਸਕਦਾ ਹੈ। ਇਹ ਗੱਲ ਸਪਸ਼ਟ ਕਰਨੇ ਲਈ ਸਨਮੁਖ ਸਿੱਖ ਦੇ ਤੇ 'ਗੁਰੂ ਦੇ ਨਾਲ ਰਹਿਣ' ਦੇ ਅਰਥ ਭਾਵ ਨੂੰ ਸਪਸ਼ਟ ਕਰਦੇ ਹਨ:-

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥ ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥ ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥

ਜੇ ਕੋਈ ਸਿੱਖ ਗੁਰੂ ਦੇ ਸਨਮੁਖ ਹੋਣਾ ਚਾਹੇ, (ਹਾਂ) ਜੇ ਕੋਈ ਸਿੱਖ ਸਨਮੁਖ ਹੋਣਾ ਚਾਹੇ ਤਾਂ ਓਹ ਮਨੋਂ ਗੁਰੂ ਦੇ ਨਾਲ ਰਹੇ! ਗੁਰੂ ਦੇ ਚਰਨ ਹਿਰਦੇ ਵਿਚ ਧਿਆਵੇ (ਤੇ ਅਪਣੇ ਆਪੇ ਦੇ ਅੰਦਰ (ਇਸ ਦੀ ਸਦਾ) ਸਮ੍ਹਾਲ ਰਖੇ।

੧. ਸੰਸ., ਵੇਤਾਲ=ਪ੍ਰੇਤ, ਭੂਤ।

੨. ਸੰਸਕ੍ਰਿਤ:, ਮਨੀਖਾ=ਬੁਧਿ। (ਮਨਸ+ਈਖਾ=ਮਨ ਦਾ ਕਿੱਲਾ, ਭਾਵ ਬੁੱਧੀ)। ਅਰਬੀ:-ਮਨਸ਼ਾ=ਖਯਾਲ, ਭਾਵ।

੩. ਭਾਵ, ਝੂਠ ਦੀ ਗੱਲ ਤਕ ਉਨ੍ਹਾਂ ਪਾਸ ਕਰਨ ਦੀ ਦਲੇਰੀ ਕੋਈ ਨਹੀਂ ਕਰਦਾ ਕਿ ਇਨ੍ਹਾਂ ਨੇ ਝੂਠ ਨੂੰ ਸਹਾਰਨਾ ਨਹੀਂ।

੪. ਸੰਸ:, ਸਨਮੁਖ (ਸਮ੍ ਮੁਖ=ਮੂੰਹ ਦੇ ਸਾਹਮਣੇ)! ਗੁਰਮਤ ਵਿਚ ਸਨਮੁਖ=ਸਾਹਮਣੇ। ਅਨੁਕੂਲ। ਆਗਯਾਕਾਰੀ, ਜੋ ਮਨ ਕਰਕੇ ਇਕ ਸੁਰ ਹੋਵੇ। ਗੁਰਮਤ ਵਿਚ ਸਨਮੁਖ ਦੇ ਉਲਟ ਬੇਮੁਖ ਹੈ ਤੇ ਗੁਰਮੁਖ ਦੇ ਉਲਟ ਮਨਮੁਖ ਹੈ।


www.sikhbookclub.com

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ॥੨੧॥

ਆਪਾ ਭਾਵ (ਹੰਕਾਰ) ਛੱਡਕੇ ਸਦਾ (ਗੁਰੂ ਦੇ) ਆਸਰੇ ਰਹੇ (ਤੇ) ਗੁਰੂ ਤੋਂ ਬਿਨਾ (ਹੋਰ) ਕਿਸੇ ਨੂੰ (ਆਪਣਾ ਆਸਰਾ) ਨਾ ਜਾਣੇ; ਕਹਿੰਦੇ ਹਨ (ਗੁਰੂ) ਨਾਨਕ, ਹੇ ਸੰਤੋ ਸੁਣੋ! ਉਹ (ਸਿਖ) ਸਨਮੁਖ ਸਿੱਖ ਹੁੰਦਾ ਹੈ॥੨੧॥

ਹੁਣ ਸੁਤੇ ਪ੍ਰਸ਼ਨ ਹੁੰਦਾ ਹੈ ਕਿ ਜੀਵ ਭੁੱਲਣਹਾਰ ਹੈ ਜੇ ਕੋਈ ਸਿੱਖ ਅਵੱਗਜਾ ਕਰ ਬੈਠੇ ਐਨੀ ਕਿ ਬੇਮੁਖ ਹੋ ਜਾਏ ਤਾਂ ਉਸ ਦਾ ਉਪਾਉ?

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

ਜੇ ਕੋਈ ਗੁਰੂ ਤੋਂ ਬੇਮੁਖ ਹੋ ਜਾਏ (ਉਹ) ਸਤਿਗੁਰੂ ਤੋਂ ਬਿਨਾ (ਹੋਰ ਥੋਂ) ਮੁਕਤੀ ਨਹੀਂ ਪਾ ਸਕੇਗਾ! (ਹਾਂ) ਕੋਈ (ਬੇਮੁਖ) ਹੋਰ ਥੋਂ ਮੁਕਤੀ ਨਹੀਂ ਪਾ ਸਕੇਗਾ, (ਬੇਸ਼ਕ) ਗਿਆਨਵਾਨਾਂ ਨੂੰ ਜਾ ਕੇ ਪੁੱਛ ਲਓ। (ਓਹ ਤੁਸਾਨੂੰ ਦੱਸਣਗੇ ਕਿ ਬੇਮੁਖ ਬੇਸ਼ਕ) ਕਈ ਜੂਨਾਂ ਭਟਕ ਆਵੇ ਸਤਿਗੁਰੂ ਤੋਂ ਬਿਨਾ ਮੁਕਤੀ ਨਹੀਂ ਪਾਵੇਗਾ। (ਹਾਂ ਜੇ ਸਤਿਗੁਰੂ ਦੇ) ਚਰਨਾਂ ਨੂੰ ਆ ਕੇ ਲੱਗੇ ਤੇ ਸਤਿਗੁਰੂ ਉਸ ਨੂੰ ਨਾਮ ਸੁਣਾਵੇ (ਤਾਂ) ਫਿਰ (ਉਹ) ਮੁਕਤੀ ਪਾ ਲਵੇਗਾ। ਕਹਿੰਦੇ ਹਨ (ਗੁਰੂ) ਨਾਨਕ, (ਤੁਸੀਂ (ਆਪ ਵੀ) ਵੀਚਾਰ ਕੇ ਦੇਖ ਲਓ (ਕਿ ਉਹ) ਸਤਿਗੁਰੂ ਤੋਂ ਬਿਨਾ ਮੁਕਤੀ ਨਹੀਂ ਪਾਵੇਗਾ॥੨੨॥

ਹੁਣ ਗੁਰਬਾਣੀ ਮਹਾਤਮ ਵਰਣਨ ਹੁੰਦਾ ਹੈ–

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥

ਹੇ ਸਤਿਗੁਰੂ ਦੇ ਪਿਆਰਿਓ ਸਿੱਖੋ ਆਓ, ਸੱਚੀ ਬਾਣੀ ਨੂੰ ਗਾਂਵੋਂ। ਬਾਣੀ ਤਾਂ ਗੁਰੂ ਦੀ ਹੀ ਗਾਂਵੋਂ ਜੋ ਬਾਣੀਆਂ ਦੀ ਸ਼ਿਰੋਮਣੀ ਬਾਣੀ ਹੈ। ਜਿਨ੍ਹਾਂ ਉਤੇ (ਸਾਂਈਂ ਦੀ) ਬਖਸ਼ਿਸ਼ ਤੇ ਮੇਹਰ ਦੀ ਦ੍ਰਿਸ਼ਟੀ ਹੋਵੇ (ਇਹ ਬਾਣੀ) ਉਹਨਾਂ ਦੇ ਹਿਰਦੇ ਵਿਚ ਵਾਸ਼ਾ ਪਾਉਂਦੀ ਹੈ[1]। (ਇਸ ਬਾਣੀ ਦੇ ਹਿਰਦੇ ਵਿਚ ਵਸਾਉਣ ਭਾਵ ਗਾਉਣ, ਵਿਚਾਰਨ ਤੇ ਇਸ ਦੇ ਭਾਵਾਂ ਨਾਲ ਮਨ ਦੀ ਤਦਰੂਪਤਾ ਹੋਣ ਨਾਲ ਤੁਸੀਂ ਸਾਰਿਗ ਪਾਣੀ=) ਵਾਹਿਗੁਰੂ ਨੂੰ ਜਪੋਗੇ, (ਨਾਮ ਸਿਮਰਣ ਤੋਂ ਉਪਜੇ) ਅੰਮ੍ਰਿਤ ਨੂੰ ਪੀਓਗੇ ਤੇ ਸਦਾ ਪਰਮੇਸ਼ੁਰ ਦੇ

੧. ਹਿਰਦੇਂ ਸਮਾਉਣਾ=ਦਿਲ ਵਿਚ ਵਸ ਜਾਣਾ। ਭਾਵ ਉਸ ਦੇ ਭਾਵ ਅਰਥ ਤੇ ਰਸ ਨਾਲ ਮਨ ਦਾ ਤਦਰੂਪ ਹੋ ਜਾਣਾ ਤੇ ਭਿੱਜੇ ਰਹਿਣਾ।


www.sikhbookclub.com

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥

ਪਜਾਰ ਵਿਚ ਰਹੋਗੇ[੧] (ਇਸ ਲਈ) ਕਹਿੰਦੇ ਹਨ (ਗੁਰੂ) ਨਾਨਕ ਇਹ ਸੱਚੀ ਬਾਣੀ ਸਦਾ ਗਾਵੋਂ॥੨੩॥

ਪਰ ਹੋਰ ਬਾਣੀ ਜੋ ਸਤਿਗੁਰੂ ਦੀ ਨਹੀਂ ਉਹ ਨਹੀਂ ਗਾਉਣੀ ਕਿਉਂਕਿ-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥

ਸਤਿਗੁਰੂ ਤੋਂ ਬਿਨਾ ਹੋਰ (ਬਾਣੀ) ਕੱਚੀ ਬਾਣੀ ਹੈ। ਸਤਿਗੁਰੂ ਤੋਂ ਬਿਨਾਂ ਤਾਂ (ਹੋਰ) ਬਾਣੀ ਕਚੀ ਹੈ ਹਾਂ ਹੋਰ ਬਾਣੀ (ਸਭ) ਕੱਚੀ ਹੈ। (ਉਸ ਨੂੰ) ਪੜ੍ਹਨ ਵਾਲੇ ਕੱਚੇ ਹਨ, (ਉਸ ਨੂੰ) ਸੁਣਨ ਵਾਲੇ ਕੱਚੇ ਹਨ (ਕਿਉਂਕਿ ਉਹ) ਕੱਚਿਆਂ ਨੇ ਰਚੀ ਹੈ ਤੇ ਵਰਣਨ ਕੀਤੀ ਹੈ। (ਓਹ ਕਹਿਣ ਵਾਲੇ ਸਾਈਂ ਦੇ ਰੰਗ ਰੱਤੇ ਨਾਮ ਅਭਜਾਸੀ ਨਹੀਂ ਉਹ ਤਾਂ ਐਵੇਂ) ਜੀਭ ਤੋਂ ਨਿਤ (ਕਥਨੀ ਮਾਤ੍ਰ) ਹਰਿ ਹਰਿ ਕਰ ਰਹੇ ਹੁੰਦੇ ਹਨ, (ਜੋ) ਕੁਛ ਓਹ (ਬਾਣੀ ਵਿਚ) ਕਹਿੰਦੇ ਹਨ ਉਸ ਨੂੰ ਸਮਝਦੇ ਨਹੀਂ। (ਹਾਂ) ਜਿਨ੍ਹਾਂ ਦਾ ਦਿਲ ਮਾਇਆ ਨੇ ਖੱਸ ਲਿਆ ਹੈ, ਓਹ (ਬਿਨ ਸਮਝੇ) ਜ਼ਬਾਨੀ[੨] ਪਏ ਬੋਲਦੇ ਹਨ। ਕਹਿੰਦੇ ਹਨ (ਗੁਰੂ) ਨਾਨਕ ਸਤਿਗੁਰੂ ਤੋਂ ਬਿਨਾ ਹੋਰ (ਸਭ) ਬਾਣੀ ਕੱਚੀ ਹੈ[੩]॥੨੪॥

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥

ਗੁਰੂ ਦਾ ਸ਼ਬਦ[੪] ਰਤਨ[੫] ਹੈ ਜਿਸ ਵਿਚ ਹੀਰੇ[੬] ਦਾ ਜੜਾਉ (ਹੋ ਰਿਹਾ ਹੈ)। ਸ਼ਬਦ ਰੂਪੀ ਰਤਨ ਜਿਸ ਮਨ ਨੂੰ ਲਗ ਗਿਆ, (ਉਸ ਮਨ ਵਿਚ) ਏਸ (ਹੀਰੇ) ਦਾ ਸਮਾਉਣਾ[੬] ਹੋ ਗਿਆ। (ਜਦ) ਮਨ ਸ਼ਬਦ ਨਾਲ ਮਿਲ ਗਿਆ (ਤਾਂ ਜਾਣੋ ਕਿ) ਸੱਚੇ (ਵਾਹਿਗੁਰੂ) ਨੇ (ਇਹ) ਪ੍ਰੇਮ ਲਾ ਦਿਤਾ ਹੈ। ਜਿਸ ਨੂੰ

---

੧. ਕਿਉਂਕਿ ਬਾਣੀ ਨਾਮ ਦਾ ਜਪ ਤੇ ਸਿਮਰਣ ਸਿਖਾਲਦੀ ਹੈ, ਨਾਮ ਰਸ ਵਿਚ ਲੈ ਜਾਂਦੀ ਹੈ ਤੇ ਪਰਮੇਸ਼ੁਰ ਦੇ ਪਜਾਰ ਦਾ ਪ੍ਰਤਿਪਾਦਨ ਕਰਦੀ ਹੈ। ਨਾਮ ਅਭਜਾਸ ਨਾਲ ਵਾਹਿਗੁਰੂ ਤੇ ਉਸ ਦਾ ਪਜਾਰ ਤੇ ਗਜਾਨ ਪ੍ਰਾਪਤ ਹੁੰਦਾ ਹੈ।

੨. ਫ਼ਾਰਸੀ, ਰਵਾਂ=ਜਾਰੀ, ਜਲ ਦੇ ਰੌ ਵਾਂਙ। (ਅ) ਕੋਈ ਪਾਠ, ਜੋ ਕੋਈ ਸਾਫ਼ ਬਿਨਾ ਰੁਕੇ ਪੜ੍ਹੀ ਜਾਵੇ ਚਾਹੇ ਸਮਝੇ ਕੁਛ ਨਾ। ਪੰਜਾਬੀ, ਰਵਾਨੀ ਜ਼ਬਾਨੀ ਪੜ੍ਹੀ ਜਾਣਾ ਬਿਨਾ ਅਟਕੇ ਤੇ ਬਿਨਾ ਸਮਝੇ।

੩. ਕੱਚੇ ਤੋਂ ਮੁਰਾਦ ਹੈ ਜੋ ਨਾਮ ਅਭਜਾਸ ਵਿਚ ਪੱਕੇ ਨਹੀਂ, ਸਚ ਵਿਚ ਦ੍ਰਿੜੇ ਨਹੀਂ, ਦਰ ਪਰਵਾਨ ਨਹੀਂ ਹੋਏ, ਕੇਵਲ ਗੁਰੂ ਬਣਨ ਦੇ ਸ਼ੌਕ ਵਿਚ ਲੋਕਾਂ ਨੂੰ ਉਪਦੇਸ਼ਦੇ ਮਾਇਆ, ਤ੍ਰਿਸ਼ਨਾਂ ਤੇ ਝੂਠ ਵਿਚ ਫਸੇ ਬਾਣੀਆਂ ਉਚਾਰਦੇ ਹਨ।

੪. ਜੋ ਸ਼ਬਦ ਗੁਰੂ ਦੇਵੇ ਸੋ 'ਨਾਮ' ਹੈ।

੫. ਸੰਸ:, ਰਤਨ=ਜ੍ਵਾਹਰਾਤ। ਏਥੇ ਜੜਾਊ ਗਹਿਣੇ ਤੋਂ ਹੈ। ਅਤਿ ਉੱਤਮ ਸ਼ੈ। ਅਮੋਲਕ ਵਸਤੂ।

੬. 'ਨਾਮ' ਗਹਿਣਾ ਹੈ ਜੜਾਊ ਤੇ ਇਸ ਵਿਚ ਜੜਤ ਹੈ 'ਹੀਰੇ' ਦੀ। ਹੀਰੇ ਤੋਂ ਮੁਰਾਦ 'ਗਜਾਨ' ਦੀ ਹੈ। ਭਾਵੇਂ ਕਿ ਨਾਮ ਵਿਚ ਗਜਾਨ ਐਉਂ ਸਮਾਇਆ ਹੋਇਆ ਹੈ ਜਿਵੇਂ ਗਹਿਣੇ ਵਿਚ ਹੀਰੇ ਦਾ ਨਗ।

ਆਪੇ ਹੀਰਾ ਰਤਨੁ ਆਪੇ ਜਿਸਨੋ ਦੇਇ ਬੁਝਾਇ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ॥੨੫॥

(ਉਹ) ਆਪ ਹੀ ਬੁਝਾ ਦੇਵੇ (ਉਹ ਸਮਝ ਜਾਂਦਾ ਹੈ ਕਿ) ਹੀਰਾ (ਤੇ) ਰਤਨ (ਉਹ) ਆਪ ਹੀ ਹੈ, (ਨਾਮ ਨਾਮੀ ਦੀ ਅਭੇਦਤਾ ਹੈ ਤੇ ਗਜਾਨ ਸਰੂਪ ਬੀ ਆਪ ਹੀ ਹੈ)। ਕਹਿੰਦੇ ਹਨ (ਗੁਰੂ) ਨਾਨਕ, ਸ਼ਬਦ ਰਤਨ ਹੈ ਜਿਸ ਵਿਚ ਜੜਾਉ ਹੀਰੇ ਦਾ ਹੈ॥੨੫॥

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥ ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥ ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥

ਕਰਤਾਰ ਆਪ ਸ਼ਿਵ ਸ਼ਕਤੀ[1] (ਦੁਆਰਾ ਜਗਤ) ਪੈਦਾ ਕਰਕੇ (ਉਸ ਵਿਚ) ਆਪੇ ਹੁਕਮ ਵਰਤਾਉਂਦਾ ਹੈ, (ਆਪ) ਹੁਕਮ ਵਰਤਾਉਂਦਾ ਹੈ, ਆਪ (ਹੀ) ਇਸ ਦੀ ਸੰਭਾਲ ਕਰਦਾ ਹੈ, (ਇਸ ਵਿਚ) ਕਿਸੇ ਨੂੰ ਗੁਰਮੁਖ (ਬਣਾਕੇ ਅਪਣਾ ਹੁਕਮ) ਬੁਝਾ ਦੇਂਦਾ ਹੈ। (ਉਹ ਗੁਰਮੁਖ ਅਪਣੇ) ਮਨ ਵਿਚ ਸ਼ਬਦ ਨੂੰ ਵਸਾ ਕੇ (ਹਉਮੈ ਦੇ) ਬੰਧਨ ਤੋੜ ਦੇਂਦਾ ਹੈ (ਤੇ) ਮੁਕਤ ਹੋ ਜਾਂਦਾ ਹੈ। ਗੁਰਮੁਖ ਉਹ ਹੁੰਦਾ ਹੈ ਕਿ ਜਿਸ ਨੂੰ (ਪਰਮੇਸ਼ੁਰ) ਆਪ (ਗੁਰਮੁਖ) ਬਣਾਵੇ, (ਉਹ ਫਿਰ) ਇਕੋ (ਪਰਮੇਸ਼ੁਰ) ਨਾਲ ਲਿਵ ਲਾਉਂਦਾ ਹੈ। ਕਹਿੰਦੇ ਹਨ (ਗੁਰੂ) ਨਾਨਕ (ਉਹ) ਆਪ ਹੀ ਕਰਤਾਰ ਹੈ, ਆਪ ਹੀ (ਅਪਣੇ) ਹੁਕਮ (ਦੀ ਸੋਝੀ) ਬਖਸ਼ਦਾ ਹੈ॥੨੬॥

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

ਸਿੰਮ੍ਰਤੀਆਂ ਤੇ ਸ਼ਾਸਤਰ ਪੁੰਨਾਂ ਤੇ ਪਾਪਾਂ ਦਾ ਵੀਚਾਰ ਕਰਦੇ ਹਨ, (ਪਰ ਓਹ) ਤਤ (ਸਰੂਪ) ਦੀ ਸੋਝੀ ਨਹੀਂ ਜਾਣਦੇ[2]। ਤੱਤ (ਸਰੂਪ) ਦੀ ਸੋਝੀ ਗੁਰੂ ਬਿਨਾ ਨਹੀਂ ਜਾਣੀ (ਜਾਂਦੀ, ਹਾਂ) ਤੱਤ ਦੀ ਸਾਰ ਨਹੀਂ ਜਾਣੀ (ਜਾਂਦੀ ਗੁਰੂ ਬਾਝੋਂ)। (ਕਿਉਂਕਿ ਸ਼ਾਸਤ੍ਰਾਂ ਨੂੰ ਪੜ੍ਹਨ ਵਾਲਾ ਸਾਰਾ) ਸੰਸਾਰ (ਤਾਂ) ਤਿੰਨਾਂ ਗੁਣਾਂ ਕਰਕੇ ਭਰਮ ਵਿਚ ਸੁੱਤਾ ਪਿਆ ਹੈ, (ਇਸ ਦੀ) ਰਾਤ

---

੧. ਅਕਾਲ ਪੁਰਖ ਕਰਤਾਰ ਹੈ, ਸ਼ਿਵ ਤੇ ਸ਼ਕਤੀ ਉਸ ਨੇ ਉਪਾਏ ਹਨ। ਸ਼ਿਵ=ਚੇਤਨਤਾ, ਜੀਵ ਸੱਤਜਾ। ਸ਼ਕਤੀ=ਜੜ੍ਹ ਸ਼ਕਤੀ। ਪ੍ਰਕ੍ਰਿਤੀ ਅਪਣੇ ਸੂਖਮ ਰੂਪ ਵਿਚ ਸ਼ਕਤੀ ਰੂਪ ਹੈ, ਸਥੂਲ ਹੋਕੇ ਮਾਦਾ ਯਾ ਪ੍ਰਕ੍ਰਿਤੀ ਕਹਾਉਂਦੀ ਹੈ। ਇਸੇ ਬਾਣੀ ਦੇ ਅੰਕ ੩੩ ਵਿਚ ਗੁਰੂ ਜੀ ਕਰਤਾਰ ਦੇ ਜੀਵ ਨੂੰ ਰਚਣ ਦਾ ਜ਼ਿਕਰ ਕਰਦੇ ਹਨ। ਪਦ 'ਸ਼ਿਵ' ਸ਼ਾਂਤੀ ਅਰਥਾਂ ਵਿਚ ਬੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਯਾ ਹੈ ਯਥਾ:- ਆਪੇ ਸ਼ਿਵ ਵਰਤਾਈਅਨੁ ਅੰਤਰਿ" (ਮਾਰੂ ਮ:੫ ਸੋਲਹੇ-੧੦)। (ਅ) ਸਿਆਣੇ ਐਉਂ ਬੀ ਲਾਉਂਦੇ ਹਨ:-

ੳ. ਸ਼ਿਵ ਦੀ ਸ਼ਕਤੀ=ਸਤੋਗੁਣ; ਇਸ ਤੋਂ ਜਗਤ।

ਅ. ਸ਼ਿਵ (ਕਲਜਾਣ ਸਰੂਪ ਜੋ) ਆਪ ਕਰਤਾਰ ਹੈ ਉਹ ਸ਼ਕਤੀ (ਮਾਯਾ ਯਾ ਪ੍ਰਕ੍ਰਿਤੀ) ਰਚਕੇ ਜਗਤ ਰਚਦਾ ਹੈ।

੨. ਉਹਨਾਂ ਨੂੰ ਪੜ੍ਹਨ ਵਾਲੇ, ਪੜ੍ਹ ਸੁਣਕੇ ਵਾਹਿਗੁਰੂ ਦੀ ਪਛਾਣ ਨਹੀਂ ਕਰਦੇ।

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥

(ਉਮਰ ਤਾਂ) ਸੁੱਤਿਆਂ ਹੀ ਬੀਤ ਜਾਂਦੀ ਹੈ[੧]। ਗੁਰੂ ਦੀ ਕਿਰਪਾ ਨਾਲ ਓਹ ਪੁਰਖ ਜਾਗੇ ਹਨ ਜਿਨ੍ਹਾਂ ਦੇ ਮਨ ਵਿਚ ਪਰਮੇਸ਼ੁਰ ਵਸ ਗਿਆ ਹੈ (ਤੇ ਓਹ ਮੂੰਹ ਥੀਂ ਨਾਮ ਰੂਪੀ) ਅੰਮ੍ਰਿਤ ਬਾਣੀ ਬੋਲਦੇ ਹਨ। ਕਹਿੰਦੇ ਹਨ (ਗੁਰੂ) ਨਾਨਕ, ਉਹ (ਪੁਰਖ) ਤਤ (ਸਰੂਪ ਪਰਮੇਸ਼ੁਰ) ਨੂੰ ਪਾਉਂਦਾ ਹੈ, ਜਿਸ ਨੂੰ ਦਿਨੇ ਰਾਤ ਪਰਮੇਸ਼ੁਰ ਦੀ ਲਿਵ ਲੱਗ ਜਾਏ (ਉਸੇ ਦੀ ਰਾਤ=) ਉਮਰਾ ਜਾਗਦਿਆਂ ਬੀਤ ਰਹੀ (ਸਮਝੋ[੨])॥੨੭॥

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥ ਓਸਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥ ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥
ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥੨੮॥

(ਹੇ ਪਜਾਰੇ) ਮਾਤਾ ਦੇ ਪੇਟ ਵਿਚ ਜੋ (ਹਰੀ) ਪ੍ਰਤਿਪਾਲਾ ਕਰਦਾ ਹੈ ਓਸ ਨੂੰ ਮਨ ਤੋਂ ਕਿਉਂ ਭੁਲਾਈਏ। ਏਡੇ ਵੱਡੇ ਦਾਤੇ ਨੂੰ ਮਨ ਤੋਂ ਕਿਉਂ ਭੁਲਾਈਏ ਜੋ (ਜਠਰਾ) ਅਗਨੀ ਵਿਚ ਹੁੰਦਿਆਂ ਬੀ ਭੋਜਨ ਪਹੁੰਚਾ ਦੇਂਦਾ ਹੈ[੩]।

(ਪਰਮੇਸ਼ੁਰ) ਜਿਸ ਨੂੰ ਆਪਣੀ ਲਿਵ ਲੁਆ ਦੇਵੇ ਉਸ ਨੂੰ ਕੁਛ ਪੋਹ ਨਹੀਂ ਸਕਦਾ, (ਭਾਵ ਸਾਂਈਂ ਵਲੋਂ ਹੋੜਨ ਵਾਲੇ ਸਾਮਾਨ ਉਸ ਉਤੇ ਅਸਰ ਨਹੀਂ ਕਰਦੇ)। ਆਪਣੀ ਲਿਵ ਉਹ ਆਪੇ ਲਾਉਂਦਾ ਹੈ (ਤਾਂਤੇ ਚਾਹੀਏ ਕਿ) ਗੁਰਮੁਖ ਹੋ ਕੇ (ਉਸ ਨੂੰ) ਸਦਾ ਯਾਦ ਕਰੀਏ (ਜੋ ਉਹ ਸਾਡੀ ਯਾਦ ਨੂੰ ਲਿਵ ਬਣਾ ਦੇਵੇ)। ਕਹਿੰਦੇ ਹਨ (ਗੁਰੂ) ਨਾਨਕ (ਜੋ) ਏਡਾ ਵੱਡਾ ਦਾਤਾ ਹੈ ਉਸ ਨੂੰ ਮਨ ਤੋਂ ਕਿਉਂ ਭੁਲਾਈਏ॥੨੮॥

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ

ਜੇਹੀ ਪੇਟ ਵਿਚ (ਜਠਰਾ) ਅਗਨੀ ਹੈ ਤੇਹੀ ਬਾਹਰ ਮਾਇਆ (ਰੂਪੀ ਅਗਨਿ) ਹੈ। ਮਾਇਆ ਤੇ ਅਗਨਿ ਸਭ ਇਕੋ ਜੇਹੀ ਹੈ ਕਰਤਾਰ ਨੇ (ਇਕ)

੧. ਅਨਪੜ੍ਹ ਅਗਜਾਨ ਵਿਚ ਹਨ ਤੇ ਸ਼ਾਸਤ੍ਰ ਵਿਦਯਾ ਪਾ ਕੇ ਪੜ੍ਹੇ ਹੋਏ ਉਸ ਦੇ ਅਭਿਮਾਨ ਵਿਚ ਤੇ ਬਹਿਸਾਂ ਵਿਚ ਸਮਾਂ ਗੁਆ ਲੈਂਦੇ ਹਨ।

੨. ਭਾਵੇਂਹ ਕਿ ਨਾਮ ਦੀ ਲਿਵ ਨਾਲ ਤੱਤ ਸਰੂਪ ਦੀ ਪ੍ਰਾਪਤੀ ਹੁੰਦੀ ਹੈ, ਨਿਰੇ ਪਾਪ ਪੁੰਨ ਨਿਰੂਪਣ ਕਰਨ ਵਾਲੇ ਸ਼ਾਸਤ੍ਰਾਂ ਦੀ ਘੋਖ ਬਹਿਸ ਤੇ ਅਭਿਮਾਨ ਤ੍ਰੈ ਗੁਣਾਂ ਵਿਚ ਰਖਦੀ ਹੈ ਤੇ ਤੱਤ ਸਰੂਪ ਤ੍ਰੈ ਗੁਣਾਂ ਤੋਂ ਪਰ੍ਹੇ ਹੈ, ਓਥੇ ਲਿਵ ਲੈ ਜਾਂਦੀ ਹੈ। ਅਗੇ ਲਿਵ ਬਾਬਤ ਹੋਰ ਕੁਛ ਫੁਰਮਾਉਂਦੇ ਹਨ।

੩. ਜੰਮੇ ਬਾਲ ਨੂੰ ਮਾਂ ਪਹਿਲਾਂ ਦੁੱਧ ਫੇਰ ਭੋਜਨ ਦਾ ਆਹਾਰ ਦੇਂਦੀ ਹੈ। ਪਰ ਪੇਟ ਵਿਚ ਤਾਂ ਹਰੀ ਦਾ ਰਚਿਆ ਪ੍ਰਬੰਧ ਮਾਤਾ ਦੇ ਧਯਾਨ ਦਿਤੇ ਬਿਨਾ ਆਪ ਹੀ ਅਹਾਰ ਪਹੁੰਚਾਉਂਦਾ ਹੈ। ਮਾਂ ਦਾ ਫਿਕਰ ਉਥੇ ਅਹਾਰ ਨਹੀਂ ਪੁਚਾ ਸਕਦਾ; ਚਾਹੋ ਮਾਂ ਦੇ ਸਰੀਰ ਦੇ ਆਪੇ ਵਿਚ ਹੀ ਬੱਚਾ ਉਸ ਵੇਲੇ ਬੈਠਾ ਹੁੰਦਾ ਹੈ।

ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ
ਲਿਵ ਲਾਗੀ ਤਿਨੀ ਵਿਚੇ ਮਾਇਆ
ਪਾਇਆ॥੨੯॥

ਖੇਲ ਰਚੀ ਹੈ[1]। ਜਦੋਂ ਉਸ ਦਾ ਭਾਣਾ ਹੁੰਦਾ ਹੈ ਤਾਂ (ਜੀਵ) ਜੰਮਦਾ ਹੈ (ਤੇ ਇਹ ਜੰਮ ਪਿਆ ਜੀਵ) ਪਰਵਾਰ ਵਿਚ ਪਜਾਰਾ ਲੱਗਦਾ ਹੈ। (ਹੁਣ ਬਾਹਰ ਦੀ ਅਗਨੀ) ਮਾਇਆ ਨੇ (ਅਪਣਾ) ਹੁਕਮ ਵਰਤਾ ਦਿਤਾ, (ਜਿਸ ਦਾ ਫਲ ਇਹ ਹੋਇਆ ਕਿ) ਲਿਵ ਛੁੜਕ ਗਈ ਤੇ ਤ੍ਰਿਸ਼ਨਾ ਲੱਗ ਪਈ।

(ਆਪ ਦੀ ਸ਼ੱਤ੍ਰੁ) ਇਹ ਮਾਇਆ ਹੈ ਜਿਸ ਨਾਲ ਮੋਹ ਉਪਜ ਪਵੇ, ਦੂਜਾ ਭਾਵ ਲਗ ਪਵੇ ਤੇ ਪਰਮੇਸ਼ੁਰ ਵਿਸਰ ਜਾਵੇ। ਕਹਿੰਦੇ ਹਨ (ਗੁਰੂ) ਨਾਨਕ ਜਿਨ੍ਹਾਂ ਦੀ ਗੁਰੂ ਦੀ ਕ੍ਰਿਪਾ ਨਾਲ ਲਿਵ ਲੱਗ ਗਈ ਓਹ ਮਾਯਾ ਦੇ ਵਿਚ ਹੀ (ਪਰਮੇਸ਼ੁਰ ਨੂੰ) ਪਾ ਲੈਂਦੇ ਹਨ॥੨੯॥

ਮਾਇਆ ਦੇ ਅਸਰ ਹੇਠ ਦੁਖ ਸੁਖ ਹਰਖ ਸ਼ੋਕ ਬਣੇ ਰਹਿੰਦੇ ਹਨ। ਪਰਮੇਸ਼ੁਰ ਨਿੱਤ ਹੈ ਤੇ ਨਿੱਤ ਸੁਖ ਦਾ ਦਾਤਾ ਹੈ, ਇਸ ਕਰਕੇ ਦੱਸਦੇ ਹਨ ਕਿ-

ਹਰਿ ਆਪਿ ਅਮੁਲਕੁ ਹੈ ਮੁਲਿ ਨ
ਪਾਇਆ ਜਾਇ॥ ਮੁਲਿ ਨ ਪਾਇਆ
ਜਾਇ ਕਿਸੈ ਵਿਟਹੁ ਰਹੇ ਲੋਕ
ਵਿਲਲਾਇ॥ ਐਸਾ ਸਤਿਗੁਰੁ ਜੇ
ਮਿਲੈ ਤਿਸ ਨੋ ਸਿਰੁ ਸਉਪੀਐ
ਵਿਚਹੁ ਆਪੁ ਜਾਇ॥ ਜਿਸ ਦਾ
ਜੀਉ ਤਿਸੁ ਮਿਲਿ ਰਹੈ ਹਰਿ ਵਸੈ
ਮਨਿ ਆਇ॥

ਹਰੀ ਆਪ ਅਮੋਲਕ ਹੈ (ਉਹ ਕਿਸੇ) ਮੁੱਲ ਨਾਲ ਨਹੀਂ ਪਾਇਆ ਜਾ ਸਕਦਾ। (ਉਹ ਕਿਸੇ) ਮੁੱਲ ਨਾਲ ਕਿਸੇ ਤੋਂ ਨਹੀਂ ਪਾਇਆ ਜਾ ਸਕਦਾ, (ਕਈ) ਲੋਕ ਤਰਲੇ ਲੈ ਚੁਕੇ ਹਨ। ਐਹੋ ਜਿਹਾ (ਅਮੋਲਕ) ਸਤਿਗੁਰੂ (ਜੈਸਾ ਕਿ ਹਰੀ ਆਪ ਹੈ) ਜੇ ਮਿਲ ਪਵੇ ਉਸ ਨੂੰ ਸਿਰ ਸਉਂਪ ਦੇਈਏ (ਆਪਾ ਅਰਪ ਦੇਈਏ ਤਾਂ ਜੀਵ ਦੇ) ਅੰਦਰੋਂ ਆਪਾ ਭਾਵ ਦੂਰ ਹੋ ਜਾਵੇ। (ਤੇ) ਹਰੀ ਮਨ ਵਿਚ ਆ ਵਸੇ (ਫਿਰ ਇਹ) ਜੀਉ ਜਿਸ ਦਾ ਹੈ ਉਸ ਨੂੰ ਮਿਲ ਪਵੇਗਾ।

੧ ਭਾਵ, ਅਗਨਿ ਸਾੜਦੀ ਹੈ ਪਰ ਪੇਟ ਦੀ ਅਗਨ ਵਿਚ ਹੀ ਬੱਚਾ ਪਲਦਾ ਹੈ, ਤਿਵੇਂ ਮਾਯਾ ਜੀਵ ਨੂੰ ਭਰਮ ਭੈ ਤ੍ਰਿਸ਼ਨਾ ਵਿਚ ਪਾ ਕੇ ਦਾਹ ਦੇਂਦੀ ਹੈ, ਪਰ ਉਸ ਮਾਯਾ ਦੇ ਸਾਮਾਨਾਂ ਨਾਲ ਇਸ ਦੀ ਦੇਹ ਪਲਦੀ ਤੇ ਸੁਰੱਖਜਤ ਹੁੰਦੀ ਹੈ। ਸੋ ਇਹ ਤਾਂ ਕੌਤਕ ਹੈ ਕਰਤੇ ਦਾ ਕਿ ਘਾਲਣਹਾਰ ਪਦਾਰਥ ਹੀ ਪਾਲਣਹਾਰ ਬੀ ਹਨ ਤੇ ਪਾਲਣਹਾਰ ਹੀ ਘਾਲਣਹਾਰ ਬੀ ਹਨ। ਪਰ ਮਨ ਵਿਚ ਦੁਤੀਆ ਭਾਵ ਤੇ ਤ੍ਰਿਸ਼ਨਾ ਦੇ ਹੱਥ ਵਿਕਣਾ ਇਹ ਮਾਯਾ ਹੈ ਜੋ ਲਿਵ ਨਹੀਂ ਲੱਗਣ ਦੇਂਦੀ ਤੇ ਸਾਂਈਂ ਤੋਂ ਦੂਰ ਰਖਦੀ ਹੈ। ਸੋ ਜਿਨ੍ਹਾਂ ਨੇ ਇਹ ਜਿੱਤ ਲਈ ਤੇ ਲਿਵ ਵਿਚ ਆ ਗਏ ਉਨ੍ਹਾਂ ਨੇ ਮਾਯਾ ਦੇ ਵਿਚ ਵਸਦਿਆਂ ਹੀ ਹਰੀ ਨੂੰ ਪਾ ਲੀਤਾ ਹੈ।

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ॥੩੦॥

ਹਰੀ ਆਪ ਅਮੋਲਕ ਹੈ, (ਤੇ) ਉਹਨਾਂ ਦੇ ਭਾਗ (ਬੜੇ) ਹਨ ਜਿਨ੍ਹਾਂ ਨੂੰ (ਐਸਾ) ਹਰੀ ਪ੍ਰਾਪਤ ਹੋ ਜਾਵੇ, ਹੇ ਨਾਨਕ! ॥੩੦॥

ਹਰੀ ਨੂੰ ਅਮੋਲਕ ਦੱਸਕੇ ਫੁਰਮਾਉਂਦੇ ਹਨ ਕਿ ਐਸਾ ਅਮੋਲਕ ਹਰੀ ਮਾਨੋਂ ਮੇਰੀ ਰਾਸ ਹੈ।

ਹਰਿ ਰਾਸਿ ਮੇਰੀ ਮਨੁ ਵਣਜਾਰਾ॥
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥੩੧॥

ਹਰੀ ਮੇਰੀ ਰਾਸ ਹੈ (ਤੇ ਮੇਰਾ) ਮਨ (ਉਸ ਦਾ) ਵਣਜਾਰਾ ਹੈ। (ਹਾਂ) ਹਰੀ ਮੇਰੀ ਰਾਸ ਹੈ, (ਮੇਰਾ)ਮਨ ਵਣਜਾਰਾ ਹੈ, (ਪਰ ਇਹ ਗਲ ਕਿ ਹਰੀ ਮੇਰੀ) ਰਾਸ ਹੈ (ਮੈਂ) ਸਤਿਗੁਰ ਤੋਂ ਜਾਣੀ ਹੈ। (ਸਤਿਗੁਰ ਨੇ ਵਣਜ ਕਰਨ ਦੀ ਜਾਚ ਇਹ ਦੱਸੀ ਹੈ ਕਿ) ਪਰਮੇਸ਼ੁਰ ਦਾ ਨਾਮ ਨਿਤ ਜਪਣਾ ਦਿਲੋਂ ਹੋਕੇ (ਫਿਰ) ਦਿਨ (ਦਿਨ ਤੁਸੀਂ) ਲਾਹਾ (ਹੀ ਲਾਹਾ) ਖੱਟੋਗੇ। ਇਹ ਧਨ (ਜ਼ੋਰ ਜਤਨ ਨਾਲ ਨਹੀਂ ਮਿਲਦਾ, ਇਹ ਤਾਂ) ਉਹਨਾਂ ਨੂੰ ਮਿਲਦਾ ਹੈ, ਜਿਨ੍ਹਾਂ ਨੂੰ (ਦੇਣਾ) ਹਰੀ ਨੂੰ ਆਪ ਚੰਗਾ ਲੱਗਾ ਹੈ! ਕਹਿੰਦੇ ਹਨ (ਗੁਰੂ) ਨਾਨਕ, ਪਰਮੇਸ਼ੁਰ ਮੇਰੀ ਰਾਸ ਹੈ ਤੇ ਮੇਰਾ ਮਨ (ਉਸਦਾ) ਵਣਜਾਰਾ ਬਣ ਗਿਆ ਹ॥੩੧॥

ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥ ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥ ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥੩੨॥

ਹੇ (ਮੇਰੀ) ਰਸਨਾ! (ਹਰਿ ਸਿਮਰਨ ਦਾ ਰਸ ਛੱਡ ਕੇ) ਤੂੰ ਹੋਰਨਾਂ ਰਸਾਂ ਵਿਚ ਰਚ ਰਹੀ ਹੈਂ, (ਇਨ੍ਹਾਂ ਨਾਲ) ਤੇਰੀ ਤ੍ਰਿਖਾ ਨਵਿਰਤ ਨਹੀਂ ਹੋਣ ਲੱਗੀ। ਜਿੰਨਾ ਚਿਰ ਹਰਿ ਰਸ (ਤੈਨੂੰ) ਪ੍ਰਾਪਤ ਨਾ ਹੋ ਜਾਵੇ (ਤੇਰੀ) ਤ੍ਰੇਹ ਹੋਰ ਕਿਸੇ (ਰਸ) ਨਾਲ ਨਵਿਰਤ ਨਹੀਂ ਹੋਣ ਲੱਗੀ : ਹਰਿ ਰਸ ਪਵੇ ਤੇਰੇ ਪੱਲੇ* (ਤੇ) ਹਰਿ ਰਸ ਨੂੰ ਤੂੰ ਪੀਵੇਂ ਫੇਰ (ਤੈਨੂੰ ਹੋਰਨਾਂ ਰਸਾਂ ਦੀ) ਤ੍ਰਿਸ਼ਨਾ ਆਕੇ ਨਹੀਂ ਲੱਗੇਗੀ।

ਇਹ ਹਰਿ ਰਸੁ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ (ਉਸ ਨੂੰ) ਜਿਸ ਨੂੰ ਸਤਿਗੁਰੂ ਆ ਮਿਲਦਾ ਹੈ।

ਕਹਿੰਦੇ ਹਨ (ਗੁਰੂ) ਨਾਨਕ, ਹੋਰ ਦੂਸਰੇ ਸਾਰੇ ਰਸ ਵਿਸਰ ਜਾਂਦੇ ਹਨ ਜਦੋਂ ਹਰਿ (ਰਸ) ਮਨ ਵਿਚ ਆ ਵਸੇ ਤਾਂ॥੩੨॥

* ਨਾਮ ਰਸ=ਹਰੀ ਰਸ ਦਾ ਪੀਣਾ ਹੈ। ਮਨ ਵਿਚ ਨਾਮ ਦਾ ਰਸ ਰੂਪ ਹੋਕੇ ਟਿਕ ਜਾਣਾ=ਹਰੀ ਰਸ ਦਾ ਪੱਲੇ ਪੈਣਾ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥ ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥ ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥ ੩੩॥

ਹੇ ਮੇਰੇ ਸਰੀਰ! ਵਾਹਿਗੁਰੂ ਨੇ ਤੇਰੇ ਵਿਚ ਜੋਤਿ ਰਖੀ ਤਾਂ ਤੂੰ ਜਗਤ ਵਿਚ ਆਇਆ। (ਹਾਂ) ਪਰਮੇਸ਼ੁਰ ਨੇ ਤੇਰੇ ਵਿਚ ਜੋਤਿ (ਜੀਵਨ ਕਲਾ) ਰਖੀ ਤਾਂ ਹੀ ਤੂੰ ਜਗਤ ਵਿਚ ਆਇਆ। ਸਰੀਰ ਦੀ ਉਤਪਤੀ ਮਾਤਾ ਪਿਤਾ ਤੋਂ ਹੋਈ ਦਿੱਸਦੀ ਹੈ ਪਰ ਅਸਲ ਵਿਚ) ਹਰੀ ਆਪ ਹੀ ਮਾਤਾ ਹੈ ਆਪ ਹੀ ਪਿਤਾ ਹੈ ਜਿਸ ਨੇ ਜੀਉ ਪੈਦਾ ਕਰਕੇ ਜਗਤ ਵਿਖਾਇਆ ਹੈ। (ਭਾਵ ਹੈ ਕਿ ਮਾਤਾ ਪਿਤਾ 'ਜੀਵ' ਦੇ ਉਤਪਤ ਕਰਨਹਾਰੇ ਨਹੀਂ ਹਨ)। (ਜਿਸ ਵੇਲੇ ਇਸ ਗਲ ਨੂੰ) ਗੁਰੂ ਦੀ ਕ੍ਰਿਪਾ ਨਾਲ ਬੁੱਝ ਲਿਆ ਤਾਂ (ਕੀਹ) ਕੌਤਕ ਵਰਤਿਆ (ਕਿ ਇਹ ਜਗਤ ਇਕ) ਕੌਤਕ ਨਜ਼ਰ ਆ ਗਿਆ। ਕਹਿੰਦੇ ਹਨ (ਗੁਰੂ) ਨਾਨਕ, (ਪਰਮੇਸ਼ੁਰ ਨੇ ਆਪ) ਜਗਤ ਦਾ ਮੂਲ[੧] ਰਚਿਆ, (ਉਸ ਵਿਚ) ਜੋਤਿ ਰੱਖੀ ਤਾਂ ਤੂੰ ਜਗਤ ਵਿਚ ਆਇਆ॥੩੩॥

ਵਾਹਿਗੁਰੂ ਪ੍ਰਾਪਤੀ ਦਾ ਮੰਗਲ-

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥ ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥ ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥

(ਜਦੋਂ) ਪ੍ਰਭੂ ਦਾ ਆਉਣਾ (ਅਸਾਂ) ਸੁਣ ਲਿਆ ਤਾਂ ਮਨ ਵਿਚ ਉਮਾਹ ਹੋਇਆ! (ਉਸ) ਪ੍ਰਭੂ ਦੇ ਮੰਗਲ (ਦੇ ਗੀਤ) ਗਾਵੋਂ ਹੇ ਸਖੀਓ, ਘਰ ਤੇ ਮੰਦਰ[੨] (ਹੁਣ) ਸ਼ੋਭਨੀਕ ਹੋ ਰਹੇ ਹਨ। (ਉਸ ਪ੍ਰਭੂ ਦੇ ਮੰਗਲ ਨਿਤ ਗਾਵੋਂ, ਹੇ (ਮੇਰੀ) ਸਖੀਓ! (ਜੋ ਤੁਸਾਨੂੰ) ਦੁੱਖ ਤੇ ਸੋਗ ਨਾ ਆਕੇ ਵਾਪਰੇ। (ਸਾਨੂੰ) ਭਾਗਾਂ ਵਾਲੇ ਦਿਨ (ਆਏ ਕਿ ਅਪਣੇ) ਗੁਰੂ ਦੇ ਚਰਨੀ ਲਗੇ ਤੇ ਆਪਣਾ ਪਤੀ ਪਰਮੇਸ਼ੁਰ ਸਾਨੂੰ) ਪ੍ਰਤੀਤ ਹੋ ਆਇਆ[੩]।

---

੧. ਪਿੱਛੇ ਅੰਕ ੨੯ ਵਿਚ ਦੱਸ ਆਏ ਹਨ ਕਿ ਸ਼ਿਵ ਸ਼ਕਤੀ (ਜੀਉ ਤੇ ਪ੍ਰਕ੍ਰਿਤੀ) ਨੂੰ ਮੇਲ ਕੇ ਜਗਤ ਸਾਈਂ ਨੇ ਬਣਾਇਆ। ਤਾਂਤੇ ਇਥੇ ਮੂਲ ਤੋਂ ਭਾਵ ਸ਼ਕਤੀ ਯਾ ਪ੍ਰਕ੍ਰਿਤੀ ਹੈ। ਮੂਲ ਦਾ ਭਾਵ ਮੂਲ ਪ੍ਰਕ੍ਰਿਤੀ ਤੋਂ ਛੁੱਟ ਅਗਯਾਨ, ਮਾਯਾ ਆਦਿ ਬੀ ਲੈਂਦੇ ਹਨ। (ਅ) ਇਉਂ ਬੀ ਅਰਥ ਦਾਨੇ ਲਾਉਂਦੇ ਹਨ-ਇਹ ਜੋਤਿ ਰੱਖੀ ਹੈ ਵਿਚ, ਇਹ ਸ੍ਰਿਸ਼ਟੀ ਦਾ ਮੂਲ ਰਚਿਆ ਹੈ।

੨. ਘਰ=ਸਰੀਰ। ਮੰਦਰ=ਮਨ।

੩. ਭਾਵ, ਜਾਣ ਲਿਆ ਹੈ। ਅਨੁਭਵ ਕਰ ਲਿਆ ਹੈ। 'ਜਾਪਏ' ਦਾ ਅਰਥ 'ਜਪਦੇ ਹਾਂ' ਬੀ ਲਾ ਲੈਂਦੇ ਹਨ।

 www.sikhbookclub.com

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥

ਅਨਹਤ ਬਾਣੀ ਗੁਰੂ ਤੇ ਸ਼ਬਦ[1] ਦੁਆਰਾ ਜਾਣੀ ਹੈ (ਤੇ ਹੁਣ) 'ਹਰੀ ਨਾਮ' (ਰੂਪੀ ਜੋ) 'ਹਰੀ ਰਸ' ਹੈ (ਉਹ) ਭੋਗ ਰਹੇ ਹਾਂ। ਕਹਿੰਦੇ ਹਨ (ਗੁਰੂ) ਨਾਨਕ, (ਸਾਨੂੰ ਹੁਣ) ਆਪ ਪਰਮੇਸ਼ੁਰ ਮਿਲ ਪਿਆ ਹੈ[2] ਜੋ ਕਰਣ ਕਾਰਣ ਜੋਗ ਹੈ॥੩੪॥

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ ਕਿਆ ਤੁਧੁ ਕਰਮ ਕਮਾਇਆ॥ ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥ ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥ ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥ ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥

ਹੇ ਮੇਰੇ ਸਰੀਰ! ਇਸ ਜਗਤ ਵਿਚ ਆ ਕੇ ਤੂੰ ਕੀਹ ਕਮਾਈ ਕੀਤੀ ਹੈ? (ਹਾਂ) ਹੇ ਸਰੀਰ! ਤੂੰ ਜਦ ਦਾ ਜਗਤ ਵਿਚ ਆਇਆ ਹੈਂ (ਦੱਸ ਕਿ) ਕੀਹ ਕਮਾਈ ਕੀਤੀ ਹਈ? (ਜਦ ਕਿ) ਜਿਸ ਪਰਮੇਸ਼ੁਰ ਨੇ ਤੇਰੀ ਰਚਨਾ ਰਚੀ ਉਸ ਪਰਮੇਸ਼ੁਰ (ਨੂੰ ਬੀ ਤੂੰ ਅਪਣੇ) ਮਨ ਵਿਚ ਨਹੀਂ ਵਸਾਇਆ। (ਸਰੀਰ ਮਾਨੋਂ ਉੱਤਰ ਦੇਂਦਾ ਹੈ ਕਿ ਮੇਰੇ ਵਿਚ ਪ੍ਰਭੂ ਵਸ ਗਿਆ ਹੈ, ਤਾਂ ਫੁਰਮਾਉਂਦੇ ਹਨ ਕਿ ਇਹ ਆਪਣੀ ਕਰਨੀ ਨਾ ਸਮਝ ਇਹ ਤਾਂ ਗੁਰੂ ਦੀ ਮਿਹਰ ਨਾਲ ਪਰਮੇਸ਼ੁਰ ਮਨ ਵਿਚ ਵਸ ਗਿਆ ਹੈ, (ਤੇ ਗੁਰੂ ਦੀ ਮਿਹਰ ਪਰਮੇਸ਼ੁਰ ਦੇ) ਪੂਰਬਲੇ ਲਿਖੇ (ਅਨੁਸਾਰ) ਹੋਈ ਹੈ (ਭਾਵੇਂਹ ਕਿ ਗੁਰੂ ਪਰਮੇਸ਼ੁਰ ਦੀ ਮਿਹਰ ਨਾਲ ਇਹ ਕਾਰ ਹੋਈ ਹੈ। ਕਹਿੰਦੇ ਹਨ (ਗੁਰੂ) ਨਾਨਕ, ਇਹ ਸਰੀਰ (ਉਸੇ ਦਾ) ਪ੍ਰਮਾਣੀਕ (=ਸਫਲ) ਹੋ ਗਿਆ ਹੈ, ਜਿਸ ਨੇ ਸਤਿਗੁਰ ਨਾਲ ਚਿਤ ਲਾਇਆ ਹੈ[3]॥੩੫॥

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

ਹੇ ਮੇਰੇ ਨੈਣੋਂ! ਪਰਮੇਸ਼ੁਰ ਨੇ ਤੁਹਾਡੇ ਵਿਚ ਜੋਤਿ[4] ਰੱਖੀ ਹੈ, ਇਸ ਕਰਕੇ (ਇਨ੍ਹਾਂ ਨਾਲ ਉਸ) ਹਰੀ ਤੋਂ ਬਿਨਾ ਹੋਰ ਕਿਸੇ ਨੂੰ ਨਾ ਦੇਖੋ[5], ਹਰੀ ਤੋਂ ਬਿਨਾ

੧. ਕਦੇ ਹਤ ਨਾ ਹੋਣ ਵਾਲੀ ਬਾਣੀ, ਲਗਾਤਾਰ ਤੇ ਇਕ ਰਸ ਰਹਿਣੇ ਵਾਲੀ। ਦਸਮ ਦੁਆਰ ਵਿਚ ਹੋਣ ਵਾਲਾ ਸ਼ਬਦ। ਜੋ ਸੁਣਨ ਨਾਲ ਨਹੀਂ ਪਰ ਗੁਰੂ ਦੇ ਬਖਸ਼ੇ ਸ਼ਬਦ ਨਾਲ ਅਰਥਾਤ ਉਸ ਦੇ ਦਿਤੇ ਨਾਮ ਅਭਯਾਸ ਨਾਲ ਆਪੇ ਹੁੰਦਾ ਹੈ.

੨. ਫੇਰ ਹਰੀ ਦੇ ਨਾਮ ਦਾ ਰਸ (ਦੱਸਦੇ ਹਨ ਕਿ) ਪ੍ਰਾਪਤ ਹੋਇਆ ਫਿਰ (ਦੱਸਦੇ ਹਨ ਕਿ) ਵਾਹਿਗੁਰੂ ਆਪ ਮਿਲ ਪਿਆ। ਨਾਮ ਅਭਯਾਸ ਦਾ ਫਲ ਨਾਮੀ ਦੀ ਪ੍ਰਾਪਤੀ ਹੈ।

੩. ਭਾਵ, ਜੀਵ ਚਿਤ ਨੂੰ ਸਤਿਗੁਰ ਨਾਲ ਲਾਵੇ, ਸਤਿਗੁਰ ਮਿਹਰ ਨਾਲ ਨਾਮ ਦੇਵੇਗਾ, ਉਸ ਦੀ ਮਿਹਰ ਸਾਂਈਂ ਦੇ ਪੂਰਬਲੇ ਲਿਖੇ ਅਨੁਸਾਰ ਹੁੰਦੀ ਹੈ। ਜੀਵ, ਗੁਰੂ ਤੇ ਵਾਹਿਗੁਰੂ ਤਿੰਨਾਂ ਦੇ ਤੈਏ ਕੰਮ ਇਥੇ ਆ ਗਏ ਹਨ!

੪. ਬਾਹਰਲੇ ਪ੍ਰਕਾਸ਼ ਨੂੰ ਅਨੁਭਵ ਕਰਨ ਵਾਲੀ ਅੰਦਰਲੀ ਪ੍ਰਕਾਸ਼ ਗ੍ਰਾਹਕ ਸ਼ਕਤੀ। ਆਮ ਬੋਲ ਚਾਲ ਵਿਚ ਬੀ ਅੱਖਾਂ ਦੀ ਦੇਖਣ ਸੱਤਯਾ ਨੂੰ 'ਜੋਤਿ' ਬੋਲਦੇ ਹਨ।

੫. ਭਾਵ ਹੈ ਪਰਮੇਸ਼ੁਰ ਦਾ ਧ੍ਯਾਨ ਮੁੱਖ ਰਹੇ। ਸਾਰੇ ਦਿੱਸਦੇ ਪਦਾਰਥਾਂ ਵਿਚ ਵ੍ਯਾਪਕ ਪਰਮੇਸ਼ੁਰ ਅਨੁਭਵ ਹੁੰਦਾ ਰਹੇ, ਪਦਾਰਥਾਂ ਦੀ 'ਅਨੇਕਤਾ' 'ਏਕਤਾ' ਦੇ ਅਨੁਭਵ ਨੂੰ ਨਾ ਮਾਰ ਲਵੇ।

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥
ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥

ਹੋਰ ਕਿਸੇ ਨੂੰ ਨਾ ਦੇਖੋ, (ਪਰ ਇਉਂ ਵਜਾਪਕ) ਹਰੀ (ਉਸੇ ਦੀ) ਕ੍ਰਿਪਾ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਤੁਸੀਂ (ਜੋ ਵਜਾਪਕ ਹਰੀ ਨੂੰ ਸਭ ਪਦਾਰਥਾਂ ਵਿਚ) ਨਹੀਂ ਦੇਖਦੇ (ਪਰ ਹੋਰ) ਸਾਰਾ[1] (ਅਪਣੇ ਸਾਹਮਣੇ ਫੈਲਿਆ ਹੋਇਆ) ਜਗਤ ਦੇਖਦੇ ਹੋ (ਅਸਲ ਵਿਚ) ਏਹੋ ਹਰੀ ਦਾ ਰੂਪ ਹੈ, (ਇਹ ਗੁਰੂ ਨੂੰ) ਹਰੀ ਰੂਪ ਹੋ ਕੇ ਨਜ਼ਰ ਆਇਆ ਹੈ। (ਉਸ) ਗੁਰੂ ਦੀ ਕਿਰਪਾ ਨਾਲ (ਜਾਂ ਅਸਾਂ ਬੀ) ਬੁੱਝ ਲਿਆ (ਭਾਵ ਸਿਆਣ ਲਿਆ ਤਾਂ ਫਿਰ) ਜਦ ਵੇਖਾਂ (ਤਾਂ ਕੀਹ ਵੇਖਾਂ ਕਿ) ਇੱਕੋ ਹਰੀ ਹੀ ਹੈ, ਹਰੀ ਤੋਂ ਬਿਨਾ ਹੋਰ ਕੋਈ ਨਹੀਂ ਹੈ! ਕਹਿੰਦੇ ਹਨ (ਗੁਰੂ) ਨਾਨਕ, ਏਹ ਨੇਤ੍ਰ (ਵਜਾਪਕ ਹਰੀ ਦੇ ਦਰਸ਼ਨਾਂ ਵਲੋਂ) ਅੰਨ੍ਹੇ ਸਨ, (ਜਦ) ਸਤਿਗੁਰੂ ਮਿਲਿਆ ਤਾਂ ਦਿਬ ਦ੍ਰਿਸ਼ਟੀ[2] ਪ੍ਰਾਪਤ ਹੋਈ॥੩੬॥

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾਕੀ ਗਤਿ ਕਹੀ ਨ ਜਾਏ॥

ਹੇ ਮੇਰੇ ਕੰਨੋ! ਸੱਚੇ (ਪਰਮੇਸ਼ੁਰ) ਨੇ[3] (ਤੁਹਾਨੂੰ) ਸੁਨਣੇ ਵਾਸਤੇ ਘੱਲਿਆ ਹੈ। ਸੱਚੇ ਦੇ (ਨਾਮ[4]) ਸੁਣਨ ਨੂੰ ਘੱਲੇ ਹੋ, (ਹਾਂ, ਤੁਸੀਂ ਇਸੇ ਮਤਲਬ ਲਈ) ਸ਼ਰੀਰ ਨਾਲ ਲਾਏ ਗਏ ਹੋ (ਕਿ) ਸੱਚੀ ਬਾਣੀ ਨੂੰ ਸੁਣੋ। ਜਿਸ (ਬਾਣੀ) ਦੇ ਸੁਣਨ ਨਾਲ ਮਨ, ਤਨ ਹਰਿਆ ਹੁੰਦਾ ਹੈ ਤੇ (ਜਿਸ ਦੇ ਜਪਣ ਨਾਲ) ਰਸਨਾ ਰਸ ਵਿਚ ਮਗਨ ਹੋ ਜਾਂਦੀ ਹੈ। (ਉਹ) ਸੱਚ (ਸ੍ਵਰੂਪ ਪਰਮਾਤਮਾ ਮਨ ਤੇ ਇੰਦ੍ਰਿਆਂ ਕਰਕੇ) ਲਖਿਆ ਨਹੀਂ ਜਾਂਦਾ, ਨਾਂ ਉਸ ਦੀ ਗਤਿ ਵਰਣਨ ਕੀਤੀ ਜਾ ਸਕਦੀ ਹੈ, ਉਹ ਤਾਂ ਅਸਚਰਜ ਰੂਪ ਹੈ, (ਪਰ ਉਹ ਨਾਮ ਅਭਜਾਸ ਨਾਲ ਅੰਤਰ ਆਤਮੇ ਲਖਿਆ ਤੇ ਬਾਹਰ ਅਨੁਭਵ ਕੀਤਾ ਜਾ ਸਕਦਾ ਹੈ, ਇਸ ਕਰਕੇ ਤੁਸੀਂ ਹੇ ਮੇਰੇ ਕੰਨੋਂ! ਉਸ ਦਾ) ਅੰਮ੍ਰਿਤ (ਵਰਗਾ ਰਸਦਾਇਕ) ਨਾਮ ਸੁਣੋ ਤੇ ਪਵਿਤ੍ਰ ਹੋ ਜਾਓ, (ਕਿਉਂਕਿ) ਸੱਚੇ ਨੇ

---

੧. ਵਿਸੁ=ਵਿਸ਼੍ਵ=ਸਾਰਾ। (ਅ) ਵਿਸ=ਵਿਖ=ਜ਼ਹਿਰ। ਭਾਵ ਜੋ ਸੰਸਾਰ ਤੁਹਾਨੂੰ ਦੁੱਖ ਰੂਪ ਦਿੱਸਦਾ ਹੈ।

੨. ਸੰਸ:, ਦਿਵਜ ਦ੍ਰਿਸ਼ਟਿ= ਜੋ ਸਰੀਰਕ ਅੱਖਾਂ ਨਾਲ ਨਾ ਦਿੱਸੇ, ਓਹ ਦੇਖ ਲੈਣ ਦੀ ਸ਼ਕਤੀ। ਈਸ਼੍ਵਰੀਯ ਨਜ਼ਰ। ਗਜਾਨ ਦ੍ਰਿਸ਼ਟੀ, ਪਰਮਾਤਮਾ ਨੂੰ ਅਨੁਭਵ ਕਰਨ ਵਾਲੀ ਅੰਦਰਲੀ ਸੱਤਜਾ! ਮੁਰਾਦ ਹੈ ਕਿ ਅਪਣੀ 'ਅੱਖਾਂ ਦੀ ਜੋਤ' ਨੂੰ ਦ੍ਰਿਸ਼ਟੀ ਨਾ ਸਮਝੋ 'ਦਿੱਬ ਦ੍ਰਿਸ਼ਟੀ' ਬੀ ਪ੍ਰਾਪਤ ਕਰੋ।

੩. ਸਾਚੈ ਦਾ ਅਰਥ ਸੱਚੇ ਨਾਮ ਨੂੰ ਬੀ ਲੱਗਦਾ ਹੈ, ਪਰ ਪਿਛਲੀ ਪਉੜੀ ਵਿਚ 'ਹਰਿ ਤੁਮ ਮਹਿ ਜੋਤਿ ਧਰੀ' ਹੈ ਹਰੀ ਨੇ, ਤਾਂਤੇ ਇਥੇ ਬੀ 'ਸਾਚੈ' 'ਸਚੇ ਨੇ' ਹੈ।

੪. ਅੰਤਲੀ ਤੁਕ ਵਿਚ ਦੱਸਿਆ ਹੈ 'ਨਾਮ ਸੁਣਹੁ'।

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥੩੭॥

(ਨਾਮ) ਸੁਣਨੇ ਲਈ (ਤੁਸਾਨੂੰ) ਘੱਲਿਆ ਹੈ, ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ॥੩੭॥

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥ ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥ ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥ ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥ ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥੩੮॥

ਹਰੀ ਨੇ (ਦਸ ਦਰਵਾਜ਼ਿਆਂ ਵਾਲੀ ਗੁਫ਼ਾ ਰੂਪੀ) ਦੇਹੀ ਵਿਚ ਜੀਵ ਨੂੰ ਰੱਖ ਕੇ ਪੌਣ ਦਾ ਵਾਜਾ ਵਜਾਇਆ ਹੈ। (ਭਾਵ ਸਰੀਰ ਦੀ ਕਲਾ ਨੂੰ ਸੁਾਸ ਪਰ ਸੁਾਸ ਦੀ ਚਾਲ ਬੰਨ੍ਹ ਕੇ ਤੋਰ ਦਿੱਤਾ ਹੈ)। (ਹਾਂ ਇਸ ਸਰੀਰ ਨੂੰ ਤੋਰਿਆ ਹੈ) ਪੌਣ ਦਾ ਵਾਜਾ ਵਜਾ ਕੇ, (ਤੇ ਇਸ ਦੇ) ਨੌਂ[1] ਦਰਵਾਜ਼ੇ ਤਾਂ ਪ੍ਰਗਟ ਰਖੇ ਹਨ, ਪਰ ਦਸਵਾਂ ਦਰਵਾਜ਼ਾ ਗੁਪਤ ਰੱਖਿਆ ਹੈ। (ਭਾਵ ਉਸ ਦਾ ਰਸਤਾ ਬਾਹਰੋਂ ਨਜ਼ਰ ਨਹੀਂ ਪੈਂਦਾ।) ਇਕਨਾ ਨੂੰ ਗੁਰੂ ਦੇ ਵਸੀਲੇ ਸ਼ਰਧਾ ਲਾ ਕੇ ਦਸਮਾ ਦੁਆਰ (ਬੀ) ਦਿਖਾ ਦਿਤਾ ਹੈ। ਉਸ (ਦਸਮ ਦੁਆਰ) ਵਿਚ ਅਨੇਕਾਂ ਰੂਪ ਨਾਉਂ ਨਵੇਂ ਨਿਧਾਂ (ਹਨ) ਜਿਸ ਦਾ ਅੰਤ ਨਹੀਂ ਪਾਇਆ ਜਾਂਦਾ[2]। ਕਹਿੰਦੇ ਹਨ (ਗੁਰੂ) ਨਾਨਕ, ਪਜਾਰੇ ਪਰਮੇਸ਼ੁਰ ਨੇ ਜੀਵ ਨੂੰ ਸਰੀਰ ਵਿਚ ਰੱਖ ਕੇ ਪੌਣ ਦਾ ਵਾਜਾ ਵਜਾਇਆ ਹੈ॥੩੮॥

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥ ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥

ਇਹ (ਨਾਮ ਦਾ) ਸੱਚਾ ਮੰਗਲ ਗੀਤ ਸੱਚੇ ਘਰ ਵਿਚ ਗਾਵੋਂ, (ਹਾਂ ਇਹ) ਮੰਗਲ ਗੀਤ (ਅਨੰਦ ਬਾਣੀ ਦਾ ਉਸ) ਸੱਚੇ ਘਰ ਵਿਚ (ਸਤਿਸੰਗ ਵਿਚ) ਗਾਵੋਂ ਜਿੱਥੇ ਸਦਾ ਸੱਚ ਧਿਆਈਦਾ ਹੈ। (ਹੇ ਵਾਹਿਗੁਰੂ! ਤੈਂ) ਸੱਚ ਸਰੂਪ ਨੂੰ (ਤਦੋਂ) ਧਿਆਉਂਦੇ ਹਨ, ਜਦੋਂ ਤੈਨੂੰ ਭਾਉਂਦੇ ਹਨ (ਓਹ) ਗੁਰਮੁਖ ਜਿਨ੍ਹਾਂ ਨੂੰ (ਤੂੰ) ਸੋਝੀ ਦੇ ਦੇਂਦਾ ਹੈਂ।

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥

ਇਹ ਸੱਚ ਸਭਨਾਂ ਦਾ ਮਾਲਕ ਹੈ, (ਪਰ) ਜਿਸ ਨੂੰ (ਓਹ ਆਪ ਇਹ ਸੱਚ) ਬਖਸ਼ੇ ਓਹ ਜਨ (ਇਸ ਨੂੰ) ਪਾਉਂਦਾ ਹੈ।

---

੧. ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸਿਸ਼ਨ ਤੇ ਗੁਦਾ।

੨. ਉਥੇ ਹੈ 'ਨਾਮ' ਜਿਸ ਦੇ ਅਨੇਕ ਰੂਪ ਹਨ, ਤੇ ਉਥੇ ਹਨ ਨੌ ਨਿਧਾਂ ਭਾਵ ਸਾਰੀਆਂ ਵਿਭੂਤੀਆਂ। ਭਾਵ ਉਥੇ ਏਕਾਗ੍ਰ ਹੋਣੇ ਨਾਲ ਸਿੱਧੀਆਂ ਆਦਿ ਤਾਕਤਾਂ ਤੇ ਪਰਮੇਸ਼ੁਰ ਦਾ ਅਨੰਤ ਰੂਪਾਂ ਵਾਲਾ ਨਾਮ ਪ੍ਰਾਪਤ ਹੁੰਦਾ ਹੈ। (ਅ) ਇਹ ਭਾਵ ਬੀ ਲੈਂਦੇ ਹਨ- ਨਾਮ ਰੂਪ ਦੀ ਅਨੇਕਤਾ, ਤੇ ਨੌ ਨਿਧਾਂ ਵਾਲਾ ਅਨੰਤ (ਜਿਸ ਦਾ ਅੰਤ ਨਹੀਂ ਪੈਂਦਾ) ਭਾਵ ਈਸ਼ੁਰ ਤੇ ਜਗਤ।

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥੩੯॥

ਕਹਿੰਦੇ ਹਨ (ਗੁਰੂ) ਨਾਨਕ (ਇਹ) ਸੱਚ ਸਰੂਪ ਮੰਗਲ ਰੀਤ ਸੱਚੇ ਘਰ ਵਿਚ ਗਾਵੋਂ (ਹੇ ਭਾਈ!)॥੩੯॥

ਕਿਸੇ ਦਾ ਕੋਈ ਮਨੋਰਥ ਪੂਰਾ ਹੋਵੇ ਤਾਂ ਉਹ ਅਨੰਦ ਹੁੰਦਾ ਹੈ, ਇਸ ਲਈ ਗੁਰੂ ਜੀ ਫੁਰਮਾਉਂਦੇ ਹਨ ਕਿ-

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥ ੪੦॥੧॥

ਹੇ ਵੱਡੇ ਭਾਗਾਂ ਵਾਲਿਓ! (ਜੋ) ਸਾਰੇ ਮਨੋਰਥ ਪੂਰੇ ਕਰੇ (ਉਹ ਅਨੰਦ ਸੁਣੋ। (ਅਰਥ ਮਨੋਰਥਾਂ ਦਾ ਦਾਤਾ) ਪਾਰਬ੍ਰਹਮ ਪ੍ਰਭੂ (ਅਸਾਂ) ਪਾ ਲਿਆ ਹੈ, (ਜਿਸ ਨਾਲ ਕਿ) ਸਾਰੇ ਝੋਰੇ ਦੂਰ ਹੋ ਗਏ ਹਨ।

ਦੁਖ ਤੇ ਰੋਗ ਤੇ ਸੰਤਾਪ[੧] ਨਾਸ਼ ਹੋ ਗਏ ਹਨ, (ਜਦ ਦੀ ਕਿ ਗੁਰੂ ਦੀ) ਸੱਚੀ ਬਾਣੀ ਸੁਣੀ ਹੈ।

(ਅਸਾਂ ਇਹ) ਪੂਰੇ ਗੁਰੂ ਤੋਂ ਜਾਣੀ ਸੀ (ਸਾਥੋਂ ਸੁਣ ਕੇ) ਸੰਤ ਤੇ ਸੱਜਣ (ਸਾਰੇ) ਖੁਸ਼ ਹੋਏ ਹਨ। ਸੁਣਨ ਵਾਲੇ ਪਵਿੱਤ੍ਰ ਹੋਏ ਹਨ, (ਇਸ ਨੂੰ) ਕਥਨ ਕਰਨ ਵਾਲੇ ਪਵਿੱਤ੍ਰ ਹੋਏ ਹਨ, (ਕਿਉਂਕਿ ਇਸ ਵਿਚ) ਸਤਿਗੁਰੂ (ਆਪ) ਭਰਪੂਰ ਹੋ ਰਿਹਾ ਹੈ[੨]। ਬੇਨਤੀ ਕਰਦੇ ਹਨ (ਗੁਰੂ) ਨਾਨਕ (ਜਦ ਦੇ) ਗੁਰੂ ਦੇ ਚਰਨਾਂ ਨਾਲ ਲੱਗੇ (ਤਦ ਦੇ) ਅਨਹਦ ਵਾਜੇ ਵੱਜ ਪਏ[੩]॥੪੦॥੧॥

---

੧. ਰੋਗ=ਸਰੀਰ ਦੀਆਂ ਬੀਮਾਰੀਆਂ। ਦੁੱਖ=ਹੋਰ ਸਾਰੇ ਦੁਖ, ਬਾਹਰੋਂ ਆ ਪੈਣ ਵਾਲੇ ਦੁਖ। ਸੰਤਾਪ=ਮਨ ਨੂੰ ਤਪਾਉਣ ਵਾਲੇ ਸਾਮਾਨ।

੨. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥(ਨਟ:ਮ:੪:ਅਸ਼ਟ-੪) 'ਸਤਿਗੁਰੂ' ਦਾ ਅਰਥ ਏਥੇ ਪਰਮਾਤਮਾ ਬੀ ਲਾਉਂਦੇ ਹਨ।

੩. ਤੂਰ=(ਸੰਸ:, ਤੁਰਯੰ=ਵਾਜਾ।) ਵਾਜਾ ਜੋ ਮੂੰਹ ਨਾਲ ਵੱਜੇ, ਤੁਰੀ।

# ਬਾਵਨ ਅਖਰੀ ਮਹਲਾ ੫ ॥*

ੴ ਸਤਿਗੁਰ ਪ੍ਰਸਾਦਿ॥
ਗਉੜੀ ਬਾਵਨ ਅਖਰੀ
ਮਹਲਾ ੫॥ ਸਲੋਕੁ॥
ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ
ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥

ਗਉੜੀ (ਨਾਮ ਹੈ ਰਾਗ ਦਾ ਜਿਸ ਵਿਚ) ਪੰਜਵੇਂ ਪਾਤਸ਼ਾਹ ਜੀ ਨੇ ਬਾਵਨ ਅੱਖਰੀ[1] (ਰਚੀ)।

(ਗੁਰਦੇਵ ਦਾ ਮੰਗਲ) ਗੁਰਦੇਵ[2] (ਹੀ ਸਾਡੀ) ਮਾਤਾ ਹੈ, ਗੁਰਦੇਵ (ਹੀ ਸਾਡਾ) ਪਿਤਾ ਹੈ, ਗੁਰਦੇਵ (ਹੀ ਸਾਡਾ) ਮਾਲਕ ਹੈ, ਪਰਮੇਸ਼ੁਰ ਹੈ। ਗੁਰਦੇਵ (ਹੀ ਸਾਡਾ) ਅਗਿਆਨ ਦੇ ਦੂਰ ਕਰਨੇ ਵਾਲਾ ਮਿੱਤਰ ਹੈ, ਗੁਰਦੇਵ (ਹੀ ਸਾਡਾ) ਸੱਕਾ ਸਾਕੇਦਾਰ[3] ਹੈ। ਗੁਰਦੇਵ (ਹੀ ਸਾਡਾ) ਦਾਤਾ ਹੈ, (ਜੋ) ਹਰਿ ਨਾਮ ਦਾ ਉਪਦੇਸ਼ ਦਿੰਦਾ ਹੈ: (ਫਿਰ) ਗੁਰਦੇਵ (ਐਸਾ ਬਲਵਾਨ ਮੰਤ੍ਰ ਦਾਤਾ ਹੈ ਕਿ ਉਸ) ਦੇ (ਨਾਮ) ਮੰਤ੍ਰ ਦਾ ਉਧਾਰ ਨਹੀਂ ਹੋ ਸਕਦਾ[4]।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੨੫੦ ਤੋਂ ੨੬੨।

੧. ਅਰਥਾਤ ਬਵਿੰਜਾ ਅੱਖਰਾਂ ਵਾਲੀ ਬਾਣੀ। ਜਿਕੁਰ ਪੰਜਾਬੀ ਦੀ 'ਪੈਂਤੀ' ਤਿਵੇਂ ਸੰਸਕ੍ਰਿਤ ਦੀ 'ਬਾਵਨ ਅੱਖਰੀ' ਹੁੰਦੀ ਹੈ। ਹਰੇਕ ਅੱਖਰ ਨੂੰ ਲੈ ਕੇ ਉਸ ਦੁਆਰਾ ਉਪਦੇਸ਼ ਕਰਨਾ ਇਕ ਸਨਾਤਨ ਢੰਗ ਹੈ, ਜੈਸੇ ਉਰਦੂ ਫ਼ਾਰਸੀ ਵਿਚ ਸੀਹਰਫ਼ੀ ਹੁੰਦੀ ਹੈ। ਕਹਿੰਦੇ ਹਨ ਕਿ ਮਾਤਾ ਗੰਗਾ ਜੀ ਨੇ ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਕੋਈ ਆਤਮਾ ਦੇ ਪਹਿਰਨੇ ਲਾਇਕ ਭੂਖਣ ਮੈਨੂੰ ਬਖਸ਼ੋ, ਤਦ ਸਤਿਗੁਰਾਂ ਨੇ ਇਹ ਬਾਣੀ ਉਚਾਰ ਕੇ ਉਹਨਾਂ ਪ੍ਰਤੀ ਦਿੱਤੀ ਤੇ ਸਰਬ ਸੰਗਤਾਂ ਵਿਚ ਇਸ ਦਾ ਪ੍ਰਚਾਰ ਹੋਇਆ। ਇਸ ਬਾਣੀ ਵਿਚ ਜੋ ਅਖਰ ਕ੍ਰਮ ਹੈ ਉਸ ਵਿਚ ਅਰੰਭ 'ਓਅੰ ਸਿਧੰਙਾਯ' ਤੋਂ ਹੈ, ਅਗੋਂ ਸ੍ਵਰ ਵਯੰਜਨ ਅਖਰ ਹਨ, ਜਿਨ੍ਹਾਂ ਦਾ ਪੂਰਾ ਵਰਨਣ 'ਭਾਵ ਪ੍ਰਕਾਸ਼ਨੀ ਟੀਕਾ ਬਾਵਨ ਅਖਰੀ' ਵਿਚ ਕੀਤਾ ਜਾਵੇਗਾ। (ਦੇਖੋ ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਚੌਥੀ-ਪੰਨਾ ੧੫੯੬ ਤੋਂ ੧੬੦੨)।

੨. ਉਹ ਗੁਰੂ ਜੋ ਪਰਮੇਸ਼ੁਰ ਦੀ ਜ਼ਾਤ ਵਿਚੋਂ ਆਯਾ ਹੈ, ਅਵਤਾਰ ਗੁਰੂ। ਦਸੋ ਪਾਤਸ਼ਾਹੀਆ ਦੇਵ ਗੁਰੂ ਯਾ ਗੁਰਦੇਵ ਹਨ। ਇਹ ਪਦ ਗੁਰੂ ਅਰਜਨ ਦੇਵ ਜੀ ਨੇ 'ਨਿਜ ਗੁਰੂ' ਰਾਮਦਾਸ ਜੀ ਵਾਸਤੇ ਵਰਤਿਆ ਹੈ। ਯਥਾ- 'ਰਾਮ ਰਾਜ ਰਾਮਦਾਸਪੁਰਿ ਕੀਨੇ ਗੁਰਦੇਵ'॥ (ਬਿਲਾਵਲ ਮ:੫ ਦੁਪਦਾ-੩)

੩. ਬੰਧਿਪ (ਸੰਸ:, ਬਾਂਧਵ)। ਸਹੋਦਰ=ਇਕੋ ਪੇਟ ਤੋਂ ਜੰਮਿਆ ਹੋਇਆ, ਭਾਵ ਹੈ ਸੱਕਾ। ਸਹੋਦਰ: ਦਾ ਕੰਨਾ ਏਥੇ ਵਿਸਰਗਾਂ ਦੀ ਥਾਂ ਹੈ, ਇਸ ਕਰਕੇ ਇਹ ਪਦ ਇਸਤ੍ਰੀ-ਲਿੰਗ ਨਹੀਂ। ਪੰਜਾਬੀ ਵਿਚ ਵਿਸਰਗਾਂ ਤੇ ਕੰਨਾਂ ਵਾਲੇ ਪਦਾਂ ਨੂੰ ਅਕਸਰ ਕੰਨੇ ਨਾਲ ਹੀ ਲਿਖਦੇ ਹਨ, ਇਥੋਂ ਤਾਈਂ ਕਿ ਫ਼ਾਰਸੀ ਦੀ ਹਾਏ ਮੁਖ਼ੱਤੀ ਨੂੰ ਬੀ ਕੰਨੇ ਨਾਲ ਲਿਖਦੇ ਹਨ, ਜੈਸੇ ਕਿ ਪਰਦਹ=ਪਰਦਾ। ਬੰਧਿਪ ਸਹੋਦਰਾ=ਸੱਕਾ ਸਾਕ। ਇੱਕੋ ਪੇਟ ਤੋਂ ਜੰਮੇ ਹੋਏ ਸਾਕ।

੪. ਜੋ ਮੰਤ੍ਰ, ਕਿਸੇ ਹੋਰ ਮੰਤ੍ਰ ਦੇ ਅਸਰ ਨਾਲ ਬੇਅਸਰ ਨਾ ਹੋ ਸਕੇ ਉਸ ਨੂੰ ਤੰਤ੍ਰ ਵਿਦਯਾ ਵਾਲੇ 'ਨਿਰੁੱਧਾਰ ਮੰਤ੍ਰ' ਕਹਿੰਦੇ ਹਨ। 'ਨਿਰ+ਉੱਧਾਰ'=ਉਧਾਰ (ਅਸਰ ਦੂਰ ਕਰਨਾ) ਨਹੀਂ ਹੋ ਸਕਦਾ ਜਿਸ ਦਾ। ਦੇਖੋ ਸਫਾ ੧੧੪ ਦੀ ਟੂਕ ਪੰਜਵੀਂ।

ਗੁਰਦੇਵ ਸਾਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥

ਗੁਰਦੇਵ (ਹੀ) ਸ਼ਾਂਤੀ ਸੱਚ ਤੇ ਬੁੱਧੀ ਸਰੂਪ ਹੈ[੧], ਗੁਰਦੇਵ ਦਾ ਸਪਰਸ਼ (ਛੁਹ ਪਾਰਸ ਦੇ ਸਪਰਸ਼ ਨਾਲੋਂ ਬੀ ਸ੍ਰੇਸ਼ਟ ਹੈ[੨], ਗੁਰਦੇਵ ਤੀਰਥ ਹੈ ਅਰ ਅੰਮ੍ਰਿਤ ਦਾ ਸਰੋਵਰ ਹੈ[੩], ਗੁਰੂ ਦੇ ਗਿਆਨ (ਅੰਮ੍ਰਿਤ) ਦਾ ਇਸ਼ਨਾਨ ਅਪਰੰਪਰ (ਦੀ ਪ੍ਰਾਪਤੀ) ਹੈ[੪]। ਗੁਰਦੇਵ ਕਰਤਾ ਹੈ (ਅਰ) ਸਾਰੇ ਪਾਪਾਂ ਦਾ ਦੂਰ ਕਰਨੇ ਵਾਲਾ ਹੈ, ਗੁਰਦੇਵ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ। ਗੁਰਦੇਵ ਆਦਿ ਤੋਂ ਹੈ, ਅਰ ਜੁਗਾਂ ਦੇ ਆਦਿ ਤੋਂ ਹੈ, (ਗੁਰਦੇਵ) ਜੁਗੋ ਜੁਗ[੫] (ਹੈ ਤੇ ਹੋਸੀ), ਗੁਰਦੇਵ ਦੇ ਹਰੀ (ਨਾਮ) ਮੰਤਰ ਨੂੰ ਜਪ ਕੇ ਉਧਰੀ ਦਾ ਹੈ। ਹੇ ਪ੍ਰਭੂ! ਕਿਰਪਾ ਕਰਕੇ ਗੁਰਦੇਵ ਦਾ ਸੰਗ (ਸਾਨੂੰ) ਮੇਲੋ, ਜਿਸ (ਦੀ ਸੰਗਤਿ) ਨੂੰ ਪ੍ਰਾਪਤ ਹੋ ਕੇ ਅਸੀਂ ਮੂਰਖ ਪਾਪੀ (ਬੀ) ਤਰ ਜਾਈਏ। ਗੁਰਦੇਵ ਸਤਿਗੁਰੂ (ਹੈ), ਪਾਰਬ੍ਰਹਮ (ਹੈ); (ਕਹਿੰਦੇ ਹਨ ਗੁਰੂ ਜੀ) ਹੇ ਨਾਨਕ! ਹਰੀ (ਰੂਪ) ਗੁਰਦੇਵ ਨੂੰ (ਸਾਡੀ) ਨਮਸਕਾਰ ਹੈ॥੧॥

ਸਲੋਕੁ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥ ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥

(ਇਕ ਪਰਮੇਸ਼ੁਰ ਨੇ) ਆਪ ਹੀ (ਜਗਤ ਨੂੰ) ਕੀਤਾ ਕਰਾਇਆ ਹੈ, (ਤੇ) ਆਪ ਹੀ ਕਰਨੇ ਨੂੰ ਜੋਗ (ਸਮਰੱਥ) ਹੈ[੬]। ਹੇ ਨਾਨਕ! ਇਕੋ (ਪਰਮੇਸ਼ੁਰ ਸਾਰੇ) ਵਜਾਪਕ ਹੋ ਰਿਹਾ ਹੈ, ਦੂਸਰਾ ਨਾ ਕੋਈ ਹੋਇਆ ਹੈ ਨਾ ਹੋਵੇਗਾ॥੧॥

---

੧. ਭਾਵ ਸ਼ਾਂਤੀ ਸਚਜਾਈ ਤੇ ਬੁੱਧੀ ਉਸ ਵਿਚ ਪੂਰਨ ਰੂਪ ਵਿਚ ਹਨ ਤੇ ਉਸ ਤੋਂ ਪ੍ਰਾਪਤ ਹੁੰਦੀਆਂ ਹਨ।

੨. ਪਾਰਸ ਲੋਹੇ ਨੂੰ ਸੋਨਾ ਕਰਦਾ ਹੈ ਪਰ ਸਤਿਗੁਰੂ ਪਾਰਸ ਅਪਨੇ ਜੇਹਾ ਕਰਦਾ ਹੈ, ਯਥਾ- 'ਪਾਰਸ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰਿ ਸੰਗਿ ਥੀਏ' (ਬਸੰ:ਮ:੧-੧੨) ਅਥਵਾ, ਗੁਰਦੇਵ ਪਾਰਸ ਹੈ (ਜਿਸ ਨੂੰ) ਪਰਸਨੇ ਕਰ ਸ੍ਰੇਸ਼ਟ (ਹੋਈਦਾ ਹੈ)।

੩. ਤੀਰਥ=ਪਵਿਤ੍ਰ ਕਰਨ ਹਾਰੇ; ਅੰਮ੍ਰਿਤ ਸ਼ਰੋਵਰ=ਗਿਆਨ ਨਾਲ ਪੂਰਨ।

੪. ਭਾਵ ਗੁਰੂ ਦੇ ਗਜਾਨ ਵਿਚ ਮੱਜਨ ਕਰਨ ਨਾਲ ਪਰਮਾਤਮਾ ਨੂੰ ਪ੍ਰਾਪਤ ਹੋ ਜਾਈਦਾ ਹੈ। ਗੁਰਬਾਣੀ ਵਿਚ ਅਪਰੰਪਰ 'ਵਾਹਿਗੁਰੂ' ਅਰਥਾਂ ਵਿਚ ਆਯਾ ਹੈ, ਯਥਾ- 'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ' (ਆਸਾ ਮ:੪-੨) 'ਅਪਰੰਪਰ ਪਾਰਬ੍ਰਹਮੁ ਪਰਮੇਸੁਰ' (ਸੋਰਠਿ ਮ:੧-੧੧)। ਸੁੰਨ ਸਬਦੁ ਅਪਰੰਪਰਿ ਧਾਰੈ॥ (ਸਿਧ ਗੋਸਟਿ ੫੪) (ਅ) ਗੁਰੂ ਦੇ ਗਜਾਨ ਦਾ ਮਜਨ ਸ੍ਰੇਸ਼ਟ ਤੋਂ ਸ੍ਰੇਸ਼ਟ ਹੈ।

੫. ਆਦਿ=ਉਹ ਜਦੋਂ ਕਾਲ ਬੀ ਨਹੀਂ ਸੀ। ਜੁਗਾਦਿ=ਜਦ ਤੋਂ ਕਾਲ ਟੁਰਿਆ। ਜੁਗੁ ਜੁਗੁ=ਪਿਛੇ ਹੁਣ ਤੇ ਅਗੇ ਨੂੰ ਭਾਵ ਸਮੇਂ ਤੋਂ ਪਹਿਲਾਂ ਬੀ, ਸਮੇਂ ਵਿਚ ਬੀ, ਸਦਾ ਤੋਂ ਸਦਾ ਤੀਕ।

੬. ਪਿਛੇ ਆਪ ਹੀ ਰਚਿਆ ਹੈ ਹੁਣ ਤੇ ਅਗੇ ਨੂੰ ਬੀ ਰਚਨੇ ਨੂੰ ਸਮਰੱਥ ਹੈ। ਸੰਪ੍ਰਦਾਈ ਭਾਵ ਇਉਂ ਬੀ ਲੈਂਦੇ ਹਨ, ਆਪ ਰਚਿਆ ਬ੍ਰਹਮਾਦਿਕਾਂ ਨੂੰ ਤੇ ਉਹਨਾਂ ਤੋਂ ਰਚਵਾਇਆ ਜਗਤ।

ਪੱਟੀ ਪਰ ਮੁੰਢ ਵਿਚ ਲਿਖੇ ਜਾਣ ਵਾਲੇ 'ਓਅੰ' ਤੋਂ ਆਰੰਭ ਕਰਦੇ ਹਨ ਕਿ-

ਪਉੜੀ ॥
ਓਅੰ ਸਾਧ ਸਤਿਗੁਰ ਨਮਸਕਾਰੰ ॥
ਆਦਿ ਮਧਿ ਅੰਤਿ ਨਿਰੰਕਾਰੰ ॥
ਆਪਹਿ ਸੁੰਨ ਆਪਹਿ ਸੁਖ ਆਸਨ ॥
ਆਪਹਿ ਸੁਨਤ ਆਪ ਹੀ ਜਾਸਨ ॥
ਆਪਨ ਆਪੁ ਆਪਹਿ ਉਪਾਇਓ ॥
ਆਪਹਿ ਬਾਪ ਆਪ ਹੀ ਮਾਇਓ ॥
ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥ ੧ ॥

(ਓਅੰ=) ਅਕਾਲ ਪੁਰਖ[1] ਅਰ ਸ੍ਰੇਸ਼ਟ[2] ਸਤਿਗੁਰੂ ਨੂੰ (ਸਾਡੀ) ਨਮਸਕਾਰ ਹੈ। ਆਦਿ ਮੱਧ ਤੇ ਅੰਤ (ਤਿੰਨਾਂ ਕਾਲਾਂ) ਵਿਖੇ ਨਿਰੰਕਾਰ (ਸੱਤ ਸਰੂਪ ਹੈ)। ਆਪ ਹੀ (ਓਹ ਨਿਰੰਕਾਰ) ਸੁੰਨ (ਸਰੂਪ[3]) ਹੈ, ਆਪ ਹੀ ਓਹ ਸੁਖ ਆਸਨ[4] ਹੈ। ਆਪ ਹੀ ਜਸ ਵਾਲਾ ਹੈ[5], ਆਪ ਹੀ (ਜਸ ਨੂੰ) ਸੁਣਦਾ ਹੈ। (ਉਸ ਨੇ) ਆਪਣੇ ਆਪ ਨੂੰ ਆਪ ਹੀ ਪੈਦਾ ਕੀਤਾ ਹੈ[6], ਆਪ ਹੀ ਪਿਤਾ ਹੈ, ਆਪ ਹੀ ਮਾਤਾ ਹੈ। ਆਪ ਹੀ ਸੂਖਮ, ਆਪ ਹੀ ਅਸਥੂਲ ਹੈ[7]। ਹੇ ਨਾਨਕ! ਉਸ ਦੀ ਲੀਲ੍ਹਾ ਲਖੀ ਨਹੀਂ ਜਾਂਦੀ।

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥
ਰਹਾਉ ॥

ਹੇ ਦੀਨ ਦਿਆਲ ਪ੍ਰਭੂ! ਕ੍ਰਿਪਾ ਕਰ (ਜੋ ਮੇਰਾ) ਮਨ ਤੇਰੇ ਸੰਤਾਂ ਦੀ (ਚਰਨ) ਧੂੜ ਬਣੇ॥ਰਹਾਉ॥

ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥

ਇਕ (ਜੋ ਹੈ ਅਕਾਲ ਪੁਰਖ ਸੋ) ਆਪ ਹੀ ਨਿਰਕਾਰ ਹੈ (ਤੇ ਆਪ ਹੀ) ਅਕਾਰ ਵਾਲਾ ਹੈ, (ਉਹ ਆਪ ਹੀ) ਨਿਰਗੁਣ ਹੈ (ਤੇ ਆਪ ਹੀ) ਸਰਗੁਣ ਹੈ। (ਉਸ) ਇਕ ਨੂੰ ਇਕ ਹੀ ਕਰਕੇ ਵਰਣਨ ਕਰੀਦਾ ਹੈ, ਹੇ ਨਾਨਕ! ਉਹ ਇਕ ਹੀ ਅਨੇਕ ਹੋ ਰਿਹਾ ਹੈ[8]॥੧॥

---

੧. ਓਅੰ=ਅਕਾਲ ਪੁਰਖ। ਕਰਤਾਰ। ਯਥਾ- 'ਓਅੰਕਾਰਿ ਸਭ ਸ੍ਰਿਸਟਿ ਉਪਾਈ॥' (ਮਾਰੂ ਸੋਲਹੇ ਮ:੩)

੨. ਸਾਧ=ਸ੍ਰੇਸ਼ਟ।

੩. ਸੁੰਨ ਪਰਮਾਤਮਾ, ਜਦੋਂ ਕਿ ਉਹ ਨਿਰਗੁਣ ਸਰੂਪ ਵਿਚ ਹੈ।

੪. ਸੁਖ ਆਸਨ=ਸੁਖ ਵਿਚ ਇਸਥਿਤ ਹੈ। ਆਨੰਦ ਦੇ ਆਸਨ ਤੇ ਬੈਠਾ ਹੈ।

੫. ਸੰਸ:, ਯਸ਼ਸ੍ਵਿਨ ਤੋਂ ਜਾਸਨ=ਯਸ਼ ਵਾਲਾ। (ਅ) ਆਪ ਹੀ ਜਸ ਨੂੰ ਕਰਨੇ ਵਾਲਾ ਹੈ।

੬. ਭਾਵ=ਨਿਰਗੁਣ ਤੋਂ ਸਰਗੁਣ ਹੋਣਾ।

੭. ਸੂਖਮ=ਅਤਿ ਬਰੀਕ, ਨਾ ਦਿੱਸਣ ਵਾਲਾ ਸਰੂਪ। ਸਥੂਲ=ਮੋਟਾ, ਵੱਡਾ, ਵਿਸਤ੍ਰਿਤ।

੮. ਐਉਂ ਬੀ ਅਰਥ ਕਰਦੇ ਹਨ ਨਿਰਗੁਣ (ਰੂਪ ਕਰ) ਆਪ ਹੀ ਨਿਰੰਕਾਰ (ਹੈ, ਤੇ) ਸਰਗੁਣ (ਰੂਪ ਹੋਣ ਕਰਕੇ ਆਪ ਹੀ) ਆਕਾਰ ਵਾਲਾ ਹੈ, 'ਏਕ' (=ਵਾਹਿਗੁਰੂ ਅਤੇ) (ਉਸ ਵਾਹਿਗੁਰੂ ਦੇ 'ਇਕੋ ਇਕ' ਬਚਨ) ਕਹਿਣ ਤੋਂ ਇਕ ਤੋਂ ਅਨੇਕ (ਦੀ ਰਚਨਾ ਹੋ ਗਈ) ਭਾਵ ਇਹ ਕਿ ਨਿਰਗੁਣ ਅਵਸਥਾ ਵਿਚ ਇਕ ਤੇ 'ਅਨੇਕ' ਦੋਹਾਂ ਦੀ ਕੋਈ ਸੰਭਾਵਨਾ ਨਹੀਂ, ਚਾਹੇ ਹੈ ਇਕ, ਜਦ ਇਕ ਦੀ ਸੰਭਾਵਨਾ ਹੋਈ ਤਾਂ ਅਨੇਕ ਦੀ ਨਾਲ ਹੋ ਗਈ। ਇਕ ਹੋਣ ਦਾ ਖਯਾਲ ਅਪਣੇ ਨਾਲ 'ਅਨੇਕਤਾ' ਦੀ ਸੰਭਾਵਨਾ ਰੱਖਦਾ ਹੈ।

 www.sikhbookclub.com

ਪਉੜੀ ॥
ਓਅੰ ਗੁਰਮੁਖਿ ਕੀਓ ਅਕਾਰਾ॥
ਏਕਹਿ ਸੂਤਿ ਪਰੋਵਨਹਾਰਾ॥
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥
ਸਗਲ ਭਾਤਿ ਕਰਿ ਕਰਹਿ ਉਪਾਇਓ॥
ਜਨਮ ਮਰਨ ਮਨ ਮੋਹੁ ਬਢਾਇਓ॥
ਦੁਹੂ ਭਾਤਿ ਤੇ ਆਪਿ ਨਿਰਾਰਾ ॥
ਨਾਨਕ ਅੰਤੁ ਨ ਪਾਰਾਵਾਰਾ ॥ ੨ ॥

ਓਅੰ (ਦੁਆਰਾ ਕਥਨ ਕਰਦੇ ਹਨ ਕਿ ਓਅੰ ਨੇ[1] ਜੋ) ਪੂਜਜ ਤੇ ਸ੍ਰੇਸ਼ਟ ਹੈ, ਆਕਾਰ[2] ਰਚਿਆ; (ਉਹੀ ਸਾਰੇ ਜਗਤ ਨੂੰ) ਇਕ ਤਾਰ ਵਿਚ ਪਰੋਵਨ ਵਾਲਾ (ਹੋਇਆ, ਭਾਵ, ਜਗਤ ਨੂੰ ਪ੍ਰਬੰਧ ਵਿਚ ਬੰਨ੍ਹ ਦਿਤਾ)। ੩.੪. ਨਿਰਗੁਣ ਤੋਂ ਸਰਗੁਣ (ਐਉਂ) ਦਿਖਲਾਇਆ (ਕਿ ਮਾਯਾ ਰਚ ਕੇ ਉਸ ਦੇ) ਤ੍ਰੈਗੁਣਾਂ ਦਾ ਵਿਸਥਾਰ ਕਰ ਦਿਤਾ, (ਤੇ ਐਉਂ ਰਚੀ ਹੋਈ ਵਿਚ) ਭਿੰਨਤਾ ਪੈਦਾ ਕਰ ਦਿੱਤੀ। (ਇਸ ਰਚਨਾ ਨੂੰ ਉਸ ਨੇ) ਸਾਰੀਆਂ ਭਾਤਾਂ ਵਿਚ ਕਰ ਕਰਕੇ (ਭਾਵ ਵੰਡ ਵੰਡ ਕੇ) ਹੀ ਰਚਿਆ[3]। (ਰਚਨਾ ਵਿਚ ਮਨ ਵਾਲੇ ਜੀਵ ਬੀ ਪੈਦਾ ਕੀਤੇ, ਇਨ੍ਹਾਂ ਵਿਚ) ਮਨ ਦਾ ਮੋਹ ਪਸਾਰ ਦਿਤਾ (ਸੋ ਮੋਹ ਦੀ ਫਾਸ ਕਰਕੇ) ਜਨਮ ਮਰਨ (ਹੋ ਗਿਆ[4]। (ਪਰ) ਦੁਹਾਂ ਭਾਤਾਂ ਤੋਂ ਆਪ ਨਿਆਰਾ ਹੈ[5], ਹੇ ਨਾਨਕ! (ਉਸ ਦੇ) ਪਾਰ ਉਰਾਰ ਦਾ ਕੋਈ ਅੰਤ ਨਹੀਂ॥੨॥

ਸਲੋਕੁ ॥ ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥

ਉਹੋ ਸ਼ਾਹ ਹਨ, ਉਹੋ ਭਾਗਾਂ ਵਾਲੇ ਹਨ, (ਜਿਨ੍ਹਾਂ ਪਾਸ ਕਿ ਦੁਹਾਂ ਭਾਂਤਾਂ ਤੋਂ ਨਿਆਰੇ) ਹਰੀ ਦੀ (ਨਾਮ ਰੂਪੀ) ਰਾਸ ਹੈ, (ਤੇ) ਸੱਚ (ਰੂਪੀ) ਦੌਲਤ ਹੈ। ਇਨ੍ਹਾਂ (ਭਾਗਾਂ ਵਾਲੇ) ਸੰਤਾਂ ਦੇ ਪਾਸੋਂ ਸੱਚ ਤੇ ਸੁੱਚ (ਪਵਿੱਤ੍ਰਤਾ ਦੀ ਦੌਲਤ) ਪ੍ਰਾਪਤ ਕਰੀਦੀ ਹੈ, ਹੇ ਨਾਨਕ!॥੧॥

ਪਵੜੀ ॥ ਸਸਾ ਸਤਿ ਸਤਿ ਸਤਿ ਸੋਊ॥
ਸਤਿ ਪੁਰਖ ਤੇ ਭਿੰਨ ਨ ਕੋਊ ॥
ਸੋਊ ਸਰਨਿ ਪਰੈ ਜਿਹ ਪਾਯੰ ॥

ਸਸੇ (ਦੁਆਰਾ ਉਪਦੇਸ਼ ਹੈ), ਓਹ (ਪ੍ਰਭੂ) ਸਤਿ ਹੈ, ਸਤਿ ਹੈ, ਸਤਿ ਹੈ[6]। ਉਸ ਸਤਿ (ਸਰੂਪ) ਅਕਾਲ ਪੁਰਖ ਤੋਂ ਨਿਆਰਾ (ਤਾਂ) ਕੋਈ ਨਹੀਂ। (ਪਰ ਉਸ ਦੀ) ਸ਼ਰਨੀ ਓਹੋ ਪੈਂਦਾ ਹੈ ਜਿਸ ਨੂੰ (ਕਿ ਉਹ ਆਪ) ਪਾਉਂਦਾ ਹੈ। (ਫਿਰ ਓਹ ਮਨ ਨਾਲ) ਸਿਮਰ ਸਿਮਰ ਕੇ (ਤੇ ਰਸਨਾਂ ਨਾਲ)

---

੧. (ਅ) ਉਸ ਨਿਰੰਕਾਰ ਨੇ ਜੋ ਇਕ ਹੈ ਓਅੰ ਦੁਆਰਾ ਰੂਪਵਾਨ ਜਗਤ ਨੂੰ ਰਚਿਆ, ਗੁਰਮੁਖਾਂ ਨੇ ਐਸਾ ਜਾਣਿਆ ਹੈ।
੨. ਸੂਰਤ ਸ਼ਕਲ ਵਾਲਾ ਜਗਤ।
੩. ਕਿਸਮਾਂ, ਜਿਨਸਾਂ ਆਦਿ ਵਿਚ। (ਅ) ਐਉਂ ਬੀ ਲਾਉਂਦੇ ਹਨ- 'ਕਰਹਿ ਉਪਾਇਓ'=ਪਰਸਪਰ ਵਿਰੋਧ ਪੈਦਾ ਕਰ ਦਿਤਾ।
੪. ਮੋਹ ਨਾਲ ਵਾਸ਼ਨਾ ਉਪਜਦੀ ਹੈ, 'ਵਾਸ਼ਨਾ ਬਧਾ ਆਵੈ ਜਾਵੈ' ਭਾਈ ਗੁਰਦਾਸ ਜੀ ਦਾ ਵਾਕ ਹੈ।
੫. ਭਾਵ, ਜਨਮ ਮਰਣ ਤੋਂ।
੬. ਸੱਤ ਸੀ, ਸੱਤ ਹੈ, ਸੱਤ ਹੋਊ।


www.sikhbookclub.com

ਸਿਮਰਿ ਸਿਮਰਿ ਗੁਨ ਗਾਇ ਸੁਨਾਏ॥
ਸੰਸੈ ਭਰਮੁ ਨਹੀ ਕਛੁ ਬਿਆਪਤ॥
ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥
ਸੋ ਸਾਧੂ ਇਹ ਪਹੁਚਨਹਾਰਾ ॥
ਨਾਨਕ ਤਾ ਕੈ ਸਦ ਬਲਿਹਾਰਾ ॥ ੩ ॥

(ਸਤ ਪੁਰਖ ਦੇ) ਗੁਣ ਗਾਉਂਕੇ ਸੁਣਾਉਂਦਾ ਹੈ। (ਹੁਣ ਓਸ ਨੂੰ) ਸੰਸਾ ਤੇ ਭਰਮ ਕੁਝ ਨਹੀਂ ਬਿਆਪਦਾ ਕਿਉਂਕਿ) ਉਸ (ਸਤਿਪੁਰਖ) ਦਾ ਪ੍ਰਤਾਪ (ਉਸ ਨੂੰ) ਪ੍ਰਤੱਖ ਪਿਆ ਜਾਪਦਾ ਹੈ[1]। ਓਹੋ ਸਾਧੂ (ਹੈ ਉਹੋ) ਇਸ (ਸਤਿ ਸਰੂਪ) ਨੂੰ ਪੰਹੁਚਣਹਾਰ ਹੋਇਆ ਹੈ[2]। ਨਾਨਕ ਉਸ ਤੋਂ ਸਦੀਵ ਬਲਿਹਾਰ ਹੈ! ॥੩॥

ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥ ੧ ॥

(ਐਸੇ ਸੰਤ) ਧਨ (ਪ੍ਰਾਪਤ ਹੋਵੇ), ਧਨ (ਪ੍ਰਾਪਤ ਹੋਵੇ) ਕਿੱਥੋਂ ਕੂਕਦੇ ਹਨ[3], (ਓਹ ਤਾਂ ਜਾਣਦੇ ਹਨ ਕਿ) ਮਾਇਆ ਤੇ ਮੋਹ ਸਭ ਕੂੜੇ ਹਨ (ਤੇ) ਨਾਮ ਤੋਂ ਵਿਰਵੇ (ਲੋਕ) ਸਭ ਮਿੱਟੀ ਹੁੰਦੇ ਜਾਂਦੇ ਹਨ, ਹੇ ਨਾਨਕ! ॥੧॥

ਪਵੜੀ॥
ਧਧਾ ਧੂਰਿ ਪੁਨੀਤ ਤੇਰੇ ਜਨੂਆ ॥
ਧਨਿ ਤੇਊ ਜਿਹ ਰੁਚ ਇਆ ਮਨੂਆ ॥
ਧਨੁ ਨਹੀ ਬਾਛਹਿ ਸੁਰਗ ਨ ਆਛਹਿ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥
ਧੰਧੇ ਕਹਾ ਬਿਆਪਹਿ ਤਾਹੂ ॥
ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥
ਜਾ ਕੈ ਹੀਐ ਦੀਓ ਪ੍ਰਭ ਨਾਮ ॥
ਨਾਨਕ ਸਾਧ ਪੂਰਨ ਭਗਵਾਨ ॥ ੪ ॥

ਧਧੇ (ਦੁਆਰਾ ਉਪਦੇਸ ਹੈ ਕਿ ਹੇ ਪ੍ਰਭੂ) ਤੇਰੇ ਜਨਾਂ ਦੀ ਧੂੜੀ ਪਵਿੱਤਰ ਹੈ। (ਅਤੇ) ਧੰਨ ਹਨ ਓਹ ਜਿਨ੍ਹਾਂ ਦਾ ਮਨ ਇਸ (ਧੂੜੀ) ਵਿਚ ਰੁਚੀ ਕਰ ਰਿਹਾ ਹੈ। (ਹਾਂ ਧੰਨ ਹਨ ਓਹ ਜੋ) ਧਨ ਨਹੀਂ ਮੰਗਦੇ, ਸੁਰਗ ਨਹੀਂ ਲੋੜਦੇ (ਸਗੋਂ) ਪਜਾਰੇ (ਪਰਮੇਸ਼ੁਰ) ਦੀ ਅਤਿ ਦੀ ਪ੍ਰੀਤਿ (ਪ੍ਰਾਪਤੀ) ਵਾਸਤੇ ਸਾਧੂ ਧੂੜੀ ਵਿਚ ਰਚੇ ਰਹਿੰਦੇ ਹਨ! (ਹਾਂ, ਉਹਨਾਂ ਨੂੰ) ਧੰਦੇ ਕਿਉਂ ਚੰਬੜਦੇ ਹਨ ਜੋ 'ਇਕ' ਨੂੰ ਛਡ ਕੇ ਹੋਰ ਕਿਤੇ ਨਹੀਂ ਜਾਂਦੇ। ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ੁਰ ਨੇ ਨਾਮ ਦਿਤਾ ਹੈ, ਉਹੀ ਪੂਰਨ ਭਗਵਾਨ ਦੇ ਸਾਧੂ ਹੈਨ[4] ਹੇ ਨਾਨਕ! ॥੪॥

ਸਲੋਕ ॥
ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥ ੧ ॥

ਸਲੋਕ- ਅਨੇਕਾਂ ਭੇਖਾਂ, ਗਿਆਨਾਂ, ਧਿਆਨਾਂ ਤੇ ਮਨ ਦੇ ਹਠਾਂ ਕਰਕੇ ਕੋਈ (ਪ੍ਰਭੂ ਨੂੰ) ਨਹੀਂ ਮਿਲਿਆ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ, ਜਿਸ ਪੁਰ ਉਸ ਦੀ) ਕ੍ਰਿਪਾ ਹੋਈ ਹੈ, ਉਹ। ਭਗਤ ਹੋਇਆ ਹੈ ਉਹੀ ਗਿਆਨੀ ਹੋਇਆ ਹੈ॥੧॥

---

੧. ਭਾਵੇਹਿ ਕਿ ਵਾਹਿਗੁਰੂ ਦਾ ਜਲਾਲ ਉਸ ਨੂੰ ਪ੍ਰਤੱਖ ਪਿਆ ਦਿੱਸਦਾ ਹੈ।

੨. ਅਥਵਾ ਇਸ ਅਵਸਥਾ ਨੂੰ।

੩. ਐਉਂ ਬੀ ਕਰਦੇ ਹਨ ਕਿ 'ਧਨ ਧਨ ਕਿਉਂ ਪੁਕਾਰਦੇ ਹੋ', ਪਰੰਤੂ ਪਿਛਲੀ ਪੌੜੀ ਤੇ ਇਸ ਸਲੋਕ ਤੋਂ ਬਾਅਦ ਦੀ ਪੌੜੀ ਵਿਚ ਵਿਖਯ ਸੰਤਾਂ ਦਾ ਹੀ ਚੱਲ ਰਿਹਾ ਹੈ।

੪. ਐਉਂ ਬੀ ਲਾ ਲੈਂਦੇ ਹਨ- ਉਹ ਪੂਰਾ ਸਾਧੂ ਹੈ ਤੇ ਭਗਵਾਨ ਦਾ ਰੂਪ ਹੈ।

ਪਉੜੀ ॥
ਙੰਙਾ ਙਿਆਨੁ ਨਹੀ ਮੁਖ ਬਾਤਉ ॥
ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥
ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥
ਕਹਤ ਸੁਨਤ ਕਛੁ ਜੋਗੁ ਨ ਹੋਊ ॥
ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ॥
ਉਸਨ ਸੀਤ ਸਮਸਰਿ ਸਭ ਤਾ ਕੈ ॥
ਙਿਆਨੀ ਤਤੁ ਗੁਰਮੁਖਿ ਬੀਚਾਰੀ ॥
ਨਾਨਕ ਜਾ ਕਉ ਕਿਰਪਾ ਧਾਰੀ ॥ ੫ ॥

ਪਉੜੀ-ਙੰਙੇ (ਦੁਆਰਾ ਉਪਦੇਸ਼ ਹੈ) ਮੂੰਹ ਦੀਆਂ ਗੱਲਾਂ ਨਾਲ ਗਿਆਨ ਨਹੀਂ (ਆ ਜਾਂਦਾ), (ਨਾਂ ਹੀ) ਅਨੇਕਾਂ ਸ਼ਾਸਤਰਾਂ ਦੀਆਂ (ਅਨੇਕ) ਭਾਂਤਾਂ ਦੀਆਂ ਜੁਗਤੀਆਂ (ਵਰਣਨ) ਕਰ ਸਕਣ ਨਾਲ (ਗਿਆਨ ਹੋ ਜਾਂਦਾ ਹੈ)। ਗਿਆਨੀ (ਤਾਂ) ਉਹ ਹੈ ਜਿਸ ਦੇ (ਹਿਰਦੇ ਵਿਚ) ਉਹ (ਪਰਮੇਸ਼ੁਰ) ਇਸਥਿਤ ਹੈ। (ਨਿਰੇ ਮੂੰਹ ਨਾਲ) ਕਹਿੰਦਿਆਂ (ਤੇ ਕੰਨਾਂ ਨਾਲ) ਸੁਣਦਿਆਂ (ਪਰਮੇਸ਼ੁਰ ਨਾਲ) ਕੁਛ ਜੁੜਨਾ ਨਹੀਂ ਹੋ ਜਾਂਦਾ[੧] ਗਿਆਨੀ (ਉਹੋ ਹੈ) ਜਿਸ ਦੇ (ਮਨ ਵਿਚ ਸਾਈਂ ਦੀ) ਆਗਿਆ ਦ੍ਰਿੜ੍ਹ ਰਹਿੰਦੀ ਹੈ, ਉਸੇ ਨੂੰ ਗਰਮੀ ਤੇ ਸਰਦੀ[੨] ਸਭ ਇਕ ਤੁੱਲ ਹੋ ਜਾਂਦੀ ਹੈ। (ਹਾਂ) ਜਿਸ ਤੇ ਹੇ ਨਾਨਕ! (ਪਰਮੇਸ਼ੁਰ ਨੇ) ਕਿਰਪਾ ਕੀਤੀ ਹੈ (ਉਹੀ) ਤੱਤ ਦਾ ਵੀਚਾਰ ਕਰਨੇ ਵਾਲਾ ਗਿਆਨੀ ਹੈ (ਉਹੀ) ਗੁਰਮੁਖ ਹੈ॥੫॥

ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥ ੧ ॥

(ਮਨੁੱਖ) ਆਵਣ (ਮਾਤਰ) ਸ੍ਰਿਸ਼ਟੀ ਵਿਚ ਆਏ ਹਨ[੩] (ਕਿਉਂਕਿ) ਬਿਨਾ ਸਮਝ ਦੇ (ਓਹ) ਢੋਰ ਪਸ਼ੂ[੪] ਵਤ ਹਨ, ਹੇ ਨਾਨਕ! ਉਹ ਗੁਰਮੁਖ (ਆਵਣ ਦੇ ਮਨੋਰਥ ਨੂੰ) ਬੁਝਦਾ ਹੈ, ਜਿਸ ਦੇ ਮੱਥੇ ਪੁਰ ਭਾਗ ਹਨ॥੧॥

ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥ ਜਨਮਤ ਮੋਹਿਓ ਮੋਹਨੀ ਮਾਇਆ ॥ ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥

(ਜੀਵ) ਇਸ ਜੁਗ[੫] ਵਿਚ (ਕੇਵਲ), ਇਕ ਨੂੰ (ਪ੍ਰਾਪਤ ਕਰਨੇ ਨਮਿੱਤ) ਆਇਆ (ਸੀ, ਪਰ) ਜੰਮਦਾ ਹੀ ਮੋਹ ਲੈਣ ਵਾਲੀ ਮਾਇਆ ਵਿਖੇ ਮੋਹਿਆ ਗਿਆ। (ਜੀਵ ਮਾਤਾ ਦੇ) ਗਰਭ ਕੁੰਡ ਵਿਚ ਪੁੱਠੇ ਤਪ ਕਰਦੇ ਸਨ! (ਉਥੇ) ਸਾਸ ਸਾਸ ਪ੍ਰਭੂ ਨੂੰ ਸਿਮਰਦੇ ਰਹਿੰਦੇ ਸਨ, (ਪਰ ਜੰਮ ਕੇ ਉਸ ਵਿਚ) ਫਸ ਜਾਂਦੇ ਹਨ

---

੧. ਪਹਿਲੀ ਤੁਕ ਦੇ 'ਦ੍ਰਿੜ ਸੋਊ' ਵਲ ਇਸ 'ਜੋਗ' ਪਦ ਦਾ ਇਸ਼ਾਰਾ ਹੈ। ਜੋਗ ਦਾ ਅਰਥ ਏਥੇ 'ਜੋਗ' ਬੀ ਕਰ ਲੈਂਦੇ ਹਨ।

੨. ਦੁਖ-ਸੁਖ।

੩. (ਅ) ਆਵ-ਨ-ਆਏ-ਜੇਹੇ ਆਏ ਜੇਹੇ ਨਾ ਆਏ।

੪. ਪਸੁ ਢੋਰ=ਭਾਰ ਢੋਣ ਵਾਲਾ ਪਸ਼ੂ। (ਸੰਸ:, ਧੂਰਯਜ ਤੋਂ ਢੋਰ= ਭਾਰ ਢੋਣ ਵਾਲਾ)।

੫. ਜੁਗ ਪਦ ਦਾ ਅਰਥ ਸਮਾਂ ਬੀ ਹੈ ਤੇ ਜਨਮ ਅਰ ਜੀਵਨ ਬੀ ਹੈ।

ਉਹਝਿ ਪਰੇ ਜੋ ਛੋਡਿ ਛਡਾਨਾ ॥
ਦੇਵਨਹਾਰੁ ਮਨਹਿ ਬਿਸਰਾਨਾ ॥
ਧਾਰਹੁ ਕਿਰਪਾ ਜਿਸਹਿ ਗੁਸਾਈ ॥
ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥ ੬ ॥

ਜਿਸ ਨੂੰ ਕਿ ਛੋਡ ਛਡਾ[1] ਜਾਣਾ ਹੈ (ਅਰ) ਦੇਣਹਾਰ ਨੂੰ ਮਨੋ ਭੁਲਾ ਦਿਤਾ ਹੈ। (ਪਰ) ਹੇ ਗੁਸਾਈਂ (ਵਾਹਿਗੁਰੂ)! ਜਿਸ ਪੁਰ (ਆਪ) ਕ੍ਰਿਪਾ ਕਰਦੇ ਹੋ, ਲੋਕ ਪ੍ਰਲੋਕ ਵਿਖੇ ਉਸ ਨੂੰ ਭੁੱਲਦੇ ਨਹੀਂ ਹੋ, ਹੇ ਨਾਨਕ! ॥੬॥

ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥
ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥

ਆਉਂਦੇ ਹਨ ਹੁਕਮ ਅਨੁਸਾਰ, ਬਿਨਸਦੇ ਹਨ ਹੁਕਮ ਅਨੁਸਾਰ, (ਉਸ ਪ੍ਰਭੂ ਦੀ) ਆਗਜਾ ਤੋਂ ਬਾਹਰ ਕੋਈ ਨਹੀਂ। (ਪਰ ਇਹ) ਆਉਣਾ ਜਾਣਾ (ਜੰਮਣਾ ਮਰਨਾ) ਉਸ ਦਾ ਮਿਟਦਾ ਹੈ ਜਿਸ ਦੇ ਮਨ ਵਿਚ ਓਹ (ਪ੍ਰਭੂ) ਹੈ, ਹੇ ਨਾਨਕ! ॥੧॥

ਪਉੜੀ ॥ ਏਊ ਜੀਅ ਬਹੁਤੁ ਗ੍ਰਭ ਵਾਸੇ ॥
ਮੋਹ ਮਗਨ ਮੀਠ ਜੋਨਿ ਫਾਸੇ ॥
ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥
ਆਪਨ ਮੋਹ ਘਟੇ ਘਟਿ ਦੀਨੇ ॥
ਏ ਸਾਜਨ ਕਛੁ ਕਹਹੁ ਉਪਾਇਆ ॥
ਜਾ ਤੇ ਤਰਉ ਬਿਖਮ ਇਹ ਮਾਇਆ ॥
ਕਰਿ ਕਿਰਪਾ ਸਤਸੰਗਿ ਮਿਲਾਏ ॥
ਨਾਨਕ ਤਾ ਕੈ ਨਿਕਟਿ ਨ ਮਾਏ ॥ ੭ ॥

ਏਹ ਜੀਵ ਬਹੁਤੇ ਗਰਭਾਂ ਵਿਚ ਵੱਸਦੇ (ਆਏ) ਹਨ। ਮਿੱਠੇ (ਲੱਗਣ ਵਾਲੇ) ਮੋਹ (ਆਦਿਕਾਂ) ਵਿਚ ਮਗਨ (ਹੋ ਹੋ ਕੇ) ਜੂਨਾਂ ਵਿਚ ਫਸਦੇ (ਰਹੇ) ਹਨ। ਇਸ ਮਾਇਆ ਨੇ (ਸਾਰੇ ਜੀਵ) ਤਿੰਨਾਂ ਗੁਣਾਂ ਵਿਚ (ਫਸਾ ਕੇ) ਵੱਸ ਕਰ ਲਏ ਹਨ (ਤੇ ਅਨੇਕ ਪ੍ਰਕਾਰ ਦੇ) ਆਪਣੇ ਮੋਹ ਹਰ ਜੀਵ ਦੇ ਹਿਰਦੇ ਵਿਚ ਪਾ ਦਿਤੇ ਹੈਨ। ਹੇ ਸੱਜਣ! ਕੁਛ ਉਪਾਉ (ਇਸ ਦੀ ਨਿਵਿਰਤੀ ਦਾ) ਕਹੋ, ਜਿਸ ਕਰਕੇ ਮੈਂ) ਇਸ ਕਠਨ ਮਾਇਆ ਨੂੰ ਤਰ ਜਾਵਾਂ? (ਗੁਰੂ ਜੀ ਉਤਰ ਦੇਂਦੇ ਹਨ) ਹੇ ਨਾਨਕ, ਉਸ ਦੇ ਨੇੜੇ ਮਾਇਆ ਨਹੀਂ ਰਹਿੰਦੀ, ਜਿਸ ਨੂੰ ਕਿ) ਕ੍ਰਿਪਾ ਕਰਕੇ (ਪ੍ਰਭੂ) ਸਤਿਸੰਗ ਵਿਚ ਮਿਲਾ ਦੇਂਦਾ ਹੈ[2] ॥੭॥

ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥ ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ ੧ ॥

ਕਿਰਤ ਕਮਾਵਣੀ, ਸ਼ੁਭ ਤੇ ਅਸ਼ੁਭ, ਸਭ ਉਸ ਪ੍ਰਭੂ ਨੇ ਆਪ ਕੀਤੇ ਹਨ! (ਏਹ) ਪਸ਼ੂ (ਜੀਵ ਅਪਣੀ (ਹੀ) ਮੈਂ ਮੈਂ ਕਰਦਾ ਹੈ, (ਪੁੱਛਦੇ ਹਨ ਗੁਰੂ) ਨਾਨਕ, ਪ੍ਰਭੂ ਤੋਂ ਬਿਨਾਂ (ਇਹ) ਕੀਹ ਕਰ ਸਕਦਾ ਹੈ[3] ॥੧॥

---

੧. ਐਉਂ ਬੀ ਅਰਥ ਲੱਗਦਾ ਹੈ-ਛਡਿ=ਜਿਸ ਨੂੰ ਅਸਾਂ ਛੋੜ ਜਾਣਾ, ਛਡਾਨਾ, (ਜਿਸ ਤੋਂ ਮੌਤ ਨੇ) ਸਾਨੂੰ ਛੁਡਾ ਦੇਣਾ ਹੈ। (ਅ) ਛਡਿ=ਪਿਛੋਂ ਛੱਡ ਆਏ। ਛਡਾਨਾ=ਅਗੇ ਨੂੰ ਛੱਡ ਜਾਣਾ ਹੈ।

੨. ਭਾਵ, ਸਤਿਸੰਗ ਉਪਾਉ ਹੈ।

੩. ਇਸ ਪਉੜੀ ਦਾ ਭਾਵ 'ਕਰਮ ਕਰਨੇ ਦੀ ਜ਼ਿੰਮੇਵਾਰੀ' ਦੂਰ ਕਰਨੇ ਦਾ ਨਹੀਂ, ਪਰ ਪੂਰਨ 'ਹਉਂ ਨਿਵਿਰਤੀ' ਦਾ ਹੈ। ਅਗਲੇ ਅੰਕ ਵਿਚ ਖੋਹਲ ਕੇ ਹਉਂ ਨਿਵਿਰਤੀ ਦਾ ਰਸਤਾ ਦੱਸਦੇ ਹਨ।

ਪਉੜੀ॥ ਏਕਹਿ ਆਪਿ ਕਰਾਵਨਹਾਰਾ॥
ਆਪਹਿ ਪਾਪ ਪੁੰਨ ਬਿਸਥਾਰਾ ॥
ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥ ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ ॥
ਏਕਹਿ ਤੇ ਸਗਲਾ ਬਿਸਥਾਰਾ ॥
ਨਾਨਕ ਆਪਿ ਸਵਾਰਨਹਾਰਾ ॥ ੮ ॥

ਇਕੋ ਹੀ ਆਪ ਕਰਾਵਨੇ ਵਾਲਾ ਹੈ। ਆਪ ਹੀ ਪਾਪ ਪੁੰਨ ਨੂੰ (ਉਸ ਨੇ) ਵਿਸਥਾਰਿਆ ਹੈ। ਇਸ ਜੁਗ[1] ਵਿਚ ਜਿਸ ਜਿਸ (ਪਾਸੇ ਪ੍ਰਭੂ ਨੇ ਕਿਸੇ ਨੂੰ) ਆਪ ਲਾਇਆ ਹੈ (ਲੱਗਾ ਹੈ), (ਉਸ ਨੇ) ਉਹ ਉਹ (ਕੁਝ) ਪਾਇਆ ਹੈ ਜੋ (ਪ੍ਰਭੂ ਨੇ) ਆਪ ਦਿਵਾਇਆ ਹੈ। ਉਸ ਦਾ ਅੰਤ ਕੋਈ ਨਹੀਂ ਜਾਣਦਾ। ਜੋ ਜੋ ਉਹ ਕਰਦਾ ਹੈ ਫੇਰ ਉਹੋ ਹੀ ਹੁੰਦਾ ਹੈ। (ਉਸ) ਇਕੋ ਹੀ ਤੋਂ ਸਾਰਾ ਪਸਾਰਾ (ਹੋਇਆ ਹੈ) ਹੇ ਨਾਨਕ! (ਉਹ ਇਕ) ਆਪ ਹੀ ਸੰਵਾਰਨੇ ਵਾਲਾ ਹੈ॥੮॥

ਸੰਵਰਨ ਦੀ ਬਿਧੀ ਅਗਲੇ ਅੰਕ ਵਿਚ ਦੱਸਦੇ ਹਨ-

ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥
ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥ ੧ ॥

(ਜੀਵ) ਰਚ ਰਹੇ ਹਨ ਇਸਤ੍ਰੀ (ਆਦਿ ਦੇ) ਸੁਖਾਂ ਵਿਚ, (ਜੋ ਸੁਖ ਕਿ) ਕਸੁੰਭੇ ਦੇ ਰੰਗ (ਵਰਗੇ ਕੱਚੇ=ਥੋੜ੍ਹਾ ਚਿਰ ਰਹਿਣ ਵਾਲੇ ਤੇ ਅੰਤ ਨੂੰ) ਜ਼ਹਿਰ ਵਾਂਙ ਕੌੜੇ[2] (ਹਨ, ਕਹਿੰਦੇ ਹਨ ਗੁਰੂ) ਨਾਨਕ, ਉਸ (ਪਰਮੇਸ਼ੁਰ) ਦੀ ਸ਼ਰਣ ਪਵੋ, ਜੋ (ਇਹ ਬਿਖ ਸ਼ੋਰ ਆਦਿਕਾਂ ਵਿਚ ਰਚਾਉਣ ਵਾਲੀ) 'ਮੈਂ' 'ਮੇਰੀ' ਨਾਸ਼ ਹੋ ਜਾਵੇ॥੧॥

ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥
ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥
ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥

ਹੇ ਮਨ! ਬਿਨਾਂ ਪ੍ਰਭੂ ਤੋਂ ਜਿਸ (ਜਿਸ ਗੱਲ) ਵਿਖੇ (ਤੂੰ) ਖਚਿਤ ਹੁੰਦਾ ਹੈਂ ਉਸ ਉਸ ਵਿਚੋਂ (ਤੈਨੂੰ) ਬੰਧਨ ਪੈਂਦੇ ਹਨ। (ਸ਼ੋਕ ਹੈ ਕਿ) ਜਿਸ ਬਿਧਿ ਕਰਕੇ ਕਦੀ ਛੁੱਟ ਨਾ (ਸਕੀਏ) ਸਾਕਤ[3] ਉਹੋ (ਕੁਝ) ਕਮਾਉਂਦੇ ਹਨ। ਕਰਮਾਂ ਦੇ ਪ੍ਰੇਮੀ ਹਉਂ ਹਉਂ ਕਰਕੇ (ਕਰਮ) ਕਰਦੇ ਹਨ[4] ਉਹਨਾਂ ਦੇ (ਸਿਰ ਤੇ ਸਗੋਂ) ਬਹੁਤ[5] ਭਾਰ (ਧਰਿਆ

੧. ਦੇਖੋ ਪਿਛੇ ਪੌੜੀ ੬. 'ਯਾ ਜੁਗ ਮਹਿ'।
੨. ਐਉਂ ਬੀ ਕਰਦੇ ਹਨ:- ਜੀਵ ਰਚ ਰਹੇ ਹਨ ਇਸਤ੍ਰੀ ਆਦਿ ਦੇ ਸੁਖਾਂ ਵਿਚ ਤੇ ਵਿਸ਼ਿਆਂ ਦੇ ਸ਼ੋਰ ਸ਼ਰਾਬਿਆਂ ਵਿਚ ਜੋ ਕਸੁੰਭੇ ਦੇ ਰੰਗ ਵਾਂਙੂ ਕੱਚੇ ਹਨ। ਸ਼ੋਰ= (ਸੰਸ:, ਕ੍ਸ਼ਾਰ=ਖਾਰ, ਤੇਜ਼, ਕੱਟਣ ਵਾਲਾ) ਖਾਰਾ, ਕੌੜਾ। (ਫ਼ਾ:,ਸ਼ੋਰ=ਖਾਰਾ; ਰੌਲਾ ਰੱਪਾ, ਸ਼ੋਰ ਸ਼ਰਾਬਾ)
੩. ਸ਼ਾਕਤਿਕ ਤੋਂ ਸ਼ਾਕਤ। ਵੈਸ਼ਨਵ ਸਾਕ੍ਤਿਕਾਂ ਨੂੰ ਮਾੜਾ ਕਹਿੰਦੇ ਹਨ। ਸਹਿਜੇ ਸਹਿਜੇ ਇਹ ਪਦ ਪਰਮੇਸ਼ੁਰ ਤੋਂ ਭੁੱਲਿਆਂ, ਮਾਇਆਧਾਰੀਆਂ ਤੇ ਵਿਕਾਰੀਆਂ ਆਦਿਕਾਂ ਦੇ ਅਰਥ ਦੇਣ ਲੱਗ ਪਿਆ। ਅਰਬੀ ਵਿਚ ਸਾਕਤ ਟੁੱਟੇ ਹੋਏ ਨੂੰ ਕਹਿੰਦੇ ਹਨ!
੪. ਭਾਵ ਹੈ ਜੋ ਕਰਮ ਕਾਂਡ ਦੇ ਦੱਸੇ ਕਰਮ ਕਰਨ ਵਾਲੇ ਹਨ ਓਹ ਹਉਂ ਹਉਂ ਕਰਕੇ ਕਰਮ ਕਾਂਡ ਵਿਚ ਲੱਗੇ ਹੋਏ ਹਨ, ਐਸੇ ਕਰਮਾਂ ਨਾਲ ਜੋ ਸਕਾਮ ਹਨ ਓਹ ਹਉਂ ਦੇ ਬੰਧਨਾਂ ਤੋਂ ਛੁੱਟ ਨਹੀਂ ਸਕਦੇ।
੫. ਅਫਾਰ= (ਅ+ਫਾਰ=ਜੋ ਫਾੜਿਆ ਨਾ ਜਾ ਸਕੇ, ਭਾਵ) ਮੋੜਿਆ ਨਾ ਜਾ ਸਕੇ। (ਅ) ਅਫਾਰ (.ਅਰਬੀ, ਇਫ਼੍ਰਾਤ)=ਬਹੁਤਾ।

ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥
ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥
ਭ੍ਰਮ ਕੇ ਮੋਹੇ ਨਹ ਬੂਝਹਿ ਸੋ ਪ੍ਰਭੁ ਸਦਹੂ ਸੰਗ ॥
ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥
ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥

ਜਾਂਦਾ) ਹੈ। ਜੇ ਨਾਮ ਨਾਲ ਪ੍ਰੀਤ ਨਹੀਂ ਤਾਂ ਇਹ (ਕਰਮ ਕਾਂਡ ਵਾਲੇ) ਕਰਮ ਹੀ ਵਿਕਾਰ (ਰੂਪ) ਹਨ। (ਐਸੇ ਪੁਰਖ) ਬੰਨ੍ਹੇ ਜਾਂਦੇ ਹਨ ਜਮ ਦੀ ਜੇਉੜੀ ਨਾਲ, ਮਿੱਠੀ ਮਾਇਆ ਦੇ ਸੁਆਦਾਂ ਕਰਕੇ; (ਇਸ ਤਰ੍ਹਾਂ) ਭਰਮ ਦੇ ਠੱਗੇ ਹੋਏ (ਓਹ) ਨਹੀਂ ਸਮਝਦੇ ਕਿ ਉਹ ਪ੍ਰਭੂ (ਤਾਂ) ਸਦੀਵ ਨਾਲ ਹੈ। (ਕਰਮ ਕਾਂਡੀ ਕਰਮਾਂ ਦੇ ਲੇਖੇ ਵਿਚ ਹੁੰਦਾ ਹੈ, ਪਰ) ਲੇਖੇ ਗਿਣਦਿਆਂ (ਕਦੇ) ਨਹੀਂ ਛੁੱਟ ਸਕੀਦਾ (ਜਿਵੇਂ) ਕੱਚੀ ਕੰਧ (ਧੋਂਦਿਆਂ ਕਦੀ) ਸ਼ੁੱਧ ਨਹੀਂ ਹੁੰਦੀ[1]! (ਤਿਵੇਂ ਹਉਂ ਦੇ ਕਰਮਾਂ ਨਾਲ ਬੁਧੀ ਸ਼ੁੱਧ ਨਹੀਂ ਹੁੰਦੀ, ਪਰ ਹੇ) ਨਾਨਕ, ਜਿਸ ਨੂੰ (ਪ੍ਰਭੂ ਆਪ) ਬੁਝਾਵੇ (=ਗਜਾਨ ਦੇਵੇ) ਉਸ ਗੁਰਮੁਖ ਦੀ ਬੁੱਧੀ ਨਿਰਮਲ (ਹੋ ਜਾਂਦੀ) ਹੈ॥੯॥

ਸਲੋਕੁ ॥ ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ ੧ ॥

ਜਿਸ ਦੇ ਤਾਈਂ ਸਾਧੂ ਦਾ ਸੰਗ (ਪ੍ਰਾਪਤ) ਹੋਇਆ (ਉਸ ਦੇ) ਬੰਧਨ[2] ਟੁੱਟ ਗਏ[3]; (ਐਉਂ ਜਿਹੜੇ ਨਿਰਬੰਧ (ਹੋ ਕੇ) ਇਕ (ਪਰਮੇਸ਼ੁਰ) ਦੇ ਪ੍ਰੇਮ ਵਿਚ ਰੰਗੇ ਗਏ (ਉਨ੍ਹਾਂ ਨੂੰ) ਗੂੜਾ ਰੰਗ ਚੜ੍ਹ ਗਿਆ (ਭਾਵ ਪੂਰਨ ਆਨੰਦ ਪ੍ਰਾਪਤ ਹੋ ਗਿਆ ਤੇ ਪਿਛਲੇ ਕੁਸਮ ਰੰਗ ਬਿਖ ਸੋਰ ਦੂਰ ਹੋ ਗਏ) ਹੇ ਨਾਨਕ! ॥੧॥

ਇਕ ਦੇ ਰੰਗ ਵਿਚ ਰੱਤੇ ਜਾਣ ਦੀ ਵਿਧੀ ਦੱਸਦੇ ਹਨ:-

ਪਉੜੀ ॥
ਰਾਰਾ ਰੰਗਹੁ ਇਆ ਮਨੁ ਅਪਨਾ ॥
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
ਰੇ ਰੇ ਦਰਗਹ ਕਹੈ ਨ ਕੋਊ ॥

ਰਾਰੇ (ਦੁਆਰਾ ਉਪਦੇਸ਼ ਹੈ) ਇਸ ਅਪਣੇ ਮਨ ਨੂੰ (ਹਰੀ ਦੇ ਪ੍ਰੇਮ ਨਾਲ) ਰੰਗੋ (ਪ੍ਰਸ਼ਨ-ਮਨ ਨੂੰ ਹਰੀ ਪ੍ਰੇਮ ਨਾਲ ਕਿਸ ਪ੍ਰਕਾਰ ਰੰਗੀਏ?) (ਉਤਰ) ਪਰਮੇਸ਼ੁਰ ਦਾ ਨਾਮ ਜਪੋ (ਹਾਂ) ਰਸਨਾ ਦੁਆਰੇ ਜਪੋ[4] (ਤਦ ਤੁਹਾਨੂੰ) ਦਰਗਾਹ ਵਿਚ 'ਓਇ ਓਇ' ਕੋਈ ਨਹੀਂ ਕਹੇਗਾ,

---

੧. ਕੋਈ ਕਹੇ ਕੱਚੀ ਕੰਧ ਨੂੰ ਐਨੀ ਵਾਰ ਧੋਵੇ ਤਾਂ ਸਾਫ ਚਿੱਟੀ ਹੋ ਜਾਏਗੀ ਤਾਂ ਗ਼ਲਤ ਹੈ। ਤਿਵੇਂ ਕਰਮ ਕਾਂਡ ਦੇ ਐਨ ਕਰਮ ਕਰਕੇ 'ਹਉਂ ਦੀ ਕੰਧ' ਸ਼ੁੱਧ ਹੋ ਜਾਏਗੀ ਕਹਿਣਾ ਗ਼ਲਤ ਹੈ, ਕਿਉਂਕਿ ਇਹ ਕਰਮ ਤਾਂ ਕਰੀਦੇ ਹੀ ਹਉਂ ਨਾਲ ਹਨ। ਹਉਂ ਦੇ ਕਰਮ ਹਉਂ ਦੀ ਸਫ਼ਾਈ ਨਹੀਂ ਕਰ ਸਕਦੇ। ਕੰਧ ਹਉਂ ਦੀ ਹੈ, ਯਥਾ- 'ਵਿਚਿ ਹਉਮੈ ਭੀਤਿ ਕਰਾਰੀ।' ਅਗਲੀ ਤੁਕ ਵਿਚ ਦੱਸਦੇ ਹਨ ਕਿ ਸਫ਼ਾਈ ਗਜਾਨ ਨਾਲ ਹੁੰਦੀ ਹੈ। ਗੁਰਬਾਣੀ ਵਿਚ ਕੱਚੀ ਦੇਹ ਪਰਥਾਇ ਬੀ ਆਉਂਦਾ ਹੈ- ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥(ਸੁਖਮਨੀ) ਦਾਰਸਨਿਕ ਪਹਿਲੂ ਤੋਂ ਦੇਹ ਬੀ ਹਉਮੈਂ ਦਾ ਵਿਕਾਰ ਹੈ।

੨. ਉਹ ਬੰਧਨ ਜੋ ਪਿਛਲੀ ਪੌੜੀ ਵਿਚ ਕਹੇ ਸਨ 'ਤਹ ਤਹ ਬੰਧਨ ਪਾਹਿ' ਆਦਿ।

੩. ਐਉਂ ਬੀ ਲਾਉਣ ਦਾ ਜਤਨ ਹੋਇਆ ਹੈ- ਜਿਸ ਦੇ ਬੰਧਨ ਟੁੱਟ ਗਏ (ਜਾਣ ਕਿ ਉਸ ਨੂੰ) ਸਤਿਸੰਗ (ਪ੍ਰਾਪਤ) ਹੋਇਆ ਹੈ।

੪. (ਅ) ਪਰਮੇਸ਼ਰ ਦਾ 'ਨਾਮ ਜਪ' ਰਸਨਾ ਨਾਲ ਜਪੋ।


www.sikhbookclub.com

ਆਉ ਬੈਠੁ ਆਦਰੁ ਸುಭ ਦੇਊ ॥
ਊਆ ਮਹਲੀ ਪਾਵਹਿ ਤੂ ਬਾਸਾ ॥
ਜਨਮ ਮਰਨ ਨਹ ਹੋਇ ਬਿਨਾਸਾ ॥
ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ॥
ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥

(ਸਗੋਂ ਇਹ ਕਹਿਣਗੇ) ਆਉ ਬੈਠੋ (ਤੇ) ਸ੍ਰੇਸ਼ਟ ਆਦਰ ਦੇਣਗੇ। ਉਹਨਾਂ ਮਹਿਲਾਂ ਵਿਚ ਤੂੰ ਵਾਸਾ ਪਾਵੇਂਗਾ ਜਿੱਥੇ) ਜੰਮਣੇ ਮਰਨੇ ਨਹੀਂ ਹੁੰਦੇ ਤੇ ਬਿਨਾਸ ਨਹੀਂ ਹੁੰਦਾ। ਜਿਸ ਦੇ ਮੱਥੇ ਪੁਰ ਧੁਰੋਂ (ਪ੍ਰਭੂ ਨੇ ਐਸਾ) ਕਰਮ ਲਿਖਿਆ ਹੈ, ਹਰੀ (ਰੂਪੀ) ਦੌਲਤ[1] ਉਸ ਦੇ ਘਰ (=ਹਿਰਦੇ ਵਿਚ ਪ੍ਰਾਪਤ ਹੁੰਦੀ) ਹੈ, ਹੇ ਨਾਨਕ! ॥੧੦॥

ਸਲੋਕੁ ॥ ਲਾਲਚ ਝੂਠ ਬਿਕਾਦ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥

ਮੂਰਖਾਂ (ਤੇ) ਅੰਨ੍ਹਿਆਂ ਨੂੰ[2] ਲਾਲਚ ਝੂਠ ਤੇ ਮੋਹ ਦੇ ਵਿਕਾਰ ਗ੍ਰਸ ਲੈਂਦੇ ਹਨ, ਓਹ (ਐਉਂ) ਮਾਇਆ ਦੇ ਬੰਧਨਾਂ (ਵਿਚ ਫਸੇ ਹੋਏ) ਦੁਰਗੰਧ ਵਿਚ[3] ਲੱਗ ਪੈਂਦੇ ਹਨ, ਹੇ ਨਾਨਕ! ॥੧॥

ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ॥ ਅਹੰਬੁਧਿ ਮਾਇਆ ਮਦ ਮਾਤੇ॥ ਇਆ ਮਾਇਆ ਮਹਿ ਜਨਮਹਿ ਮਰਨਾ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥

ਲਲੇ (ਦੁਆਰਾ ਉਪਦੇਸ਼ ਦਿੰਦੇ ਹਨ ਕਿ ਜੋ) ਵਿਸ਼ੇ ਰਸਾਂ ਦੀ ਲਪੇਟ ਵਿਚ ਰਚ ਰਹੇ ਹਨ ਅਤੇ ਹਉਮੈਂ ਵਾਲੀ ਬੁੱਧੀ (ਤੇ) ਮਾਇਆ ਦੇ ਨਸ਼ਈ ਹੋ ਰਹੇ ਹਨ, (ਉਹਨਾਂ ਨੇ) ਇਸੇ ਮਾਇਆ ਦੇ (ਗੇੜ) ਵਿਚ ਹੀ ਜੰਮਣਾ ਤੇ ਮਰਨਾ ਹੈ। ਜਿਉਂ ਜਿਉਂ ਹੁਕਮ (ਹੈ) ਤਿਵੇਂ ਤਿਵੇਂ ਕਰਨਾ ਹੈ। ਕੋਈ ਊਣਾ ਨਹੀਂ ਕੋਈ ਪੂਰਾ ਨਹੀਂ। ਨਾ ਕੋਈ ਸੁਘੜ (ਸਿਆਣਾ) ਹੈ ਨਾ ਕੋਈ ਮੂਰਖ ਹੈ। ਜਿਧਰ ਜਿਧਰ ਲਾਵੋ ਉਧਰ ਉਧਰ ਲੱਗਣਾ ਹੈ (ਜੀਵਾਂ ਨੇ, ਆਪ) ਠਾਕੁਰ ਸਦਾ ਨਿਰਲੇਪ ਹੈ, ਹੇ ਨਾਨਕ[4] ॥੧੧॥

---

੧. ਭਾਵ ਹਰਿ ਨਾਮ ਰੂਪੀ।

੨. ਮੂੜ੍ਹੇ=ਮਨ ਜਿਨ੍ਹਾਂ ਦਾ ਮੋਹ ਵਿਚ ਗ੍ਰਸਤ ਹੈ। ਅੰਧ=ਬੁੱਧੀ ਜਿਨ੍ਹਾਂ ਦੀ ਵਿਵੇਕ ਵਿਚ ਨਹੀਂ।

੩. ਦੁਰਗੰਧ=ਅਗਲੀ ਤੁਕ ਵਿਚ ਇਸ ਦਾ ਅਰਥ ਹੈ- ਅਹੰਬੁਧਿ ਤੇ ਬਿਖਿਆ ਦੇ ਰਸ, ਵਿਸ਼ੇ ਭੋਗ।

੪. ਭਾਵ, ਮਾਇਆ ਵਿਚ ਲਿਪਟੇ ਹੋਏ ਜੀਵ ਤੈਨੂੰ ਭੁੱਲ ਤਾਂ ਜਾਂਦੇ ਹਨ ਪਰ ਤੇਰੇ ਹੁਕਮ ਦੀ ਜ਼ੱਦ ਤੋਂ ਬਾਹਰ ਨਹੀਂ ਹੋ ਸਕਦੇ। ਉਸ ਹੁਕਮ ਅਨੁਸਾਰ ਉਨ੍ਹਾਂ ਦਾ ਜੰਮਣ ਮਰਨ ਹੁੰਦਾ ਰਹਿੰਦਾ ਹੈ। ਉਨ੍ਹਾਂ ਦੀ ਅਪਣੀ ਚਲਾਕੀ ਏਸ ਗੱਲ ਵਿਚ ਉਹਨਾਂ ਦੀ ਮਦਦ ਨਹੀਂ ਕਰ ਸਕਦੀ। ਤੇਰਾ ਹੁਕਮ ਸੁਘੜ ਤੇ ਮੂਰਖ ਉਪਰ ਇਕੋ ਜਿਹਾ ਹਾਵੀ ਹੈ।

ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥ ੧ ॥

ਪਿਆਰਾ ਪ੍ਰਭੂ ਪ੍ਰਿਥਵੀ ਦਾ ਪਾਲਣਹਾਰ (ਤੇ) ਸ੍ਰਿਸ਼ਟੀ ਨੂੰ ਜਾਣਨੇ ਹਾਰ ਹੈ, ਅਤਜੰਤ ਡੂੰਘਾ ਹੈ, ਤੇ ਬੇਅੰਤ ਹੈ[1]। ਫਿਰ (ਓਹ) ਬੇਪਰਵਾਹ ਹੈ, (ਉਸ ਜੈਸਾ) ਦੂਸਰਾ ਹੋਰ ਕੋਈ ਨਹੀਂ ਹੈ (ਫੁਰਮਾਉਂਦੇ ਹਨ ਗੁਰੂ) ਨਾਨਕ॥੧॥

ਪਉੜੀ ॥ ਲਲਾ ਤਾ ਕੈ ਲਵੈ ਨ ਕੋਊ ॥
ਏਕਹਿ ਆਪਿ ਅਵਰ ਨਹ ਹੋਊ ॥
ਹੋਵਨਹਾਰੁ ਹੋਤ ਸਦ ਆਇਆ ॥
ਉਆ ਕਾ ਅੰਤੁ ਨ ਕਾਹੂ ਪਾਇਆ ॥
ਕੀਟ ਹਸਤਿ ਮਹਿ ਪੂਰ ਸਮਾਨੇ ॥
ਪ੍ਰਗਟ ਪੁਰਖ ਸਭ ਠਾਊ ਜਾਨੇ ॥
ਜਾ ਕਉ ਦੀਨੋ ਹਰਿ ਰਸੁ ਅਪਨਾ ॥
ਨਾਨਕ ਗੁਰਮਖਿ ਹਰਿ ਹਰਿ ਤਿਹ ਜਪਨਾ ॥ ੧੨ ॥

ਲਲੇ (ਦੁਆਰਾ ਕਹਿੰਦੇ ਹਨ) ਉਸ (ਪ੍ਰਭੂ ਦੇ) ਬਰੱਬਰ ਦਾ ਕੋਈ ਨਹੀਂ। (ਅਪਣੇ ਵਰਗਾ) ਇਕੋ ਹੀ ਆਪ (ਉਹ ਹੈ) ਹੋਰ ਕੋਈ ਨਹੀਂ ਹੈ। (ਓਹ ਪਿੱਛੇ) ਸਦਾ ਤੋਂ (ਹੁਣ ਤਾਈਂ) ਹੁੰਦਾ ਆਇਆ ਹੈ, (ਤੇ ਅਗੋਂ) ਸਦਾ ਹੀ ਹੁੰਦਾ ਰਹੇਗਾ[2]। ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ। ਉਹ ਕੀੜੀ ਤੇ ਹਾਥੀ (ਸਭ) ਵਿਚ ਇਕੋ ਜੇਹਾ ਪੂਰਨ ਹੋ ਕੇ ਸਮਾ (=ਵਜਾਪ) ਰਿਹਾ ਹੈ। ਉਹ ਪਰਮੇਸ਼ੁਰ ਪ੍ਰਗਟ ਹੈ ਤੇ ਸਭ ਥਾਈਂ ਪ੍ਰਸਿੱਧ ਹੈ। (ਉਸ ਨੇ) ਅਪਣਾ ਹਰਿ ਰਸ ਜਿਸ ਨੂੰ ਦਿੱਤਾ ਹੈ, ਉਸ ਗੁਰਮੁਖ ਨੇ ਹਰਿ ਹਰਿ ਜਪਣਾ ਹੈ, ਹੇ ਨਾਨਕ! ॥੧੨॥

ਸਲੋਕੁ ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥

ਜਿਨ੍ਹਾਂ ਨੇ ਆਤਮ ਰਸ ਨੂੰ ਜਾਣ ਲਿਆ ਹੈ (ਓਹ ਫਿਰ) ਪਰਮੇਸ਼ੁਰ ਦਾ ਅਨੰਦ[3] ਸਹਜੇ ਹੀ ਮਾਣਦੇ ਹਨ। (ਓਹ) ਪੁਰਖ ਧੰਨ ਹਨ, ਧੰਨ ਹਨ, ਧੰਨ ਹਨ, ਓਹੀ (ਸੰਸਾਰ ਵਿਚ) ਆਏ ਪ੍ਰਮਾਣੀਕ ਹਨ, ਹੇ ਨਾਨਕ! ॥੧॥

ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਆਇ ਬਸਹਿ ਸਾਧੂ ਕੈ ਸੰਗੈ॥

(ਸੰਸਾਰ ਵਿਚ) ਆਯਾ ਉਸ ਦਾ ਸਫਲ ਗਿਣੀਦਾ ਹੈ, ਜਿਸ ਦੀ ਰਸਨਾ ਪਰਮੇਸ਼ੁਰ ਦਾ ਜਸ ਕਥਨ ਕਰਦੀ ਹੈ। (ਇਹ ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਉਹ) ਸਾਧੂ ਦੇ ਸੰਗ ਵਿਚ ਆ ਵਸਦਾ ਹੈ।

---

੧. ਹਿੰਦੀ, ਗਹਿਰ=ਡੂੰਘਾ। ਸੰਸ:,ਗੰਭੀਰ=ਡੂੰਘਾ। ਗਹਿਰ ਗੰਭੀਰ=ਅਤਯੰਤ ਡੂੰਘਾ। ਭਾਵ, ਜਿਸ ਦੇ ਭੇਤ ਨੂੰ ਨਹੀਂ ਜਾਣ ਸਕੀਦਾ। ਅਥਾਹ=ਇੰਨਾਂ ਡੂੰਘਾ ਕਿ ਉਸ ਦੀ ਥਾਹ ਨਾ ਲੱਭੇ, ਭਾਵ ਜਿਸ ਦਾ ਅੰਤ ਨਾ ਪਾਯਾ ਜਾ ਸਕੇ!

੨. ਭਾਵ, ਭੂਤ ਭਵਿੱਖਤ ਵਿਚ ਉਹ ਸਦਾ ਸੱਤ ਸਰੂਪ ਹੈ, ਜੋ ਭੂਤ ਭਵਿੱਖਤ ਵਿਚ ਸੱਤ ਹੈ ਉਹ ਵਰਤਮਾਨ ਵਿਚ ਬੀ ਸੱਤ ਹੈ!

੩. ਆਤਮ ਰਸ=ਅਪਨੇ ਵਿਚ ਟਿਕਿਆਂ ਜੋ ਆਪੇ ਦਾ ਰਸ ਆਵੇ। ਹਰਿ ਰਸ=ਪਰਮੇਸ਼ੁਰ ਪ੍ਰਾਪਤੀ ਤੇ ਜੋ ਅਨੰਦ ਆਵੇ। ਭਾਵ ਹੈ (ਨਾਮ ਨਾਲ) ਮਨ ਏਕਾਗਰ ਹੋਣੇ ਮਗਰੋਂ ਸਾਈਂ ਦਾ ਰਸ ਫਿਰ ਬਹੁਤ ਯਤਨ ਨਹੀਂ ਮੰਗਦਾ, ਉਸ ਵਲ ਜੋ ਸੇਧ ਬੱਝ ਰਹੀ ਹੈ ਉਹ ਸੁਤੇ ਹੀ ਉਸ ਵਿਚ ਲੈ ਜਾਂਦੀ ਹੈ। ਪਉੜੀ ਵਿਚ ਇਹੋ ਗੱਲ ਖੁਹਲੀ ਹੈ।


www.sikhbookclub.com

ਅਨਦਿਨੁ ਨਾਮ ਧਿਆਵਹਿ ਰੰਗੇ ॥
ਆਵਤ ਸੋ ਜਨੁ ਨਾਮਹਿ ਰਾਤਾ ॥
ਜਾ ਕਉ ਦਇਆ ਮਇਆ ਬਿਧਾਤਾ ॥
ਏਕਹਿ ਆਵਨ ਫਿਰਿ ਜੋਨਿ ਨ ਆਇਆ॥ ਨਾਨਕ ਹਰਿ ਕੈ ਦਰਸਿ ਸਮਾਇਆ ॥ ੧੩ ॥

(ਉਹ ਫਿਰ) ਦਿਨ ਰਾਤ ਪ੍ਰੇਮ ਨਾਲ ਨਾਮ ਨੂੰ ਧਿਆਉਂਦਾ ਹੈ। (ਸੋ ਇਸ ਜਗਤ ਵਿਚ) ਉਹੋ ਜਨ (ਹੀ ਸਫਲ) ਆਉਂਦਾ ਹੈ (ਜੋ ਆ ਕੇ) ਨਾਮ ਵਿਚ ਰਚ ਜਾਂਦਾ ਹੈ, ਜਿਸ ਉਪਰ ਪਰਮੇਸ਼ੁਰ ਦੀ ਦਇਆ ਤੇ ਮੇਹਰ (ਪ੍ਰਸੰਨਤਾ) ਹੁੰਦੀ ਹੈ। (ਉਸ ਦਾ ਇਹ ਆਉਣਾ) ਇਕੋ (ਵਾਰੀ ਦਾ) ਆਉਣਾ ਹੁੰਦਾ ਹੈ (ਉਹ) ਫੇਰ ਜਨਮ ਵਿਚ ਨਹੀਂ ਆਉਂਦਾ। ਉਹ ਪਰਮੇਸ਼ੁਰ ਦੇ ਦਰਸ਼ਨ ਵਿਚ ਸਮਾ ਜਾਂਦਾ ਹੈ, (ਗੁਰੂ) ਨਾਨਕ (ਦੇਵ ਜੀ ਦਾ ਵਾਕ ਹੈ)॥੧੩॥

ਸਲੋਕੁ ॥ ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥ ੧ ॥

ਜਿਸ (ਪਰਮੇਸ਼ੁਰ) ਦੇ (ਨਾਮ ਨੂੰ) ਜਪਦਿਆਂ ਮਨ ਵਿਚ ਅਨੰਦ ਹੋਵੇ (ਤੇ)ਦੂਜਾ ਭਾਉ ਨਾਸ਼ ਹੋ ਜਾਵੇ, ਦੁਖ ਪੀੜਾ ਤੇ (ਇਨ੍ਹਾਂ ਦਾ ਕਾਰਨ) ਤ੍ਰਿਸ਼ਨਾ ਮਿਟ ਜਾਵੇ, ਹੇ ਨਾਨਕ! (ਉਸ) ਨਾਮੀ ਵਿਚ ਸਮਾ ਜਾਓ!॥੧॥

ਪਉੜੀ ॥ ਯਯਾ ਜਾਰਉ ਦੁਰਮਤਿ ਦੋਊ॥
ਤਿਸਹਿ ਤਿਆਗਿ ਸੁਖ ਸਹਜੇ ਸੋਊ ॥
ਯਯਾ ਜਾਇ ਪਰਹੁ ਸੰਤ ਸਰਨਾ ॥
ਜਿਹ ਆਸਰ ਇਆ ਭਵਜਲੁ ਤਰਨਾ ॥
ਯਯਾ ਜਨਮਿ ਨ ਆਵੈ ਸੋਊ ॥
ਏਕ ਨਾਮ ਲੇ ਮਨਹਿ ਪਰੋਊ ॥
ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥
ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥ ੧੪ ॥

ਯਯੇ (ਦੁਆਰਾ ਉਪਦੇਸ਼ ਹੈ ਕਿ) ਦ੍ਵੈਤ ਵਾਲੀ ਖੋਟੀ ਬੁੱਧੀ ਨੂੰ ਸਾੜ ਦਿਓ। ਉਸ ਨੂੰ ਤਜਾਗ ਕੇ (ਤਿਆਗਣ ਵਾਲਾ) ਸਹਿਜ ਵਾਲੇ ਸੁਖ ਵਿਚ ਸੌਂ (ਜਾਏਗਾ)[1]। (ਕਿਸ ਪ੍ਰਕਾਰ ਦੁਰਮਤ ਸੜੇ?) ਯਯੇ (ਦ੍ਵਾਰਾ ਉੱਤਰ ਕਹਿੰਦੇ ਹਨ-) ਸੰਤਾਂ ਦੀ ਸ਼ਰਨੀ ਜਾ ਪਵੋ, ਜਿਸ ਦੇ ਆਸਰੇ ਇਸ (ਸੰਸਾਰ) ਭੌਜਲ ਨੂੰ ਤਰ ਜਾਣਾ (ਪ੍ਰਾਪਤ ਹੁੰਦਾ) ਹੈ। (ਫਿਰ) ਯਯੇ (ਦ੍ਵਾਰਾ ਹੀ ਉਪਦੇਸ਼ ਹੈ) ਓਹ ਜਨਮ ਵਿਚ (ਫੇਰ) ਨਹੀਂ ਆਵੇਗਾ, ਕਿ ਜੋ) ਇਕ ਨਾਮ ਨੂੰ ਲੈ ਕੇ ਮਨ ਵਿਚ ਪਰੋ ਲਵੇਗਾ, ਯਯਾ (ਦੁਆਰਾ ਉਪਦੇਸ਼ ਹੈ) ਪੂਰੇ ਗੁਰੂ ਦੇ ਟੇਕ (ਲਈਏ ਤਾਂ) ਜਨਮ ਨਹੀਂ ਹਾਰੀਦਾ। (ਕਿਉਂਕਿ) ਸੁਖ ਉਸ ਨੇ ਪਾਇਆ ਹੈ, ਜਿਸ ਦੇ ਹਿਰਦੇ ਵਿਚ ਇਕੋ (ਵਾਹਿਗੁਰੂ ਵੱਸਦਾ) ਹੈ (ਸ੍ਰੀ) ਨਾਨਕ (ਗੁਰੂ ਜੀ ਦਾ ਵਾਕ ਹੈ)॥੧੪॥

ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥
ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥ ੧ ॥

੨. ਪੂਰੇ ਗੁਰੂ ਨੇ ਉਪਦੇਸ਼ ਕੀਤਾ (ਕਿ) ਹੇ ਨਾਨਕ! (ਪਰਮ ਮਿਤ੍ਰ ਪ੍ਰਭੂ ਨੂੰ) ਦਿਨ ਰਾਤ ਜੱਪਣਾ ਚਾਹੀਏ, (ਸੋ ਉਸ ਜਪ ਦਾ ਇਹ ਫਲ ਹੋਇਆ ਹੈ ਕਿ ੧. ਮੇਰੇ) ਤਨ ਮਨ ਦੇ ਅੰਦਰ ਵੱਸ ਰਹੇ ਹਨ (ਪ੍ਰਭੂ ਜੀ, ਜੋ ਲੋਕ ਪ੍ਰਲੋਕ ਦੇ[2] ਮਿਤਰ (ਹਨ)॥੧॥

੧. ਸੋਊ ਦਾ ਅਰਥ ਸੌਂ ਜਾਓ' ਬੀ ਕਰ ਲੈਂਦੇ ਹਨ।
੨. ਈਤ ਊਤ=ਈਤ=ਇਸ (ਲੋਕ ਦੇ)। ਊਤ=ਉਸ (ਲੋਕ ਦੇ) ਭਾਵ ਲੋਕ ਪ੍ਰਲੋਕ ਦੇ।

ਪਉੜੀ ॥ ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥
ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥
ਕਾ ਕੋ ਮਾਤ ਪਿਤਾ ਸੁਤ ਧੀਆ ॥
ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥
ਐਸੀ ਸੰਚਿ ਜੁ ਬਿਨਸਤ ਨਾਹੀ ॥
ਪਤਿ ਸੇਤੀ ਅਪੁਨੈ ਘਰਿ ਜਾਹੀ ॥
ਸਾਧਸੰਗਿ ਕਲਿ ਕੀਰਤਨੁ ਗਾਇਆ ॥
ਨਾਨਕ ਤੇ ਤੇ ਬਹੁਰਿ ਨ ਆਇਆ ॥ ੧੫॥

ਦਿਨ ਰਾਤ ਉਸ ਨੂੰ ਸਿਮਰੋ ਜੋ ਅੰਤ ਨੂੰ ਸਹਾਈ ਹੋਵੇਗਾ। ਇਹ ਬਿਖਿਆ[1] ਥੋੜੇ ਦਿਨਾਂ[2] ਲਈ ਹੈ, (ਜਿਸ ਨੂੰ) ਸਭ ਕੋਈ ਛੱਡ ਕੇ ਚਲਾ ਜਾਂਦਾ ਹੈ, (ਜੇ ਕਹੋ ਸਨਬੰਧੀਆਂ ਦਾ ਮੋਹ, ਤਾਂ) ਕਿਸ ਦੇ (ਨਾਲ) ਮਾਤਾ ਪਿਤਾ ਪੁੱਤਰ ਤੇ ਧੀਆਂ (ਗਏ ਹਨ?) ਘਰ, ਵਹੁਟੀ, ਕੁਛ (ਕਦੀ ਕਿਸੇ ਨੇ ਕੋਈ) ਨਾਲ ਨਹੀਂ ਲੀਤਾ, (ਤਾਂਤੇ) ਐਸੀ (ਸੰਪਦਾ) ਕੱਠੀ ਕਰ ਜੋ ਨਾਸ਼ ਨਹੀਂ ਹੁੰਦੀ (ਤਾਂ ਜੋ) ਪਤ ਨਾਲ ਆਪਣੇ ਘਰ ਜਾਵੇਂ। (ਯਾਦ ਰਖ) ਕਲਯੁਗ ਵਿਚ ਸਾਧਾਂ ਦੇ ਸੰਗ ਵਿਖੇ (ਜਿਨ੍ਹਾਂ ਜਿਨ੍ਹਾਂ ਨੇ) ਪ੍ਰਭੂ ਦਾ ਜਸ ਗਾਂਵਿਆ ਹੈ, (ਕਹਿੰਦੇ ਹਨ ਗੁਰੂ) ਨਾਨਕ, ਓਹ ਓਹ[3] (ਪੁਰਖ ਸੰਸਾਰ ਵਿਚ) ਫੇਰ ਨਹੀਂ ਆਏ॥੧੫॥

ਸਲੋਕੁ ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥ ੧ ॥

ਡਾਢਾ ਸੋਹਣਾ (ਹੋਵੇ), ਉੱਚੀ ਕੁਲ ਦਾ (ਹੋਵੇ), ਦਾਨਾ ਹੋਵੇ, ਮੁਖੀ[4] ਗਿਆਨੀ ਹੋਵੇ (ਤੇ) ਧਨ ਵਾਲਾ ਹੋਵੇ (ਪਰ) ਜਿਸ ਨੂੰ ਵਾਹਿਗੁਰੂ ਨਾਲ ਪ੍ਰੇਮ ਨਾ ਹੋਵੇ (ਉਸ ਨੂੰ) ਮੁਰਦਾ ਕਹੀਦਾ ਹੈ[5], ਹੇ ਨਾਨਕ! ॥੧॥

ਪਉੜੀ ॥ ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥

ਙਙੇ (ਦੁਆਰਾ ਉਪਦੇਸ਼ ਹੈ ਭਾਵੇਂ ਕੋਈ) ਛੇ ਸ਼ਾਸਤ੍ਰਾਂ ਦਾ ਜਾਣਨਹਾਰ[6] ਹੋਵੇ, (ਭਾਵੇਂ ਕੋਈ) ਪੂਰਕ, ਕੁੰਭਕ, ਰੇਚਕ[7] (ਪ੍ਰਾਣਾਯਾਮ ਦੇ ਇਸ ਤ੍ਰਿਧਾ ਕਰਮੀ ਵਿਚ ਲੱਗਾ ਹੋਯਾ[8] ਹੋਵੇ।

---

੧. ਵਿਸ਼ੇ ਭੋਗਾਂ ਦਾ ਰਸ। (ਅ) ਇਹ ਵਿਹੁਲੇ ਅਸਰ ਵਾਲੀ ਮਾਇਆ।

੨. ੬+੪=੧੦। ਫ਼ਾਰਸੀ। ਮੁਹਾਵਰਾ ਹੈ, ਹਫ਼ਤਹ ਅਸ਼ਰਹ=ਸਤਵਾਰਾ, ਦਸਵਾਰਾ। ਜਿਵੇਂ ਅਸੀਂ ਕਹਿੰਦੇ ਹਾਂ-ਅੱਠ ਦੱਸ ਦਿਨ। ਇਥੋਂ ਮੁਹਾਵਰਾ ਪਿਆ ਹੈ ਦਸ ਦਿਨ ਦਾ, ਮੁਰਾਦ ਹੈ ਅਲਪ ਕਾਲ, ਥੋੜਾ ਚਿਰ, ਯਥਾ- 'ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ-੮੦॥'

੩. ਤੇ ਤੇ=ਓਹ ਓਹ (ਬਹੁ ਵਚਨ ਹੈ) ਯਥਾ- 'ਤੇ ਸਾਧੂ ਹਰਿ ਮੇਲਹੁ ਸੁਆਮੀ'। (ਭੈ:ਮ:੪-੬)

੪. ਮੁਖਿ ਙਿਆਨੀ ਦਾ 'ਵਾਚਕ ਗਯਾਨੀ' ਅਰਥ ਬੀ ਲੈਂਦੇ ਹਨ।

੫. ਕਹੀਅਹਿ=ਕਹੀਦਾ ਹੈ, ਜੇ ਪਾਠ 'ਕਹੀਅਹਿੰ ਸਮਝਿਆ ਜਾਵੇ ਤਾਂ 'ਕਹੀਦੇ ਹਨ' ਅਰਥ ਬਣੇਗਾ, ਪਰ ਪਉੜੀ ਵਿਚ ਇਕ ਵਚਨ ਚਲਦਾ ਹੈ।

੬. ਙਿਆਤਾ, ਗਯਾਤਾ=ਜਾਣਨਹਾਰ।

੭. ਪੂਰਕ=ਸੁਆਸਾਂ ਨੂੰ ਅੰਦਰ ਖਿੱਚਣਾ। ਕੁੰਭਕ=ਅੰਦਰ ਗਏ ਨੂੰ ਅੰਦਰ ਥੰਮ੍ਹਣਾ। ਰੇਚਕ=ਅੰਦਰ ਥੰਮ੍ਹੇ ਨੂੰ ਬਾਹਰ ਕੱਢਣਾ।

੮. ਕਰਮਾਤਾ=ਕਰਮ+ਮਾਤਾ=ਕਰਮ ਵਿਚ ਲੱਗਿਆ ਹੋਇਆ।


www.sikhbookclub.com

ਗਿਆਨ ਧਿਆਨ ਤੀਰਥ ਇਸਨਾਨੀ ॥
ਸੋਮਪਾਕ ਅਪਰਸ ਉਦਿਆਨੀ ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥
ਜੋ ਕਛੁ ਕੀਨੋ ਸੋਊ ਅਨੇਤਾ ॥
ਉਆ ਤੇ ਊਤਮੁ ਗਨਉ ਚੰਡਾਲਾ ॥
ਨਾਨਕ ਜਿਹ ਮਨਿ ਬਸਹਿ ਗੁਪਾਲਾ ॥ ੧੬ ॥

(ਭਾਵੇਂ ਕੋਈ) ਗਿਆਨਵਾਨ ਹੋਵੇ, ਧਿਆਨਵਾਨ ਹੋਵੇ, ਤੀਰਥਾਂ ਦੇ ਨ੍ਹਾਉਣ ਵਾਲਾ ਹੋਵੇ। (ਭਾਵੇਂ ਕੋਈ) ਅਪਣੇ ਹੱਥੀਂ ਪਕਾਕੇ (ਖਾਣ ਵਾਲਾ ਹੋਵੇ) ਕਿਸੇ ਨਾਲ ਨਾ ਛੂਹਣ ਵਾਲਾ ਹੋਵੇ[1], ਬਨਬਾਸੀ ਹੋਵੇ, (ਜੇ) ਪਰਮੇਸ਼ੁਰ ਦੇ ਨਾਮ ਨਾਲ (ਉਸ ਦੇ ਅਪਣੇ) ਮਨ ਵਿਚ ਪਜਾਰ ਨਹੀਂ (ਤਾਂ) ਜੋ ਕੁਛ (ਬੀ ਉਸ ਨੇ) ਕੀਤਾ ਹੈ ਸੋ ਅਨਿਤ[2] ਹੈ। ਉਸ ਨਾਲੋਂ (ਉਹ) ਚੰਡਾਲ ਉੱਤਮ ਜਾਣੋ ਕਿ ਜਿਸ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ, ਹੇ ਨਾਨਕ! ॥੧੬॥

ਸਲੋਕੁ ॥ ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥

ਚਾਰ ਕੂੰਟਾਂ, ਦਸੋ ਦਿਸ਼ਾਂ[3] ਵਿਚ (ਜੋ ਜੀਵ) ਭਟਕਦੇ ਹਨ (ਓਹ) ਕੀਤੇ ਕਰਮਾਂ ਦੀਆਂ ਰੇਖਾਂ[4] ਅਨੁਸਾਰ (ਭਟਕਦੇ ਹਨ)। ਸੁਖ, ਦੁਖ, ਮੁਕਤੀ ਤੇ ਜੂਨਾਂ (ਵਿਚ ਭ੍ਰਮਣ ਦੇ, ਉਸ ਅਨੁਸਾਰ) ਲੇਖ ਲਿਖੇ ਗਏ ਹਨ, ਹੇ ਨਾਨਕ! ॥੧॥

ਪਵੜੀ ॥ ਕਕਾ ਕਾਰਨ ਕਰਤਾ ਸੋਊ ॥
ਲਿਖਿਓ ਲੇਖੁ ਨ ਮੇਟਤ ਕੋਊ ॥
ਨਹੀ ਹੋਤ ਕਛੁ ਦੋਊ ਬਾਰਾ ॥
ਕਰਨੈਹਾਰੁ ਨ ਭੂਲਨਹਾਰਾ ॥
ਕਾਹੂ ਪੰਥੁ ਦਿਖਾਰੈ ਆਪੈ ॥
ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥
ਆਪਨ ਖੇਲੁ ਆਪ ਹੀ ਕੀਨੋ ॥

ਕਕੇ (ਦੁਆਰਾ ਉਪਦੇਸ਼ ਹੈ) ਉਹੀ (ਪਰਮੇਸ਼ੁਰ) ਕਾਰਣਾਂ ਦਾ (ਬੀ) ਕਰਤਾ ਹੈ (ਭਾਵ ਕਾਰਣਾਂ ਦਾ ਕਾਰਣ, ਮੂਲ ਕਾਰਣ, ਉਹ ਆਪ ਹੈ)। (ਉਸ ਦਾ) ਲਿਖਿਆ ਲੇਖ ਕੋਈ ਨਹੀਂ ਮੇਟ ਸਕਦਾ। (ਉਸ ਦੇ ਕੀਤੇ ਦਾ ਫਿਰ) ਦੂਜੀ ਵਾਰ ਕੁਛ ਨਹੀਂ ਹੋ ਸਕਦਾ (ਕਿਉਂਕਿ ਉਹ) ਕਰਨੇ ਵਾਲਾ ਭੁੱਲ ਕਰਨੇ ਵਾਲਾ ਨਹੀਂ। ਕਿਸੇ ਨੂੰ ਆਪੇ (ਠੀਕ) ਰਸਤਾ ਦਿਖਾਲਦਾ ਹੈ, ਕਿਸੇ ਨੂੰ ਉਜਾੜਾਂ ਵਿਚ ਭਟਕਦਿਆਂ ਪਛੋਤਾਵਾ ਦੇਂਦਾ ਹੈ। ਅਪਣਾ ਖੇਲ (ਉਸ ਨੇ) ਆਪ ਹੀ ਕੀਤਾ

---

੧. ਸੋਮਪਾਕ=ਸ੍ਵਯੰਪਾਕਿਨ=ਜੋ ਅਪਣੇ ਹੱਥ ਨਾਲ ਪਕਾ ਕੇ ਖਾਵੇ, ਦੂਸਰੇ ਦਾ ਪੱਕਾ ਨਾ ਖਾਵੇ। ਅਪਰਸ=ਜੋ ਕਿਸੇ ਨਾਲ ਛੋਹੇ ਨਹੀਂ। (ਸੰਸ:, ਸਿਪਰਸ਼੍=ਛੁਹਣਾ। ਅਪਿ:, ਪਰਸ=ਛੁਹਣਾ, ਅ=ਨਹੀਂ)।

੨. ਅਨੇਤਾ=ਅਨਿੱਤ=ਜੋ ਸਦਾ ਨਾ ਰਹੇ। ਨਾਸ਼ਵੰਤ, ਮਿਥਜਾ! ਅਨੇਤਾ=ਅਨਿੱਤ=ਬੇਥਵਾ, ਫ਼ਜ਼ੂਲ।

੩. ਉਤਰ, ਦੱਖਣ, ਪੂਰਬ, ਪੱਛਮ, ਚਾਰ ਕੂੰਟਾਂ ਹਨ। ਚਾਰੇ ਏਹ ਤੇ ਇਹਨਾਂ ਦੇ ਵਿਚਲੀਆਂ ਚਾਰ ਨੁਕਰਾਂ-ਨੈਰਤ, ਵਾਇਵ, ਈਸਾਨ, ਅਗਨਿ ਅਤੇ ਦੋ-ਹੇਠਾਂ ਤੋਂ ਉਪਰ, ਏਹ ਦਸ ਦਿਸ਼ਾ ਹਨ।

੪. ਕਿਰਤ-ਕ੍ਰਿਤ=ਕੀਤਾ ਹੋਇਆ ਯਾ ਕੀਤਾ ਗਿਆ। ਕੀਤੇ ਕਰਮਾਂ ਨੇ ਜੋ ਬਾਰ ਬਾਰ ਹੋ ਹੋ ਕੇ ਮਨ ਵਿਚ ਘਾਸੀਆਂ ਪਾ ਦਿਤੀਆਂ ਹਨ, ਉਧਰ ਹੀ ਮਨ ਦਾ ਇਹ ਝੁਕਾਉ ਲਈ ਫਿਰਦਾ ਹੈ। ਆਮ ਤੌਰ ਤੇ ਹੱਥਾਂ, ਪੈਰਾਂ, ਮੱਥੇ ਆਦਿਕ ਦੀਆਂ ਲੀਕਾਂ ਨੂੰ ਕੀਤੇ ਕਰਮਾਂ ਦੀਆਂ ਰੇਖਾਂ ਬੀ ਕਿਹਾ ਕਰਦੇ ਹਨ। ਇਸ ਸ਼ਲੋਕ ਤੋਂ ਸਪਸ਼ਟ ਜਾਪਦਾ ਹੈ ਕਿ ਕਰਮਾਂ ਅਨੁਸਾਰ ਲੇਖ ਲਿਖੇ ਜਾਂਦੇ ਹਨ।

ਜੋ ਜੋ ਦੀਨੋ ਸੁ ਨਾਨਕ ਲੀਨੋ ॥ ੧੭ ॥

ਹੈ, ਜੋ ਜੋ (ਕੁਛ ਉਸ ਨੇ ਜਿਸ ਨੂੰ) ਦਿੱਤਾ ਹੈ, ਹੇ ਨਾਨਕ, (ਉਸ ਉਸ ਨੇ) ਉਹੋ (ਕੁਛ) ਲੀਤਾ ਹੈ॥੧੭॥

ਸਲੋਕੁ ॥ ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥
ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥ ੧ ॥

੧. ਪਰਮੇਸ਼ੁਰ ਦਾ ਨਾਮ ਅਨੇਕਾਂ ਪੁਰਸ਼ ਜਪਦੇ ਹਨ (ਜਿਨ੍ਹਾਂ ਦੀ) ਗੇਣਤੀ ਨਹੀਂ ਹੋ ਸਕਦੀ[1], ਹੇ ਨਾਨਕ! ੧. (ਨਾਮ ਦੇ) ਭੰਡਾਰੇ (ਅਟੁੱਟ ਹਨ, ਓਹ ਕਦੇ) ਟੁੱਟ ਨਹੀਂ ਜਾਂਦੇ, (ਭਾਵੇਂ ਜਪਣ ਵਾਲੇ ਆਪ) ਵਰਤਦੇ ਰਹਿਣ, (ਅਧਿਕਾਰੀਆਂ ਉੱਪਰ) ਖਰਚ ਕਰਦੇ ਰਹਿਣ (ਤੇ ਆਮ ਲੋਕਾਂ ਵਿਚ) ਵੰਡਦੇ ਰਹਿਣ[2]॥੧॥

ਪਉੜੀ ॥ ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥
ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥
ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥
ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥
ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥
ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥

ਖਖੇ (ਦੁਆਰੇ ਉਪਦੇਸ਼ ਹੈ), ਉਸ ਸਮਰਥ (ਪ੍ਰਭੂ) ਦੇ ਪਾਸ ਕਮੀ ਨਹੀਂ, (ਪਰ ਜੀਵ ਨੂੰ ਜਿੰਨਾ ਤੇ) ਜੋ ਉਸ ਨੇ ਦੇਣਾ ਹੈ ਉਹ ਦੇ ਰਿਹਾ ਹੈ, ਭਾਵੇਂ (ਜੀਵ ਜਿਥੇ ਜਿਥੇ ਇੱਛਾ ਹੈ) ਓਥੇ ਓਥੇ (ਪਏ ਜਤਨ ਕਰਦੇ) ਫਿਰਨ। ਨਾਮ ਧਨ (ਭਗਤਾਂ ਦਾ) ਖ਼ਜ਼ਾਨਾ (ਹੈ ਇਸੇ ਵਿਚੋਂ ਉਨ੍ਹਾਂ ਦਾ) ਖਰਚ (ਟੁਰਦਾ ਹੈ, ਭਾਵ ਨਾਮ ਦਾਨ ਦੇਂਦੇ ਹਨ ਤੇ) ਇਹੋ ਭਗਤਾਂ ਦੀ ਪੂੰਜੀ ਹੈ (ਜੋ ਨਾਲ ਜਾਏਗੀ[3])। (ਉਸ) ਗੁਣਾਂ ਦੇ ਸਾਗਰ ਨੂੰ ਜਪਦੇ ਰਹਿੰਦੇ ਹਨ (ਉਨ੍ਹਾਂ ਵਿਚ ਦੈਵੀ ਗੁਣ) ਖਿਮਾ, ਨਿੰਮ੍ਰਤਾ (ਅਤੇ ਨਾਮ ਦੇ ਫਲ) ਅਨੰਦ ਤੇ ਗਜਾਨ[4] (ਬੀ ਆ ਜਾਂਦੇ ਹਨ)। (ਇਹ ਅਨੰਦ ਉਨ੍ਹਾਂ ਨੂੰ ਮਿਲਦਾ ਹੈ) ਜਿੰਨਾਂ ਤੇ (ਉਹ ਸਮਰਥ) ਕ੍ਰਿਪਾਲੂ ਹੁੰਦਾ ਹੈ, (ਓਹ ਇਸ) ਅਨੰਦ ਨਾਲ ਖੇਲਦੇ ਤੇ ਖਿੜੇ ਰਹਿੰਦੇ ਹਨ।

(ਉਨ੍ਹਾਂ ਦੇ) ਘਰ ਵਿਚ ਪਰਮੇਸ਼ੁਰ ਦਾ ਨਾਮ (ਰੂਪੀ) ਮਾਲ ਹੈ (ਇਸ ਕਰਕੇ ਉਹ ਅੰਦਰੋਂ) ਸਦਾ ਤ੍ਰਿਪਤ[5] ਹੁੰਦੇ ਹਨ ਤੇ ਚਿਹਰਿਓਂ ਸੁਹਣੇ

---

੧. ਅਥਵਾ, ਉਸ ਪਰਮੇਸ਼ੁਰ ਦਾ ਸ਼ੁਮਾਰ ਨਹੀਂ।

੨. ਖਾਤ=ਆਪ ਜਪਦੇ ਰਹਿਣ। ਖਰਚਤ=ਅਧਿਕਾਰੀਆਂ ਤੋਂ ਜਪਵਾਉਂਦੇ ਰਹਿਣ। ਬਿਲਛਤ=ਆਮ ਬਖਸ਼ਿਸ਼ ਕਰਦੇ ਰਹਿਣ। ਲਹਿੰਦੇ ਵਲ ਬਿਲਛਨਾ ਪਦ 'ਵੰਡਣਾ' ਅਰਥਾਂ ਵਿਚ ਹੁਣ ਤੱਕ ਵਰਤਦੇ ਹਨ। ਸੰਸਕ੍ਰਿਤ ਪਦ 'ਵਿਲਸਤਿ' ਇਸ ਦਾ ਮੂਲ ਹੋਣ ਕਰਕੇ ਇਸ ਦਾ ਅਨੰਦ ਅਰਥ ਬੀ ਲਾ ਲੈਂਦੇ ਹਨ। ਫੇਰ ਤੁਕ ਦੇ ਅਰਥ ਇੰਵ ਲੱਗਦੇ ਹਨ: 'ਖਾਂਦੇ ਖਰਚਦੇ ਤੇ ਖੁਸ਼ ਰਹਿੰਦੇ ਹਨ, ਕਿਉਂਕਿ (ਨਾਮ ਦੇ ਭੰਡਾਰੇ) ਅਟੁੱਟ ਹਨ'।

੩. ਯਾ ਜਿਸ ਨਾਲ ਵਪਾਰ ਕਰਦੇ ਹਨ!

੪. ਸਹਜ=ਅਸਲੀ ਸੁਖ ਰੂਪ ਅਵਸਥਾ। ਗਜਾਨ।

੫. ਅਰਬੀ-ਗਨੀ=ਧਨ ਪਾਤ੍ਰ, ਧਨ ਨਾਲ ਰੱਜਿਆ ਹੋਇਆ, ਤ੍ਰਿਪਤ।

ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥ ੧੮ ॥

ਹੁੰਦੇ ਹਨ। ਜਿਨ੍ਹਾਂ ਤੇ (ਪ੍ਰਭੂ ਨੇ) ਨਦਰ ਕੀਤੀ ਹੈ ਉਹਨਾਂ ਨੂੰ ਨਾ ਦੁੱਖ ਹੈ ਨਾ ਖੇਦ ਹੈ ਨਾ ਡੰਨ ਹੈ। ਹੇ ਨਾਨਕ! ਜੋ ਪਰਮੇਸ਼ੁਰ ਨੂੰ ਭਾ ਗਏ ਹਨ, ਉਨ੍ਹਾਂ ਦੀ (ਹੀ) ਪੂਰੀ ਪਈ ਹੈ (ਭਾਵ ਓਹ ਸਿਰੇ ਚੜ੍ਹੇ ਹਨ)॥੧੮॥

ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ ॥

ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ ॥ ੧ ॥

(ਆਪਣੇ) ਮਨ ਵਿਚ ਗਿਣ ਮਿਣ ਕੇ (ਚੰਗੀ ਤਰ੍ਹਾਂ ਵਿਚਾਰ ਕੇ) ਦੇਖੋ (ਕਿ ਇਨ੍ਹਾਂ ਦਿਸ ਰਹੇ ਸਾਰੇ) ਲੋਕਾਂ ਨੇ (ਏਥੋਂ) ਜ਼ਰੂਰ ਚਲੇ ਜਾਣਾ ਹੈ। (ਪਰ ਇਨ੍ਹਾਂ ਵਿਚੋ) ਅਨਿੱਤ (ਪਦਾਰਥਾਂ ਵਲ ਲੱਗ ਰਹੀ) ਆਸਾਂ ਗੁਰਮੁਖਾਂ ਦੀ ਮਿਟ ਜਾਂਦੀ ਹੈ, (ਕਿਉਂਕਿ ਓਹ) ਨਾਮ ਦੇ (ਦਾਰੂ ਨਾਲ) ਅਰੋਗ (ਹੋ ਗਏ ਹਨ), ਹੇ ਨਾਨਕ! ॥੧॥

ਪਉੜੀ ॥

ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥ ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥ ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥ ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ ॥ ੧੯ ॥

ਗਗੇ (ਦੁਆਰਾ ਉਪਦੇਸ਼ ਹੈ) ਗੋਬਿੰਦ ਦੇ ਗੁਣ ਉਚਾਰਨ ਕਰੋ, ਸ੍ਵਾਸ ਸ੍ਵਾਸ ਵਿਚ ਨਿੱਤ (ਨਾਮ ਨੂੰ) ਜਪੋ। (ਇਸ) ਦੇਹੀ ਦਾ ਕੀ ਭਰੋਸਾ[1] ਹੈ? ਹੇ ਮਿੱਤਰੋ! ਢਿੱਲ ਨਾਲ ਲਾਉਣੀ ਨਾ ਬਾਲਕ (ਅਵਸਥਾ) ਦਾ, ਨਾ ਜੁਆਨੀ ਦਾ, ਨਾ ਹੀ ਬੁਢਾਪੇ ਦਾ ਕੋਈ ਨੇਮ[2] ਹੈ। ਉਸ ਵੇਲੇ ਦਾ ਪਤਾ ਨਹੀਂ ਲੱਗਦਾ (ਕਿ) ਜਦੋਂ ਜਮ ਦੀ ਫਾਹੀ ਆ ਪੈਂਦੀ ਹੈ। ਦੇਖ ਕੇ ਗਿਆਨੀ ਧਿਆਨੀ ਤੇ ਚਤੁਰ (ਜੋ ਜੋ ਹੈਨ) ਇਸ ਥਾਂ (ਜਗਤ ਵਿਚ ਉਨ੍ਹਾਂ ਦਾ ਸਦਾ) ਰਹਿਣ ਨਹੀਂ ਹੁੰਦਾ। ਸਾਰੀ ਸ੍ਰਿਸ਼ਟੀ ਛੱਡ ਛੱਡ ਕੇ (ਜਗਤ ਨੂੰ) ਤੁਰ ਗਈ ਹੈ (ਪਰ) ਮੂਰਖ ਇਸੇ ਨੂੰ (ਫੇਰ ਫੇਰ) ਚੰਬੜਦੇ ਹਨ। ਜਿਨ੍ਹਾਂ ਦੇ ਮੱਥੇ ਉਤੇ ਭਾਗ ਹਨ ਓਹ ਗੁਰੂ ਦੀ ਕ੍ਰਿਪਾ ਕਰਕੇ (ਨਾਮ) ਜਪਦੇ ਰਹਿੰਦੇ ਹਨ। ਓਹੀ (ਜਪਣ ਵਾਲੇ ਸੰਸਾਰ ਤੇ) ਆਏ ਸਫ਼ਲ ਹਨ ਜਿਨ੍ਹਾਂ ਨੂੰ ਪਿਆਰੇ ਦਾ ਸੁਹਾਗ[3] (ਪ੍ਰਾਪਤ ਹੋਯਾ ਹੈ) ਹੇ ਨਾਨਕ! ॥੧੯॥

ਸਲੋਕੁ ॥ ਘੋਖੇ ਸਾਸਤ੍ਰ ਬੇਦ ਸਭ ਆਨ

ਚੰਗੀ ਤਰ੍ਹਾਂ ਵਿਚਾਰੇ ਹਨ[4] ਸਾਰੇ ਸ਼ਾਸਤਰ ਤੇ ਵੇਦ, ਕੋਈ ਨਹੀਂ ਕਹਿੰਦਾ ਕਿ (ਇਕ ਵਾਹਿਗੁਰੂ

---

੧. ਬਿਸਾਸ਼ਾ=ਵਿਸ਼੍ਵਾਸ, ਵਿਸਾਹ, ਭਰੋਸਾ।

੨. ਬੰਧੁ=ਰੋਕ ਨਿਯਮ।

੩. ਸੁਹਾਗ=ਪਤੀ। ਪਤੀ ਵਾਲੀ ਹੋਣ ਦਾ ਸੁਭਾਗ। (ਅ) ਅਨੰਦ।

੪. ਘੋਖੇ=ਚੰਗੀ ਤਰ੍ਹਾਂ ਵੀਚਾਰੇ।

ਨ ਕਥਤਉ ਕੋਇ ॥
ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥

ਤੋਂ ਬਿਨਾ) ਹੋਰ (ਕੋਈ ਵਾਹਿਗੁਰੂ ਬੀ ਹੈ)। ਆਦਿ ਵਿਖੇ, ਜੁਗਾਦ[1] ਵਿਖੇ, ਹੁਣ (ਤੇ) ਹੋਣ ਵਾਲੇ (ਸਮੇਂ ਵਿਚ)[2] ਹੇ ਨਾਨਕ, ਓਹੋ ਇਕ ਹੀ ਹੈ॥੧॥

ਪਉੜੀ ॥ ਘਘਾ ਘਾਲਹੁ ਮਨਹਿ ਏਹ
ਬਿਨੁ ਹਰਿ ਦੂਸਰ ਨਾਹਿ ॥
ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥
ਘੂਲਹਿ ਤਉ ਮਨ ਜਉ ਆਵਹਿ ਸਰਨਾ॥
ਨਾਮ ਤਤੁ ਕਲਿ ਮਹਿ ਪੁਨਹਚਰਨਾ॥
ਘਾਲਿ ਘਾਲਿ ਅਨਿਕ ਪਛੁਤਾਵਹਿ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ॥
ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ॥
ਨਾਨਕ ਹਰਿ ਗੁਰਿ ਜਾ ਕਉ ਦੀਆ॥ ੨੦ ॥

ਘਘੇ (ਦੁਆਰਾ ਉਪਦੇਸ਼ ਹੈ) ਇਸ (ਗੱਲ) ਨੂੰ ਮਨ ਵਿਚ (ਘਾਲਹੁ=) ਥਾਂ ਦਿਓ[3] (ਕਿ ਇਕ) ਹਰੀ ਤੋਂ ਬਿਨਾ ਦੂਸਰਾ ਕੋਈ ਨਹੀਂ। ਨਹੀਂ ਹੋਇਆ ਹੈ ਨਾ ਹੋਵੇਗਾ, ਜਿਥੇ ਕਿਤੇ ਉਹੋ (ਇਕੋ) ਸਮਾ ਰਿਹਾ ਹੈ, ਹੇ ਨਾਨਕ! (ਉਸ ਵਿਚ ਤੂੰ) ਮਿਲੇਂਗਾ[4] ਤਦ ਜੇ (ਪ੍ਰਭੂ ਦੀ) ਸ਼ਰਨ ਆਵੇਂਗਾ ਤਾਂ, (ਨਾਮ ਵਿਚ ਲੱਗਣਾ ਸ਼ਰਨ ਆਉਣਾ ਹੈ ਜਾਣ ਲੈ ਕਿ) ਕਲਿਜੁਗ ਵਿਚ ਨਾਮ ਤੱਤ ਹੀ (ਅਸਲ) ਪ੍ਰਾਸਚਿਤ[5] (ਪਾਪਾਂ) ਦਾ ਹੈ। (ਹੋਰ ਹੋਰ ਘਾਲਾਂ) ਘਾਲ ਘਾਲ ਕੇ ਅਨੇਕ (ਲੋਕ) ਪਛੁਤਾਉਂਦੇ ਹਨ, ਬਿਨਾਂ ਪਰਮੇਸ਼ੁਰ ਦੀ ਭਗਤੀ ਦੇ ਟਿਕਾ[6] ਕਿਥੇ ਪਾਉਣ? (ਨਾਮ ਨੂੰ) ਘੋਲ ਕੇ (=ਅਭ੍ਯਾਸ ਕਰਕੇ ਇਸ ਤੋਂ ਉਪਜੇ) ਅੰਮ੍ਰਿਤ ਨੂੰ ਉਸ ਨੇ ਪੀਤਾ (ਤੇ) ਮਹਾਂ ਰਸ (ਮਾਣਿਆ ਹੈ ਕਿ) ਜਿਸ ਨੂੰ ਹਰੀ ਨੇ (ਤੇ) ਗੁਰੂ ਨੇ ਦਿਤਾ ਹੈ, ਹੇ ਨਾਨਕ! ॥੨੦॥

ਸਲੋਕੁ ॥ ਗਨਿ ਘਾਲੇ ਸਭ ਦਿਵਸ ਸਾਸ
ਨਹ ਬਢਨ ਘਟਨ ਤਿਲੁ ਸਾਰ ॥
ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥ ੧ ॥

ਗਿਣ ਕੇ ਪਾਏ ਹਨ (ਦੇਹੀ ਵਿਚ) ਸਾਰੇ ਸੁਆਸ (ਤੇ ਗਿਣਕੇ ) ਪਾਏ ਹਨ[7] (ਜੀਵ ਦੇ ਭਾਗਾਂ ਵਿਚ) ਸਾਰੇ ਦਿਨ, (ਦੁਇ) ਤਿਲ ਮਾਤਰ ਨਾ ਵਧ ਸਕਦੇ ਹਨ ਨਾ ਘਟ ਸਕਦੇ ਹਨ (ਇਨ੍ਹਾਂ ਤੋਂ ਵੱਧ ਜੋ ਜੀਵ) ਜੀਉਣਾ ਲੋਚਦੇ ਹਨ ਓਹ ਗਵਾਰ ਹਨ (ਐਸਾ ਲੋਚਣਾ ਉਹਨਾਂ ਦਾ) ਮੋਹ ਤੇ ਭਰਮਾਂ (ਦੇ ਵੱਸ ਵਿਚ ਪੈ ਕੇ ਹੈ) ਹੇ ਨਾਨਕ! ॥੧॥

---

੧. ਆਦਿ=ਮੁੱਢ ਤੋਂ ਬੀ ਪਹਿਲੇ, ਜਿਸ ਨੂੰ ਕੋਈ ਨਹੀਂ ਜਾਣਦਾ। ਜੁਗਾਦਿ=ਜਦੋਂ ਕਾਲ ਆਰੰਭ ਹੋਯਾ।

੨. ਪੌੜੀ ਦੀ ਦੂਸਰੀ ਤੁਕ ਵਿਚ ਦਾ ਪਦ 'ਹੋਵਨਾ' ਇਸ ਹੋਵਤ ਦੇ ਅਰਥ ਨੂੰ ਸਪਸ਼ਟ ਕਰ ਦੇਂਦਾ ਹੈ।

੩. ਭਾਵ, ਇਸ ਤੇ ਦ੍ਰਿੜ੍ਹ ਨਿਸ਼ਚਾ ਕਰੋ।

੪. ਛੁਟੇਂਗਾ' ਅਰਥ ਬੀ ਲਾ ਲੈਂਦੇ ਹਨ।

੫. ਓਹ ਕਰਮ ਜੋ ਪਾਪਾਂ ਦੀ ਨਿਵਿਰਤੀ ਲਈ ਕੀਤੇ ਜਾਣ।

੬. ਭਾਵ, ਆਵਾ ਗਉਣ ਤੋਂ ਛੁਟਕਾਰਾ ਪਾ ਕੇ ਨਿਹਚਲ ਪਦ ਦਾ ਟਿਕਾਣਾ।

੭. ਘਾਲੇ=ਪਾਏ ਹਨ, ਯਥਾ- 'ਹਮਰੀ ਭੂਮਿ ਕਉਣੁ ਘਾਲੈ ਪੈਰੁ॥(ਗਉੜੀ ਮ:੫-੭੮)

ਪਉੜੀ॥ ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥
ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥
ਙਿਆਨ ਧਿਆਨ ਤਾਹੂ ਕਉ ਆਏ ॥
ਕਰਿ ਕਿਰਪਾ ਜਿਹ ਆਪਿ ਦਿਵਾਏ ॥
ਙਣਤੀ ਙਣੀ ਨਹੀ ਕੋਊ ਛੂਟੈ ॥
ਕਾਚੀ ਗਾਗਰਿ ਸਰਪਰ ਫੂਟੈ ॥
ਸੋ ਜੀਵਤ ਜਿਹ ਜੀਵਤ ਜਪਿਆ ॥
ਪ੍ਰਗਟ ਭਏ ਨਾਨਕ ਨਹ ਛਪਿਆ ॥ ੨੧ ॥

ਙਙੇ (ਦੁਆਰਾ ਉਪਦੇਸ਼ ਹੈ ਕਿ) ਜਿਨ੍ਹਾਂ ਨੂੰ ਪ੍ਰਭੂ ਨੇ ਸਾਕਤ ਕੀਤਾ ਹੈ, ਉਹਨਾਂ ਨੂੰ ਕਾਲ ਗ੍ਰਸਦਾ ਹੈ। (ਓਹ) ਅਨੇਕ ਜੂਨੀਆਂ (ਪਾਉਂਦੇ) ਜੰਮਦੇ ਮਰਦੇ ਹਨ (ਕਿਉਂਕਿ ਉਹਨਾਂ ਨੇ) ਪਰਮੇਸ਼ੁਰ[1] ਨੂੰ ਨਹੀਂ ਪਛਾਣਿਆਂ। ਗਿਆਨ ਧਿਆਨ ਉਹਨਾਂ ਨੂੰ ਹੀ ਪ੍ਰਾਪਤ ਹੋਏ, ਜਿਨ੍ਹਾਂ ਨੂੰ ਕ੍ਰਿਪਾ ਕਰਕੇ (ਪ੍ਰਭੂ) ਆਪ ਦਿਵਾਉਂਦਾ ਹੈ। (ਕਰਮ ਕਾਂਡ ਦੇ ਕੀਤੇ ਕਰਮਾਂ ਦੀ) ਗਿਣਤੀ ਗਿਣਨੇ ਕਰਕੇ ਕੋਈ ਨਹੀਂ ਛੁੱਟਦਾ। ਕੱਚੀ ਗਾਗਰ[2] ਨਿਸ਼ਚੇ ਫੁੱਟ ਜਾਏਗੀ। (ਸੋ ਇਸ ਦੇ ਫੁੱਟਣ ਤੋਂ ਪਹਿਲਾਂ) ਜਿਨ੍ਹਾਂ ਨੇ ਜੀਉਂਦੇ (ਪਰਮੇਸ਼ੁਰ ਨੂੰ) ਜਪਿਆ ਹੈ ਓਹੋ ਜੀਉਂਦੇ ਹਨ। (ਓਹ ਸੰਸਾਰ ਵਿਚ) ਪ੍ਰਗਟ ਹੋ ਗਏ ਛਿਪ ਨਹੀਂ ਰਹੇ, (ਫੁਰਮਾ ਰਹੇ ਹਨ ਗੁਰੂ) ਨਾਨਕ (ਦੇਵ ਜੀ)॥੨੧॥

ਸਲੋਕੁ ॥ ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥ ੧ ॥

ਚਿਤ ਵਿਚ ਸਿਮਰਦਾ ਹਾਂ (ਗੁਰੂ ਦੇ) ਚਰਨ ਕਮਲ[3] (ਜਿਸ ਕਰਕੇ) ਪੁੱਠਾ (ਹੋਇਆ ਹਿਰਦੇ ਰੂਪੀ) ਕਮਲ ਖਿੜ ਪਿਆ ਹੈ। ਹੇ ਨਾਨਕ! (ਐਉਂ) ਪ੍ਰਗਟ ਹੋ ਗਏ ਪਰਮੇਸ਼ੁਰ ਜੀ ਆਪ ਹੀ, (ਪਰ ਫੁਰਮਾਉਂਦੇ ਹਨ ਗੁਰੂ ਨਾਨਕ ਕਿ ਇਹ ਪ੍ਰਾਪਤੀ ਹੋਈ) ਸੰਤਾਂ ਦੀ ਨਿਰਣੇ ਕੀਤੀ ਹੋਈ ਸਲਾਹ[4] (ਪਰ ਟੁਰਨੇ ਤੇ)! ॥੧॥

ਪਉੜੀ ॥
ਚਚਾ ਚਰਨ ਕਮਲ ਗੁਰ ਲਾਗਾ ॥
ਧਨਿ ਧਨਿ ਉਆ ਦਿਨ ਸੰਜੋਗ ਸਭਾਗਾ॥
ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ॥
ਭਈ ਕ੍ਰਿਪਾ ਤਬ ਦਰਸਨੁ ਪਾਇਓ॥

ਚਚੇ (ਦੁਆਰਾ ਉਪਦੇਸ਼ ਹੈ ਕਿ ਜਿਸ ਦਿਨ) ਗੁਰੂ ਦੇ ਚਰਨਾਂ ਕਮਲਾਂ ਵਿਚ (ਜੀ) ਲੱਗਾ, ਓਹ ਦਿਨ ਧੰਨ ਧੰਨ ਹੈ (ਤੇ ਓਹ) ਸੰਜੋਗ[5] ਭਾਗਾਂ ਵਾਲਾ ਹੈ। (ਮੈਂ) ਚਾਰ ਕੂੰਟਾਂ ਦਸ ਦਿਸ਼ਾਂ[6] ਵਿਚ ਭਟਕ (ਕੇ ਖਾਲੀ) ਆਇਆ ਸਾਂ, (ਜਦ) ਕ੍ਰਿਪਾ ਹੋਈ ਤਦ ਦਰਸ਼ਨ ਮਿਲ ਗਿਆ।

---

੧. ਆਤਮ ਰਾਮੁ=ਪਰਮਾਤਮਾ, ਬ੍ਰਹਮ।

੨. ਭਾਵ, ਸ਼ਰੀਰ।

੩. 'ਚਰਣ ਅਰਵਿੰਦੁ'-ਕਮਲ ਰੂਪ ਚਰਨ।

੪. ਮਤਾਂਤ ਦੇ ਦੋ ਤ੍ਰੈ ਅਰਥ ਗੁਰਬਾਣੀ ਵਿਚ ਲੱਗਦੇ ਹਨ:- ੧. ਸਲਾਹ। ਸਲਾਹਾਂ, ਮਸ਼ਵਰੇ ਕਰਕੇ ਅੰਤ ਨੂੰ ਲੱਭੀ ਸੁਲਾਹ ਭਾਵ ਨਿਰਣੈ ਕੀਤੀ ਸਲਾਹ। ਯਥਾ-- 'ਇਹ ਮਤਾਂਤ ਪਕਾਈਐ'। ੨. ਸਿੱਧਾਂਤ, ਯਥਾ- 'ਸਗਲ ਮਤਾਂਤ ਕੇਵਲ ਹਰਿਨਾਮ'। (ਸੁਖਮਨੀ--੨੪) ੩. ਫੈਸਲਾ, ਯਥਾ- 'ਆਪਨ ਹਾਥ ਮਤਾਂਤ'।

੫. ਮੇਲ ਦਾ ਸਮਾ, ਜਯੋਤਸ਼ ਵਿਚ ਸ਼ੁਭ ਸਮਾ ਜੋ ਗ੍ਰਿਹ ਰਾਸਾਂ ਤੇ ਯੋਗ ਦੇ ਚੰਗੇ ਟਿਕਾਣੇ ਹੋਣ ਤੇ ਮਿਥਿਆ ਜਾਂਦਾ ਹੈ।

੬. ਭਾਵ ਹੈ ਸਭ ਪਾਸੇ। ਚਾਰ ਕੂੰਟ ਦਸ ਦਿਸ਼ਾ ਦੇ ਵੇਰਵੇ ਲਈ ਦੇਖੋ ਇਸੇ ਬਾਣੀ ਦੇ ਸਲੋਕ ੧੭ ਦੀ ਹੇਠਲੀ ਟੂਕ।

ਚਾਰ ਬਿਚਾਰ ਬਿਨਸਿਓ ਸਭ ਦੂਆ ॥
ਸਾਧਸੰਗਿ ਮਨੁ ਨਿਰਮਲ ਹੂਆ ॥
ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥
ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨ ॥

ਕਰਮ ਕਾਂਡ ਦੀਆਂ ਵਿਚਾਰਾਂ[1] (ਤੇ ਹੋਰ) ਸਾਰੀ ਦ੍ਵੈਤ ਬਿਨਸ ਗਈ। (ਕੇਵਲ) ਸਾਧ ਦੇ ਸੰਗ ਕਰਕੇ (ਹੀ) ਮਨ ਨਿਰਮਲ ਹੋ ਗਿਆ। ਹੇ ਨਾਨਕ! ਜਿਸ ਦੇ (ਬੁੱਧੀ ਦੇ) ਨੇਤ੍ਰਾਂ ਵਿਚ ਗਿਆਨ ਦਾ ਸੁਰਮਾ (ਪੈ ਗਿਆ, ਉਸ ਨੂੰ) ਇਕੋ (ਵਾਹਿਗੁਰੂ) ਦਿਸਦਾ ਹੈ[2], (ਅਤੇ ਉਸ ਨੇ ਆਪਣੀ ਸਾਰੀ) ਚਿੰਤਾ ਦੂਰ ਕਰ ਲਈ ਹੈ॥੨੨॥

ਸਲੋਕੁ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥

ਗੋਬਿੰਦ (ਜੀ ਦੇ) ਗੁਣਾਂ ਦੇ ਛੰਦ ਗਾਉਣੇ ਤੇ ਛਾਤੀ ਠੰਢੀ ਤੇ ਮਨ ਸੁਖੀ (ਹੁੰਦਾ ਹੈ)। ਹੇ ਪ੍ਰਭੋ! ਐਸੀ ਕ੍ਰਿਪਾ ਕਰੋ (ਕਿ ਤੇਰੇ ਗੁਣਾਂ ਦੇ ਗਾਉਣ ਵਾਲੇ) ਦਾਸਾਂ ਦੇ ਦਾਸ (ਅਸੀਂ ਹੋ ਜਾਵੀਏ, ਕਹਿੰਦੇ ਹਨ ਗੁਰੂ) ਨਾਨਕ (ਜੀ)॥੧॥

ਪਉੜੀ ॥ ਛਛਾ ਛੋਹਰੇ ਦਾਸ ਤੁਮਾਰੇ ॥
ਦਾਸ ਦਾਸਨ ਕੇ ਪਾਨੀਹਾਰੇ ॥
ਛਛਾ ਛਾਰੁ ਹੋਤ ਤੇਰੇ ਸੰਤਾ ॥
ਅਪਨੀ ਕ੍ਰਿਪਾ ਕਰਹੁ ਭਗਵੰਤਾ ॥
ਛਾਡਿ ਸਿਆਨਪ ਬਹੁ ਚਤੁਰਾਈ ॥
ਸੰਤਨ ਕੀ ਮਨ ਟੇਕ ਟਿਕਾਈ ॥
ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥
ਨਾਨਕ ਜਾ ਕਉ ਸੰਤ ਸਹਾਈ ॥ ੨੩ ॥

ਛਛੇ (ਦੁਆਰਾ ਉਪਦੇਸ਼ ਹੈ, ਹੇ ਪ੍ਰਭੋ! ਅਸੀਂ) ਤੁਹਾਡੇ ਨਿੱਕੇ (ਜੇਹੇ) ਦਾਸ ਹਾਂ[3]। (ਆਪ ਦੇ) ਦਾਸਾਂ ਦੇ ਦਾਸਾਂ ਦਾ ਪਾਣੀ ਢੋਣੇ ਵਾਲੇ ਹਾਂ। ਛਛੇ (ਦੁਆਰਾ ਅਸੀਂ) ਤੇਰੇ ਸੰਤਾਂ ਦੀ (ਚਰਨ) ਧੂੜ ਬਣਦੇ ਹਾਂ। ਹੇ ਪ੍ਰਭੋ! (ਸਾਡੇ ਤੇ) ਆਪਣੀ ਕ੍ਰਿਪਾ ਕਰੋ। ਬਹੁਤ ਸਿਆਣਪਾਂ ਤੇ ਚਤੁਰਾਈਆਂ ਛੱਡ ਦੇਹ, ਹੇ ਮਨ! (ਕਿਉਂਕਿ ਜਿਨ੍ਹਾਂ ਨੇ ਇਹ ਛੱਡ ਕੇ) ਸੰਤਾਂ ਦੀ ਟੇਕ ਟਿਕਾਈ ਹੈ, (ਉਨ੍ਹਾਂ ਦੀ) ਸੁਆਹ ਦੀ ਪੁਤਲੀ (=ਦੇਹੀ) ਨੇ ਪਰਮ ਗਤੀ ਪ੍ਰਾਪਤ ਕੀਤੀ ਹੈ। (ਪਰ) ਹੇ ਨਾਨਕ! ਜਿੰਨ੍ਹਾਂ ਨੂੰ ਸੰਤ ਸਹਾਈ ਹੋਏ ਹਨ॥੨੩॥

ਸਲੋਕੁ ॥ ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥

(ਜੀਵ) ਜ਼ੋਰ ਤੇ ਜ਼ੁਲਮ (ਕਮਾਉਂਦਾ ਹੈ ਤੇ ਫੇਰ) ਬੜਾ ਫੁਲ ਫੁਲ ਬੈਠਦਾ ਹੈ[4] (ਪਰ ਨਹੀਂ ਸਮਝਦਾ ਕਿ ਇਹ) ਦੇਹੀ (ਜਿਸ ਦੇ ਮਾਣ ਵਿਚ ਜ਼ੋਰ ਜ਼ੁਲਮ ਕਰਦਾ ਹਾਂ) ਕੱਚੀ ਹੈ (=ਮਰਨਹਾਰ ਹੈ ਤੇ) ਵਿਕਾਰੀ ਹੈ (=ਇਕ ਰਸ ਨਹੀਂ ਰਹਿੰਦੀ[5])।

---

੧. ਚਾਰ=ਕਰਮ ਕਾਂਡ ਦੇ ਦੱਸੇ ਕਰਮ।

੨. ਦ੍ਰਿਸਟੇਤਾ=ਦੇਖਦਾ ਹੈ ਯਥਾ- 'ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।'(ਸੁਖਮਨੀ)

੩. ਛੋਹਰੇ ਦਾਸ=ਬੱਚੇ ਨੌਕਰ। ਨਿੱਕੇ ਜੇਹੇ ਨੌਕਰ। ਭਾਵ ਹੈ ਨੌਕਰ ਹਾਂ ਤੇ ਉਹ ਬੀ ਅਞਾਣੇ ਭੁੱਲ ਕਰਨ ਵਾਲੇ।

੪. ਜੇ ਪਾਠ ਫੂਲਹਿਂ ਹੋਵੇ ਤਾਂ ਬਹੁ ਬਚਨ ਹੈ, ਪਰ ਅਗਲੀ ਪੌੜੀ ਵਿਚ ਇਕ ਬਚਨ ਚਲਦਾ ਹੈ।

੫. ਭਾਵ ਹੈ ਮੌਤ ਤੇ ਰੋਗਾਂ ਦੇ ਅਧੀਨ ਹੋ ਜਾਂਦੀ ਹੈ।

ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥ ੧ ॥

(ਇਹ ਭੁੱਲ ਇਸ ਕਰਕੇ ਹੁੰਦੀ ਹੈ ਕਿ ਇਸ ਨੂੰ) ਅਹੰਕਾਰ ਵਾਲੀ ਬੁੱਧੀ ਦੇ ਬੰਨ੍ਹਣ ਪਏ ਹੋਏ ਹਨ (ਜਿਨ੍ਹਾਂ ਤੋਂ) ਛੁਟਕਾਰਾ[1] ਨਾਮ ਨਾਲ (ਪ੍ਰਾਪਤ ਹੁੰਦਾ ਹੈ) ਹੇ ਨਾਨਕ! ॥੧॥

ਪਉੜੀ॥ ਜਜਾ ਜਾਨੈ ਹਉ ਕਛੁ ਹੂਆ ॥
ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥
ਜਉ ਜਾਨੈ ਹਉ ਭਗਤੁ ਗਿਆਨੀ ॥
ਆਗੈ ਠਾਕੁਰਿ ਤਿਲੁ ਨਹੀ ਮਾਨੀ ॥
ਜਉ ਜਾਨੈ ਮੈ ਕਥਨੀ ਕਰਤਾ ॥
ਖਿਆਪਾਰੀ ਬਸੁਧਾ ਜਿਉ ਫਿਰਤਾ ॥
ਸਾਧਸੰਗਿ ਜਿਹ ਹਉਮੈ ਮਾਰੀ ॥
ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥

ਜਜੇ (ਦੁਆਰਾ ਉਪਦੇਸ਼ ਹੈ ਕਿ ਜਦ ਜੀਵ) ਜਾਣੇ ਕਿ ਮੈਂ ਕੁਛ ਹੋ ਗਿਆ ਹਾਂ, (ਤਦ) ਬੱਝ ਜਾਂਦਾ ਹੈ ਜਿੱਕੁਰ ਭਰਮ ਕਰਕੇ ਨਲਿਨੀ ਨਾਲ ਤੋਤਾ[2]। ਜਦੋਂ (ਇਹ) ਜਾਣੇ ਕਿ ਮੈਂ ਭਗਤ (ਹਾਂ ਕਿ) ਗਿਆਨੀ ਹਾਂ (ਤਦ) ਅਗੇ (ਪਰਲੋਕ ਵਿਚ) ਠਾਕੁਰ ਨੇ (ਉਸ ਦੇ ਗਿਆਨ ਕਿ ਭਗਤੀ ਨੂੰ) ਤਿਲ ਜਿੰਨਾ ਨਹੀਂ ਮੰਨਣਾ[3]। ਜੇ ਜਾਣੇ ਕਿ ਮੈਂ ਕਥਨੀ ਕਰਨੇ ਵਾਲਾ ਹਾਂ[4] (ਤਾਂ ਜਾਣੋ) ਧਰਤੀ ਪੁਰ ਵਪਾਰੀ ਵਾਂਙ (ਮਾਰਿਆ ਮਾਰਿਆ) ਫਿਰਦਾ ਹੈ[5]। ਸਾਧ ਸੰਗ ਵਿਚ ਜਿਸ ਨੇ ਹਉਮੈ ਮਾਰ ਲਈ ਹੈ, ਉਸ ਨੂੰ ਪਰਮੇਸ਼ੁਰ ਮਿਲਦਾ ਹੈ, ਹੇ ਨਾਨਕ! ॥੨੪॥

ਸਲੋਕੁ ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥ ੧ ॥

ਸਵੇਰੇ ਉਠਕੇ ਨਾਮ ਜਪ (ਤੇ) ਦਿਨ ਰਾਤ ਆਰਾਧਨਾ ਕਰ, ਫੇਰ) ਤੈਨੂੰ ਕਾਹੜਾ[6] ਨਹੀਂ ਲਗੇਗਾ ਤੇ ਉਪਾਧਿ (ਬੀ) ਮਿਟ ਜਾਏਗੀ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥੧॥

---

੧. 'ਛੁਟਕਾਰ' ਦਾ ਸੰਖੇਪ 'ਛੁਟਾਰ' ਤੇ 'ਛੁਟਾਰਾ' ਗੁਰਬਾਣੀ ਵਿਚ ਆਯਾ ਹੈ।

੨. ਨੜੇ ਦੀ ਇਕ ਨਲੀ ਵਿਚ ਸੀਖ ਪਾਕੇ ਇਸ ਨੂੰ ਪਾਣੀ ਦੇ ਭਰੇ ਹੋਏ ਦੌਰੇ (ਪਥਰ ਦਾ ਵਡਾ ਬਰਤਨ) ਦੇ ਉਪਰਵਾਰ ਰੱਖ ਦੇਂਦੇ ਹਨ, ਤੋਤਾ ਪਾਣੀ ਪੀਣ ਆਯਾ ਇਸ ਤੇ ਬੈਠਦਾ ਹੈ ਤਾਂ ਨਲੀ ਭੌਂ ਜਾਂਦੀ ਹੈ, ਉਲਟਾ ਹੋ ਗਿਆ ਤੋਤਾ ਪਾਣੀ ਨੂੰ ਤੇ ਆਪਣੇ ਪਰਛਾਵੇਂ ਨੂੰ ਦੇਖ ਕੇ ਡਰਦਾ ਹੈ ਤੇ ਉਸ ਨੂੰ ਛੱਡਦਾ ਨਹੀਂ, ਇਉਂ ਫੰਧਕ ਤੋਤੇ ਨੂੰ ਫੜ ਲੈਂਦਾ ਹੈ। 'ਮੈਂ ਕੁਛ ਹੋ ਗਿਆ ਹਾਂ' ਦਾ ਭਰਮ ਏਸੇ ਤਰ੍ਹਾਂ ਬੰਧਨ ਦਾ ਕਾਰਣ ਹੁੰਦਾ ਹੈ।

੩. ਭਾਵ, ਪ੍ਰਵਾਨ ਨਹੀਂ ਕਰੇਗਾ। (ਅ) ਤਿਲ ਜਿੰਨਾ ਮਾਨ ਨਹੀਂ ਦੇਵੇਗਾ।

੪. ਭਾਵ, ਚੰਗੀ ਵਕੱਤ੍ਰਤਾ ਕਰਨ ਵਾਲਾ ਹਾਂ।

੫. ਭਾਵ, ਫਿਰਕੇ ਸੌਦਾ ਵੇਚਣ ਵਾਲੇ ਵਾਂਗੂ ਫਿਰਦਾ ਹੈ। ਜੋ ਗੱਲਾਂ ਬਹੁਤ ਕਰਦਾ ਹੈ, ਪਰ ਜਿਨ੍ਹਾਂ ਦਾ ਪਰਮਾਰਥਿਕ ਲਾਭ ਕੁਛ ਨਹੀਂ।

੬. ਕਾਰ੍ਹਾ=ਕੁੜਨ ਸੜਨ। ਦਿਲ ਦੇ ਘਬਰਾ ਦੇ ਸ਼ਿਕਵੇ। ਅਗੇ ਪਉੜੀ ਵਿਚ ਕਾਰਾ ਦਾ ਅਰਥ ਝੂਰਨਾ ਦੱਸਿਆ ਹੈ। ਫਿਰ ਇਹ ਝੂਰਨਾ ਫਲ ਹੈ ਉਪਾਧਿ ਦਾ। ਉਪਾਧੀ ਉਹ ਸ਼ੈ ਹੈ ਜੋ ਦੁਖ ਕਲੇਸ਼ ਝੇਰੇ ਪੈਦਾ ਕਰਦੀ ਹੈ। ਉਪਾਧੀਆਂ ਬੀ ਪਉੜੀ ਵਿਚ ਗਿਣੀਆਂ ਹਨ:- ਦੁਐਤ ਦਾ ਭਾਵ, ਮਨ ਦੇ ਪਾਪ, ਫੇਰ ਸਰੀਰ ਦੇ ਪਾਪ=ਕਾਮ ਕ੍ਰੋਧ ਆਦਿਕ।

ਪਉੜੀ ॥ ਝਝਾ ਝੂਰਨੁ ਮਿਟੈ ਤੁਮਾਰੋ ॥
ਰਾਮ ਨਾਮ ਸਿਉ ਕਰਿ ਬਿਉਹਾਰੋ ॥
ਝੂਰਤ ਝੂਰਤ ਸਾਕਤ ਮੂਆ ॥
ਜਾ ਕੈ ਰਿਦੈ ਹੋਤ ਭਾਉ ਬੀਆ ॥
ਝਰਹਿ ਕਸੰਮਲ ਪਾਪ ਤੇਰੇ ਮਨੂਆ ॥
ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥
ਝਰਹਿ ਕਾਮ ਕ੍ਰੋਧ ਦ੍ਰੁਸਟਾਈ ॥
ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥

੧.੨. ਝਝੇ (ਦੁਆਰਾ ਉਪਦੇਸ਼ ਹੈ) ਤੁਹਾਡਾ ਝੂਰਨਾ ਮਿਟ ਜਾਵੇ (ਜੇ) ਰਾਮ ਨਾਮ ਨਾਲ ਵਿਹਾਰ ਕਰੋ ਤਾਂ।

੩.੪. ਸਾਕਤ[1] ਝੂਰਦਾ ਝੂਰਦਾ ਹੀ ਮਰ ਜਾਂਦਾ ਹੈ, ਜਿਸ ਦੇ ਕਿ ਹਿਰਦੇ ਵਿਚ ਦੁਤੀਆ ਭਾਵ ਹੁੰਦਾ ਹੈ।

੬. (ਜੇ ਤੂੰ) ਸੰਤਾਂ ਦੇ ਸੰਗ ਵਿਖੇ ਅੰਮ੍ਰਿਤ ਕਥਾ ਸੁਣੇਂ ੫. ਤਾਂ ਝੜ ਜਾਣ ਤੇਰੇ ਮਨ ਤੋਂ ਪਾਪਾਂ ਦੇ ਕਸਮਲ[2]। ੮. ਹੇ ਨਾਨਕ! ਜਿਨ੍ਹਾਂ ਪਰ ਪਰਮੇਸੁਰ ਦੀ ਕ੍ਰਿਪਾ ਹੁੰਦੀ ਹੈ। ੭. (ਉਹਨਾਂ ਦੇ) ਕਾਮ ਕ੍ਰੋਧ (ਅਤੇ ਹੋਰ) ਅਤਿ ਦੀਆਂ ਬੁਰਾਈਆਂ[3] (ਸਭ) ਦੂਰ ਹੋ ਜਾਂਦੀਆਂ ਹਨ॥੨੫॥

ਸਲੋਕੁ ॥ ਜਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥
ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥

(ਸਦਾ ਰਹਿਣੇ ਲਈ) ਹੇ ਮਿਤ੍ਰੋ! ਤੁਸੀਂ ਅਨੇਕ ਤਰ੍ਹਾਂ ਦੇ ਜਤਨ ਕਰਕੇ (ਦੇਖ ਲਵੋ ਪਰ ਸਦਾ ਲਈ) ਰਹਿਣਾ ਨਹੀਂ ਪਾਓਗੇ, (ਹਾਂ, ਪਰ ਤੁਸੀਂ ਸਦਾ ਲਈ) ਜੀਉਂਦੇ ਰਹੋਗੇ[4] ਜੇ ਹਰੀ ਨਾਮ ਦੀ ਪ੍ਰੀਤ ਵਿਚ (ਆ ਕੇ) ਹਰੀ ਦਾ ਭਜਨ ਕਰੋਗੇ ਤਾਂ, (ਭਾਵ ਅਮਰ ਜੀਵਨ ਪਾ ਲਓਗੇ) ਹੇ ਨਾਨਕ! ॥੧॥

ਪਵੜੀ ॥ ਞੰਞਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ ॥
ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ ॥

ਞੰਞੇ (ਦੁਆਰਾ ਉਪਦੇਸ਼ ਹੈ ਕਿ ਇਹ) ਗੱਲ ਪੱਕੀ ਠੀਕ ਜਾਣ ਲਓ ਕਿ ਏਹ ਪਜਾਰ (ਸਭ) ਬਿਨਸ ਜਾਣਗੇ[5]। (ਜੇ) ਗਿਣਤੀ ਗਿਣੀਏ ਤਾਂ ਗਿਣੀ ਨਹੀਂ ਜਾ ਸਕਦੀ ਕਿ ਕਿੰਨੇ ਕੁ (ਪਿਆਰੇ ਇਥੋਂ) ਉੱਠ ਕੇ ਤੁਰ ਗਏ ਹਨ।

---

੧. ਦੇਖੋ ਪਿਛੇ ਪੰਨਾ ੨੨੧ ਦੀ ਟੂਕੜ ਦੀ।

੨. ਕਸਮਲ ਦਾ ਅਰਥ ਹੈ-ਮੈਲਾ, ਪਾਪਾਂ ਤੇ ਮਨ ਦੀ ਨਿਮੋਝਾਣ ਦਸ਼ਾ ਯਾ ਮੂਰਛਾ। ਪਿਛੇ ਸਲੋਕ ਵਿਚ ਕਿਹਾ ਹੈ 'ਕਾਰਾ' ਤੇ 'ਝੂਰਨ'। ਇਥੇ ਬੀ ਉਹੋ ਭਾਵ ਹੈ, ਮਨ ਦੀ ਉਹ ਢੱਠੀ ਨਿਮੋਝਾਣ ਦਸ਼ਾ ਜੋ ਪਾਪ ਕਰਨ ਤੋਂ ਹੋ ਜਾਂਦੀ ਹੈ। ਅਰਜਨ ਨੂੰ ਜਦ ਜੁੱਧ ਕਰਨ ਵਿਚ ਆਪਨਿਆਂ ਨੂੰ ਮਾਰਨ ਦੇ ਪਾਪ ਕਰਮ ਤੋਂ ਦਿਲ ਵਿਚ ਝੋਰਾ ਆਉਂਦਾ ਹੈ ਤੇ ਨਿਮੋਝਾਣੀ ਛਾਉਂਦੀ ਹੈ ਤਾਂ ਸ੍ਰੀ ਕ੍ਰਿਸ਼ਨ ਇਹੋ ਪਦ ਕਸ਼ਮਲ ਵਰਤਦੇ ਹਨ- 'ਕੁਤਮ੍ਤਵਾ ਕਸ਼ਮਲਮਿਦੰ' ਤੈਨੂੰ ਇਹ ਕਸ਼ਮਲ ਕਿਉਂ ਹੋਇਆ ਹੈ। (ਗੀਤਾ, ੨.੨.)

੩. ਦ੍ਰੁਸਟਾਈ ਪਦ 'ਦੁਸ਼ਟ' ਪਦ ਦਾ ਦੂਸਰਾ ਰੂਪ ਨਹੀਂ ਹੈ, ਪਰ ਇਹ ਸੰਸਕ੍ਰਿਤ ਪਦ 'ਦੁਰਿਖ' ਦਾ ਭਾਖਾ ਰੂਪ ਹੈ। (ਸੰਸ:, ਦੁਰ੍+ਇਸ਼ਨ੍ ਅਤਿਸ਼ੈ ਵਾਚੀ ਪ੍ਰਤੇ, ਦੁਰਿਖ=ਅਤਜੰਤ ਬੁਰਾ)। ਅਤਜੰਤ ਬਦੀ, ਭਾਰੀ ਪਾਪ।

੪. 'ਜਦ ਤਕ ਜੀਉਂਦੇ ਰਹੋ ਭਜਨ ਕਰੋ' ਇਉਂ ਬੀ ਭਾਵ ਕੱਢ ਲੈਂਦੇ ਹਨ।

੫. ਹੇਤ=ਪਜਾਰ, ਭਾਵ ਪਿਆਰਿਆਂ ਤੋਂ ਹੈ। (ਅ) ਹੇਤ ਦਾ ਭਾਵ ਕਾਰਣ ਬੀ ਲਾਉਂਦੇ ਹਨ ਕਿ ਕਾਰਣ ਦਾ ਪਸਾਰਾ-ਇਹ ਜਗਤ, ਪਰੰਤੂ ਅਗੇ ਪ੍ਰਸੰਗ ਹਿਤੂਆਂ ਦਾ ਚੱਲਦਾ ਹੈ।

ਜੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥ ਜਾਨਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ ਜਾਨਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥ ਜਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ ਨਾਨਕ ਤਿਹ ਉਸਤਤਿ ਕਰਉ ਜਾਹੂ ਕੀਓ ਸੰਜੋਗ ॥ ੨੬ ॥

ਜੋ ਦੇਖੀਦਾ ਹੈ ਸੋ (ਸਭ) ਬਿਨਸ ਜਾਂਦਾ ਹੈ, ਕਿਸ ਨਾਲ ਸੰਗ (=ਮੇਲ ਯਾ ਪਯਾਰ) ਕਰੀਏ। (ਤਾਂਤੇ) ਇਸ ਪ੍ਰਕਾਰ ਚਿਤ ਵਿਚ ਨਿਸਚੇ ਜਾਣ ਲਓ[1] ਕਿ ਮਾਇਆ ਦਾ ਰੰਗ ਕੂੜਾ ਹੈ। (ਪਰ ਇਹ ਗੱਲ) ਉਹੀ ਜਾਣਦਾ ਹੈ (ਜਿਸ ਨੇ ਅਪਣੇ ਮਨ ਨੂੰ) ਭਰਮ ਤੋਂ ਅਲੱਗ ਕਰ ਲਿਆ ਹੈ (ਭਾਵ ਉਹੋ ਹਕਾਤ ਗੇਯ ਹੈ ਤੇ) ਉਹੋ ਸੰਤ ਹੈ। (ਪਰ ਇਸ ਭਰਮ ਦੇ) ਅਨ੍ਹੇਰੇ ਖੂਹ ਵਿਚੋਂ (ਹੇ ਪ੍ਰਭੂ ਤੁਸੀਂ[1]) ਉਸ ਨੂੰ ਕੱਢ ਲੈਂਦੇ ਹੋ ਜਿਸ ਤੇ ਬਹੁਤ ਪ੍ਰਸੰਨ ਹੁੰਦੇ ਹੋ। (ਤਾਂਤੇ ਹੇ ਭਾਈ)। ਜਿਸ ਦੇ ਹੱਥ ਵਿਚ ਸਮਰਥਾ ਹੈ ਅਤੇ ਜੋ ਕਾਰਨਾਂ ਦੇ (ਬੀ) ਕਰਨੇ ਦੇ ਜੋਗ ਹੈ ਤੇ ਜਿਸ ਨੇ ਹੀ (ਇਹ) ਸੰਜੋਗ[2] ਕੀਤਾ ਹੈ, ਉਸ ਦੀ ਉਸਤਤ ਕਰੋ, ਹੇ ਨਾਨਕ! ॥੨੬॥

ਸਲੋਕੁ ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥

ਸਾਧੂ ਦੀ ਸੇਵਾ ਕਰਕੇ (ਅਸਾਂ ਨਾਮ ਦਾ) ਸੁਖ ਪਾਇਆ ਹੈ (ਜਿਸ ਨਾਲ ਕਿ) ਜਨਮ ਮਰਨ ਦੇ ਬੰਧਨ ਟੁੱਟ ਗਏ ਹਨ। ਹੇ ਨਾਨਕ! (ਹੁਣ) ਅਕਾਲ ਪੁਰਖ, ਜੋ ਗੁਣਾਂ ਦਾ ਭੰਡਾਰ ਹੈ, ਮਨੋਂ (ਕਦੇ) ਨਾ ਵਿਸਰੇ! ॥੧॥

ਪਉੜੀ ॥ ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥

(ਟੌਕੇ ਦੁਆਰਾ ਉਪਦੇਸ਼ ਹੈ) ਸੇਵਾ ਕਰੋ ਤਾਂ ਇਕ ਦੀ ਜਿਸ ਪਾਸੋਂ ਸੱਖਣਾ ਕੋਈ ਨਹੀਂ (ਜਾਂਦਾ)। ਮਨ ਵਿਚ, ਤਨ ਵਿਚ, ਮੂੰਹ ਵਿਚ, ਹਿਰਦੇ ਵਿਚ, (ਜੇ ਉਹੋ) ਵੱਸ ਜਾਵੇ ਤਾਂ ਜੋ (ਤੁਸੀਂ ਚਾਹੋਗੇ ਸੋ ਪਿਆ ਹੋਵੇਗਾ। (ਪਰ ਇਹ) ਟਹਲ ਮਹਲ[3] ਉਸ ਨੂੰ ਮਿਲਦੀ ਹੈ ਜਿਸ ਉਤੇ ਸਾਧ ਕ੍ਰਿਪਾਲੂ ਹੋਵੇ (ਅਤੇ) ਸਾਧੂ ਦੀ ਸੰਗਤ ਵਿਚ

੧. ਸਲੋਕ ਵਿਚ 'ਤੁਮ' ਕਰਕੇ ਕਿਸੇ ਨੂੰ ਕਿਹਾ ਹੈ, ਉਹੋ ਬ੍ਰਿਤੀ ਮੱਧਮ ਪੁਰਖ ਵਲ ਚੱਲ ਰਹੀ ਹੈ।

੨. ਦੇਹ ਆਦਿ ਪਦਾਰਥਾਂ ਦਾ। ਪਿਛੇ ਪਉੜੀ ੨੪ ਦੇ ਸਲੋਕ ਵਿਚ 'ਕਾਚੀ ਦੇਹ ਬਿਕਾਰ' ਕਹਿ ਆਏ ਹਨ।

੩. ਪਹਿਲੇ ਕਿਹਾ ਹੈ 'ਇਕ ਦੀ ਟਹਿਲ ਕਰੋ' ਉਸੇ ਵਲ ਇਸ਼ਾਰਾ ਹੈ 'ਇਕ ਦੀ ਟਹਿਲ' ਤੇ ਉਸ ਦੇ ਮਹਿਲ (=ਦਰਬਾਰ ਯਾ ਸਰੂਪ) ਦੀ ਟਹਿਲ' ਦਾ ਭਾਵ ਇਕੋ ਹੈ। (ਅ) ਟਹਿਲ ਮਹਿਲ ਦਾ ਅਰਥ ਟਹਿਲ ਦਾ ਮੁਰਾਤਬਾ ਵੀ ਲਾਉਂਦੇ ਹਨ! (ੲ) ਪਹਿਲੋਂ ਕਹੀ ਟਹਿਲ (ਮਨਿ ਤਨਿ ਮੁਖਿ ਹੀਐ ਬਸੈ ਤੇ ਇਸ ਤੋਂ ਮਿਲਣ ਵਾਲੀ ਪਦਵੀ=) ਸਰੂਪ ਪ੍ਰਾਪਤੀ ਦੁਇ ਚੀਜ਼ਾਂ। ਟਹਿਲੋਂ ਮਹਿਲ ਇਕ ਪੰਜਾਬੀ ਮੁਹਾਵਰਾ ਹੈ ਜੋ ਇਸ ਤੁਕ ਤੋਂ ਚਲਿਆ ਜਾਪਦਾ ਹੈ, ਆਮ ਜਨਤਾ ਇਹੋ ਅਰਥ ਸਮਝਦੀ ਹੈ ਕਿ ਸੇਵਾ ਅਤੇ ਸੇਵਾ ਤੋਂ ਪ੍ਰਾਪਤ ਹੋਣ ਵਾਲਾ ਮਹਿਲ।


www.sikhbookclub.com

ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥

(ਕੋਈ) ਤਾਂ ਵਸਦਾ ਹੈ ਜੇ ਆਪ (ਪ੍ਰਭੂ) ਦਿਆਲ ਹੋਵੇ[੧]! (ਇਸ ਇਕ ਤੋਂ ਛੁੱਟ ਹੋਰ) ਬਹੁਤ ਟਿਕਾਣੇ[੨] ਦੇਖ ਭਾਲ ਛੱਡੇ ਹਨ, ਨਾਮ ਤੋਂ ਬਿਨਾ ਸੁਖ ਨਹੀਂ (ਪ੍ਰਾਪਤ ਹੁੰਦਾ। ਤਾਂਤੇ) ਜੋ ਸਾਧੂ[੩] ਦੇ ਸੰਗ ਵਿਚ ਆ ਮਿਲਦੇ ਹਨ (ਉਸ ਦੇ ਸਿਰੋਂ) ਜਮ ਦੇ ਦੂਤ[੪] ਟਲ ਜਾਂਦੇ ਹਨ। (ਇਸ ਲਈ ਮੈਂ) ਵਾਰ ਵਾਰ ਸੰਤਾਂ ਦੇ ਸਦਕੇ ਜਾਂਦਾ ਹਾਂ (ਕਿਉਂਕਿ) ਚਿਰ ਕਾਲ ਦੇ ਪਾਪ (ਉਹਨਾਂ ਦੀ ਸੰਗਤ ਕਰਕੇ) ਦੂਰ ਹੋ ਗਏ ਹਨ॥੨੭॥

ਸਲੋਕੁ ॥ ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥ ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥੧॥

(ਹੇ ਪ੍ਰਭੋ!) ਜਿਨ੍ਹਾਂ ਪੁਰ (ਆਪ) ਪ੍ਰਸੰਨ ਹੋ ਜਾਂਦੇ ਹੋ, ਉਹਨਾਂ ਨੂੰ (ਆਪ ਦੀ) ਦਰਗਾਹ ਵਿਚ ਰੋਕ ਨਹੀਂ ਪੈਂਦੀ। ਜੋ ਜਨ ਪ੍ਰਭੂ ਨੇ ਆਪਣੇ ਕਰ ਲੀਤੇ ਹਨ, ਓਹ ਧੰਨ ਹਨ, ਓਹ ਧੰਨ ਹਨ, ਹੇ ਨਾਨਕ! ॥੧॥

ਪਉੜੀ ॥ ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ ॥ ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ ਨ ਕਤਹੂ ਹੂਏ ॥ ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ਠਠੇ (ਦੁਆਰਾ ਉਪਦੇਸ਼ ਹੈ੨.ਕਿ) ਜੋ (ਪੁਰਖ) ਸਭਨਾਂ ਨੂੰ ਛੱਡ ਕੇ ਇਕ ਹੀ (ਪਰਮੇਸ਼ੁਰ) ਨਾਲ ਪਜਾਰ ਕਰਦੇ ਹਨ (ਉਹ ਕਿਸੇ ਦਾ) ਮਨ ਨਹੀਂ ਠਾਹੁੰਦੇ[੫], ਪਰ ਜੋ ਮਾਇਆ ਨਾਲ ਲੱਗ ਲਗ ਕੇ ਮੋਏ ਹਨ[੬], ਉਹਨਾਂ ਦੇ (ਘਰ) ਕੁਸ਼ਲ ਕਦੇ ਨਹੀਂ ਪੈਂਦੀ। (ਹਾਂ ਜੋ) ਸੰਤਾਂ ਦੇ ਸੰਗ ਵਿਚ ਜਾ ਵਸਿਆ ਹੈ (ਉਸ ਨੂੰ) ਠੰਢ ਪਈ ਹੈ

---

੧. ਭਾਵ, ਸਾਧੂ ਕ੍ਰਿਪਾ ਨਾਲ ਸਾਂਈਂ ਪ੍ਰਾਪਤੀ ਤੇ ਸਾਂਈ ਕ੍ਰਿਪਾ ਨਾਲ ਸਾਧੂ ਦੀ ਪ੍ਰਾਪਤੀ।

੨. ਭਵਨ ਤੋਂ ਭਾਵ ਲੈਂਦੇ ਹਨ=ਸ਼ਾਸਤ੍ਰਾਂ ਤੋਂ ਸ਼ਾਸਤ੍ਰ ਵੇਤਿਆਂ ਦੇ ਆਸ਼੍ਰਮਾਂ ਤੋਂ, ਦੇਵੀ ਦੇਉਤਿਆਂ ਦੇ ਮੰਦਰਾਂ ਤੋਂ। ਮੁਰਾਦ ਜਾਪਦੀ ਹੈ ਨਾਮ ਤੋਂ ਛੁੱਟ ਹੋਰ ਸਾਰੇ ਸਾਧਨ ਤੇ ਸਾਧਨਾਂ ਦੇ ਪ੍ਰਤਿਪਾਦਕਾਂ ਤੋਂ।

੩. ਸਾਧੂ ਤੋਂ ਭਾਵ ਨਾਮ ਦੇ ਉਪਾਸ਼ਕ ਸਾਧੂ ਤੋਂ ਹੈ।

੪. ਜਾਮ ਤੋਂ ਯਮ। ਯਮ=ਯਮ ਦੀ ਆਗਜਾ ਵਿਚ (ਰਹਿਣ ਵਾਲੇ)। ਯਮ ਦੇ ਦੂਤ=ਯਮ ਦੀ ਆਗਜਾ ਵਿਚ ਰਹਿਣ ਵਾਲੇ ਦੂਤ, ਭਾਵ ਜਮਦੂਤ।

੫. ਠਾਹੁਣਾ=ਠੁਹਕਰ ਦੇਣੀ। ਭੰਨਣਾ। (ਅ) ਠਾਹੁਣ ਦਾ ਅਰਥ ਏਥੇ 'ਵਰਜਣਾ' ਬੀ ਲੈਂਦੇ ਹਨ ਤੇ ਐਉਂ ਘਟਾਉਂਦੇ ਹਨ, ਜਦ ਤੇਰਾ ਮਨ ਸਗਲ ਤਜਾਗ ਕੇ ਇਕ ਵਾਹਿਗੁਰੂ ਵਿਚ ਲਪਟੇ ਤਾਂ ਲਪਟਣ ਦੇਣਾ, ਵਰਜਣਾ ਨਹੀਂ, ਯਥਾ= 'ਮਤ ਕੋਈ ਮਨ ਮਿਲਤਾ ਬਿਲਮਾਵੈ॥ ਮਗਨ ਭਇਆ ਤੇ ਸੋ ਸਚੁ ਪਾਵੈ॥' (ਗਉੜੀ ਕਬੀਰ ਜੀ-੩੧)

੬. ਠਹਿਕਣਾ=ਟਕਰਾਉਣਾ, ਵੱਜਣਾ ਲੱਗਣਾ। ਭਾਵ ਹੈ ਜੋ ਮਾਇਆ ਵਿਚ ਖਚਿਤ ਹੋ ਹੋ ਕੇ ਉਸ ਦਾ ਰੂਪ ਹੋ ਕੇ ਉੱਚ ਜੀਵਨ ਵਲੋਂ ਮੁਰਦੇ ਤੁਲ ਹੋ ਗਏ ਹਨ।


www.sikhbookclub.com

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ ਠਾਕੁਰ ਅਪੁਨੇ ਜੋ ਜਨੁ ਭਾਇਆ ॥ ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥

(ਕਿਉਂਕਿ) ਓਥੇ (ਸਤਿਸੰਗ ਵਿਚ) ਅੰਮ੍ਰਿਤ ਨਾਮ (ਉਸ ਦੇ) ਜੀਉੜੇ ਨੇ ਆਸ੍ਵਾਦਨ ਕੀਤਾ[1]। ਜੋ ਪੁਰਖ ਅਪਣੇ ਮਾਲਕ, (ਪਰਮੇਸ਼ੁਰ) ਨੂੰ ਭਾ ਗਿਆ ਹੈ, ਹੇ ਨਾਨਕ, ਉਸ ਦਾ ਮਨ ਠੰਢਾ ਹੋਇਆ ਹੈ॥੨੮॥

ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ੧ ॥

ਹੇ ਸਰਬ ਸ਼ਕਤੀਆਂ ਕਰ ਕੇ ਸਮਰੱਥ (ਪ੍ਰਭੋ!) ਆਪ ਨੂੰ ਅਨੇਕ ਬਾਰ (ਸਾਡੀ) ਡੰਡੋਤ ਬੰਦਨਾ[2] ਹੋਵੇ। ਹੇ ਪ੍ਰਭੂ! (ਆਪਣਾ) ਹੱਥ ਦੇ ਕੇ ਨਾਨਕ ਨੂੰ ਡੋਲਣ ਤੋਂ ਬਚਾਓ[3]॥੧॥

ਪਉੜੀ॥ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥ ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥ ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥ ੨੯ ॥

ਡੱਡੇ (ਦਵਾਰਾ ਉਪਦੇਸ਼ ਹੈ, ਹੇ ਜੀਵ!) ਇਹ (ਸੰਸਾਰ) ਟਿਕ ਕੇ ਰਹਿਣ ਵਾਲਾ ਥਾਉਂ[4] ਨਹੀਂ ਹੈ, ਜਿਥੇ ਟਿਕ ਕੇ ਰਹਿਣੇ ਦਾ ਥਾਉਂ ਹੈ ਉਸ ਨੂੰ ਸਮਝ (ਅਤੇ) ਉਸ ਡੇਰੇ (ਦੀ ਪ੍ਰਾਪਤੀ) ਦਾ (ਜੋ) ਸੰਜਮ[5] ਹੈ ਗੁਰੂ ਦੇ ਸ਼ਬਦ ਦਵਾਰਾ (ਉਸ ਨੂੰ) ਪਛਾਣ। (ਤੂੰ) ਇਸ ਡੇਰੇ ਲਈ ਮਿਹਨਤ ਕਰਕੇ ਘਾਲਦਾ ਹੈਂ[6], ਜਿਸ ਦਾ (ਇਕ) ਤਸੂ[7] (ਭਰ ਬੀ) ਨਾਲ ਨਹੀਂ ਜਾਂਦਾ। (ਪਰ) ਉਸ (ਸਦਾ ਥਿਰ) ਡੇਰੇ ਦੀ ਮਰਿਯਾਦਾ[8] ਉਹੋ ਜਾਣਦਾ ਹੈ, ਜਿਸ ਪੁਰ ਪੂਰਨ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਹੈ। (ਜਿਨ੍ਹਾਂ ਨੇ) ਸਾਧ ਸੰਗਤ ਦੁਆਰੇ ਸੱਚ ਰੂਪੀ ਨਿਹਚਲ ਡੇਰਾ[9] ਪਾ ਲਿਆ ਹੈ, (ਕਹਿੰਦੇ ਹਨ ਗੁਰੂ), ਨਾਨਕ, ਓਹ ਪੁਰਖ (ਫੇਰ) ਨਹੀਂ ਡੋਲੇ॥੨੯॥

---

੧. ਰਸਣਾ=ਰਸ ਜਾਣਾ, ਸੁਆਦ ਦੇਣਾ ਸਿੰਜਰ ਰਚ ਜਾਣਾ। ਸੰਪ੍ਰਦਾਈ ਅਰਥ ਇਹ ਬੀ ਹੈ-ਜੀਅ ਰਸਿਆ=ਜੀਊੜੇ ਨੇ ਪੀਤਾ।

੨. ਸੰਸ:, ਦੰਡਵਤ=ਲੰਮੇ ਪੈ ਕੇ ਨਮਸਕਾਰ। ਵੰਦਨ=ਮੱਥਾ ਟੇਕਣਾ। ਪੈਰੀਂ ਹੱਥ ਲਾ ਕੇ ਸਿਜਦੇ ਕਰਨ ਨੂੰ ਵੀ ਕਹਿੰਦੇ ਹਨ।

੩. ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵੇਲੇ ਪੜ੍ਹਦੇ ਹਨ। ਕੀਰਤਨ ਅਰੰਭ ਕਰਨ ਵੇਲੇ ਰਾਗੀ ਰਬਾਬੀ ਵੀ ਪੜ੍ਹਦੇ ਹਨ।

੪. ਡੇਰਾ=ਤੰਬੂ। ਫਿਰਨ ਵਾਲੇ ਲਈ ਟਿਕ ਜਾਣ ਦਾ ਟਿਕਾਣਾ। (ਅ) ਨਿਵਾਸ ਅਸਥਾਨ, ਟਿਕ ਕੇ ਰਹਿਣ ਦਾ ਥਾਉਂ।

੫. ਸੰਜਮ (ਸੰਸ:, ਸੰਯਮ=(੧) ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕ; (੨) ਧਾਰਨਾ ਧਯਾਨ ਸਮਾਧਿ ਦਾ ਇਕੱਠ।) ਰੋਕ, ਨਿਯਮ, ਜੁਗਤ, ਜਤਨ, ਸਾਧਨ, ਜਾਚ;

੬. ਭਾਵ, ਕਰੜੀ ਮੁਸ਼ੱਕਤ ਕਰਦਾ ਹੈ। ਸੰਪ੍ਰਦਾਈ-ਇਸ ਡੇਰੇ ਨੂੰ ਤੂੰ ਮਿਹਨਤ ਨਾਲ ਪਾਉਂਦਾ ਹੈਂ, ਬੀ ਅਰਥ ਕਰਦੇ ਹਨ।

੭. ਭਾਵ ਹੈ-ਥੋੜਾ ਬੀ। ੨੪ ਤਸੂਆਂ ਦਾ ਇਮਾਰਤੀ ਗਜ਼ ਹੁੰਦਾ ਹੈ ਜੋ ੩੨ ਇੰਚ ਦੇ ਬਰਾਬਰ ਹੁੰਦਾ ਹੈ।

੮. ਮਿਤਿ=ਮੇਣਤੀ, ਮਰਿਯਾਦਾ, ਸੋਝੀ ਕਿ ਕਿਵੇਂ ਪਾਈਦਾ ਹੈ ਤੇ ਉਹ ਕੀਕੂੰ ਦਾ ਹੈ।

੯. ਅਥਵਾ, ਸੱਚਾ ਤੇ ਨਿਹਚਲ ਡੇਰਾ=ਪਰਮ ਪਦ, ਵਾਹਿਗੁਰੂ।

ਸਲੋਕੁ ॥ ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ ॥
ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ ॥ ੧ ॥

(ਜਦ) ਧਰਮ ਰਾਜ (ਦੇ ਦੂਤ[੧]) ਢਾਹੁਣ ਲੱਗੇ ਤਦ ਕਿਸੇ (ਸੰਬੰਧੀ) ਨੇ ਬੰਨ੍ਹ ਨਾ ਪਾਇਆ[੨]। (ਪਰ) ਹੇ ਨਾਨਕ! ਸਾਧ ਸੰਗਤ ਨਾਲ ਸੰਬੰਧ ਵਾਲੇ ਹਰੀ ਨੂੰ ਜਪ ਕੇ ਬਚ ਗਏ[੩]॥੧॥

ਪਉੜੀ ॥ ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥
ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥ ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥ ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥
ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥ ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥ ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥
ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥ ੩੦ ॥

ਢਢੇ (ਦੁਆਰਾ ਉਪਦੇਸ਼ ਹੈ, ਬਾਹਰ) ਕਿਥੇ ਢੂੰਡਦੇ ਫਿਰਦੇ ਹੋ, ਢੂੰਡਣਾਂ ਤਾਂ ਇਸ ਮਨ ਵਿਚ (ਲੋੜੀਦਾ) ਹੈ। ਪਰਮੇਸ਼ੁਰ ਤਾਂ ਤੁਹਾਡੇ ਨਾਲ (ਪਿਆ) ਵੱਸਦਾ ਹੈ, ਬਨੋ ਬਨ ਕਿਉਂ ਪਏ ਫਿਰਦੇ ਹੋ? ਸਾਧੂ ਦੇ ਸੰਗ ਦੁਆਰਾ ਹੰਕਾਰ ਬੁੱਧੀ[੪] ਦੀ ਭਿਆਨਕ ਢੇਰੀ ਢਾਹ ਦਿਓ, (ਤਦ) ਸੁਖ ਪਾਵੋ, ਸਹਜ ਵਿਚ ਵਾਸਾ ਹੋਵੇ[੫] (ਤੇ ਪ੍ਰਭੂ ਦਾ) ਦਰਸ਼ਨ ਦੇਖ ਕੇ ਨਿਹਾਲ ਹੋਵੋ। (ਇਸ ਅਹੰਬੁਧੀ ਦੀ) ਢੇਰੀ ਦੇ ਕਾਰਨ (ਜੀਵ ਮੁੜ) ਜੰਮਦਾ[੬] ਹੈ, ਜੰਮ ਕੇ (ਫੇਰ) ਮਰਦਾ ਹੈ (ਤੇ ਐਉਂ) ਗਰਭ ਜੋਨਿ ਦੇ ਦੁੱਖ ਭੋਗਦਾ ਹੈ (ਹਾਂ ਜਦ ਤਕ) ਮੋਹ ਵਿਚ ਮਸਤ ਹੈ (ਤੇ ਵਿਸ਼ਿਆਂ ਨੂੰ) ਲਪਟ ਰਿਹਾ ਹੈ (ਤੇ) ਮੈਂ ਮੈਂ (ਕਰ ਰਿਹਾ ਹੈ ਤਦ ਤਕ) ਆਉਂਦਾ ਜਾਂਦਾ ਰਹੇਗਾ, (ਇਸ ਲਈ ਅਸੀਂ) ਢਹਿੰਦੇ ਢਹਿੰਦੇ ਹੁਣ ਸਾਧ ਜਨਾਂ ਦੀ ਸ਼ਰਨ ਆ ਢੱਠੇ ਹਾਂ। ਜਿਨ੍ਹਾਂ ਨੇ ਦੁਖਾਂ ਦੇ ਫਾਹੇ ਕੱਟ ਦਿਤੇ ਹਨ (ਅਰ ਸਾਨੂੰ ਆਪਣੇ ਨਾਲ) ਮਿਲਾ ਲਿਆ ਹੈ, ਹੇ ਨਾਨਕ! ॥੩੦॥

---

੧. ਜਾਂ ਧਰਮ ਰਾਜ ਹੁਰੀਂ।

੨. ਭਾਵ, ਜਦ ਦੂਤ (ਸਰੀਰ ਰੂਪੀ ਢੇਰੀ ਢਾਹਕੇ=ਡੇਰਾ ਭੰਨਕੇ-ਜੀ ਨੂੰ) ਲੈ ਚੱਲੇ ਤਾਂ ਕਿਸੇ ਸਬੰਧੀ ਤੋਂ ਰੋਕ ਨਾ ਪੈ ਸਕੀ।

੩. ਉਬਰਨਾ=ਤਰਨਾ, ਬਚਨਾ, ਮੁਕਤੀ ਪਾਉਣੀ।

੪. ਹੰਕਾਰ ਭਰੀ ਬੁੱਧੀ, ਪਰਮਾਦ।

੫. ਭਾਵ, ਸਹਜ ਅਵਸਥਾ ਵਿਚ। (ਅ) ਸੁਭਾਵਕ ਹੀ ਪਰਮੇਸ਼ੁਰ ਵਿਚ ਵਸੋਗੇ।

੬. ਐਉਂ ਬੀ ਕਰਦੇ ਹਨ:- (ਅ) ਢੇਰੀ ਜਾਮੈ-ਜਿਸ ਵਿਚ ਢੇਰੀ ਹੀ ਹੈ। (ੲ) ਜਿਸ ਵਿਚ ਇਹ ਢੇਰੀ=ਜਮ ਰਹੀ-ਦ੍ਰਿੜ੍ਹ ਹੋ ਰਹੀ ਹੈ।

 www.sikhbookclub.com

ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ ੧ ॥

(ਧਰਮ ਰਾਜ ਆਖਦਾ ਹੈ:-) ਜਿਥੇ ਸਾਧੂ (ਜਨ ਹੋਵੇ), ਪਰਮੇਸ਼ੁਰ ਦਾ ਕੀਰਤਨ ਨਿੱਤ (ਹੁੰਦਾ ਹੋਵੇ) ਅਰ (ਪਰਮੇਸ਼ੁਰ ਦਾ) ਭਜਨ (ਹੁੰਦਾ ਹੋਵੇ, ਹੇ ਦੂਤਾ (ਉਥੇ) ਨੇੜੇ ਨਾ ਜਾਈਂ[1] (ਜੇ ਗਿਓਂ) ਤਾਂ ਨਾ ਮੈਂ ਤੇ ਨਾ ਤੂੰ ਕਦਾਚਿਤ ਨਹੀਂ ਛੁੱਟ ਸਕਾਂਗੇ[2]! ॥੧॥

ਪਉੜੀ ॥ ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥
ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥
ਣਾ ਕੋ ਜਾਣੈ ਆਪਣੋ ਏਕਹਿ ਟੇਕ ਅਪਾਰ॥ ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥
ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥

ਣਾਣੇ (ਅਖਰ ਦੁਆਰਾ ਉਪਦੇਸ਼ ਹੈ ਕਿ ਸੰਸਾਰ ਰੂਪੀ) ਜੁੱਧ ਭੂਮੀ ਤੇ ਫਤੇ ਪਾ ਜਾਈਦੀ ਹੈ (ਪਰ ਤਾਂ ਜੇ) ਕੋਈ ਅਪਣੇ ਆਪ ਤੇ ਫਤੇ ਪਾ ਲਵੇ। (ਹਾਂ) ਜੋ (ਕੋਈ) ਹਉਮੈ ਤੇ ਦ੍ਵੈਤ[3] ਨਾਲ ਲੜ ਮਰੇ ਓਸਦੀ ਸੋਭਾ ਬੀ ਦੂਣੀ ਹੁੰਦੀ ਹੈ[4]। (ਜੇ ਕੋਈ) ਪੂਰੇ ਗੁਰੂ ਦਾ ਉਪਦੇਸ਼ ਲਵੇ, ਖੁਦੀ[5] ਨੂੰ ਮਿਟਾਵੇ ਜੀਵਤ (ਭਾਵ ਵਲੋਂ) ਮਰ ਜਾਵੇ, ਮਨ ਨੂੰ ਜਿੱਤ ਲਵੇ ਤਾਂ ਹਰੀ ਨੂੰ ਮਿਲ ਪਵੇਗਾ, ਉਸ ਦਾ ਵੇਸ ਸੂਰਮਤਾਈ ਵਾਲਾ ਹੋਵੇਗਾ[6]। ਕਿਸੇ ਨੂੰ ਆਪਣਾ ਨਾ ਸਮਝੇ ਇਕ (ਪਰਮੇਸ਼ੁਰ) ਦੀ ਹੀ ਟੇਕ ਦੇ ਆਸਰੇ ਰਹੇ, ਦਿਨੇ ਰਾਤ ਉਸ ਪ੍ਰਭੂ ਨੂੰ ਸਿਮਰਦਾ ਰਹੇ ਜੋ ਪਰੀ ਪੂਰਣ ਹੈ ਤੇ ਅਨੰਤ ਹੈ। (ਜਗਤ ਵਰਤੋਂ ਵਿਚ) ਇਮ ਮਨ ਨੂੰ ਸਭ ਦੀ ਰੇਣੂ ਕਰੇ, ਇਹੋ ਕਰਮ (ਜੋ ਉਪਰ ਕਹੇ ਹਨ) ਕਮਾਉਂਦਾ ਰਹੇ। ਹੁਕਮ ਨੂੰ ਬੁੱਝ ਲਵੇ ਤਾਂ ਸਦਾ ਸੁਖ (ਪਾਵੇਗਾ ਪਰ ਹੁਕਮ ਦੀ ਸੋਝੀ) ਲਿਖੇ ਅਨੁਸਾਰ ਪਾਈਦੀ ਹੈ[7] ਹੇ ਨਾਨਕ! ॥੩੧॥

---

੧. ਭਾਵ- ਪਰਮੇਸ਼ੁਰ ਦੇ ਭਜਨ ਕੀਰਤਨ ਵਾਲੇ ਜਦ ਪ੍ਰਾਣ ਤਜਾਗਦੇ ਹਨ ਓਹ ਜਮ ਦੇ ਵੱਸ ਨਹੀਂ ਪੈਂਦੇ, ਓਹ ਸਿੱਧੇ ਵਾਹਿਗੁਰੂ ਜੀ ਦੇ ਦੇਸ਼ ਪ੍ਰਾਪਤ ਹੁੰਦੇ ਹਨ। ਯਥਾ:- ਜਿਹ ਪੈਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥ (ਆਸਾ ਮ:੫-੯੧)।

੨. ਭਾਵ ਇਹ ਅਪਰਾਧ ਹੋਵੇਗਾ ਜਿਸ ਕਰਕੇ ਅਸੀਂ ਦੰਡੇ ਜਾਵਾਂਗੇ।

੩. ਹਉਮੈ ਅਨ=ਹਉਮੈ ਤੇ ਦ੍ਵੈਤ। 'ਅਨ ਦਾ ਅਰਥ 'ਸੈਨਾ' ਕਰਨ ਦਾ ਬੀ ਜਤਨ ਹੁੰਦਾ ਹੈ। ਅਨੀਕ ਤੇ ਅਨੀ ਤੇ ਅਨਿ' ਫੌਜ ਦੇ ਵਾਚਕ ਹੈਨ, ਏਥੇ ਸਿਆਰੀ ਨਹੀਂ ਹੈ ਇਸ ਕਰਕੇ ਦਾਰਸ਼ਨਿਕ ਪਹਿਲੂ ਦੇ ਅਰਥ 'ਹਉਮੈ ਤੇ ਦ੍ਵੈਤ' ਵਧੇਰੇ ਢੁਕਦੇ ਹਨ।

੪. ਯਥਾ, ਦੂਣ ਚਊਣੀ ਦੇ ਵਡਿਆਈ ਸੋਭਾ ਨੀਤਾ ਨੀਤ। (ਸੋਰਠਿ ਮ:੫-੩੭)। (ਅ) ਸੰਪ੍ਰਦਾਈ ਅਰਥ ਇਹ ਬੀ ਕਰਦੇ ਹਨ-ਸੋ ਸੋਭਾ ਦੂ=ਉਸ ਦੀ ਸੋਭਾ ਦੋ (ਲੋਕਾਂ) ਵਿਚ ਹੁੰਦੀ ਹੈ। (ੲ) ਸੰਸ:, ਸੁਭਦ੍ਰ ਤੋਂ ਸੋਭਾਦੂ ਸਮਝਕੇ 'ਕਲਯਾਨ ਨੂੰ ਪਾਉਂਦਾ ਯਾ ਕਲਯਾਨ ਵਾਲਾ' ਬੀ ਅਰਥ ਕਰਦੇ ਹਨ। (ਸ) ਭਾਦੂ ਪਦ 'ਬਹਾਦਰਾਂ ਤੋਂ ਬਣਿਆ ਬੀ ਕਈ ਮੰਨ ਲੈਂਦੇ ਹਨ।

੫. ਫ਼ਾ:; ਮਨ+ਈ=ਮਨੀ=ਮੈਂ ਪੁਣਾ, ਖ਼ੁਦੀ।

੬. ਭਾਵ ਸੂਰਮਤਾ ਉਸ ਦੀ ਸਫਲ ਹੈ। (ਅ) ਓਸ ਨੂੰ ਸੂਰਮੇ ਹੋਣ ਦਾ ਸਿਰੋਪਾਉ ਮਿਲੇਗਾ, ਵੀ ਭਾਵ ਲੈਂਦੇ ਹਨ।

੭. (ਅ) ਹੁਕਮ ਬੁਝ ਲਵੇ ਕਿ ਲਿਖਿਆ ਪਾਈਦਾ ਹੈ।

 www.sikhbookclub.com

ਸਲੋਕੁ ॥ ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥ ੧ ॥

(ਜੋ) ਮੈਨੂੰ ਪ੍ਰਭੂ ਮਿਲਾ ਦੇਵੇ ਉਸ ਨੂੰ (ਮੈਂ ਅਪਣਾ) ਤਨ ਮਨ ਤੇ ਧਨ ਅਰਪ ਦਿਆਂ। (ਕਿਉਂਕਿ ਐਉਂ) ਭਰਮ ਤੇ ਭਉ ਦੂਰ ਹੁੰਦਾ ਹੈ ਤੇ ਜਮਾਂ ਦੀ ਜੋਹ (ਤੱਕ ਤੇ ਧੁਖਧੁਖੀ[1]) ਮਿਟ ਜਾਂਦੀ ਹੈ, ਹੇ ਨਾਨਕ! ॥੧॥

ਪਉੜੀ ॥ ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ ॥ ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥ ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥ ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ ॥ ੩੨ ॥

ਤੱਤੇ ਦੁਆਰਾ (ਉਪਦੇਸ਼ ਕਰਦੇ ਹਨ) ਉਸ ਨਾਲ ਪ੍ਰੀਤ ਕਰ, ਜੋ ਗੁਣਾਂ ਦੀ ਨਿਧੀ ਹੈ ਤੇ ਗੋਬਿੰਦ ਰਾਇ[2] (ਕਹੀਦਾ ਹੈ। ਤਾਂ ਜੋ) ਮਨ ਇਛੇ ਫਲ ਪਾਵੇਂ ਤੇ ਤਪਤ ਤੇਰੀ ਦੂਰ ਹੋ ਜਾਵੇ। ਜਿਸ ਦੇ ਮਨ ਵਿਚ ਨਾਮ ਵਸਦਾ ਹੈ (ਉਸ ਦੇ ਮਨੋਂ) ਜਮ ਪੰਥ ਦਾ ਭੈ ਦੂਰ ਹੋ ਜਾਂਦਾ ਹੈ। (ਉਹ ਪਰਮ) ਗਤੀ ਨੂੰ ਪਾ ਲੈਂਦਾ ਹੈ, ਬੁੱਧੀ ਉਸ ਦੀ ਗਜਾਨ ਮਈ ਹੋ ਜਾਂਦੀ ਹੈ[3] (ਪਰਮੇਸ਼ੁਰ ਦੇ) ਮਹਲ (ਸਰੂਪ ਵਿਚ ਉਹ) ਟਿਕਾਣਾ ਪ੍ਰਾਪਤ ਕਰ ਲੈਂਦਾ ਹੈ। ਉਸ (ਥਾਂ ਪਰਲੋਕ ਵਿਖੇ) ਨਾ ਧਨ, ਨਾ ਘਰ, ਨਾ ਜੋਬਨ ਤੇ ਨਾ ਰਾਜ ਨਾਲ ਜਾਏਗਾ। (ਤਾਂਤੇ) ਸੰਤਾਂ ਦੇ ਸੰਗ ਵਿਚ ਸਿਮਰਦਾ ਰਹੁ (ਨਾਮ), ਇਹੋ ਤੇਰਾ (ਮੁੱਖ) ਕੰਮ ਹੈ। ਜੇ ਕੋਈ ਆਪਾ ਭਾਵ ਦਾ ਤਾਪ (ਭਾਵ ਹਉਮੈ) ਦੂਰ ਕਰ ਲਵੇ[4] (ਤਦ ਉਸ ਲਈ) ਕੋਈ ਤੱਤਾ[5] ਨਹੀਂ ਰਹਿ ਜਾਂਦਾ, (ਕਿਉਂਕਿ ਉਹ ਪਰਮੇਸ਼ੁਰ) ਆਪ ਹੀ ਮਾਤਾ ਪਿਤਾ (ਵਾਂਗੂੰ) ਸਾਨੂੰ ਪਾਲਦਾ ਹੈ, ਹੇ ਨਾਨਕ! ॥੩੨॥

ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥ ੧ ॥

ਹੇ ਨਾਨਕ! (ਸਾਕਤ=ਮਾਇਆ ਪ੍ਰੇਮੀ ਮਾਇਆ ਇਕੱਤ੍ਰ ਕਰਨੇ ਵਿਚ) ਬਹੁਤ ਤਰ੍ਹਾਂ ਨਾਲ ਮਿਹਨਤ ਕਰਕੇ ਥੱਕ ਗਏ, ਨਾ ਉਹ ਰੱਜੇ, ਨਾ ਤ੍ਰਿਸ਼ਨਾ (ਉਹਨਾਂ ਦੇ ਮਗਰੋਂ) ਲੱਥੀ। ਸਾਕਤ ਇਕੱਠੀ ਕਰਦੇ ਕਰਦੇ ਹੀ ਮਰ ਗਏ ਮਾਇਆ (ਉਹਨਾਂ ਦੇ ਨਾਲ ਨਾ (ਹੀ ਗਈ) ॥੧॥

---

੧. ਜੋਹ=ਤਲਾਸ਼ ਤੱਕ ਇਹ ਜਮ ਦਾ ਕੰਮ ਹੈ। ਜੀਵ ਦੇ ਅੰਦਰ ਜਮ ਦੇ ਆਉਣ ਦੀ ਧੁਖਧੁਖੀ ਰਹਿੰਦੀ ਹੈ, ਸੋ ਪ੍ਰਭੂ ਮਿਲਿਆਂ ਜਮ ਦੀ 'ਤਾੜ ਤੇ ਆਪਣੀ ਧੁਖਧੁਖੀ' ਦੂਰ ਹੋ ਜਾਂਦੀ ਹੈ।

੨. ਅਕਾਲ ਪੁਰਖ!

੩. ਭਾਵ, (ਮਤਿ=) ਬੁੱਧੀ ਆਤਮਾ ਨੂੰ ਵਿਸ਼ੈ ਕਰਨ ਵਾਲੀ ਹੋ ਜਾਂਦੀ ਹੈ।

੪. ਜੇ ਪਰਮੇਸ਼ੁਰ ਆਪ ਸਾਡਾ ਤਾਪ ਦੂਰ ਕਰ ਦੇਵੇ ਤਾਂ 'ਐਉਂ ਬੀ ਲਾਉਂਦੇ ਹਨ।

੫. ਤਾਤਾ=ਤੱਤਾ=ਗਰਮ। ਮੁਰਾਦ ਹੈ ਸਾੜਾ, ਦਿਲ ਦੀ ਸੜਕਨ।


www.sikhbookclub.com

ਪਉੜੀ ॥ ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥
ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ ॥
ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥
ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥

ਥਥੇ (ਦੁਆਰਾ ਉਪਦੇਸ਼ ਹੈ ਕਿ ਹੇ ਸਾਕਤੋ!) ਕੋਈ (ਏਥੇ) ਸਦਾ ਨਹੀਂ ਰਹੇਗਾ, (ਐਤਨੇ) ਪੈਰ ਕਿਉਂ ਪਸਾਰਦੇ ਹੋ, ਇਕ ਮਾਇਆ ਦੇ (ਇਕੱਤਰ ਕਰਨ ਦੇ) ਉਪਾਵਾਂ ਵਿਚ ਅਨੇਕਾਂ ਠਗੀਆਂ, ਵਲ ਛਲ ਕਰਦੇ ਹੋ, ਹੇ ਮੂਰਖੋ! (ਜੇ) ਥੈਲੀ ਭਰ ਵੀ ਲਓ ਤਾਂ (ਇਉਂ) ਮਿਹਨਤ ਕਰਦੇ (ਛੇਕੜ) ਥੱਕ ਪਵੋਗੇ, (ਤੇ) ਅੰਤਲੇ ਦਿਨ ਦੇ (ਉਸ) ਮੌਕੇ ਸਿਰ (ਜਿਸ ਵੇਲੇ ਕਿ ਮਨ ਨੂੰ ਆਤਮ ਸਹਾਰੇ ਦੀ ਲੋੜ ਹੋਵੇਗੀ ਇਹ ਕੱਠੀ ਕੀਤੀ ਹੋਈ) ਮਨ ਦੇ (ਕਿਸੇ) ਕੰਮ ਨਹੀਂ ਆਵੇਗੀ।

ਪ੍ਰਸ਼ਨ ਹੁੰਦਾ ਹੈ ਕਿ ਉਸ ਵੇਲੇ ਕਿਹੜੀ ਦੌਲਤ ਕੰਮ ਆਵੇਗੀ? ਜੋ ਸਦਾ ਇਸਥਿਤੀ ਵਾਲੀ ਯਾ ਥਿਰ ਰਹੇਗੀ? ਉੱਤਰ ਦੇਂਦੇ ਹਨ ਕਿ-

ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥
ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥
ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥ ੩੩ ॥

ਸੰਤਾਂ ਦੀ ਸਿੱਖਿਆ ਲਵੋ, ਪਰਮੇਸ਼ੁਰ ਦਾ ਭਜਨ ਕਰੋ, (ਤਾਂ ਤੁਸੀਂ) ਥਿਰਤਾ ਪਾਓਗੇ (ਸੋ) ਸਦਾ ਇਕ (ਪਰਮੇਸ਼ੁਰ) ਨਾਲ ਪ੍ਰੀਤ ਕਰੋ (ਕਿਉਂਕਿ) ਇਹ ਪ੍ਰੇਮ[1] ਸੱਚਾ (=ਸਦਾ ਥਿਰ) ਹੈ।

(ਅਰਦਾਸ:- ਹੇ ਨਾਥ! ਏਹ) ਜੀਵ (ਆਪ ਤੋਂ ਭੁੱਲੇ ਹੋਏ) ਅਨਾਥ ਹਨ, ਕਰਨ ਵਾਲੇ, ਕਰਾਵਨ ਵਾਲੇ ਤੇ ਕਾਰਨ ਰੂਪ (ਤੁਸੀਂ ਆਪ ਹੀ) ਹੋ, ਸਭ ਬਿਧੀਆਂ ਬੀ (ਹੇ) ਇਕੋ ਜੀ! (ਆਪ ਦੇ) ਹੱਥ ਵਿਚ ਹੈਨ, ਜਿਧਰ ਜਿਧਰ ਤੁਸੀਂ ਲਾਓ ਉਧਰ ਉਧਰ (ਇਹ ਜੀਵ) ਲੱਗਣਗੇ, (ਭਾਵੇਂ ਕਿ ਅਪਣੇ ਚਰਨਾਂ ਵਲ ਲਾ ਲਓ[2]।)॥੩੩॥

ਸਲੋਕੁ ॥ ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ ॥
ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥ ੧ ॥

ਦਾਸਾਂ ਨੇ ਇਕ (ਪਰਮੇਸ਼ੁਰ) ਨੂੰ (ਹੀ) ਸਭ ਕੁਛ ਦੇਣੇ ਵਾਲਾ ਦੇਖਿਆ ਹੈ, (ਉਸ ਨੂੰ ਓਹ) ਹਰ ਸੁਆਸ ਵਿਚ ਯਾਦ ਕਰਦੇ ਰਹਿੰਦੇ ਹਨ। ਜਿਨ੍ਹਾਂ ਨੂੰ ਕਿ ਆਧਾਰ ਹੈ ਦਰਸ਼ਨਾਂ ਦਾ, ਹੇ ਨਾਨਕ! (ਭਾਵ ਜੋ ਪਰਤੱਛ ਦਿਸ ਪੈਂਦਾ ਹੈ)[3]॥੧॥

---

੧. ਕੋਸ਼ ਵਿਚ ਦੱਸ ਆਏ ਹਾਂ ਕਿ ਸੰਯੁਕਤ ਅੱਖਰ ਦੇ ਪਹਿਲੇ ਪੰਜਾਬੀ ਉਚਾਰਣ 'ਅ' ਲਾ ਲੈਂਦਾ ਹੈ। ਸੋ ਇਉਂ ਸਨੇਹ ਤੋਂ ਅਸਨੇਹ ਬਣਿਆ ਹੈ। ਅਨਿਜਭਾਸ਼ਾ ਦੇ ਪਦਾਂ ਨਾਲ ਵੀ ਇਹੋ ਵਰਤਾਉ ਹੁੰਦਾ ਹੈ ਜਿਵੇਂ ਸਟੇਸ਼ਨ ਤੋਂ ਅਸਟੇਸ਼ਨ।

੨. ਜੀਵਾਂ ਦੀ ਤੁੱਛਤਾ ਤੇ ਬੇਬਸੀ ਦੱਸ ਕੇ ਅਰਦਾਸ ਕੀਤੀ ਹੈ ਸ੍ਰੀ ਗੁਰੂ ਜੀ ਨੇ ਇਨ੍ਹਾਂ ਦੀ ਰਖਜਾ ਵਾਸਤੇ।

੩. ਐਉਂ ਬੀ ਲਾਉਂਦੇ ਹਨ:- (ਤੇ ਉਸ ਦੇ) ਦਰਸ਼ਨਾਂ ਦਾ (ਉਨ੍ਹਾਂ ਦਾਸਾਂ ਨੂੰ ਆਧਾਰ (ਰਹਿੰਦਾ ਹੈ), ਹੇ ਨਾਨਕ!

ਪਉੜੀ ॥ ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥
ਦੈਨਹਾਰੁ ਸਦ ਜੀਵਨਹਾਰਾ ॥
ਮਨ ਮੂਰਖ ਕਿਉ ਤਾਹਿ ਬਿਸਾਰਾ ॥
ਦੋਸੁ ਨਹੀ ਕਾਹੂ ਕਉ ਮੀਤਾ ॥
ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥
ਦਰਦ ਨਿਵਾਰਹਿ ਜਾ ਕੇ ਆਪੇ ॥
ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥ ੩੪ ॥

ਦਦੇ (ਦੁਆਰਾ ਉਪਦੇਸ਼ ਹੈ ਕਿ) ਸਭ ਨੂੰ ਦੇਣਹਾਰ ਦਾਤਾ ਇਕੋ (ਪਰਮੇਸ਼ੁਰ) ਹੈ (ਉਸ ਦੇ) ਭੰਡਾਰੇ ਅਣਗਿਣਤ (ਹਨ ਤੇ) ਭਰੇ ਰਹਿੰਦੇ ਹਨ, ਸੋ) ਦੇਂਦਿਆਂ ਉਸਨੂੰ ਟੋਟ ਨਹੀਂ ਆਉਂਦੀ, (ਫੇਰ ਉਹ) ਦੇਣੇ ਵਾਲਾ ਸਦਾ ਜੀਉਣ ਵਾਲਾ ਹੈ। ਹੇ ਮੂਰਖ ਮਨ! ਉਸ ਨੂੰ (ਤੂੰ) ਕਿਉਂ ਵਿਸਾਰ ਦਿਤਾ ਹੈ, (ਪਰ) ਹੇ ਮਿੱਤ੍ਰ! ਕਿਸੇ ਨੂੰ ਦੋਸ਼ ਨਹੀਂ (ਦੇਣਾ ਚਾਹੀਏ, ਕਿਉਂਕਿ) ਮਾਇਆ ਦੇ ਮੋਹ ਦਾ ਬੰਧਨ (ਜਿਸ ਵਿਚ ਬੱਝੇ ਜੀਵ ਸਾਈਂ ਨੂੰ ਵਿਸਾਰਦੇ ਹਨ) ਪ੍ਰਭੂ ਨੇ (ਆਪ) ਰਚਿਆ ਹੈ। (ਸੋ ਜਿਸ) ਜਿਸ ਦੀ ਪੀੜਾ ਆਪ ਦੂਰ ਕਰ ਦੇਂਦਾ ਹੈ, ਹੇ ਨਾਨਕ! ਓਹ ਗੁਰਮੁਖ (ਹਨ, ਓਹੀ) ਤ੍ਰਿਪਤ ਹੁੰਦੇ ਹਨ॥੩੪॥

ਸਲੋਕੁ ॥ ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥

ਹੇ ਮਨ! ਤੂੰ ਇਕ (ਪ੍ਰਭੂ ਦੀ) ਟੇਕ ਰੱਖ ਤੇ ਬਿਗਾਨੀ ਆਸ ਦੂਰ ਕਰ, (ਐਉਂ ਦੇ ਹੋ ਕੇ) ਹੇ ਨਾਨਕ! ਨਾਮ ਨੂੰ ਧਿਆਈਏ ਜੋ ਕੰਮ ਰਾਸ ਆਵੇ॥੧॥

ਪਉੜੀ ॥ ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥ ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥ ਧਨੁ ਸਾਚਾ ਤੇਊ ਸਚ ਸਾਹਾ॥
ਹਰਿ ਹਰਿ ਪੂੰਜੀ ਨਾਮ ਬਿਸਾਹਾ ॥
ਧੀਰਜੁ ਜਸੁ ਸੋਭਾ ਤਿਹ ਬਨਿਆ ॥
ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥
ਗੁਰਮੁਖਿ ਜਿਹ ਘਟਿ ਰਹੇ ਸਮਾਈ ॥
ਨਾਨਕ ਤਿਹ ਜਨ ਮਿਲੀ ਵਡਾਈ ॥ ੩੫॥

ਧਧੇ (ਦੁਆਰਾ ਉਪਦੇਸ਼ ਹੈ ਕਿ ਮਨ ਦਾ) ਦੌੜਨਾ ਤਦ ਮਿਟ ਸਕਦਾ ਹੈ, ਜੇ ਸੰਤ ਸੰਗ ਵਿਚ ਵਾਸਾ ਹੋਵੇ। ਸਤ ਸੰਗ ਪ੍ਰਭੂ ਕ੍ਰਿਪਾ ਤੇ ਹੁੰਦਾ ਹੈ, ਤਾਂ ਤੇ ਹੇ ਪ੍ਰਭੂ) ਆਪ ਹੀ ਧੁਰੋਂ ਕ੍ਰਿਪਾ ਕਰੋ ਤਾਂ ਮਨ ਵਿਚ ਪ੍ਰਕਾਸ਼ ਹੋਵੇ। (ਉਸ ਦੇ ਪਾਸ ਹੀ) ਸੱਚਾ ਧਨ ਹੈ (ਤੇ) ਉਹੋ ਸੱਚਾ ਸ਼ਾਹ ਹੈ (ਜਿਸ ਦੀ) ਪੂੰਜੀ (ਰਾਮ) ਵਾਹਿਗੁਰੂ (ਦਾ ਨਾਮ ਹੈ) ਤੇ ਨਾਮ ਦਾ ਜੋ ਵਪਾਰ ਕਰਦਾ ਹੈ[੧]। ਧੀਰਜ ਜਸ ਤੇ ਸ਼ੋਭਾ ਉਸ ਨੂੰ ਸੁਭਾਇਮਾਨ ਹੋਏ ਹਨ ਜਿਸ ਨੇ ਹਰਿ ਹਰਿ ਨਾਮ ਕੰਨਾਂ ਨਾਲ ਸੁਣਿਆ ਹੈ! ਜਿਸ ਦੇ ਹਿਰਦੇ ਵਿਚ ਗੁਰੂ ਦੁਆਰਾ (ਪ੍ਰਭੂ) ਸਮਾਇਆ ਰਹੇ[੨], ਹੇ ਨਾਨਕ! ਉਸ ਪੁਰਖ ਨੂੰ ਵਡਿਆਈ ਮਿਲੀ ਹੈ[੩]॥੩੫॥

---

੧. ਬਿਸਾਹਾ (ਸੰਸਕ੍ਰਿਤ=ਵਜਵਸਾਯ=ਵਪਾਰ।) ਵਪਾਰ, ਵਪਾਰ ਕਰਨਾ-ਯਥਾ 'ਜਿਨਾ ਹਰਿ ਹਰਿ ਨਾਮੁ ਬਿਸਾਹਾ'। (ਅ) ਵਿਸਾਹ=ਇਤਬਾਰ।

੨. ਰਹ ਸਮਾਈ=ਸਮਾਇਆ ਰਹੇ।

੩. ਐਉਂ ਬੀ ਲਾਉਂਦੇ ਹਨ-ਜਿਸ ਗੁਰਮੁਖ ਦੇ ਹਿਰਦੇ ਵਿਚ ਸਮਾਇਆ ਰਹੇ ਉਸ ਜਨ ਨੂੰ ਵਡਆਈ ਮਿਲਦੀ ਹੈ।


www.sikhbookclub.com

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ ੧ ॥

ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ॥ ਜਾ ਕੈ ਮਨਿ ਤਨਿ ਨਾਮੁ ਬਸਾਹੀ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ॥
ਬਿਖੁ ਮਾਇਆ ਮਹਿ ਨਾ ਓਇ ਖਪਤੇ॥
ਨੰਨਾਕਾਰੁ ਨ ਹੋਤਾ ਤਾ ਕਹੁ॥
ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥
ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥

ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥
ਨਾਨਕ ਸੋਊ ਆਰਾਧੀਐ ਅੰਤੁ ਨ

ਪੂਰੇ ਗੁਰੂ ਨੇ ਉਪਦੇਸ਼ ਦਿੱਤਾ ਹੈ ਕਿ ਹੇ ਨਾਨਕ, ਨਾਮ ਹੀ ਨਾਮ (ਦਾ) ਜਪ[1] ਜਿਨ੍ਹਾਂ ਨੇ ਸਾਧ ਦੇ ਸੰਗ ਵਿਚ ਅੰਦਰੋਂ ਬਾਹਰੋਂ[2] ਪ੍ਰੇਮ ਨਾਲ ਜਪਿਆ ਹੈ (ਉਹਨਾਂ ਲਈ) ਨਰਕ ਨਹੀਂ ਹੈ॥੧॥

"ਨਨੇ" (ਦੁਆਰਾ ਉਪਦੇਸ਼ ਹੈ) ਉਹ ਨਰਕ ਵਿਚ ਨਹੀਂ ਪੈਂਦੇ, ਜਿਨ੍ਹਾਂ ਦੇ ਮਨ ਤੇ ਤਨ ਵਿਚ ਨਾਮ ਵਸਦਾ ਹੈ। ਜੋ ਗੁਰਮੁਖ ਅਮੋਲਕ[3] ਨਾਮ ਨੂੰ ਜਪਦੇ ਹਨ, ਓਹ ਵਿਹੁ ਰੂਪੀ ਮਾਇਆ ਵਿਚ ਨਹੀ ਖਪਦੇ। ਉਹਨਾਂ ਨੂੰ (ਕਿਤੇ ਤੇ ਕਿਸੇ ਗੱਲੇ) ਨਾਂਹ[4] ਨਹੀਂ ਹੁੰਦੀ[5], ਜਿਨ੍ਹਾਂ ਨੂੰ ਕਿ ਗੁਰੂ ਨੇ ਨਾਮ ਮੰਤ੍ਰ ਦਿੱਤਾ ਹੈ। (ਜਿਨ੍ਹਾਂ ਦੇ ਅੰਦਰ) ਹਰਿ (ਨਾਮ ਰੂਪੀ) ਅੰਮ੍ਰਿਤ ਨਿਧੀ ਦੇ ਖਜ਼ਾਨੇ[6] ਭਰੇ ਪਏ ਹਨ, ਉਨ੍ਹਾਂ ਲਈ[7] ਅਨਹਦ ਵਾਜੇ ਵਜਦੇ ਹਨ, ਹੇ ਨਾਨਕ! ॥੩੬॥

ਛਲ ਵਲ ਤੇ ਮੋਹ ਆਦਿ ਵਿਕਾਰ[8] ਛੱਡਣੇ ਤੇ ਪਾਰਬ੍ਰਹਮ (ਅਰ) ਗੁਰੂ ਨੇ ਪਤ ਰੱਖ ਲਈ, ਹੇ ਨਾਨਕ! ਉਸੇ (ਪਤ ਰੱਖਣਹਾਰ ਦੀ ਅਰਾਧਣਾ (ਸਦਾ) ਕਰੀਏ (ਜਿਸ ਦਾ

---

੧. 'ਨਾਮੁ ਨਾਮੁ' ਹੈ 'ਨਾਮੋ ਨਾਮ'=ਨਾਮ ਹੀ ਨਾਮ।

੨. ਮਨ ਨਾਲ ਤੇ (ਤਨ ਭਾਵ) ਰਸਨਾ ਨਾਲ। ਪਉੜੀ ਦੀ ਦੂਸਰੀ ਤੁਕ ਵਿਚ ਆਪ ਦੱਸਿਆ ਹੈ ਕਿ ਅੰਤਰ ਬਾਹਰ ਦਾ ਭਾਵ ਮਨ ਤਨ ਹੈ।

੩. ਨਿਧਾਨ=ਅਮੁੱਲਜ ਸਥਾਨ, ਖਜ਼ਾਨਾ, ਨਿਧੀ। ਭਾਵ ਹੈ-ਅਮੋਲਕ।

੪. ਨੰਨਾ=ਨਾਹ, ਨਹੀਂ। ਕਾਰ=ਕੇਵਲ। ਨਿਰੀ ਨਾਂਹ, ਇਨਕਾਰ। (ਅ) ਨੇਸਤੀ, ਸ਼ੂਨਜ।

੫. ਅਥਵਾ ਉਨ੍ਹਾਂ ਦੀ ਸੁਰਤ ਨੇਸਤੀ ਵਿਚ ਕਦੇ ਨਹੀਂ ਢਹਿੰਦੀ।

੬. ਭਾਵ, ਸਾਰੀਆਂ ਨਿਧੀਆਂ ਦਾ ਭੰਡਾਰ ਨਾਮ ਅੰਮ੍ਰਿਤ ਹੈ।

੭. ਅਥਵਾ ਓਥੇ।

੮. ਇਥੇ ਪਰਪੰਚ ਮੋਹ ਵਿਕਾਰ ਦਾ ਤਜਨਾ ਹੈ, ਪਉੜੀ ਵਿਚ ਪਰਪੰਚ ਮੋਹ ਧ੍ਰੋਹ ਦਾ ਮਿੱਟ ਜਾਣਾ ਹੈ।

ਪਾਰਾਵਾਰੁ ॥ ੧ ॥

ਕਿ) ਨਾ ਅੰਤ ਹੈ, ਨਾ ਪਾਰ ਉਰਾਰ ਹੈ। (ਭਾਵ ਬੇਅੰਤ ਤੇ ਬੇਹਦ ਹੈ[1]) ॥੧॥

ਪਉੜੀ ॥ ਪਪਾ ਪਰਮਿਤਿ ਪਾਰੁ ਨ ਪਾਇਆ ॥
ਪਤਿਤ ਪਾਵਨ ਅਗਮ ਹਰਿ ਰਾਇਆ ॥
ਹੋਤ ਪੁਨੀਤ ਕੋਟ ਅਪਰਾਧੂ ॥
ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥
ਪਰਪਚ ਧ੍ਰੋਹ ਮੋਹ ਮਿਟਨਾਈ ॥
ਜਾ ਕਉ ਰਾਖਹੁ ਆਪਿ ਗੁਸਾਈ ॥
ਪਾਤਿਸਾਹੁ ਛਤ੍ਰ ਸਿਰ ਸੋਊ ॥
ਨਾਨਕ ਦੂਸਰ ਅਵਰੁ ਨ ਕੋਊ ॥੩੭॥

ਪਪੇ (ਦੁਆਰਾ ਉਪਦੇਸ਼ ਹੈ ਕਿ ਉਹ ਪਾਰਬ੍ਰਹਮ) ਮਿਤ ਤੋਂ ਪਰ੍ਹੇ[2] ਹੈ (ਤੇ ਉਸ ਦਾ) ਅੰਤ (ਕਿਸੇ ਨੇ) ਨਹੀਂ ਪਾਇਆ। ਉਹ ਗੰਮਤਾ ਤੋਂ ਪਰੇ ਹੈ, (ਫਿਰ ਉਹ) ਹਰੀ ਰਾਜਾ ਹੈ[3], (ਪਾਪ ਹਰਨੇ ਵਾਲਾ ਤੇ) ਪਤਿਤਾਂ ਨੂੰ ਪਵਿੱਤਰ ਕਰਨੇ ਵਾਲਾ ਹੈ। (ਕਿਉਂਕਿ) ਕ੍ਰੋੜਾਂ ਪਾਪੀ (ਜੋ) ਸਾਧੂ ਨੂੰ ਮਿਲ ਕੇ (ਉਸ ਦਾ) ਅੰਮ੍ਰਿਤ ਨਾਮ ਜਪਦੇ ਹਨ, ਪਵਿੱਤਰ ਹੋ ਜਾਂਦੇ ਹਨ। (ਗੁਰੂ ਜੀ ਅਰਦਾਸ ਕਰਦੇ ਹਨ:- ਹੇ) ਗੁਸਾਈਂ (ਮਾਲਕ ਜੀਓ!) ਜਿਸ ਦੀ ਰਖਜਾ ਆਪ ਕਰ ਦੇਂਦੇ ਹੋ, ਉਸ ਦੇ ਪਖੰਡ ਵਿਸਾਹਘਾਤ ਤੇ ਮੋਹ (ਸਾਰੇ ਅਵਗੁਣ) ਮਿਟ ਜਾਂਦੇ ਹਨ। ਸਿਰ ਤੇ ਛਤਰ (ਧਾਰਨੇ ਵਾਲਾ) ਪਾਤਸ਼ਾਹ ਉਹੋ (ਪਾਰਬ੍ਰਹਮ) ਹੈ, ਹੇ ਨਾਨਕ! (ਉਸ ਤੋਂ ਛੁੱਟ) ਦੂਜਾ ਹੋਰ ਕੋਈ ਨਹੀਂ ਹੈ (ਤਾਂਤੇ ਉਸੇ ਨੂੰ ਅਰਾਧ) ॥੩੭॥

ਸਲੋਕੁ ॥ ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥ ੧ ॥

ਹੇ ਨਾਨਕ! (ਵਿਸ਼ਿਆਂ ਦੇ) ਬੰਧਨ ਕੱਟੇ ਗਏ ਹਨ, (ਇੰਦਰਿਆਂ ਦਾ ਵਿਸ਼ਿਆਂ ਦੇ ਮਗਰ) ਭੱਜਣਾ ਮਿਟ ਗਿਆ ਹੈ, (ਕਿਉਂਕਿ) ਮਨ ਜਿੱਤਿਆ ਗਿਆ ਹੈ, (ਇਹ ਅਸਲ) ਜਿੱਤ ਪ੍ਰਾਪਤ ਹੋਈ ਹੈ। (ਮਨ ਦਾ ਜਿੱਤਣਾ ਮਨ ਦਾ ਟਿਕਾਉ ਹੈ ਜੋ) ਟਿਕਾਉ ਗੁਰੂ ਤੋਂ ਪ੍ਰਾਪਤ ਹੋਇਆ ਹੈ; (ਇਸ ਟਿਕਾਉ ਨਾਲ) ਸਦਾ ਹੀ ਭਟਕਣਾ ਮਿਟ ਗਈ ਹੈ[4] ॥੧॥

---

੧. ਖਾਲਸਾ ਜੀ ਦਸਤਾਰ ਸਜਾਉਣ ਵੇਲੇ ਇਹ ਸਲੋਕ ਪੜ੍ਹਿਆ ਕਰਦੇ ਸਨ ਤੇ ਹਨ।

੨. ਪਰ ਮਿਤਿ=ਮਿਤਿ ਤੋਂ ਪਰੇ। ਅੰਦਾਜ਼ਾ ਨਾ ਲਾਇਆ ਜਾ ਸਕੇ ਜਿਸ ਦਾ! ਤੋਲ ਤੇ ਮਿਣਤੀ ਨਾ ਹੋ ਸਕੇ ਜਿਸ ਦੀ। (ਅ) ਪ੍ਰਮਿਤਿ= ਉਹ ਗਜਾਨ ਜੋ ਕਿਸੇ ਪ੍ਰਮਾਣ ਦੁਆਰਾ ਲੱਭ ਸਕੇ। ਭਾਵ 'ਈਸ਼੍ਵਰ ਪ੍ਰਮਾਣ ਵਾਲੇ ਗਜਾਨ' ਤੋਂ ਹੈ।

੩. ਹਰੀ ਰਾਜਾ ਇਥੇ ਕਹਿ ਕੇ ਸੱਤਵੀਂ ਤੁਕ ਵਿਚ 'ਪਾਤਿਸ਼ਾਹੁ ਛਤ੍ਰ ਸਿਰ ਸੋਊ' ਆਖਿਆ ਹੈ।

੪. ਇਸ ਦਾ ਅਰਥ ਐਉਂ ਬੀ ਲੱਗਦਾ ਹੈ:- (ਜਦ) ਦਾ ਗੁਰੂ ਤੋਂ (ਨਾਮ ਵਿਚ) ਟਿਕਾਉ ਪ੍ਰਾਪਤ ਹੋਇਆ ਹੈ, ਨਿੱਤ ਨਿੱਤ ਦਾ (ਸਾਧਾਂ ਤੇ ਸ਼ਾਸ਼ਤ੍ਰਾਂ ਦੇ ਮਗਰ) ਭਟਕਣਾ ਮਿਟ ਗਿਆ ਹੈ, ਜਮ ਦੇ ਫਾਹੇ ਕੱਟੇ ਗਏ ਹਨ, (ਆਵਾ) ਗਵਨ ਮੁੱਕ ਗਿਆ ਹੈ, (ਕਾਮਾਦਿਕਾਂ ਤੇ) ਫਤਹ ਹੋ ਗਈ ਹੈ (ਤੇ) ਮਨ ਵਿਚ (ਵੱਸਦੇ ਵਿਕਾਰਾਂ ਤੇ) ਜਿੱਤ (ਪ੍ਰਾਪਤ ਹੋ ਗਈ ਹੈ)।

ਪਉੜੀ॥ ਫਫਾ ਫਿਰਤ ਫਿਰਤ ਤੂ ਆਇਆ ॥
ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ॥
ਫਿਰਿ ਇਆ ਅਉਸਰੁ ਚਰੈ ਨ ਹਾਥਾ॥
ਨਾਮੁ ਜਪਹੁ ਤਉ ਕਟੀਅਹਿ ਫਾਸਾ॥
ਫਿਰਿ ਫਿਰਿ ਆਵਨ ਜਾਨੁ ਨ ਹੋਈ॥
ਏਕਹਿ ਏਕ ਜਪਹੁ ਜਪੁ ਸੋਈ ॥
ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥
ਮੇਲਿ ਲੇਹੁ ਨਾਨਕ ਬੇਚਾਰੇ ॥ ੩੮ ॥

"ਫਫੇ" (ਦੁਆਰਾ ਆਖਦੇ ਹਨ- ਹੇ ਜੀਵ) ਤੂੰ (ਜਨਮਾਂ ਜਨਮਾਂਤ੍ਰਾਂ ਵਿਚ) ਹਿਰਦਾ ਫਿਰਦਾ (ਇਸ ਲੋਕ ਵਿਚ) ਆਇਆ ਹੈਂ, ਕਠਨਤਾ ਨਾਲ ਲੱਭਣ ਵਾਲੇ (ਮਾਨੁਖ) ਸਰੀਰ ਨੂੰ (ਇਸ) ਕਲਜੁਗ ਵਿਚ (ਫੇਰ ਤੋਂ) ਪ੍ਰਾਪਤ ਕੀਤਾ, ਇਹੋ (ਜੇਹਾ) ਮੌਕਿਆ ਫਿਰ ਹੱਥ (ਚੜ੍ਹੇ ਕਿ) ਨਾ ਚੜ੍ਹੇ (ਪਤਾ ਨਹੀਂ, ਪਰ ਜੇ ਹੁਣ ਤੂੰ) ਨਾਮ ਜਪੇਂ ਤਾਂ (ਤੇਰੀ) ਫਾਹੀ ਕੱਟੀ ਜਾਏਗੀ (ਤੇ) ਫਿਰ (ਤੇਰਾ) ਮੁੜਕੇ (ਇੱਥੇ) ਆਉਣਾ ਜਾਣਾ ਨਹੀਂ ਹੋਵੇਗਾ, (ਇਸ ਕਰਕੇ) ਉਸ ਇਕੋ ਹੀ ਇਕ ਦਾ ਜਾਪ ਜਪ।

(ਅਰਦਾਸ ਕਰਦੇ ਹਨ ਗੁਰੂ) ਨਾਨਕ (ਜੀ:-) ਹੇ ਕਰਨੇ ਹਾਰ ਪ੍ਰਭੂ ਕਿਰਪਾ ਕਰੋ, (ਇਨ੍ਹਾਂ) ਵਿਚਾਰੇ (ਜੀਵਾਂ) ਨੂੰ ਮੇਲ ਲਓ (ਆਪਣੇ ਨਾਲ[1])॥੩੮॥

ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥ ੧ ॥

ਹੇ ਪਾਰਬ੍ਰਹਮ! ਦੀਨਾਂ ਤੇ ਦਿਆਲ! ਪ੍ਰਿਥਵੀ ਦੇ ਪਾਲਿਕ! ਤੁਸੀਂ ਨਾਨਕ ਦੀ (ਇਕ) ਬੇਨਤੀ ਸੁਣੋ, (ਉਹ ਇਹ ਹੈ ਕਿ ਮੈਨੂੰ) ਸਾਧ ਦੀ ਚਰਨ ਧੂੜ (ਬਖਸ਼ੋ ਕਿਉਂਕਿ) ਸੁਖ ਦੌਲਤ ਤੇ ਬਹੁਤੇ ਭੋਗਾਂ ਦੇ ਰਸ (ਮੇਰੇ ਲਈ ਇਹੋ ਧੂੜੀ ਹੈ)॥੧॥

ਪਉੜੀ ॥
ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ॥
ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥
ਬੀਰਾ ਆਪਨ ਬੁਰਾ ਮਿਟਾਵੈ ॥
ਤਾਹੂ ਬੁਰਾ ਨਿਕਟਿ ਨਹੀ ਆਵੈ ॥
ਬਾਧਿਓ ਆਪਨ ਹਉ ਹਉ ਬੰਧਾ ॥
ਦੋਸੁ ਦੇਤ ਆਗਹ ਕਉ ਅੰਧਾ ॥

ਬਬਾ, ਓਹ ਬ੍ਰਾਹਮਣ ਹਨ ਜੋ ਬ੍ਰਹਮ ਨੂੰ ਜਾਣਦੇ ਹਨ। ਵੈਸ਼ਨੋ ਓਹ (ਹਨ ਜੋ) ਗੁਰੂ ਦੁਆਰਾ ਸੁੱਚੇ (=ਪਵਿੱਤ੍ਰਤਾ ਦੇ) ਧਰਮ ਵਾਲੇ ਹਨ। ਬਹਾਦਰ (ਅਰਥਾਤ ਛੱਤਰੀ ਉਹ ਹੈ ਜੋ ਮਨੋਂ) ਆਪਣਾ ਬੁਰਾ (ਸੁਭਾਵ ਯਾ ਦੂਸਰਿਆਂ ਲਈ ਬੁਰੀ ਭਾਵਨਾ) ਮਿਟਾ ਦੇਵੇ (ਫਿਰ) ਉਸ ਦੇ ਨੇੜੇ ਬੁਰਾ ਨਹੀਂ ਆਵੇਗਾ (ਭਾਵ ਉਸ ਦਾ ਬੁਰਾ ਨਹੀਂ ਹੋਵੇਗਾ। ਪਰ) ਬੰਨ੍ਹਿਆਂ ਪਿਆ ਹੈ ਜੋ (ਜੀਵ) ਆਪਣੀ ਹਉਮੈ ਦੇ ਬੰਧਨ ਵਿਚ (ਤੇ) ਅੰਧਾ ਦੋਸ਼ ਅਗਲਿਆਂ ਨੂੰ[2] ਦੇਂਦਾ ਹੈ। ਪਰ ਹੇ

੧. ਐਉਂ ਬੀ ਲਾਉਂਦੇ ਹਨ-ਮੇਲ ਲਓ ਵਿਚਾਰੇ ਨਾਨਕ ਨੂੰ।
੨. ਭਾਵ, ਦੂਸਰਿਆਂ ਨੂੰ।

ਬਾਤ ਚੀਤ ਸਭ ਰਹੀ ਸਿਆਨਪ ॥
ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥
੩੯ ॥

ਪਾਰਬ੍ਰਹਮ! ਚਲਾਕੀ ਵਾਲੀ) ਗੱਲ ਬਾਤ (ਤੇ ਮਨ ਦੀ) ਸਾਰੀ ਚਤੁਰਾਈ ਰਹਿ ਜਾਂਦੀ[1] ਹੈ; ਜਿਸ ਨੂੰ ਆਪ ਜਣਾਵੋ ਉਹੋ (ਆਪ ਨੂੰ) ਜਾਣ ਸਕਦਾ ਹੈ, (ਬਿਨੇ ਕਰਦੇ ਹਨ ਗੁਰੂ) ਨਾਨਕ (ਜੀ)॥੩੯॥

ਸਲੋਕੁ ॥ ਭੈ ਭੰਜਨ ਅਘ ਦੂਖ ਨਾਸ ਮਨਿਹ ਅਰਾਧਿ ਹਰੇ ॥
ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥ ੧ ॥

(ਹੇ ਸਿੱਖ!) ਭੈ ਦੇ ਭੰਨਣ ਵਾਲੇ, ਪਾਪਾਂ ਤੇ ਦੁੱਖਾਂ ਦੇ ਨਾਸ਼ ਕਰਨੇ ਵਾਲੇ ਹਰੀ ਨੂੰ ਮਨ ਵਿਚ ਅਰਾਧ, (ਕਿਉਂਕਿ) ਸੰਤਾਂ ਦੇ ਸੰਗ ਕਰਕੇ ਜਿਨ੍ਹਾਂ ਦੇ ਰਿਦੇ ਵਿਚ (ਉਹ) ਵੱਸਿਆ ਹੈ ਓਹ (ਫੇਰ) ਨਹੀਂ ਭਟਕੇ, (ਗੁਰੂ) ਨਾਨਕ (ਜੀ ਵਾਕ ਕਰਦੇ ਹਨ)॥੧॥

ਪਉੜੀ ॥
ਭਭਾ ਭਰਮੁ ਮਿਟਾਵਹੁ ਅਪਨਾ॥
ਇਆ ਸੰਸਾਰੁ ਸਗਲ ਹੈ ਸੁਪਨਾ॥
ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥
ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥
ਨਾਨਕ ਤੇਹ ਪਰਮ ਸੁਖ ਪਾਇਆ ॥
੪੦ ॥

"ਭ" ਆਪਣਾ ਭਰਮ ਦੂਰ ਕਰੋ, (ਕਿਉਂਕਿ) ਏਹ ਸੰਸਾਰ ਸਾਰਾ ਹੀ ਸੁਪਨਾ ਹੈ। (ਜਿਵੇਂ ਸੁਪਨੇ ਵਿਚ ਭਰਮ ਵੱਸ ਹੋਈਦਾ ਹੈ, ਉਸੇ ਤਰ੍ਹਾਂ) ਸੁਰਿ ਨਰ ਦੇਵੀ ਤੇ ਦੇਉਤੇ (ਸਭ) ਭਰਮ (ਵਿਚ) ਗ੍ਰਸੇ ਗਏ। ਸਿੱਧ ਤੇ ਸਾਧਨਾ ਕਰਨ ਵਾਲੇ (ਗੱਲ ਕੀਹ) ਬ੍ਰਹਮਾ ਵਰਗੇ[2] ਵੀ ਭਰਮੇ ਸਨ। ੭.੬. ਇਹ ਮਾਇਆ ਬੜੀ ਕਠਨ ਹੈ (ਇਹ) ਤਰਨੀ ਬਹੁਤ ਔਖੀ ਹੈ, (ਇਸ ਨੇ) ਭਰਮਾ ਭਰਮਾ ਕੇ[3] ਇਨਸਾਨ ਛਲੇ ਹਨ[4]। (ਪਰ) ਗੁਰਮੁਖਾਂ ਨੇ ਭਰਮ, ਭੈ ਤੇ ਮੋਹ (ਅਪਣਾ) ਦੂਰ ਕਰ ਲਿਆ ਹੈ, ਹੇ ਨਾਨਕ! ਉਹਨਾਂ ਨੇ ਹੀ ਪੂਰਾ ਸੁਖ ਪਾਇਆ ਹੈ[5]॥੪੦॥

ਸਲੋਕੁ ॥
ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥

ਮਾਇਆ ਕਈ ਤਰੀਕਿਆਂ ਨਾਲ ਡੋਲਦੀ ਹੈ (ਕਿਉਂਕਿ ਇਹ ਸੁਭਾਵਕ ਚੰਚਲ ਹੈ) ਤੇ ਮਨ ਉਸ (ਮਾਯਾ) ਦੇ ਨਾਲ ਚੰਬੜ ਰਿਹਾ ਹੈ (ਇਸ ਕਰਕੇ ਮਨ ਡੋਲਦਾ ਰਹਿੰਦਾ ਹੈ ਤੇ ਮਨ ਦਾ ਮਾਇਆ ਨਾਲ ਲਪਟਾਉ ਇਸ ਦੀ ਮੰਗਣਹਾਰ ਬ੍ਰਿਤੀ ਕਰਕੇ ਹੈ,

---

੧. ਭਾਵ- ਪਰ ਤੈਨੂੰ ਜਾਣਨੇ ਲਈ ਹੇ ਪਾਰਬ੍ਰਹਮ ਮਨ ਦੀ ਚਲਾਕੀ ਤੇ ਵਾਕ ਰਚਨਾ ਦੀ ਚਤੁਰਾਈ ਜੋ ਜਗਤ ਵਿਚ ਲੋਕਾਂ ਨੂੰ ਧੋਖਾ ਦੇ ਜਾਂਦੀ ਹੈ, ਕੁਛ ਨਹੀਂ ਸਾਰਦੀ।

੨. ਬ੍ਰਹਮ ਇਵ= ਬ੍ਰਹਮਾ ਵਾਂਙੂ। ਬ੍ਰਹਮਾ ਵਰਗੇ।

੩. ਭਰਮੇ ਜਾਣ ਦਾ ਭਾਵ ਹੈ ਮਾਯਾ ਦੇ ਮੋਹ ਲੈਣ ਵਾਲੇ ਸਾਮਾਨਾਂ ਨਾਲ ਉਨ੍ਹਾਂ ਨੂੰ ਸੱਤ ਤੇ ਸੁਖਦਾਇਕ ਸਮਝ ਕੇ ਉਨ੍ਹਾਂ ਦੇ ਭੋਗਣ ਵਿਚ ਲੱਗ ਜਾਣਾ।

੪. ਹਿੰਦੀ ਡਹਕਾਨਾ=ਔਕੜ ਪਾਉਣਾ, ਛਲਣਾ।

੫. ਭ੍ਰਮ ਦੇ ਦੂਰ ਕਰਨ ਦੀ ਜੁਗਤ ਸਲੋਕ ਵਿਚ ਦੱਸ ਆਏ ਹਨ- ਮਨ ਵਿਚ ਹਰੀ ਨੂੰ ਅਰਾਧਣਾ, ਸਤਿਸੰਗ ਕਰਦੇ ਰਹਿਣਾ, ਕੀਤੇ ਪਾਪ ਤੇ ਉਨ੍ਹਾਂ ਤੋਂ ਉਪਜੇ ਦੁੱਖਾਂ ਦੇ ਹਰਨੇ ਵਾਲੇ ਭੈ ਭੰਜਨ ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਲੈਣਾ।

ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥ ੧ ॥

ਪਰ ਹੇ ਪ੍ਰਭੂ! ਇਸ ਮਾਇਆ ਦੇ) ਮੰਗਣ ਤੋਂ ਜਿਸ ਨੂੰ ਤੁਸੀਂ ਬਚਾ ਲਵੋ ਉਹ ਨਾਮ ਵਿਚ ਪ੍ਰੇਮ ਵਾਲਾ (ਹੋ ਜਾਂਦਾ ਹੈ। ਭਾਵ ਉਹ ਫੇਰ ਮਾਇਆ ਨੂੰ ਨਹੀਂ ਲਪਟਦਾ, ਮੰਗ ਬ੍ਰਿਤੀ ਦੀ ਨਿਵਿਰਤੀ ਨਾਲ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ ਤੇ ਨਾਮ ਵਿਚ ਲੱਗ ਜਾਂਦਾ ਹੈ) (ਕਹਿੰਦੇ ਹਨ ਗੁਰੂ) ਨਾਨਕ॥੧॥

ਪਉੜੀ ॥ ਮਮਾ ਮਾਗਨਹਾਰ ਇਆਨਾ॥
ਦੇਨਹਾਰ ਦੇ ਰਹਿਓ ਸੁਜਾਨਾ ॥
ਜੋ ਦੀਨੋ ਸੋ ਏਕਹਿ ਬਾਰ ॥
ਮਨ ਮੂਰਖ ਕਹ ਕਰਹਿ ਪੁਕਾਰ ॥
ਜਉ ਮਾਗਹਿ ਤਉ ਮਾਗਹਿ ਬੀਆ ॥
ਜਾ ਤੇ ਕੁਸਲ ਨ ਕਾਹੂ ਥੀਆ ॥
ਮਾਗਨਿ ਮਾਗ ਤ ਏਕਹਿ ਮਾਗ ॥
ਨਾਨਕ ਜਾ ਤੇ ਪਰਹਿ ਪਰਾਗ ॥ ੪੧ ॥

'ਮ' (ਦੁਆਰਾ ਉਪਦੇਸ਼ ਹੈ, ਮਾਯਾ) ਮੰਗਣੇ ਵਾਲਾ ਮੂਰਖ ਹੈ (ਕਿਉਂਕਿ) ਦੇਣੇ ਵਾਲਾ ਸੁਜਾਨ (ਹੈ ਉਹ ਆਪੇ) ਦੇ ਰਿਹਾ ਹੈ। ਜੋ (ਉਸ ਨੇ) ਦੇਣਾ ਸੀ ਇਕੋ ਵਾਰ (ਦੇ ਛੱਡਿਆ) ਹੈ। ਹੇ ਮਨ ਮੂਰਖ! ਕਿਸ ਵਾਸਤੇ ਪੁਕਾਰ ਕਰਦਾ ਹੈਂ? (ਫਿਰ ਹੋਰ ਭੁੱਲ ਤੂੰ ਇਹ ਕਰਦਾ ਹੈਂ ਕਿ:-) ਜਦ ਤੂੰ (ਕੁਝ) ਮੰਗਦਾ ਹੈਂ ਤਾਂ (ਨਾਮ ਤੋਂ ਛੁੱਟ) ਹੋਰ ਹੀ (ਕੁਝ) ਮੰਗਦਾ ਹੈਂ ਜਿਸ (ਮੰਗਣੇ) ਤੋਂ ਕਿਸੇ ਨੂੰ ਸੁਖ ਨਹੀਂ ਹੋਇਆ! (ਭਲਾ ਜੇ ਕੋਈ) ਮੰਗ ਮੰਗਣੀ ਬੀ ਹਈ ਤਾਂ ਇਕੋ (ਨਾਮ ਦੀ ਮੰਗ) ਮੰਗ, ਹੇ ਨਾਨਕ! ਜਿਸ ਤੇ ਤੂੰ (ਸੰਸਾਰ ਸਾਗਰ ਤੋਂ) ਪਾਰ ਜਾ ਪਵੇਂ[1]॥੪੧॥

ਸਲੋਕੁ ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥ ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥ ੧ ॥

ਪੂਰੇ ਗੁਰੂ ਦਾ ਮੰਤ੍ਰ (ਜਿਨ੍ਹਾਂ ਨੇ) ਮਨ ਵਿਚ (ਧਾਰਿਆ ਹੈ, ਉਨ੍ਹਾਂ ਦੀ) ਬੁੱਧੀ ਪੂਰਨ ਹੈ, ਉਹੋ ਪਰਧਾਨ (ਸ੍ਰੇਸ਼ਟ) ਹਨ, (ਹਾਂ) ਜਿਨ੍ਹਾਂ ਨੇ ਆਪਣਾ ਪਰਮੇਸ਼ੁਰ ਜਾਣ ਲਿਆ ਹੈ, ਹੇ ਨਾਨਕ! ਉਹ ਭਾਗਾਂ ਵਾਲੇ ਹਨ॥੧॥

ਪਉੜੀ ॥ ਮਮਾ ਜਾਹੂ ਮਰਮੁ ਪਛਾਨਾ ॥
ਭੇਟਤ ਸਾਧਸੰਗ ਪਤੀਆਨਾ ॥
ਦੁਖ ਸੁਖ ਉਆ ਕੈ ਸਮਤ ਬੀਚਾਰਾ ॥
ਨਰਕ ਸੁਰਗ ਰਹਤ ਅਉਤਾਰਾ ॥

੧. ੨. 'ਮ'। ਜਿਸ ਨੇ ਭੇਤ ਪਛਾਣ ਲਿਆ ਹੈ (ਅਤੇ ਜੋ) ਸਾਧ ਦਾ ਸੰਗ ਭੇਟ ਕੇ ਪਤੀਜਿਆ ਹੈ, ੩.੪. ਦੁਖ (ਤੇ) ਸੁਖ ਉਸ ਦੇ (ਰਿਦੇ ਵਿਚ) ਇਕ ਸਮਾਨ ਵੀਚਾਰਿਆ ਗਿਆ ਹੈ[2]। (ਉਹ) ਨਰਕ ਸੁਰਗ ਵਿਚ (ਅਉਤਾਰ ਹੋਣ ਭਾਵ) ਉਤਰਨ ਤੋਂ ਰਹਿਤ ਹੋ ਗਿਆ ਹੈ[3]। ੬.੫. (ਉਸ

---

੧. ਪਾਰ ਦਾ ਹੀ ਇਕ ਰੂਪ 'ਪਰਾਗ' ਹੈ। (ਅ) ਪਰਾ=ਪਰੇ, ਗ=ਜਾ। ਪਰਹਿ=ਪਵੇਂ। ਪਰੇ ਜਾ ਪਵੇਂ। (ੲ) ਸੰਸ:, ਪਰਾਗ=ਪਾਰ, ਮਨ ਦੀ ਰੁਚੀ ਅਨੁਸਾਰ ਟੁਰਨਾ। ਸੁਤੰਤਰਤਾ।

੨. ਭਾਵ, ਦੁਖ ਸੁਖ ਨੂੰ ਇਕੋ ਜਿਹਾ ਜਾਣਦਾ ਹੈ।

੩. (ਅ) ਨਰਕ ਤੋਂ, ਸੁਰਗ ਤੋਂ, ਤੇ ਅਵਤਰਣ (ਭਾਵ ਜਨਮ ਮਰਨ) ਤੋਂ ਰਹਿਤ ਹੈ।

ਤਾਹੂ ਸੰਗ ਤਾਹੂ ਨਿਰਲੇਪਾ ॥
ਪੂਰਨ ਘਟ ਘਟ ਪੁਰਖ ਬਿਸੇਖਾ ॥
ਉਆ ਰਸ ਮਹਿ ਉਆਹੂ ਸੁਖੁ ਪਾਇਆ॥ ਨਾਨਕ ਲਿਪਤ ਨਹੀ ਤਿਹ ਮਾਇਆ ॥ ੪੨ ॥

ਨੇ) ਘਟ ਘਟ ਵਿਚ ਪੂਰਨ ਪੁਰਖ ਨੂੰ ਪਛਾਣ ਲਿਆ ਹੈ[੧]। (ਹਾਂ) ਉਸ ਨੂੰ ਜੋ (ਘਟ ਘਟ ਵਿਚ ਹੋਣ ਕਰਕੇ) ਸੰਗ ਹੈ ਤੇ (ਨਿਰਗੁਣ ਹੋਣ ਕਰਕੇ) ਅਸੰਗ ਹੈ। ੭.੮. ਉਸ (ਦੇ ਮਿਲਾਪ ਦੇ) ਰਸ ਵਿਚ ਉਸੇ ਨੇ ਹੀ ਸੁਖ ਪਾਇਆ ਹੈ। ਹੇ ਨਾਨਕ! (ਹੁਣ ਮੁੜ ਕੇ) ਉਸ ਨੂੰ ਮਾਇਆ ਨਹੀਂ ਲ਼ਿਪਾਇਮਾਨ ਕਰ ਸਕਦੀ॥੪੨॥

ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥
ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੧ ॥

ਹੇ ਯਾਰੋ, ਮਿਤਰੋ ਤੇ ਸੱਜਣੋਂ! ਸੁਣੋਂ, ਬਿਨਾਂ ਪਰਮੇਸ਼ੁਰ ਦੇ ਛੁਟਕਾਰਾ ਨਹੀਂ (ਮਿਲਦਾ), (ਕੇਵਲ) ਉਸ ਦੇ ਬੰਧਨ ਕੱਟੇ ਜਾਂਦੇ ਹਨ (ਜੋ ਆਪ ਨੂੰ) ਗੁਰੂ ਦੀ ਚਰਨੀਂ ਪਾਉਂਦਾ ਹੈ (ਐਉਂ ਉਚਾਰਦੇ ਹਨ ਗੁਰੂ) ਨਾਨਕ (ਦੇਵ ਜੀ)॥੧॥

ਪਵੜੀ ॥
ਯਯਾ ਜਤਨ ਕਰਤ ਬਹੁ ਬਿਧੀਆ ॥
ਏਕ ਨਾਮ ਬਿਨੁ ਕਹ ਲਉ ਸਿਧੀਆ ॥
ਯਾਹੂ ਜਤਨ ਕਰਿ ਹੋਤ ਛੁਟਾਰਾ ॥
ਉਆਹੂ ਜਤਨ ਸਾਧ ਸੰਗਾਰਾ ॥
ਯਾ ਉਬਰਨ ਧਾਰੈ ਸਭੁ ਕੋਊ ॥
ਉਆਹਿ ਜਪੇ ਬਿਨੁ ਉਬਰ ਨ ਹੋਊ ॥
ਯਾਹੂ ਤਰਨ ਤਾਰਨ ਸਮਰਾਥਾ ॥
ਰਾਖਿ ਲੇਹੁ ਨਿਰਗੁਨ ਨਰਨਾਥਾ ॥
ਮਨ ਬਚ ਕ੍ਰਮ ਜਿਹ ਆਪਿ ਜਨਾਈ ॥
ਨਾਨਕ ਤਿਹ ਮਤਿ ਪ੍ਰਗਟੀ ਆਈ ॥ ੪੩ ॥

"ਯਯਾ"। (ਤੁਸੀਂ) ਬਹੁਤ ਪ੍ਰਕਾਰ ਦੇ ਜਤਨ ਕਰਦੇ ਹੋ (ਪਰ ਦੱਸੋ) ਇਕ ਨਾਮ ਤੋਂ ਬਿਨਾ ਸਿੱਧੀ[੨] ਕਿਥੋਂ (ਯਾ ਕਿਵੇਂ ਪ੍ਰਾਪਤ ਕਰੋਗੇ?) ਇਸੇ ਜਤਨ ਕਰਕੇ ਛੁਟਕਾਰਾ ਹੁੰਦਾ ਹੈ, ਉਹ ਜਤਨ ਸਾਧ ਸੰਗ ਵਿਚੋਂ ਹੀ (ਪ੍ਰਾਪਤ ਹੁੰਦਾ) ਹੈ। ਇਸ ਉਬਰਨ (ਉਧਰਨ) ਦੀ ਇੱਛਾ[੩] ਸਭ ਕੋਈ ਧਾਰਦਾ ਹੈ। (ਪਰ) ਉਸ (ਪਰਮੇਸ਼ੁਰ) ਨੂੰ ਜਪੇ ਬਿਨ ਉਬਰਨਾ[੪] ਨਹੀਂ ਹੋਵੇਗਾ। (ਹੇ ਪ੍ਰਭੋ!) ਇਸ (ਸੰਸਾਰ) ਤੋਂ ਤਾਰਨ ਨੂੰ (ਕੇਵਲ ਆਪ) ਜਹਾਜ਼[੫] (ਵਾਂਙੂ) ਸਮਰਥ ਹੋ। ਹੇ ਮਹਾਰਾਜ਼[੬]! ਗੁਣ ਹੀਨਾਂ ਨੂੰ ਰੱਖ ਲਵੋ। (ਹੇ ਨਾਥ) ਜਿਸ ਨੂੰ ਆਪ ਮਨ, ਬਚਨ ਤੇ ਕਰਮ ਕਰਕੇ ਜਣਾਉਂਦੇ ਹੋ (ਸੁਮਤਿ ਦਿੰਦੇ ਹੋ), ਉਸ ਦੀ ਬੁੱਧੀ ਪ੍ਰਕਾਸ਼ਮਾਨ ਹੋ ਜਾਂਦੀ ਹੈ[੭] ਹੇ ਨਾਨਕ॥੪੩॥

---

੧. ਐਉਂ ਬੀ ਲਾਉਂਦੇ ਹਨ: ਉਸ (ਮਾਯਾ) ਦੇ (ਓਟ) ਨਾਲ ਬੀ ਹੈ, ਉਸ ਤੋਂ ਨਿਰਲੇਪ ਬੀ ਹੈ, (ਉਸ ਨੇ) ਘਟ ਘਟ ਵਿਚ ਪੂਰਨ ਪੁਰਖ ਨੂੰ ਵਿਸ਼ੇਸ਼ ਕਰਕੇ (ਲਖ ਲਿਆ ਹੈ)। ਇਸ ਤੁਕ ਵਿਚ 'ਬਿਸ਼ੇਖਾ' ਪਦ ਕ੍ਰਿਆ ਹੈ। ਵਿਸੈਖਾ=ਪਛਾਣਿਆ ਹੈ। ਹੋਰਨਾਂ ਤੋਂ ਫਰਕ ਕਰਕੇ ਸਮਝ ਲਿਆ ਹੈ। (ਸੰਸ:, ਵਿਸ਼ੇਖ=ਪਹਿਚਾਨ। ਨਿਖੇੜਵੀਂ ਸਮਝ। (ਸੰ:ਸ਼: ਕੋਸਤਭ।
੨. 'ਸਿਧੀਆਂ' ਤੋਂ ਭਾਵ ਪੂਰਨਤਾ ਦਾ ਹੈ। ਸਿਰੇ ਚੜ੍ਹਨ ਦੀ ਰੱਲ। ਮੋਖ ਰੂਪੀ ਸਿਧੀ ਭਾਵ ਲੈਂਦੇ ਹਨ।
੩. ਸੰਸਾਰ ਸਾਗਰ ਤੋਂ ਤਰ ਜਾਣੇ ਦੀ ਇੱਛਾ।
੪. ਤਰ ਜਾਣਾ।
੫. ਤਰਨ=ਜਹਾਜ਼। ਤਾਰਨ=ਤਾਰਨੇ ਨੂੰ।
੬. ਨਰ ਨਾਥ=ਨਰਾਂ ਦਾ ਸੁਆਮੀ, ਰਾਜਾ ਮਹਾਰਾਜਾ।
੭. ਭਾਵ-ਪਰਮਾਤਮਾ ਨੂੰ ਅਨੁਭਵ ਕਰਨ ਵਾਲੀ ਬੁੱਧੀ।

ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ
ਆਪਨ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ
ਨਦਰੀ ਪਾਰਿ ॥ ੧ ॥

ਕਿਸੇ ਨਾਲ ਗੁੱਸਾ ਨਾ ਕਰੋ, (ਸਗੋਂ) ਆਪਣੇ ਆਪ ਨੂੰ ਵਿਚਾਰੋ[੧]। ਨਿਮਾਣਾ ਹੋ ਕੇ ਜਗਤ ਵਿਚ ਰਹੋ (ਕਿਉਂਕਿ) ਪਾਰ ਤਾਂ (ਪਰਮੇਸ਼ੁਰ ਦੀ) ਕ੍ਰਿਪਾ ਦ੍ਰਿਸ਼ਟੀ ਨਾਲ ਹੋਣਾ ਹੈ, ਹੇ ਨਾਨਕ! ॥੧॥

ਪਉੜੀ ॥
ਰਾਰਾ ਰੇਨ ਹੋਤ ਸਭ ਜਾ ਕੀ॥
ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥
ਰਣਿ ਦਰਗਹਿ ਤਉ ਸੀਝਹਿ ਭਾਈ ॥
ਜਉ ਗੁਰਮੁਖਿ ਰਾਮ ਨਾਮ ਲਿਵ ਲਾਈ॥
ਰਹਤ ਰਹਤ ਰਹਿ ਜਾਹਿ ਬਿਕਾਰਾ ਗੁਰ
ਪੂਰੇ ਕੈ ਸਬਦਿ ਅਪਾਰਾ ॥
ਰਾਤੇ ਰੰਗ ਨਾਮ ਰਸ ਮਾਤੇ ॥
ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥

੨. ੧. ਰਾਰੇ (ਦੁਆਰਾ ਉਪਦੇਸ਼ ਹੈ ਕਿ) ਅਭਿਮਾਨ ਛੱਡ ਦੇਹ (ਤੇ ਧੂੜੀ ਹੋ ਜਾ ਉਸ ਪ੍ਰਭੂ ਦੀ ਕਿ) ਜਿਸ ਦੀ ਧੂੜੀ ਸਾਰੇ (ਪਏ) ਹੁੰਦੇ ਹਨ (ਤਾਂ ਜੋ) ਤੇਰੀ ਬਾਕੀ[੨] ਛੁਟ ਜਾਵੇ। ੩.੪. ਦਰਗਾਹ (ਰੂਪੀ) ਰਣ ਵਿਚ ਹੇ ਭਾਈ! ਤਦ ਜਿੱਤ ਪਾਵੇਂਗਾ ਜੇ ਗੁਰੂ ਦੁਆਰਾ ਰਾਮ ਨਾਮ ਵਿਚ ਲਿਵ ਲਾਵੇਂਗਾ। ੫.੬. (ਵਿਕਾਰਾਂ ਤੋਂ ਨਿਰਾਸ ਨਾ ਹੋ) ਪੂਰੇ ਗੁਰੂ ਦੇ ਅਪਾਰ[੩] ਸ਼ਬਦ (ਦੇ ਪ੍ਰਤਾਪ) ਕਰਕੇ ਦੂਰ ਹੁੰਦੇ ਹੁੰਦੇ ਵਿਕਾਰ (ਮੂਲੋਂ) ਦੂਰ ਹੋ ਜਾਣਗੇ[੪]। ੮.੭. ਹੇ ਨਾਨਕ! ਹਰੀ ਤੇ ਗੁਰੂ ਨੇ (ਜਿਨ੍ਹਾਂ ਉਤੇ) ਦਾਤ ਕੀਤੀ ਹੈ (ਓਹ) ਨਾਮ ਦੇ ਪ੍ਰੇਮ ਵਿਚ ਰਚੇ ਹਨ (ਤੇ ਇਸ ਦੇ) ਰਸ ਵਿਚ ਮਸਤ ਹੋਏ ਹਨ॥੪੪॥

ਸਲੋਕੁ ॥ ਲਾਲਚ ਝੂਠ ਬਿਖੈ ਬਿਆਧਿ
ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ
ਨਾਨਕ ਸੂਖਿ ਨਿਵਾਸ ॥ ੧ ॥

ਇਸ ਦੇਹੀ ਵਿਚ ਲਾਲਚ, ਝੂਠ, ਵਿਸ਼ਿਆਂ (ਤੇ ਇਨ੍ਹਾਂ ਦੇ ਕਾਰਨ ਤੋਂ ਉਪਜੇ ਦੁੱਖਾਂ ਤੇ) ਰੋਗਾਂ ਦਾ ਵਾਸਾ ਹੈ[੫], (ਪਰ) ਗੁਰਮੁਖਾਂ ਨੇ ਹਰੀ ਹਰਿ (ਨਾਮ ਰੂਪੀ) ਅੰਮ੍ਰਿਤ ਪੀਤਾ ਹੈ, (ਉਹਨਾਂ ਦੇ ਅੰਦਰ) ਸੁਖ ਨੇ ਨਿਵਾਸ ਕੀਤਾ ਹੈ, ਹੇ ਨਾਨਕ! ॥੧॥

---

੧. ਭਾਵ-ਜੇ ਤੁਸਾਂ ਨੂੰ ਕੋਈ ਦੋਸ਼ ਲਾਵੇ ਤਾਂ ਉਸ ਨਾਲ ਰੁਸੇਵਾਂ ਕਰਨ ਦੀ ਥਾਂ 'ਆਪਾ ਚੀਨਣ' ਦਾ ਸੁਭਾਓ ਬਣਾਓ, ਜੋ ਅਪਣੇ ਦੂਸ਼ਣ ਘੱਟਣ, ਅਹੰਕਾਰ ਦੂਰ ਹੋਵੇ। ਇਹ ਭਾਵ ਬੀ ਨਿਕਲਦਾ ਹੈ ਕਿ ਦੂਸਰੇ ਨੂੰ ਅਪਣੇ ਵਰਗਾ ਜਾਣੇ ਤਾਂ ਕਿਸੇ ਉਤੇ ਗੁੱਸਾ ਨਾ ਆਵੇ ਜਿਵੇਂ ਆਪਣੇ ਆਪ ਤੇ ਗੁੱਸਾ ਨਹੀਂ ਆਉਂਦਾ।

੨. ਕਰਮਾਂ ਦੀ ਬਾਕੀ, ਜਿਨ੍ਹਾਂ ਕਰਮਾਂ ਨੇ ਅਜੇ ਫਲ ਦੇਣੇ ਹਨ।

੩. ਅਪਾਰ ਨੂੰ (ਜਾਣ ਲਈਦਾ ਹੈ) ਬੀ ਅਰਥ ਕਰਦੇ ਹਨ।

੪. ਸੰਪ੍ਰਦਾ ਵਿਚ ਇਸ ਦੇ ਇਹ ਅਰਥ ਬੀ ਲਾਉਂਦੇ ਹਨ-ਪੂਰੇ ਗੁਰੂ ਦੇ ਸ਼ਬਦ ਨਾਲ ਤੇ (ਉਸ ਦੀ ਦੱਸੀ ਰਹਿਤ ਰਹਿਣ ਨਾਲ (ਭਾਵ ਧਾਰਨ ਨਾਲ) ਵਿਕਾਰ ਹਟ ਜਾਣਗੇ।

੫. (ਅ) ਲਾਲਚ ਤੇ ਝੂਠ ਇਹ ਬਿਖ ਤੇ ਬਿਆਧੀਆਂ ਹਨ, ਜਿਨ੍ਹਾਂ ਕਰਕੇ (ਜੀਵ ਦਾ ਬਾਰ ਬਾਰ) ਇਸ ਦੇਹੀ ਵਿਚ ਵਾਸਾ ਹੁੰਦਾ ਹੈ।

ਪਉੜੀ ॥ ਲਲਾ ਲਾਵਉ ਅਉਖਧ ਜਾਹੂ॥
ਦੂਖ ਦਰਦ ਤਿਹ ਮਿਟਹਿ ਖਿਨਾਹੂ॥
ਨਾਮ ਅਉਖਧੁ ਜਿਹ ਰਿਦੈ ਹਿਤਾਵੈ॥
ਤਾਹਿ ਰੋਗੁ ਸੁਪਨੈ ਨਹੀ ਆਵੈ॥
ਹਰਿ ਅਉਖਧੁ ਸਭ ਘਟ ਹੈ ਭਾਈ॥
ਗੁਰ ਪੂਰੇ ਬਿਨੁ ਬਿਧਿ ਨ ਬਨਾਈ॥
ਗੁਰਿ ਪੂਰੈ ਸੰਜਮੁ ਕਰਿ ਦੀਆ॥
ਨਾਨਕ ਤਉ ਫਿਰਿ ਦੂਖ ਨ ਥੀਆ॥
੪੫ ॥

"ਲਲਾ"। ਜਿਸ ਨੂੰ (ਨਾਮ ਰੂਪੀ) ਦਵਾ ਲਾਉਂਦੇ ਹੋ, ਉਸ ਦੇ ਦੁਖ ਤੇ ਪੀੜਾ ਪਲ ਵਿਚ ਮਿਟ ਜਾਂਦੇ ਹਨ। ਨਾਮ (ਰੂਪੀ) ਦਵਾਈ ਜਿਸ ਦੇ ਰਿਦੇ ਵਿਚ ਪਿਆਰੀ ਲੱਗ ਜਾਵੇ, ਉਸ ਨੂੰ ਸੁਪਨੇ ਵਿਚ ਵੀ ਰੋਗ ਨਹੀਂ ਆਉਂਦਾ। ਹੇ ਭਾਈ! (ਇਹ) ਹਰੀ (ਰੂਪੀ) ਦਵਾਈ[੧] ਸਭ ਸਰੀਰਾਂ ਵਿਖੇ ਹੈ[੨]। ਪਰ ਪੂਰੇ ਗੁਰੂ ਤੋਂ ਬਿਨਾ (ਇਸ ਦੇ ਵਰਤਣ ਦੀ) ਜੁਗਤ ਨਹੀਂ ਬਣਦੀ। ਜਦ ਪੂਰੇ ਗੁਰੂ ਨੇ ਪੱਥ ਕਰ ਦਿੱਤਾ[੩], (ਕਹਿੰਦੇ ਹਨ ਗੁਰੂ) ਨਾਨਕ, ਤਦ ਫੇਰ (ਕੋਈ) ਦੁਖ ਨਾ ਹੋਇਆ॥੪੫॥

ਸਲੋਕੁ ॥ ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥੧॥

ਅਕਾਲ ਪੁਰਖ[੪] ਸਭ ਵਿਖੇ (ਪੂਰਨ ਹੈ) ਕਿਸੇ ਥਾਂ ਊਣਾ ਨਹੀਂ[੫], ਅੰਦਰ ਬਾਹਰ (ਸਭ ਦੇ) ਨਾਲ ਹੈ, (ਉਸ ਤੋਂ) ਹੇ ਨਾਨਕ! ਕੀ ਲੁਕਾਉ ਹੈ?॥੧॥

ਪਉੜੀ॥ ਵਵਾ ਵੈਰੁ ਨ ਕਰੀਐ ਕਾਹੂ॥
ਘਟ ਘਟ ਅੰਤਰਿ ਬ੍ਰਹਮ ਸਮਾਹੂ॥
ਵਾਸੁਦੇਵ ਜਲ ਥਲ ਮਹਿ ਰਵਿਆ॥
ਗੁਰ ਪ੍ਰਸਾਦਿ ਵਿਰਲੈ ਹੀ ਗਵਿਆ॥
ਵੈਰ ਵਿਰੋਧ ਮਿਟੇ ਤਿਹ ਮਨ ਤੇ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥
ਵਰਨ ਚਿਹਨ ਸਗਲਹ ਤੇ ਰਹਤਾ॥

"ਵਵੇ" (ਦੁਆਰਾ ਉਪਦੇਸ਼ ਹੈ) ਕਿਸੇ ਨਾਲ ਵੈਰ ਨਾ ਕਰੀਏ, (ਕਿਉਂਕਿ) ਘਟ ਘਟ (ਹਰ ਦਿਲ) ਵਿਚ ਬ੍ਰਹਮ ਸਮਾ ਰਿਹਾ ਹੈ। ਵਾਸੁਦੇਵ ਜਲ ਥਲ ਵਿਖੇ ਵਿਆਪ ਰਿਹਾ ਹੈ, (ਪਰ) ਗੁਰੂ ਦੀ ਕ੍ਰਿਪਾ ਨਾਲ (ਕਿਸੇ) ਵਿਰਲੇ ਨੇ ਹੀ ਉਸ ਨੂੰ ਜਾਣਿਆਂ ਹੈ[੬]! ਜੋ ਗੁਰਮੁਖ (ਹਰੀ ਦਾ) ਕੀਰਤਨ ਸੁਣਦੇ ਹਨ, ਉਹਨਾਂ ਦੇ ਮਨ ਤੋਂ ਵੈਰ ਵਿਰੋਧ ਮਿਟ ਜਾਂਦੇ ਹਨ। (ਉਹ) ਗੁਰਮੁਖ ਵਰਨ ਚਿਹਨ ਸਭ ਤੋਂ ਰਹਿਤ

---

੧. ਦਵਾਈ ਰੂਪ ਹਰੀ।

੨. ਜਾਂ ਸਭ ਹ੍ਰਿਦਿਆਂ ਵਿਚ ਹੈ।

੩. ਭਾਵ, ਪੂਰੇ ਗੁਰੂ ਨੇ ਨਾਮ ਰੂਪੀ ਦਵਾਈ ਵਿਧਿ ਨਾਲ ਦੇ ਕੇ ਵਰਤਣ ਦੀ ਮਰਿਯਾਦਾ ਤੇ ਪੱਥ ਕੁਪੱਥ ਸਮਝਾ ਦਿੱਤੇ ਤਦ ਦੁਖ ਦੂਰ ਹੋ ਗਏ!

੪. ਵਾਸੁਦੇਵ= ਸਭ ਵਿਚ ਨਿਵਾਸ ਕਰਕੇ ਸਭ ਨੂੰ ਪ੍ਰਕਾਸ਼ਨ ਵਾਲਾ, ਵਾਹਿਗੁਰੂ (ਵਸ=ਨਿਵਾਸੇ, ਦਿਵ=ਦਯੁਤਿ, ਪ੍ਰਕਾਸ਼ਨ ਵਾਲਾ)। ੨. ਵਾਸੁਦੇਵ ਦਾ ਪੁਤ੍ਰ-ਕ੍ਰਿਸ਼ਨ, ਭਾਵ ਵਾਹਿਗੁਰੂ ਤੋਂ ਹੈ ਜੋ ਸਾਰੇ ਵਿਆਪਕ ਹੈ।

੫. ਕੋਈ ਥਾਂ ਐਸਾ ਨਹੀਂ ਜਿਥੇ ਓਹ ਘੱਟ ਹੈ ਯਾ ਨਹੀਂ ਹੈ!

੬. ਗਵਿਆ=ਜਾਣਿਆ, ਬੁੱਝਿਆ। (ਸੰਸ:, ਗਤ-ਜਾਣਨਾ, ਜਾਣਾ ਆਦਿ)।

ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥ ੪੬ ॥

ਹੈ[1] ਜੋ ਹਰੀ ਹਰੀ (ਸ਼ਬਦ) ਕਹਿੰਦਾ ਹੈ, ਹੇ ਨਾਨਕ! ॥੪੬॥

ਸਲੋਕੁ ॥ ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥
ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥ ੧ ॥

ਮੂਰਖ ਤੇ ਅਜਾਣ ਸਾਕਤਾਂ[2] ਦੀ (ਉਮਰਾ) ਮੈਂ ਮੈਂ ਕਰਦੇ ਹੀ ਬੀਤਦੀ ਹੈ। (ਉਹ ਅਪਣੀ) ਕੀਤੀ ਕਮਾਈ ਅਨੁਸਾਰ ਰੜਕ ਕੇ ਮਰ ਜਾਂਦੇ ਹਨ, ਜਿਕੁਰ (ਬਨ ਵਿਚ) ਤ੍ਰਿਹਾਇਆ (ਤੜਫ ਕੇ ਮਰਦਾ ਹੈ) ਹੇ ਨਾਨਕ! ॥੧॥

ਪਉੜੀ ॥
ੜਾੜਾ ੜਾੜਿ ਮਿਟੈ ਸੰਗਿ ਸਾਧੂ ॥
ਕਰਮ ਧਰਮ ਤਤੁ ਨਾਮ ਅਰਾਧੂ ॥
ਰੂੜੋ ਜਿਹ ਬਸਿਓ ਰਿਦ ਮਾਹੀ ॥
ਉਆ ਕੀ ੜਾੜਿ ਮਿਟਤ ਬਿਨਸਾਹੀ ॥
ੜਾੜਿ ਕਰਤ ਸਾਕਤ ਗਾਵਾਰਾ ॥
ਜੇਹ ਹੀਐ ਅਹੰਬੁਧਿ ਬਿਕਾਰਾ ॥
ੜਾੜਾ ਗੁਰਮੁਖਿ ੜਾੜਿ ਮਿਟਾਈ ॥
ਨਿਮਖ ਮਾਹਿ ਨਾਨਕ ਸਮਝਾਈ॥੪੭॥

"ੜ"। ਸਾਧੂ ਦੇ ਸੰਗ ਵਿਚ (ਸਭ ਤਰ੍ਹਾਂ ਦਾ) ਝਗੜਾ[3] ਮਿਟ ਜਾਂਦਾ ਹੈ! (ਕਿਉਂਕਿ ਉਹਨਾਂ ਦੇ ਸੰਗ ਕਰਕੇ) ਕਰਮਾਂ ਧਰਮਾਂ ਦਾ ਤੱਤ (ਜੋ ਪਰਮੇਸ਼ੂਰ ਦਾ) ਨਾਮ ਹੈ ਸੋ) ਅਰਾਧੀਦਾ ਹੈ, (ਇਹ) ਸੁੰਦਰ (ਵਾਹਿਗੁਰੂ ਨਾਮ) ਜਿਸ ਦੇ ਹਿਰਦੇ ਵਿਚ ਵਸ ਜਾਂਦਾ ਹੈ, ਉਸ ਦੀ ੜਾੜ (ਲੜਾਈ) ਮਿਟ ਜਾਂਦੀ ਹੈ ਤੇ ਨਾਸ਼ ਹੋ ਜਾਂਦੀ ਹੈ। ਮੂਰਖ ਸਾਕਤ ਝਗੜਾ ਕਰਦਾ ਹੈ, ਜਿਸ ਦੇ ਮਨ ਵਿਚ ਅਹੰਬੁਧਿ[4] ਦਾ ਵਿਕਾਰ ਹੈ। ੜਾੜੇ (ਦੁਆਰਾ ਕਹਿੰਦੇ ਹਨ ਕਿ ਜਿਸ) ਗੁਰਮੁਖ ਨੇ (ਅੰਦਰਲਾ) ਝਗੜਾ ਮਿਟਾ ਲਿਆ, (ਉਸ ਨੂੰ) ਪਲ ਵਿਖੇ ਸਮਝ ਆ ਗਈ ਹੈ (ਤੱਤ ਸਰੂਪ ਦੀ), ਹੇ ਨਾਨਕ! ॥੪੭॥

ਸਲੋਕੁ ॥ ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ

ਹੇ ਮਨ! ਸਾਧੂ ਦੀ ਓਟ ਲੈ, ਉਕਤਾਂ[5] ਤੇ ਸਿਆਣਪਾਂ[5] ਛੱਡ, (ਤੇ ਦੀਖਯਾ ਦੀ ਕਮਾਈ ਕਰ), (ਕਿਉਂਕਿ) ਗੁਰ ਦੀਖਯਾ[6] ਜਿਸ ਦੇ ਮਨ ਵਿਚ ਵਸਦੀ ਹੈ (ਉਸ ਦੇ) ਮੱਥੇ ਉਤੇ (ਜਾਣੋ)

---

੧. ਭਾਵ, ਉਸ ਨੂੰ ਜਾਤ, ਰੰਗ, ਯਾ ਤਿਲਕ, ਛਾਪ ਆਦਿ ਸੰਪ੍ਰਦਾਇਕ ਚਿੰਨ੍ਹਾਂ ਦੀ ਲੋੜ ਨਹੀਂ ਹੁੰਦੀ। ਭਗਤੀ ਮਾਰਗ ਵਿਚ ਜਾਤ ਆਦਿ ਦੀ ਨਿਵਿਰਤੀ ਹੈ।

੨. ਵਾਹਿਗੁਰੂ ਤੋਂ ਵਿਮੁਖਾਂ ਦੀ। ਸਾਕਤ ਪਦ ਬਹੁ ਬਚਨ ਹੈ। ਅਗਲੀ ਸਤਰ ਵਿਚ 'ਮੁਏ' ਬਹੁ ਬਚਨ ਕ੍ਰਿਯਾ ਪਈ ਹੈ।

੩. ਰਾਰ, ਝਗੜਾ, ਲੜਾਈ। ਮਿਟਤ ਦਾ ਭਾਵ ਹੈ ਕਿ ਉਨ੍ਹਾਂ ਦੇ ਅੰਦਰਲੇ ਝਗੜੇ, ਸ਼ਾਂਤੀ ਹੋ ਜਾਣ ਕਰਕੇ, ਮਿਟ ਜਾਂਦੇ ਹਨ ਅਤੇ ਅੰਦਰਲੇ ਮਿਟ ਜਾਣ ਕਰਕੇ ਬਾਹਰਲੇ ਆਪੇ ਨਾਸ਼ ਹੋ ਜਾਂਦੇ ਹਨ।

੪. ਅਭਿਮਾਨ ਵਾਲੀ ਬੁਧਿ।

੫. ਉਕ੍ਤਿ (ਉਕਤਿ)=ਕਹਿਣੀ, ਚਮਤਕਾਰੀ ਗੱਲਾਂ। ਸਿਆਣਪ=ਚਲਾਕੀਆਂ ਦੀਆਂ ਸੋਚਾਂ।

੬. ਭਾਵ ਹੈ ਗੁਰੂ ਦਾ ਦਿਤਾ ਨਾਮ ਜਿਸ ਦੇ ਮਨ ਵਿਚ ਵਸਦਾ ਹੈ। ਸਿੰਘਾਂ ਵਿਚ ਹੁਣ ਗੁਰ ਦੀਖਯਾ ਸੰਸਕਾਰ, ਅੰਮ੍ਰਿਤ ਸੰਸਕਾਰ ਦੁਆਰਾ ਹੁੰਦਾ ਹੈ।

ਮਸਤਕਿ ਭਾਗੁ ॥ ੧ ॥

ਭਾਗ ਹੁੰਦੇ ਹਨ[1], ਨਾਨਕ (ਗੁਰੂ ਜੀ ਕਹਿੰਦੇ ਹਨ)॥੧॥

ਪਉੜੀ ॥ ਸਸਾ ਸਰਨਿ ਪਰੇ ਅਬ ਹਾਰੇ॥
ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥
ਸੋਧਤ ਸੋਧਤ ਸੋਧਿ ਬੀਚਾਰਾ ॥
ਬਿਨੁ ਹਰਿ ਭਜਨ ਨਹੀ ਛੁਟਕਾਰਾ॥
ਸਾਸਿ ਸਾਸਿ ਹਮ ਭੂਲਨਹਾਰੇ ॥
ਤੁਮ ਸਮਰਥ ਅਗਨਤ ਅਪਾਰੇ ॥
ਸਰਨਿ ਪਰੇ ਕੀ ਰਾਖੁ ਦਇਆਲਾ ॥
ਨਾਨਕ ਤੁਮਰੇ ਬਾਲ ਗੁਪਾਲਾ ॥ ੪੮ ॥

"ਸਸੇ" (ਦੁਆਰਾ ਉਪਦੇਸ਼ ਹੈ ਕਿ) ਹੁਣ ਹਾਰ ਗਏ ਹਾਂ (ਤੇ ਹੇ ਪ੍ਰਭੂ! ਆਪ ਦੀ) ਸ਼ਰਨ ਪਏ ਹਾਂ। ਸ਼ਾਸਤ੍ਰ ਸਿੰਮਰਤੀਆਂ ਤੇ ਵੇਦ (ਬੀ) ਪੁਕਾਰਦੇ ਹਨ, (ਅਸਾਂ ਬੀ) ਸੋਧਦਿਆਂ ਸੋਧਦਿਆਂ (ਅੰਤ) ਸੋਧ ਕੇ[2] (ਇਹੋ) ਵਿਚਾਰਿਆ ਹੈ (ਕਿ) ਹਰੀ ਦੇ ਭਜਨ ਬਿਨਾਂ ਛੁਟਕਾਰਾ ਨਹੀਂ ਹੈ। (ਹੇ ਪ੍ਰਭੂ!) ਅਸੀਂ ਸੁਆਸ ਸੁਆਸ ਭੁੱਲਣਹਾਰ ਹਾਂ, ਤੁਸੀਂ ਸਮਰੱਥ ਹੋ, ਗਿਣਤੀਆਂ ਅਤੇ ਪਾਰ ਤੋਂ ਰਹਿਤ ਹੋ। ਹੇ ਦਿਆਲ! ਸ਼ਰਨ ਪਏ ਦੀ (ਲਾਜ) ਰਖੋ। ਹੇ ਨਾਨਕ! (ਅਸੀਂ) ਤੁਹਾਡੇ ਬਾਲ ਗੁਪਾਲ ਹਾਂ[3]॥੪੮॥

ਸਲੋਕੁ ॥ ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥

ਖੁਦੀ ਦੂਰ ਹੋਈ ਤਾਂ ਮਨ ਤੇ ਤਨ (ਦੋਵੇਂ) ਨਰੋਏ ਤੇ ਸੁਖੀ ਹੋ ਗਏ ਤੇ ਉਸਤਤ ਕਰਨੇ ਜੋਗ (ਵਾਹਿਗੁਰੂ) ਦਿਸ ਪਿਆ ਹੈ, ਹੇ ਨਾਨਕ!॥੧॥

ਪਉੜੀ ॥ ਖਖਾ ਖਰਾ ਸਰਾਹਉ ਤਾਹੂ ॥
ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥

"ਖ"। ਚੰਗੀ ਤਰ੍ਹਾਂ ਸਿਫਤ ਸਲਾਹ ਕਰਾਂ ਉਸ (ਭਗਵੰਤ) ਦੀ, ਜੋ ਪਲ ਵਿਚ ਸਖਣੇ (ਥਾਂ) ਲਬਾ ਲਬ ਭਰ ਦੇਂਦਾ ਹੈ।

---

੧. ਜਿਸ ਦੇ ਮਸਤਕ ਤੇ ਭਾਗ ਹੁੰਦੇ ਹਨ, ਗੁਰਦੀਖਯਾ ਉਸ ਦੇ ਮਨ ਵਿਚ ਵਸਦੀ ਹੈ ਭਾਵ ਓਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਮਨ ਵਿਚ ਵਸ ਜਾਵੇ। ਨਾਮ ਮਨ ਵਿਚ ਵਸੇ, ਇਸ ਲਈ ਜ਼ਰੂਰੀ ਹੈ ਕਿ ਮਨ ਹੁੱਜਤਾਂ ਤੇ ਫੋਕੀਆਂ ਦਲੀਲਬਾਜ਼ੀਆਂ ਛਡ ਦੇਵੇ।

੨. ਪਹਿਲੀ ਤੁਕ ਵਿਚ ਸ਼ਾਸਤ੍ਰ ਸਿਮ੍ਰਿਤਿ ਤੋਂ 'ਅਪਣੇ ਤੋਂ ਪਹਿਲੇ ਲਿਖੇ ਹੋਏ ਦੂਸਰਿਆਂ ਦੇ ਤਜਰਬੇ' ਦਾ ਮਤਲਬ ਹੈ, ਤ੍ਰੈ ਵੈਰੀ ਸੋਧਣਾ ਤੇ ਫੇਰ 'ਬੀਚਾਰਾ' ਕਹਿਣ ਤੋਂ ਅਪਣੀ ਵੀਚਾਰ ਤੇ ਨਿਜ ਤਜਰਬੇ ਵਲ ਇਸ਼ਾਰਾ ਹੈ।

੩. ਵਿਸ਼ੇਸ਼ ਵੀਚਾਰ = 'ਬਾਲ ਗੁਪਾਲ' ਪੰਜਾਬੀ ਮੁਹਾਵਰੇ ਦਾ ਫਿਕਰਾ ਹੈ, ਜੋ ਲਾਡ ਨਾਲ ਅੰਞਾਣੇ ਬੱਚਿਆਂ ਲਈ ਵਰਤਦੇ ਹਨ। ਖਾਸ ਕਰਕੇ ਜਦੋਂ ਕੋਈ ਬੱਚੇ ਦੀ ਭੁੱਲ ਤੇ ਗੁੱਸੇ ਹੋਣ ਲਗੇ ਤਾਂ ਕਹਿੰਦੇ ਹਨ, ਜਾਣ ਦਿਓ ਇਹ ਤਾਂ ਬਾਲ ਗੁਪਾਲ ਏ। ਇਥੇ ਬੀ ਪਰਮੇਸ਼ਰ ਤੋਂ 'ਖਿਮਾ ਦੀ ਯਾਚਨਾ' ਮੁਰਾਦ ਹੈ। ਉਸ ਨੂੰ ਪਿਤਾ ਕਿਹਾ ਤੇ ਆਪ ਨੂੰ ਬਾਲ ਗੁਪਾਲ ਕਿਹਾ ਹੈ। ਭਾਵ, ਮਾਸੂਮ ਬੱਚੇ ਯਾ ਮਾਫੀ ਦੇ ਕਾਬਲ ਬੱਚੇ। 'ਗੁਪਾਲ' ਦਾ ਅਰਥ ਹੈ ਗੁਪਾਲ (ਸੰਬੋਧਨ ਕਰਨ ਦੀ ਲੋੜ ਬੀ ਨਹੀਂ, ਕਿਉਂਕਿ ਸੰਬੋਧਨ ਪਹਿਲੀ ਸਤਰ ਵਿਚ 'ਦਇਆਲਾ' ਆ ਚੁੱਕਾ ਹੈ। (ਸੰਸ: ਗੋਪਾਲ=ਕ੍ਰਿਸ਼ਨ। ਬਾਲ=ਬੱਚੇ, ਜੋ ਉਸ ਦੇ ਨਾਲ ਖੇਲਦੇ ਸਨ। ਕ੍ਰਿਸ਼ਨ ਜੀ ਦੇ ਨਾਲ ਬਾਲਾਂ ਦੀਆਂ ਕੀਤੀਆਂ ਲਾਡਮਈ ਉਕਾਈਆਂ ਮਾਫੀ ਵਿਚ ਹੁੰਦੀਆਂ ਸਨ)। ਸੰਪ੍ਰਦਾਈ ਅਰਥ- 'ਹੇ ਗੁਪਾਲ, ਅਸੀਂ ਤੇਰੇ ਬਾਲ ਹਾਂ।'


www.sikhbookclub.com

ਖਰਾ ਨਿਮਾਨਾ ਹੋਤ ਪਰਾਨੀ ॥
ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥
ਭਾਵੈ ਖਸਮ ਤ ਉਆ ਸੁਖੁ ਦੇਤਾ ॥
ਪਾਰਬ੍ਰਹਮੁ ਐਸੋ ਆਗਨਤਾ ॥
ਅਸੰਖ ਖਤੇ ਖਿਨ ਬਖਸਨਹਾਰਾ ॥
ਨਾਨਕ ਸਾਹਿਬ ਸਦਾ ਦਇਆਰਾ॥੪੯॥

(ਜਦੋਂ) ਜੀਵ ਠੀਕ ਤਰ੍ਹਾਂ (ਝੂਠੇ ਮਾਣ ਵਲੋਂ) ਨਿਰਮਾਣ ਹੋ ਜਾਂਦਾ ਹੈ (ਤੇ) ਦਿਨ ਰਾਤ ਅਸੰਗ ਪ੍ਰਭੂ ਨੂੰ ਜਪਦਾ ਹੈ। (ਜੇ ਪ੍ਰਭੂ ਨੂੰ ਉਹ ਨਿਰਮਾਣਾ ਤੇ ਜਪਣ ਵਾਲਾ ਪੁਰਸ਼) ਭਾਂ ਜਾਵੇ ਤਾਂ (ਉਹ) ਮਾਲਕ ਉਸ ਨੂੰ ਸੁਖ ਦੇਂਦਾ ਹੈ। ਪਰਮੇਸ਼ੁਰ ਐਸਾ ਬਖਸ਼ਿੰਦ[1] ਹੈ ਕਿ ਬੇਗਿਣਤ ਭੁੱਲਾਂ ਪਲ ਵਿਚ ਬਖਸ਼ਣਹਾਰ ਹੈ। ਹੇ ਨਾਨਕ! (ਉਹ) ਮਾਲਕ ਸਦਾ ਦਿਆਲੂ ਹੈ॥੪੯॥

ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ
ਸਰਨਿ ਪਰਹੁ ਹਰਿ ਰਾਇ ॥
ਉਕਤਿ ਸਿਆਨਪ ਸਗਲ ਤਿਆਗਿ
ਨਾਨਕ ਲਏ ਸਮਾਇ ॥ ੧ ॥

ਮੈਂ ਸੱਚ ਕਹਿ ਰਿਹਾ ਹਾਂ, ਹੇ ਮੇਰੇ ਮਨ! ਸੁਣ : ਵਾਹਿਗੁਰੂ ਦੀ ਸ਼ਰਨ ਪੈ ਜਾ। ਉਕਤ ਤੇ ਸਿਆਣਪਾਂ[2] ਸਭ ਛੱਡ ਦੇਹ, (ਉਹ ਬਖਸ਼ਿੰਦ ਤੈਨੂੰ ਅਪਣੇ ਨਾਲ) ਮੇਲ ਲਏਗਾ, ਨਾਨਕ (ਗੁਰੂ ਜੀ ਕਹਿੰਦੇ ਹਨ)॥੧॥

ਪਉੜੀ ॥
ਸਸਾ ਸਿਆਨਪ ਛਾਡੁ ਇਆਨਾ ॥
ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ॥
ਸਹਸ ਭਾਤਿ ਕਰਹਿ ਚਤੁਰਾਈ ॥
ਸੰਗਿ ਤੁਹਾਰੈ ਏਕ ਨ ਜਾਈ ॥
ਸੋਊ ਸੋਊ ਜਪਿ ਦਿਨ ਰਾਤੀ ॥
ਰੇ ਜੀਅ ਚਲੈ ਤੁਹਾਰੈ ਸਾਥੀ ॥
ਸਾਧ ਸੇਵਾ ਲਾਵੈ ਜਿਹ ਆਪੈ ॥
ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥

"ਸ"। ਹੇ ਮੂਰਖ! ਚਤੁਰਾਈਆਂ ਨੂੰ ਛੱਡ ਦੇਹ, ਹਿਕਮਤ ਨਾਲ ਤੇ ਹੁਕਮ ਨਾਲ[3] ਪ੍ਰਭੂ (ਕਦੇ) ਨਹੀਂ ਪਤੀਜਦਾ। (ਭਾਵੇਂ ਤੂੰ) ਹਜ਼ਾਰ ਤਰ੍ਹਾਂ ਵੀ ਚਤੁਰਾਈ ਕਰ ਲੈ, ਨਾਲ ਤੇਰੇ ਇਕ (ਬੀ) ਨਹੀਂ ਜਾਣੀ। ਦਿਨ ਰਾਤ ਉਸੇ ਨੂੰ (ਹਾਂ) ਉਸੇ ਨੂੰ ਜਪ।

ਹੇ ਮਨ! (ਉਹ, ਹਾਂ, ਉਹੀ) ਤੇਰੇ ਨਾਲ ਜਾਏਗਾ। ਹੇ ਨਾਨਕ! (ਉਸੇ ਉਤੇ ਟੇਕ ਧਾਰ, ਉਹ) ਜਿਸ ਨੂੰ ਸਾਧ ਸੇਵਾ ਵਿਚ ਆਪ ਲਾਉਂਦਾ ਹੈ, ਉਸ ਨੂੰ (ਫੇਰ) ਦੁਖ ਨਹੀਂ ਵਾਪਰਦਾ, ਹੇ ਨਾਨਕ!॥੫੦॥

---

੧. ਆਗਨਤਾ-ਗਿਣਤੀਆਂ ਨਾ ਗਿਣਨੇ ਵਾਲਾ। (ਗਣਿਤ, ਗਣਤ=ਹਿਸਾਬ। ਗਣਤਾ=ਹਿਸਾਬ ਕਰਨੇ ਵਾਲਾ। ਆਗਣਤਾ=ਨਾ ਹਿਸਾਬ ਕਰਨੇ ਵਾਲਾ)। ਜੋ ਸਾਡੇ ਕੀਤੇ ਪਾਪਾਂ ਦੀ ਗਿਣਤੀ ਨਾ ਕਰੇ ਉਹ ਹੁੰਦਾ ਹੈ ਬਖਸ਼ਿੰਦ। ਆਗਨਤਾ ਦਾ ਏਥੇ 'ਬੇਸ਼ੁਮਾਰ' ਅਰਥ ਕਰਨਾ ਅਪ੍ਰਸੰਗਕ ਹੈ 'ਐਸੇ' ਪਦ ਕਹਿ ਕੇ 'ਆਗਨਤਾ' ਦੀ ਟੀਕਾ ਅਗਲੀ ਤੁਕ ਵਿਚ ਆਪ ਕੀਤੀ ਹੋਈ ਹੈ- 'ਅਸੰਖ ਖਤੇ ਖਿਨ ਬਖਸਨਹਾਰਾ।'

੨. ਉਕਤਿ (ਉਕ੍ਤਿ=ਚਲਾਕੀ ਵਾਲੀ ਗਲ ਬਾਤ। ਸਿਆਣਪ=ਮਨ ਦੀ ਚਤੁਰਾਈ। ਯਥਾ- 'ਬਾਤ ਚੀਤ ਸਭ ਰਹੀ ਸਿਆਨਪ।'

੩. ਜਿਵੇਂ ਸੰਸਾਰਕ ਡਾਢੇ ਜੀਵਾਂ ਨੂੰ ਹਿਕਮਤਾਂ ਨਾਲ ਤੇ ਲਿੱਸਿਆਂ ਨੂੰ ਹੁਕਮ ਨਾਲ ਵੱਸ ਕਰ ਲਈਦਾ ਹੈ, ਸਾਈਂ ਨਾਲ ਇਨ੍ਹਾਂ ਦੁਹਾਂ ਦੀ ਪੇਸ਼ ਨਹੀਂ ਜਾਂਦੀ, ਕਿਉਂਕਿ ਉਹ ਪੂਰਨ ਦਾਨਾ ਤੇ ਸਰਬ ਸਮਰੱਥ ਹੈ। ਸਰਲਤਾ, ਸਚਜਾਈ ਤੇ ਰਜ਼ਾ ਵਿਚ ਅਪਣੀ ਮਰਜ਼ੀ ਨੂੰ ਮੇਲਣਾ ਉਸ ਦੀ ਪ੍ਰਾਪਤੀ ਦਾ ਰਾਹ ਹੈ।

ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥
ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥ ੧ ॥

ਹਰਿ ਹਰਿ ਮੂੰਹ ਤੋਂ ਉਚਾਰਨਾ ਚਾਹੀਦਾ ਹੈ; (ਇਸ ਦੇ) ਮਨ ਵਿਚ ਵਸ ਜਾਣ ਨਾਲ ਸੁਖ ਹੁੰਦਾ ਹੈ। ਹੇ ਨਾਨਕ! ਸਭਨਾਂ ਵਿਖੇ (ਉਹੋ ਹਰਿ ਰਵਿ ਰਿਹਾ ਹੈ, ਥਾਵਾਂ (ਤੇ ਹਾਂ) ਸਾਰਿਆਂ ਥਾਵਾਂ ਵਿਚ ਓਹੋ (ਹੀ ਵਜਾਪਕ ਹੋ ਰਿਹਾ ਹੈ)[1]॥੧॥

ਪਉੜੀ ॥ ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥
ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥
ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥
ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥
ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥
ਸੰਤਹ ਸੰਗਿ ਹੋਤ ਕਿਰਪਾਲਾ ॥
ਓਰੈ ਕਛੂ ਨ ਕਿਨਹੂ ਕੀਆ ॥
ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥

ਸਭ ਦੇ ਘਟ ਘਟ ਵਿਖੇ ਭਗਵਾਨ ਜੀ ਪੂਰਨ ਹੋ ਰਹੇ ਦੇਖ ਰਿਹਾ ਹਾਂ (ਹੁਣ ਨਹੀਂ ਉਹ ਤਾਂ) ਸਦਾ ਤੋਂ (ਹਾਂ) ਸਦੀਵ ਹੀ ਤੋਂ[2] ਹੁੰਦੇ ਆਏ ਹਨ, (ਭਾਵ ਸਦਾ ਤੋਂ ਥਿਰ ਤੇ ਪੂਰਨ ਹਨ ਤੇ ਉਹੀ) ਦੁੱਖ ਨਾਸ਼ ਕਰਨੇ ਵਾਲੇ ਹਨ (ਪਰ) ਗੁਰੂ ਦੇ ਗਿਆਨ (ਨਾਲ ਪ੍ਰਾਪਤ ਹੋਣ ਵਾਲੇ ਹਨ)[3]। (ਗਜਾਨ ਹੋ ਜਾਣ ਨਾਲ) ਹਉਮੈ ਛੁੱਟ ਜਾਂਦੀ ਹੈ, (ਜਿਸ ਦੀ ਐਉਂ ਹਉਮੈ ਛੁੱਟ ਜਾਂਦੀ ਹੈ) ਉਸ ਨੂੰ ਅਨੰਦ (ਪ੍ਰਾਪਤ) ਹੋ ਜਾਂਦਾ ਹੈ, (ਹਾਂ) ਜਿਥੇ ਹਉਮੈ ਨਹੀਂ ਹੈ ਓਥੇ (ਭਗਵਾਨ) ਆਪ ਹੁੰਦਾ ਹੈ। (ਐਉਂ ਐਸੇ ਪੁਰਖ ਦੇ) ਜਨਮ ਮਰਨ ਦੇ ਦੁੱਖ ਸੰਤਾਂ ਦੇ ਸੰਗ ਦੇ ਪ੍ਰਤਾਪ ਕਰਕੇ ਨਸ਼ਟ ਹੋ ਜਾਂਦੇ ਹਨ। ਸੰਤਾਂ ਦੇ ਸੰਗ ਵਿਚ (ਜੋ) ਪ੍ਰੇਮ ਕਰਕੇ ਦਿਆਲ (ਪਰਮੇਸ਼ੁਰ) ਦਾ ਨਾਮ ਦ੍ਰਿੜ ਕਰ ਲਵੇ, (ਉਸ ਪਰ ਪ੍ਰਭੂ) ਕ੍ਰਿਪਾਲ ਹੁੰਦਾ ਹੈ। (ਪਰਮੇਸ਼ੁਰ ਤੋਂ) ਉਰੇ ਕਿਸੇ ਨੇ ਕੁਝ ਨਹੀਂ ਕੀਤਾ, (ਕਹਿੰਦੇ ਹਨ ਗੁਰੂ) ਨਾਨਕ, ਸਭ ਕੁਝ ਪ੍ਰਭੂ ਤੋਂ ਹੁੰਦਾ ਹੈ। ॥੫੧॥

ਸਲੋਕੁ ॥ ਲੇਖੈ ਕਤਹਿ ਨ ਛੂਟੀਐ

(ਕਰਮਾਂ ਦੇ) ਲੇਖੇ (ਕਰਨੇ ਨਾਲ) ਕਦੇ

---

੧. ਥਾਨ ਥਨੰਤਰਿ= ਥਾਉਂ ਤੇ ਹੋਰ ਥਾਉਂ। ਜੋ ਥਾਵਾਂ ਅਸੀਂ ਜਾਣ ਸਕਦੇ ਹਾਂ ਉਸ ਤੋਂ ਵੀ ਪਰੇ ਯਾ ਅਤ੍ਰਿਕਤ ਜੋ ਹੋਰ ਥਾਵਾਂ ਹਨ, ਸਾਰੇ ਦੇਸ਼ (Space) ਵਿਚ। ੨. ਥਾਵਾਂ ਤੇ ਥਾਵਾਂ ਦੇ ਅੰਦਰ ਭਾਵ (Immanent God) ਤੋਂ ਹੈ ਜੋ ਸਰਬਤ੍ਰ ਵਿਚ ਅੰਤਰਭੂਤ ਹੋ ਕੇ ਵਸ ਰਿਹਾ ਹੈ।

੨. ਸਦ=ਸਦਾ ਤੋਂ। ਸਦੀਵ=(ਸਦੈਵ) ਸਦਾ ਹੀ ਤੋਂ।

੩. ਭਗਵਾਨ ਲਈ ਕ੍ਰਿਯਾ ਪਦ 'ਪੂਰਿ ਰਹੇ' ਬਹੁ ਬਚਨ ਵਰਤਿਆ ਹੈ; ਜੋ ਇਸ ਤੁਕ ਵਿਚ ਵੀ 'ਹੋਵਤ ਆਏ' ਬਹੁਬਚਨ ਕ੍ਰਿਯਾ ਭਗਵਾਨ ਲਈ ਵਰਤਿਆ ਹੈ। ਅਦਬ ਤੇ ਪਯਾਰ ਨਾਲ ਐਸਾ ਕੀਤਾ ਹੈ। ਕਈਆਂ ਨੂੰ 'ਹੋਵਤ ਆਏ' ਤੋਂ ਭੁਲੇਖਾ ਲੱਗ ਜਾਂਦਾ ਹੈ ਤੇ ਅਰਥ ਕਰਦੇ ਹਨ :- ਜੀਵ ਸਦਾ ਤੋਂ ਜੰਮਦੇ ਰਹਿੰਦੇ ਹਨ ਤੇ ਗੁਰੂ ਗਜਾਨ ਨਾਲ ਉਨ੍ਹਾਂ ਦੇ ਦੁੱਖ ਭਜਦੇ ਹਨ।

 www.sikhbookclub.com

ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥

ਵੀ ਨਹੀਂ ਛੁੱਟ ਸਕੀਦਾ[1], (ਕਿਉਂਕਿ) ਅਸੀਂ ਪਲ ਪਲ ਵਿਚ ਭੁੱਲਣਹਾਰ ਹਾਂ। (ਹੇ) ਬਖਸ਼ਿੰਦ (ਵਾਹਿਗੁਰੂ) ਬਖਸ਼ ਲੈ[2] ਤੇ ਪਾਰ ਉਤਾਰ ਲੈ, (ਬੇਨਤੀ ਕਰਦੇ ਹਨ ਗੁਰੂ) ਨਾਨਕ! ॥੧॥

ਪਉੜੀ ॥ ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥ ੫੨ ॥

(ਇਹ ਜੀਵ) ਲੂਣ ਹਰਾਮੀ ਹੈ, ਪਾਪੀ ਹੈ, (ਵਾਹਿਗੁਰੂ ਜੀ ਨਾਲ) ਓਪਰਾ[3] ਹੋ ਰਿਹਾ ਹੈ ਤੇ ਤੁੱਛ ਬੁੱਧੀ ਵਾਲਾ ਹੈ। ਜਿਸ ਨੇ (ਇਸ ਨੂੰ) ਜਿੰਦ, ਦੇਹ ਤੇ (ਨਾਲ) ਸੁਖ ਦਿਤੇ ਹਨ, ਉਸ ਨੂੰ ਨਹੀਂ ਜਾਣਦਾ (ਕਿ ਓਹੀ ਤਾਂ) ਤਤ ਸਰੂਪ (ਅਸਲੀ ਸੱਤ ਵਸਤੂ) ਹੈ; ਮਾਇਆ ਦੇ ਨਫੇ ਵਾਸਤੇ ਦਸੋ ਦਿਸ਼ਾ ਢੂੰਢਣ ਜਾਂਦਾ ਹੈ। (ਪਰ) ਦੇਣ ਵਾਲੇ ਦਾਤੇ ਪ੍ਰਭੂ ਨੂੰ ਇਕ ਪਲ ਬੀ ਮਨ ਵਿਚ ਨਹੀਂ ਵਸਾਉਂਦਾ। (ਇਸ ਨੇ ਤਾਂ) ਲੋਭ, ਝੂਠ, ਵਿਕਾਰ, ਮੋਹ, ਇਹ (ਆਸੁਰੀ) ਸੰਪਦਾ[4] ਮਨ ਵਿਚ (ਕੱਠੀ ਕਰ ਰੱਖੀ ਹੈ)। ਲੰਪਟ ਚੋਰ ਤੇ ਭਾਰੇ ਨਿੰਦਕ (ਹੈਨ) ਉਹਨਾਂ ਦੇ ਸੰਗ ਵਿਚ (ਇਸ ਦੀ ਉਮਰ) ਬੀਤ ਰਹੀ ਹੈ। ਹੇ ਪਾਰਬ੍ਰਹਮ! ਜੇ ਤੈਨੂੰ ਭਾਵੇ ਤਦ ਪਥਰ ਬੀ ਪਾਣੀ ਪੁਰ ਤਰ ਸਕਦੇ ਹਨ[5] (ਤਿਵੇਂ ਹੇ ਪ੍ਰਭੂ!) ਜੇ ਤੈਨੂੰ ਭਾਵੇ ਤਾਂ ਖਰਿਆਂ ਦੇ ਨਾਲ ਖੋਟਿਆਂ ਨੂੰ ਬੀ ਬਖਸ਼ ਲੈ (ਅਰਦਾਸ ਕਰਦੇ ਹਨ ਗੁਰੂ) ਨਾਨਕ! ॥੫੨॥

ਸਲੋਕੁ ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥ ੧ ॥

ਖਾਂਦਿਆਂ, ਪੀਂਦਿਆਂ ਖੇਡਦਿਆਂ, ਹਸਦਿਆਂ ਅਨੇਕਾਂ ਜਨਮ ਭਟਕਦੇ ਰਹੇ ਹਾਂ। ਹੇ ਪ੍ਰਭੂ! (ਹੁਣ) ਭੌਜਲ ਤੋਂ ਕੱਢ ਲਵੋ, (ਸਾਨੂੰ ਕੇਵਲ) ਤੇਰਾ ਹੀ ਆਸਰਾ ਹੈ, (ਗੁਰੂ) ਨਾਨਕ (ਜੀ ਦੀ ਇਹ ਅਰਦਾਸ ਹੈ)॥੧॥

---

੧. ਜਿੰਨੇ ਮੰਦੇ ਕਰਮ ਹਨ ਓਨੇ ਸ਼ੁਭ ਕਰਮ ਕਰਕੇ ਯਾ ਅਸ਼ੁਭ ਮੂਲੋਂ ਛੱਡ ਕੇ ਨਿਰੇ ਸ਼ੁਭ ਕਰਕੇ (ਆਦਿ) ਜੋ ਲੇਖਿਆਂ ਨਾਲ ਛੁਟਕਾਰਾ ਮੰਗਣਾ ਹੈ ਤਾਂ ਉਹ ਹੋ ਨਹੀਂ ਸਕਦਾ, ਕਿਉਂਕਿ ਭੁੱਲਾਂ ਸਾਥੋਂ ਖਿਨ ਖਿਨ ਵਿਚ ਹੋ ਰਹੀਆਂ ਹਨ।

੨. (ਅ) ਬਖਸ਼ ਲਵੇ, ਪਰ ਪਉੜੀ ਦੇ ਅਖੀਰ ਬੀ ਅਰਦਾਸ ਹੈ ਤੇ ਇਹ ਵੀ ਅਰਦਾਸ ਹੈ।

੩. -ਫਾਰਸੀ, -ਬੇਗਾਨਹ=ਓਪਰਾ। 'ਅਗਜਾਨੀ' ਅਰਥ ਬੀ ਲਾ ਲੈਂਦੇ ਹਨ।

੪. ਸ਼ੁਭ ਗੁਣਾਂ ਨੂੰ 'ਦੈਵੀ ਸੰਪਦਾ' ਤੇ ਅਵਗੁਣਾਂ ਨੂੰ 'ਆਸੁਰੀ ਸੰਪਦਾ' ਆਖਦੇ ਹਨ।

੫. ਭਾਵ-ਮੁਸ਼ਕਲ ਤੋਂ ਮੁਸ਼ਕਲ ਗੱਲ ਆਸਾਨ ਹੋ ਸਕਦੀ ਹੈ। ਭਾਰੇ ਪਾਪੀ ਬੀ ਬਖਸ਼ੇ ਜਾ ਸਕਦੇ ਹਨ।


www.sikhbookclub.com

ਪਉੜੀ ॥ ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥
ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥
ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥
ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥
ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥
ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥
ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥ ੫੩ ॥

ਅਨੇਕਾਂ ਜੂਨਾਂ ਵਿਚ ਦੁੱਖ ਪਾ ਕੇ (ਉਹਨਾਂ ਜਨਮਾਂ ਨੂੰ ਖੇਡਾਂ ਵਾਂਙ) ਖੇਡਦਾ ਖੇਡਦਾ[1] (ਫਿਰ ਇਸ ਮਨੁੱਖਾ ਜਨਮ ਵਿਚ) ਆਯਾ ਹਾਂ, (ਪਰ ਹੁਣ) ਸਾਧੂ ਨੂੰ ਮਿਲ ਪਿਆ ਹਾਂ, (ਜਿਸ ਸਾਧੂ) ਸਤਿਗੁਰ ਦੇ ਬਚਨ (ਹਿਰਦੇ ਵਿਚ) ਸਮਾ ਗਏ ਹਨ, (ਜਿਸ ਕਰਕੇ ਕਿ) ਦੁੱਖ ਮਿਟ ਗਏ ਹਨ। (ਉਹਨਾਂ ਬਚਨਾਂ ਦੇ ਪ੍ਰਤਾਪ ਕਰਕੇ ਜਗਤ ਨਾਲ) ਖਿਮਾ ਧਾਰਨ ਕੀਤੀ ਹੈ[2], (ਅੰਦਰ) ਸੱਚ ਕੱਠਾ ਕਰ ਲਿਆ ਹੈ, (ਤੇ ਦਿਨ ਰਾਤ) ਨਾਮ ਅੰਮ੍ਰਿਤ ਖਾਧਾ ਹੈ[3]। (ਹੁਣ) ਠਾਕੁਰ ਦੀ ਪੂਰੀ ਪੂਰੀ ਕਿਰਪਾ ਹੋਈ ਹੈ (ਜੋ) ਅਨੰਦ ਸੁਖ ਤੇ ਟਿਕਾਉ (ਮਿਲ ਗਿਆ ਹੈ)। (ਐਉਂ ਸਤਿਗੁਰ ਸਾਧੂ ਨੇ) ਖੇਪ ਨਿਬਾਹ ਦਿਤੀ ਹੈ[4] ਬਹੁਤਾ ਨਫਾ ਪਾਇਆ ਹੈ (ਤੇ ਅਪਣੇ) ਘਰ ਨੂੰ ਪਤਵੰਤੇ ਹੋ ਕੇ ਆਏ ਹਾਂ। ਗੁਰੂ ਨੇ ਬਹੁਤ ਪਜਾਰ ਕੀਤਾ ਹੈ (ਤੇ ਉਸ ਦੇ ਸਦਕੇ) ਵਾਹਿਗੁਰੂ ਜੀ ਆ ਮਿਲੇ ਹਨ। (ਪਰ ਇਹ ਸਭ ਕੁਛ) ਆਪ ਪ੍ਰਭੂ ਨੇ ਕੀਤਾ ਹੈ, ਆਪ ਹੀ ਕਰਦਾ ਹੈ, ਅੱਗੇ ਪਿਛੇ ਆਪ ਹੀ ਆਪ ਹੈ, ਉਸਤਤਿ ਉਸੇ ਦੀ ਕਰੀਏ, ਜੋ ਘਟ ਘਟ ਵਿਖੇ ਵਿਆਪ ਰਿਹਾ ਹੈ, ਹੇ ਨਾਨਕ! ॥੫੩॥

ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥

ਹੇ ਪ੍ਰਭੂ (ਅਸੀਂ ਆਪ ਪਾਸ) ਸ਼ਰਨਾਗਤੀ[5] ਹੋ ਕੇ ਆਏ ਹਾਂ, ਹੇ ਦਿਆਲ, ਹੇ ਕ੍ਰਿਪਾ ਦੇ ਭੰਡਾਰ (ਅਸੀਂ ਇਸ ਲਈ ਸ਼ਰਨ ਆਏ ਹਾਂ ਕਿ ਆਪ ਦਾ ਬਿਰਦ ਹੈ ਕਿ ਜਿਸ ਦੇ) ਮਨ ਵਿਚ ਇਕ ਅਵਿਨਾਸੀ ਹਰੀ ਵਸ ਜਾਂਦਾ ਹੈ ਓਹ

---

੧. ਵਿਸ਼ੇ ਵਿਕਾਰ ਤੇ ਖੇਡ ਤਮਾਸ਼ਿਆਂ ਵਿਚ ਖਚਿਤ ਹੋਇਆ ਹੋਇਆ।

੨. ਅਰਥਾਤ, ਵਿਰੋਧ ਭਾਵ ਮਿਟ ਗਿਆ ਹੈ ਜੋ ਹਿਰਦੇ ਨੂੰ ਦੁਖੀ ਕਰਦਾ ਸੀ।

੩. ਭਾਵ, ਅਮਰ ਕਰਨੇ ਵਾਲਾ ਨਾਮ ਸਿਮਰਿਆ ਹੈ।

੪. ਖੇਪ ਦਾ ਨਿਭ ਜਾਣਾ=ਸੌਦਾ ਖਰੀਦਣਾ, ਲੱਦਣਾ, ਲਿਜਾਣਾ, ਵੇਚਣਾ ਤੇ ਨਫਾ ਪਾਉਣਾ। ਭਾਵ, ਸੱਚ ਸੰਚਨ ਦੀ ਘਾਲ ਸਫਲ ਹੋਣੀ।

੫. ਸਰਣਾਗਤੀ= ਜੋ ਕਿਸੇ ਦੀ ਸ਼ਰਣ ਵਿਚ ਆਇਆ ਹੋਵੇ। (ਸੰਸ:, ਸ਼ਰਣਾਗਤ-ਜੋ ਸ਼ਰਣ ਆਯਾ ਹੋਵੇ)। 'ਸ਼ਰਣ ਆਏ ਹਾਂ' ਬੀ ਕਰ ਲੈਂਦੇ ਹਨ।

| ਨਿਹਾਲ (ਪੂਰਨ ਆਨੰਦ ਹੋ ਜਾਂਦਾ ਹੈ[੧]॥੧॥

ਪ੍ਰਭੂ ਆਪ ਅ+ਖਰ='ਅਕਸ਼ਰ= ਅਵਿਨਾਸ਼' ਹੈ, ਪਰ ਮੈਂ ਉਸ ਦੀ ਉਸਤਤੀ ਇਸ ਬਾਣੀ ਵਿਚ ਇਕ ਇਕ ਅਖਰ ਲੈ ਕੇ ਅੱਖਰਾਂ ਦੁਆਰੇ ਕੀਤੀ ਹੈ। ਪ੍ਰਯੋਜਨ ਇਹ ਹੈ ਕਿ ਅਖਰ ਦੁਆਰੇ ਕੀਤੀ ਉਸਤਤਿ ਨਾਲ ਹੀ ਅਕਸ਼ਰ=ਅਵਿਨਾਸ਼ ਮਨ ਵਿਚ ਵਸਦਾ ਹੈ, ਪਰ ਅੱਖਰਾਂ ਦੀ ਹੱਦਬੰਦੀ ਵਿਚ ਨਹੀਂ ਆਉਂਦਾ ਕਿੰਤੂ ਦ੍ਰਿਸ਼ਟਮਾਨ ਸਾਰਾ ਅੱਖਰਾਂ ਵਿਚ ਹੈ ਤੇ ਉਹ ਸਾਰਾ ਕਸ਼ਰ (ਖਰ) ਜਾਣ ਵਾਲਾ ਹੈ 'ਦ੍ਰਿਸ਼ਟੀਮਾਨ ਹੈ ਸਗਲ ਮਿਥੇਨਾ' ਪਾਰਬ੍ਰਹਮ ਨਿਰਲੇਪ ਹੈ।

ਪਉੜੀ ॥

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥
ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥
ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥
ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥

(ਤਿੰਨਾਂ ਭਵਨਾਂ=) ਸਾਰੇ ਸੰਸਾਰ ਨੂੰ ਪ੍ਰਭੂ ਨੇ ਅੱਖਰਾਂ[੨] ਵਿਚ ਸਾਜਿਆ ਹੈ[੩]! ਅੱਖਰ ਬਣਾ ਕੇ ਵੇਦ (ਲਿਖੇ ਗਏ ਤੇ ਅੱਖਰਾਂ) ਕਰਕੇ ਹੀ (ਉਹਨਾਂ ਦਾ) ਵੀਚਾਰ ਹੁੰਦਾ ਹੈ। ਸ਼ਾਸਤਰ ਸਿਮਰਤੀਆਂ ਤੇ ਪੁਰਾਣ ਅੱਖਰਾਂ (ਵਿਚ ਹੀ ਲਿਖੇ ਹਨ)। ਨਾਦ (=ਗਾਇਨ ਤੇ ਸਾਰਾ) ਕਥਨ (ਤੇ) ਵਜਾਖਯਾ ਅੱਖਰਾਂ (ਦਵਾਰੇ ਹੀ ਹੁੰਦੀ ਹੈ, ਜੀਵ ਨੂੰ ਬੰਨ੍ਹ ਲੈਣ ਵਾਲੇ) ਭੈ ਤੇ ਭਰਮ (ਉਹਨਾਂ ਤੋਂ ਛੁੱਟਣ ਦੀ) ਜੁਗਤਿ ਤੇ ਮੁਕਤੀ (ਮਾਰਗ ਦਾ ਵਰਣਨ) ਅੱਖਰਾਂ (ਵਿਚ ਹੀ ਪ੍ਰਤਿਪਾਦਨ ਹੁੰਦਾ ਹੈ)। ਧਰਮ (ਤੇ ਇਸ ਦੀਆਂ) ਸੁਚਤਾਈਆਂ, ਕਰਮ (ਅਤੇ ਕਰਮ) ਦੀਆਂ ਕਿਰਤਾਂ (ਸਭ) ਅੱਖਰਾਂ (ਵਿਚ ਹੀ ਲਿਖੇ ਪੜ੍ਹੇ ਤੇ ਸੁਣੇ ਸੁਣਾਏ ਜਾਂਦੇ ਹਨ)। ਜਿਨ੍ਹਾਂ (ਕੁਛ ਪਸਾਰਾ) ਦ੍ਰਿਸ਼ਟਮਾਨ ਹੈ (ਸਭ) ਅੱਖਰਾਂ ਵਿਚ ਹੈ। (ਅੱਖਰਾਂ ਤੋਂ) ਨਿਰਲੇਪ ਪਾਰਬ੍ਰਹਮ (ਪਰਮੇਸ਼ੁਰ ਹੈ)[੪], ਹੇ ਨਾਨਕ! ॥੫੪॥

---

੧. ਅੱਖਰ=(ਅਕਸ਼ਰ)=ਜੋ ਕਦੇ ਨਾ ਖਰੇ, ਅਵਿਨਾਸ਼ੀ ਪ੍ਰਭੂ। (ਅ) ਇਕ ਅੱਖਰ ਤੋਂ ਭਾਵ '੧ਓ' ਬੀ ਲੈਂਦੇ ਹਨ ਤੇ 'ਨਾਮ ਦਾ ਇਕ ਅੱਖਰ' ਬੀ ਲੈਂਦੇ ਹਨ, ਅੱਖਰ (ਅਕਸ਼ਰ) ਹਰਫ, ਅੱਖਰ। ਇਹ ਬੀ ਭਾਵ ਲੈਂਦੇ ਹਨ ਕਿ 'ਜੋ ਬਾਵਨ ਅੱਖਰਾਂ ਵਿਚ ਇਹ ਬਾਣੀ ਰਚੀ ਹੈ ਇਸ ਦੇ ਇਕ ਅੱਖਰ ਵਿਚ ਆਏ ਉਪਦੇਸ਼ ਨੂੰ ਜੋ ਮਨ ਵਿਚ ਵਸਾਏਗਾ ਮੁਕਤ ਹੋ ਜਾਏਗਾ। ਟੂਕ-ਇਹ ਸ਼ਲੋਕ ਹਰ ਰੋਜ਼ ਕਥਾ ਦੇ ਭੋਗ ਮਗਰੋਂ ਸਿੱਖ ਸੰਗਤਾਂ ਵਿਚ ਪੜ੍ਹਦੇ ਹਨ ਤੇ ਨਾਲ ੫੫ਵੀਂ ਪਉੜੀ ਇਸੇ ਬਾਣੀ ਦੀ ਪੜ੍ਹਦੇ ਹਨ।

੨. ਅਖਰ ਤੋਂ ਮੁਰਾਦ ਬੋਲੇ, ਲਿਖੇ ਤੇ ਸੁਣੇ ਜਾਣ ਜਾਣ ਵਾਲੇ ਸਾਰੇ ਤੋਂ ਹੈ।

੩. ਸਾਰਾ ਜਗਤ ਤੇ ਇਸ ਵਿਚ ਦੇ ਪਦਾਰਥ ਸਭ ਨਾਮ ਸੰਗਯਾ ਨਾਲ ਹੀ ਬੋਲੇ ਜਾਂਦੇ ਹਨ।

੪. ਭਾਵ ਵਾਹਿਗੁਰੂ ਹੈ ਦ੍ਰਿਸ਼ਟਾ, ਜਗਤ ਹੈ ਦ੍ਰਿਸ਼ਟਮਾਨ। ਦ੍ਰਿਸ਼ਟਾ ਤਾਂ ਦ੍ਰਿਸ਼ਟਮਾਨ ਨੂੰ ਦੇਖਦਾ ਹੈ, ਪਰ ਦ੍ਰਿਸ਼ਟਮਾਨ ਦ੍ਰਿਸ਼ਟਾ ਨੂੰ ਨਹੀਂ ਦੇਖ ਸਕਦਾ। ਸੋ ਦ੍ਰਿਸ਼ਟਮਾਨ ਦ੍ਰਿਸ਼ਟਾਂ ਨੂੰ ਅੱਖਰਾਂ ਦੀ ਹੱਦ ਵਿਚ ਨਹੀਂ ਬੰਨ੍ਹ ਸਕਦਾ। ਉਸਦਾ ਵਰਣਨ ਕਰੋ, ਉਸ ਦਾ ਜਸ ਗਾਵੋਂ, ਉਸ ਦਾ ਨਾਮ ਜਪੋ, ਪਰ ਕਿਸੇ ਗੱਲ ਨਾਲ ਉਹ ਦ੍ਰਿਸ਼ਟਮਾਨ ਨਹੀਂ ਬਣਦਾ।

 www.sikhbookclub.com

ਸਲੋਕੁ ॥ ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥ ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥

ਹੇ ਅਗੰਮ ਪ੍ਰਭੂ! ਤੇਰੇ ਹੱਥ ਵਿਚ (ਹੁਕਮ ਰੂਪੀ) ਕਲਮ ਹੈ (ਜੋ ਜੀਵਾਂ ਦੇ) ਮਸਤਕ ਪਰ (ਲੇਖ) ਲਿਖ ਰਹੀ ਹੈ। (ਫਿਰ ਤੂੰ ਜੀਵਾਂ ਤੋਂ ਵੱਖ ਹੋ ਕੇ ਨਹੀਂ ਬੈਠਾ ਲੇਖ ਲਿਖ ਰਿਹਾ, ਤੂੰ) ਸਾਰਿਆਂ ਦੇ ਨਾਲ ਮਿਲ ਰਿਹਾ ਹੈਂ, (ਤੂੰ ਜੋ) ਅਨੂਪਮ ਸੁੰਦਰਤਾ ਵਾਲਾ ਹੈਂ[੧]। ਤੇਰੀਆਂ ਉਸਤਤਾਂ ਮੂੰਹ ਤੋਂ ਨਹੀਂ ਕਹੀਆਂ ਜਾ ਸਕਦੀਆਂ (ਮੈਂ ਹੁਣ ਤੇਰਾ) ਦਰਸ਼ਨ ਦੇਖ ਕੇ ਮੋਹੀ ਗਈ ਹਾਂ ਅਰ ਬਲਿਹਾਰ ਹੋ ਰਹੀ ਹਾਂ[੨]॥੧॥

ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥

[੩]ਹੇ ਸਦਾ ਅਟੱਲ[੪] ! ਹੇ ਪਾਰਬ੍ਰਹਮ ! ਹੇ ਨਾਸ਼ ਰਹਿਤ! ਹੇ ਪਾਪਾਂ ਦੇ ਨਾਸ਼ ਕਰਤਾ! ਹੇ ਪੂਰਨ! ਹੇ ਸਭ ਵਿਖੇ (ਵਿਆਪਕ)! ਦੁਖ ਨਾਸ਼ ਕਰਨੇ ਵਾਲੇ ਤੇ ਗੁਣਾਂ ਦੇ ਸਮੁੰਦਰ[੫]। ਹੇ (ਸਭ ਦੇ) ਸੰਗੀ! ਹੇ ਅਕਾਰ ਰਹਿਤ! ਹੇ (ਤਿੰਨਾਂ) ਗੁਣਾਂ ਤੋਂ ਅਤੀਤ! ਹੇ ਸਭ (ਕਿਸੇ) ਦਾ ਆਸਰਾ! ਹੇ ਪ੍ਰਿਥਵੀ ਦੇ ਜਾਣਨ ਹਾਰੇ[੬]! ਹੇ ਗੁਣਾਂ ਦੇ ਭੰਡਾਰ! ਹੇ ਜਿਸ ਦੇ (ਵਿਚ) ਨਿੱਤ-ਵਿਵੇਕ ਹੈ! ਹੇ ਪਰੇ ਤੋਂ ਪਰੇ ਹੇ ਪਾਪ ਹਰਨੇ

---

੧. ਅਨੂਪ=ਜਿਸ ਦੀ ਉਪਮਾਂ ਨਾ ਹੋ ਸਕੇ। ਰੂਪਾਵਤੀ=ਸੁੰਦਰਤਾ ਵਾਲਾ। (ਅ) ਰੂਪਾਵਤੀ ਨੂੰ ਇਸਤ੍ਰੀ ਲਿੰਗ ਖਯਾਲ ਕਰਕੇ 'ਤੇਰੀ ਕਲਮ ਯਾ ਸੱਤਾ ਅਨੂਪ ਰੂਪ ਵਾਲੀ ਹੈ' ਬੀ ਅਰਥ ਕਰਦੇ ਹਨ।

੨. ਇਹ ਸ਼ਲੋਕ ਫੁਨਿਹਾਂ ਵਿਚ ਬੀ ਆਯਾ ਹੈ।

੩. ਇਹ ਪਉੜੀ ਕਥਾ ਵਾਰਤਾ ਦੇ ਭੋਗ ਸਮੇਂ ਸਿੱਖ ਸੰਗਤਾਂ ਸੁੰਦਰ ਰਹਾ ਨਾਲ ਪੜ੍ਹਦੀਆਂ ਹਨ।

੪. ਅਚੁੱਤ=ਅਚਯੁਤ=ਜੋ ਡਿੱਗੇ ਨਾ। ਅਵਿਨਾਸ਼, ਸਦਾ ਅਚੱਲ।

੫. ਅਥਵਾ ਗੁਣਾਂ ਦਾ ਭੰਡਾਰੀ ਗੁਣਾਂ ਦਾ ਮਾਲਕ।

੬. ਅਥਵਾ ਪ੍ਰਿਥਵੀ ਦਾ ਪਾਲਕ, ਗੋਬਿੰਦ ਨਾਮ ਕ੍ਰਿਸ਼ਨ ਜੀ ਦਾ ਬੀ ਹੈ, ਪਰ ਜੋ ਸਿਫ਼ਤਾਂ ਇਸ ਪਉੜੀ ਵਿਚ ਚੱਲ ਰਹੀਆਂ ਹਨ ਸੋ ਨਿਰਾਕਾਰ ਵਾਹਿਗੁਰੂ ਜੀ ਦੀਆਂ ਹਨ।

☞॥ ਹਾਂ ਜੀਵ ਨੇ ਸੁਣ, ਪੜ੍ਹ, ਸਮਝ ਗਾਉਂ, ਧਿਆਇ, ਜਪ ਸਿਮਰਨ ਕਰਕੇ, ਉਸ ਦੇ ਦ੍ਰਿਸ਼ਟਾ ਸਰੂਪ ਵਿਚ ਮੇਲ ਪ੍ਰਾਪਤ ਕਰਨਾ ਹੈ, ਇਸੇ ਲਈ ਸ਼ਲੋਕ ਵਿਚ ਉਸ, ਅਕ੍ਸ਼ਰ ਦੀ ਪ੍ਰਾਪਤੀ ਲਈ ਯਾਚਨਾ ਕੀਤੀ ਹੈ, ਦ੍ਰਿਸ਼ਟਮਾਨ ਸਾਰਾ ਵਰਣਨ ਹੋ ਸਕਦਾ ਹੈ, ਪਰ ਦ੍ਰਿਸ਼ਟਾ ਸਾਰਾ ਵਰਣਨ ਨਹੀਂ ਹੋ ਸਕਦਾ, ਉਹ ਬੇਅੰਤ ਹੈ, ਬੇਹੱਦ ਹੈ ਤੇ ਅਵਿਨਾਸ਼ ਹੈ! ਯਥਾ- ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾਂ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੯॥(ਜਪੁਜੀ)

ਪੁਨਾ :- ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥ ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥੧॥ (ਬਾਵਨ ਅਖਰੀ ਗਉੜੀ ਕਬੀਰ)।

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥ ੫੫ ॥

ਵਾਲੇ! ਜੋ ਹੈਂ ਬੀ ਤੇ ਹੋਵੇਂਗਾ ਬੀ! ਹੇ ਸੰਤਾਂ ਦੇ ਸਦੀਵ ਸੰਗੀ! ਹੇ ਨਿਆਸਰਿਆਂ ਦੇ ਆਸਰਾ! ਹੇ ਠਾਕੁਰ! ਮੈਂ ਦਾਸ ਹਾਂ, ਮੈ ਨਿਰਗੁਣ ਹਾਂ, (ਮੇਰੇ ਵਿਚ) ਕੋਈ ਗੁਣ ਨਹੀਂ, ਮੈਨੂੰ ਨਾਮ ਦਾਨ ਬਖਸ਼ੀਏ (ਜੋ ਮੈਂ ਉਸ ਨੂੰ) ਹਿਰਦੇ ਵਿਚ ਪਰੋਕੇ ਰਖਾਂ (ਇਹ ਗੁਰੂ) ਨਾਨਕ (ਦੀ ਅਰਦਾਸ ਹੈ)॥੫੫॥

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਪਿ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥ ਏਹੁ ਸਲੋਕੁ ਆਦਿ ਅੰਤਿ ਪੜਣਾ ॥

ਇਹ ਸਲੋਕ ਤੇ ਆਦਿ ਦਾ ਸਲੋਕ ਇਕੋ ਹਨ, ਸੋ ਇਸ ਸਲੋਕ ਦੀ ਟੀਕਾ ਬਾਵਨ ਅੱਖਰੀ ਦੇ ਆਦਿ ਵਿਚ ਆ ਗਈ ਹੈ, ਓਥੇ ਦੇਖੋ।

# ਸੁਖਮਨੀ ਸਾਹਿਬ*

**ਗਉੜੀ ਸੁਖਮਨੀ ਮ: ੫॥**
**ਸਲੋਕੁ॥**
**ੴ ਸਤਿਗੁਰ ਪ੍ਰਸਾਦਿ॥**

ਰਾਗ ਗਉੜੀ[1] ਵਿਚ ਸੁਖਮਨੀ[2] ਨਾਮੇ ਬਾਣੀ ਜੋ ਪੰਜਵੇਂ ਗੁਰਾਂ ਦੀ ਰਚਿਤ ਹੈ!

ਸਲੋਕ॥[3]

('ੴ....ਦਿ' ਦਾ ਟੀਕਾ ਦੇਖੋ ਜਪੁਜੀ ਦੇ ਮੁੱਢ ਵਿਚ)

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੨੬੨ ਤੋਂ ੨੯੬।

੧. ਗਉੜੀ ਗੁਰਮਤ ਸੰਗੀਤ ਵਿਚ ਸਿਰੀ ਰਾਗ ਦੀ ਰਾਗਣੀ ਹੈ, ਦਿਨ ਦੇ ਚੌਥੇ ਪਹਿਰ ਗਾਵੀਂਦੀ ਹੈ।

੨. ਇਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਬੈਠ ਕੇ ਰਚੀ ਸੀ। ਉਹ ਅਸਥਾਨ ਤੇ ਬੇਰ ਦਾ ਬ੍ਰਿਖ, ਜਿਸ ਹੇਠ ਬੈਠ ਕੇ ਇਹ ਰਚੀ ਸੀ, 'ਰਾਮਸਰ' ਦੇ ਕਿਨਾਰੇ ਹੁਣ ਤਕ ਹੈ। ਇਸ ਬਾਣੀ ਵਿਚ ੨੪ ਸ਼ਲੋਕ ਤੇ ੨੪ ਅਸਟਪਦੀਆਂ ਹਨ। ਹਰ ਅਸਟਪਦੀ ਵਿਚ ਅੱਠ ਪਦੇ ਹਨ ਤੇ ਹਰ ਪਦੇ ਵਿਚ ੧੦ ਤੁਕਾਂ ਹਨ। ਸ਼ਲੋਕ ਵਿਚ ਸਮੁੱਚੇ ਤੌਰ ਤੇ ਅਸਟਪਦੀ ਦਾ ਭਾਵ ਆ ਜਾਂਦਾ ਹੈ।

ਇਸ ਬਾਣੀ ਵਿਚ ਨਾਮ ਦੀ ਮਹਿਮਾ, ਮਹਾਤਮ ਤੇ ਵਿਦਜਾ ਦਰਸਾਈ ਹੈ ਤੇ ਭਗਤ ਅਰ ਯਥਾਰਥ ਗਜਾਨ ਨਿਰੂਪਣ ਕੀਤੇ ਹਨ। ਅਖੀਰਲੀ ਅਸਟਪਦੀ ਵਿਚ ਨਾਮ ਦੇ ਮਹਾਤਮ ਨਾਲ ਸੁਖਮਨੀ ਦਾ ਸਾਰਾ ਮਹਾਤਮ ਲਿਖਿਆ ਹੈ।

ਸੁਖਮਨੀ ਦੇ ਅਰਥ ਹਨ- ਸੁਖ+ਮਨ+ਈ=ਮਨ ਨੂੰ ਸੁਖ ਦੇਣਹਾਰ। ਦੇਖੋ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਦਾ ਰਹਾਉ- ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥ ਅੰਤਲੀ ਅਸਟਪਦੀ ਦੇ ਪੰਜਵੇਂ ਅੰਕ ਵਿਚ:-ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸ ਮਨਿ ਬਸੈ ਸੋ ਹੋਤ ਨਿਧਾਨ॥ ਪੁਨਾ-ਨਾਨਕ ਇਹ ਗੁਣ ਨਾਮ ਸੁਖਮਨੀ॥ (ਅ) ਸੁਖਮਨੀ ਦੀ ਅੰਤਲੀ ਅਸਟਪਦੀ ਵਿਚ-ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏ ਰਤਨ॥' ਪਾਠ ਹੋਣ ਤੇ ਸੰਪ੍ਰਦਾਈ ਗਜਾਨੀ ਉਪਰਲੇ ਅਰਥ ਦੇ ਨਾਲ ਦੂਸਰਾ ਅਰਥ- 'ਸੁਖਾਂ ਦੀ ਮਣੀ' ਬੀ ਕਰਦੇ ਹਨ।

ਸੁਖਮਨੀ ਰਚਣ ਦਾ ਸਮਾਂ ੧੬੬੧ ਬਿ: ਤੋਂ ਪਹਿਲਾਂ ਦਾ ਹੈ, ਜਦੋਂ ਕਿ ਇਹ ਪਵਿੱਤ੍ਰ ਆਦਿ ਬੀੜ ਵਿਚ ਸ਼ਾਮਲ ਹੋਈ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ੧੬੫੮-੫੯ ਦੇ ਲਗ ਪਗ ਰਚੀ ਗਈ ਸੀ। ਸਿੱਖਾਂ ਵਿਚ ਸੁਖਮਨੀ ਦੇ ਪਾਠ ਦਾ ਬਹੁਤ ਪ੍ਰੇਮ ਹੈ। ਨਿੱਤਨੇਮ ਤੋਂ ਵੱਖਰੀ ਆਪਣੀ ਖ਼ੁਸ਼ੀ ਨਾਲ ਨਿੱਤਨੇਮ ਵਾਂਙੂ ਹੀ ਪੜ੍ਹੀ ਜਾਂਦੀ ਹੈ।

ਸੁਖਮਨੀ ਦੀ ਬੋਲੀ ਵਿਚ ਪਦਾਂ ਦੀ ਚੋਣ ਤੇ ਇਬਾਰਤ ਦੀ ਬੰਦਸ਼ ਵਿਚ ਸ੍ਰੀ ਗੁਰੂ ਜੀ ਨੇ ਪੰਜਾਬੀ ਤੇ ਹਿੰਦੀ ਦੇ ਚੁਣਵੇਂ ਸੰਮੇਲਨ ਦਾ ਕਮਾਲ ਕੀਤਾ ਹੈ। ਇਸ ਦੀ ਬੋਲੀ ਨੂੰ ਪੰਜਾਬੀ ਤੇ ਹਿੰਦੁਸਤਾਨੀ ਦੋਵੇਂ ਸਮਝ ਲੈਂਦੇ ਹਨ।

ਕਿਸੇ ਨੇ ਪੁਰਾਣੇ ਸਮੇਂ ਸੁਖਮਨੀ ਦਾ ਫ਼ਾਰਸੀ ਵਿਚ ਤਰਜਮਾ ਕੀਤਾ ਸੀ, ਜੋ ਪੈਰਿਸ ਦੀ ਕੌਮੀ ਲਾਇਬਰੇਰੀ ਵਿਚ ਪਿਆ ਹੈ, ਇਸ ਦਾ ਉਤਾਰਾ ਹੁਣ ਛਪ ਚੁੱਕਾ ਹੈ।

੩. ਸੰਸਕ੍ਰਿਤ ਵਿਚ ਸ਼ਲੋਕ ਇਕ ਛੰਦ ਦਾ ਨਾਮ ਹੈ। ਗੁਰਬਾਣੀ ਵਿਚ (ਤੇ ਸੁਖਮਨੀ ਵਿਚ ਬੀ) ਏਸ ਦੇ ਕਈ ਵਜ਼ਨ ਹਨ। ਵਿਸ਼ੇਸ਼ ਲਈ ਦੇਖੋ 'ਬਾਣੀ ਬਿਉਰਾ' ਕ੍ਰਿਤ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ।


www.sikhbookclub.com

ਆਦਿ ਗੁਰਏ ਨਮਹ॥
ਜੁਗਾਦਿ ਗੁਰਏ ਨਮਹ॥
ਸਤਿਗੁਰਏ ਨਮਹ॥
ਸ੍ਰੀ ਗੁਰਦੇਵਏ ਨਮਹ॥੧॥

ਆਦਿ ਗੁਰੂ ਤਾਈਂ[1] ਨਮਸਕਾਰ ਹੈ,
ਜੁਗਾਦਿ ਗੁਰੂ ਤਾਈਂ ਨਮਸਕਾਰ ਹੈ।
ਸਤਿਗੁਰੂ ਤਾਈਂ ਨਮਸਕਾਰ ਹੈ,
ਸ੍ਰੀ ਗੁਰਦੇਵ[2] ਤਾਈਂ ਨਮਸਕਾਰ ਹੈ।

ਅਸਟਪਦੀ॥

ਅਸਟਪਦੀ॥[3]

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥ ਸਿਮਰਉ ਜਾਸੁ ਬਿਸੁੰਭਰ ਏਕੈ॥

੩. ਜੋ ਇਕ (ਹੈ ਅਹ) ਸ੍ਰਿਸ਼ਟੀ ਦਾ ਪਾਲਣਹਾਰ ਹੈ[4] ਮੈਂ ਉਸ ਨੂੰ ਸਿਮਰਦਾ ਹਾਂ। (ਉਸ ਨੂੰ ਬਾਰੰਬਾਰ) ਸਿਮਰ ਸਿਮਰ ਕੇ ਮੈਂ (ਮਨ ਕਰਕੇ) ਸੁਖੀ ਹੋ ਰਿਹਾ ਹਾਂ (ਤੇ) ਤਨ ਵਿਚ ਬੀ ਜੋ ਕਲਿ ਕਲੇਸ਼[5] ਹਨ ਸੋ ਦੂਰ ਕਰ ਰਿਹਾ ਹਾਂ।

---

੧. ਸੰਸਕ੍ਰਿਤ ਗੁਰੂ+ਏ=ਗੁਰਵੇ=ਚੌਥੀ ਵਿਭਕਤੀ ਗੁਰੂ ਤਾਈਂ। ਗੁਰਬਾਣੀ ਵਿਚ ਸਮਾਸ ਕਰਨ ਵਾਲੇ ਵਿਭਕਤੀ ਲਗਣ ਵੇਲੇ ਕਈ ਵੇਰ ਪਦ ਦਾ ਔਂਕੁੜ ਲੋਪ ਹੋਇਆ ਦੇਖੀਦਾ ਹੈ, ਜੈਸੇ:- 'ਗੁਰ ਕਾ ਸਬਦ ਰਖਵਾਰੇ'। ਇਥੇ 'ਕਾ' ਲਾਉਣ ਵੇਲੇ 'ਗੁਰ' ਦੇ ਔਂਕੜ ਨੂੰ ਲੋਪ ਕਰ ਦਿੱਤਾ ਹੈ, ਤਿਵੇਂ ਗੁਰੂ ਪਦ ਨੂੰ 'ਏ' ਚੌਥੀ ਵਿਭਗਤੀ ਦਾ ਚਿੰਨ੍ਹ ਲਾਉਣ ਲਗਿਆਂ ਗੁਰੁ ਦੇ ਔਂਕੜ ਦਾ ਲੋਪ ਕਰ ਦਿਤਾ ਗਿਆ ਹੈ ਤੇ ਸੰਸਕ੍ਰਿਤ ਦਾ ਰੂਪ 'ਗੁਰਵੇ' ਜੋ '_ ਨੇ, ਦੇ ਮੇਲ ਤੋਂ ਬਣਦਾ ਸੀ, ਨਹੀਂ ਵਰਤਿਆ, ਪਰ ਅਪਣੇ ਸੰਕੇਤ ਦਾ ਸਰੂਪ 'ਗੁਰਏ' ਵਰਤਿਆ ਹੈ।

੨. ਆਦਿ ਗੁਰੂ=ਪਹਿਲੇ ਗੁਰੂ (ਗੁਰ ਨਾਨਕ ਦੇਵ)। ਜੁਗਾਦਿ ਗੁਰੂ=ਦੂਸਰੇ ਗੁਰੂ (ਗੁਰੂ ਅੰਗਦ ਦੇਵ) (ਜੁਗ, ਸੰਸ:,ਯੁਗਮ=ਦੋ)। ਸਤਿਗੁਰੂ=ਗੁਰੂ ਅਮਰ ਦਾਸ। ਸ੍ਰੀ ਗੁਰਦੇਵ=ਸ੍ਰੀ ਗੁਰੂ ਰਾਮਦਾਸ। ਇਸ ਅਰਥ ਭਾਵ ਦੀ ਪ੍ਰੋੜ੍ਹਤਾ ਇਸ ਤੁਕ ਤੋਂ ਹੁੰਦੀ ਹੈ:- ਰਾਮ ਰਾਜ ਰਾਮਦਾਸ ਪੁਰ ਕੀਨੇ ਗੁਰਦੇਵ। (ਬਿਲਾ:ਮ:੫ ਦੁਪ:੩) ਇਥੇ ਗੁਰੂ ਅਰਜਨ ਦੇਵ ਜੀ 'ਗੁਰਦੇਵ' ਪਦ ਸ੍ਰੀ ਗੁਰੂ ਰਾਮਦਾਸ ਜੀ ਲਈ ਵਰਤ ਰਹੇ ਹਨ। ਇਸ ਤੋਂ ਸੰਭਾਵਨਾ ਹੋ ਜਾਂਦੀ ਹੈ ਪਹਿਲੇ ਤਿੰਨ ਪਦ, ਆਦਿ ਗੁਰੂ, ਜੁਗਾਦਿ ਗੁਰੂ, ਸਤਿਗੁਰੂ ਪਹਿਲੇ ਤਿੰਨਾਂ ਗੁਰੂ ਸਾਹਿਬਾਂ ਦੇ ਲਖਾਯਕ ਹਨ। ਇਸੀ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਅਮਰ ਦਾਸ ਜੀ ਲਈ ਸਤਿਗੁਰੁ ਪਦ ਵਰਤਿਆ ਹੈ:-ਸਚ ਸਚਾ ਸਤਿਗੁਰੁ ਅਮਰ ਹੈ (ਵਾ:ਗੌ ਪੌ: ੧੭)। ਇਹ ਚੋਹਾਂ ਗੁਰੂ ਸਾਹਿਬਾਂ ਦਾ ਮੰਗਲ ਕੀਤਾ ਹੈ। ਸਨਾਤਨ ਤੋਂ ਸੰਪ੍ਰਦਾਈ ਗਜਾਨੀ, ਸਿੱਖ ਕੋਸ਼ਕਾਰ ਤੇ ਹੋਰ ਟੀਕਾਕਾਰ ਇਹੀ ਅਰਥ ਭਾਵ ਲੈਂਦੇ ਆਏ ਹਨ, ਬਾਵਨ ਅੱਖਰੀ ਵਿਚ ਬੀ ਪੰਚਮ ਗੁਰੂ ਜੀ ਨੇ ਮੰਗਲ ਗੁਰੂ ਦੇਵ ਦਾ ਕੀਤਾ ਹੈ। ਗੁਰੂ ਦੀ ਪੂਜਾ, ਆਰਾਧਨ ਦੀ ਆਗਜਾ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਹੈ: 'ਗੁਰੁ ਗੁਰੁ ਜਪੀ ਗੁਰੁ ਗੁਰੁ ਧਿਆਈ।'(ਆਸਾ:ਮ:੫-੧੦੨) ਏਥੋਂ ਤਾਈਂ ਕਿ 'ਹਰਿ ਜੀਉ ਨਾਮੁ ਪਰਿਓ ਰਾਮਦਾਸੁ'(ਸੋਰਠ:ਮ:੫-੧੩) ਬੀ ਪੰਚਮ ਗੁਰੂ ਜੀ ਨੇ ਆਖਿਆ ਹੈ।

੩. ਅਠਾਂ ਪਦਿਆਂ ਦੇ ਇਕੱਠ ਦਾ ਨਾਮ ਅਸਟਪਦੀ ਹੈ। ਅਸਟਪਦੀਆਂ ਕਈ ਰਾਗਾਂ ਵਿਚ ਹਨ ਤੇ ਵਜ਼ਨ ਇਕੋ ਨਹੀਂ ਹਨ। ਸੁਖਮਨੀ ਵਿਚ ਆਈ ਅਸਟਪਦੀ ਦੇ ਪਦਿਆਂ ਦਾ ਵਜ਼ਨ ੧੫,੧੬ ਮਾਤ੍ਰਾਂ ਦਾ ਹੈ।

੪. ਬਿਸੁੰਭਰ=(ਸੰਸ,ਵਿਸ਼ੰਭਰ) ਸ੍ਰਿਸ਼ਟੀ ਦੀ ਪਾਲਨਾ ਕਰਨ ਵਾਲਾ।

੫. ਕਲਿ ਕਲੇਸ=(ਸੰ:,ਕਲਿ=)ਕਲਿਯੁਗ, ਕਲਹਾ, ਪਾਪ। ਦਾਰਸ਼ਨਿਕ ਪਹਿਲੂ ਵਿਚ-ਕਲਪਣਾ। (ਸੰਸ:,ਕਲੇਸ਼=)ਦੁਖ, ਪੀੜਾ, ਝਗੜੇ ਪਰ ਦਾਰਸ਼ਨਿਕ ਪਹਿਲੂ (ਯੋਗ) ਵਿਚ ਕਲੇਸ਼ ਪੰਜ ਹਨ:- ਅਵਿਦਜਾ(=ਅਗਜਾਨ)। ਅਸਿਮਤਾ (=ਆਤਮਾ ਤੇ ਬੁੱਧੀ ਨੂੰ ਅਭੇਦ ਜਾਣਨਾ, ਅਥਵਾ ਦ੍ਰਿਕ੍ ਤੇ ਦਰਸ਼ਨ ਸ਼ਕਤੀ ਨੂੰ ਇਕ ਜਾਣਨਾ)। ਰਾਗ (=ਮੋਹ)। ਦ੍ਵੈਖ (=ਵੈਰ)। ਅਭਿਨਿਵੇਸ਼ (ਮੌਤ ਦਾ ਡਰ)। ਸਰੀਰ ਧਾਰੀ ਹੋਣ ਕਰਕੇ ਤੇ ਸਰੀਰ ਨਾਲ ਪਿਆਰ ਹੋਣ ਤੋਂ ਕਲਪਣਾ ਤੇ ਕਲੇਸ਼ ਹੁੰਦੇ ਹਨ। ਬੋਧੀਆਂ ਨੇ ਕਲੇਸ਼ ੧੦ ਮੰਨੇ ਹਨ।

ਨਾਮੁ ਜਪਤ ਅਗਨਤ ਅਨੇਕੈ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ॥
ਕੀਨੇ ਰਾਮ ਨਾਮ ਇਕ ਆਖ੍ਰ॥

(ਇਸ ਵੇਲੇ ਹੋਰ ਬੀ) ਅਨੇਕਾਂ (ਹਨ ਜੋ) ਨਾਮ ਜਪ ਰਹੇ ਹਨ (ਜਿਨ੍ਹਾਂ ਦੀ) ਗੇਣਤੀ ਨਹੀਂ[1] (ਹੋ ਸਕਦੀ)।

(ਮੇਰੇ ਤੋਂ ਪਹਿਲੇ ਬੀ ਅਣਗਿਣਤ ਹੋਏ ਹਨ ਪਰ ਓਹ ਸਾਰੇ ਲੇਖਕ ਜਿਨ੍ਹਾਂ ਨੇ) ਵੇਦ[2] ਪੁਰਾਣ[3] ਸਿੰਮ੍ਰਤੀਆਂ[4] (ਤੇ ਹੋਰ) ਪਵਿੱਤ੍ਰ ਪੁਸਤਕ[5] ਰਚੇ ਹਨ[6] (ਉਨ੍ਹਾਂ ਸਭਨਾਂ ਨੇ) 'ਓਂ'[7] ਤੇ 'ਰਾਮ' (ਆਦਿਕ ਪਰਮੇਸ਼ਰ ਦੇ) ਨਾਮ (ਹੀ) ਸਿਮਰਨ ਕੀਤੇ ਹਨ।

---

੧ (ਸੰਸ:,ਗਣਿਤ=ਹਿਸਾਬ) ਅਗਨਤ=ਬੇਹਿਸਾਬ।

੨. ਸੰਸ:,ਵੇਦ। ਹਿੰਦੂ ਮਤ ਦੇ ਚਾਰ ਧਰਮ ਪੁਸਤਕ। ਪਹਿਲੇ ਲੋਕ ਜਦ ਵੇਦ ਕਹਿੰਦੇ ਸਨ ਤਾਂ ਉਪਨਿਖਧ ਸਮੇਤ ਭਾਵ ਹੁੰਦਾ ਸੀ। ਵੇਦ ਉਪਨਿਖਧਾਂ ਵਿਚ ਪਰਮੇਸ਼ੁਰ ਦਾ ਮੁਖ ਨਾਮ ਤ੍ਰੱ 'ਓਂ'

੩. ਪੁਰਾਣ ੧੮ ਹਨ। ਇਨ੍ਹਾਂ ਵਿਚ 'ਓਂ' ਤੋਂ ਛੁਟ 'ਰਾਮ' ਆਦਿ ਨਾਵਾਂ ਦੀ ਮਹਿਮਾ ਬੀ ਹੈ।

੪. ਸਮ੍ਰਤੀ=ਹਿੰਦੂ ਸ਼ਾਸਤ੍ਰ ਜੋ ਵੇਦਾਂ ਨੂੰ ਯਾਦ ਕਰਕੇ ਰਚੇ ਗਏ। ਹਿੰਦੂ ਧਰਮ ਗ੍ਰੰਥਾਂ ਵਿਚੋਂ ਵੇਦ (ਸੰਹਿਤਾ), ਬ੍ਰਾਹਮਣ ਤੇ ਉਪਨਿਖਧ ਇਹ ਸ਼੍ਰੁਤ੍ਰੀ ਕਹੀਦੇ ਹਨ। (ਸ਼੍ਰੁਤਿ=ਜੋ ਬ੍ਰਹਮਾ ਆਦਿ ਰਿਖੀਆਂ ਨੇ ਸੁਣਿਆਂ।) ਛੇ ਵੇਦਾਂਗ, ਗ੍ਰਹਜ ਆਦਿ ਮਨੁ, ਯਾਗਵਲਕ ਆਦਿ ਸਿਮ੍ਰਿਤਿ ਕਹੀਦੇ ਹਨ: ਇਨ੍ਹਾਂ ਵਿਚ 'ਓਂ' 'ਰਾਮ' ਆਦਿ ਅਨੇਕਾਂ ਨਾਮ ਹਨ।

੫. ਸੁਧਾਖ੍ਰ=ਸੰਸ:, ਸ਼ੁੱਧ ਅਕ੍ਸ਼ਰ। =੧. ਜੋ ਸ਼ੁੱਧ ਹੈ ਅਰ ਨਾ ਖਰਨੇ ਵਾਲਾ ਹੈ। ਪਵਿੱਤ੍ਰ ਅਵਿਨਾਸ਼ੀ (ਵਾਹਿਗੁਰੂ)। ੨. ਸ਼ੁੱਧ ਅੱਖਰ=ਸੁਚੇ ਯਾ ਪਵਿੱਤ੍ਰ ਅੱਖਰ। ਪਵਿੱਤ੍ਰ ਅੱਖਰਾਂ ਤੋਂ ਭਾਵ ਹੈ ਪਵਿੱਤ੍ਰ ਅੱਖਰਾਂ ਵਾਲੇ ਲੇਖ, ਪਵਿੱਤ੍ਰ ਪੁਸਤਕ। ਏਥੇ ਇਸ ਦਾ ਰੂਪ ਹੈ 'ਸੁਧਾਖ੍ਰ'। ਪਰ ਗੁਰਬਾਣੀ ਵਿਚ 'ਸੁਧਾਖ੍ਰ' ਪਦ ਏਕ ਦੇ ਨਾਲ ਬੀ ਆਇਆ ਹੈ, ਓਥੇ ਰੂਪ ਹੈ 'ਏਕ ਸੁਧਾਖਰੁ'। ਓਥੇ ਸੁਧਾਖਰੁ ਤੋਂ ਭਾਵ 'ਓਂ' ਦਾ ਹੈ ਯਥਾ:- 'ਬੂਝੈ ਨਾਹੀ ਏਕੁ ਸੁਧਾਖਰੁ'॥(ਗਉੜੀ ਮ:੫॥

੬. ਕੀਨੇ ਕੀਤੇ ਹਨ। ਬਹੁ ਬਚਨ ਹੈ। ਇਹ ਪਦ ਦੇਹੁਲੀ ਦੀਪਕ ਹੈ, ਅਰਥਾਤ ਦਹਿਲੀਜ਼ ਦੇ ਦੀਵੇ ਵਾਂਗ ਅੰਦਰ ਬਾਹਰ ਚਾਨਣਾ ਦੇਣ ਵਾਲਾ, ਭਾਵ ਦੁਵੱਲੀ ਅਰਥ ਦੇਣ ਵਾਲਾ। 'ਕੀਨੇ' ਪਦ ਦੁਹਾਂ ਤੁਕਾਂ ਵਿਚ ਲੱਗਦਾ ਹੈ। ਵੇਦ ਪੁਰਾਨ ਸਿਮਰਤ ਜਿਨ੍ਹਾਂ ਨੇ ਕੀਤੇ (ਰਚੇ) ਹਨ ਉਨ੍ਹਾਂ ਨੇ 'ਰਾਮ ਤੇ ਓਂ' (ਇਹ (ਦੋ) ਨਾਮ ਕੀਤੇ=ਸਿਮਰਨ ਕੀਤੇ ਹਨ। ਪਿਛੇ ਵਿਸ਼ਯ ਸਿਮਰਨ ਦਾ ਹੈ, ਇਸ ਕਰਕੇ 'ਕੀਤੇ' ਦਾ ਮਤਲਬ ਏਥੇ 'ਸਿਮਰਨ ਕੀਤੇ' ਲੱਗਦਾ ਹੈ। ਭਾਵ ਇਹ ਹੈ ਕਿ ਵੇਦ ਪੁਰਾਣ ਸਿੰਮ੍ਰਿਤੀਆਂ ਤੇ ਹੋਰ ਪਵਿੱਤ੍ਰ ਪੁਸਤਕਾਂ ਨੇ ਇਕ ਨਾਮ ਹੀ ਮੂਲ ਗੱਲ ਦੱਸੀ ਹੈ। ਯਥਾ:- ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥ (ਗਉ: ਸੁਖਮਨੀ ਮ:੫) ਇਸ ਤੁਕ ਦੇ ਸੰਪ੍ਰਦਾਈ ਅਰਥ ਐਉਂ ਬੀ ਹਨ- ਵੇਦ ਪੁਰਾਣ ਸਿੰਮ੍ਰਿਤੀਆਂ ਦਾ ਅੱਖਰ ਅੱਖਰ ਸੋਧਿਆ, (ਤਦ) ਰਾਮ ਦਾ ਨਾਮ ਇਕ (ਸਾਰ ਰੂਪ) ਅੱਖਰ ਹੀ ਨਿਸਚੇ ਕੀਤਾ। ਅਰਥਾਤ ਨਾਮ ਸਿਮਰਣ ਹੀ ਸਭ ਦਾ ਸਿਧਾਂਤ ਲੱਭਾ। 'ਆਖਰ' ਦਾ ਅਰਥ 'ਅੰਤ ਨੂੰ' ਬੀ ਲਾਉਂਦੇ ਹਨ।

੭. ਇਕ ਆਖ੍ਰ=ਓਂ। ਸੰਸਕ੍ਰਿਤ ਸਾਹਿਤਯ ਵਿਚ ਇਹ ਪਦ 'ਏਕਾਕਸ਼ਰ' ਅਕਸਰ 'ਓਂ' ਅਰਥਾਂ ਵਿਚ ਹੀ ਆਇਆ ਹੈ। (ਇਕ ਆਖ੍ਰ=ਸੰਸ: ਏਕਾਕਸ਼ਰ=ਇਕ ਜੋ ਨਾਸ਼ ਨਹੀਂ ਹੁੰਦਾ)। ੧. ਪਰਮਾਤਮਾ। ੨. ਉਸ ਦਾ ਲਖਾਯਕ 'ਓਂ'।

 www.sikhbookclub.com

**ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ॥ ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ॥੧॥**

(ਸੋ) ਜਿਸ ਦੇ ਮਨ ਵਿਚ ਇਕ ਕਿਣਕਾ[1] (ਨਾਮ ਦਾ) ਵਸ ਜਾਵੇ, ਉਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ। (ਹੇ ਵਾਹਿਗੁਰੂ ਐਸੇ ਸਿਮਰਨ ਵਾਲੇ ਬੰਦੇ ਜੋ) ਕੇਵਲ ਆਪ ਦੇ ਦਰਸ਼ਨ ਦੇ ਪ੍ਰੇਮੀ[2] ਹਨ, ਉਹਨਾਂ ਦੇ ਸੰਗ ਵਿਚ ਮੇਰਾ ਬੀ ਉਧਾਰ ਕਰੋ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੧॥

ਭਾਵ- ਤੀਸਰੀ ਤੁਕ ਵਿਚ ਗੁਰੂ ਜੀ ਨੇ ਪਰਮੇਸ਼ੁਰ ਨੂੰ 'ਏਕੈ' ਕਿਹਾ ਹੈ, ਭਾਵ ਨਿਰਗੁਣ ਤੋਂ ਹੈ। ਫਿਰ 'ਵਿਸ਼੍ਵ ਨੂੰ ਪਾਲਣੇ ਵਾਲਾ' ਕਿਹਾ ਹੈ ਭਾਵ ਸਰਗੁਨ ਤੋਂ ਹੈ। ਉਸ ਪਰਮੇਸ਼ੁਰ ਦਾ ਜੋ "ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ॥" ਹੈ, ਮੈਂ ਸਿਮਰਨ ਕਰਦਾ ਹਾਂ। ਸੁਆਲ ਹੁੰਦਾ ਹੈ ਕਿ ਸਿਮਰਨ ਕਰਕੇ ਕੀਹ ਹੋਇਆ ਹੈ, ਸੋ ਪਹਿਲਾਂ ਇਹ ਨਿਜ ਦਾ ਤਜਰਬਾ ਦੱਸਦੇ ਹਨ ਕਿ ਮੈਂ ਉਸ ਦਾ ਸਿਮਰਨ ਕਰਕੇ ਸੁਖੀ ਹੋ ਰਿਹਾ ਹਾਂ, ਮਨ ਕਰਕੇ ਬੀ ਤੇ ਤਨ ਕਰਕੇ ਬੀ। ਫਿਰ ਦੂਸਰਿਆਂ ਦੇ, ਜੋ ਉਸ ਵੇਲੇ ਮੌਜੂਦ ਸਨ, ਤਜਰਬੇ ਵਲ ਇਸ਼ਾਰਾ ਕਰਦੇ ਹਨ ਕਿ ਹੋਰ ਅਨੇਕਾਂ ਹਨ ਜੋ ਸਿਮਰਨ ਵਿਚ ਲਗੇ ਹੋਏ ਹਨ। ਹੋ ਸਕਦਾ ਹੈ 'ਅਨੇਕ' ਦਾ ਇਸ਼ਾਰਾ ਉਨ੍ਹਾਂ ਵੱਲ ਹੋਵੇ, ਜੋ ਆਪ ਦੇ ਸਤਿਸੰਗ ਵਿਚ ਸਿਮਰਨ ਕਰਦੇ ਸਨ ਤੇ ਅਗਨਤ ਦਾ ਇਸ਼ਾਰਾ ਇਤਰ ਮਤਾਂ ਦੇ ਜਪਣਹਾਰਿਆਂ ਵੱਲ ਹੋਵੇ, ਜੋ ਆਪ ਨੂੰ ਮਿਲਦੇ ਸਨ। ਫਿਰ ਹੁਣ ਪਿਛਲੇ ਸਮੇਂ ਵੱਲ ਜਾਂਦੇ ਹਨ ਕਿ ਤਦੋਂ ਬੀ ਜੋ ਨਾਮ ਸਿਮਰਦੇ ਸਨ, ਉਹ ਬੀ ਅਣਗਿਣਤ ਹੋਏ ਹਨ। ਪਰ ਆਪ ਏਥੇ ਆਮ ਨਾਮ ਪ੍ਰੇਮੀਆਂ ਤੋਂ ਵਡੇਰੇ ਲੋਕਾਂ ਦਾ, ਜਿਨ੍ਹਾਂ ਨੇ ਵੇਦ ਸ਼ਾਸਤ੍ਰ ਰਚੇ ਸੇ, ਜ਼ਿਕਰ ਕਰਦੇ ਹਨ ਕਿ ਵੇਦ, ਪੁਰਾਣ, ਸਿੰਮ੍ਰਤੀਆਂ ਤੇ ਹੋਰ ਪਰਮਾਰਥਿਕ ਲੇਖਕਾਂ ਦਾ ਤਜਰਬਾ ਬੀ ਇਹੋ ਹੈ ਕਿ ਉਹਨਾਂ ਨੇ ਬੀ ਨਾਮ ਹੀ ਸਿਮਰਕੇ ਪਰਮ ਪਦ ਪਾਇਆ ਸੀ। 'ਕੀਨੇ' ਪਦ 'ਦੇਹੁਲੀ ਦੀਪਕ' ਹੈ ਕਿ ਜਿਨ੍ਹਾਂ ਨੇ ਕੀਤੇ ਹਨ ਸ਼ੁੱਧ ਅੱਖਰ (ਭਾਵ ਪਵਿੱਤ੍ਰ ਪੁਸਤਕ ਰਚੇ ਹਨ) ਤੇ ਕੀਤੇ ਹਨ (ਭਾਵ ਸਿਮਰਨ ਕੀਤੇ ਹਨ) 'ਰਾਮ' ਤੇ 'ਓਂ'। ਸੰਸਕ੍ਰਿਤ ਵਿਚ ਏਕਾਕਸ਼ਰ 'ਓਂ' ਨੂੰ ਆਖਦੇ ਹਨ।

ਇਕ ਭਾਵ ਇਨ੍ਹਾਂ ਤੁਕਾਂ ਦੇ ਅੰਤਰਗਤਿ ਹੋਰ ਹੈ। ਜਿਸ ਵੇਲੇ ਅਨੇਕਾਂ ਦਾ ਨਾਮ ਜਪਣ ਦਾ ਤੇ ਬੇਦ ਪੁਰਾਣ ਸਿੰਮ੍ਰਤੀਆਂ ਦੇ ਨਾਮ-ਜਪ ਦੱਸਣ ਦਾ ਕਥਨ ਕੀਤਾ ਹੈ ਤਾਂ ਨਾਲ ਹੀ ਦੱਸਿਆ ਹੈ ਕਿ ਨਾਮ ਦਾ ਕਿਣਕਾ ਅੰਦਰ ਵਸਾ ਲੈਣਾ ਮਹਿਮਾ ਯੋਗ ਹਾਲਤ ਹੈ ਜਿਸ ਨਾਲ ਕਿ ਕਲਿ ਕਲੇਸ਼ ਮਿਟਦੇ ਤੇ ਸੁਖ ਪੱਲੇ ਪੈਣ ਵਾਲੀ ਅਵਸਥਾ ਹੁੰਦੀ ਹੈ। ਇਸ ਨੂੰ ਪਰਮੇਸ਼ੁਰ ਦੇ ਦਰਸ ਪਿਆਸੇ (=ਪ੍ਰੇਮੀ) ਸਿਮਰਦੇ ਹਨ। ਐਸੇ ਪ੍ਰੇਮੀਆਂਦੀ ਸੰਗਤ ਦੀ ਮੰਗ ਆਪ ਵਾਹਿਗੁਰੂ ਤੋਂ ਕਰਦੇ ਹਨ, ਜਿਸ ਦਾ ਭਾਵ ਇਹ ਹੈ ਕਿ ਨਾਮ ਇਕ ਪ੍ਰੇਮ ਦਾ ਰੂਪ ਹੈ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**

'ਮਨ ਨੂੰ ਸੁਖ ਦੇਣਹਾਰ' ਹੈ ਪਰਮੇਸ਼ੁਰ ਦਾ ਨਾਮ, (ਸਰੀਰਕ ਸੁਖ ਹੀ ਨਹੀਂ ਸਗੋਂ) ਅੰਮ੍ਰਿਤ

---

੧. ਕਿਣਕਾ, ਇਸ ਤੋਂ ਭਾਵ 'ਥੋੜਾ ਜਿਹਾ' ਵਿਸ਼ੇਸ਼ਣ ਮਾਤ੍ਰ ਨਹੀਂ, ਭਾਵ ਹੈ 'ਏਕਾਈ' ਯਾ ਛੋਟਾ ਵਜੂਦ ਜੋ ਵੰਡੀਂਦਾ ਨਹੀਂ ਤੇ ਜੋ ਆਪਣੇ ਵਰਗੇ ਹੋਰ ਆਪਣੇ ਨਾਲ ਜੋੜਦਾ ਹੈ। ਦਹੀਂ ਵਿਚਲਾ ਇਕ ਚੇਤਨ ਕਿਣਕਾ ਜੋ ਖ਼ਸ਼ਖਾਸ਼ ਦੇ ਦਾਣੇ ਦੇ ਬੀ ਸੌਵੇਂ ਹਿੱਸੇ ਤੋਂ ਬੀ ਛੋਟਾ ਹੋਵੇ ਦੁੱਧ ਵਿਚ ਪੈ ਕੇ ਆਪਣੇ ਵਰਗੇ ਅਨੇਕਾਂ ਬਣਾ ਕੇ ਸਾਰੇ ਦੁੱਧ ਨੂੰ ਦਹੀਂ ਬਣਾ ਲੈਂਦਾ ਹੈ। ਤਿਵੇਂ ਨਾਮ ਇਕ ਜੀਉਂਦੀ ਇਕਾਈ ਹੈ ਜੋ ਵਧਦੀ ਮੌਲਦੀ ਤੇ ਨਾਮ ਨਾਲ ਤਦਰੂਪ ਕਰ ਦੇਂਦੀ ਹੈ।

੨. ਕਾਂਖੀ, ਸੰਸ:, ਕਾਂਕਸ਼ਾ=ਚਾਹ। ਕਾਂਖੀ=ਚਾਹ ਵਾਲਾ, ਪ੍ਰੇਮੀ।


www.sikhbookclub.com

| | |
|---|---|
| ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥ | ਸੁਖ ਦਾ ਦਾਤਾ ਹੈ[1], (ਜਿਸ ਨਾਮ ਦਾ ਕਿ) ਨਿਵਾਸ (ਪ੍ਰਭੂ ਦੇ) ਭਗਤਾਂ ਪੁਰਖਾਂ ਦੇ ਮਨ ਵਿਚ ਹੁੰਦਾ ਹੈ[2]। ਰਹਾਉ[3]। |

---

੧. ਅੰਮ੍ਰਿਤ ਸੁਖ - ਉਹ ਸੁਖ, ਜੋ ਸਰੀਰ ਦੇ ਮਰਨ ਨਾਲ ਨਾ ਮਰੇ, ਅਮਰ ਸੁਖ ਸਦਾ ਦਾ ਸੁਖ। 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ' ਵਿਚ ਸ਼ਲੇਖ ਅਰਥ ਰਖਿਆ ਹੈ, ਜੋ ਇਹ ਹੈ:- ਇਸ ਸੁਖਮਨੀ ਵਿਚ ਪਰਮੇਸ਼ੁਰ ਦੇ ਅਮਰ ਕਰਨ ਵਾਲੇ ਸੁਖਾਂ ਦੇ ਦਾਤੇ ਨਾਮ ਦਾ ਵਰਣਨ ਹੈ।

੨. ਇਸ ਰਹਾਉ ਦੀ ਤੁਕ ਹੈ, ਸੁਖਮਨੀ ਦੇ ਪਦੇ ਗਾਂਉਣ ਵੇਲੇ ਇਹੋ ਇਕੋ ਰਹਾਉ ਵਰਤਿਆ ਜਾਵੇਗਾ।

੩. ਰਹਾਉ: ਹਿੰਦੀ ਕੋਸ਼ਕਾਰ ਲਿਖਦੇ ਹਨ ਕਿ ਗੀਤ ਵਿਚ ਪਹਿਲਾ ਪਦ, ਟੇਕ, ਯਾ ਸਥਾਈ ਯਾ ਰਹਾਉ ਕਹੀਦਾ ਹੈ, ਨਾਲ ਹੀ ਦੱਸਦੇ ਹਨ ਕਿ ਇਹ 'ਰਹਾਉ' ਵਿਸ਼ੇਸ਼ ਕਰਕੇ ਪੰਜਾਬ ਵਿਚ ਵਰਤਿਆ ਜਾਂਦਾ ਹੈ। ਸੋ ਪੰਜਾਬੀ ਠੇਠ ਬੋਲੀ ਦਾ ਇਹ ਸੰਗੀਤਕ ਪਦ ਇਹੋ ਅਰਥ ਰਖਦਾ ਹੈ। ਗੀਤ ਦੇ ਗਾਇਨ ਵਿਚ ਅਕਸਰ ਚਾਰ ਹਿੱਸੇ ਹੁੰਦੇ ਹਨ: ਸਥਾਈ, ਸੰਚਾਰੀ, ਅੰਤਰਾ ਤੇ ਸੰਭੋਗ। ਪਰ ਆਮ ਵਰਤਾਰੇ ਵਿਚ ਦੋ ਹਨ: ਸਥਾਈ ਤੇ ਅੰਤਰਾ। ਅੰਤਰੇ ਦੀ ਹਰ ਤੁਕ ਦੇ ਮਗਰੋਂ ਸਥਾਈ ਦੀ ਤੁਕ ਰਹਿ ਰਹਿ ਕੇ ਯਾ ਮੁੜ ਮੁੜ ਕੇ ਗਾਵੀਂਦੀ ਹੈ, ਇਸ ਕਰਕੇ ਉਸ ਨੂੰ ਰਹਾਉ ਕਹੀਦਾ ਹੈ। ਗੁਰਬਾਣੀ ਵਿਚ ਜ਼ਿਥੇ ਦੋ ਸਥਾਈਆਂ ਦੇ ਗਾਇਨ ਦਾ ਭਾਵ ਹੈ ਓਥੇ ਕਈ ਥਾਂਈਂ ਰਹਾਉ ਦੂਜਾ ਤੀਜਾ ਬੀ ਵਿਦਮਾਨ ਹੈ। ਗਾਉਣ ਵਾਲੇ ਦੀ ਮਰਜ਼ੀ ਹੈ, ਜਿਹੜਾ ਰਹਾਉ ਚਾਹੇ ਗਾਵੇਂ। ਸ਼ਬਦ ਤੋਂ ਛੁਟ ਕਿਤੇ ਸਾਰੀ ਬਾਣੀ ਵਿਚ ਬੀ ਇਕ ਰਹਾਉ ਆਇਆ ਹੈ ਜੈਸਾ ਕਿ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪਉੜੀ ਦੇ ਅੰਤ ਰਹਾਉ ਦੀ ਤੁਕ ਹੈ:- ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ ਇਸ ਦਾ ਭਾਵ ਹੈ ਕਿ ਹਰ ਪਉੜੀ ਦੇ ਮਗਰੋਂ ਇਹ ਤੁਕ ਲੈਣੀ ਹੈ ਇਸ ਤਰ੍ਹਾਂ ਸਿੱਧ ਗੋਸ਼ਟ ਤੇ ਦੱਖਣੀ ਓਅੰਕਾਰ ਵਿਚ ਇਕੋ ਇਕ ਰਹਾਉ ਦੋ ਤੁਕਾਂ ਦਾ ਹੈ:- 'ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ਰਹਾਉ॥' (ਸਿਧ ਗੋਸਟਿ)। 'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ਰਹਾਉ॥' (ਦਖਣੀ ਓਅੰਕਾਰ)। ਇਸੇ ਤਰ੍ਹਾਂ ਸੁਖਮਨੀ ਵਿਚ ਇਹ ਇਕੋ ਰਹਾਉ ਹੈ: 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥' ਸੰਗੀਤਕ ਗ੍ਰੰਥਾਂ ਵਿਚ ਰਹਾਉ ਦੇ ੪ ਭੇਦ ਤੇ ਅਗੋਂ ੯੬ ਪ੍ਰਭੇਦ ਹਨ!

ਸੰਗੀਤਕ ਵਿਦਯਾ ਵਾਲੇ ਜਿਸ ਨੂੰ ਟੇਕ ਸਥਾਈ ਯਾ ਰਹਾਉ ਕਹਿੰਦੇ ਹਨ, ਉਸ ਨੂੰ ਬਾਰ ਬਾਰ ਅੰਤਰੇ ਦੇ ਮਗਰੋਂ ਗਾਉਂਦੇ ਹਨ, ਕਿਉਂਕਿ ਉਸ ਵਿਚ ਗੀਤ ਦਾ ਮੁੱਖ ਖਿਆਲ ਯਾ ਸਿਧਾਂਤ ਯਾ ਉਸ ਵਿਚ ਗੀਤ ਦਾ ਚਮਤਕਾਰੀ ਭਾਵ ਹੁੰਦਾ ਹੈ। ਸੋ ਗੁਰਬਾਣੀ ਵਿਚ 'ਅਰਥ ਪੱਖ' ਵਿਚ ਰਹਾਉ ਤੋਂ ਅਰਥ ਚੁੱਕਿਆਂ ਬਿਵਸਥਾ ਠੀਕ ਲਗਦੀ ਹੈ। ਯਾ ਇਉਂ ਸਮਝੋ ਕਿ ਮੁੱਖ ਖਯਾਲ ਯਾ ਸਾਰੇ ਭਾਵ ਦੀ ਧੁਰ ਯਾ ਚਮਤਕਾਰ ਰਹਾਉ ਵਿਚ ਹੁੰਦਾ ਹੈ।

ਇਹ ਕਹਿਣਾ ਠੀਕ ਨਹੀਂ ਕਿ ਰਹਾਉ ਸੰਗੀਤਕ ਪਦ ਨਹੀਂ ਤੇ ਇਹ ਕੇਵਲ ਅਰਥ ਪੱਖ ਦੀ ਸ਼ੈ ਹੈ, ਯਾ ਇਹ ਨਿਰਾ ਸੰਗੀਤਕ ਪਦ ਹੈ ਤੇ ਕੇਵਲ ਗਾਯਣ ਸੰਬੰਧੀ ਸੈਨਤ ਮਾਤ੍ਰ ਹੈ। ਇਹ ਸ਼ੁੱਧ ਸੰਗੀਤਕ ਪਦ ਹੈ ਤੇ ਸੰਗੀਤਕ ਰਹਿਨੁਮਾਈ ਇਸ ਵਿਚ ਹੈ: ਪਰੰਤੂ ਕਿਉਂ ਸੰਗੀਤ ਵਿਦਯਾ ਵਿਚ ਇਕ ਖਾਸ ਤੁਕ ਨੂੰ 'ਰਹਾਉ' ਕਹਿੰਦੇ ਹਨ ਤੇ ਬਾਕੀ ਦੀਆਂ ਨੂੰ ਨਹੀਂ? ਇਸ ਕਰਕੇ ਕਿ ਸਾਰੇ ਗੀਤ ਦੀ ਤਸੀਰ ਲਈ ਰਹਾਉ ਦੀ ਤੁਕ ਵਿਚ ਮੁੱਖ ਭਾਵ ਸਿਧਾਂਤ ਅਥਵਾ ਕਾਵ੍ਯ ਦੇ ਨੁਕਤੇ ਤੋਂ ਕੋਈ ਚਮਤਕਾਰੀ ਕਟਾਖ੍ਯ ਹੁੰਦਾ ਹੈ ਅੰਤਰੇ ਦੀ ਹਰ ਤੁਕ ਦੇ ਬਾਦ ਉਸ ਦਾ ਗਾਯਨ ਅੰਤਰੇ ਦੀ ਤਰਜ਼ ਨਾਲੋਂ ਬਦਲ ਜਾਂਦਾ ਹੈ ਤੇ ਆਪਣੀ ਸੰਗੀਤਕ ਤਸੀਰ ਪਾਉਂਦਾ ਹੈ, ਨਾਲ ਹੀ ਅਰਥ ਭਾਵ ਵਿਚ ਮੁੱਖ ਭਾਵ ਨੂੰ ਦ੍ਰਿੜਾਉਂਦਾ ਹੈ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥ ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥ ਸਰਬ ਨਿਧਾਨ ਨਾਨਕ ਹਰਿ ਰੰਗਿ॥੨॥

ਪਰਮੇਸ਼ੁਰ ਦੇ ਸਿਮਰਨ ਕਰਨ ਨਾਲ (ਜੀਵ ਮੁੜਕੇ ਮਾਤਾ ਦੇ) ਗਰਭ ਵਿਚ ਨਹੀਂ ਆ ਸਕਦਾ (ਭਾਵ ਪੁਨਰ ਜਨਮ ਮਿਟ ਜਾਂਦਾ ਹੈ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਜਮ (ਤੇ ਉਹ) ਦੁਖ (ਜੋ ਜਮ ਦੇਂਦਾ ਹੈ) ਦੂਰ ਹੋ ਜਾਂਦਾ ਹੈ[੧]। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਕਾਲ ਦੂਰ ਹੋ ਜਾਂਦਾ ਹੈ[੨]। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੁਸ਼ਮਣ (ਸਿਰ ਤੋਂ) ਟਲ ਜਾਂਦਾ ਹੈ। ਪਰਮੇਸ਼ੁਰ ਨੂੰ ਸਿਮਰਨ ਕਰਦਿਆਂ (ਜੀਵ ਨੂੰ) ਕੋਈ ਵਿਘਨ ਨਹੀਂ ਪੈਂਦਾ[੩]। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ (ਸਿਮਰਨ ਕਰਨ ਵਾਲਾ) ਦਿਨ ਰਾਤ ਜਾਗਦਾ ਹੈ[੪]। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਡਰ ਨਹੀਂ ਵਿਆਪਦਾ (ਭਾਵ ਸਿਮਰਨ ਵਾਲਾ ਨਿਰਭੈ ਹੋ ਜਾਂਦਾ ਹੈ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੁਖ ਸੰਤਾਪ ਨਹੀਂ ਹੁੰਦਾ (ਭਾਵ ਦੁਖ ਆਵੇ ਤਾਂ ਸਿਮਰਨ ਵਾਲਾ ਘਬਰਾਉਂਦਾ ਨਹੀਂ)। (ਪਰ) ਪਰਮੇਸ਼ੁਰ ਦਾ ਸਿਮਰਨ ਸਾਧੂ ਦੇ ਸੰਗ ਵਿਚ (ਲੱਭਦਾ ਹੈ)। ਹੇ ਨਾਨਕ! ਹਰੀ ਦੇ ਪਿਆਰ ਵਿਚ (ਹੀ) ਸਾਰੇ ਸੁਖ ਹਨ[੫]॥੨॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥

ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਰਿਧੀਆਂ, ਸਿਧੀਆਂ ਤੇ ਨਵੇਂ ਨਿਧੀਆਂ (ਭਾਵ ਸਮ੍ਰਿਧੀਆਂ, ਅਲੌਕਿਕ ਤਾਕਤਾਂ ਤੇ ਰਤਨ ਪਦਾਰਥ ਪ੍ਰਾਪਤ ਹੁੰਦੇ ਹਨ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਗਿਆਨ, ਧਿਆਨ ਤੇ ਤੱਤ (ਮਿਥਿਆ ਨੂੰ ਵਿਵੇਚਨ ਕਰਨ ਵਾਲੀ) ਬੁੱਧੀ (ਆਦਿ ਪ੍ਰਾਪਤ ਹੁੰਦੇ ਹਨ, ਕਿਉਂਕਿ ਬ੍ਰਿਤੀ ਵਿਚ ਪਰਮਾਤਮਾ ਆਰੂੜ ਰਹੇ ਬਿਨਾਂ ਮਾਰੇ ਗਜਾਨ ਕਥਨੀ ਮਾਤ੍ਰ ਹੁੰਦੇ ਹਨ)। ਪਰਮੇਸ਼ੁਰ ਦਾ ਸਿਮਰਨ ਕਰਨ ਨਾਲ ਜਪ ਤਪ ਪੂਜਾ ਹੋ ਜਾਂਦੀ ਹੈ। (ਭਾਵ ਜੋ ਫਲ ਇਨ੍ਹਾਂ ਕਰਮਾਂ ਦੇ ਕਰਨੇ ਵਾਲੇ ਲਈ ਦੱਸੇ ਹਨ, ਸੋ ਨਾਮ ਸਿਮਰਨ ਵਾਲੇ ਨੂੰ ਪ੍ਰਾਪਤ ਹੋ ਜਾਂਦੇ ਹਨ)।

---

੧. ਜਮ ਦਾ ਦੁੱਖ ਹੈ ਮੌਤ। ਦੁਹਾਂ ਤੁਕਾਂ ਦਾ ਭਾਵ ਹੈ ਜਨਮ ਮਰਨ ਮਿਟ ਜਾਂਦਾ ਹੈ।

੨. ਕਾਲ ਦਾ ਭੈ ਦੂਰ ਹੋ ਜਾਂਦਾ ਹੈ, ਅਥਵਾ ਕਾਲ ਚੱਕ੍ਰ ਵਿਚ ਪੈਣੋਂ ਉੱਚਾ ਹੋ ਜਾਂਦਾ ਹੈ। ਅਰਥਾਤ ਅਮਰ ਹੋ ਜਾਂਦਾ ਹੈ।

੩. ਯੋਗ ਦਰਸ਼ਨ ਵਿਚ ਬੀ ਲਿਖਿਆ ਹੈ ਕਿ (ਨਾਮ ਜਪ ਨਾਲ) ਸਰੂਪ ਦੀ ਪ੍ਰਾਪਤੀ ਤੇ ਵਿਘਨਾਂ ਦਾ ਅਭਾਵ ਹੁੰਦਾ ਹੈ। (ਸਮਾਧਿ ਪਾਦ ਸੂਤ੍ਰ ੨੯)।

੪. ਮਾਇਆ ਦੇ ਮਦ ਵਿਚ ਗਾਫ਼ਲ ਨਹੀਂ ਹੁੰਦਾ।

੫. ਸਰਬ ਨਿਧਾਨ=ਸਾਰੀਆਂ ਨਿਧੀਆਂ, ਮੁਰਾਦ ਹੈ ਸਾਰੇ ਸੁਖ।

ਪ੍ਰਭ ਕੈ ਸਿਮਰਨਿ ਬਿਨਸੈ ਦੂਜਾ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ॥ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥ ਪ੍ਰਭ ਕੈ ਸਿਮਰਨਿ ਸੁਫਲ ਫਲਾ॥ ਸੇ ਸਿਮਰਹਿ ਜਿਨ ਆਪਿ ਸਿਮਰਾਏ॥ ਨਾਨਕ ਤਾ ਕੈ ਲਾਗਉ ਪਾਏ॥੩॥

ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੂਜਾ ਭਾਉ ਦੂਰ ਹੋ ਜਾਂਦਾ ਹੈ[੧]। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਤੀਰਥ ਇਸ਼ਨਾਨੀ (ਹੋ) ਜਾਂਦਾ ਹੈ। (ਭਾਵ ਜੋ ਠੰਢ, ਨਿਰਮਲਤਾ ਤੇ ਪਾਪ ਧੋਪਣ ਤੀਰਥ ਇਸ਼ਨਾਨ ਵਿਚ ਮੰਨੀ ਹੈ, ਸੋ ਆਤਮ ਸ਼ੁੱਧਤਾ ਨਾਮ ਵਾਲੇ ਨੂੰ ਨਾਮ ਅਭਜਾਸ ਨਾਲ ਪ੍ਰਾਪਤ ਹੋ ਜਾਂਦੀ ਹੈ)। ਪਰਮੇਸ਼ੁਰ ਦਾ ਸਿਮਰਨ ਕਰਨ ਨਾਲ (ਜੀਵ) ਦਰਗਾਹ (ਵਿਚ) ਮਾਨ ਵਾਲਾ (ਹੋ ਜਾਂਦਾ) ਹੈ। ਪਰਮੇਸ਼ਰ ਦਾ ਸਿਮਰਨ ਕਰਨ ਨਾਲ (ਜੋ) ਹੁੰਦਾ ਹੈ ਸੋ ਭਲਾ (ਹੁੰਦਾ ਹੈ)[੨]।ਪਰਮੇਸ਼ਰ ਦਾ ਸਿਮਰਨ ਕਰਨ ਨਾਲ ਸੁੰਦਰ ਫਲਾਂ ਨਾਲ ਫਲਦਾ ਹੈ, (ਭਾਵ ਹਰ ਤਰ੍ਹਾਂ ਨਾਲ ਭਾਗਸ਼ੀਲ ਹੋ ਜਾਂਦਾ ਹੈ)। (ਪਰ) ਸਿਮਰਦੇ ਹਨ ਓਹ ਜਿਨ੍ਹਾਂ ਨੂੰ ਪਰਮੇਸ਼ਰ ਆਪ ਸਿਮਰਾਉਂਦਾ ਹੈ। ਤਿਨ੍ਹਾ (ਸਿਮਰਨ ਕਰਨ ਵਾਲਿਆਂ) ਦੇ ਮੈਂ-ਨਾਨਕ-ਚਰਨੀਂ ਲੱਗਦਾ ਹਾਂ॥੩॥

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ॥ ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥ ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਨਿ ਪੂਰਨ ਆਸਾ॥

ਪ੍ਰਭੂ ਦਾ ਸਿਮਰਨ ਸਭ (ਕਰਮਾਂ, ਧਰਮਾਂ, ਸਾਧਨਾਂ) ਤੋਂ ਉੱਚਾ ਹੈ (ਭਾਵ ਸ੍ਰੇਸ਼ਟ ਹੈ)। ਪ੍ਰਭੂ ਦੇ ਸਿਮਰਨ ਕਰਕੇ ਉਧਰ ਗਏ ਹਨ ਬਹੁਤੇ ਲੋਕ[੩]। (ਕਿਉਂਕਿ) ਪ੍ਰਭੂ ਦੇ ਸਿਮਰਨੇ ਕਰਕੇ (ਜੀਵ ਦੀ) ਤ੍ਰਿਸ਼ਨਾ ਬੁਝ ਜਾਂਦੀ ਹੈ (ਅਤੇ) ਪ੍ਰਭੂ ਦੇ ਸਿਮਰਨੇ ਕਰਕੇ ਸਭੋ ਕੁਛ ਦਿੱਸ ਪੈਂਦਾ ਹੈ (ਭਾਵ ਆਤਮ ਅਨਾਤਮ ਦੀ ਸੋਝੀ ਹੋ ਜਾਂਦੀ ਹੈ)[੪]। (ਸੋ) ਪ੍ਰਭੂ ਦੇ ਸਿਮਰਨੇ ਕਰਕੇ ਜਮਾਂ ਦਾ ਡਰ ਨਹੀਂ (ਰਹਿੰਦਾ ਤੇ) ਪ੍ਰਭੂ ਦੇ ਸਿਮਰਨੇ ਕਰਕੇ (ਪ੍ਰਭੂ ਮਿਲਨੇ ਦੀ) ਆਸਾ ਪੂਰੀ (ਹੋ ਜਾਂਦੀ) ਹੈ।

---

੧. ਯਥਾ- 'ਦੂਜਾ ਮਾਇ ਇਕਤੁ ਘਰਿ ਆਨੈ॥' (ਰਾਮਕਲੀ ਸਿਧ ਗੋਸਟਿ-੫੦।

੨. ਇਸ ਦੇ ਦੋ ਭਾਵ ਲੈਂਦੇ ਹਨ, ਪਰਮੇਸ਼ੁਰ ਦੇ ਨਾਮ ਵਾਲੇ ਤੋਂ ਸੁਧੀ ਨੇਕੀ ਹੁੰਦੀ ਹੈ। ਦੂਸਰੇ ਇਹ ਕਿ ਜੋ ਕੁਛ ਹੁੰਦਾ ਪਿਆ ਹੈ ਸੁਖ ਯਾ ਦੁਖ ਦੇਣ ਵਾਲਾ-ਉਹ ਸਮਝਦਾ ਹੈ ਕਿ ਸਭ ਚੰਗਾ ਹੋ ਰਿਹਾ ਹੈ।

੩. ਉਧਰਨਾ=ਸੰਸਾਰ ਸਾਗਰ ਤੋਂ ਤਰ ਜਾਣਾ। ਮੁਕਤ ਹੋਣਾ। ਬਚ ਜਾਣਾ। ਮੂਚਾ=ਬਹੁਤੇ ਲੋਕ।
(ਸਿੰਧੀ, ਮੁਚ=ਢੇਰ। ਪੰਜਾਬੀ, ਮੁਚਾ=ਬਹੁਤ ਉੱਚਾ, ਵੱਡਾ, ਬਹੁਤੇ)।

੪. ਗਜਾਨ ਸ਼ਕਤੀ ਵਧਦੀ ਹੈ। ਦਿਬ ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ, ਬੀ ਭਾਵ ਲੈਂਦੇ ਹਨ।

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥੪॥

(ਇਹ ਸਾਰੀ ਗੱਲ ਐਉਂ ਹੁੰਦੀ ਹੈ ਕਿ) ਪ੍ਰਭੂ ਦਾ ਸਿਮਰਨ ਕਰਨ ਨਾਲ (ਪਹਿਲਾਂ) ਮਨ ਦੀ ਮੈਲ ਦੂਰ ਹੁੰਦੀ ਹੈ; (ਫੇਰ) ਨਾਮ ਅੰਮ੍ਰਿਤ (ਵਾਂਗੂ ਰਸਦਾਇਕ ਹੋਕੇ) ਰਿਦੇ ਵਿਚ ਸਮਾਉਂਦਾ ਹੈ। (ਫੇਰ ਨਾਮ ਜਪਣੇ ਵਾਲੇ) ਸਾਧੂ ਦੀ ਰਸਨਾ ਪਰ ਵਾਹਿਗੁਰੂ ਜੀ (ਆ) ਵੱਸਦੇ ਹਨ[1]; ਨਾਨਕ ਐਸੇ ਸਾਧੂ ਜਨਾਂ ਦੇ ਦਾਸਾਂ ਦਾ ਦਾਸ ਹੈ॥੪॥

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥ ਪ੍ਰਭ ਕਉ ਸਿਮਰਹਿ ਸੇ ਜਨ ਪਰ- ਵਾਨ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥ ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥ ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥ ਨਾਨਕ ਜਨ ਕੀ ਮੰਗੈ ਰਵਾਲਾ॥੫॥

(ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ (ਅਸਲੀ) ਧਨ ਵਾਲੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ (ਅਸਲੀ) ਪਤ (ਪ੍ਰਤਿਸ਼ਠਾ) ਵਾਲੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ ਜਨ (ਦਰਗਹਿ) ਪਰਵਾਨ ਹਨ[2]। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਪੁਰਖ ਪ੍ਰਧਾਨ (=ਸ੍ਰੇਸ਼ਟ) ਹਨ[2]। (ਜੋ) ਪ੍ਰਭੂ ਸਿਮਰਦੇ ਹਨ ਓਹ (ਕਿਸੇ ਦੇ) ਮੁਥਾਜ ਨਹੀਂ (ਰਹਿੰਦੇ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸਭ ਦੇ ਰਾਜੇ ਹਨ, (ਭਾਵ ਸਭ ਤੋਂ ਸਤਿਕਾਰੇ ਜਾਣ ਵਾਲੇ ਹਨ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸੁਖ ਨਿਵਾਸੀ ਹੋ ਜਾਂਦੇ ਹਨ (ਭਾਵ ਸਦਾ ਸੁਖੀ ਹੋ ਜਾਂਦੇ ਹਨ। ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸਦੀਵ (ਰਹਿੰਦੇ ਹਨ ਤੇ) ਨਾਸ਼ ਰਹਿਤ (ਹੋ ਜਾਂਦੇ ਹਨ)। (ਪਰ) ਸਿਮਰਨ ਵਿਚ ਓਹ ਲੱਗਦੇ ਹਨ ਜਿਨ੍ਹਾਂ ਪੁਰ (ਪ੍ਰਭੂ) ਆਪ ਦਿਆਲ ਹੁੰਦਾ ਹੈ। (ਗੁਰੂ) ਨਾਨਕ (ਐਸੇ) ਜਨਾਂ ਦੀ (ਚਰਨ) ਧੂੜ ਮੰਗਦਾ ਹੈ॥੫॥

ਪ੍ਰਭ ਕਉ ਸਿਮਰਹਿ ਸੇ ਪਰਉਪ- ਕਾਰੀ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥

(ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ ਪਰਉਪਕਾਰੀ[3] ਹੁੰਦੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ (ਮੈਂ) ਉਨ੍ਹਾਂ ਤੋਂ ਸਦਾ ਕੁਰਬਾਨ ਹਾਂ।

---

੧. ਬਸਹਿ ਅਸਲ ਵਿਚ 'ਬਸਹਿ' ਹੈ ਤੇ ਬਹੁ ਵਚਨ ਹੈ,ਅਤੇ 'ਜੀ' ਪਦ ਅਦਬ ਵਾਸਤੇ ਪਿਆ ਹੈ। ਰਸਨਾਂ ਤੇ ਵਸਣ ਦਾ ਭਾਵ ਹੈ ਕਿ ਉਹਨਾਂ ਦੀ ਰਸਨਾ ਤੇ ਪਰਮੇਸ਼ੁਰ ਦਾ ਸਦਾ ਨਿਵਾਸ ਹੁੰਦਾ ਹੈ, ਉਹਨਾਂ ਦੇ ਵਾਕ ਵਿਚ ਸੱਤਾ ਹੋ ਜਾਂਦੀ ਹੈ ਤੇ ਉਹਨਾਂ ਦੇ ਵਾਕ ਜਗਤ ਨੂੰ ਨਾਮ ਵਿਚ ਲਾਉਂਦੇ ਹਨ।

੨. ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ (ਜਪੁਜੀ)

੩. ਨੇਕੀ ਕਰਨ ਵਾਲੇ।

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥ ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ॥ ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ॥ ਸੰਤ ਕ੍ਰਿਪਾ ਤੇ ਅਨਦਿਨੁ ਜਾਗਿ॥ ਨਾਨਕ ਸਿਮਰਨੁ ਪੂਰੈ ਭਾਗਿ॥੬॥

(ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਮੂੰਹ ਸੁਹਣੇ ਹਨ (ਭਾਵ ਸੁੰਦਰਤਾ ਉਨ੍ਹਾਂ ਦੇ ਚਿਹਰਿਆਂ ਤੇ ਲਸਦੀ ਹੈ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਦਾ (ਸਮਾ) ਸੁਖ ਨਾਲ ਲੰਘਦਾ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ (ਉਹਨਾਂ ਨੇ) ਆਪਾ ਜਿੱਤ ਲਿਆ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਦੀ ਰਹਿਤ ਬਹਿਤ ਨਿਰਮਲ (ਪਵਿਤ੍ਰ) ਹੁੰਦੀ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਨੂੰ ਬਹੁਤੇ ਆਨੰਦ (ਪ੍ਰਾਪਤ ਹੁੰਦੇ ਹਨ, ਕਿਉਂਕਿ ਓਹ) ਪ੍ਰਭੂ ਨੂੰ ਸਿਮਰਦੇ ਹਨ (ਤੇ ਸਿਮਰਨ ਨਾਲ) ਵਾਹਿਗੁਰੂ ਦੇ ਨੇੜੇ ਵੱਸਦੇ ਹਨ (ਤੇ ਵਾਹਿਗੁਰੂ ਆਨੰਦ ਸਰੂਪ ਹੈ)। ਸੰਤਾਂ ਦੀ ਕ੍ਰਿਪਾ ਤੇ ਦਿਨ ਰਾਤ ਜਾਗਦਾ ਰਹੁ[1], (ਭਾਵ ਸਿਮਰਨ ਵਿਚ ਗ਼ਾਫ਼ਲ ਨਾ ਹੋ; ਕਿਉਂਕਿ) ਪੂਰੇ ਭਾਗਾਂ ਨਾਲ ਸਿਮਰਨ (ਪ੍ਰਾਪਤ ਹੁੰਦਾ ਹੈ, ਦੱਸਦੇ ਹਨ ਗੁਰੂ) ਨਾਨਕ॥੬॥

ਪ੍ਰਭ ਕੈ ਸਿਮਰਨਿ ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥ ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥ ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥ ਸਿਮਰਹਿ ਸੇ ਜਨ

ਪ੍ਰਭੂ ਦੇ ਸਿਮਰਨ ਕਰਨ ਨਾਲ (ਸਿਮਰਨ ਵਾਲੇ ਦੇ) ਕੰਮ ਸਿਰੇ ਚੜ੍ਹ ਜਾਂਦੇ ਹਨ। ਪ੍ਰਭੂ ਦੇ ਸਿਮਰਨ ਕਰਨ ਨਾਲ (ਸਿਮਰਨ ਕਰਨ ਵਾਲਾ) ਕਦੀ ਨਹੀਂ ਝੂਰਦਾ। ਪ੍ਰਭੂ ਦੇ ਸਿਮਰਨੇ ਕਰਕੇ (ਸਿਮਰਨ ਵਾਲੇ ਦੀ) ਬਾਣੀ ਹਰਿਗੁਣਾਂ ਵਾਲੀ (ਹੋ ਜਾਂਦੀ ਹੈ[2])। ਪ੍ਰਭੂ ਦੇ ਸਿਮਰਨੇ ਕਰਕੇ (ਬ੍ਰਿਤੀ) ਸਹਜ ਵਿਚ ਸਮਾਈ ਰਹਿੰਦੀ ਹੈ[3]। ਪ੍ਰਭੂ ਦੇ ਸਿਮਰਨੇ ਕਰਕੇ ਦ੍ਰਿੜ ਆਸਨ ਹੋ ਜਾਂਦਾ ਹੈ[4]; ਪ੍ਰਭੂ ਦੇ ਸਿਮਰਨ ਕਰਕੇ ਕਮਲ ਖੇੜੇ (ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਭਾਵ ਉਲਟਾ ਮਨ ਸਿੱਧਾ ਹੋ ਕੇ ਖਿੜਿਆ ਰਹਿੰਦਾ ਹੈ)। ਪ੍ਰਭੂ ਦੇ ਸਿਮਰਨ ਕਰਕੇ ਅਨਹਦ ਦੀ ਝੁਨਕਾਰ ਹੁੰਦੀ ਹੈ। ਪ੍ਰਭੂ ਦੇ ਸਿਮਰਨੇ ਦੇ ਸੁਖ ਦਾ ਨਾ ਅੰਤ ਹੈ ਨਾ ਪਾਰ। (ਪਰ) ਸਿਮਰਦੇ ਓਹ ਪੁਰਖ ਹਨ ਜਿਨ੍ਹਾਂ

੧. (ਅ) ਸੰਤ ਕ੍ਰਿਪਾ ਨਾਲ ਓਹ ਜਾਗਦੇ ਰਹਿੰਦੇ ਹਨ, (ਕਿਉਂਕਿ ਜਾਣਦੇ ਹਨ ਕਿ) ਸਿਮਰਨ ਦੁਰਲਭ ਹੈ।

੨. ਵਾਹਿਗੁਰੂ ਦੇ ਗੁਣ ਗਾਇਨ ਵਾਲੀ ਹੋ ਜਾਂਦੀ ਹੈ ਉਹਨਾਂ ਦੀ ਬਾਣੀ।

੩. ਅਥਵਾ ਓਹ ਸਹਿਜ ਵਿਚ ਸਮਾਏ ਰਹਿੰਦੇ ਹਨ। ਚਉਥੈ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥(ਸ੍ਰੀ ਰਾਗ ਮ:੩-ਅਸ਼ਟ-੧੦)

੪. ਜੋਗੀ ਸਰੀਰ ਅਡੋਲ ਕਰਕੇ ਬੈਠਦਾ ਹੈ। ਇਸ ਤਰ੍ਹਾਂ ੮੪ ਆਸਣ ਜਿਤਦਾ ਹੈ: ਪਰ ਸਿਮਰਨ ਵਾਲੇ ਦੇ ਮਨ ਦਾ ਟਿਕਾਉ ਵਾਹਿਗੁਰੂ ਤੇ ਹੋ ਜਾਂਦਾ ਹੈ, ਜੋ ਕਿ ਆਸਣ ਜਿੱਤਣ ਦਾ ਅਸਲੀ ਭਾਵ ਹੈ।

ਜਿਨ ਕਉ ਪ੍ਰਭ ਮਾਇਆ॥ ਨਾਨਕ ਤਿਨ ਜਨ ਸਰਨੀ ਪਇਆ॥੭॥

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥ ਹਰਿ ਸਿਮਰਨਿ ਲਗਿ ਬੇਦ ਉਪਾਏ॥ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ॥ ਹਰਿ ਸਿਮਰਨਿ ਧਾਰੀ ਸਭ ਧਰਨਾ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ॥ ਹਰਿ ਸਿਮਰਨਿ ਕੀਓ ਸਗਲ ਅਕਾਰਾ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ ਕਰਿ ਕਿਰਪਾ ਜਿਸੁ ਆਪਿ ਬੁਝਾਇਆ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥੮॥੧॥

ਸਲੋਕੁ॥ ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ॥ ਸਰਣਿ

ਪੁਰ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ। ਨਾਨਕ ਉਨ੍ਹਾਂ ਪੁਰਖਾਂ ਦੀ ਸ਼ਰਨ ਵਿਚ ਪੈਂਦਾ ਹੈ॥੭॥

ਹਰਿ ਦਾ ਸਿਮਰਨ ਕਰਨੇ ਕਰਕੇ (ਕਰਨ ਵਾਲੇ) ਭਗਤ (ਹੋਕੇ) ਪ੍ਰਗਟੇ[੧]। ਹਰਿ ਸਿਮਰਨ ਵਿਚ ਲੱਗ ਕੇ (ਰਿਖੀ ਏਸ ਜੋਗ ਹੋਏ ਕਿ ਉਹਨਾਂ ਨੇ) ਵੇਦ ਰਚੇ[੨]। ਹਰਿ ਨੂੰ ਸਿਮਰਨੇ ਕਰਕੇ (ਸਿਮਰਨੇ ਵਾਲੇ) ਸਿੱਧ ਜਤੀ ਤੇ ਦਾਤੇ ਹੋ ਗਏ। ਹਰਿ ਨੂੰ ਸਿਮਰਨੇ ਕਰਕੇ ਨੀਚ (ਲੋਕ ਵੀ, ਜਿਨ੍ਹਾਂ ਨੇ ਸਿਮਰਨ ਕੀਤਾ,) ਜਗਤ ਵਿਚ ਪ੍ਰਸਿੱਧ ਹੋ ਗਏ। ਹਰਿ ਸਿਮਰਨ ਵਾਸਤੇ ਰਚੀ ਗਈ ਹੈ ਸਾਰੀ ਧਰਤੀ[੩]। ਸਿਮਰ ਸਿਮਰ (ਉਸ) ਪਰਮੇਸ਼ੁਰ ਨੂੰ, ਜੋ ਕਾਰਨਾਂ ਦਾ ਭੀ ਕਰਨੇ ਵਾਲਾ ਹੈ[੪]।

ਹਰਿ ਦੇ ਸਿਮਰਨਿ ਵਾਸਤੇ ਸਾਰਾ ਬ੍ਰਹਮੰਡ ਰਚਿਆ ਹੈ। ਹਰਿ ਸਿਮਰਨ ਵਿਚ ਆਪ ਨਿਰੰਕਾਰ (ਮੌਜੂਦ ਹੁੰਦਾ) ਹੈ[੫]। ਜਿਸਨੂੰ ਕ੍ਰਿਪਾ ਕਰਕੇ (ਵਾਹਿਗੁਰੂ ਇਹ ਗਲ) ਆਪ ਬੁਝਾ ਦੇਂਦਾ ਹੈ, ਹੇ ਨਾਨਕ! ਉਹ ਗੁਰਮੁਖ (ਹੋਕੇ) ਹਰਿ ਸਿਮਰਨ ਪ੍ਰਾਪਤ ਕਰਦਾ ਹੈ[੬]॥੮॥੧॥

ਹੇ ਗ਼ਰੀਬਾਂ ਦੀ ਪੀੜਾ ਤੇ ਦੁਖਾਂ ਦੇ ਭੰਨਣੇ ਵਾਲੇ! ਹੇ ਘਟ ਘਟ ਵਿਚ (ਪੂਰਨ!) ਹੇ ਅਨਾਥਾਂ ਦੇ ਨਾਥ[੭] 'ਹੇ ਪ੍ਰਭੋ ਮੈਂ ਤੁਹਾਡੀ ਸ਼ਰਣ

---

੧. (ਅ) ਹਰਿ ਦਾ ਸਿਮਰਨ (ਲੋਕੀ) ਕਰਨ (ਇਸ ਲਈ) ਭਗਤ ਪ੍ਰਗਟ ਕੀਤੇ ਗਏ!

੨. (ਅ) ਹਰਿ ਸਿਮਰਨ ਵਿਚ (ਲੋਕੀ ਲਗ ਪੈਣ ਇਸ ਲਈ) ਵੇਦ ਰਚੇ ਗਏ।

੩. ਅਥਵਾ ਹਰੀ ਦੇ ਸਿਮਰਨ ਕਰਕੇ ਹੀ ਸਾਰੀ ਧਰਤੀ ਕਾਇਮ ਹੈ, ਸਿਮਰਨ ਧਰਤੀ ਦਾ ਆਸਰਾ ਹੈ। ਭਾਵ ਐਉਂ ਵੀ ਲੈਂਦੇ ਹਨ ਕਿ ਸ਼ੇਸ਼ਨਾਗ ਸਾਈਂ ਦਾ ਨਾਮ ਦਿਨ ਰਾਤ ਸਿਮਰਦਾ ਹੈ, ਇਸ ਕਰਕੇ ਧਰਤੀ ਨੂੰ ਧਾਰ ਰਿਹਾ ਹੈ। ਯਾ ਸਿਮਰਨ ਕਰਕੇ ਬ੍ਰਹਮਾ ਨੇ ਜਗਤ ਰਚਨਾ ਕੀਤੀ। (ਧਰਨਾ=ਸੰਸ:, ਧਰਣਿ=ਧਰਤੀ)।

੪. 'ਸੰਸ:, ਕਾਰਣ ਕਰਣ=ਮੂਲ ਕਾਰਣ।

੫. ਸਿਮਰਨ ਸਾਧਨ ਮਾਤ੍ਰ ਨਹੀਂ, ਸਿਮਰਨ ਵਿਚ ਪਰਮੇਸ਼ੁਰ ਦੀ ਅਪਣੀ ਹਜ਼ੂਰੀ ਹੁੰਦੀ ਹੈ।

੬. ਅਥਵਾ, ਉਹ ਗੁਰੂ ਦੁਆਰੇ ਸਿਮਰਨ ਪ੍ਰਾਪਤ ਕਰਦਾ ਹੈ।

੭. ਅਥਵਾ ਘਟਾਂ ਘਟਾਂ ਦੇ ਤਾਂ ਨਾਥ ਹੋ, ਪਰੰਤੂ ਆਪ ਅਨਾਥ ਹੋ, ਭਾਵ ਆਪ ਦਾ ਸੁਆਮੀ ਹੋਰ ਕੋਈ ਨਹੀਂ:

ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ॥੧॥

ਆਇਆ ਹਾਂ, ਨਾਨਕ ਦੇ ਨਾਲ (ਸਦਾ ਰਹੋ)[1]॥੧॥

ਅਸਟਪਦੀ॥ ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ ਅਨਿਕ ਪੁਨਹਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥੧॥

ਜਿਥੇ ਮਾਂ ਪਿਉ ਪੁਤ੍ਰ ਮਿਤ੍ਰ ਤੇ ਭਰਾ (ਤੇਰੇ ਨਾਲ) ਨਹੀਂ (ਹੋਣਗੇ), ਹੇ ਮਨ! ਓਥੇ ਨਾਮ ਤੇਰੇ ਸੰਗ (=ਨਾਲ ਹੋਵੇਗਾ ਤੇ ਤੇਰਾ) ਸਹਾਈ (ਹੋਵੇਗਾ)। ਜਿਥੇ ਮਹਾਂ ਭਿਆਨਕ ਜਮ ਦੇ ਦੂਤ ਦਲ ਰਹੇ ਹੋਣਗੇ[2], ਓਥੇ ਕੇਵਲ ਨਾਮ ਤੇਰੇ ਨਾਲ ਚਲੇਗਾ। ਜਿਥੇ ਡਾਢੀ ਭਾਰੀ ਉਖਿਆਈ ਹੋਵੇਗੀ, ਹਰੀ ਦਾ ਨਾਮ ਪਲ ਵਿਚ ਉਧਾਰ ਕਰੇਗਾ (ਭਾਵ ਉਸ ਉਖਿਆਈ ਤੋਂ ਕੱਢ ਲਵੇਗਾ)। ਅਨੇਕ ਪ੍ਰਾਸ਼ਚਿਤ ਕਰਮ[3] ਕਰਨੇ ਤੇ (ਜੀਵ) ਨਹੀਂ ਤਰ ਸਕਦਾ, (ਪਰੰਤੂ), ਹਰਿ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਦੂਰ ਕਰਦਾ ਹੈ (ਭਾਵ, ਪਾਪਾਂ ਦੀ ਨਵਿਰਤੀ ਪ੍ਰਾਸਚਿਤ ਕਰਮਾਂ ਨਾਲ ਨਹੀਂ ਹੁੰਦੀ ਪਰ ਹਰਿ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ)। ਹੇ ਮੇਰੇ ਮਨ! ਗੁਰੂ ਦੁਆਰੇ ਨਾਮ ਨੂੰ ਜਪ (ਤਾਂ) ਬਹੁਤ ਸੁਖ ਪ੍ਰਾਪਤ ਹੋਣਗੇ, (ਆਖਦੇ ਹਨ ਗੁਰੂ) ਨਾਨਕ!॥੧॥

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥ ਲਾਖ ਕਰੋਰੀ ਬੰਧੁ ਨ ਪਰੈ॥ ਹਰਿ ਕਾ ਨਾਮੁ ਜਪਤ

ਸਾਰੀ ਸ੍ਰਿਸ਼ਟੀ ਦਾ ਰਾਜਾ ਦੁਖੀਆ (ਰਹਿੰਦਾ ਹੈ, ਪਰ) ਵਾਹਿਗੁਰੂ ਦਾ ਨਾਮ ਜਪਦਿਆਂ (ਉਹ ਬੀ) ਸੁਖੀ ਹੋ ਜਾਂਦਾ ਹੈ। ਲਖਾਂ ਕ੍ਰੋੜਾਂ (ਮਾਯਾ ਦੇ ਖਜ਼ਾਨੇ ਇਕੱਠੇ ਕਰ ਲੈਣ) ਨਾਲ (ਬੀ ਉਸਦੀ ਤ੍ਰਿਸ਼ਨਾ ਰੂਪੀ ਨਦੀ ਨੂੰ) ਬੰਨ੍ਹ ਨਹੀਂ ਪੈਂਦਾ[4], (ਪਰ) ਹਰੀ ਦਾ ਨਾਮ ਜਪਦਿਆਂ

੧. ਭਾਵ ਐਉਂ ਬੀ ਲੈਂਦੇ ਹਨ-ਮੈਂ (ਗੁਰੂ ਅਰਜਨ) ਗੁਰੂ (ਨਾਨਕ=)ਰਾਮਦਾਸ ਦੇ ਨਾਲ ਆਪ ਦੀ ਸ਼ਰਨ ਆਇਆ ਹਾਂ।

੨. ਸੰਪ੍ਰਦਾਈ ਐਉਂ ਬੀ ਕਰਦੇ ਹਨ-ਜਿਥੇ ਮਹਾਂ ਭਜਾਨਕ ਜਮਦੂਤਾਂ ਦਾ ਦਲ ਹੋਵੇਗਾ।

੩. ਸੰਸ:, ਪੁਰਸ਼੍ਚਰਣ= (ਤੰਤ੍ਰ ਸ਼ਾਸਤ੍ਰ ਅਨੁਸਾਰ) ਜਪ, ਹੋਮ, ਤਰਪਣ, ਅਭਿਖੇਕ, ਬ੍ਰਾਹਮਣ ਭੋਜਨ ਆਦਿ ਕਰਮ ਜੋ ਕਾਰਜ ਸਿਧੀ ਲਈ ਕੀਤੇ ਜਾਂਦੇ ਹਨ। ਆਮ ਭਾਵ ਹੈ- ਉਹ ਕਰਮ ਜੋ ਪਾਪਾਂ ਦੀ ਨਵਿਰਤੀ ਲਈ ਕੀਤੇ ਜਾਣ।

੪. ਪੁਰਾਤਨ ਅਰਥ ਇਹ ਹੈ ਜਿਸ ਲਾਖੋਂ ਕ੍ਰੋੜੋਂ ਮਾਯਾ ਕੇ ਖਜ਼ਾਨੇ ਇਕਤ੍ਰ ਕਰਨੇ ਸੇ ਬੀ ਤ੍ਰਿਸ਼ਨਾ ਰੂਪੀ ਨਦੀ ਕਾ ਬੰਧ ਨਹੀਂ ਪੜਤਾ ਹੈ, ਭਾਵ ਰੁਕਤੀ ਨਹੀਂ ਹੈ। (ਟੀ:ਫ:ਕੋ:)। (ਅ) ਐਉਂ ਬੀ ਅਰਥ ਲਾਉਂਦੇ ਹਨ:- 'ਲਖਾਂ ਕ੍ਰੋੜਾਂ ਪਏ ਹੋਣ ਬੰਧਨ'। ਪਰ ਗੁਰਬਾਣੀ ਵਿਚ 'ਬੰਧਨ' ਪਦ ਜਦ ਬੰਨ੍ਹਣਾਂ ਦੇ ਅਰਥ ਵਿਚ ਆਉਂਦਾ ਹੈ ਤਾਂ ਅਕਸਰ 'ਧ' ਨੂੰ ਔਂਕੁੜ ☞

ਨਿਸਤਰੈ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥
ਹਰਿ ਕਾ ਨਾਮੁ ਜਪਤ ਆਘਾਵੈ॥
ਜਿਹ ਮਾਰਗ ਇਹੁ ਜਾਤ ਇਕੇਲਾ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥
ਐਸਾ ਨਾਮੁ ਮਨ ਸਦਾ ਧਿਆਈਐ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ॥੨॥

ਉਹ ਇਸ ਨਦੀ ਨੂੰ) ਤਰ ਜਾਂਦਾ ਹੈ। (ਇਸ ਲਈ ਕਿ ਰਾਜਾ ਦਾ ਬਲ ਤੇ ਲੱਖਾਂ ਕ੍ਰੋੜਾਂ ਦੀ ਸਮਰਥਾ ਨਾਲ) ਮਾਯਾ ਦੇ ਅਨੇਕ ਰੰਗ (ਅਨੰਦ ਤੇ ਮੌਜਾਂ ਤਾਂ ਪ੍ਰਾਪਤ ਹੋ ਜਾਂਦੇ ਹਨ, ਪਰ ਉਹ ਮਾਯਾ ਦੀ) ਤ੍ਰੇਹ (ਤ੍ਰਿਸ਼ਨਾ) ਨੂੰ ਨਹੀਂ ਬੁਝਾਉਂਦੇ (ਸਗੋਂ ਵਧਾਉਂਦੇ ਹਨ ਪਰ) ਹਰੀ ਦਾ ਨਾਮ ਜਪਣੇ ਨਾਲ (ਤ੍ਰਿਸ਼ਨਾਲੂ) ਤ੍ਰਿਪਤ ਹੋ ਜਾਂਦਾ ਹੈ[੧]। (ਏਥੇ ਨਾਮ ਤ੍ਰਿਪਤੀ ਦੇਂਦਾ ਹੈ ਤੇ ਅੱਗੇ) ਜਿਸ ਰਸਤੇ ਇਸ (ਜੀਵ) ਨੇ ਇਕੱਲਿਆਂ ਜਾਣਾ ਹੈ, ਓਥੇ ਹਰੀ ਦਾ ਨਾਮ (ਇਸ ਦੇ) ਨਾਲ ਸਾਥੀ ਹੋਵੇਗਾ। ਹੇ ਮਨ! ਐਸਾ ਨਾਮ ਸਦਾ ਧਿਆਈਏ (ਜਿਸ ਨਾਲ ਕਿ) ਗੁਰਮੁਖ ਹੋਕੇ ਪਰਮਗਤੀ (ਮੁਕਤੀ) ਪਾ ਲਈਦੀ ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੨॥

ਛੂਟਤ ਨਹੀ ਕੋਟਿ ਲਖ ਬਾਹੀ॥
ਨਾਮੁ ਜਪਤ ਤਹ ਪਾਰਿ ਪਰਾਹੀ॥
ਅਨਿਕ ਬਿਘਨ ਜਹ ਆਇ ਸੰਘਾਰੈ॥
ਹਰਿ ਕਾ ਨਾਮੁ ਤਤਕਾਲ ਉਧਾਰੈ॥
ਅਨਿਕ ਜੋਨਿ ਜਨਮੈ ਮਰਿ ਜਾਮ॥

(ਜਿਥੇ ਜੀਵ) ਲੱਖਾਂ ਕਰੋੜਾਂ ਸੱਜਣਾਂ ਮਨਬੰਧੀਆਂ[੨] ਦੇ ਆਸਰੇ ਹੁੰਦਿਆਂ ਬੀ ਛੁਟ ਨਹੀਂ ਸਕਦਾ ਓਥੇ ਨਾਮ ਜਪਣ ਨਾਲ ਪਾਰ ਹੋ ਜਾਂਦਾ ਹੈ। ਜਿੱਥੇ ਅਨੇਕ ਬਿਘਨ ਆ ਕੇ ਮਾਰ ਕਰਦੇ[੩] ਹਨ ਹਰੀ ਦਾ ਨਾਮ ਉਸੇ ਵੇਲੇ (ਓਥੇ) ਉਧਾਰ ਦਿੰਦਾ ਹੈ। (ਪਾਪੀ ਜੀਵ) ਅਨੇਕ ਜੂਨਾਂ ਵਿਚ (ਪਿਆ) ਜੰਮਦਾ ਮਰਦਾ (ਤੇ ਫੇਰ) ਜੰਮਦਾ ਹੈ, ਪਰ

---

੧. ਤ੍ਰਿਪਤੀ ਦਾ ਭਾਵ ਦੇਖੋ ਸਫਾ ੨੭੩ ਦੀ ਹੇਠਲੀ ਟੂਕ ਨਿਸ਼ਾਨ ੩।

੨. ਬਾਹੀ=ਬਾਹਾਂ ਪੰਜਾਬੀ ਮੁਹਾਵਰੇ ਵਿਚ ਥਹ; ਬਾਹਾਂ ਵਾਲਿਆਂ ਨੂੰ ਕਹਿੰਦੇ ਹਨ, ਭਾਵ ਸਜਣ ਸੰਬੰਧੀ ਜੋ ਮਦਦ ਦੇਂਦੇ ਹਨ ਮੁਸ਼ਕਲਾਂ ਵੇਲੇ

੩. ਸੰਸ:, ਸਹਾਰਨ=ਮਾਰਨਾ। ਘੇਰਨਾ ਅਰਥ ਬੀ ਲਾ ਲੈਂਦੇ ਹਨ।

ਨਹੀਂ ਹੁੰਦਾ; ਜੈਸੇ ਕਿ-ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗ। ਪਰ 'ਬੰਧੁ' ਪਦ ਬੰਨ੍ਹ ਦੇ ਅਰਥਾਂ ਵਿਚ ਆਯਾ ਹੈ, ਯਥਾ- 'ਬੰਧੁ ਤੁਟਾ ਬੇੜੀ ਨਹੀ' (ਮਲਾਰ ਵਾਰ ਮ:੧)। (ੲ) ਇਸ ਤੁਕ ਦੇ ਅਰਥ ਐਉਂ ਬੀ ਹੈਨ- ਲੱਖਾਂ ਕ੍ਰੋੜਾਂ (ਜਤਨਾਂ) ਨਾਲ ਪਾਪ ਦਾ ਬੰਨ੍ਹ ਪਰ੍ਹੇ ਨਹੀਂ ਹੁੰਦਾ ਪਰ ਪਹਿਲੀ ਤੁਕ ਵਿਚ ਰਾਜਾ ਦਾ ਜ਼ਿਕਰ ਹੈ, ਤੀਜੀ ਵਿਚ ਮਾਇਆ ਦਾ, ਸੋ ਵਿਚਕਾਰਲੀ ਵਿਚ ਬੀ ਲੱਖਾਂ ਕ੍ਰੋੜਾਂ ਤੋਂ ਮੁਰਾਦ ਧਨ ਪਦਾਰਥ ਦੀ ਹੀ ਹੋ ਸਕਦੀ ਹੈ ਫੇਰ ਕਰੋਰ ਨੂੰ ਬਿਹਾਰੀ ਹੈ, ਜੋ 'ਨਾਲ' ਦਾ ਅਰਥ ਦੇਂਦੀ ਹੈ। ਫੇਰ ਅਰਥ ਐਉਂ ਬੀ ਲਗਦਾ ਹੈ- ਬੰਧੁ--ਬੰਧਨ। ਯਥਾ- 'ਬੰਧੁ ਪਾਇਆ ਮੇਰੈ ਸਤਿਗੁਰ ਪੂਰੇ' (ਸੋਰਠਿ ਮ:੫) ਨਪਰੈ=ਨਪੜੈ, (ਨਪੜਨਾ=ਨੱਪ ਲੈਣਾ ਤੋਂ)। ਕਿਉਂਕਿ ਅਗਲੀ ਤੁਕ ਵਿਚ ਹੈ ਪਦ ਨਿਸਤਰੈ, ਸੋ ਪਹਿਲੀ ਵਿਚ ਦੱਬੇ ਜਾਣੇ ਦਾ ਭਾਵ ਅਕਾਂਖਿਤ ਹੈ। ਇਸ ਲਈ 'ਲਾਖ ਕਰੋਰੀ ਬੰਧੁ ਨਪਰੈ' ਦਾ ਅਰਥ ਭਾਵ ਹੈ ਲੱਖਾਂ ਕਰੋੜਾਂ (ਰੁਪੱਯਾਂ) ਦੇ ਕੱਠਿਆਂ ਕਰਨ ਨਾਲ ਬੰਨ੍ਹਣ ਹੀ ਨਪੜ ਲੈਂਦਾ ਹੈ। ਐਸੇ ਨੱਪੇ ਹੋਏ ਨੂੰ ਹਰਿ ਦਾ ਨਾਮ ਤਾਰਦਾ ਹੈ। (ਨਿਸਤਾਰਨਾ=ਪਾਣੀ ਦੀ ਦੱਬ ਹੇਠੋਂ ਕੱਢਣਾ, ਤਾਰਨਾ, ਛੁਟਕਾਰਾ ਦੇਣਾ, ਮੁਕਤ ਕਰਨਾ)।


www.sikhbookclub.com

ਨਾਮੁ ਜਪਤ ਪਾਵੈ ਬਿਸ੍ਰਾਮ॥
ਹਉ ਮੈਲਾ ਮਲੁ ਕਬਹੁ ਨ ਧੋਵੈ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ॥
ਐਸਾ ਨਾਮੁ ਜਪਹੁ ਮਨ ਰੰਗਿ॥
ਨਾਨਕ ਪਾਈਐ ਸਾਧ ਕੈ ਸੰਗਿ॥੩॥

ਨਾਮ ਜਪਣੇ ਤੇ ਵਿਸ੍ਰਾਮ[1] ਨੂੰ ਪਾ ਲੈਂਦਾ ਹੈ। ਹਉਮੈ (ਕਰਕੇ ਜੀਵ) ਮੈਲਾ ਹੈ, (ਇਸ) ਮੈਲ (ਨੂੰ ਇਹ ਹੋਰ ਕਿਸੇ ਤਰ੍ਹਾਂ) ਕਦੇ ਨਹੀਂ ਧੋ ਸਕਦਾ (ਪਰ) ਹਰੀ ਨਾਮ ਕਰੋੜਾਂ ਪਾਪ ਦੂਰ ਕਰਦਾ ਹੈ। ਹੇ ਮਨ! ਐਸਾ ਨਾਮ ਪ੍ਰੇਮ ਨਾਲ ਜਪ (ਜੋ ਨਾਮ ਕਿ) ਸਾਧੂ ਦੇ ਸੰਗ ਕਰਕੇ ਪਾਈਦਾ ਹੈ (ਫੁਰਮਾਉਂਦੇ ਹਨ ਗੁਰੂ) ਨਾਨਕ! ॥੩॥

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥ ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ॥ ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥੪॥

ਜਿਸ ਰਸਤੇ ਦੇ ਕੋਹ ਗਿਣੇ ਨਹੀਂ ਜਾਂਦੇ (ਭਾਵ ਜੋ ਪੈਂਡਾ ਬਹੁਤਾ ਲੰਮਾ ਹੈ), ਹਰਿ ਦਾ ਨਾਮ ਓਥੇ (ਤੇਰੇ) ਨਾਲ ਤੋਸ਼ਾ[2] ਹੋਵੇਗਾ। ਜਿਸ ਪੈਂਡੇ (ਵਿਚ) ਬੜਾ ਹਨੇਰਾ ਤੇ ਗੁਬਾਰ (ਹੈ), ਓਥੇ ਹਰੀ ਦਾ ਨਾਮ (ਤੇਰੇ) ਨਾਲ ਚਾਨਣਾ ਹੋਵੇਗਾ। ਜਿਸ ਰਸਤੇ ਵਿਚ ਤੇਰਾ ਕੋਈ ਜਾਣੂੰ ਨਹੀਂ (ਹੋਵੇਗਾ) ਹਰੀ ਦਾ ਨਾਮ ਓਥੇ (ਤੇਰੇ) ਨਾਲ (ਤੇਰਾ) ਸਿਆਣੂੰ[3] (ਹੋਵੇਗਾ)। ਜਿੱਥੇ ਮਹਾਂ ਭਯਾਨਕ (ਘਾਮ=) ਧੁੱਪ ਤੇ ਬਹੁਤੀ ਤਪਤ[4] ਹੋਵੇਗੀ, ਓਥੇ ਹਰੀ ਦੇ ਨਾਮ ਦੀ ਤੇਰੇ ਉਤੇ ਛਾਂ (ਹੋਵੇਗੀ)। ਜਿੱਥੇ ਹੇ ਮਨ! ਤੇਹ ਤੈਨੂੰ ਸਤਾਵੇਗੀ[5], ਓਥੇ ਹੇ ਨਾਨਕ! ਹਰਿ ਹਰਿ (ਨਾਮ) ਦਾ (ਤੇਰੇ ਉਤੇ ਅੰਮ੍ਰਿਤ ਵੱਸੇਗਾ[6]! ॥੪॥

ਭਗਤ ਜਨਾ ਕੀ ਬਰਤਨਿ ਨਾਮੁ॥
ਸੰਤ ਜਨਾ ਕੈ ਮਨਿ ਬਿਸ੍ਰਾਮੁ॥
ਹਰਿ ਕਾ ਨਾਮੁ ਦਾਸ ਕੀ ਓਟ॥

(ਬਾਹਰ ਬੀ) ਭਗਤ ਪੁਰਖਾਂ ਦਾ (ਨਿਤ) ਬਿਵਹਾਰ ਨਾਮ ਹੀ ਹੁੰਦਾ ਹੈ[7] (ਤੇ ਅੰਦਰ ਬੀ) ਸੰਤਾਂ ਦੇ ਮਨ ਵਿਖੇ (ਨਾਮ ਦਾ) ਨਿਵਾਸ ਹੁੰਦਾ ਹੈ। (ਹਰ ਸਮੇਂ) ਹਰੀ ਦਾ ਨਾਮ (ਹੀ) ਦਾਸ ਦਾ ਆਸਰਾ ਹੁੰਦਾ ਹੈ। (ਇਕ ਨਹੀਂ) ਹਰੀ ਦੇ

---

੧. ਟਿਕਾਉ। ਪਰਮ ਪਦ ਤੇ ਟਿਕ ਜਾਣਾ।

੨. ਫ਼ਾ:, ਤੋਸ਼ਹ=ਸਫਰ ਵਿਚ ਨਾਲ ਲਈ ਹੋਈ ਖਾਣ ਪੀਣ ਦੀ ਸ਼ੈ। (ਅ) ਦਾਨ ਜੋ ਮਰਨ ਵਾਲੇ ਦੇ ਨਾਮ ਤੇ ਉਸਨੂੰ ਮਰਨ ਵਾਲੇ ਦਿਨ ਰਸਤੇ ਵਿਚ ਸਹਾਰਾ ਦੇਣ ਲਈ ਦੇਂਦੇ ਹਨ। (ਸ਼: ਕੋ:)। (ੲ) ਕਿਸੇ ਫ਼ਕੀਰ ਦੀ ਕਬਰ ਤੇ ਰੱਖੀ ਖ਼ੁਰਾਕ ਬਤੌਰ ਭੇਟਾ ਦੇ।

੩. ਭਾਵ, ਮਿਤਰ।

੪. ਸੰਸ:, ਘਰ੍ਮ। ਪ੍ਰਾਕ੍ਰਿਤ, ਘੰਮ=ਧੁਪ, ਗਰਮੀ, ਪਸੀਨਾ।

੫. ਆਕਰਖਣਾ=ਖਿੱਚ ਮਾਰਨੀ, ਕੁੜੱਲ ਪਾਉਣੇ, ਸਤਾਉਣਾ।

੬. ਮੌਤ ਤੋਂ ਬਾਦ ਪਾਪੀ ਜੀਵ ਦੀ ਦਸ਼ਾ ਤੇ ਉਸ ਦਾ ਦਾਰੂ ਵਰਣਨ ਹੋ ਰਿਹਾ ਹੈ।

੭. ਬਰਤਨਿ=ਵਰਤੋਂ ਵਰਤਾਰਾ। ਰੋਜ਼ ਦਾ ਵਿਹਾਰ।

ਹਰਿ ਕੈ ਨਾਮਿ ਉਧਰੇ ਜਨ ਕੋਟਿ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ॥
ਹਰਿ ਹਰਿ ਅਉਖਧੁ ਸਾਧ ਕਮਾਤਿ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ॥
ਪਾਰਬ੍ਰਹਮਿ ਜਨ ਕੀਨੋ ਦਾਨ॥
ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥੫॥

ਨਾਮ ਨਾਲ ਕਰੋੜਾਂ ਜਨ ਉਧਰੇ ਹਨ। ਸੰਤ ਦਿਨ ਰਾਤ ਹਰੀ ਦਾ ਜਸ ਕਰਦੇ ਰਹਿੰਦੇ ਹਨ, (ਦੁਖਾਂ ਸੁਖਾਂ ਲਈ ਬੀ) ਸਾਧੂ ਹਰੀ ਦੇ ਨਾਮ ਦੀ ਦਵਾਈ ਵਰਤਦੇ ਹਨ। (ਪਦਾਰਥ ਲਈ ਬੀ) ਹਰਿ ਜਨਾਂ ਦੇ (ਪਾਸ) ਹਰਿ ਨਾਮ ਹੀ ਖਜ਼ਾਨਾ ਹੈ, (ਇਹ) ਦਾਨ ਪਾਰਬ੍ਰਹਮ ਨੇ (ਆਪ) ਦਾਸਾਂ ਪਰ ਕੀਤਾ ਹੈ। (ਓਹ ਭਗਤ ਤੇ ਸੰਤ, ਜਿਨ੍ਹਾਂ ਦੇ) ਮਨ ਤੇ ਤਨ ਇਕੋ ਰੰਗ ਵਿਚ ਰੰਗੇ ਗਏ ਹਨ, ਹੇ ਨਾਨਕ! (ਉਨ੍ਹਾਂ) ਜਨਾਂ ਦੀ ਬਿਰਤੀ ਵਿਵੇਕ ਵਾਲੀ ਹੋ ਗਈ ਹੈ[1]॥੫॥

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥

ਹਰੀ ਦਾ ਨਾਮ ਹੀ (ਹਰੀ ਦੇ) ਦਾਸ ਲਈ (ਜਨਮ ਮਰਨ ਤੋਂ) ਮੁਕਤੀ (ਤੇ ਪਰਮਾਤਮਾ ਨਾਲ) ਜੁੜ ਜਾਣ ਦੀ ਅਵਸਥਾ ਹੈ[2]। ਹਰੀ ਦੇ ਨਾਮ ਨਾਲ ਹੀ ਜਨ ਨੂੰ ਭੋਗ (ਦਾ ਸੁਆਦ ਤੇ) ਤ੍ਰਿਪਤੀ[3] (ਦਾ ਆਨੰਦ) ਹੈ। ਹਰੀ ਦਾ ਨਾਮ ਹੀ ਦਾਸ ਦਾ ਰੂਪ ਤੇ ਰੰਗ ਹੋ ਜਾਂਦਾ ਹੈ। (ਭਾਵ ਨਾਮ ਹੀ ਉਸਦਾ ਭੇਖ ਹੈ, ਹੋਰ ਭੇਖ ਨਹੀਂ ਧਾਰਦਾ। ਐਉਂ ਬੀ ਭਾਵ ਲੈਂਦੇ ਹਨ-ਨਾਮ ਨਾਲ ਆਤਮ ਸੁੰਦਰਤਾ ਦਾ ਉਹ ਦਰਸ਼ਨ ਕਰਨ ਹਾਰ ਹੋ ਜਾਂਦਾ ਹੈ, ਸੋ ਉਸਦਾ ਭੋਗ ਤੇ ਤ੍ਰਿਪਤੀ ਇਹੋ ਆਤਮ ਸੁੰਦਰਤਾ ਹੋ ਜਾਂਦੀ ਹੈ। ਹੋਰ ਸਾਧਨਾਂ ਨੂੰ ਵਿਘਨ ਵੀ ਘੇਰਦੇ ਹਨ ਪਰ ਹਰੀ ਜਨ ਨੂੰ) ਹਰੀ

---

੧. ਗੁਰੂ ਜੀ ਬਾਹਰਲੇ ਰੰਗ (ਭੇਖ) ਧਾਰਨ ਨੂੰ ਸੰਤਤਾਈ ਤੇ ਭਗਤੀ ਨਹੀਂ ਮੰਨ ਰਹੇ, ਉਪਦੇਸ਼ ਦੇ ਰਹੇ ਹਨ: ਹੇ ਭਗਤੋ ਤੇ ਸੰਤੋ। ਜੋ ਤਜਾਗ ਵੈਰਾਗ ਪਰਮੇਸ਼ੁਰ ਦੀ ਭਗਤੀ ਦਾ ਰੂਪ ਬਣਾਕੇ ਬਾਹਰ ਧਾਰਿਆ ਹੈ, ਉਹੋ ਅੰਦਰ ਮਨ ਵਿਚ ਧਾਰਨ ਕਰੋ, ਜੋ ਵਿਵੇਕ ਕਿ ਗਲਾਂ ਨਾਲ ਸੁਣਾਉਂਦੇ ਹੋ ਉਸ ਦਾ ਨਿਵਾਸ ਅਪਣੀ ਬ੍ਰਿਤੀ ਵਿਚ ਕਰੋ ਤਾਂ ਤੁਸੀਂ ਹਰੀ ਦੇ ਜਨ ਹੋ। ਅਗਲੀ ਪੌੜੀ ਦੀ ਤੀਸਰੀ ਸਤਰ ਵਿਚ ਫੁਰਮਾਉਂਦੇ ਹਨ- 'ਹਰਿ ਕਾ ਨਾਮੁ ਜਨ ਕਾ ਰੂਪ ਰੰਗੁ।' ਸੰਪ੍ਰਦਾਈ ਅਰਥ ਇਉਂ ਹੈ- (ਉਨ੍ਹਾਂ ਦੇ) ਮਨ ਤੇ ਤਨ ਇਕ (ਪਰਮੇਸ਼ੁਰ) ਦੇ ਪ੍ਰੇਮ ਵਿਚ ਮਗਨ ਰਹਿੰਦੇ ਹਨ, ਇਸ ਕਰਕੇ ਉਨ੍ਹਾਂ ਦੀ ਬ੍ਰਿਤੀ ਵਿਵੇਕ ਵਾਲੀ ਹੋ ਜਾਂਦੀ ਹੈ।

੨. (ਸੰਸ:, ਯੁਕਤਿ=ਜੁੜਨਾ।) (ਅ) ਮੁਕਤਿ ਜੁਗਤਿ=ਮੁਕਤੀ ਪ੍ਰਾਪਤੀ ਦਾ ਤ੍ਰੀਕਾ

੩. ਭੁਗਤਿ=(ਸੰਸ:,ਭੁਕ੍ਤਿ) ਭੋਜਨ, ਭੋਗ, ਲੌਕਿਕ ਭਾਵ ਸੁਖ ਹੈ ਭੋਗਣ ਵਿਚ ਜੋ ਰੁਚੀ ਤੇ ਰਸ ਹੁੰਦਾ ਹੈ ਉਸ ਤੋਂ ਮਗਰੋਂ ਜੋ (ਰੱਜ) ਆਉਂਦੀ ਹੈ ਉਸ ਨੂੰ ਤ੍ਰਿਪਤਿ ਕਿਹਾ ਹੈ। ਮੁਰਾਦ ਹੈ ਨਾਮ ਵਿਚ ਆਪਣਾ ਰਸ ਹੁੰਦਾ ਹੈ, ਉਹ ਰਸ ਸਰੀਰਕ ਰਸਾਂ ਕਸਾਂ ਦੀ ਲੋੜ ਚੁਕਾ ਦੇਂਦਾ ਹੈ ਤੇ ਸਾਈਂ ਵਿਚ ਲਾ ਦੇਂਦਾ ਹੈ, ਇਹ ਤ੍ਰਿਪਤੀ ਹੈ। (ਅ) ਸੰਪ੍ਰਦਾਈ ਐਉਂ ਬੀ ਅਰਥ ਕਰਦੇ ਹਨ:- ਹਰੀ ਦੇ ਨਾਮ ਨਾਲ ਭੋਗਾਂ ਤੋਂ ਤ੍ਰਿਪਤੀ ਆ ਜਾਂਦੀ ਹੈ।

ਹਰਿ ਕਾ ਨਾਮੁ ਜਨ ਕੀ ਵਡਿਆਈ॥ ਹਰਿ ਕੈ ਨਾਮਿ ਜਨ ਸੋਭਾ ਪਾਈ॥ ਹਰਿ ਕਾ ਨਾਮੁ ਜਨ ਕਉ ਭੋਗੁ ਜੋਗੁ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥ ਜਨੁ ਰਾਤਾ ਹਰਿ ਨਾਮ ਕੀ ਸੇਵਾ॥ ਨਾਨਕ ਪੂਜੈ ਹਰਿ ਹਰਿ ਦੇਵਾ॥੬॥

ਦਾ ਨਾਮ ਜਪਦਿਆਂ ਕਦੀ ਭੰਗ (ਵਿਘਨ) ਨਹੀਂ ਪੈਂਦਾ[1]। ਹਰੀ ਦਾ ਨਾਮ ਹੀ ਜਨ ਦੀ ਵਡਿਆਈ ਹੈ, ਹਰੀ ਦੇ ਨਾਮ ਕਰਕੇ ਹੀ ਦਾਸ ਸ਼ੋਭਾ ਪਾਉਂਦੇ ਹਨ। ਹਰੀ ਦਾ ਨਾਮ ਜਨ ਨੂੰ ਭੋਗ (ਬੀ ਹੈ ਤੇ) ਜੋਗ (ਬੀ) ਹੈ[2]। ਹਰੀ ਦਾ ਨਾਮ ਜਪਦੇ ਰਹਿਣ ਨਾਲ (ਕੁਛ=) ਥੋੜਾ ਬੀ (ਸਾਈਂ ਨਾਲ) ਵਿਛੋੜਾ ਨਹੀਂ ਪੈਂਦਾ; (ਕਿਉਂਕਿ) ਜਨ ਹਰੀ ਨਾਮ ਦੀ ਸੇਵਾ ਵਿਚ (ਨਿੱਤ) ਰਚਿਆ ਰਹਿੰਦਾ ਹੈ (ਤੇ ਜੋ ਨਾਮ ਦੀ ਸੇਵਾ=ਸਿਮਰਨ ਵਿਚ ਰੱਤਾ ਰਹਿੰਦਾ ਹੈ) ਹੇ ਨਾਨਕ! (ਓਹ ਜਾਣ ਲਓ ਕਿ ਸਾਖਜਾਤ) ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਪੂਜ ਰਿਹਾ ਹੈ[3]॥੬॥

ਹਰਿ ਹਰਿ ਜਨ ਕੈ ਮਾਲੁ ਖਜੀਨਾ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ॥ ਹਰਿ ਹਰਿ ਜਨ ਕੈ ਓਟ ਸਤਾਣੀ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ॥ ਓਤਿ ਪੋਤਿ ਜਨ ਹਰਿ ਰਸਿ ਰਾਤੇ॥ ਸੁੰਨਿ ਸਮਾਧਿ ਨਾਮ ਰਸ ਮਾਤੇ॥ ਆਠ ਪਹਰ ਜਨੁ ਹਰਿ ਹਰਿ ਜਪੈ॥

ਹਰੀ ਜਨਾਂ ਦੇ (ਪਾਸ) ਹਰੀ (ਦਾ ਨਾਮ) ਮਾਲ (ਹੈ ਤੇ ਇਹੋ ਉਨ੍ਹਾਂ ਦਾ) ਖਜ਼ਾਨਾ ਹੈ[4]। (ਇਹ) ਹਰਿ ਧਨ ਜਨਾਂ ਨੂੰ ਪ੍ਰਭੂ ਨੇ ਆਪ ਦਿੱਤਾ ਹੈ। (ਹਰਿ ਦੇ) ਜਨਾਂ ਦੀ ਬਲ ਵਾਲੀ ਓਟ (ਇਹੋ) ਹਰਿ ਹਰਿ (ਨਾਮ) ਹੈ। ਹਰਿ ਦੇ ਪ੍ਰਤਾਪ ਨਾਲ ਜਨਾਂ ਨੇ ਹੋਰ (ਕਿਸੇ) ਦੀ (ਓਟ ਉਸ ਨਾਲੋਂ ਸਤਾਣੀ) ਨਹੀਂ ਜਾਣੀ (ਭਾਵ ਓਟ ਤਕਾਈ ਨਹੀਂ)। ਤਾਣੇ ਪੇਟੇ (ਦੀ ਤਰ੍ਹਾਂ) ਜਨ ਹਰਿ ਰਸ ਵਿਚ ਰਚੇ (ਹੋਏ ਹਨ), (ਇਉਂ ਓਹ) ਨਾਮ ਦੇ ਰਸ ਵਿਚ ਮਸਤ ਰਹਿੰਦੇ ਹਨ,(ਇਹੋ ਉਨ੍ਹਾਂ ਦੀ)ਸੁੰਨ ਸਮਾਧੀ[5] ਹੈ। (ਸੋ ਇੱਕੁਰ ਜੋ) ਜਨ ਅੱਠੇ

---

੧. ਅਥਵਾ ਬਰਾਬਰ ਜਾਰੀ ਰਹਿੰਦਾ ਹੈ। ਸੂਚਨਾ-ਨਾਮ ਦਾ ਮਾਰਗ ਵਿਘਨ ਰਹਿਤ ਹੈ, ਇਹ ਗਲ ਸ਼ਾਸਤ੍ਰਕਾਰਾਂ ਨੇ ਬੀ ਮੰਨੀ ਹੈ, ਦੇਖੋ ਯੋਗ ਦਰਸ਼ਨ ੧-੨੯-'ਉਸ (ਨਾਮ ਜਪ ਤੋਂ) ਅਪਣੇ ਸਰੂਪ ਦਾ ਗਜਾਨ ਪ੍ਰਾਪਤ ਹੁੰਦਾ ਹੈ ਤੇ ਵਿਘਨਾਂ ਦਾ ਨਾਸ ਹੁੰਦਾ ਹੈ।' ਤਤ: ਪ੍ਰਤਜਕ ਚੇਤਨਾ ਧਿਗਮੋ ਯੰਤਰਾਯਅਵਸ੍ਚ।੧।੨੯। ਏਹ ਭਾਵ ਬੀ ਲੈਂਦੇ ਹਨ ਕਿ ਹਰੀ ਦਾ ਨਾਮ ਵਿਘਨ ਵਿਨਾਸ਼ਕ ਹੈ।

੨. ਜੋਗੀ ਜੋਗ ਕਮਾ ਕੇ ਭੋਗਾਂ ਤੋਂ ਨਿਰਾਸ ਹੋ ਜਾਂਦਾ ਹੈ, ਪਰ ਹਰੀ ਨਾਮ ਵਾਲਾ ਸਰੀਰਕ ਰਸਾਂ ਤੋਂ ਨਿਰਾਸ ਹੋ ਕੇ ਵਾਹਿਗੁਰੂ ਮਿਲਾਪ ਦੇ ਰਸ ਵਿਚ ਰਚ ਜਾਂਦਾ ਹੈ, ਐਉਂ ਨਾਮ ਦਾ ਜੋਗ ਭੋਗ ਰੂਪ ਬੀ ਹੈ ਅਰਥਾਤ ਨਾਮ ਦਾ ਮਾਰਗ 'ਰਸ ਵੈਰਾਗ' ਮਾਰਗ ਹੈ।

੩. ਅਥਵਾ-(ਉਸ ਨੂੰ) ਪੂਜਦੇ ਹਨ ਦੇਵਤੇ ਵਿਸ਼ਨੂੰ ਵਰਗੇ।

੪. ਹਰਿ ਹਰਿ (ਨਾਮ, ਜਨਾਂ ਦੇ ਪਾਸ ਮਾਲ ਖਜ਼ਾਨਾ ਹੈ।

੫. ਸੁੰਨ ਸਮਾਧਿ=ਅਫੁਰ ਸਮਾਧੀ। ਫੁਰਨੇ ਨੂੰ ਰੋਕ ਕੇ ਸੁੰਨਵਾਦੀ ਬੋਧੀ ਆਦਿਕ ਸੁੰਨ ਵਿਚ ਗੁੰਮ ਹੁੰਦਾ ਹੈ, ਸਾਖੀ ਤੇ ਜੋਗੀ ਸ੍ਵੈ ਸਰੂਪ ਵਿਚ ਟਿਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਨਾਮ ਵਿਚ ਮਗਨ ਹੋ ਜਾਣਾ ਸਾਡੀ ਸੁੰਨ ਸਮਾਧਿ ਹੈ, ਕਿਉਂਕਿ ਇਸ ਵਿਚ ਫੁਰਨੇ ਰੁਕ ਜਾਂਦੇ ਹਨ ਤੇ ਮਨ ਇਕ ਪਰਮੇਸ਼ੁਰ ਵਿਚ ਮਗਨ ਹੋ ਜਾਂਦਾ ਹੈ। ਬੋਧੀ ਸ਼ੂਨ ਵਿਚ, ਸਾਂਖੀ ਤੇ ਜੋਗੀ ਸ੍ਵੈ ਵਿਚ ਤੇ ਗੁਰਸਿਖ ਵਾਹਿਗੁਰੂ ਵਿਚ ਮਗਨ ਹੁੰਦਾ ਹੈ।

ਹਰ ਕਾ ਭਗਤੁ ਪ੍ਰਗਟ ਨਹੀ ਛਪੈ॥ ਹਰਿ ਕੀ ਭਗਤਿ ਮੁਕਤਿ ਬਹੁ ਕਰੇ॥ ਨਾਨਕ ਜਨ ਸੰਗਿ ਕੇਤੇ ਤਰੇ॥੭॥

ਪਹਿਰ ਹਰਿ ਹਰਿ ਜਪਦਾ ਹੈ (ਉਹ) ਹਰੀ ਦਾ ਭਗਤ ਹੈ ਤੇ ਪ੍ਰਗਟ (ਹੋ ਜਾਂਦਾ ਹੈ, ਭਾਵ ਉਹ) ਲੁਕਿਆ ਨਹੀਂ ਰਹਿੰਦਾ। ਹਰੀ ਦੀ ਭਗਤੀ ਨੇ ਬਹੁਤਿਆਂ ਦੀ ਮੁਕਤੀ ਕੀਤੀ ਹੈ। (ਹਾਂ, ਓਹ ਆਪ ਹੀ ਮੁਕਤ ਨਹੀਂ ਹੋਏ ਸਗੋਂ ਐਸੇ) ਜਨਾਂ ਦੇ ਸੰਗ ਨਾਲ ਕਿੰਨੇ (ਹੋਰ ਬੀ) ਤਰ ਗਏ ਹਨ, ਹੇ ਨਾਨਕ!॥੭॥

ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥ ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥ ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥ ਸੰਤ ਕਾ ਸੰਗੁ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮੁ ਧਿਆਈਐ॥ ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥

ਇਹ ਹਰੀ ਦਾ ਨਾਮ (ਹੀ ਅਸਲ) ਪਾਰਜ਼ਾਤ[੧] ਹੈ, ਹਰਿ ਹਰਿ ਦੇ ਗੁਣਾਂ ਦਾ ਗਾਉਣਾ (ਹੀ ਅਸਲ) ਕਾਮਧੇਨੁ ਹੈ, (ਪਾਰਜਾਤ ਕਾਮਧੇਨ ਆਦਿ ਦੀਆਂ ਕਥਾਂ ਨਾਲੋਂ) ਸਭਨਾਂ ਤੋਂ ਉੱਤਮ ਹਰੀ ਦੀ ਕਥਾਂ ਹੈ (ਜਿਸ ਦੁਆਰਾ) ਨਾਮ ਸੁਣੀਂਦਾ ਹੈ, (ਕਿਉਂਕਿ ਨਾਮ ਸ੍ਰਵਣ ਨਾਲ ਸਭ) ਦੁਖ ਪੀੜਾ ਦੂਰ ਹੋ ਜਾਂਦੀ ਹੈ। (ਇਸ ਗਲ ਦਾ ਤਜਰਬਾ ਹੈ ਸੰਤਾਂ ਨੂੰ ਜੋ ਨਾਮ ਜਪਦੇ ਹਨ, ਇਸ ਕਰਕੇ ਇਕ) ਨਾਮ ਦੀ ਮਹਿਮਾ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ। (ਐਸੇ ਸੰਤਾਂ ਨੂੰ ਮਿਲੋ, ਕਿਉਂਕਿ) ਸੰਤਾਂ ਦੇ ਪ੍ਰਤਾਪ ਕਰਕੇ (ਕੁੱਲ) ਪਾਪ ਨੱਸ ਜਾਂਦਾ ਹੈ (ਪਰ) ਸੰਤਾਂ ਦਾ ਸੰਗ ਵਡੇ ਭਾਗਾਂ ਕਰਕੇ ਪਾਈਦਾ ਹੈ। (ਜਦੋਂ ਮਿਲੇ ਤਾਂ) ਸੰਤਾਂ ਦੀ ਸੇਵਾ ਕਰਕੇ ਨਾਮ ਧਿਆਈਦਾ ਹੈ। ਨਾਮ ਦੇ ਤੁੱਲ ਹੋਰ ਕੁਛ ਨਹੀਂ ਹੈ[੨]। (ਪਰ) ਹੇ ਨਾਨਕ! (ਇਹ) ਨਾਮ ਗੁਰੂ ਦੁਆਰਾ ਕੋਈ (ਵਿਰਲਾ) ਜਨ ਪ੍ਰਾਪਤ ਕਰਦਾ ਹੈ॥੮॥੨॥

੧. ਪਾਰਿਜਾਤ,-ਇਹ ਸੁਰਗ ਦੇ ਪੰਜ ਬ੍ਰਿਛਾਂ ਵਿਚੋਂ ਇਕ ਹੈ। ਇਹ (ਬ੍ਰਿੱਛ) ਤੇ ਕਾਮਧੇਨੁ (ਗਾਂ)ਦੁਇ ਸਮੁੰਦਰ ਰਿੜਕਨ ਵੇਲੇ ਨਿਕਲੇ ਸਨ। ਪਰਿਜਾਤ ਇੰਦਰ ਨੂੰ ਮਿਲਿਆ ਤੇ ਸੁਰਗ ਵਿਚ ਪਹੁੰਚਾ। 'ਕਾਮਧੇਨੁ' ਗਊ ਤੋਂ ਜੋ ਮੰਗੋ ਦੇਂਦੀ ਹੈ। ਭਾਵ ਹੈ ਕਿ ਜਿਵੇਂ ਇਨ੍ਹਾਂ ਨੂੰ ਮਨੋਕਾਮਨਾ ਪੂਰਕ ਸਮਝਿਆ ਜਾਂਦਾ ਹੈ ਨਾਮ ਵਿਚ ਇਹ ਸਿਫ਼ਤਾਂ ਹਨ, ਪਰ ਨਾਮ ਦੀ ਕਥਾ ਇਨ੍ਹਾਂ ਦੀ ਕਥਾ ਤੇ ਹੋਰ ਕਥਾਵਾਂ ਤੋਂ ਵਿਸ਼ੇਸ਼ ਹੈ, ਕਿਉਂਕਿ ਏਹ ਮਨੋ ਕਾਮਨਾ ਤੇ ਮਨੋ ਵਾਸ਼ਨਾ ਦੂਰ ਹੀ ਕਰਕੇ ਮੁਕਤੀ ਤੇ ਪਹੁੰਚਾ ਦੇਂਦਾ ਹੈ। (ਪਾਰਿਜਾਤ=ਪਾਰੀ=ਜਲ ਸਮੂਹ=ਸਮੁੰਦਰ, ਜਾਤ=ਪੈਦਾ ਹੋਇਆ)।

੨. ਵਾਹਿਗੁਰੂ ਦੀ ਪ੍ਰਾਪਤੀ ਦਾ ਕੋਈ ਸਾਧਨ ਨਾਮ ਦੇ ਤੁੱਲ ਨਹੀਂ ਹੈ, ਇਹ ਸਭ ਤੋਂ ਚੰਗਾ ਸਾਧਨ ਹੈ, ਯਥਾ-ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥ ਅਗਲੀ ਅਸ਼ਟਪਦੀ ਵਿਚ ਇਸੇ ਦੀ ਪ੍ਰੋੜ੍ਹਤਾ ਹੈ।

ਸਲੋਕੁ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥੧॥

ਬਹੁਤ ਸ਼ਾਸਤ੍ਰ ਤੇ ਬਹੁਤੀਆਂ ਸਿੰਮ੍ਰਤੀਆਂ[1] (ਹਨ ਓਹ) ਸਾਰੇ ਹੀ ਵਿਚਾਰਕੇ ਦੇਖੇ ਹਨ, ਪਰਮੇਸ਼ੁਰ ਦੇ ਨਾਮ (ਦੀ ਅਰਾਧਨਾ ਦੀ ਬਰੱਬਰੀ) ਨੂੰ (ਓਹ) ਨਹੀਂ ਪਹੁੰਚ ਸਕਦੇ (ਕਿਉਂਕਿ ਏਹ ਸਾਰੇ ਮੁੱਲ ਵਿਦ ਹਨ, ਮੁੱਲ ਪਾਉਂਦੇ ਹਨ ਪਰ) ਨਾਮ ਅਮੁੱਲ ਹੈ (ਤੇ ਅਮੁੱਲ ਵਿਚ ਲੈ ਜਾਂਦਾ ਹੈ)॥੧॥

ਅਸਟਪਦੀ॥ ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥ ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

ਜੇ (ਕੋਈ) ਜਪ, ਤਪ, ਗਿਆਨ ਅਰ ਸਾਰੇ (ਪ੍ਰਕਾਰ ਦੇ) ਧਿਆਨ (ਕਰੇ), ਛੀ ਸ਼ਾਸਤ੍ਰ[2] ਤੇ ਸਿੰਮ੍ਰਤੀਆਂ ਦੇ ਵਖਿਆਨ (ਸੁਣੇ, ਜੋਗ ਦੇ ਅਭਿਆਸ, (ਕਰਮ ਕਾਂਡ ਦੇ ਦੱਸੇ) ਕਰਮ, (ਵਰਣਾਸ਼੍ਰਮ ਦੇ) ਧਰਮ, (ਪੂਜਾ ਆਦਿਕ) ਕ੍ਰਿਆ (ਦੀ ਕਮਾਈ ਕਰੇ), ਸਾਰੇ (ਟੱਬਰ ਟੋਰ ਤੇ ਪਦਾਰਥਾਂ ਨੂੰ) ਤਿਆਗ ਕੇ ਬਨਾ ਵਿਚ ਫਿਰਦਾ (ਰਹੇ), ਬਹੁਤੇ ਤੇ ਕਈ ਪ੍ਰਕਾਰ ਦੇ (ਹੋਰ) ਜਤਨ ਪਿਆ ਕਰੇ (ਜੈਸਾ ਕਿ) ਪੁੰਨ ਦਾਨ (ਕਰੇ ਤੇ ਘਿਉ ਆਦਿ) ਕੀਮਤੀ ਪਦਾਰਥ[3] (ਅੱਗ ਵਿਚ ਪਾ ਕੇ) ਹੋਮ ਪਿਆ ਕਰੇ। (ਸਗੋਂ) ਸਰੀਰ ਨੂੰ ਕਟਾ ਕੇ ਰੱਤੀ ਰੱਤੀ ਕਰਕੇ ਹੋਮ ਕਰ ਦੇਵੇ, ਵਰਤ ਨੇਮ ਬੀ ਬਹੁਤੀਆਂ ਭਾਤਾਂ ਦੇ ਕਰੇ, ਪਰੰਤੂ) ਰਾਮ ਨਾਮ ਦੇ ਵਿਚਾਰ ਦੇ ਤੁੱਲ (ਇਹ ਸਾਰਾ ਕੁਛ) ਨਹੀਂ (ਹੈ), ਹੇ ਨਾਨਕ! ਗੁਰੂ ਦੁਆਰਾ ਪ੍ਰਾਪਤ ਨਾਮ (ਜੋ) ਇਕ ਵਾਰ ਜਪੀਏ (ਤਾਂ ਪਿਛਲੇ ਕਹੇ ਸਾਰੇ ਕਰਮ ਉਸਦੇ ਤੁੱਲ ਨਹੀਂ ਹਨ)[4] ॥੧॥

ਨਉਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥

(ਕਿਉਂਕਿ ਜੇ ਕੋਈ) ਨਉ ਖੰਡਾਂ ਵਾਲੀ ਪ੍ਰਿਥਵੀ (ਸਾਰੀ) ਫਿਰੇ, (ਤੇ ਬਹੁਤ) ਚਿਰ (ਤਕ ਬੀ) ਜੀਵੇ, (ਫੇਰ) ਬੜਾ ਉਦਾਸ ਤੇ (ਵਡਾ) ਤਪੀ ਹੋ ਜਾਵੇ।

---

੧ ਹਿੰਦੂ ਧਰਮ ਗ੍ਰੰਥ ਹਨ- ੧. ਸ਼੍ਰੁਤੀ=ਜੋ ਇਲਹਾਮੀ ਹਨ। ੨. ਸਿਮ੍ਰਤੀ=ਜੋ ਰਿਖੀਆਂ ਨੇ ਲਿਖੇ। ਸ਼ਾਸਤ੍ਰ=ਹੋਰ ਫਿਲਸਫਾ ਆਦਿ ਵਿਦਯਾ ਦੇ ਗ੍ਰੰਥ, ਵਿਸ਼ੇਸ਼ ਕਰਕੇ ਛੇ ਸ਼ਾਸਤ੍ਰਾਂ ਵਲ ਇਸ਼ਾਰਾ ਹੁੰਦਾ ਹੈ।

੨ ਛੇ ਸ਼ਾਸਤ੍ਰ =ਵੈਸ਼ੇਸ਼ਿਕ, ਮੀਮਾਂਸਾ, ਨਯਾਇ, ਸਾਂਖ੍ਯ, ਵੇਦਾਂਤ ਤੇ ਯੋਗ (ਦੇਖੋ ਪੰਨਾ ੧੦੨)

੩ ਰਤਨ-(ਸੰਸ:,ਰਤ੍ਨ) ਅਮੋਲਕ ਪਦਾਰਥ, ਹੀਰੇ ਲਾਲ ਆਦਿ। ਸਮੁੰਦਰ ਵਿਚੋਂ ਨਿਕਲੇ ੧੪ ਪਦਾਰਥ ਰਤਨ ਕਹੀਦੇ ਹਨ। ਸ਼੍ਰੇਸ਼ਟ ਪਦਾਰਥਾਂ ਨੂੰ ਬੀ ਰਤਨ ਕਹਿੰਦੇ ਹਨ। ਇਥੇ ਰਤਨ ਦਾ ਭਾਵ ਹੈ ਘਿਉ ਆਦਿਕ ਕੀਮਤੀ ਪਦਾਰਥ ਜੋ ਹੋਮ ਵਿਚ ਪਾਉਂਦੇ ਹਨ। (ਦੇਖੋ ਪੰਨਾ ੭੬)

੪ ਇਹ ਸੰਪ੍ਰਦਾਈ ਅਰਥ ਹੈ ਤੇ ਓਹ ਹੋਰ ਅਰਥ ਬੀ ਕਰਦੇ ਹਨ-ਤਾਂਤੇ ਹੇ ਨਾਨਕ ਪਰਮੇਸ਼ੁਰ ਦਾ ਨਾਮ ਗੁਰੂ ਤੋਂ ਲੈਕੇ ਇਕ ਵਾਰ (ਲਗਾਤਾਰ) ਜਪੀਏ। (ਅ) ਇਕ ਵਾਰ=ਭਾਵ ਮਨੁੱਖਾ ਜਨਮ ਵਿਚ।

ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥ ਹਰਿ ਕੇ ਨਾਮ ਸਮਸਰਿ ਕਛੁ ਨਾਹਿ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥੨॥

ਅਗਨੀ ਵਿਚ (ਅਪਣੇ ਪ੍ਰਾਣਾਂ (ਤੱਕ ਨੂੰ ਬੀ) ਹੋਮ ਕਰੇ, ਸੋਨਾ, ਘੋੜੇ, ਕੋਤਲ ਘੋੜੇ[੧] ਤੇ ਪ੍ਰਿਥਵੀ ਦਾਨ ਕਰੇ, ਨਿਉਲੀ ਕਰਮ[੨] ਕਰੇ, ਬਹੁਤੇ ਆਸਣ (ਹਠ ਯੋਗ ਦੇ ਲਾਵੇ), ਜੈਨ ਮਤ ਦੇ (ਕਰੜੇ) ਸੰਜਮ (ਤੇ) ਅਤਿ ਦੇ (ਔਖੇ) ਸਾਧਨ ਕਰੇ[੩], ਰਤਾ ਰਤਾ ਕਰਕੇ ਸਰੀਰ ਕਟਾ ਦੇਵੇ , ਤਦ ਬੀ ਹਉਮੈ ਦੀ ਮੈਲ ਨਹੀਂ ਜਾਂਦੀ। (ਹਉਮੈ ਦੀ ਮੈਲ ਗੁਵਾਉਣ ਲਈ) ਹਰਿ ਦੇ ਨਾਮ ਦੇ ਤੁੱਲ ਕੁਛ ਬੀ ਨਹੀਂ ਹੈ। ਹੇ ਨਾਨਕ! 'ਗੁਰਮੁਖ ਨਾਮ' ਜਪ ਕੇ ਗਤਿ[੪] ਪ੍ਰਾਪਤ ਹੁੰਦੀ ਹੈ॥੨॥

ਮਨ ਕਾਮਨਾ ਤੀਰਥ ਦੇਹ ਛੁਟੈ॥
ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ॥
ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ॥
ਸੁਧ ਕਹਾ ਹੋਇ ਕਾਚੀ ਭੀਤਿ॥

(ਭਾਵੇਂ ਕੋਈ) ਮਨ ਦੇ ਚਾਹੇ ਹੋਏ ਤੀਰਥ (ਉਤੇ ਜਾ ਰਹੇ ਇਸ ਭਾਵਨਾ ਨਾਲ ਕਿ ਮੇਰੀ) ਦੇਹ (ਉਥੇ) ਅੰਤ ਹੋਵੇ[੫] (ਪਰ ਉਹ ਕੀਹ ਦੇਖੇਗਾ ਕਿ ਐਸਾ ਕਰਨੇ ਨਾਲ) ਅਹੰਕਾਰ ਤੇ ਅਭਿਮਾਨ ਮਨ ਵਿਚੋਂ ਸਿਥਲ ਨਹੀਂ ਹੁੰਦਾ, (ਕਿਉਂਕਿ ਤੀਰਥ ਤੇ ਵੱਸਕੇ ਸਰੀਰ ਦੀ ਸ਼ੁੱਧੀ) ਇਸ਼ਨਾਨ (ਆਦਿਕ ਤਾਂ ਪਿਆ) ਰਾਤ ਦਿਨ ਕਰੇਗਾ, (ਪਰ) ਮਨ ਦੀ ਮੈਲ (ਇਸ) ਤਨ ਦੀ (ਮੈਲ ਧੋਣ) ਨਾਲ ਦੂਰ ਨਹੀਂ ਹੁੰਦੀ। (ਸ਼ੁੱਧੀ ਆਦਿ ਤੋਂ ਛੁਟ ਭਾਵੇਂ ਉਥੇ) ਇਸ ਦੇਹੀ ਨਾਲ (ਕਿੰਨੀਆਂ) ਬਹੁਤੀਆਂ ਸਾਧਨਾ ਪਿਆ ਕਰੇ, ਮਨ ਤੋਂ ਵਿਸ਼ਯ ਭਾਵਨਾ ਕਦੀ ਦੂਰ ਨਹੀਂ ਹੋਵੇਗੀ। (ਭਲਾ ਜੇ ਕੋਈ) ਕੱਚੀ ਕੰਧ ਨੂੰ ਜਲ ਨਾਲ ਬਹੁਤ ਧੋਵੇ (ਤਾਂ ਉਹ ਕੋਈ) ਸ਼ੁਧ ਹੋ ਚੱਲੀ ਹੈ? (ਤਿਵੇਂ ਇਹ) ਨਾਸ਼ਮਾਨ[੬] ਸਰੀਰ (ਜੋ ਕੱਚੀ ਕੰਧ ਵਾਂਙੂ ਮਿੱਟੀ ਦਾ ਬਣਿਆ ਹੋਇਆ ਹੈ ਕਿਤੇ) ਸ਼ੁੱਧ ਹੋ ਚੱਲਿਆ ਹੈ?

---

੧ ਹੈ=ਘੋੜੇ, ਵਰ=ਸ੍ਰੇਸ਼ਟ। ਬੜੇ ਵਧੀਆ ਘੋੜੇ, ਕੋਤਲ ਘੋੜੇ। (ਅ) ਹੈਵਰ ਦਾ ਅਰਥ ਹਾਥੀ ਬੀ ਲਾਉਂਦੇ ਹਨ।

੨ ਪੇਟ ਨੂੰ ਹਠ ਯੋਗ ਦੇ ਤਰੀਕੇ ਨਾਲ ਫੇਰਨਾ, ਜਿਸ ਨਾਲ ਆਂਦਰਾਂ ਸਾਫ ਰਹਿੰਦੀਆਂ ਹਨ, ਨੌਲੀ।

੩ ਜੈਨੀਆਂ ਦਾ (ਮਾਰਗ=ਪੰਥ), ਜੈਨ ਮਤ। ਜੈਨੀਆਂ ਦੇ ਸਾਧਨ ਮਹਾਨ ਕਰੜੇ ਹਨ।)

੪ ਮੁਕਤੀ, ਸਦ ਗਤੀ। 'ਗੁਰਮੁਖਿ ਨਾਮੁ' ਗੁਰੂ ਦੁਆਰਾ ਪ੍ਰਾਪਤ ਨਾਮ, ਜੋ ਪਹਿਲੀ ਪੌੜੀ ਦੇ ਅੰਤ ਆਯਾ ਸੀ।

੫ ਮਨ ਦੀ ਕਾਮਨਾ ਹੋਵੇ ਕਿ ਅਮਕੇ ਤੀਰਥ ਤੇ ਮਰਾਂ ਤਾਂ ਮੁਕਤ ਹੋਸਾਂ, ਇਹ ਗੱਲ ਕਠਨ ਹੈ, ਪਰ ਜੇ ਪ੍ਰਾਪਤ ਹੋ ਬੀ ਜਾਵੇ ਤਾਂ ਬੀ ਗਰਬ ਦੂਰ ਨਹੀਂ ਹੁੰਦਾ। (ਅ) ਕਈ ਇਸ ਤੋਂ ਕਾਂਸ਼ੀ ਦਾ ਮਣਿਕਰਣਕਾ ਘਾਟ ਯਾ ਰਵਾਲਸਰ ਤੋਂ ਪਰੇ ਮਨੀ ਕਰਨ ਆਦਿ ਥਾਵਾਂ ਬੀ ਲੈ ਲੈਂਦੇ ਹਨ। ਪਰ 'ਮਨ ਕਾਮਨਾ' ਪਦ ਹਿੰਦੀ ਵਿਚ ਮਨੋਰਥ ਤੇ ਅਭਿਲਾਖਾ ਦੇ ਅਰਥਾਂ ਵਿਚ ਆਇਆ ਹੈ।

੬. ਅਨੀਤਿ=ਅਨਿਤ, ਜੋ ਸਦਾ ਨਾ ਰਹੇ। ਨਾਸ਼ਮਾਨ।

ਮਨ ਹਰਿ ਕੇ ਨਾਮ ਕੀ ਮਹਿਮਾ ਊਚ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥੩॥

ਹੇ ਮੇਰੇ ਮਨ! (ਸੋਚ ਕਰਕੇ ਦੇਖ ਕਿ) ਹਰੀ ਦੇ ਨਾਮ ਦੀ ਮਹਿਮਾਂ (ਸਭ ਸਾਧਨਾਂ ਤੋਂ) ਉੱਚੀ ਹੈ, (ਜਿਸ ਨਾਲ ਮਨ ਸ਼ੁੱਧ ਹੁੰਦਾ ਹੈ, ਹਾਂ ਇਸ) ਨਾਮ ਨਾਲ ਵਡੇ ਵਡੇ ਪਾਪੀ ਮੁਕਤ ਹੋ ਗਏ ਹਨ, ਹੇ ਨਾਨਕ! ॥੩॥

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥ ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ॥ ਛੂਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ॥ ਅਵਰ ਕਰਤੂਤਿ ਸਗਲੀ ਜਮੁ ਡਾਨੈ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥ ਹਰਿ ਕਾ ਨਾਮੁ ਜਪਤ ਦੁਖੁ ਜਾਇ॥ ਨਾਨਕ ਬੋਲੈ ਸਹਜਿ ਸੁਭਾਇ॥੪॥

ਅਤਿ ਦੀ ਚਤੁਰਾਈ (ਕਰਨ ਨਾਲ ਮਗੋਂ) ਜਮ ਦਾ ਭਉ ਵਾਪਰਦਾ ਹੈ, (ਭਾਵ ਦਿਮਾਗ਼ੀ ਸਮਝ ਦੀ ਤੀਖਣਤਾ ਨਾਲ ਮੌਤ ਦਾ ਭੈ ਦੂਰ ਨਹੀਂ ਹੁੰਦਾ ਸਗੋਂ ਵਧਦਾ ਹੈ, ਕਿਉਂਕਿ ਐਸੇ) ਅਨੇਕ ਜਤਨਾਂ ਨਾਲ ਤ੍ਰਿਸ਼ਨਾਂ ਨਹੀਂ ਸ਼ਾਂਤਿ ਹੁੰਦੀ (ਜੋ ਮੂਲ ਹੈ ਮੌਤ ਦੇ ਭੈ ਦਾ। ਜਿਵੇਂ ਸਿਆਣਪ ਨਾਲ ਤਿਵੇਂ ਹੀ ਹੇ ਮਨ!) ਬਹੁਤੇ 'ਭੇਖਾਂ' ਕਰਕੇ (ਬੀ ਤ੍ਰਿਸ਼ਨਾ ਦੀ) ਅੱਗ ਨਹੀਂ ਬੁਝਦੀ। (ਹੋਰ) ਕ੍ਰੋੜਾਂ 'ਉਪਾਵਾਂ' (ਕਰਕੇ ਜੀਵ ਸਾਈਂ ਦੀ) ਦਰਗਾਹ ਵਿਚ ਪਰਵਾਨ ਨਹੀਂ ਹੁੰਦਾ[੧]। ਅਕਾਸ਼ (ਵਿਚ ਉਡ ਗਿਆਂ ਜਾਂ) ਪਤਾਲ (ਵਿਚ ਉਤਰ ਗਿਆਂ ਬੀ ਜੀਵ ਨੂੰ) ਛੁਟਕਾਰਾ ਨਹੀਂ ਮਿਲਦਾ। (ਕਿਉਂਕਿ ਇਸ ਜੀਵ ਦੇ ਮਨ ਨੂੰ) ਮੋਹ ਲਗ ਰਿਹਾ ਹੈ (ਜੋ) ਮਾਇਆ ਦੇ ਜਾਲ ਵਿਚੋਂ (ਛੁੱਟਣ ਨਹੀਂ ਦੇਂਦਾ[੨])। ਹੋਰ ਸਾਰੀਆਂ ਕਰਤੂਤਾਂ ਨੂੰ ਜਮ ਡੰਡ[੩] ਲਾਉਂਦਾ ਹੈ, ਗੋਬਿੰਦ ਦੇ ਭਜਨ ਬਿਨਾਂ (ਇਕ) ਤਿਲ ਨਹੀਂ ਮੰਨਦਾ[੪]। (ਪਰ) ਹਰੀ ਦਾ ਨਾਮ ਜਪਦਿਆਂ (ਸਭ) ਦੁਖ ਦੂਰ ਹੋ ਜਾਂਦਾ ਹੈ। (ਤਾਂ ਤੇ ਚਾਹੀਦਾ ਹੈ ਕਿ ਜੀਵ ਪਰਮੇਸ਼ੁਰ ਦਾ ਨਾਮ) ਸਹਜ ਸੁਭਾਵ ਲੈਂਦਾ ਰਹੇ[੫], ਹੇ ਨਾਨਕ! ॥੪॥

---

੧. ਸਿਝਣਾ (ਸਿਧਿ) ਕਾਮਯਾਬ ਹੋਣਾ, ਸਿਰੇ ਚੜ੍ਹਨਾ। ਭਾਵ ਹੈ ਦਰਗਾਹ ਵਿਚ ਪਰਵਾਨ ਹੋਣਾ।

੨. (ਕਿਉਂਕਿ) ਜੀਵ ਦੇ ਅੰਦਰ ਮੋਹ ਹੈ ਜੋ ਮਾਯਾ ਜਾਲ ਵਿਚ ਇਸ ਨੂੰ ਫਮਾ ਰਿਹਾ ਹੈ।

੩. 'ਡੰਡ'। ਇਸ ਦਾ ਦੂਸਰਾ ਰੂਪ 'ਡਾਨ' ਬੀ ਗੁਰਬਾਣੀ ਵਿਚ ਆਯਾ ਹੈ-'ਜਾਕੇ ਚਾਕਰ ਕਉ ਨਹੀ ਡਾਨ॥' (ਗਉੜੀ ਮ:੫-ਅਸ਼ਟ-੬)। ਕ੍ਰਿਯਾ ਰੂਪ ਬੀ, ਯਥਾ:-'ਸੰਤਾ ਮਾਨਉ ਦੂਤਾ ਡਾਨਉ॥' (ਰਾਮਕਲੀ ਕਬੀਰ ਜੀ-੪)।

੪. ਥੋੜਾ ਜਿੰਨਾ ਵੀ ਕਿਸੇ ਕਰਮ ਨੂੰ ਪਰਵਾਨ ਨਹੀਂ ਕਰਦਾ।

੫. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥(ਆਸਾ:ਕਬੀ-੧੦) (ਅ) ਐਉਂ ਬੀ ਗਜਾਨੀ ਲਾਉਂਦੇ ਹਨ-੧. ਇਸ ਲਈ ਨਾਨਕ ਪਰਮੇਸ਼ੁਰ ਦਾ ਨਾਮ ਸਹਿ ਸੁਭਾ ਲੈਂਦਾ ਹੈ! ੨. ਨਾਨਕ ਇਹ ਗੱਲ ਯਥਾਰਥ ਕਹਿ ਰਿਹਾ ਹੈ। ੩. ਜੋ ਨਾਮ ਬੋਲੇਗਾ ਉਸ ਦਾ ਸੁਭਾਵ ਸ਼ਾਂਤਿਮਯ ਹੋ ਜਾਏਗਾ।

ਚਾਰ ਪਦਾਰਥ ਜੇਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥ ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥ ਜੇ ਕੋ ਅਪੁਨੀ ਸੋਭਾ ਲੋਰੈ॥ ਸਾਧ ਸੰਗਿ ਇਹ ਹਉਮੈ ਛੋਰੈ॥ ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥੫॥

ਜੇ ਕੋਈ ਚਾਰ ਹੀ ਪਦਾਰਥਾਂ[੧] ਦੀ ਮੰਗ ਕਰੇ (ਤਾਂ ਚਾਹੀਦਾ ਹੈ ਕਿ ਉਹ) ਸਾਧ ਜਨਾਂ ਦੀ ਸੇਵਾ ਵਿਚ ਲੱਗੇ। ਜੇ ਕੋਈ ਆਪਣਾ ਦੁਖ ਮਿਟਾਇਆ (ਚਾਹੁੰਦਾ ਹੈ ਤਾਂ) ਹਰਿ ਹਰਿ ਨਾਮ ਹਿਰਦੇ ਵਿਚ ਸਦਾ ਗਾਵੇ। ਜੇ ਕੋਈ ਆਪਣੀ ਸ਼ੋਭਾ ਦਾ ਲੋੜਵੰਦ ਹੈ ਤਾਂ ਸਾਧਾਂ ਦੇ ਸੰਗ ਵਿਚ (ਜਾਕੇ) ਇਸ ਹਉਮੈ ਨੂੰ ਛੱਡੇ। ਜੇ ਕੋਈ ਜਨਮ ਮਰਨ ਤੋਂ ਡਰਦਾ ਹੈ ਤਾਂ ਸਾਧੂ ਪੁਰਖਾਂ ਦੀ ਸ਼ਰਣੀ ਜਾ ਪਵੇ। (ਪਰ) ਜਿਸ ਪੁਰਖ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ (ਲੱਗ ਪਈ ਹੈ ਗੁਰੂ) ਨਾਨਕ (ਜੀ ਫੁਰਮਾਉਂਦੇ ਹਨ ਕਿ ਮੈਂ) ਉਸਦੇ ਬਲਿਹਾਰ ਬਲਿਹਾਰ ਜਾਵਾਂਗਾ[੨]! ॥੫॥

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥ ਸਾਧ ਸੰਗਿ ਜਾਕਾ ਮਿਟੈ ਅਭਿਮਾਨੁ॥ ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ॥ ਜਾਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥ ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥

ਸਾਰੇ ਪੁਰਖਾਂ ਵਿਚ (ਉਹ) ਪੁਰਖ ਪ੍ਰਧਾਨ (ਸ੍ਰੇਸ਼ਟ ਪੁਰਖ) ਹੈ ਜਿਸਦਾ ਕਿ ਸਤਿਸੰਗ ਦੁਆਰਾ ਅਭਿਮਾਨ (ਹਉਮੈ) ਦੂਰ ਹੋ ਜਾਵੇ। ਜੋ ਅਪਣੇ ਆਪ ਨੂੰ ਨੀਚ ਜਾਣਦਾ ਹੈ; ਉਸ (ਪੁਰਖ) ਨੂੰ ਸਭ ਤੋਂ ਉੱਚਾ ਗਿਣੀਂਦਾ ਹੈ। ਜਿਸ ਦਾ ਮਨ ਸਭ ਦੀ ਰੇਨ (ਧੂੜ) ਹੋ ਗਿਆ ਹੋਵੇ (ਤਾਂ ਜਾਣੋ ਕਿ) ਉਸ ਨੇ ਹਰ ਹਿਰਦੇ ਵਿਚ ਹਰੀ (ਤੇ) ਹਰੀ ਦਾ ਨਾਮ (ਨਿਵਾਸ ਰਖਦਾ)[੩] ਵੇਖ ਲਿਆ ਹੈ। (ਹਾਂ, ਉਸ ਨੇ) ਅਪਣੇ ਮਨ ਤੋਂ (ਪਰਾਏ ਦਾ) ਬੁਰਾ[੪] ਮਿਟਾ ਦਿੱਤਾ ਹੈ, (ਤੇ ਉਹ) ਸਾਰੀ ਸ੍ਰਿਸ਼ਟੀ ਨੂੰ (ਅਪਣਾ) ਸੱਜਣ ਦੇਖਦਾ ਹੈ।

---

੧. ਚਾਰ ਪਦਾਰਥ ਇਹ ਗਿਣੇ ਹਨ 'ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥' (ਰਾਮਕਲੀ ਮ:੫-੪)।

੨. ਭਾਵ-ਜੇ ਕੋਈ ਸੋਭਾ, ਦੁਖ ਦੂਰਤਾ, ਚਾਰ ਪਦਾਰਥ, ਮੌਤ ਦਾ ਭੈ ਇਨ੍ਹਾਂ ਲਈ ਨਾ, ਪਰ ਕੇਵਲ ਵਾਹਿਗੁਰੂ ਦਾ ਪ੍ਰੇਮੀ ਹੋਕੇ ਸਿਮਰਨ ਕਰੇ ਉਸ ਤੋਂ ਨਾਨਕ ਸਦਕੇ ਹੈ।

੩. ਜਿਥੇ ਸਾਈਂ ਆਪ ਹੈ ਓਥੇ ਉਸ ਦਾ ਨਾਮ ਹੈ, ਜਿਥੇ ਨਾਮ ਹੈ ਓਥੇ ਆਪ ਹੈ। ਯਥਾ-'ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥' (ਸਿਰੀ ਮ: ੧-ਅਸ਼ਟ-੪)।

੪. ਅਗਲੀ ਤੁਕ ਵਿਚ 'ਸਗਲ ਸ੍ਰਿਸਟਿ' ਪਦ ਹੋਣ ਕਰਕੇ 'ਬੁਰਾ' ਦੀ ਮੁਰਾਦ ਏਥੇ ਪਰਾਏ ਨਾਲ ਬੁਰਾ ਵਰਤਾਉ ਕਰਨ ਤੋਂ ਹੈ।

ਸੂਖ ਦੂਖ ਜਨ ਸਮ ਦ੍ਰਿਸਟੇਤਾ॥
ਨਾਨਕ ਪਾਪ ਪੁੰਨ ਨਹੀ ਲੇਪਾ॥੬॥

(ਪਰਮੇਸ਼ੁਰ ਦਾ ਐਸਾ) ਦਾਸ ਸੁਖ ਦੁਖ ਨੂੰ ਇਕ ਤੁੱਲ ਕਰਕੇ (ਭਾਵ ਇਕੋ ਜਿਹਾ) ਦੇਖਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਉਸਨੂੰ ਪਾਪ ਪੁੰਨ ਦਾ ਲੇਪ ਨਹੀਂ॥੬॥

ਨਿਰਧਨ ਕਉ ਧਨੁ ਤੇਰੋ ਨਾਉ॥
ਨਿਥਾਵੇ ਕਉ ਨਾਉ ਤੇਰਾ ਥਾਉ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ॥
ਸਗਲ ਘਟਾ ਕਉ ਦੇਵਹੁ ਦਾਨੁ॥
ਕਰਨ ਕਰਾਵਨਹਾਰ ਸੁਆਮੀ॥
ਸਗਲ ਘਟਾ ਕੇ ਅੰਤਰਜਾਮੀ॥
ਅਪਨੀ ਗਤਿ ਮਿਤਿ ਜਾਨਹੁ ਆਪੇ॥
ਆਪਨ ਸੰਗਿ ਆਪਿ ਪ੍ਰਭ ਰਾਤੇ॥
ਤੁਮ੍ਰੀ ਉਸਤਤਿ ਤੁਮ ਤੇ ਹੋਇ॥
ਨਾਨਕ ਅਵਰੁ ਨ ਜਾਨਸਿ ਕੋਇ॥੭॥

(ਅਰਦਾਸ ਕਰਦੇ ਹਨ:- ਹੇ ਪ੍ਰਭੂ!) ਧਨ ਤੋਂ ਹੀਣੇ (ਪੁਰਖ) ਨੂੰ ਤੇਰਾ ਨਾਮ (ਹੀ) ਧਨ ਹੈ, ਨਿਥਾਵੇਂ ਨੂੰ ਤੇਰਾ ਨਾਮ (ਹੀ) ਥਾਉਂ ਹੈ। ਤੇਰਾ (ਨਾਮ ਹੀ) ਹੇ ਪ੍ਰਭੂ! ਨਿਮਾਣੇ ਨੂੰ ਮਾਣ ਹੈ। (ਕੇਵਲ ਨਿਰਧਨ, ਨਿਥਾਵੇਂ, ਨਿਮਾਣੇ ਨੂੰ ਨਹੀਂ ਸਗੋਂ) ਸਾਰੇ ਘਟਾਂ (ਜੀਵਾਂ) ਨੂੰ (ਆਪ ਹੀ) ਦਾਨ ਦੇ ਰਹੇ ਹੋ। ਕਰਨ ਕਰਾਵਨਹਾਰ (ਆਪ ਹੀ ਹੋ) ਹੇ ਸੁਆਮੀ! (ਤੇ) ਸਭ ਘਟ ਦੇ ਅੰਦਰ ਦੀ ਜਾਣਨ ਵਾਲੇ ਹੋ! (ਪਰ) ਅਪਣੀ ਗਤ ਮਿਤਿ[1] (ਤੁਸੀਂ) ਆਪ ਹੀ ਜਾਣਦੇ ਹੋ। ਅਪਣੇ (ਆਪ) ਨਾਲ ਹੇ ਪ੍ਰਭੂ! (ਤੁਸੀਂ) ਆਪ ਹੀ ਰਚ ਰਹੇ (ਪ੍ਰੇਮ ਕਰ ਰਹੇ) ਹੋ। ਤੁਹਾਡੀ ਉਸਤਤਿ ਤੁਹਾਥੋਂ ਹੀ ਹੋ ਸਕਦੀ ਹੈ। (ਕਹਿੰਦੇ ਹਨ ਗੁਰੂ) ਨਾਨਕ (ਤੁਹਾਡੀ ਸੰਪੂਰਨ ਉਸਤਤਿ) ਕੋਈ ਹੋਰ ਨਹੀਂ ਜਾਣਦਾ॥੭॥

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ॥ ਸਗਲ ਉਦਮ ਮਹਿ ਉਦਮੁ ਭਲਾ॥
ਹਰਿ ਕਾ ਨਾਮੁ ਜਪਹੁ ਜੀਅ ਸਦਾ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥
ਹਰਿਕੋ ਜਸੁ ਸੁਨਿ ਰਸਨ ਬਖਾਨੀ॥

(ਹੇ ਜੀਵ!) ਸਭਨਾਂ ਧਰਮਾਂ ਵਿਚੋਂ ਸ੍ਰੇਸ਼ਟ ਧਰਮ (ਤੇ ਸਭਨਾਂ ਸ਼ੁਭ ਕਰਮਾਂ ਵਿਚੋਂ) ਨਿਰਮਲ ਕਰਮ (ਇਹ ਹੈ ਕਿ) ਹਰਿ ਦਾ ਨਾਮ ਜਪ। ਸਭ ਕ੍ਰਿਯਾ ਵਿਚੋਂ ਉੱਤਮ ਕ੍ਰਿਯਾ (ਇਹ ਹੈ ਕਿ) ਸਾਧਾਂ ਦੇ ਸੰਗ ਨਾਲ ਦੁਰਮਤ ਦੀ ਮੈਲ ਦੂਰ ਕਰ ਲਈ ਜਾਵੇ (ਭਾਵ ਮਤ ਨੂੰ ਪਾਪਾਂ ਤੋਂ ਪਵਿਤ੍ਰ ਕਰ ਲੈ)। ਹੇ ਜੀਵ! ਸਭ ਉੱਦਮਾਂ ਵਿਚੋਂ (ਇਹ) ਉੱਦਮ ਭਲਾ ਹੈ (ਕਿ) ਹਰਿ ਦਾ ਨਾਮ ਸਦਾ ਹਿਰਦੇ ਵਿਚ ਜਪੇ। ਸਭ ਬਾਣੀਆਂ ਵਿਚ ਅਮਰ ਕਰਨੇ ਵਾਲੀ ਬਾਣੀ[2] (ਉਹ) ਹੈ (ਕਿ ਜਿਸ ਨਾਲ ਜੀਵ) ਹਰੀ ਦਾ ਜਸ ਸੁਣੇ (ਤੇ ਆਪ ਬੀ) ਜੀਭ ਨਾਲ ਵਰਣਨ ਕਰੇ।

---

੧ ਗਤਿ-ਤੁਸਾਂ ਦੇ ਅਪਣੇ ਵਜੂਦ ਦੀ ਹਾਲਤ ਯਾ ਗਜਾਨ। ਤੁਸੀਂ ਕਿਸ ਪ੍ਰਕਾਰ ਦੇ ਹੋ, ਅਥਵਾ ਤੁਸਾਂ ਤਕ ਪਹੁੰਚ ਕਿਵੇਂ ਹੈ। ਮਿਤਿ=ਗਿਣਤੀ। ਤੁਸਾਂ ਦਾ ਵਜੂਦ ਕੇਡਾ ਕੁ ਹੈ, ਉਸ ਦਾ ਵੇਰਵਾ ਕੀਹ ਹੈ।ਮਰਿਯਾਦਾ।

੨ ਪਰਮੇਸ਼ੁਰ ਦੀ ਯਸ਼ ਰੂਪੀ ਬਾਣੀ ਅਮਰ ਹੈ ਤੇ ਅਮਰ ਕਰਦੀ ਹੈ। ਮਿੱਠੀ ਪਵਿੱਤ੍ਰ ਤੇ ਜੀਵਨ ਦਾਤੀ ਹੈ।

ਸਗਲ ਥਾਨ ਤੇ ਓਹੁ ਊਤਮ ਥਾਨੁ॥ ਨਾਨਕ ਜਿਹ ਘਟਿ ਵਸੈ ਹਰਿਨਾਮੁ॥ ੮॥੩॥

ਸਭ ਅਸਥਾਨਾਂ ਵਿਚੋਂ ਉਹ (ਰਿਦੇ ਰੂਪੀ) ਥਾਉਂ ਉੱਤਮ ਹੈ[1] ਜਿਸ ਰਿਦੇ (ਰੂਪੀ ਥਾਉਂ ਵਿਚ ਕਿ ਹਰੀ ਦਾ ਨਾਮ ਵੱਸਦਾ ਹੈ, (ਕਹਿੰਦੇ ਹਨ ਗੁਰੂ) ਨਾਨਕ!॥੮॥੩॥

ਸਲੋਕੁ॥ ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥ ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥੧॥

(ਹੇ) ਗੁਣਾਂ ਤੋਂ ਸੱਖਦੇ ਤੇ (ਬਾਲਾਂ ਵਾਂਙੂ) ਅਞਾਣੇ (ਪ੍ਰਾਣੀ!) ਉਸ ਪਰਮੇਸ਼ੁਰ ਨੂੰ ਸਦਾ ਯਾਦ ਕਰ, (ਹਾਂ) ਜਿਸ ਨੇ (ਤੈਨੂੰ) ਰਚਿਆ ਹੈ, ਉਸਨੂੰ ਚਿਤ ਵਿਚ (ਪ੍ਰੋਕੇ) ਰੱਖ (ਉਹ ਏਥੇ ਓਥੇ ਸਦਾ ਤੇਰੇ) ਨਾਲ ਨਿਭੇਗਾ (ਭਾਵ ਸਹਾਈ ਹੋਵੇਗਾ, ਕਹਿੰਦੇ ਹਨ ਗੁਰੂ) ਨਾਨਕ॥੧॥

ਅਸਟਪਦੀ॥ ਰਮਈਆ ਕੇ ਗੁਨ ਚੇਤਿ ਪਰਾਨੀ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥ ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥ ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥ ਇਹੁ ਨਿਰਗੁਨ

ਹੇ ਪ੍ਰਾਣੀ! ਪਰਮੇਸ਼ੁਰ[2] ਦੇ ਗੁਣਾਂ ਨੂੰ ਯਾਦ ਕਰ। ਕਿਸ ਮੂਲ ਤੋਂ (ਤੇਰੀ ਦੇਹ) ਕੈਸੀ (ਸੁਹਣੀ ਬਣਾ) ਦਿਖਾਈ ਹੈ[3]? ਜਿਸ ਨੇ ਤੈਨੂੰ ਰਚਿਆ, ਸਵਾਰਿਆ ਤੇ ਸ਼ਿੰਗਾਰਿਆ[4] ਤੇ (ਮਾਤਾ ਦੇ) ਗਰਭ ਦੀ ਅੱਗ ਵਿਚ ਜਿਸਨੇ (ਤੈਨੂੰ) ਬਚਾਇਆ[5]। ਬਾਲ ਅਵਸਥਾ ਵਿਚ ਤੈਨੂੰ ਦੁੱਧ ਪਿਲਾਉਂਦਾ ਹੈ, (ਜਦ) ਜੋਬਨ ਭਰਿਆ ਤਾਂ (ਫਿਰ ਤੇਰੇ) ਭੋਜਨ (ਤੇ ਹੋਰ ਸਾਰੇ) ਸੁਖਾਂ ਦੀ ਸੁਧ (ਜਿਸਨੇ ਰੱਖੀ, ਜਦ) ਬੁੱਢਾ ਹੋਯਾ (ਤਦ) ਸਾਕ ਅੰਗ (ਤੇਰੇ) ਉਪਰ (ਖੜੇ ਕਰ ਦਿੱਤੇ ਜੋ) ਬੈਠੇ ਦੇ ਮੂੰਹ ਵਿਚ ਭੋਜਨ ਦਿੰਦੇ ਹਨ (ਐਸੇ ਰਮਈਆ ਦੇ ਗੁਣ ਚੇਤ ਹੇ ਪ੍ਰਾਣੀ ! ਪਰ ਹੇ ਅਕਾਲ ਪੁਰਖ!) ਇਹ (ਜੀਵ) ਗੁਣ ਰਹਿਤ ਹੈ (ਆਪ ਦਾ) ਗੁਣ (ਖੂਬੀ) ਕੁਛ ਨਹੀਂ ਬੁੱਝਦਾ। ਬਖਸ਼ ਲਵੋ ਤਦ ਇਹ

---

੧ ਸੰਪ੍ਰ: ਗਿ: ਐਉਂ ਬੀ ਭਾਵ ਲੈਂਦੇ ਹਨ-ਸਭ ਥਾਵਾਂ ਤੋਂ ਉਹ ਥਾਉਂ ਸ੍ਰੇਸ਼ਟ ਹੈ, ਜਿਸ ਥਾਵੇਂ ਜਾਕੇ ਹਰਿ ਨਾਮ ਰਿਦੇ ਵਿਚ ਆ ਵੱਸੇ, ਭਾਵ ਸਤਿਸੰਗ।

੨ ਰਾਮ, ਰਮਈਆ=ਜੋ ਸਭ ਵਿਚ ਕ੍ਰੀੜਾ ਕਰ ਰਿਹਾ ਹੈ। ਵਿਆਪਕ ਹੈ। ਰਮਈਆ ਪਦ ਲਾਡ ਪਜਾਰ ਦੇ ਭਾਵ ਨਾਲ ਭੂਸ਼ਿਤ ਹੈ।

੩ ਭਾਵ, ਮਾਤਾ ਦੀ ਰਕਤ ਤੇ ਪਿਤਾ ਦੇ ਬੀਰਜ ਤੋਂ ਕੈਸੀ ਸੁੰਦਰ ਦੇਹ ਬਣਾਕੇ ਦਿਖਾਈ ਹੈ।

੪ ਸੰਪ੍ਰਦਾ ਵਿਚ ਇਹ ਭਾਵ ਲੈਂਦੇ ਹਨ-ਸਾਜਿ=ਸਰੀਰ ਦਾ ਪਿੰਡ ਸਾਜਿਆ। ਸਵਾਰਿ=ਇੰਦ੍ਰਿਆਂ ਨਾਲ ਇਸ ਨੂੰ ਸੰਵਾਰਿਆ। ਸਿੰਗਾਰਿਆ=ਗਜਾਨ ਇੰਦ੍ਰਿਆਂ ਨਾਲ ਭੂਸ਼ਿਤ ਕੀਤਾ।

੫ ਵਧ ਪਲ ਕੇ ਸਾਰੇ ਵਿਘਨਾਂ ਤੋਂ ਬਚਕੇ ਜੰਮ ਪੈਦਾ ਹੈ। ਉਬਰਨਾ, (ਸੰਸ: ਉਦ੍ਵਿਤ=ਉੱਚਾ ਕੀਤਾ ਹੋਇਆ। (੨) ਉਦ੍ਧਾਰਣ)। ਉਚਾ ਕਰਨਾ, ਡੁਬਦੇ ਨੂੰ ਖਿੱਚ ਕੱਢਣਾ, ਤਾਰਨਾ, ਬਚਾਉਣਾ, ਮੁਕਤ ਕਰਨਾ।

ਗੁਨੁ ਕਛੁ ਨ ਬੂਝੈ॥ ਬਖਸਿ ਲੇਹੁ ਤਉ ਨਾਨਕ ਸੀਝੈ॥੧॥

ਸਫਲਤਾ[੧] ਨੂੰ ਪ੍ਰਾਪਤ ਹੋ ਸਕਦਾ ਹੈ, (ਭਾਵ ਮੁਕਤ ਹੁੰਦਾ ਹੈ, ਕਹਿੰਦੇ ਹਨ ਗੁਰੂ) ਨਾਨਕ ਜੀ! ॥੧॥

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ॥ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ॥ ਐਸੇ ਦੋਖ ਮੂੜ ਅੰਧ ਬਿਆਪੇ॥ ਨਾਨਕ ਕਾਢਿ ਲੇਹੁ ਪ੍ਰਭ ਆਪੇ॥੨॥

(ਜੀਵ ਪ੍ਰਤਿ ਉਪਦੇਸ਼ ਦੇਂਦੇ ਹਨ-ਹੇ ਜੀਵ!) ਜਿਸਦੀ ਕ੍ਰਿਪਾ ਕਰਕੇ ਧਰਤੀ ਉਤੇ (ਤੂੰ) ਸੁਖ ਨਾਲ ਵੱਸਦਾ ਹੈਂ, ਪੁੱਤ੍ਰਾਂ, ਭਰਾਵਾਂ, ਮਿੱਤ੍ਰਾਂ ਤੇ ਵਹੁਟੀ ਦੇ ਨਾਲ ਹਸਦਾ ਹੈਂ (ਭਾਵ ਉਨ੍ਹਾਂ ਦੇ ਮਿਲਾਪ ਵਿਚ ਪ੍ਰਸੰਨ ਰਹਿੰਦਾ ਹੈਂ), ਜਿਸ ਦੀ ਕ੍ਰਿਪਾ ਕਰਕੇ ਠੰਢਾ ਪਾਣੀ ਪੀਂਦਾ ਹੈਂ। (ਜਿਸਦੀ ਕ੍ਰਿਪਾ ਕਰਕੇ) ਸੁਖ ਦੇਣੇ ਵਾਲੀ ਪਉਣ ਤੇ ਅੱਗ (ਦਾ ਸੁਖ ਤੈਨੂੰ) ਅਮੁੱਲ (ਮਿਲ ਰਿਹਾ ਹੈ)। ਜਿਸਦੀ ਕ੍ਰਿਪਾ ਕਰਕੇ (ਤੂੰ) ਸਾਰੇ ਰਸ ਭੋਗ ਰਿਹਾ ਹੈਂ, (ਭਰਨ ਪੋਖਣ ਦੇ) ਸਾਰੇ ਸਾਮਾਨ ਸਮੇਤ (ਜਿਸ ਦੀ ਮਿਹਰ) ਨਾਲ (ਤੂੰ) ਵੱਸ ਰਿਹਾ ਹੈਂ[੨] (ਜਿਸਨੇ) ਦਿੱਤੇ ਹਨ (ਤੈਨੂੰ) ਹੱਥ, ਪੈਰ, ਕੰਨ, ਅੱਖਾਂ ਤੇ ਜੀਭ, (ਹੇ ਜੀਵ!) ਉਸ (ਦਾਤੇ) ਨੂੰ ਛੱਡਕੇ ਹੋਰਨਾਂ ਨਾਲ (ਤੇਰਾ) ਰਚ ਜਾਣਾ (ਅਚਰਜ ਹੈ! ਹਾਂ) ਐਸੇ ਦੋਖ[੩] ਮੂਰਖਾਂ ਤੇ ਅੰਨ੍ਹਿਆਂ[੪] ਨੂੰ ਵਿਆਪਦੇ ਹਨ। ਹੇ ਪ੍ਰਭੂ! (ਇਨ੍ਹਾਂ ਜੀਵਾਂ ਨੂੰ ਐਸੇ ਦੋਖਾਂ ਵਿਚੋਂ) ਆਪੇ ਕੱਢ ਲਵੋ, ਨਾਨਕ (ਦੀ ਅਰਦਾਸ ਹੈ)॥੨॥

ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥ ਜਾਕੀ ਸੇਵਾ ਨਵ ਨਿਧਿ ਪਾਵੈ॥ ਤਾ ਸਿਉ ਮੂੜਾ ਮਨੁ ਨਹੀ ਲਾਵੈ॥ ਜੋ ਠਾਕੁਰੁ ਸਦ ਸਦਾ ਹਜੂਰੇ॥ ਤਾਕਉ ਅੰਧਾ ਜਾਨਤ ਦੂਰੇ॥ ਜਾ ਕੀ ਟਹਲ ਪਾਵੈ ਦਰਗਹ ਮਾਨੁ॥

ਜਨਮ ਤੋਂ ਲੈ ਮੌਤ ਤਕ ਜੋ (ਠਾਕੁਰ ਇਸ ਜੀਵ ਦੀ) ਰੱਖਜਾ ਕਰਨ ਹਾਰਾ ਹੈ, ਉਸ ਨਾਲ (ਇਹ) ਮੂਰਖ ਪ੍ਰੀਤ ਨਹੀਂ ਕਰਦਾ। ਜਿਸ (ਠਾਕੁਰ) ਦੀ ਸੇਵਾ (ਕਰਨੇ ਤੇ ਇਹ) ਨੌ ਨਿਧਾਂ[੫] ਨੂੰ ਪਾ ਸਕਦਾ ਹੈ, ਉਸ ਨਾਲ (ਇਹ) ਮੂਰਖ (ਜੀਵ) ਮਨ ਨਹੀਂ ਲਾਉਂਦਾ। ਜੋ ਠਾਕੁਰ (ਮਾਲਕ) ਸਦੀਵ ਕਾਲ ਹਾਜਰਾ ਹਜ਼ੂਰ ਹੈ, ਉਸ ਨੂੰ (ਇਹ) ਅੰਨ੍ਹਾਂ[੪] ਦੂਰ ਜਾਣਦਾ ਹੈ। ਜਿਸ (ਠਾਕੁਰ) ਦੀ ਟਹਿਲ (ਕਰਕੇ) ਦਰਗਾਹ ਵਿਚ ਮਾਣ ਪਾ ਸਕਦਾ ਹੈ, ਉਸਨੂੰ (ਇਹ) ਮੂਰਖ ਤੇ ਅਗਜਾਨੀ

---

੧ ਸੰਸ, ਸਿਧ੍ ਪ੍ਰਾ; ਸਿਝ, ਪੰ: ਸਿੱਝਣਾ=ਪੱਕਣਾ, ਬਣਨਾ, ਸਿਰੇ ਚੜ੍ਹਨਾ, ਮੁਕਤ ਹੋਣਾ ਆਦਿ।

੨ ਸੰਪ੍ਰ: ਗਿ: ਐਉਂ ਬੀ ਕਰਦੇ ਹਨ-ਸਾਰੇ ਪਦਾਰਥਾਂ ਦਾ ਸਮੁਦਾਇ ਤੇਰੇ ਨਾਲ ਵੱਸਦਾ ਹੈ।

੩ ਔਗੁਣ, ਅਪਰਾਧ।

੪. ਭਾਵ ਅਗਜਾਨੀ।

੫ ਕੁਬੇਰ ਦੇ ਨੌ ਖਜ਼ਾਨੇ। ਭਾਵ ਹੈ ਹਰ ਪ੍ਰਕਾਰ ਦੇ ਮਾਲ ਧਨ। (ਦੇਖੋ ਅਸਟ;੧-ਪੌ:੩)।

ਤਿਸਹਿ ਬਿਸਾਰੈ ਮੁਗਧੁ ਅਜਾਨੁ ॥
ਸਦਾ ਸਦਾ ਇਹੁ ਭੂਲਨ ਹਾਰੁ ॥
ਨਾਨਕ ਰਾਖਨ ਹਾਰੁ ਅਪਾਰੁ ॥੩॥

(ਮਨੋਂ) ਵਿਸਾਰੀ ਰਖਦਾ ਹੈ। ਇਹ (ਜੀਵ ਤਾਂ) ਨਿਤ ਨਿਤ ਭੁੱਲਣਹਾਰਾ ਹੈ, (ਪਰ ਠਾਕੁਰ) ਬੇਅੰਤ ਹੈ ਜੋ (ਫੇਰ ਉਸਦੀ) ਰੱਖਿਆ ਕਰਨ ਵਾਲਾ ਹੈ, ਹੇ ਨਾਨਕ! ॥੩॥

ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥ ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ॥ ਛੋਡਿ ਜਾਇ ਤਿਸਕਾ ਸ੍ਰਮੁ ਕਰੈ॥ ਸੰਗਿ ਸਹਾਈ ਤਿਸੁ ਪਰਹਰੈ॥ ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥

(ਇਹ ਜੀਵ) ਰਤਨ[੧] ਨੂੰ ਛੱਡ ਕੇ ਕੌਡੀ ਨਾਲ ਰਚ ਰਿਹਾ ਹੈ। ਸੱਚ ਨੂੰ ਛੱਡਕੇ ਝੂਠ ਵਿਚ ਬਫਾਉਂਦਾ ਹੈ[੨]। ਜੋ ਛੱਡਣਾ ਹੈ[੩] ਉਸਨੂੰ ਅਵਿਨਾਸ਼ੀ ਕਰਕੇ ਮੰਨਦਾ ਹੈ। ਜੋ ਹੋਣਾ ਹੈ ਉਸ ਨੂੰ ਦੂਰ (ਦੀ ਗੱਲ) ਪਛਾਣਦਾ ਹੈ[੪] (ਜੋ) ਛੱਡ ਜਾਣਾ ਹੈ[੫] ਉਸ (ਲਈ) ਮਿਹਨਤ ਕਰਦਾ ਹੈ। (ਜੋ ਸਦਾ) ਸੰਗ ਸਹਾਈ ਰਹਿਣ ਵਾਲਾ ਹੈ ਪਰਮੇਸ਼ੁਰ (ਉਸਨੂੰ) ਛਡ ਦੇਂਦਾ ਹੈ। (ਜਿਵੇਂ) ਖੋਤ[੬] ਦੀ ਪ੍ਰੀਤ ਸੁਆਹ[੭] ਨਾਲ ਹੁੰਦੀ ਹੈ, (ਜੇ ਉਸ ਪਰ) ਚੰਦਨ ਦਾ ਲੇਪ[੮] (ਬੀ ਕੀਤਾ ਹੋਵੇ ਤਾਂ ਉਹ ਸੁਆਹ ਵਿਚ ਲੇਟਕੇ ਐਉਂ) ਲਾਹ ਸੁਟਦਾ ਹੈ (ਕਿ ਮਾਨੋ) ਧੋ ਕੇ (ਲਾਹਿਆ ਹੈ, ਤਿਵੇਂ ਜੀਵ ਕਰਦਾ ਹੈ। ਇਹ ਜੀਵ ਕਿਸ) ਭਯਾਨਕ ਅੰਨ੍ਹੇ[੯] ਖੂਹ (ਅਗਯਾਨ) ਵਿਚ ਡਿੱਗ ਪਿਆ ਹੈ। ਹੇ ਰਹਿਮਤਾਂ ਵਾਲੇ ਪ੍ਰਭੂ! (ਇਸਨੂੰ ਆਪੇ) ਕੱਢ ਲਓ ਨਾਨਕ (ਦੀ ਇਹ ਅਰਦਾਸ ਹੈ)॥੪॥

ਕਰਤੂਤਿ ਪਸੂ ਕੀ ਮਾਨਸ ਜਾਤਿ॥
ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥ ਛਪਸਿ ਨਾਹਿ ਕਛੁ

(ਇਹ) ਹੈ ਤਾਂ ਜਾਤ ਮਨੁੱਖ ਦੀ (ਪਰ ਇਸ ਦੀ) ਕਰਤੂਤ ਪਸੂ ਦੀ ਹੈ[੧੦]। (ਕਿਉਂਕਿ ਵਿਹਤ ਅਵਿਹਤ ਦੀ ਸੋਚ ਛੱਡਕੇ) ਲੋਕਾਂ ਦਾ ਦਿਖਲਾਵਾ[੧੧] ਦਿਨ ਰਾਤ ਕਰਦਾ ਰਹਿੰਦਾ ਹੈ। ਬਾਹਰ (ਤਾਂ ਸਾਧੂ ਦਾ) ਭੇਖ (ਬਣਾਇਆ ਹੋਇਆ ਹੈ ਪਰ) ਅੰਦਰ

---

੧. ਭਾਵ ਐਉਂ ਲੈਂਦੇ ਹਨ-ਰਤਨ=ਨਾਮ। ਕੌਡੀ=ਮਾਯਾ। ਸਾਚ=ਵਾਹਿਗੁਰੂ। ਝੂਠ=ਜਗਤ ਤੇ ਇਸ ਦੇ ਪਦਾਰਥ। (ਅ) ਰਤਨ=ਵੈਰਾਗ। ਕੌਡੀ=ਪਦਾਰਥ। ਸਾਚ=ਨਾਮ। ਝੂਠ=ਵਿਸ਼ੇ।

੨. ਸੰਸ:, ਮਤ੍ਤ=ਖੁਸ਼ ਹੋਣਾ। ਪ੍ਰ: ਮਚ (ਸੰਸ:,ਮਦ)=ਹੰਕਾਰ ਕਰਨਾ, ਬਫਾਉਣਾ।

੩. ਭਾਵ, ਸਰੀਰ।

੪. ਹੋਣਹਾਰ ਮੌਤ ਹੈ, ਜਿਸ ਨੇ ਹੋਕੇ ਰਹਿਣਾ ਹੈ।

੫. ਛਡਣੇ ਹਨ, ਪਦਾਰਥ, ਮਿਤ੍ਰ, ਸੰਬੰਧੀ ਜਗਤ।

੬. ਮਾਇਕੀ ਜੀਵ।

੭. ਸੁਆਹ ਵਾਂਙੂ ਨਿਕੰਮੇ ਨਾਸ਼ਮਾਨ ਸੰਸਾਰ ਦੇ ਸਾਮਾਨ (ਅ) ਪਾਪ ਵਿਕਾਰ।

੮. ਸਤਿਸੰਗ ਤੋਂ ਪ੍ਰਾਪਤ ਹੋਈ ਪਰਮੇਸ਼ੁਰ ਦੀ ਸਿਫਤ ਸਲਾਹ।

੯. ਅਗਯਾਨ।

੧੦. ਭਾਵ, ਵਿਹਤ ਅਵਿਹਤ ਦੀ ਪਰਵਾਹ ਨਹੀਂ ਕਰਦਾ।

੧੧. ਲੋਕ ਪਚਾਰਾ=ਲੋਕਾਂ ਨੂੰ ਅਪਣੇ ਤੇ ਪਤੀਜੇ ਰੱਖਣ ਦਾ ਉਪਾਉ। ਦਿਖਲਾਵਾ:(ਸੰਸ:ਲੋਕੋਪਚਾਰ)।

ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥ ਅੰਤਰਿ ਬਿਆਪੈ ਲੋਭੁ ਸੁਆਨੁ॥ ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ ਗਲਿ ਪਾਥਰ ਕੈਸੇ ਤਰੈ ਅਥਾਹ॥ ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥

ਮਾਇਆ ਦੀ ਮੈਲ ਹੈ। (ਭਾਵੇਂ) ਲਕਾਉਣੇ ਦਾ (ਜਤਨ) ਕੁਛ ਪਿਆ ਕਰੇ (ਅੰਦਰ ਦੀ ਮੈਲ) ਲੁਕ ਨਹੀਂ ਸਕਦੀ। ਬਾਹਰੋਂ ਤਾਂ ਗਜਾਨ, ਧਜਾਨ ਤੇ ਇਸ਼ਨਾਨ (ਕਰ ਦਸਦਾ ਹੈ, ਪਰ) ਅੰਦਰ ਲੋਭ (ਰੂਪੀ) ਕੁੱਤਾ ਵੜਿਆ ਹੋਇਆ ਹੈ। ਅੰਦਰ ਤਾਂ (ਤ੍ਰਿਸ਼ਨਾ ਰੂਪੀ) ਅੱਗ ਹੈ ਤੇ ਬਾਹਰ ਸਰੀਰ ਤੇ ਸੁਆਹ (ਮਲੀ ਹੋਈ ਹੈ, ਇਸਦੇ) ਗਲ (ਮਨ) ਵਿਚ (ਦਿਖਲਾਵਾ, ਮਾਇਆ, ਲੋਭ ਤੇ ਤ੍ਰਿਸ਼ਨਾ ਰੂਪੀ[੧]) ਪੱਥਰ (ਪਏ ਹੋਏ) ਹਨ (ਦੱਸੋ ਇਹ ਸੰਸਾਰ ਰੂਪੀ ਸਮੁੰਦਰ ਨੂੰ, ਜੋ) ਅਥਾਹ ਹੈ ਕੀਕੂੰ ਤਰ ਸਕਦਾ ਹੈ? (ਤਰ ਓਹ ਸਕਦੇ ਹਨ ਕਿ) ਜਿਨ੍ਹਾਂ ਦੇ ਅੰਦਰ ਆਪ ਪਰਮੇਸ਼ਰ ਵੱਸਦਾ ਹੈ। (ਕਹਿੰਦੇ ਹਨ ਗੁਰੂ) ਨਾਨਕ, ਉਹੀ ਜਨ (ਹੀ) ਵਾਹਿਗੁਰੂ ਦੇ ਨਿਜ ਸਰੂਪ[੨] ਵਿਚ ਸਮਾਉਂਦੇ ਹਨ॥੫॥

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥ ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥ ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥

(ਅੱਖਾਂ ਤੋਂ ਜੋ ਹੋਵੇ) ਅੰਨ੍ਹਾਂ (ਉਹ ਕੰਨਾਂ ਤੋਂ) ਸੁਣ ਲੈਣ (ਮਾਤ੍ਰ) ਨਾਲ ਕਿਸ ਤਰ੍ਹਾਂ ਰਸਤਾ ਲੱਭ ਸਕਦਾ ਹੈ? (ਉਸਦਾ) ਹੱਥ ਫੜ ਲਓ (ਤਾਂ ਉਹ) ਅੰਤ ਤਕ (ਤੁਰੇ ਰਹਿਣ ਦਾ) ਨਿਰਬਾਹ ਕਰ ਲੈਂਦਾ ਹੈ[੩]। (ਜੋ ਕੰਨਾਂ ਤੋਂ) ਡੋਰਾ ਹੈ (ਉਹ) ਬੁਝਾਰਤ ਕੀਕੂੰ ਬੁੱਝ ਸਕਦਾ ਹੈ[੪]? (ਜੇ ਉਸਨੂੰ) ਆਖਾਂਗੇ ਰਾਤ ਤਾਂ ਉਹ ਸਮਝੇਗਾ ਦਿਨ। ਗੁੰਗਾ ਬਿਸ਼ਨ ਪਦੇ[੫] ਕਿੱਕੁਰ ਗਾਉਂ ਸਕਦਾ ਹੈ? ਜੇ ਉਹ ਗਾਉਣ ਦਾ) ਜਤਨ ਕਰੇ (ਬੀ) ਤਾਂ ਸੁਰ ਭੰਗ[੬] ਰਹੇਗਾ।

---

੧. ਏਹ ਚਾਰੇ ਇਸੇ ਪਉੜੀ ਵਿਚ ਗਿਣੇ ਹਨ।

੨. ਸਹਜਿ=ਗਿਆਨ, ਪਰਮ ਪਦ, ਵਾਹਿਗੁਰੂ ਦਾ ਨਿਜ ਸਰੂਪ।

੩. ਭਾਵ, ਮੰਜ਼ਲ ਤੇ ਪਹੁੰਚ ਪੈਂਦਾ ਹੈ.

੪. ਉਹ ਤਾਂ ਸੁਣ ਹੀ ਨਹੀਂ ਸਕਦਾ।

੫. ਬਿਸਨ ਪਦ=ਵਿਖਮ ਪਦ ਛੰਦ, ਜਿਸ ਦੀ ਪਹਿਲੀ ਤੁਕ ਛੋਟੀ ਤੇ ਅਗਲੀਆਂ ਦੂਣੇ ਦੇ ਲਗਪਗ ਹੁੰਦੀਆਂ ਹਨ: ਏਹ ਅਕਸਰ ੨੬,੨੭,੨੮ ਮਾਤ੍ਰਾਂ ਦੇ ਵਿਸਰਾਮ ਭੇਦ ਨਾਲ ਕਈ ਤਰ੍ਹਾਂ ਦੇ ਹਨ। ਵਿਸ਼ਨੂੰ ਪਦ ਦਾ ਅਰਥ 'ਵਿਸ਼ਨੂੰ ਦੇ ਗੀਤ' ਬੀ ਕਰਦੇ ਹਨ। ਕ੍ਰਿਸ਼ਨ ਲੀਲਾ ਦੇ ਛੰਦ ਅਕਸਰ ਵਿਖਮ ਪਦ ਛੰਦ ਵਿਚ ਹਨ ਜੈਸੇ ਮੀਰਾਂਬਾਈ ਆਦਿ ਭਗਤਾਂ ਨੇ ਰਚੇ ਹਨ। ਤੁਕ ਵਿਚ ਗੀਤ ਮਾਤ੍ਰ ਤੋਂ ਹੈ। ਸੰਸਕ੍ਰਿਤ ਵਿਚ ਵਿਸ਼ਨੁ ਪਦ 'ਕਮਲ ਤੇ ਅਕਾਸ਼' ਨੂੰ ਕਹਿੰਦੇ ਹਨ।

੬. ਸੁਰਭੰਗ=ਇਕ ਦੂਖਣ ਜਿਸ ਵਿਚ ਗਵੱਯਾਂ ਦਾ ਸੁਰ ਟੁੱਟ ਟੁੱਟ ਜਾਂਦਾ ਹੈ। ਪਰ ਕਾਵਜ ਵਿਚ ਇਕ ਸਾਤ੍ਵਿਕ ਭਾਵ ਜਿਸ ਵਿਚ ਪ੍ਰੇਮ ਭਯ ਆਦਿ ਦੇ ਕਾਰਣ ਸੁਰ ਉਖੜਦਾ ਹੈ।


www.sikhbookclub.com

ਕਹ ਪਿੰਗੁਲ ਪਰਬਤ ਪਰ ਭਵਨ॥
ਨਹੀ ਹੋਤ ਊਹਾ ਉਸੁ ਗਵਨ॥
ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥੬॥

ਕਿਸ ਤਰ੍ਹਾਂ ਪਿੰਗਲਾ ਪਰਬਤ ਪਰ ਘਰ[1] (ਬਣਾ ਸਕਦਾ ਹੈ), ਉਸਦਾ (ਤਾਂ) ਓਥੇ ਜਾਣਾ ਬੀ ਨਹੀਂ ਹੋ ਸਕਦਾ। ਹੇ ਦਿਆਲ[2] ਕਰਤਾਰ! (ਇਹ) ਗ਼ੀਬ ਬੇਨਤੀ ਕਰਦਾ ਹੈ, (ਕਿ ਇਹ ਜੀਵ ਕੇਵਲ) ਤੁਹਾਡੀ ਕ੍ਰਿਪਾ ਨਾਲ (ਹੀ) ਤਰ ਸਕਦਾ ਹੈ, (ਕਹਿੰਦੇ ਹਨ ਗੁਰੂ) ਨਾਨਕ[3]॥੬॥

ਸੰਗਿ ਸਹਾਈ ਸੁ ਆਵੈ ਨ ਚੀਤਿ॥
ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥
ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪਰਤੀਤਿ॥
ਕਾਲੁ ਨ ਆਵੈ ਮੂੜੇ ਚੀਤਿ॥
ਬੈਰ ਬਿਰੋਧਿ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ

(ਜੀਵ ਨੂੰ ਕਰਤਾਰ, ਜੋ ਨਿੱਤ ਉਸਦਾ) ਸੰਗੀ ਹੈ ਅਰ ਹਰ ਵੇਲੇ) ਸਹਾਈ ਹੈ, ਸੋ (ਤਾਂ) ਚਿੱਤ ਵਿਚ ਨਹੀਂ ਆਉਂਦਾ; (ਪਰ ਵਿਸ਼ਯ ਬ੍ਰਿਤੀ) ਜੋ ਵੈਰੀ ਹੈ ਉਸ ਨਾਲ (ਇਸਦੀ) ਪ੍ਰੀਤਿ ਹੈ। (ਇਹ ਇਸ ਨਾਸ਼ਮਾਨ ਜਗਤ ਵਿਚ ਮਾਨੋ) ਰੇਤ ਦੇ ਘਰ ਅੰਦਰ ਵੱਸਦਾ ਹੈ[4], (ਫੇਰ) ਖੁਸ਼ੀਆਂ ਖੇਲਾਂ ਤੇ ਮਾਯਾ ਦੇ ਰੰਗ ਵਿਚ ਰਸ ਮਾਣਦਾ ਹੈ। (ਇਸ ਮਾਯਾ ਤੇ ਇਸਦੇ ਰਸਾਂ ਨੂੰ ਜੀਵ) ਮਨ ਦੇ ਯਕੀਨ ਨਾਲ ਦ੍ਰਿੜ੍ਹ ਕਰਕੇ ਮੰਨ ਰਿਹਾ ਹੈ (ਭਾਵ ਇਨ੍ਹਾਂ ਨੂੰ ਸਦਾ ਰਹਿਣ ਵਾਲੇ ਜਾਣ ਰਿਹਾ ਹੈ, ਪਰ) ਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ (ਕਿ ਉਸਨੇ ਏਹ ਦ੍ਰਿੜ੍ਹ ਨਹੀਂ ਰਹਿਣ ਦੇਣੇ)। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਅਤਿ ਦਾ ਲਾਲਚ, ਧ੍ਰੋਹ (ਵਿਸਾਹ ਘਾਤ) ਇਨ੍ਹਾਂ ਹੀ ਨਾਲ ਜੁੜਿਆ[5] ਹੈ।

---

੧. ਭਵਨ ਦਾ ਅਰਥ ਹੈ ਘਰ। ਪਰ=ਉਪਰ। (ਅ) ਕਈ ਗਜਾਨੀ ਪਰ ਭਵਨ 'ਪਰਭਵਣੁ', ਸਮਝ ਕੇ ਇਸ ਦਾ ਅਰਥ 'ਸੰਸ:, ਪਰਭ੍ਰਮਣ=ਭਉਣਾ) ਭਉਂਦੇ ਫਿਰਨਾ ਭੀ ਕਰ ਲੈਂਦੇ ਹਨ। 'ਨਾਣੇ' ਨਾਲ 'ਪਰਭਵਣ' ਪਦ ਭੌਂਦੇ ਫਿਰਨ ਦੇ ਅਰਥਾਂ ਵਿਚ ਗੁਰਬਾਣੀ ਵਿਚ ਆਯਾ ਹੈ- 'ਇਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ॥' ਪਰ ਇਥੇ ਪਦ ਦਾ ਪਾਠ ਹੈ 'ਪਰ ਭਵਨ' ਸੰਸਕ੍ਰਿਤ ਵਿਚ ਬੀ ਇਕ ਪਦ ਹੈ 'ਪ੍ਰਭਵਨ'; ਪਰ ਇਸ ਦਾ ਅਰਥ ਹੈ-ਪੈਦਾ ਹੋਣਾ ਯਾ ਤਾਕਤਵਾਰ ਹੋਣਾ।

੨. ਕਰੁਣਾ ਮੈ=ਦਿਆਲੂ। (ਸੰਸ:,ਕਰੁਣਾਮਯ)।

੩. ਇਸ ਪੌੜੀ ਵਿਚ ਜੋ ਦ੍ਰਿਸ਼ਟਾਂਤ ਆਏ ਹਨ: ਅੰਨ੍ਹਾ, ਡੋਰਾ, ਪਿੰਗਲਾ ਆਦਿ, ਉਨ੍ਹਾਂ ਦੇ ਅੰਤ੍ਰੀਵ ਅਰਥ ਸੰਪ੍ਰਦਾ ਵਿਚ ਇਸ ਪ੍ਰਕਾਰ ਹਨ-(ਅੰਨ੍ਹਾ) ਅਗਜਾਨੀ ਜੀਵ, ਨਿਰੇ ਸ਼ਾਸਤ੍ਰ ਯਾ ਉਪਦੇਸ਼ ਸੁਣਕੇ ਪਰਮਾਰਥ ਦੇ ਰਸਤੇ ਨਹੀਂ ਟੁਰ ਸਕਦਾ, ਉਸ ਦੇ ਮਨ ਰੂਪੀ ਹਥ ਨੂੰ ਆਪ ਖਿੱਚ ਲਓ ਤਾਂ ਤੁਸਾਂ ਦੇ ਚਰਨਾਂ ਵਿਚ ਪੁੱਜ ਪਵੇਗਾ। ਸ਼ਰਧਾ ਤੇ ਵਿਚਾਰਹੀਨ ਹੋਣ ਕਰਕੇ ਡੋਰਾ ਹੈ, ਸਤਿ ਸ਼ਾਸਤ੍ਰਾਂ ਦੇ ਅਭਿਪ੍ਰਾਯ ਉਲਟ ਪੁਲਟ ਲੈ ਲੈਂਦਾ ਹੈ। ਪ੍ਰੇਮ ਤੋਂ ਬਿਨਾਂ ਬ੍ਰਿਤੀ ਵਿਚ ਲਿਵ ਨਹੀਂ ਆਉਂਦੀ, ਇਹ ਸੁਰਭੰਗ ਰਹਿੰਦਾ ਹੈ। ਭੈ ਰੂਪੀ ਚਰਨਾਂ ਤੋਂ ਬਿਨਾਂ ਹੈ, ਇਹ ਪਿੰਗਲਾਪਨ ਹੈ, ਬ੍ਰਹਮ ਰੂਪੀ ਘਰ ਉੱਚਾ ਹੈ। ਗੁਰਬਾਣੀ ਵਿਚ ਆਯਾ ਹੈ-'ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥' (ਵਾਰ: ਮਾਝ:੩)

੪. ਰੇਤ ਦਾ ਘਰ ਪੱਕਾ ਨਹੀਂ ਗਿਣੀਂਦਾ, ਅਚਾਨਕ ਢਹਿ ਪੈਂਦਾ ਹੈ।

੫. (ਅ) ਇਸੇ ਤ੍ਰੀਕੇ ਨਾਲ।

ਕਈ ਜਨਮ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੮॥

ਹੇ ਨਾਨਕ! (ਇਸ ਜੀਵ ਦੇ) ਕਈ ਜਨਮ ਬੀਤ ਗਏ ਹਨ। (ਸਾਰੇ ਜੀਵਾਂ ਨੂੰ ਮਾਨੋਂ ਨਾਲ ਲੈਕੇ ਅਰਦਾਸ ਕਰਦੇ ਹਨ-ਹੇ ਕਰਤਾਰ! ਤੁਸੀਂ ਹੀ) ਅਪਣੀ ਦਯਾ ਕਰਕੇ (ਸਭ ਨੂੰ) ਬਚਾ ਲਵੋ॥੮॥

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ ਕੋਇ ਨ ਜਾਨੈ ਤੁਮਰਾ ਅੰਤ॥ ਊਚੇ ਤੇ ਊਚਾ ਭਗਵੰਤ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥ ਤੁਮਰੀ ਗਤਿ ਮਿਤਿ ਤੁਮਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥

(ਹੇ ਕਰਤਾਰ!) ਤੂੰ ਮਾਲਿਕ ਹੈਂ, ਤੇਰੇ ਪਾਸ (ਹੀ) ਬੇਨਤੀ ਹੈ, (ਸਾਡੀ) ਜਿੰਦ ਤੇ ਸਰੀਰ ਸਭ ਤੇਰੀ (ਬਖਸ਼ੀ ਹੋਈ) ਰਾਸ (ਪੂੰਜੀ) ਹੈ। ਤੁਸੀਂ ਮਾਤਾ ਹੋ, (ਤੁਸੀਂ) ਪਿਤਾ ਹੋ, ਅਸੀਂ ਤੁਹਾਡੇ ਬੱਚੇ ਹਾਂ, ਤੁਹਾਡੀ ਕ੍ਰਿਪਾ ਵਿਚ (ਹੀ ਸਾਨੂੰ) ਬਹੁਤ ਸੁਖ (ਮਿਲ ਰਹੇ ਹਨ)। ਹੇ ਭਗਵੰਤ! ਤੇਰਾ ਅੰਤ ਕੋਈ ਨਹੀਂ ਜਾਣਦਾ, (ਤੁਸੀਂ) ਉੱਚਿਆਂ ਤੋਂ (ਬੀ) ਉੱਚੇ ਹੋ। (ਸੰਸਾਰ ਦੀ) ਸਾਰੀ ਸਮੱਗ੍ਰੀ ਤੁਹਾਡੇ (ਹੁਕਮ ਰੂਪੀ) ਸੂਤ੍ਰ ਨਾਲ ਧਾਰੀ ਹੋਈ (ਖੜੀ) ਹੈ[1]। (ਇਹ ਸਮੱਗ੍ਰੀ) ਤੁਹਾਥੋਂ (ਹੋਈ ਹੈ=) ਰਚੀ ਗਈ ਹੈ, ਸੋ (ਤੁਹਾਡੀ) ਆਗਜਾਕਾਰੀ ਹੈ (=ਹੁਕਮ ਵਿਚ ਚਲ ਰਹੀ ਹੈ), (ਪਰ ਕਿਵੇਂ ਉਹ ਤੇ ਕਿਵੇਂ ਆਪ ਹੋ) ਤੁਹਾਡੀ ਗਤਿ ਮਿਤ[2] ਨੂੰ ਤੁਸੀਂ ਹੀ ਜਾਣਦੇ ਹੋ। ਨਾਨਕ ਦਾਸ (ਤਾਂ ਆਪ ਤੋਂ) ਸਦਾ ਵਾਰਨੇ ਜਾਂਦਾ ਹੈ॥੮॥੪॥

ਸਲੋਕੁ॥ ਦੇਨਹਾਰੁ ਪ੍ਰਭ ਛੋਡਿਕੈ ਲਾਗਹਿ ਆਨ ਸੁਆਇ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥੧॥

(ਸਭ ਦਾਤਾਂ ਦੇ) ਦੇਣ ਵਾਲੇ ਅਕਾਲ ਪੁਰਖ ਨੂੰ ਛੱਡਕੇ (ਜੋ) ਹੋਰਨਾ ਪ੍ਰਯੋਜਨਾਂ[3] ਵਿਚ ਲੱਗਦਾ ਹੈ[4] (ਉਹ) ਕਿਸੇ (ਥਾਂ) ਤੇ ਕਿਸੇ ਗਲ ਵਿਚ) ਸਿਰੇ ਨਹੀਂ ਚੜ੍ਹਦਾ[5],(ਦਰਗਾਹ ਵਿਚ ਪਤਿ ਨਾਮ ਨਾਲ ਬਣਦੀ ਹੈ) ਸੋ ਨਾਮ ਵਿਹੂਣੇ ਹੋਣ ਨਾਲ (ਦਰਗਾਹ ਵਿਚ) ਪਤਿ ਗੁਆਚ ਜਾਂਦੀ ਹੈ, ਹੇ ਨਾਨਕ!॥੧॥

---

੧. ਭਾਵ, ਆਪ ਦੇ ਬੱਧੇ ਨਿਯਮਾਂ ਤੇ ਪ੍ਰਬੰਧਾਂ ਵਿਚ ਸ੍ਰਿਸ਼ਟੀ ਚੱਲ ਰਹੀ ਹੈ।

੨. ਭਾਵ, ਤੁਸੀਂ ਕਿਡੇ ਕੁ ਹੋ; ਕਿਵੇਂ ਕੀ ਕੁਛ ਕਰਦੇ ਹੋ?

੩. ਸੁਆਇ=ਪ੍ਰਯੋਜਨਾਂ ਵਿਚ। 'ਸੁਆਉ' ਪਦ 'ਸੁਆਦ' ਤੇ 'ਸ੍ਵਾਰਥ' ਦੋਹਾਂ ਦਾ ਪੁਰਾਤਨ ਪੰਜਾਬੀ ਰੂਪ ਹੈ, ਯਥਾ, ਸੁਆਦ-'ਕਾਮ ਸੁਆਇ ਰਾਜ ਬਸਿ ਪਰੇ'। (ਗਉ:ਕਬੀਰ-੫੮) ਪ੍ਰਯੋਜਨ-'ਕਉਨੁ ਮਾਰਗੁ ਕਉਨੁ ਸੁਆਓ'=ਕਿਹੜਾ ਰਸਤਾ ਤੇ ਕੀ ਪ੍ਰਯੋਜਨ ਹੈ। ਤਥਾ ਆਨ...ਸੁਆਇ। ਸ੍ਵਾਰਥ ਦਾ ਅਰਥ ਖ਼ੁਦਗਰਜ਼ੀ ਹੋਣ ਕਰਕੇ ਸੁਆਇ ਖ਼ੁਦਗਰਜ਼ੀ ਦੇ ਅਰਥਾਂ ਵਿਚ ਬੀ ਆਇਆ ਹੈ, ਯਥਾ-'ਤੇ ਸਭਿ ਅਪਨੈ ਸੁਆਇ ਮਿਲਾਸਾ'।

੪. ਲਾਗਹਿ ਦਾ ਅਰਥ ਬਹੁ ਬਚਨ ਵਿਚ ਬੀ ਕਰਦੇ ਹਨ, ਪਰ ਅਗੇ ਅਸਟਪਦੀ ਵਿਚ ਇਕ ਬਚਨ ਚਲਦਾ ਹੈ।

੫. ਭਾਵ, ਮੁਕਤ ਨਹੀਂ ਹੁੰਦਾ।

ਅਸਟਪਦੀ॥ ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥ ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾਕਉ ਕੀਜੈ ਸਦ ਨਮਸਕਾਰਾ॥ ਜਾਕੈ ਮਨਿ ਲਾਗ ਪ੍ਰਭੁ ਮੀਠਾ॥ ਸਰਬ ਸੂਖ ਤਾਹੂ ਮਨਿ ਵੂਠਾ॥ ਜਿਸੁ ਜਨ ਅਪਨਾ ਹੁਕਮੁ ਮਨਾਇਆ॥ ਸਰਬ ਥੋਕ ਨਾਨਕ ਤਿਨਿ ਪਾਇਆ॥੧॥

(ਇਹ ਜੀਵ) ਦਸ[1] ਪਦਾਰਥ ਲੈਕੇ (ਤਾਂ) ਪਿਛੇ ਪਾਉਂਦਾ ਹੈ[2] ਭਾਵ ਖੁਸ਼ ਹੋਕੇ ਸ਼ੁਕਰ ਨਹੀਂ ਕਰਦਾ ਪਰ) ਇਕ ਵਸਤੂ (ਦੇ ਨਾ ਮਿਲਣ ਦੇ) ਕਾਰਣ (ਆਪਣਾ) ਵਿਸਾਹ ਗੁਆ ਲੈਂਦਾ ਹੈ।[3] (ਭਲਾ ਜੇ ਕਰਤਾਰ ਉਹ) ਇਕ ਬੀ ਨਾ ਦੇਵੇ ਤੇ (ਪਹਿਲੀਆਂ) ਦਸ ਵੀ ਖੋਹ ਲਵੇ, ਤਦ ਕਹੁ! ਮੂਰਖ ਕੀਹ ਕਰ ਸਕਦਾ ਹੈ? (ਤਾਂ ਤੇ) ਜਿਸ ਸੁਆਮੀ ਨਾਲ (ਕੋਈ) ਚਾਰਾ ਨਾ ਚੱਲੇ ਉਸ ਨੂੰ ਸਦਾ ਨਮਸਕਾਰ ਕਰੀਏ। (ਨਮਸਕਾਰ ਪਿਆਰ ਨਾਲ ਕਰੀਏ, ਕਿਉਂਕਿ) ਜਿਸਦੇ ਮਨ ਵਿਚ ਪ੍ਰਭੂ ਪਿਆਰਾ ਲਗ ਜਾਵੇ ਸਾਰੇ ਸੁਖ ਉਸ ਦੇ ਮਨ ਵਿਚ ਆ ਵੱਸਦੇ ਹਨ। (ਅਤੇ ਉਹ) ਪੁਰਖ ਜਿਸ ਤੋਂ (ਪ੍ਰਭੂ ਨੇ) ਆਪਣਾ ਹੁਕਮ (ਆਪ) ਮਨਵਾਇ ਲਿਆ ਹੈ, ਹੇ ਨਾਨਕ! ਸਾਰੇ (ਹੀ) ਪਦਾਰਥ ਉਸਨੇ (ਤਾਂ) ਪਾ ਲਏ ਹਨ[4]॥੧॥

ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥ ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥ ਅਪਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸਕਾ ਬਿਸ੍ਵਾਸੁ ਨ ਹੋਵੈ॥

ਅਣਗਿਣਤ (ਪਦਾਰਥਾਂ ਦੀ) ਰਾਸ (ਵਾਹਿਗੁਰੂ) ਸ਼ਾਹ ਅਪਣੀ (ਵੱਲੋਂ ਜੀਵ ਰੂਪੀ ਗੁਮਾਸ਼ਤੇ ਨੂੰ ਪਾ) ਦੇਂਦਾ ਹੈ (ਉਸ ਦੀ ਦਾਤ ਨੂੰ ਲੈ ਕੇ ਇਹ) ਖਾਂਦਾ ਹੈ, ਪੀਂਦਾ ਹੈ ਤੇ ਵਰਤਦਾ ਹੈ ਤੇ ਅਨੰਦ ਤੇ ਚਾਉ ਵਿਚ ਰਹਿੰਦਾ ਹੈ। (ਜੇ ਹੁਣ) ਸ਼ਾਹ (ਕਿਸੇ ਵੇਲੇ) ਅਪਣੀ ਅਮਾਨਤ ਕੁਛ ਮੋੜ ਕੇ ਲੈ ਲਵੇ (ਤਾਂ) ਅਗਿਆਨੀ (ਗੁਮਾਸ਼ਤਾ) ਮਨ ਵਿਚ ਗੁੱਸਾ ਕਰਦਾ ਹੈ।ਐਸਾ ਕਰਨੇ ਤੇ ਉਹ) ਆਪਣੀ ਪ੍ਰਤੀਤ ਆਪ ਹੀ ਗੁਆ ਬੈਠਦਾ ਹੈ, ਫੇਰ ਉਸ ਦਾ

---

੧. ਦਸ ਦਾ ਭਾਵ 'ਕਈ' ਤੋਂ ਹੈ। ਤੁਕ ਦਾ ਭਾਵ ਕਈ ਸਿਆਣੇ ਇਹ ਵੀ ਕੱਢ ਲੈਂਦੇ ਹਨ ਕਿ ੧੦ ਇੰਦ੍ਰੀਆ ਤੇ ਯਾਰਵਾਂ ਮਨ ਹੈ। ਇਸ ਇਕ (ਅਰਥਾਤ ਮਨ) ਨੂੰ (ਪਰਮੇਸ਼ੁਰ ਵਿਚ ਨਾ ਲਾਉਣ ਕਰਕੇ) ਆਪਣਾ ਇਤਬਾਰ ਗੁਆ ਲੈਂਦਾ ਹੈ।

੨. ਪਿਛੇ ਪਾਉਣਾ=ਜਮ੍ਹਾਂ ਕਰਨਾ। (ਅ) ਪਿਛੇ ਪਾਉਣਾ=ਨਜ਼ਰੋਂ ਉਹਲੇ ਕਰਨਾਂ। ਭੁਲਾ ਦੇਣਾ।

੩. ਵਿਖੋਟਿ-ਖੁਟਿਆਈ ਜਿਥੇ ਨਹੀਂ ਹੈ, ਸੋ ਸਫਾਈ। ਇਤਬਾਰ, ਭਰੋਸਾ, ਪ੍ਰਤੀਤ, ਵਿਸਾਹ। ਭਾਵ ਇਸੇ ਅਸਟਪਦੀ ਦੀ ਦੂਸਰੀ ਪਉੜੀ ਵਿਚ ਖੁੱਲ੍ਹ ਜਾਂਦਾ ਹੈ-ਅਪਨੀ ਪਰਤੀਤਿ ਆਪ ਹੀ ਖੋਵੈ। ਬਹੁਰਿ ਉਸ ਦਾ ਬਿਸ੍ਵਾਸੁ ਨ ਹੋਵੈ॥

੪. ਇਸ ਪਉੜੀ ਵਿਚ ਤ੍ਰੈ ਨੁਕਤੇ ਭਗਤੀ ਦੇ ਦਿਤੇ ਹਨ, ਵਾਹਿਗੁਰੂ ਨੂੰ ਸਰਬ ਸ਼ਕਤੀਮਾਨ ਸਮਝਕੇ ਦਾਸ ਵਾਂਗੂ ਝੁਕੇ ਰਹਿਣਾ, ਮਾਤਾ ਪਿਤਾ ਸਮਝਕੇ ਪੁਤ ਵਾਂਗ ਪਿਆਰ ਕਰਨਾ, ਪਰਮੇਸ਼ੁਰ ਦਾ ਆਪ ਮਿਹਰ ਕਰਕੇ ਆਪਣੇ ਹੁਕਮ ਵਿਚ ਭਗਤ ਨੂੰ ਆਪਣੇ ਨਾਲ ਇਕਸੁਰ ਕਰ ਲੈਣਾ।

ਜਿਸਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ॥
ਉਸਤੇ ਚਉਗੁਨ ਕਰੈ ਨਿਹਾਲੁ॥
ਨਾਨਕ ਸਾਹਿਬੁ ਸਦਾ ਦਇਆਲੁ॥ ੨॥

ਵਿਸਾਹ ਨਹੀਂ ਹੁੰਦਾ। (ਚੰਗੇ ਗੁਮਾਸ਼ਤੇ ਲਈ ਇਹ ਗਲ ਠੀਕ ਹੈ ਕਿ) ਜਿਸ (ਸ਼ਾਹ) ਦੀ ਵਸਤੂ (ਇਸ ਦੇ ਪਾਸ) ਹੈ ਉਸਦੇ ਅਗੇ (ਉਸ ਦੇ ਮੋੜਕੇ ਲੈਣ ਵੇਲੇ ਖੁਸ਼ੀ ਨਾਲ) ਧਰ ਦੇਵੇ ਤੇ ਮਾਲਕ ਦੀ ਆਗਜਾ ਸਿਰ ਮੱਥੇ ਤੇ ਮੰਨ ਲਵੇ। (ਤਦ ਸ਼ਾਹ ਉਸਨੂੰ) ਉਸ ਤੋਂ ਚਉਗੁਣਾਂ ਨਿਹਾਲ ਕਰ ਦਿੰਦਾ ਹੈ। (ਸਾਖ ਭਰਦੇ ਹਨ ਗੁਰੂ) ਨਾਨਕ (ਕਿ ਉਹ) ਮਾਲਕ ਸਦਾ ਹੀ ਦਿਆਲ ਹੈ॥੨॥

ਅਨਿਕ ਭਾਤਿ ਮਾਇਆ ਕੇ ਹੇਤ॥
ਸਰਪਰ ਹੋਵਤ ਜਾਨੁ ਅਨੇਤ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥ ਓਹ ਬਿਨਸੈ ਉਹੁ ਮਨਿ ਪਛੁਤਾਵੈ॥ ਜੋ ਦੀਸੈ ਸੋ ਚਾਲਨ ਹਾਰੁ॥ ਲਪਟਿ ਰਹਿਓ ਤਹ ਅੰਧ ਅੰਧਾਰੁ॥ ਬਟਾਊ ਸਿਉ ਜੋ ਲਾਵੈ ਨੇਹ॥ ਤਾਕਉ ਹਾਥਿ ਨ ਆਵੈ ਕੇਹ॥ ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ॥੩॥

(ਪਦਾਰਥਾਂ ਪਿੱਛੇ ਸਾਈਂ ਨਾਲ ਨਾ ਵਿਗਾੜ ਕਿਉਂਕਿ) ਅਨੇਕ ਪ੍ਰਕਾਰ ਦੇ ਮਾਇਆ ਦੇ ਪਿਆਰ (ਜਿਨ੍ਹਾਂ ਨੂੰ ਕਿ ਨਿੱਤ ਸਮਝਕੇ ਤੂੰ ਲਪਟ ਰਿਹਾ ਹੈਂ) ਨਿਸ਼ਚੇ ਜਾਣ ਲੈ ਕਿ ਅਨਿੱਤ ਹਨ (ਭਾਵ ਸਦਾ ਨਹੀਂ ਰਹਿੰਦੇ[1])। (ਦੇਖੋ ਕੋਈ ਪੁਰਖ ਜੋ) ਬਿਰਖ ਦੀ ਛਾਇਆ ਨਾਲ ਪ੍ਰੀਤ ਲਾ ਬੈਠਦਾ ਹੈ, (ਤਾਂ) ਉਹ (ਛਾਇਆ ਜ਼ਰੂਰ) ਬਿਨਸ ਜਾਂਦੀ ਹੈ (ਫਿਰ) ਉਹ (ਪੁਰਖ) ਮਨ ਵਿਚ ਪਛੁਤਾਉਂਦਾ ਹੈ। (ਇਸੀ ਪ੍ਰਕਾਰ) ਜੋ (ਕੁਛ) ਦਿੱਸ ਰਿਹਾ ਹੈ, ਉਹ (ਸਾਰਾ) ਚੱਲਣਹਾਰ ਹੈ[2]। (ਪਰ ਦੇਖੋ ਅਚਰਜ ਕਿ ਇਹ) ਘੋਰ ਅੰਨ੍ਹਾਂ ਓਸੇ ਨੂੰ ਚੰਬੜ ਰਿਹਾ ਹੈ[3]। (ਇਸੀ ਤਰ੍ਹਾਂ) ਜੋ ਮੁਸਾਫਰ ਨਾਲ ਪ੍ਰੀਤ ਲਾਉਂਦਾ ਹੈ ਉਸ ਦੇ ਹੱਥ ਕੁਝ ਨਹੀਂ ਆਉਂਦਾ। ਹੇ ਮਨ! ਹਰੀ ਦੇ ਨਾਮ ਦੀ ਪ੍ਰੀਤ ਹੀ ਸੁਖਾਂ ਦੀ ਦਾਤੀ ਹੈ (ਜੋ ਅਵਿਨਾਸ਼ੀ ਵਸਤੂ ਹੈ, ਪਰ ਇਹ ਪ੍ਰੀਤ) ਸਾਈਂ ਆਪ ਆਪਣੀ ਕ੍ਰਿਪਾ ਨਾਲ (ਜੀਵ ਨੂੰ) ਲਾ ਲੈਂਦਾ ਹੈ[4]॥੩॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥
ਮਿਥਿਆ ਹਉਮੈ ਮਮਤਾ

(ਹੇ ਜੀਵ! ਤੇਰਾ) ਤਨ, ਧਨ ਤੇ ਸਾਰਾ ਕੁਟੰਬ ਮਿਥਿਆ ਹੈ।[5] (ਤੇਰੀ) ਹਉਮੈ[6] ਮਮਤਾ[7] ਤੇ ਮਾਇਆ[8] ਬੀ ਮਿਥਿਆ ਹੈ (ਭਾਵ ਮਿਥਿਆ ਵਿਚ ਮੈਂ ਮੇਰੀ ਧਾਰਨੀ ਬੀ ਮਿਥਿਆ ਹੈ)। ਰਾਜ

੧. ਅਨੇਤ=ਅਨਿਤ। ੨.ਯਥਾ-ਦ੍ਰਿਸ਼ਟਿਮਾਨ ਹੇ ਸਗਲ ਬਿਨਾਸੀ॥ (ਸਾਰੰਗ ਮ:੫)

੩. (ਅ) ਉਸ ਅੰਧਾਰੁ (=ਮਾਯਾ) ਨੂੰ (ਅੰਧ=) ਅੰਨ੍ਹਾਂ ਚੰਬੜ ਰਿਹਾ ਹੈ। (ਸੰਪ੍ਰਦਾ)

੪. (ਅ) ਆਪ ਲਾ ਲਵੇ, ਅਰਦਾਸ ਹੈ। ੫. ਮਿਥਿਆ=ਜੋ ਸਦਾ ਨਾ ਰਹੇ, ਚਲਾਇਮਾਨ, ਜੋ ਦਿੱਸੇ ਭਲੀਵੇ ਪਰ ਨਾ ਰਹਵੇ। ਪਉੜੀ ਦੇ ਅੰਤ ਵਿਚ ਮਿਥਿਆ ਦੇ ਉਲਟ ਪਦ ਅਸਥਿਰ ਦੱਸਿਆ ਹੈ ਜੋ ਸਦਾ ਰਹੇ। ੬. ਮੈਂ ਹਾਂ! ੭. ਇਹ ਮੇਰਾ ਹੈ।) ੮. ਇਹ ਭੁਲੇਵਾ ਕਿ ਇਹ ਸਦਾ ਰਹਿਣਗੇ।


www.sikhbookclub.com

ਮਾਇਆ॥ ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥ ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥ ਮਿਥਿਆ ਧ੍ਰੋਹ ਮੋਹ ਅਭਿਮਾਨੁ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ॥ ਅਸਥਿਰੁ ਭਗਤਿ ਸਾਧ ਕੀ ਸਰਨ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥੪॥

ਜੋਬਨ, ਧਨ (ਤੇ) ਮਾਲ ਝੂਠੇ ਹਨ, (ਇਨ੍ਹਾਂ ਨੂੰ ਪਾਕੇ ਹਸ ਦਾਯਕ) ਕਾਮ (ਵਿਚ ਲਪਟਣਾ ਤੇ ਰੋਕ ਪੈਣ ਤੇ) ਭਯਾਨਕ ਕ੍ਰੋਧ (ਵਿਚ ਤਪ ਉਠਣਾ ਬੀ) ਝੂਠੇ ਹਨ। ਰਥ, ਹਾਥੀ, ਘੋੜੇ ਤੇ ਬਸਤ੍ਰ ਬੀ ਝੂਠੇ ਹਨ। ਮਾਇਆ (ਤੇ ਇਸ ਦੇ ਦਿੱਤੇ) ਚਾ ਮਲ੍ਹਾਰਾਂ ਨਾਲ ਪਿਆਰ ਤੇ ਉਨਾਂ ਨੂੰ ਤੱਕਕੇ (ਹੱਸਣਾ) ਖੁਸ਼ੀ ਕਰਨੀ (ਬੀ) ਮਿਥ੍ਯਾ ਹੈ। ਮਿਥ੍ਯਾ ਹਨ ਧ੍ਰੋਹ ਮੋਹ ਤੇ ਹੈਂਕੜ[1]! ਆਪਣੇ ਉਪਰ (ਜੋ, ਗੁਮਾਨ ਕਰਦਾ ਹੈ, (ਇਹ ਕਰਨਾ ਬੀ) ਮਿਥਿਆ ਹੈ। (ਪ੍ਰੰਤੂ) ਸਾਧੂ ਦੀ ਸ਼ਰਨ (ਲੈਕੇ) ਭਗਤੀ (ਕਰਨੀ) ਸਦਾ ਰਹਿਣ ਵਾਲੀ[2] (ਸ਼ੈ ਹੈ)। (ਇਸ ਕਰਕੇ ਗੁਰੂ) ਨਾਨਕ ਪਰਮੇਸ਼ੁਰ ਦੇ ਚਰਨ ਜਪ ਜਪ ਕੇ[3] ਜੀਉਂਦਾ ਹੈ, (ਭਾਵ ਭਗਤੀ ਕਰਦਾ ਹੈ)॥੪॥

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥ ਮਿਥਿਆ ਹਸਤ ਪਦਰਬ ਕਉ ਹਿਰਹਿ॥ ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥ ਮਿਥਿਆ ਮਨ ਪਰ ਲੋਭ ਲੁਭਾਵਹਿ॥ ਮਿਥਿਆ ਤਨ ਨਹੀ ਪਰਉਪਕਾਰਾ॥ ਮਿਥਿਆ ਬਾਸੁ ਲੇਤ ਬਿਕਾਰਾ॥

ਨਿਸਫਲ[4] (ਹਨ) ਕੰਨ (ਜੋ) ਪਰਾਈ ਨਿੰਦਾ ਸੁਣਦੇ ਹਨ, ਨਿਸਫਲ (ਹਨ) ਹੱਥ (ਜੋ ਪਰਾਇਆ ਧਨ ਚੁਰਾਉਂਦੇ ਹਨ। ਨਿਸਫਲ (ਹਨ) ਨੇਤ੍ਰ (ਜੋ) ਦੇਖਦੇ ਹਨ ਪਰ ਇਸਤ੍ਰੀਆਂ ਦੇ ਰੂਪ (ਜੋਬਨ) ਆਦਿਕ। ਨਿਸਫਲ (ਹੈ) ਜੀਭ (ਜੋ ਹਰੀ ਰਸ ਛੱਡਕੇ) ਭੋਜਨਾਂ ਆਦਿਕ ਹੋਰ ਸ੍ਵਾਦਾਂ (ਵਿਚ ਲਗਦੀ ਹੈ)। ਨਿਸਫਲ (ਹਨ) ਪੈਰ (ਜੋ) ਪਰਾਏ ਦਾ ਬੁਰਾ ਕਰਨ ਨੂੰ ਦੌੜਦੇ ਹਨ। ਨਿਸਫਲ (ਜਾਣੋ) ਮਨ (ਜੋ) ਪਰਾਏ (ਪਦਾਰਥਾਂ ਦੇ) ਲੋਭ ਵਿਚ ਲੁਭਿਤ ਹੈਨ। ਨਿਸਫਲ ਹੇਨ (ਓਹ) ਤਨ ਜੋ ਪਰਉਪਕਾਰ (ਵਿਚ ਤਤਪਰ) ਨਹੀਂ। ਨਿਸਫਲ (ਹੈ ਨੱਕ ਜੋ) ਵਿਕਾਰਾਂ ਦੀ ਵਾਸ਼ਨਾ ਲੈਂਦਾ ਹੈ[5]।

---

੧. ਜਾਂ ਧ੍ਰੋਹ ਵਾਲਾ ਮੋਹ, ਉਹ ਪਿਆਰ ਜਿਸ ਵਿਚ ਸ੍ਵਾਰਥ ਲੁਕਾਕੇ ਟੁਰੀਦਾ ਹੈ।

੨. ਅਸਥਿਰ=ਸਥਿਰ=ਸਦਾ ਰਹਿਣ ਵਾਲੀ। ਜੋ ਪਦ ਕਿਸੇ ਬੋਲੀ ਦੇ ਦ੍ਰੁਤ ਅੱਖਰ ਤੋਂ ਅਰੰਭ ਹੋਣ ਪੰਜਾਬੀ ਵਿਚ ਇਕ ਸ੍ਵਰ ਉਨ੍ਹਾਂ ਦੇ ਪਹਿਲੇ ਵਾਧੂ ਲਗ ਜਾਂਦਾ ਹੈ। ਜੈਸੇ ਸਥਿਰ=ਅਸਥਿਰ। ਸਥਿਤ=ਇਸਥਿਤ। ਸਕੂਲ=ਅਸਕੂਲ। ਸਟੇਸ਼ਨ=ਅਸਟੇਸ਼ਨ

੩. ਭਾਵ ਲਗਾਤਾਰ ਸਿਮਰਕੇ

੪. ਇਸ ਪਉੜੀ ਵਿਚ 'ਮਿਥਿਆ' ਦੇ ਉਲਟ ਅਖੀਰਲੀ ਸਤਰ ਵਿਚ 'ਸਫਲ' ਪਦ ਆਇਆ ਹੈ। ਸੋ ਮਿਥਿਆ ਦਾ ਏਥੇ ਭਾਵ ਨਿਸਫਲ ਹੈ।

੫. ਯਾ ਵਿਕਾਰ ਦਾ ਵਧੇਰੇ ਸ੍ਵਾਦ ਮਾਣਨ ਖ਼ਾਤਰ ਖੁਸ਼ਬੂਆਂ ਲੈਂਦਾ ਹੈ। (ਸੰਪ੍ਰਦਾ।)


www.sikhbookclub.com

ਬਿਨੁ ਬੂਝੇ ਮਿਥਿਆ ਸਭ ਭਏ॥
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥੫॥

ਬਿਨਾ ਸਮਝੇ ਦੇ ਸਭੇ (ਅੰਗ) ਬਿਰਥਾ ਹੋ ਗਏ[1]। ਹੇ ਨਾਨਕ! (ਕੇਵਲ) ਹਰੀ ਦਾ ਨਾਮ ਲੈਣੇ ਤੇ ਦੇਹ ਸਫਲ (ਹੁੰਦੀ ਹੈ)॥੫॥

ਬਿਰਥੀ ਸਾਕਤ ਕੀ ਆਰਜਾ॥
ਸਾਚ ਬਿਨਾ ਕਹ ਹੋਵਤ ਸੂਚਾ॥
ਬਿਰਥਾ ਨਾਮ ਬਿਨਾ ਤਨੁ ਅੰਧ॥
ਮੁਖਿ ਆਵਤ ਤਾਕੈ ਦੁਰਗੰਧ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥ ਮੇਘ ਬਿਨਾ ਜਿਉ ਖੇਤੀ ਜਾਇ॥ ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ ਨਿਰਾਰਥ ਦਾਮ॥ ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ॥ ਨਾਨਕ ਤਾਕੈ ਬਲਿ ਬਲਿ ਜਾਉ॥੬॥

ਵਾਹਿਗੁਰੂ ਵਿਮੁਖ[2] ਦੀ ਉਮਰਾ ਹੀ ਬਿਰਥਾ (ਚਲੀ ਜਾ ਰਹੀ ਹੈ, ਉਹ ਸੱਚੇ ਰੱਬ ਨੂੰ ਛੱਡ ਕੇ ਮਾਯਾ ਨਾਲ ਲਗ ਰਿਹਾ ਹੈ ਜੋ ਝੂਠ ਹੈ ਸੋ ਉਹ) ਸੱਚ ਤੋਂ ਵਿਹੂਣਾ (ਰਹਿਕੇ) ਕੀਕੂੰ ਸੁੱਚਾ ਹੋ ਸਕਦਾ ਹੈ। (ਉਸਦਾ) ਜੀਵਨ ਨਾਮ ਦੇ (ਚਾਨਣੇ ਤੋਂ) ਬਿਹੂਣਾ ਅੰਨ੍ਹਾ (ਹੈ ਤੇ) ਬਿਰਥਾ (ਜਾ ਰਿਹਾ ਹੈ)। ਉਸ ਦੇ ਮੂੰਹ ਤੋਂ ਬਦਬੋ ਆਉਂਦੀ ਹੈ। ਬਿਨਾਂ ਸਿਮਰਨ ਦੇ ਦਿਨ ਰਾਤ ਹੀ ਬਿਰਥਾ ਬੀਤਦਾ ਜਾਂਦਾ ਹੈ, (ਜਿੱਕੁਰ) ਬੱਦਲਾਂ ਦੇ (ਵੱਸੇ) ਬਿਨਾ ਖੇਤੀ (ਅਜਾਈਂ ਚਲੀ) ਜਾਂਦੀ (ਹੈ)। ਗੋਬਿੰਦ ਦੇ ਭਜਨ ਵਿਹੂਣੇ (ਜੀਵ ਦੇ) ਸਾਰੇ ਕੰਮ ਬਿਰਥੇ ਹਨ, ਜਿਸ ਤਰ੍ਹਾਂ ਸ਼ੂਮ ਦੇ ਰੁਪੱਯੇ ਬ੍ਰਿਥਾ (ਹੁੰਦੇ ਹਨ, ਹੁੰਦੇ ਤਾਂ ਹਨ ਪਰ ਵਰਤੋਂ ਵਿਚ ਨਹੀਂ ਆਉਂਦੇ ਸੋ ਨਾਂ ਹੋਇਆਂ ਵਰਗੇ ਹੋਏ)। ਧੰਨ ਹਨ, ਧੰਨ ਹਨ ਓਹ ਪੁਰਖ ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ੁਰ ਦਾ ਨਾਮ ਵਸ ਗਿਆ ਹੈ। ਮੈਂ ਨਾਨਕ ਉਨ੍ਹਾਂ ਦੇ ਬਲਿਹਾਰ ਬਲਿਹਾਰ ਜਾਂਦਾ ਹਾਂ॥੬॥

ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥ ਅਵਰ ਉਪਦੇਸੈ ਆਪਿ ਨ ਕਰੈ॥

(ਜਗਤ ਦਿਖਾਵੇ ਲਈ ਜੀਵ ਦੀ) ਰਹਿਣੀ ਤਾਂ ਕੁਛ ਹੋਰ ਹੈ (ਤੇ ਕਰਨੀ ਵਿਚ ਕਰਮ) ਹੋਰ (ਤਰ੍ਹਾਂ ਦੇ) ਕਮਾਉਂਦਾ ਹੈ। ਮਨ ਵਿਚ ਤਾਂ ਪ੍ਰੀਤ ਨਹੀਂ, ਪਰ ਮੂੰਹ ਨਾਲ (ਪ੍ਰੀਤ ਦੇ) ਗੰਢ ਲਾਉਂਦਾ ਹੈ[3]। (ਪ੍ਰੰਤੂ ਓਹ ਅੰਦਰ ਦੀਆਂ ਬੀ) ਜਾਨਣੇ ਵਾਲਾ ਪ੍ਰਭੂ (ਬਹੁਤ) ਦਾਨਾ ਹੈ। (ਉਹ) ਬਾਹਰਲੇ ਕਿਸੇ ਦੇ ਭੇਖ ਨਾਲ ਨਹੀਂ ਭਿੱਜਦਾ (ਭਾਵ ਪ੍ਰਸੰਨ ਨਹੀਂ ਹੁੰਦਾ)। (ਜੋ ਪੁਰਖ) ਹੋਰਨਾਂ ਨੂੰ ਉਪਦੇਸ਼ ਦਿੰਦਾ ਤੇ ਆਪ (ਓਹ ਕਰਮ) ਨਹੀਂ ਕਰਦਾ

---

੧. ਅਗਲੀ ਤੁਕ ਵਿਚ ਦੱਸੀ ਗੱਲ ਕਿ ਨਾਮ ਨਾਲ ਇਨ੍ਹਾਂ ਇੰਦ੍ਰਿਆਂ ਵਾਲੀ ਸਾਰੀ ਦੇਹੀ ਸਫਲ ਹੁੰਦੀ ਹੈ ਲਈ ਪੜ੍ਹੋ ਅਨੰਦ ਪੌੜੀ ੩੨-੩੭।

੨. ਸਾਕਤ=ਸ਼ਾਕ੍ਤਿ=(ਰੱਬ ਦਾ ਨਾਂ ਪਰ) ਸ਼ਕਤੀ ਦਾ ਉਪਾਸ਼ਕ। ਭਾਵ ਵਾਹਿਗੁਰੂ ਤੋਂ ਬੇਮੁਖ।

੩. ਭਾਵ, ਉਤੋਂ ਉਤੋਂ ਗੱਲੀਂ ਬਾਤੀਂ ਪਿਆਰ ਦੱਸਦਾ ਹੈ।

ਆਵਤ ਜਾਵਤ ਜਨਮੈ ਮਰੈ॥ ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥ ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥੭॥

(ਉਹ) ਆਉਂਦਾ ਜਾਂਦਾ ਤੇ ਜੰਮਦਾ ਮਰਦਾ ਰਹਿੰਦਾ ਹੈ। (ਪਰ) ਜਿਸ ਦੇ ਅੰਦਰ ਨਿਰੰਕਾਰ ਵੱਸਦਾ ਹੈ, ਉਸਦੀ ਸਿੱਖਜਾ ਨਾਲ ਸੰਸਾਰ ਤਰਦਾ ਹੈ (ਭਾਵ ਮੁਕਤ ਹੁੰਦਾ ਹੈ)। (ਅਰਦਾਸ-) ਹੇ ਪ੍ਰਭੂ! ਜੋ ਤੈਨੂੰ ਭਾਉਂਦੇ ਹਨ, ਉਨ੍ਹਾਂ ਨੇ (ਹੀ ਤੈਨੂੰ) ਪਛਾਣਿਆ ਹੈ, ਨਾਨਕ ਉਨ੍ਹਾਂ ਪੁਰਖਾਂ ਦੀ ਚਰਨੀ ਪੈਂਦਾ ਹੈ॥੭॥

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥ ਅਪਨਾ ਕੀਆ ਆਪਹਿ ਮਾਨੈ॥ ਆਪਹਿ ਆਪ ਆਪਿ ਕਰਤ ਨਿਬੇਰਾ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥ ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਛੁ ਜਾਨੈ ਆਤਮ ਕੀ ਰਹਤ॥ ਜਿਸੁ ਭਾਵੈ ਤਿਸੁ ਲਏ ਲੜਿ ਲਾਇ॥ ਥਾਨ ਥਨੰਤਰਿ ਰਹਿਆ ਸਮਾਇ॥ ਸੋ ਸੇਵਕੁ ਜਿਸੁ ਕਿਰਪਾ ਕਰੀ॥ ਨਿਮਖ ਨਿਮਖ ਜਪਿ ਨਾਨਕ ਹਰੀ॥੮॥੫॥

(ਹਾਂ ਮੈਂ ਉਸੇ) ਪਾਰਬ੍ਰਹਮ ਦੇ ਅੱਗੇ (ਪਿਆ) ਬੇਨਤੀ ਕਰਦਾ ਹਾਂ (ਕਿ ਜੋ ਸਾਡਾ) ਸਭ ਕੁਝ ਜਾਣਦਾ ਹੈ, (ਅਤੇ ਜੋ) ਅਪਨਾ ਬਣਾਇਆ ਹੋਇਆ (ਅਰਖਾਤ ਇਹ ਜਾਣਕੇ ਬੀ ਕਿ ਇਹ ਮੇਰਾ ਬਣਾਇਆ ਹੋਇਆ ਹੈ, ਉਸਦਾ) ਆਪ ਮਾਣ ਰਖਦਾ ਹੈ। (ਉਹ ਸਭ ਕੁਛ) ਆਪ ਹੀ ਆਪ ਹੈ, (ਸੋ) ਆਪ ਹੀ (ਸਭ) ਨਿਆਉਂ ਕਰਦਾ ਹੈ। (ਅਪਣੇ ਨਿਆਂ ਅਨੁਸਾਰ) ਕਿਸੇ ਨੂੰ (ਆਪਾ ਦੂਰ ਜਣਾਉਂਦਾ ਹੈ ਕਿਸੇ ਨੂੰ (ਆਪਣਾ ਆਪ) ਨੇੜੇ ਸੁਝਾ ਦੇਂਦਾ ਹੈ। (ਮਾਨੁਖ ਦੇ ਕੀਤੇ ਤੇ ਚਿਤਵੇ) ਸਾਰੇ ਉਪਾਵਾਂ ਤੇ ਸਿਆਣਪਾਂ (ਨਾਲ ਪ੍ਰਾਪਤ ਹੋਣ) ਤੋਂ ਦੂਰ ਹੈ। (ਫੇਰ ਉਸਨੂੰ) ਆਤਮਾ ਦੀ ਰਹਤ (ਅਰਖਾਤ ਜੀਵਾਂ ਦੇ ਮਨ ਦੀ ਹਾਲਤ) ਸਾਰੀ ਦਾ (ਸੁਤੇ) ਗਜਾਨ ਹੈ। ਜਿਸਨੂੰ ਚਾਹੇ ਉਸਨੂੰ (ਉਹ ਆਪਣੇ) ਲੜ ਲਾ ਲੈਂਦਾ ਹੈ। (ਓਹ) ਥਾਵਾਂ ਤੇ (ਹਾਂ, ਸਾਰਿਆਂ) ਥਾਵਾਂ ਵਿਚ[1] ਸਮਾ ਰਿਹਾ ਹੈ। (ਉਸਦਾ) ਸੇਵਕ ਉਹੋ ਹੈ, ਜਿਸ ਪਰ (ਓਹ) ਕਿਰਪਾ ਕਰਦਾ ਹੈ। ਹੇ ਨਾਨਕ! (ਉਸ) ਵਾਹਿਗੁਰੂ ਨੂੰ ਹਰ ਪਲ ਯਾਦ ਕਰ॥੮॥੫॥

ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥ ਨਾਨਕ ਪ੍ਰਭ ਸਰਣਾਗਤੀ ਕਰਿ

ਹੇ ਗੁਰਦੇਵ! (ਮੇਰੇ ਉਤੇ) ਪਰਸਾਦ[2] ਕਰ, (ਮੈਂ) ਕਾਮ ਕ੍ਰੋਧ ਤੇ ਲੋਭ ਮੋਹ ਹੰਕਾਰ ਤੋਂ (ਦੁਖੀ) ਹੋ ਕੇ ਆਪ ਦੀ) ਸ਼ਰਣ ਆਇਆ[3] ਹਾਂ, ਪ੍ਰਭੂ!

---

੧ ਥਾਨ ਥਨੰਤਰਿ=ਥਾਉ ਤੇ ਹੋਰ ਥਾਉਂ। ਜੋ ਥਾਂਵਾਂ ਅਸੀਂ ਜਾਣ ਸਕਦੇ ਹਾਂ, ਉਸ ਤੋਂ ਵੀ ਪਰੇ ਯਾ ਅਤ੍ਰਿਕਤ ਜੋ ਹੋਰ ਥਾਵਾਂ ਹਨ, ਭਾਵ ਸਾਰੇ ਦੇਸ਼ (Space) ਵਿਚ। (ਅ) ਥਾਂਵਾਂ ਤੇ ਥਾਂਵਾਂ ਦੇ ਅੰਦਰ, ਭਾਵ ਅੰਤਰਸਥ ਪ੍ਰਭੂ (immanent God) ਤੋਂ ਹੈ ਜੋ ਸਰਬਤ੍ਰ ਵਿਚ ਅੰਤਰਭੂਤ ਹੋ ਕੇ ਵਸ ਰਿਹਾ ਹੈ।

੨ ਪ੍ਰਸਾਦੁ=ਕ੍ਰਿਪਾ। ਵਿਸ਼ੇਸ਼ ਕਰਕੇ ਗੁਰੁ ਦੀ ਕ੍ਰਿਪਾ, ਜਿਸ ਨਾਲ ਵਿਘਨਾਂ ਦਾ ਨਾਸ਼, ਭਜਨ ਵਿਚ ਬਰਕਤ ਪੈਂਦੀ ਹੈ। ਪ੍ਰਸਾਦਿ=ਕ੍ਰਿਪਾ ਦੁਆਰਾ, ਕ੍ਰਿਪਾ ਕਰਕੇ। ੩. ਸਰਣਾਗਤੀ=ਸੰਸ:, ਸਰਣ+ਆਗਤ=ਸ਼ਰਣ ਵਿਚ ਆਇਆ ਹੋਇਆ। ਸਰਣਾਗਤੀ ਦਾ ਭਾਵ ਹੈ, ਸ਼ਰਣ ਆਇਆ ਹਾਂ।

ਪ੍ਰਸਾਦੁ ਗੁਰਦੇਵ॥੧॥

ਅਸਟਪਦੀ॥ ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥ ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥ ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥ ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥ ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ ਸਦਾ ਧਿਆਈਐ ਧਿਆਵਨ ਜੋਗ॥੧॥

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥ ਤਿਸਹਿ ਤਿਆਗਿ ਕਤ

(ਕਿਵੇਂ ਇਨ੍ਹਾਂ ਦਾ) ਨਾਸ਼ ਹੋ ਜਾਏ[੧]॥੧॥

(ਹੇ ਮਨ![੨]) ਜਿਸ ਦੀ ਕ੍ਰਿਪਾ ਨਾਲ ਤੂੰ ਛੱਤੀ (ਭਾਵ ਨਾਨਾ ਪ੍ਰਕਾਰ ਦੇ) ਭੋਜਨ[੩] ਖਾਂਦਾ ਹੈਂ, ਉਸ ਪਰਮੇਸ਼ੁਰ ਨੂੰ ਮਨ ਵਿਚ ਰੱਖ (ਭਾਵ ਪਯਾਰ ਨਾਲ ਯਾਦ ਰੱਖ)। ਜਿਸ ਦੀ ਕ੍ਰਿਪਾ ਨਾਲ ਤੂੰ ਸੁਗੰਧਿਤ[੪] (ਪਦਾਰਥ) ਤਨ ਨੂੰ ਲਾਉਂਦਾ ਹੈਂ। ਉਸ ਨੂੰ ਯਾਦ ਕਰ, ਕਿਉਂ ਜੋ) ਉਸ ਨੂੰ ਸਿਮਰਦਿਆਂ ਤੂੰ ਪਰਮਗਤੀ ਨੂੰ ਪਾ ਲਵੇਂਗਾ। ਜਿਸ ਦੀ ਕ੍ਰਿਪਾ ਕਰਕੇ ਸੁਖਦਾਇਕ ਮੰਦਰ ਵਿਚ ਵਸਦਾ ਹੈਂ, ਉਸ ਨੂੰ ਸਦਾ ਮਨ ਦੇ ਧਿਆਨ ਵਿਚ ਰੱਖ, (ਭਾਵ ਯਾਦ ਰੱਖ)। ਜਿਸ (ਪ੍ਰਭੂ) ਦੀ ਕ੍ਰਿਪਾ ਕਰਕੇ (ਘਰ ਭਾਵ) ਪਰਿਵਾਰ[੫] ਨਾਲ ਸੁਖਾਂ ਸਮੇਤ ਵੱਸਦਾ ਹੈਂ, ਉਸ ਨੂੰ ਅੱਠੇ ਪਹਿਰ ਰਸਨਾਂ ਨਾਲ ਯਾਦ ਕਰ। ਜਿਸ ਦੀ ਕ੍ਰਿਪਾ (ਕਰਕੇ) ਖੁਸ਼ੀਆਂ ਰਸ ਭੋਗ (ਤੈਨੂੰ ਪ੍ਰਾਪਤ) ਹੈਨ, ਹੇ ਨਾਨਕ! (ਚਾਹੀਏ ਕਿ) ਉਸ (ਧਿਆਉਣੇ ਜੋਗ) ਨੂੰ ਸਦਾ (ਹੀ) ਧਿਆਉਂਦੇ ਰਹੀਏ, (ਭਾਵ ਸਿਮਰਦੇ ਰਹੀਏ)॥੧॥

ਜਿਸ ਦੀ ਕ੍ਰਿਪਾ ਕਰਕੇ (ਤੂੰ) ਕਪੜੇ ਤੇ ਰੇਸ਼ਮੀ ਬਸਤਰ[੬] ਹੰਢਾਉਂਦਾ ਹੈਂ, ਉਸ ਨੂੰ ਛੱਡਕੇ ਕਿਉਂ (ਤੂੰ) ਹੋਰਨਾਂ ਵਿਚ ਲਲਚਾਉਂਦਾ ਹੈ? ਜਿਸ ਦੀ

---

੧ ਸਿਖ ਪ੍ਰਸ਼ਾਦ ਛਕਕੇ ਅਰਦਾਸੇ ਕਰਨ ਤੋਂ ਪਹਿਲਾਂ ਇਹ ਸਲੋਕ ਤੇ ਅਗਲੀ ਪੌੜੀ ਪੜ੍ਹਦੇ ਹਨ।

੨. ਦੂਜੀ ਪਉੜੀ ਦੀ ਤੁਕ ਅੱਠਵੀਂ ਤੋਂ ਪਤਾ ਲਗਦਾ ਹੈ ਕਿ ਇਥੇ ਮਨ ਨੂੰ ਸੰਬੋਧਨ ਹੋ ਰਿਹਾ ਹੈ।

੩. ਸੁਆਦ ਭੇਦ ਕਰਕੇ ਖਾਣੇ ਛੇ ਪ੍ਰਕਾਰ ਦੇ ਹਨ- ਮਿੱਠਾ, ਖੱਟਾ ਚਟਪਟਾ, ਸਲੂਣਾ, ਕਸੈਲਾ, ਕੌੜਾ। ਖਾਣ ਦੀ ਵਿਧਿ ਕਰਕੇ ਖਾਧੇ ਜਾਣ ਵਾਲੇ ਭੋਜਨ ਬੀ ਛੇ ਪ੍ਰਕਾਰ ਦੇ ਹਨ- ੧. ਭਖ=ਦੰਦਾਂ ਦਾੜ੍ਹਾਂ ਦੋਹਾਂ ਨਾਲ ਖਾਧੇ ਜਾਣ ਵਾਲੇ। ੨. ਭੋਜਜ=ਦਾੜ੍ਹਾਂ ਨਾਲ। ੩. ਲਹ=ਜੋ ਚਟਿਆ ਜਾਏ, ਜੀਭ ਨਾਲ। ੪. ਪੇਯ=ਪੀਤਾ ਜਾਏ। ੫. ਚੋਖਜ=ਚੂਸਿਆ ਜਾਵੇ। ੬. ਚਰਬਜੇ=ਚਬਿਆ ਜਾਏ ਜੈਸੇ ਦਾਣੇ।

ਸ੍ਰੀ ਨਰੋਤਮ ਜੀ ਨੇ ੩੬ ਭੋਜਨਾਂ ਦੇ ਨਾਮ ਗਿਣੇ ਹਨ! ਭਾਈ ਗੁਰਦਾਸ ਜੀ ਨੇ ਐਉਂ ਦੱਸੇ ਹਨ= 'ਖਟਰਸ ਮਿਠਰਸ ਮੇਲਕੈ ਛਤੀ ਭੋਜਨ ਹੋਣ ਰਸੋਈ।' ਮੁਹਾਵਰੇ ਵਿਚ ੩੬ ਦਾ ਮਤਲਬ ਕਈ ਕਿਸਮਾਂ ਦੇ ਭੋਜਨ ਤੋਂ ਹੁੰਦਾ ਹੈ।

੪. ਖੁਸ਼ਬੋ ਵਾਲੀਆਂ ਵਸਤਾਂ ਅਤਰ ਫੁਲੇਲ ਆਦਿ।

੫. 'ਗ੍ਰਿਹ' ਦਾ ਅਰਥ ਘਰ ਹੈ ਪਰ 'ਗ੍ਰਿਹ' ਦਾ ਭਾਵ ਪਰਵਾਰ ਬੀ ਹੈ! ਯਥਾ- 'ਵਿਚੇ ਗ੍ਰਿਹ ਗੁਰ ਬਚਨਿ ਉਦਾਸੀ'। (ਗੂਜਰੀ ਵਾਰ ਮ:੩-੧੨)।

੬. ਸੰਸ:, ਪਟ=ਕਪੜਾ, ਕੋਈ ਕਪੜਾ, ਇਸ ਤੋਂ ਰੂੰ ਦਾ ਭਾਵ ਲੈਂਦੇ ਹਨ। ਪਟੰਬਰ=ਪਟ+ਅੰਬਰ=ਰੇਸ਼ਮ ਦਾ ਕਪੜਾ।

ਅਵਰ ਲੁਭਾਵਹਿ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥ ਮਨ ਆਠ ਪਹਰ ਤਾਕਾ ਜਸੁ ਗਾਵੀਜੈ॥ ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ॥ ਮੁਖਿ ਤਾਕੋ ਜਸੁ ਰਸਨ ਬਖਾਨੈ॥ ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ॥ ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ॥ ਨਾਨਕ ਪਤਿ ਸੇਤੀ ਘਰਿ ਜਾਵਹਿ॥੨॥

ਕ੍ਰਿਪਾ ਕਰਕੇ ਸੁਖ ਨਾਲ ਸੇਜਾਂ ਪਰ ਸੌਂ ਜਾਈਦਾ ਹੈ। ਹੇ ਮਨ (ਚਾਹੀਦਾ ਹੈ ਕਿ) ਅਠੇ ਪਹਿਰ ਉਸੇ ਦਾ ਜੱਸ ਗਾਵੀਂ ਜਾਵੇਂ[1]। ਜਿਸ ਦੀ ਕ੍ਰਿਪਾ ਕਰਕੇ ਤੈਨੂੰ ਸਭ ਕੋਈ ਮਾਨ ਦੇਂਦਾ ਹੈ, (ਚਾਹੀਦਾ ਹੈ ਕਿ) ਮੁਖ ਤੇ ਜੀਭ ਤੋਂ (ਤੂੰ) ਉਸ ਦਾ ਜੱਸ ਕਰਦਾ ਰਹੇਂ। ਜਿਸਦੀ ਕ੍ਰਿਪਾ ਕਰਕੇ ਤੇਰਾ ਧਰਮ ਪਿਆ ਨਿਭਦਾ ਹੈ। ਹੇ ਮਨ! (ਚਾਹੀਦਾ ਹੈ ਕਿ) ਕੇਵਲ (ਉਸੇ) ਪਾਰਬ੍ਰਹਮ ਨੂੰ (ਤੂੰ) ਸਦਾ ਧਿਆਵੇਂ (ਯਾਦ ਰਖੇਂ)। (ਉਸ) ਪ੍ਰਭੂ ਜੀ ਨੂੰ ਜਪਦਿਆਂ (ਤੂੰ) ਦਰਗਾਹ ਵਿਚ ਮਾਨ ਪਾਵੇਂਗਾ (ਅਤੇ ਏਥੋਂ ਤੂੰ ਉਸ ਅਪਣੇ ਸਦੈਵੀ) ਘਰ ਵਿਚ ਪਤਿ ਨਾਲ ਜਾਵੇਂਗਾ, (ਕਹਿੰਦੇ ਹਨ ਗੁਰੂ) ਨਾਨਕ॥੨॥

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥ ਲਿਵ ਲਾਵਹੁ ਤਿਸੁ ਰਾਮ ਸਨੇਹੀ॥ ਜਿਹ ਪ੍ਰਸਾਦਿ ਤੇਰਾ ਓਲਾ ਰਹਤ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ॥ ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ॥ ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥ ਨਾਨਕ

(ਹਾਂ) ਉਸ ਪ੍ਰੇਮ ਕਰਨੇ ਵਾਲੇ ਪਰਮੇਸ਼ੁਰ ਨਾਲ ਲਿਵ ਲਾ ਜਿਸ ਦੀ ਕ੍ਰਿਪਾ ਕਰਕੇ ਕੰਚਨ ਵਰਗੀ (ਸੁਹਣੀ ਅਤੇ) ਅਰੋਗ ਦੇਹੀ (ਤੈਨੂੰ ਮਿਲੀ ਹੈ)। ਜਿਸ (ਫੇਰ ਦੇਖ ਕਿ) ਜਿਸਦੀ ਕ੍ਰਿਪਾ ਕਰਕੇ (ਭੁੱਲਾਂ ਕਰਨ ਤੇ ਬੀ) ਤੇਰਾ ਪੜਦਾ ਢਕਿਆ ਰਹਿੰਦਾ ਹੈ। ਹੇ ਮਨ! (ਉਸ) ਹਰੀ ਹਰਿ ਦਾ ਜਸ ਕਹਿੰਦਿਆਂ (ਤੂੰ ਹੋਰ) ਸੁਖ (ਬੀ) ਪਾਵੇਂਗਾ। ਜਿਸ ਦੀ ਕ੍ਰਿਪਾ ਤੇਰੇ ਸਾਰੇ ਐਬ ਢਕਦੀ ਹੈ[2]; ਹੇ ਮਨ! ਉਸ (ਪਰਦੇ ਕੱਜ) ਪੂਜਜ[3] ਪ੍ਰਭੂ ਦੀ ਸ਼ਰਨ ਪੈ ਜਾਹ। ਜਿਸ ਦੀ ਕ੍ਰਿਪਾ ਕਰਕੇ ਤੈਨੂੰ ਕੋਈ ਨਹੀਂ ਪਹੁੰਚ ਸਕਦਾ[4], ਹੇ ਮਨ! (ਉਸ) ਉੱਚੇ ਪ੍ਰਭੂ ਨੂੰ ਸਵਾਸ ਸਵਾਸ ਸਿਮਰ। ਜਿਸ ਦੀ ਕ੍ਰਿਪਾ ਕਰਕੇ (ਤੂੰ ਮਨੁੱਖ) ਦੇਹਿ ਪਾਈ ਹੈ ਜੋ ਕਠਿਨਤਾ ਨਾਲ ਮਿਲਦੀ ਹੈ, (ਕਹਿੰਦੇ ਹਨ ਗੁਰੂ) ਨਾਨਕ (ਹੇ ਮਨ! ਚਾਹੀਦਾ ਹੈ ਕਿ)

੧. ਗਾਵੀਜੈ, ਬਖਾਨੈ, ਧਿਆਇ ਆਦਿ ਕ੍ਰਿਯਾ ਲੇਟ ਲਕਾਰ (ਕ੍ਰਿਯਾ ਦੇ Imperative mood) ਵਿਚ ਨਹੀਂ ਵਰਤ ਰਹੇ, ਪਰ ਵਿਧਿ ਲਿੰਗ (Potential mood) ਵਿਚ ਵਰਤ ਰਹੇ ਹਨ।

੨. ਛਿਦ੍ਰ=ਛੇਕ, ਕਸਰਾਂ, ਐਬ। ਇਉਂ ਬੀ ਅਰਥ ਲਾਉਂਦੇ ਹਨ, ਜਿਸ ਦੀ ਕ੍ਰਿਪਾ ਕਰਕੇ ਪਰਦੇ ਢਕੇ ਜਾਂਦੇ ਹਨ। ਪਰ 'ਢਾਕੇ' ਪਦ ਕਰਤ੍ਰੀ ਵਾਚ (Active voice) ਕ੍ਰਿਯਾ ਹੈ, ਜਿਸਦਾ ਕਰਤਾ 'ਪ੍ਰਸਾਦਿ' ਹੈ।

੩. ਠਾਕੁਰ (=ਠਕ੍ਰ) ਪੂਜਜ, ਸਤਿਕਾਰ ਯੋਗ। ੪. ਤੂੰ ਦੁਖ ਦਿੱਤੇ ਜਾਣ ਤੋਂ ਉੱਚਾ ਹੋ ਗਿਆ ਹੈਂ।

ਤਾਕੀ ਭਗਤਿ ਕਰੇਹ॥੩॥

ਉਸ (ਪਰਮੇਸ਼ੁਰ) ਦੀ ਭਗਤੀ (ਜ਼ਰੂਰ)[1] ਕਰੇਂ॥੩॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ॥ ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ॥ ਜਿਹ ਪ੍ਰਸਾਦ ਬਾਗ ਮਿਲਖ ਧਨਾ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥ ਜਿਨਿ ਤੇਰੀ ਮਨ ਬਨਤ ਬਨਾਈ॥ ਊਠਤਿ ਬੈਠਤ ਸਦ ਤਿਸਹਿ ਧਿਆਈ॥ ਤਿਸਹਿ ਧਿਆਇ ਜੋ ਏਕੁ ਅਲਖੈ॥ ਈਹਾ ਊਹਾ ਨਾਨਕ ਤੇਰੀ ਰਖੈ॥੪॥

ਜਿਸ ਦੀ ਕ੍ਰਿਪਾ ਕਰਕੇ ਗਹਿਣੇ ਪਹਿਰੀਦੇ ਹਨ, ਹੇ ਮਨ! ਉਸ ਨੂੰ ਸਿਮਰਦਿਆਂ ਕਿਉਂ ਆਲਸ ਕਰੀਏ? ਜਿਸ ਦੀ ਕ੍ਰਿਪਾ ਕਰਕੇ ਘੋੜੇ ਤੇ ਹਾਥੀਆਂ ਦੀ ਅਸਵਾਰੀ (ਮਿਲਦੀ) ਹੈ, ਹੇ ਮਨ! ਉਸ ਪ੍ਰਭੂ ਨੂੰ ਕਦੇ ਨਾ ਵਿਸਾਰੀਂ। ਜਿਸ ਦੀ ਕ੍ਰਿਪਾ ਨਾਲ ਬਗੀਚੇ ਮਿਲਖ[2] ਤੇ ਧਨ (ਪ੍ਰਾਪਤ ਹੈਨ ਤੈਨੂੰ, ਉਸ) ਪ੍ਰਭੂ ਨੂੰ ਅਪਣੇ ਮਨ ਵਿਚ ਪਰੋਕੇ ਰੱਖ। ਹੇ ਮਨ! ਜਿਸ ਨੇ ਤੇਰੀ( ਸਾਰੀ) ਸਾਜਨਾ ਸਾਜੀ ਹੈ, (ਭਾਵ ਮਨ ਇੰਦਰੇ ਬੁੱਧੀ ਸਮੇਤ ਤੇਰਾ ਸਰੀਰ ਰਚਿਆ ਹੈ), ਉਠਦਿਆਂ ਬੈਠਦਿਆਂ ਸਦਾ ਉਸ ਨੂੰ ਧਿਆਵੀਂ। (ਹਾਂ) ਉਸ ਨੂੰ ਧਿਆ ਜੋ ਇਕੋ ਹੈ (ਅਰ) ਅਲਖ ਹੈ (ਭਾਵ ਜਿਸ ਜੇਹਾ ਹੋਰ ਹੈ ਨਹੀਂ ਤੇ ਜੋ ਬੁੱਧੀ ਨਾਲ ਨਹੀਂ ਜਾਣਿਆ ਜਾਂਦਾ ਤੇ ਵਰਣਨ ਨਹੀਂ ਕੀਤਾ ਜਾ ਸਕਦਾ)। ਹੇ ਨਾਨਕ! ਐਥੇ ਓਥੇ (ਲੋਕ ਪਰਲੋਕ ਵਿਚ) ਤੇਰੀ (ਓਹੋ ਪਤਿ) ਰਖੇਗਾ॥੪॥

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ॥ ਮਨ ਆਠ ਪਹਰ ਕਰਿ ਤਿਸਕਾ ਧਿਆਨ॥ ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ॥ ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥ ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ॥

ਹੇ ਮਨ! (ਜੇ ਤੂੰ) ਬਹੁਤ ਪੁੰਨ ਦਾਨ ਕਰਦਾ ਹੈਂ (ਤਾਂ) ਉਸ ਦੀ ਕ੍ਰਿਪਾ ਨਾਲ (ਕਰਦਾ ਹੈਂ ਸੋ) ਆਠ ਪਹਿਰ ਉਸ ਦਾ ਹੀ ਧਿਆਨ ਕਰ। ਜਿਸ ਦੀ ਕ੍ਰਿਪਾ ਕਰਕੇ ਤੂੰ (ਧਰਮ ਦੇ ਦੱਸੇ) ਕਰਮਾਂ ਦੇ ਕਰਨੇ ਵਾਲਾ ਹੋਇਆ ਹੈਂ[3], ਉਸ ਪ੍ਰਭੂ ਨੂੰ ਸਵਾਸ ਸਵਾਸ ਯਾਦ ਕਰੀਂ। ਜਿਸ ਦੀ ਕ੍ਰਿਪਾ ਕਰਕੇ ਤੇਰਾ ਰੂਪ ਸੁੰਦਰ ਹੈ ਉਸ ਅਨੂਪ (=ਸਭ ਤੋਂ ਸੁਹਣੇ) ਪ੍ਰਭੂ ਨੂੰ ਸਦਾ ਯਾਦ ਰਖ। ਜਿਸ ਦੀ ਕ੍ਰਿਪਾ ਕਰਕੇ ਤੇਰੀ ਉੱਤਮ ਜਾਤ ਹੈ, ਉਸ ਪ੍ਰਭੂ

---

੧. 'ਕਰੇਹ' ਦੇ 'ਹ' ਵਿਚ ਤਕੀਦ ਦਾ ਭਾਵ ਹੈ।

੨. ਅ:, ਮਿਲਕ=ਜਿਸ ਤੇ ਮਾਲਕੀ ਕੀਤੀ ਜਾਏ। ਜਾਇਦਾਦ, ਜਾਗੀਰ ਆਦਿ: ਪੰਜਾਬੀ ਵਿਚ ਵਿਸ਼ੇਸ਼ ਕਰਕੇ 'ਮਿਲਖ' ਉਸਾਰੀ ਹੋਈ ਜਾਇਦਾਦ-ਮਹਿਲ ਆਦਿ-ਨੂੰ ਕਹਿੰਦੇ ਹਨ।

੩. ਆਚਾਰ ਬਿਉਹਾਰੀ-ਅਚਾਰਾਂ ਦੇ ਕਰਨੇ ਵਾਲਾ, ਭਾਵ ਹੈ ਜੇ ਤੂੰ ਧਰਮ ਦੇ ਦੱਸੇ ਕਰਮ ਕਰ ਰਿਹਾ ਹੈਂ ਕਰਮਾਂ ਤੇ ਹੀ ਨਾ ਰਹੁ ਸਾਂਈਂ ਨੂੰ ਯਾਦ ਰਖ। ਕਰਮ ਦੀ ਟੇਕ ਜੀਵ ਨੂੰ 'ਹਉਂ' ਵਿਚ ਰੱਖਦੀ ਹੈ।

ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ॥ ਜਿਹ ਪ੍ਰਸਾਦਿ ਤੇਰੀ ਪਤਿ ਰਹੈ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ॥੫॥

ਨੂੰ ਸਦਾ ਦਿਨ ਰਾਤ ਸਿਮਰ[1]। ਜਿਸ ਦੀ ਕ੍ਰਿਪਾ ਕਰਕੇ ਤੇਰੀ (ਸੰਸਾਰ ਵਿਚ) ਪਤਿ ਰਹਿ ਆਉਂਦੀ ਹੈ, ਗੁਰੂ ਦੇ ਪਰਸਾਦ ਨਾਲ (ਚਾਹੀਦਾ ਹੈ ਕਿ ਤੂੰ ਸਦਾ ਉਸ ਦਾ) ਜਸ ਕਹਿੰਦਾ ਰਹੇਂ॥੫॥

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ॥ ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ॥ ਜਿਹ ਪ੍ਰਸਾਦਿ ਹਸਤ ਕਰ ਚਲਹਿ॥ ਜਿਹ ਪ੍ਰਸਾਦਿ ਸੰਪੂਰਨ ਫਲਹਿ॥ ਜਿਹ ਪ੍ਰਸਾਦਿ ਪਰਮਗਤਿ ਪਾਵਹਿ॥ ਜਿਹ ਪ੍ਰਸਾਦਿ ਸੁਖ ਸਹਿਜ ਸਮਾਵਹਿ॥ ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ॥੬॥

ਜਿਸ ਦੀ ਕ੍ਰਿਪਾ ਕਰਕੇ ਤੂੰ ਕੰਨਾਂ ਨਾਲ ਨਾਦ[2] ਸੁਣਦਾ ਹੈਂ, ਜਿਸ ਦੀ ਕ੍ਰਿਪਾ ਕਰਕੇ (ਅੱਖਾਂ ਨਾਲ ਤੂੰ) ਅਚਰਜ ਦਰਸ਼ਨ[3] ਦੇਖਦਾ ਹੈਂ, ਜਿਸ ਦੀ ਕ੍ਰਿਪਾ ਕਰਕੇ ਰਸਨਾ ਦਵਾਰਾ ਅੰਮ੍ਰਿਤ (ਬਚਨ) ਬੋਲਦਾ ਹੈਂ, ਜਿਸ ਦੀ ਕ੍ਰਿਪਾ ਕਰਕੇ ਸਹਿਜੇ ਹੀ[4] ਸੁਖ ਵਿੱਚ (ਤੇਰਾ) ਵੱਸਣਾ (ਹੋ ਰਿਹਾ ਹੈ), ਜਿਸ ਦੀ ਕ੍ਰਿਪਾ ਕਰਕੇ (ਤੇਰੇ) ਹੱਥ ਤੇ ਪੈਰ[5] ਚੱਲਦੇ ਹਨ, ਜਿਸ ਦੀ ਕ੍ਰਿਪਾ ਕਰਕੇ (ਤੂੰ) ਹਰ ਤਰ੍ਹਾਂ ਪ੍ਰਫੁੱਲਤ ਹੋ ਰਿਹਾ ਹੈਂ, ਜਿਸ ਦੀ ਕ੍ਰਿਪਾ ਕਰਕੇ ਤੂੰ ਪਰਮ ਗਤੀ[6] ਨੂੰ ਪਾ ਲੈਂਦਾ ਹੈ, ਜਿਸ ਦੀ ਕ੍ਰਿਪਾ ਕਰਕੇ (ਜੀਉਂਦੇ ਜੀ ਤੂੰ) ਸਹਿਜ ਦੇ ਸੁਖ[7] ਵਿਚ ਸਮਾਇਆ ਰਹਿੰਦਾ ਹੈਂ, ਐਸਾ ਪ੍ਰਭੂ ਛੱਡ ਕੇ ਹੋਰ ਕਿਸ ਵਲ ਲੱਗਦਾ ਹੈਂ, (ਉਪਦੇਸ਼ ਦੇਂਦੇ ਹਨ ਗੁਰੂ) ਨਾਨਕ, ਗੁਰੂ ਦੀ ਕ੍ਰਿਪਾ ਕਰਕੇ ਮਨ ਵਿਖੇ ਜਾਗ, (ਮਾਯਾ ਦੀ ਗ਼ਫ਼ਲਤ ਵਾਲੀ ਨੀਂਦ ਦੂਰ ਕਰ)॥੬॥

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥ ਜਿਹ ਪ੍ਰਸਾਦਿ ਤੇਰਾ ਪ੍ਰਤਾਪੁ॥ ਰੇ ਮਨ ਮੂੜ ਤੂ ਤਾ ਕਉ ਜਾਪੁ॥ ਜਿਹ ਪ੍ਰਸਾਦਿ ਤੇਰੇ ਕਾਰਜ

(ਜੇ ਤੂੰ, ਸੰਸਾਰ ਵਿਚ) ਉਜਾਗਰ ਹੈਂ ਤਾਂ ਜਿਸ ਦੀ ਕ੍ਰਿਪਾ ਕਰਕੇ ਹੈਂ ਉਸ ਪ੍ਰਭੂ ਨੂੰ ਮੂਲੋਂ ਨਾ ਮਨੋਂ ਵਿਸਾਰ। ਜਿਸ ਦੀ ਕ੍ਰਿਪਾ ਕਰਕੇ ਤੇਰਾ ਪ੍ਰਤਾਪ (ਬਣਿਆ) ਹੈ, ਹੇ ਮਨ ਮੂਰਖ! ਤੂੰ ਉਸ ਨੂੰ ਜਪ। ਜਿਸ ਦੀ ਕ੍ਰਿਪਾ ਕਰਕੇ ਤੇਰੇ ਕਾਰਜ ਪੂਰੇ ਹੁੰਦੇ ਹਨ, ਹੇ ਮਨ! ਉਸ ਨੂੰ ਸਦਾ

੧. ਮੁਕਤੀ ਲਈ ਉੱਚੀ ਜਾਤ ਪਾ ਕੇ ਬੀ ਸਿਮਰਨ ਦੀ ਲੋੜ ਹੈ। ਉੱਚੀ ਜਾਤ ਅਭਿਮਾਨ ਦੇਂਦੀ ਹੈ। ਜੋ ਨਾਮ ਨਾਲ ਨਸ਼ਟਦਾ ਹੈ।

੨. ਅਵਾਜ਼ ਜਾਂ ਰਾਗ ਗੀਤ ਆਦਿ।

੩. ਅਸਚਰਜ ਉਤਪਤ ਕਰਨ ਵਾਲੇ ਸੁੰਦਰਤਾ ਦੇ ਨਜ਼ਾਰੇ।

੪. ਆਸਾਨੀ ਨਾਲ। ਸਹਜ ਸੁਭਾਵ।

੫. 'ਕਰ' ਦੇ ਸੰਪ੍ਰਦਾਈ ਅਰਥ ਪੈਰ ਹਨ। (ਅ) 'ਕਰ' ਦਾ ਭਾਵ ਕ੍ਰਿਯਾ ਕਰਨ ਵਾਲੇ 'ਅੰਗ' ਬੀ ਹੈ। ਹਸਤ ਕਰ=ਹਥ ਕ੍ਰਿਯਾ ਕਰਦੇ ਹਨ ਤੇ ਪੈਰ ਚਲਦੇ ਹਨ। (ਸੰਸ:,ਕਰ=ਜੋ ਕਰੇ, ਹੱਥ, ਹਾਥੀ ਸੁੰਡ ਆਦਿ)।

੬. ਉਹ ਅਵਸਥਾ ਜੋ ਸਭ ਤੋਂ ਉਪਰ ਹੈ। ਪਰਮ ਪਦ।

੭. ਭਾਵ, -ਜੀਵਨ ਮੁਕਤੀ ਦੇ ਸੁਖ ਵਿਚ।

ਪੂਰੇ॥ ਤਿਸਹਿ ਜਾਨੁ ਮਨ ਸਦਾ ਹਜੂਰੇ॥ ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ॥ ਰੇ ਮਨ ਮੇਰੇ ਤੂੰ ਤਾਸਿਉ ਰਾਚੁ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ॥ ਨਾਨਕ ਜਾਪੁ ਜਪੈ ਜਪੁ ਸੋਇ॥੭॥

(ਹਾਜਰਾ) ਹਜ਼ੂਰ ਸਮਝ। ਜਿਸ ਦੀ ਕ੍ਰਿਪਾ ਕਰਕੇ ਤੂੰ ਸੱਚ ਨੂੰ ਪ੍ਰਾਪਤ ਹੁੰਦਾ ਹੈਂ, ਹੇ ਮੇਰੇ ਮਨ! ਤੂੰ ਉਸ ਨਾਲ ਰਚ (ਉਸੇ ਵਿਚ ਮਗਨ ਹੋਯਾ ਰਹੁ)। ਜਿਸ ਦੇ ਫ਼ਜ਼ਲ ਨਾਲ ਸਭ ਦੀ ਕਲਜਾਨ ਹੁੰਦੀ ਹੈ, ਹੇ ਨਾਨਕ! (ਚਾਹੀਦਾ ਹੈ ਕਿ) ਉਸ ਜਪਣੇ ਯੋਗ (ਦੇ) ਜਪ ਨੂੰ ਤੂੰ ਜਪੇਂ[1]॥੭॥

ਆਪਿ ਜਪਾਏ ਜਪੈ ਸੋ ਨਾਉ॥ ਆਪਿ ਗਾਵਾਏ ਸੁ ਹਰਿ ਗੁਨ ਗਾਉ॥ ਪ੍ਰਭ ਕ੍ਰਿਪਾ ਤੇ ਹੋਇ ਪ੍ਰਗਾਸੁ॥ ਪ੍ਰਭੂ ਦਇਆ ਤੇ ਕਮਲ ਬਿਗਾਸੁ॥ ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ॥ ਪ੍ਰਭ ਦਇਆ ਤੇ ਮਤਿ ਊਤਮ ਹੋਇ॥ ਸਰਬ ਨਿਧਾਨ ਪ੍ਰਭ ਤੇਰੀ ਮਇਆ॥ ਆਪਹੁ ਕਛੂ ਨ ਕਿਨਹੂ ਲਇਆ॥ ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥ ਨਾਨਕ ਇਨਕੈ ਕਛੂ ਨ ਹਾਥ॥੮॥੬॥

(ਜਿਸ ਨੂੰ ਉਹ ਪ੍ਰਭੂ) ਆਪ ਨਾਮ ਜਪਾਵੇ ਸੋਈਓ (ਨਾਮ) ਜਪਦਾ ਹੈ। ਓਹੋ (ਪੁਰਖ) ਹਰੀ ਦੇ ਗੁਣ ਗਾਉਂਦਾ ਹੈ (ਜਿਸ ਤੋਂ ਉਹ ਪ੍ਰਭੂ) ਆਪ (ਆਪਣੇ ਗੁਣ) ਗਾਵਾਵੇ। ਪ੍ਰਭੂ ਦੀ ਕ੍ਰਿਪਾ ਕਰਕੇ (ਜੀਵ ਨੂੰ ਗਿਆਨ ਦਾ) ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦੀ ਕ੍ਰਿਪਾ ਕਰਕੇ ਹੀ (ਹਿਰਦੇ ਦਾ) ਕਮਲ ਖਿੜ ਜਾਂਦਾ ਹੈ। (ਜਦ) ਪ੍ਰਭੂ ਪ੍ਰਸੰਨ ਹੁੰਦਾ ਹੈ, (ਤਦ) ਉਸ ਮਨ ਵਿਚ ਆ ਵੱਸਦਾ ਹੈ (ਜਿਸ ਪਰ ਕਿ ਓਹ ਪ੍ਰਸੰਨ ਹੋਯਾ ਹੈ)। ਪ੍ਰਭੂ ਦੀ ਕ੍ਰਿਪਾ ਨਾਲ (ਹੀ ਜੀਵ) ਦੀ ਬੁੱਧੀ ਉੱਤਮ ਹੋ ਜਾਂਦੀ ਹੈ। ਹੇ ਪ੍ਰਭੂ! ਸਭ ਖਜਾਨੇ ਤੇਰੀ ਕ੍ਰਿਪਾ ਨਾਲ (ਪ੍ਰਾਪਤ ਹੁੰਦੇ) ਹਨ[2]। ਅਪਣੇ ਆਪ ਤੋਂ ਤਾਂ (ਕਦੇ) ਕਿਸੇ ਨੇ ਕੁਛ ਨਹੀਂ ਲਿਆ (ਭਾਵ ਤੇਰੀ ਮਇਆ ਨਾਲ ਹੀ ਲਿਆ ਹੈ)। ਹੇ ਹਰੀ, ਹੇ ਨਾਥ! ਜਿਧਰ ਜਿਧਰ (ਜੀਵਾਂ ਨੂੰ) ਲਾਉਂਦੇ ਹੋ (ਏਹ) ਉਧਰੇ ਲਗਦੇ ਹਨ। ਹੇ ਨਾਨਕ! ਇਨ੍ਹਾਂ ਦੇ (ਅਪਣੇ) ਹੱਥ ਕੁਛ ਨਹੀਂ॥੮॥੬॥

ਸਲੋਕੁ॥ ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥

(ਉਹ ਪਰਮੇਸ਼ੁਰ) ਮਨ ਬਾਣੀ ਤੋਂ ਪਰ੍ਹੇ ਹੈ, ਉਸ ਦਾ ਥਾਹ (ਅੰਤ) ਨਹੀਂ ਪਾਇਆ ਜਾਂਦਾ, ਉਹ ਜਗਤ ਤੋਂ ਪਰ੍ਹੇ ਨਿਰਗੁਣ ਸਰੂਪ ਹੈ, (ਪ੍ਰੰਤੂ ਉਸ ਦੇ ਨਾਮ ਵਿਚ ਐਸੀ ਬਰਕਤ ਹੈ ਕਿ) ਜੋ ਜੋ (ਪੁਰਸ਼ ਉਸ ਦੇ ਨਾਮ ਨੂੰ) ਕਹਿੰਦਾ ਹੈ ਸੋ ਸੋ ਮੁਕਤ ਹੋ ਜਾਂਦਾ ਹੈ। (ਐਸੇ ਨਾਮ ਅਭਜਾਸੀ ਨੂੰ ਸਾਧ ਆਖਦੇ ਹਨ,

੧. (ਅ) ਨਾਨਕ ਉਸ ਦਾ ਜਾਪ ਕਰਦਾ ਹੈ, ਤੂੰ ਬੀ ਉਸੇ ਨੂੰ ਜਪ।

੨. ਅਥਵਾ, ਤੇਰੀ ਕ੍ਰਿਪਾ ਸਭ ਖਜ਼ਾਨਿਆਂ (ਦਾ ਖਜ਼ਾਨਾ ਹੈ)। (ਸੰਪ੍ਰਦਾ।)

ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥੧॥

ਪਾਰਬ੍ਰਹਮ ਦੀ ਕਥਾ ਤਾਂ ਅਕਥ ਹੈ ਪਰ ਉਸ ਦਾ ਨਾਮ ਜਪਣੇ ਵਾਲੇ) ਸਾਧ ਪੁਰਖਾਂ ਦੀ[1] ਕਥਾ (=ਗੁਣ ਵਰਣਨ ਬੀ) ਅਸਚਰਜ ਹੈ, (ਗੁਰੂ) ਨਾਨਕ ਬਿਨੈ ਕਰਦਾ ਹੈ ਹੇ ਮਿਤ੍ਰ! (ਤੂੰ ਧਿਆਨ ਨਾਲ ਉਹ) ਸੁਣ॥੧॥

ਅਸਟਪਦੀ॥ ਸਾਧ ਕੈ ਸੰਗਿ ਮੁਖਿ ਊਜਲ ਹੋਤ॥ ਸਾਧ ਸੰਗਿ ਮਲੁ ਸਗਲੀ ਖੋਤ॥ ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਸਾਧ ਸੰਗਿ ਸਭੁ ਹੋਤ ਨਿਬੇਰਾ॥ ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਸਾਧ ਕੈ ਸੰਗਿ ਏਕ ਊਪਰਿ ਜਤਨੁ॥ ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥੧॥

[2]ਸਾਧ ਦੇ ਸੰਗ ਕਰਕੇ ਮੁੱਖ ਉੱਜਲ ਹੁੰਦਾ ਹੈ (ਕਿਉਂਕਿ) ਸਾਧ ਦੇ ਸੰਗ ਨਾਲ (ਅੰਦਰ ਦੀ) ਸਾਰੀ ਮੈਲ ਦੂਰ ਹੋ ਜਾਂਦੀ ਹੈ। (ਸਭ ਤੋਂ ਵੱਡੀ ਮੈਲ ਅਹੰਕਾਰ ਹੈ ਸੋ) ਸਾਧ ਦੇ ਸੰਗ ਕਰਕੇ ਅਹੰਕਾਰ ਮਿਟ ਜਾਂਦਾ ਹੈ। (ਅਹੰਕਾਰ ਹਟ ਗਿਆਂ ਤੇ) ਸਾਧ ਦੇ ਸੰਗ ਨਾਲ ਸ੍ਰੇਸ਼ਟ ਗਜਾਨ (ਫੇਰ) ਉਦੇ ਹੋ ਆਉਂਦਾ ਹੈ, (ਗਜਾਨ ਹੋਣ ਤੇ) ਸਾਧ ਦੇ ਸੰਗ ਨਾਲ ਪ੍ਰਭੂ ਨੇੜੇ (ਹਾਜ਼ਰਾ ਹਜ਼ੂਰ) ਸਮਝ ਪੈ ਜਾਂਦਾ ਹੈ। (ਤਦੋਂ) ਸਾਧ ਦੇ ਸੰਗ ਕਰਕੇ ਸਾਰਾ ਨਿਬੇੜਾ ਹੋ ਜਾਂਦਾ ਹੈ[3], (ਪਰ ਇਹ ਸਾਰੀ ਪ੍ਰਾਪਤੀ ਨਾਮ ਨਾਲ ਹੁੰਦੀ ਹੈ ਤੇ) ਨਾਮ ਰਤਨ ਬੀ ਸਾਧ ਸੰਗ ਕਰਕੇ ਹੀ ਪ੍ਰਾਪਤ ਹੁੰਦਾ ਹੈ। (ਨਾਮ ਨਾਲ) ਸਾਧ ਦੇ ਸੰਗ ਕਰਕੇ (ਜੀਵ ਦਾ ਸਾਰਾ) ਪ੍ਰਯਤਨ ਇਕ (ਵਾਹਿਗੁਰੂ ਪ੍ਰਾਪਤੀ ਦਾ ਹੀ) ਹੋ ਜਾਂਦਾ ਹੈ, (ਇਸ ਕਰਕੇ) ਸਾਧ ਦੀ ਮਹਿਮਾ ਕੌਣ (ਪ੍ਰਾਣੀ) ਕਹਿ ਸਕਦਾ ਹੈ? ਨਾਨਕ! ਸਾਧ ਦੀ ਮਹਿਮਾ ਪ੍ਰਭੂ ਵਿਚ ਸਮਾਈ ਹੋਈ ਹੈ[4]॥੧॥

ਸਾਧ ਕੈ ਸੰਗਿ ਅਗੋਚਰੁ ਮਿਲੈ॥ ਸਾਧ ਕੈ ਸੰਗਿ ਸਦਾ ਪਰਫੁਲੈ॥

ਸਾਧੂ ਦੇ ਸੰਗ ਕਰਕੇ ਇੰਦ੍ਰਿਆਂ ਤੋਂ ਅਵਿਸ਼ੈ (ਪਰਮੇਸ਼ੁਰ) ਮਿਲ ਜਾਂਦਾ ਹੈ (ਜਿਸ ਨੂੰ ਸਲੋਕ ਵਿਚ ਅਗਮ ਅਗਾਧ ਕਿਹਾ ਸੀ)। (ਇਸ ਲਈ) ਸਾਧੂ ਦੇ ਸੰਗ ਕਰਕੇ (ਜੀਵ) ਸਦਾ ਪ੍ਰਫੁੱਲਤ ਰਹਿੰਦਾ ਹੈ, (ਯਥਾ-ਨਾਨਕ ਭਗਤਾ ਸਦਾ ਵਿਗਾਸੁ।

---

੧. ਸਾਧ=ਸਾਧਨਾ ਕਰਕੇ ਜਿਸ ਨੇ ਮਨ ਜਿੱਤ ਲਿਆ ਹੋਵੇ ਤੇ ਟਿਕਾਉ ਵਾਲਾ ਹੋਵੇ। ਧਰਮਾਤਮਾ, ਉਪਕਾਰੀ। ਇਸ ਅਸਟਪਦੀ ਮੂਜਬ ਗੁਰਮੁਖ, ਪੂਰਨ ਪੁਰਖ, ਬ੍ਰਹਮ ਗਿਆਨੀ।

੨. ਵਾਹਿਗੁਰੂ ਤੇ ਉਸ ਦੇ ਨਾਮ ਦਾ ਜਸ ਤੇ ਉਸਦੇ ਜਪਣ ਦਾ ਉਪਦੇਸ਼ ਕਰਦੇ ਆਏ ਹਨ। ਹੁਣ ਸਾਧੂ ਦੀ ਮਹਿਮਾ ਦੱਸਦੇ ਹਨ, ਜਿਸਦੇ ਸਤਿਸੰਗ ਨਾਲ ਨਾਮ ਜਪੀਦਾ ਹੈ ਤੇ ਦਰਗਹ ਵਿਚ ਮੂੰਹ ਉਜਲ ਹੁੰਦਾ ਹੈ।

੩. ਮਨ ਦੇ ਇਤਰਾਜ਼, ਲੋਕਾਂ ਨਾਲ ਸੰਬਾਦ ਤੇ ਸ਼ਾਸਤ੍ਰੀ ਝੇੜੇ ਸਭ ਫੈਸਲੇ ਹੋ ਜਾਂਦੇ ਹਨ। ਜਦ ਕਰਤਾਰ ਅਨੁਭਵ ਵਿਚ ਆ ਗਿਆ ਫੇਰ ਝੇੜੇ ਮੁੱਕ ਗਏ, ਝੇੜੇ ਤਾਂ ਅਗਜਾਨ ਤੇ ਨਾ ਜਾਣਨ ਵੇਲੇ ਸਨ। (ਅ) ਕਰਮ ਤੇ ਜਨਮ ਮਰਨ ਆਦਿ ਝੇੜੇ ਮੁੱਕ ਜਾਂਦੇ ਹਨ।

੪. ਸਾਧ ਦੀ ਸੋਭਾ ਜੀਵ ਨੂੰ ਉਚਜਾਕੇ ਪਰਮੇਸੁਰ ਦੀ ਸ਼ੋਭਾ ਵਿਚ ਲਿਜਾ ਸਮਾਉਂਦੀ ਹੈ। ਭਾਵ ਪ੍ਰਭੂ ਸ਼ੋਭਾ ਦੇ ਤੁੱਲ ਹੈ।

ਸਾਧ ਕੈ ਸੰਗਿ ਆਵਹਿ ਬਸਿ ਪੰਚਾ॥ ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ॥ ਸਾਧ ਸੰਗਿ ਹੋਇ ਸਭ ਕੀ ਰੇਨ॥ ਸਾਧ ਕੈ ਸੰਗਿ ਮਨੋਹਰ ਬੈਨ॥ ਸਾਧ ਕੈ ਸੰਗਿ ਨ ਕਤਹੂੰ ਧਾਵੈ॥ ਸਾਧ ਸੰਗਿ ਅਸਥਿਤਿ ਮਨੁ ਪਾਵੈ॥ ਸਾਧ ਕੈ ਸੰਗਿ ਮਾਇਆ ਤੇ ਭਿੰਨ॥ ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ॥੨॥

(ਪ੍ਰਫੁੱਲਤ ਕਿਵ ਰਹਿੰਦਾ ਹੈ? ਉੱਤਰ-) ਸਾਧੂ ਦੇ ਸੰਗ ਕਰਕੇ ਪੰਜ[1] ਵੱਸ ਵਿਚ ਆ ਜਾਂਦੇ ਹਨ, (ਜਦ ਵਿਸ਼ੇ ਸੁਖਾਂ ਤੋਂ ਮਨ ਉੱਚਾ ਉਠਦਾ ਹੈ ਤਾਂ) ਸਾਧੂ ਦੇ ਸੰਗ ਕਰਕੇ (ਜੀਵ) ਅੰਮ੍ਰਿਤ ਰਸ[2] ਨੂੰ ਭੋਗਦਾ ਹੈ। ਸਾਧੂ ਦੇ ਸੰਗ ਕਰਕੇ (ਫੇਰ ਜੀਵ ਹੰਕਾਰਦਾ ਨਹੀਂ ਸਗੋਂ) ਸਭਨਾਂ ਦੀ ਰੇਣੁ ਹੋ ਜਾਂਦਾ ਹੈ (ਭਾਵ ਨਿੰਮਰਤਾ ਧਾਰਦਾ ਹੈ ਤੇ ਲੋਕਾਂ ਨਾਲ) ਸਾਧੂ ਦੇ ਸੰਗ ਕਰਕੇ ਪਿਆਰੇ ਬਚਨ ਬੋਲਦਾ ਹੈ। (ਐਉਂ) ਸਾਧੂ ਦੇ ਸੰਗ ਕਰਕੇ (ਇਸ ਦਾ ਮਨ) ਕਿਤੇ ਦੌੜਦਾ ਨਹੀਂ। (ਸਗੋਂ) ਮਨ ਇਸਥਿਤੀ (ਟਿਕਾਉ) ਪ੍ਰਾਪਤ ਕਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਮਨ ਮਾਇਆ ਤੋਂ ਅੱਡ (ਹੋ ਜਾਂਦਾ ਹੈ)। ਸਾਧੂ ਦੇ ਸੰਗ ਕਰਕੇ ਹੀ (ਤਦੋਂ ਵਾਹਿਗੁਰੂ) ਅਤਿ ਪ੍ਰਸੰਨ ਹੋ ਜਾਂਦਾ ਹੈ, ਹੇ ਨਾਨਕ! ॥੨॥

ਸਾਧ ਸੰਗਿ ਦੁਸਮਨ ਸਭਿ ਮੀਤ॥ ਸਾਧੂ ਕੈ ਸੰਗਿ ਮਹਾ ਪੁਨੀਤ॥ ਸਾਧ ਸੰਗਿ ਕਿਸ ਸਿਉ ਨਹੀ ਬੈਰੁ॥ ਸਾਧ ਕੈ ਸੰਗਿ ਨ ਬੀਗਾ ਪੈਰੁ॥ ਸਾਧ ਕੈ ਸੰਗਿ ਨਾਹੀ ਕੋ ਮੰਦਾ॥ ਸਾਧ ਸੰਗਿ ਜਾਨੇ ਪਰਮਾਨੰਦਾ॥ ਸਾਧ ਕੈ ਸੰਗਿ ਨਾਹੀ ਹਉ ਤਾਪੁ॥ ਸਾਧ ਕੈ ਸੰਗਿ ਤਜੈ ਸਭੁ ਆਪੁ॥ ਆਪੇ ਜਾਨੈ ਸਾਧ ਬਡਾਈ॥ ਨਾਨਕ ਸਾਧ ਪ੍ਰਭੂ ਬਨਿ ਆਈ ॥੩॥

ਸਾਧੂ ਦੇ ਸੰਗ ਕਰਕੇ ਵੈਰੀ ਸਭ ਮਿਤ੍ਰ ਹੋ ਜਾਂਦੇ ਹਨ, ਸਾਧੂ ਦੇ ਸੰਗ ਕਰਕੇ (ਜੀਵ) ਅਤਿ ਪਵਿਤਰ ਹੋ ਜਾਂਦਾ ਹੈ। ਸਾਧੂ ਦੇ ਸੰਗ ਨਾਲ ਕਿਸੇ ਨਾਲ ਵੈਰ ਨਹੀਂ (ਰਹਿੰਦਾ)। ਸਾਧੂ ਦੇ ਸੰਗ ਨਾਲ ਵਿੰਗਾ ਪੈਰ ਨਹੀਂ ਪੈਂਦਾ (ਭਾਵ ਮਾੜੇ ਪਾਸੇ ਨਹੀਂ ਤੁਰਦਾ), ਸਾਧੂ ਦੇ ਸੰਗ ਕਰਕੇ ਕੋਈ (ਮਨੁੱਖ) ਮੰਦਾ ਨਹੀਂ ਲਗਦਾ (ਕਿਉਂਕਿ) ਸਾਧੂ ਦੇ ਸੰਗ ਕਰਕੇ (ਜੀਵ) ਪਰਮਾਨੰਦ (ਪਰਮਾਤਮਾ ਨੂੰ ਸਾਰੇ ਵਜਾਪਕ) ਪ੍ਰਤੀਤ ਕਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਅਹੰਤਾ ਦਾ ਤਾਪ ਨਹੀਂ (ਰਹਿੰਦਾ, ਸਗੋਂ) ਸਾਧੂ ਦੇ ਸੰਗ ਵਿਚ ਆਪਾ (ਭਾਵ) ਸਾਰਾ ਹੀ ਛੁਟ ਜਾਂਦਾ ਹੈ। ਸਾਧੂ ਦੀ (ਪੂਰੀ) ਵਡਿਆਈ (ਪਰਮੇਸ਼ੂਰ) ਆਪ ਹੀ ਜਾਣਦਾ ਹੈ, (ਕਿਉਂਕਿ) ਸਾਧੂ (ਦੀ ਪ੍ਰੀਤਿ) ਪਰਮੇਸ਼ੁਰ ਦੇ ਨਾਲ (ਪੂਰੀ ਪੂਰੀ) ਬਣ ਜਾਂਦੀ ਹੈ। (ਭਾਵ, ਹੁਣ ਸਾਧੂ ਦੀ ਵਡਿਆਈ ਪਰਮੇਸ਼ੁਰ ਵਾਂਙੂ ਅਕਥ ਹੋ ਜਾਂਦੀ ਹੈ)॥੩॥

---

੧. ਕਾਮ ਕ੍ਰੋਧ ਆਦਿ ਵਿਸ਼ੇ, ਯਾ ਪੰਜ ਇੰਦ੍ਰੇ। ਇਹੋ ਦਿਲਗੀਰੀਆਂ ਵਿਚ ਲਿਜਾਂਦੇ ਹਨ।

੨. ਆਤਮ ਰਸ

ਸਾਧ ਕੈ ਸੰਗਿ ਨ ਕਬਹੂ ਧਾਵੈ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ॥ ਸਾਧ ਸੰਗਿ ਬਸਤੁ ਅਗੋਚਰ ਲਹੈ॥ ਸਾਧੂ ਕੈ ਸੰਗਿ ਅਜਰੁ ਸਹੈ॥ ਸਾਧ ਕੈ ਸੰਗਿ ਬਸੈ ਥਾਨਿ ਊਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥ ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥ ਸਾਧ ਕੈ ਸੰਗਿ ਪਾਏ ਨਾਮ ਨਿਧਾਨ॥ ਨਾਨਕ ਸਾਧੂ ਕੈ ਕੁਰਬਾਨ॥੪॥

ਸਾਧ ਦੇ ਸੰਗ ਕਰਕੇ (ਮਨ) ਕਦੀ ਬੀ ਨਹੀਂ ਦੌੜਦਾ (ਭਾਵ ਨਾਮ ਵਿਚ ਲੱਗਾ ਰਹਿੰਦਾ ਹੈ, ਇਸ ਕਰਕੇ) ਸਾਧੂ ਦੇ ਸੰਗ ਵਿਚ (ਮਨ) ਸਦਾ ਸੁਖ ਪਾਉਂਦਾ ਹੈ। ਸਾਧੂ ਦੇ ਸੰਗ ਕਰਕੇ ਅਗੋਚਰ ਵਸਤੂ (ਇੰਦ੍ਰੀਆਂ ਤੋਂ ਪਰੇ ਆਤਮ ਵਸਤੂ[੧] ਨੂੰ) ਪਾ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਨਾ ਸਹਾਰੀ ਜਾਣ ਵਾਲੀ (ਵਸਤੂ) ਨੂੰ ਸਹਾਰਦਾ ਹੈ। ਸਾਧੂ ਦੇ ਸੰਗ ਕਰਕੇ ਉੱਚੇ ਥਾਂ ਵਿਚ ਵਸਦਾ ਹੈ[੨]। ਸਾਧੂ ਦੇ ਸੰਗ ਕਰਕੇ (ਪਰਮਾਤਮ) ਸਰੂਪ ਨੂੰ ਪ੍ਰਾਪਤ ਹੁੰਦਾ ਹੈ[੩]। ਸਾਧੂ ਦੇ ਸੰਗ ਕਰਕੇ (ਉਹ) ਸਾਰੇ ਧਰਮਾਂ ਨੂੰ ਦ੍ਰਿੜ ਕਰ ਲੈਂਦਾ ਹੈ[੪]। ਸਾਧੂ ਦੇ ਸੰਗ ਕਰਕੇ ਕੇਵਲ ਪਾਰਬ੍ਰਹਮ (ਨੂੰ ਹੀ ਪਛਾਣਦਾ ਹੈ[੪])। (ਤਦੋਂ ਜੀਵ) ਸਾਧੂ ਦੇ ਸੰਗ ਕਰਕੇ ਨਾਮ ਰੂਪੀ ਖਜ਼ਾਨਾ ਹੀ ਪਾ ਲੈਂਦਾ ਹੈ[੫], (ਇਸ ਲਈ) ਸਾਧੂ ਤੋਂ ਕੁਰਬਾਨ (ਹੋਹੁ) ਹੇ ਨਾਨਕ! ॥੪॥

ਐਸੇ ਸਾਧੂ ਦੇ, ਜਿਨ ਗਯਾਨ ਦ੍ਰਿਸ਼ਟੀ, ਧਰਮ ਦ੍ਰਿਸ਼ਟੀ ਤੇ ਨਾਮ ਦੀ ਸੰਪਤੀ ਪਾਈ ਹੈ, ਸੰਗ ਕਰਨ ਨਾਲ ਜੋ ਨਾਮ ਧਨ ਤੇ ਹੋਰ ਲਾਹੇ ਮਿਲਦੇ ਹਨ, ਹੁਣ ਉਨ੍ਹਾਂ ਦਾ ਜ਼ਿਕਰ ਤੁਰਿਆ:-

ਸਾਧ ਕੈ ਸੰਗਿ ਸਭ ਕੁਲ ਉਧਾਰੈ॥ ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥ ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ

ਐਸੇ ਸਾਧੂ ਦੇ ਸੰਗ ਕਰ ਕੇ (ਜੀਵ) ਸਾਰੀਆਂ ਕੁਲਾਂ ਉਧਾਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਸੱਜਣਾਂ ਮਿੱਤ੍ਰਾਂ ਦੇ ਕੁਟੰਬ ਨੂੰ (ਭਵ ਸਾਗਰ ਤੋਂ) ਤਾਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ (ਜੀਵ) ਉਹ (ਨਾਮ ਰੂਪ) ਧਨ ਪਾਉਂਦਾ ਹੈ, ਜਿਸ ਧਨ ਕਰਕੇ ਸਭ ਕੋਈ (ਇਸ ਤੋਂ) ਵਰੋਸਾਉਂਦਾ

---

੧. ਆਤਮ ਵਸਤੂ ਅਜਰ ਵਸਤੂ ਹੈ। ਅਗੋਚਰ ਵਸਤੂ ਦੀ ਪ੍ਰਾਪਤੀ ਦੇ ਮਗਰੋਂ ਅਜਰ ਸਹਿਣ ਦਾ ਜ਼ਿਕਰ ਹੈ, ਇਸ ਕਰਕੇ ਇਸ ਦਾ ਮਨੋਰਥ ਅਗੋਚਰ ਵਸਤੂ ਨੂੰ ਜਰ ਲੈਣ ਤੋਂ ਹੈ। ਇਸ ਦੇ ਮਗਰਲੀ ਤੁਕ ਵਿਚ ਜਰ ਜਾਣ ਵਾਲੇ ਦੀ ਅਵਸਥਾ ਦੱਸੀ ਹੈ।

੨. ਪਰਮੇਸ਼ੁਰ ਦੀ ਹਜ਼ੂਰੀ ਵਿਚ।

੩. ਵਾਹਿਗੁਰੂ ਦੇ ਸਰੂਪ ਰੂਪੀ ਮਹਿਲ ਵਿਚ।

੪. ਪਰਮਾਤਮ ਸਰੂਪ ਨੂੰ ਪਹੁੰਚ ਕੇ ਉਹ ਧਰਮ ਤੋਂ ਸੁਤੰਤਰਤਾ ਲੈ ਕੇ ਨਹੀਂ ਵਿਚਰਦਾ; ਜੈਸਾ ਕਿ ਕਈ ਫੋਕੇ ਗਯਾਨ ਪ੍ਰੇਮੀ ਆਖਦੇ ਹਨ, ਸਗੋਂ ਉਹ ਅਪਨੇ ਜਗਤ ਵਰਤਾਉ ਵਿਚ ਸਾਰੇ ਸ਼ੀਲ ਧਰਮਾਂ ਵਿਚ ਦ੍ਰਿੜ੍ਹ ਹੁੰਦਾ ਹੈ, ਪਰ ਇਹ ਦ੍ਰਿੜ੍ਤਾ, ਉਸ ਦੀ ਵਯਾਪਕ ਵਾਹਿਗੁਰੂ ਵਿਚ ਗਯਾਨ ਦ੍ਰਿਸ਼ਟੀ ਨੂੰ ਕਿਵੇਂ ਬੀ ਨਹੀਂ ਆਛਾਦਨ ਕਰਦੀ; ਉਹ 'ਕੇਵਲ ਪਾਰਬ੍ਰਹਮ' ਦੇ ਅਨੁਭਵ ਵਿਚ ਰਹਿੰਦਾ ਹੈ।

੫. ਭਾਵ, ਨਾਮ ਦੇ ਖਜ਼ਾਨੇ ਵਾਲਾ-ਹੋਰਨਾਂ ਨੂੰ ਦੇਣ ਯੋਗ ਹੋ ਜਾਂਦਾ ਹੈ।

ਕੋ ਵਰਸਾਵੈ॥ ਸਾਧ ਸੰਗਿ ਧਰਮ ਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਸਾਧੂ ਕੈ ਸੰਗਿ ਪਾਪ ਪਲਾਇਨ॥ ਸਾਧ ਸੰਗਿ ਅੰਮ੍ਰਿਤ ਗੁਨ ਗਾਇਨ॥ ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ॥੫॥

ਹੈ[1]! (ਪਰਲੋਕ ਵਿਚ) ਸਾਧੂ ਦੇ ਸੰਗ ਕਰਕੇ ਧਰਮ ਰਾਇ (ਦੰਡ ਦੇਣ ਦੀ ਥਾਂ) ਸੇਵਾ ਕਰਦਾ ਹੈ[2]। ਸਾਧੂ ਦੇ ਸੰਗ ਕਰਕੇ ਇੰਦ੍ਰ[3] ਸੋਭਾ ਕਰਦਾ ਹੈ। ਸਾਧੂ ਕੇ ਸੰਗ ਕਰਕੇ ਪਾਪ ਨਸ਼ਟ ਹੋ ਜਾਂਦੇ ਹਨ। (ਕਿਉਂਕਿ) ਸਾਧੂ ਦੇ ਸੰਗ ਵਿਚ (ਜੀਵ ਨੂੰ) ਅੰਮ੍ਰਿਤ ਗੁਣਾਂ ਦਾ ਗਾਇਨ (ਮਿਲਦਾ ਹੈ, ਗੁਣ ਗਾਂਵਿਆਂ ਪਾਪ ਹਟਦੇ ਹਨ, ਯਥਾ- ਗੁਨ ਗਾਵਤ ਤੇਰੀ ਉਤਰਸਿ ਮੈਲੁ)। ਸਾਧੂ ਦੇ ਸੰਗ ਕਰਕੇ ਸਰਬ ਥਾਵਾਂ ਵਿਚ ਪਹੁੰਚ ਹੋ ਜਾਂਦੀ ਹੈ। ਸਾਧੂ ਦੇ ਸੰਗ ਕਰਕੇ, ਹੇ ਨਾਨਕ! ਜਨਮ ਹੀ ਸਫਲ ਹੋ ਜਾਂਦਾ ਹੈ॥੫॥

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥ ਸਾਧ ਕੈ ਸੰਗਿ ਕਲੂਖਤ ਹਰੈ॥ ਸਾਧ ਕੈ ਸੰਗਿ ਨਰਕ ਪਰਹਰੈ॥ ਸਾਧ ਕੈ ਸੰਗਿ ਈਹਾ ਊਹਾ ਸੁਹੇਲਾ॥ ਸਾਧ ਸੰਗਿ ਬਿਛੁਰਤ ਹਰਿ ਮੇਲਾ॥ ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿ ਨ ਬਿਰਥਾ ਜਾਵੈ॥ ਪਾਰਬ੍ਰਹਮੁ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥੬॥

ਸਾਧੂ ਦੇ ਸੰਗ ਕਰਨ ਨਾਲ (ਹਠ ਜੋਗਾਦਿ ਕਠਨ) ਘਾਲ ਦੀ ਕੁਛ ਲੋੜ ਨਹੀਂ ਪੈਂਦੀ, ਦਰਸ਼ਨ ਕਰਕੇ ਹੀ (ਜੀਵ) ਨਿਹਾਲ (ਅਨੰਦ) ਹੋ ਜਾਂਦਾ ਹੈ। ਸਾਧੂ ਦੇ ਸੰਗ ਵਿਚ (ਨਾਮ ਸਿਮਰਨ ਨਾਲ ਪਾਪਾਂ ਦੀ) ਮੈਲ[4] ਗੁਆ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਨਰਕ ਦੂਰ ਹੋ ਜਾਂਦਾ ਹੈ, (ਨਾ ਕੇਵਲ ਨਰਕ ਸਗੋਂ) ਸਾਧੂ ਦੇ ਸੰਗ ਕਰਕੇ ਏਥੇ ਓਥੇ (ਦੁਹੀਂ ਲੋਕੀਂ) ਸੁਖੀ ਹੋ ਜਾਂਦਾ ਹੈ। ਸਾਧੂ ਦੇ ਸੰਗ ਕਰਕੇ ਵਿਛੁੜਿਆਂ ਹੋਇਆਂ ਦਾ ਹਰੀ ਨਾਲ ਮੇਲ ਹੋ ਜਾਂਦਾ ਹੈ। (ਗਲ ਕੀ, ਜੀਵ) ਜੋ ਚਾਹੁੰਦਾ ਹੈ ਉਹੋ ਫਲ ਪਾ ਲੈਂਦਾ ਹੈ। (ਕਿਉਂਕਿ) ਸਾਧੂ ਦੇ ਸੰਗ (ਵਿਚ ਆਇਆ ਕੋਈ ਜੀਵ) ਬਿਰਥਾ (ਖਾਲੀ) ਨਹੀਂ ਜਾਂਦਾ। ਪਾਰਬ੍ਰਹਮ ਸਾਧੂ ਦੇ ਹਿਰਦੇ ਵਿਚ ਵੱਸਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਜੋ) ਸਾਧੂ (ਦੇ ਬਚਨ) ਸੁਣਕੇ (ਉਸ ਦੇ ਉਪਦੇਸ਼ ਵਿਚ) ਰਸ ਲੈਣ[5] ਲੱਗ ਪਵੇ (ਓਹ) ਉਧਰਦਾ ਹੈ[6]॥੬॥

---

੧. ਜਿਵੇਂ ਮੀਂਹ ਵੱਸਦਾ ਹੈ ਤੇ ਸਭ ਨੂੰ ਲਾਭ ਹੁੰਦਾ ਹੈ, ਇਕੁਰ ਸਾਧੂ ਦੇ ਨਾਮ ਧਨ ਦੇ ਵਰਸਾਉਣ (ਵਰਖਾ ਕਰਨ) ਨਾਲ ਸਭ ਕੋਈ ਲਾਭ ਉਠਾਉਂਦਾ ਹੈ, ਯਥਾ 'ਇਸ ਧਨ ਤੇ ਸਭ ਜਗੁ ਵਰਸਾਣਾ' ਹੈ। ਇਸ ਦਾ ਮੂਲ ਹੈ ਸੰਸ:, ਵ੍ਰਿਖ=ਬਰਸਣਾ, ਮੀਂਹ ਪੈਣਾ, ਬਖਸ਼ਣਾ, ਦੇਣਾ, ਸ਼ਕਤੀਮਾਨ ਹੋਣਾ ਆਦਿ।

੨. ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ (ਵਾਰਾਂ ਤੇ ਵਧੀ:ਮ:੫-੧੦) ਪੁਨਾ-ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ॥(ਮਾਰੂ ਮ:੩-੧)।

੩. ਸੁਰਦੇਵਾ, ਸੁਰਾਂ ਦਾ ਜੋ ਦੇਵ ਹੈ, ਇੰਦਰ।

੪. ਕਲੂਖਤ-ਸੰਸ:, ਕਲੁਖਤ੍ਰ=ਮੈਲ। ੫. ਭਾਵ ਪ੍ਰੇਮ ਨਾਲ ਕਮਾਈ ਕਰੇ।

੬. 'ਸਾਧ ਸੁਨਿ ਰਸੈ' ਦਾ ਅਰਥ 'ਸਾਧੂ ਦੀ ਰਸਨਾ ਤੋਂ ਸੁਣਕੇ' ਬੀ ਕਰਦੇ ਹਨ।

ਸਾਧ ਕੈ ਸੰਗਿ ਸੁਨਉ ਹਰਿ ਨਾਉ ॥
ਸਾਧ ਸੰਗਿ ਹਰਿ ਕੇ ਗੁਨ ਗਾਉ ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥
ਸਾਧ ਸੰਗਿ ਸਰਪਰ ਨਿਸਤਰੈ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥
ਸਾਧ ਸੰਗਿ ਭਏ ਆਗਿਆਕਾਰੀ ॥
ਸਾਧ ਸੰਗਿ ਗਤਿ ਭਈ ਹਮਾਰੀ ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਨਾਨਕ ਸਾਧ ਭੇਟੇ ਸੰਜੋਗ ॥੭॥

(ਮੈਂ ਆਪ ਬੀ) ਪਰਮੇਸ਼ੁਰ ਦਾ ਨਾਮ ਸਾਧੂ ਦੇ ਸੰਗ ਵਿਚ ਸੁਣਦਾ ਹਾਂ। ਸਾਧੂ ਦੇ ਸੰਗ ਵਿਚ ਹੀ (ਮੈਂ) ਹਰੀ ਦੇ ਗੁਣਾਂ ਨੂੰ ਗਾਉਂਦਾ ਹਾਂ। (ਹਾਂ) ਸਾਧੂ ਦੇ ਸੰਗ ਕਰਕੇ ਹੀ (ਪਰਮੇਸ਼ੁਰ) ਮਨ ਤੋਂ ਨਹੀਂ ਵਿਸਰਦਾ। ਸਾਧੂ ਦੇ ਸੰਗ ਨਾਲ ਹੀ ਨਿਰਸੰਸੇ (ਜਗਤ) ਤਰ ਜਾਂਦਾ ਹੈ। ਸਾਧੂ ਦੇ ਸੰਗ ਨਾਲ ਪ੍ਰਭੂ ਮਿੱਠਾ ਲੱਗਦਾ ਹੈ। (ਅਸਾਂ) ਸਾਧੂ ਦੇ ਸੰਗ ਕਰਕੇ ਘਟ ਘਟ ਵਿਚ (ਵਾਹਿਗੁਰੂ) ਦੇਖ ਲਿਆ ਹੈ। ਸਾਧੂ ਦੇ ਸੰਗ ਕਰਕੇ ਆਗਜਾਕਾਰੀ ਹੋ ਗਏ ਹਾਂ[੧]। ਸਾਧੂ ਦੇ ਸੰਗ ਕਰਕੇ ਸਾਡੀ ਗਤੀ ਹੋ ਗਈ ਹੈ (ਭਾਵ ਪੂਰਨ ਪਦ ਤੇ ਪਹੁੰਚ ਗਏ ਹਾਂ)। ਸਾਧੂ ਦੇ ਸੰਗ ਕਰਕੇ (ਸਰੀਰਕ ਤੇ ਮਾਨਸਕ) ਸਾਰੇ ਦੁਖ ਮਿਟ ਗਏ ਹਨ, ਉੱਤਮ ਭਾਗਾਂ ਕਰਕੇ ਸਾਧੂ ਜੀ ਮਿਲ ਪਏ[੨], ਹੇ ਨਾਨਕ! ॥੭॥

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥ ਸਾਧ ਕੀ ਸੋਭਾ ਕਾ

ਸਾਧੂ ਦੀ (ਪੂਰੀ) ਮਹਿਮਾ ਵੇਦ[੩] ਬੀ ਨਹੀਂ ਜਾਣਦੇ (ਓਹ) ਜਿਨਾਂ ਕੁ ਸੁਣਦੇ ਹੈਨ ਉਤਨਾ ਕੁ ਹੀ ਕਥਨ ਕਰਦੇ ਹਨ। ਸਾਧੂ ਦੀ ਉਪਮਾ ਸਾਰੇ ਵਜਾਪਕ ਹੈ। (ਭਾਵ ਸਾਰੇ ਕਰ ਰਹੇ ਹਨ, ਪਰ ਅਸਲ ਵਿਚ) ਏਸ ਤਿੰਨਾਂ ਗੁਣਾਂ ਵਾਲੀ (ਰਚਨਾ ਵਿਚ ਕੋਈ ਐਸੀ ਸ਼ੈ ਨਹੀਂ ਜਿਸ ਨਾਲ) ਸਾਧੂ ਦੀ ਉਪਮਾ ਦਿੱਤੀ ਜਾਵੇ[੪]। ਸਾਧੂ ਦੀ ਸ਼ੋਭਾ ਦਾ

---

੧. ਸਾਂਈਂ ਦੀ ਰਜ਼ਾ ਮੰਨਣ ਵਾਲੇ।

੨. ਇਸ ਪਉੜੀ ਵਿਚ ਸਾਧੂ ਦਾ ਇਸ਼ਾਰਾ ਗੁਰੂ ਰਾਮਦਾਸ ਜੀ ਵੱਲ ਹੈ।

੩. ਵੇਦ ਪਰਮੇਸ਼ੁਰ ਦਾ ਕਥਨ ਕਰਦਾ ਕਰਦਾ ਆਪ ਉਸ ਨੂੰ ਨੇਤਿ ਨੇਤਿ ਕਹਿੰਦਾ ਹੈ, ਭਾਵ ਹੈ ਕਿ ਪਰਮੇਸ਼ੁਰ ਦਾ ਸਰੂਪ ਤੇ ਗੁਣ ਵਰਣਨ ਨਹੀਂ ਕਰ ਸਕਦਾ। ਸਾਧੂ ਤੇ ਪਰਮੇਸ਼ੁਰ ਵਿਚ ਜਦ ਭੇਦ ਨਹੀਂ ਤਾਂ ਉਹ ਸਾਧ ਦਾ ਬੀ ਵਰਣਨ ਨਹੀਂ ਕਰ ਸਕਦਾ। ਸਾਧੂ ਪਰਮੇਸ਼ੁਰ ਵਿਚ ਭੇਦ ਕਿਸ ਤਰ੍ਹਾਂ ਨਹੀਂ? ਪੁਰਾਤਨ ਜਨਮ ਸਾਖੀ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਪਰਮੇਸ਼ੁਰ ਤੇ ਉਸ ਦਾ ਸੰਤ ਅਗਨੀ ਤੇ ਅਗਨੀ ਵਿਚ ਪੈ ਕੇ ਲਾਲ ਹੋਏ ਲੋਹੇ ਦੇ ਗੋਲੇ ਵਾਂਙ ਇਕ ਰੂਪ ਹਨ। ਸਾਧੂ ਆਪਣੀ ਹਉਂ ਦਾ ਅਭਾਵ ਕਰਦੇ ਅਰ ਪ੍ਰਭੂ ਦਾ ਪ੍ਰੇਮ ਕਰਦੇ ਕਰਦੇ ਵਿਚਲੀ ਵਿੱਥ ਦੂਰ ਕਰ ਲੈਂਦੇ ਹਨ, ਇਸ ਲਈ 'ਸੰਤ ਅਨੰਤਹਿ ਅੰਤਰੁ ਨਾਹੀ'(ਆਸਾ:ਰਵਿ:-੪) ਓਹ ਸਾਈਂ ਨਾਲ ਤਦਰੂਪ ਹੋ ਜਾਂਦੇ ਹਨ।

੪. ਜਗਤ ਵਿਚ ਕੋਈ ਸਾਧੂ ਦੇ ਉਪਕਾਰ ਨੂੰ ਸਫਲ ਬ੍ਰਿੱਛ ਨਾਲ ਉਪਮਾ ਦੇ ਰਿਹਾ ਹੈ, ਕੋਈ ਉਸ ਦੀ ਝੱਲਣ ਸ਼ਕਤੀ ਨੂੰ ਧਰਤੀ ਨਾਲ ਉਪਮਾ ਦੇ ਰਿਹਾ ਹੈ। ਹਰ ਗੁਣ ਲਈ ਕੋਈ ਉਪਮਾ ਦੇ ਕੇ ਵਰਣਨ ਕੀਤਾ ਜਾਂਦਾ ਹੈ, ਐਉਂ ਤਾ ਉਪਮਾ 'ਭਰਪੂਰ' ਹੈ, ਪਰ ਉਹ ਆਪ ਤ੍ਰਿਗੁਣਾਤੀਤ ਅਵਸਥਾ ਨੂੰ ਪਹੁੰਚ ਚੁਕਾ ਹੈ, ਇਸ ਕਰਕੇ ਗੁਰੂ ਜੀ ਦੱਸਦੇ ਹਨ ਕਿ ਉਸ ਦੀ ਉਪਮਾ ਤ੍ਰੈਗੁਣੀ ਸਾਮਾਨਾਂ ਤੋਂ ਉੱਚੀ ਹੈ।

 www.sikhbookclub.com

ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥ ਸਾਧ ਕੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥ ਸਾਧ ਕੀ ਸੋਭਾ ਸਾਧ ਬਨਿਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥

ਅੰਤ ਨਹੀਂ ਹੈ। ਸਾਧੂ ਦੀ ਮਹਿਮਾ ਸਦਾ (ਸਦਾ) ਬੇਅੰਤ ਹੈ। ਸਾਧੂ ਦੀ ਸ਼ੋਭਾ ਉੱਚੀ ਤੋਂ ਉੱਚੀ (ਸ਼ੈ) ਹੈ। ਸਾਧੂ ਦੀ ਸ਼ੋਭਾ ਵੱਡੀਆਂ (ਸ਼ੋਭਾ) ਤੋਂ (ਬੀ) ਵੱਡੀ ਹੈ। ਸਾਧੂ ਦੀ ਸ਼ੋਭਾ ਸਾਧ ਨੂੰ (ਹੀ) ਬਣ ਆਉਂਦੀ ਹੈ[1]। (ਕਹਿੰਦੇ ਹਨ ਗੁਰੂ) ਨਾਨਕ, ਹੇ ਭਾਈ! ਸਾਧ ਅਰ ਪਰਮੇਸ਼ੁਰ ਵਿਚ ਅੰਤਰਾ ਨਹੀਂ ਹੈ॥੮॥੭॥

ਸਲੋਕੁ॥ ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥੧॥

ਹੇ ਨਾਨਕ! ਬ੍ਰਹਮ ਗਿਆਨੀ ਦੇ ਏਹ ਲੱਛਣ ਹੁੰਦੇ ਹਨ- (ਉਸ ਦੇ) ਮਨ ਵਿਚ ਸੱਚਾ (ਪਰਮੇਸ਼ੁਰ ਵਸਦਾ ਹੈ), (ਉਸ ਦੇ) ਮੂੰਹ ਵਿਚ (ਬੀ) ਉਸੇ ਸੱਚੇ ਦਾ (ਨਾਮ ਨਿਵਾਸ ਹੁੰਦਾ ਹੈ ਤੇ ਓਹ ਉਸ) ਇਕ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ (ਭਾਵ ਉਸ ਨੂੰ ਵਾਹਿਗੁਰੂ ਸਾਰੇ ਵਿਆਪਕ ਦਿੱਸਦਾ ਹੈ, ਯਥਾ-'ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ')॥੧॥

ਅਸਟਪਦੀ॥ ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥

ਬ੍ਰਹਮ ਗਿਆਨੀ (ਮਾਇਕ ਸੰਸਾਰ ਵਿਚ ਵਸਦਾ ਰਸਦਾ ਫੇਰ ਮਾਇਆ ਤੋਂ) ਸਦਾ ਨਿਰਲੇਪ (ਅਸੰਗ ਰਹਿੰਦਾ) ਹੈ, ਜਿੱਕੁਰ ਜਲ ਵਿਚ (ਖੜਾ) ਕਮਲ ਫੁੱਲ (ਜਲ ਤੋਂ) ਅਲੇਪ ਰਹਿੰਦਾ ਹੈ। (ਯਾ) ਜਿੱਕੁਰ ਸੂਰਜ ਸਭ (ਰਸਾਂ ਨੂੰ) ਸੁਕਾਉਂਦਾ ਹੈ (ਪਰ ਫਿਰ ਅਕਲੰਕਿਤ ਹੈ, ਤਿਵੇਂ) ਬ੍ਰਹਮ ਗਿਆਨੀ ਸਦਾ ਦੂਖਣਾਂ ਥੀਂ ਰਹਿਤ ਹੁੰਦਾ ਹੈ। ਬ੍ਰਹਮ ਗਿਆਨੀ ਦੀ (ਦ੍ਰਿਸ਼ਟੀ) ਇਕ ਸਮਾਨ ਦ੍ਰਿਸ਼ਟੀ ਹੁੰਦੀ ਹੈ[2], ਜਿੱਕੁਰ ਪੌਣ ਰਾਜੇ ਤੇ ਕੰਗਾਲ ਸਭ ਨੂੰ ਇਕੋ ਜੇਹੀ ਲੱਗਦੀ ਹੈ। ਬ੍ਰਹਮ ਗਿਆਨੀ ਨੂੰ (ਦੂਜਿਆਂ ਵਲੋਂ ਵੈਰ ਪਿਆਰ ਦਾ ਵਰਤਾਉ ਮਿਲਿਆਂ) ਇਕ ਸਾਰ ਧੀਰਜ (ਦ੍ਰਿੜ੍ਹ ਰਹਿੰਦਾ ਹੈ), ਜਿਸ ਤਰ੍ਹਾਂ ਪ੍ਰਿਥਵੀ ਨੂੰ ਕੋਈ ਪੁੱਟੇ ਕੋਈ ਚੰਦਨ ਦਾ ਲੇਪ ਕਰੇ[3]। ਹੇ ਨਾਨਕ!

---

੧. ਸਾਧੂ ਦੀ ਉਪਮਾ ਸਾਧੂ ਆਪ ਹੀ ਹੈ।

੨. ਭਾਵ, ਉਹ ਸਮਦ੍ਰਿਸ਼ਟਾ ਹੁੰਦਾ ਹੈ, ਰਾਜੇ ਕੰਗਾਲ ਸਭ ਨੂੰ ਇਕ ਤੁਲ ਦੇਖਦਾ ਹੈ।

੩. ਖੋਦਣ ਵਾਲੇ ਤੇ ਚੰਦਨ ਲੇਪਣ ਵਾਲੇ ਦੁਹਾਂ ਨੂੰ ਧਰਤੀ ਇਕੋ ਜੇਹਾ ਧੀਰਜ ਦਿਖਾਉਂਦੀ ਹੈ।


www.sikhbookclub.com

ਬ੍ਰਹਮ ਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥੧॥

ਬ੍ਰਹਮ ਗਿਆਨੀ ਦਾ ਇਹੋ (ਸੁਭਾਵਕ) ਗੁਣ ਹੈ, ਜਿਸ ਤਰ੍ਹਾਂ ਦਾ ਕਿ ਅਗਨੀ ਦਾ ਇਕ ਸਹਿਜੇ ਹੀ ਸੁਭਾਵ[1] ਹੈ (ਕਿ ਗੰਦੇ ਪਦਾਰਥਾਂ ਨੂੰ ਸਾੜਦੀ ਆਪ ਗੰਦੀ ਨਹੀਂ ਹੁੰਦੀ ਤੇ ਜੋ ਨੇੜੇ ਆਵੇ ਉਸ ਦਾ ਪਾਲਾ ਦੂਰ ਕਰਦੀ ਹੈ)॥੧॥

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥ ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥ ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥ ਬ੍ਰਹਮ ਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭੁ ਆਪਿ ਕਰੇਇ॥੨॥

ਬ੍ਰਹਮ ਗਿਆਨੀ ਨਿਰਮਲ ਤੋਂ ਨਿਰਮਲ ਹੁੰਦਾ ਹੈ, ਜਿਕੁਰ ਜਲ ਨੂੰ ਮੈਲ ਨਹੀਂ ਲੱਗਦੀ[2]। ਬ੍ਰਹਮ ਗਿਆਨੀ ਦੇ ਮਨ ਵਿਚ (ਬ੍ਰਹਮ ਦਾ) ਪ੍ਰਕਾਸ਼ ਹੁੰਦਾ ਹੈ, ਜਿੱਕੁਰ ਧਰਤੀ ਉਤੇ ਸਭ ਪਾਸਿਓਂ (ਸੂਰਜ ਦਾ) ਚਾਨਣਾ ਹੁੰਦਾ ਹੈ[3]। ਬ੍ਰਹਮ ਗਿਆਨੀ ਨੂੰ ਵੈਰੀ ਤੇ ਮਿਤਰ ਇਕ ਸਮਾਨ (ਇਕੋ ਜਿਹਾ) ਹੁੰਦਾ ਹੈ। ਬ੍ਰਹਮ ਗਿਆਨੀ ਨੂੰ (ਆਪਣੇ ਬ੍ਰਹਮ ਗਜਾਨੀ ਹੋਣ ਦਾ ਬੀ) ਅਹੰਕਾਰ ਨਹੀਂ ਹੁੰਦਾ। (ਉਂਞ ਤਾਂ) ਬ੍ਰਹਮ ਗਿਆਨੀ ਉੱਚਿਆਂ ਤੋਂ ਉੱਚਾ ਹੁੰਦਾ ਹੈ (ਪਰ ਫੇਰ) ਅਪਣੇ ਮਨ ਵਿਚ (ਉਹ) ਸਭ ਤੋਂ ਨੀਵਾਂ ਰਹਿੰਦਾ ਹੈ[4]। (ਪ੍ਰਸ਼ਨ-ਐਸੇ ਬ੍ਰਹਮ ਗਿਆਨੀ ਕਿਵੇਂ ਬਣਦੇ ਹਨ? ਉੱਤਰ-)ਬ੍ਰਹਮ ਗਿਆਨੀ ਉਹ ਪੁਰਖ ਬਣਦੇ ਹਨ, ਜਿਨ੍ਹਾਂ ਨੂੰ (ਪਰਮੇਸ਼ੁਰ) ਆਪ (ਬ੍ਰਹਮ ਗਜਾਨੀ) ਬਣਾਉਂਦਾ ਹੈ॥੨॥

ਬ੍ਰਹਮ ਗਿਆਨੀ ਸਗਲ ਕੀ ਰੀਨਾ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ॥ ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥ ਬ੍ਰਹਮ ਗਿਆਨੀ

ਬ੍ਰਹਮ ਗਿਆਨੀ ਸਭ ਦੇ (ਚਰਨਾਂ ਦੀ) ਧੂੜ ਹੁੰਦਾ ਹੈ, (ਹਉਂ ਦੇ ਤਜਾਗ ਵਿਚ ਰਹਿੰਦਾ ਹੈ), (ਕਿਉਂਕਿ) ਬ੍ਰਹਮ ਗਿਆਨੀ ਨੇ ਆਤਮ ਰਸ[5] ਨੂੰ ਅਨੁਭਵ ਕਰ ਲਿਆ ਹੁੰਦਾ ਹੈ। ਬ੍ਰਹਮ ਗਿਆਨੀ ਦੀ ਸਭ ਉਤੇ ਕ੍ਰਿਪਾ ਹੁੰਦੀ ਹੈ (ਕਿਉਂਕਿ ਉਸ ਦਾ ਆਤਮ ਰਸ ਦਾਤਾ ਘਟ ਘਟ ਦਾ ਵਾਸੀ ਹੈ ਸੋ)

---

੧. ਸਹਿਜ=ਜੋ ਨਾਲ ਉਪਜਿਆ ਹੋਵੇ, ਕੁਦਰਤੀ। ਜਿਸ ਲਈ ਜਤਨ ਦੀ ਲੋੜ ਨਹੀਂ।

੨. ਰਸਾਇਣ ਵਿਦਜਾ (ਕੈਮਿਸਟਰੀ-Chemistry) ਦੱਸਦੀ ਹੈ ਕਿ ਜਲ ਵਿਚ ਮੈਲ ਲਟਕਦੀ ਹੈ, ਜਲ ਨੂੰ ਮੈਲਾ ਨਹੀਂ ਕਰਦੀ, ਜਲ ਆਪ ਜਲ ਹੀ ਰਹਿੰਦਾ ਹੈ, ਜਲ ਦੇ ਅਵੈਵ ਮੈਲੇ ਨਹੀਂ ਹੁੰਦੇ।

੩. ਆਕਾਸ ਦਾ ਮੂਲ ਅਰਥ ਹੈ-ਅ=ਸਭ ਓਰ ਤੇ। ਕਾਸ਼=(ਕਾਸ਼੍ਰੀ) ਚਾਨਣਾ ਕਰਨਾ। (ਅ) ਐਉਂ ਬੀ ਲਾਉਂਦੇ ਹਨ-ਆਕਾਸ਼ (ਗਗਨ) ਨੂੰ ਬ੍ਰਹਮ ਨਾਲ ਉਪਮਾ ਦੇਂਦੇ ਹਨ। ਜਿਵੇਂ ਗਗਨ ਧਰਤੀ ਨੂੰ ਵੇੜ੍ਹੇ ਹੋਏ ਹੈ, ਅੰਦਰ ਬੀ ਬਾਹਰ ਬੀ, ਤਿਵੇਂ ਬ੍ਰਹਮ ਗਜਾਨੀ ਨੂੰ ਬ੍ਰਹਮ ਵੇੜ੍ਹੇ ਰਹਿੰਦਾ ਹੈ।

੪. ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥ (ਸੁਖਮਨੀ ੩-੬)।

੫. ਆਤਮ ਰਸ ਚੀਨ ਲੈਣ ਵਾਲੇ ਦੇ ਅੰਦਰੋਂ ਹਉਂ ਉਡ ਜਾਂਦੀ ਹੈ, ਹਉਂ ਨਿਵਿਰਤੀ ਵਾਲਾ ਸਭ ਨਾਲ ਨਿੰਮ੍ਰ ਭਾਵ ਵਰਤਦਾ ਹੈ।

ਤੇ ਕਛੁ ਬੁਰਾ ਨਾ ਭਇਆ॥ ਬ੍ਰਹਮ ਗਿਆਨੀ ਸਦਾ ਸਮਦਰਸੀ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥ ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥ ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥

ਬ੍ਰਹਮ ਗਿਆਨੀ ਤੋਂ ਕੁਛ (ਕਿਸੇ ਤਰ੍ਹਾਂ ਬੀ ਕਿਸੇ ਦਾ) ਬੁਰਾ ਨਹੀਂ ਹੁੰਦਾ। ਬ੍ਰਹਮ ਗਿਆਨੀ ਸਦੀਵ ਸਮਦ੍ਰਿਸ਼ਟਾ (ਇਕ ਸਮਾਨ ਦੇਖਣ ਵਾਲਾ) ਹੁੰਦਾ ਹੈ (ਪਰ)' ਬ੍ਰਹਮ ਗਿਆਨੀ ਦੀ (ਉਹ) ਦ੍ਰਿਸ਼ਟੀ ਅੰਮ੍ਰਿਤ ਵਰਸਾਉਣ ਵਾਲੀ ਹੁੰਦੀ ਹੈ। ਬ੍ਰਹਮ ਗਿਆਨੀ (ਸਾਰੇ ਮਾਯਕ) ਬੰਧਨਾਂ ਤੋਂ ਮੁਕਤ ਹੁੰਦਾ ਹੈ, ਬ੍ਰਹਮ ਗਿਆਨੀ ਦੀ ਜੁਗਤ[1] ਨਿਰਮਲ (ਹੁੰਦੀ ਹੈ)। 'ਗਜਾਨ' ਬ੍ਰਹਮ ਗਜਾਨੀ ਦਾ ਭੋਜਨ (ਵਾਂਙੂ ਆਧਾਰ) ਹੁੰਦਾ ਹੈ। ਹੇ ਨਾਨਕ! ਬ੍ਰਹਮ ਗਜਾਨੀ ਦਾ ਧਜਾਨ ਬ੍ਰਹਮ ਧਜਾਨ ਹੁੰਦਾ ਹੈ (ਭਾਵ ਉਸ ਦਾ ਧਜਾਨ ਬ੍ਰਹਮ ਵਿਚ ਜੁੜਿਆ ਰਹਿੰਦਾ ਹੈ)॥੩॥

ਬ੍ਰਹਮ ਗਿਆਨੀ ਏਕ ਊਪਰਿ ਆਸ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮ ਗਿਆਨੀ ਸੁਫਲ ਫਲਾ॥ ਬ੍ਰਹਮ ਗਿਆਨੀ ਸੰਗਿ ਸਗਲ

ਬ੍ਰਹਮ ਗਿਆਨੀ ਦੀ ਆਸਾ ਇਕ (ਅਬਿਨਾਸ਼ ਵਾਹਿਗੁਰੂ) ਪਰ (ਟਿਕੀ ਰਹਿੰਦੀ) ਹੈ, (ਸੋ) ਬ੍ਰਹਮ ਗਿਆਨੀ ਦਾ ਬਿਨਾਸ਼ ਨਹੀਂ ਹੁੰਦਾ[2]। (ਲੋਕਾਂ ਨਾਲ) ਬ੍ਰਹਮ ਗਿਆਨੀ ਦੇ (ਰਿਦੇ ਵਿਚ) ਗਰੀਬੀ ਸਮਾਈ ਰਹਿੰਦੀ ਹੈ (ਅਤੇ) ਬ੍ਰਹਮ ਗਿਆਨੀ ਨੂੰ ਪਰਉਪਕਾਰ ਦਾ (ਸੁਤੇ) ਉਮਾਹ ਰਹਿੰਦਾ ਹੈ[3]। ਬ੍ਰਹਮ ਗਿਆਨੀ (ਦੇ ਮਨ ਵਿਚ ਕੋਈ) ਉਲਝਾਉ ਨਹੀਂ ਪੈਂਦਾ, (ਕਿਉਂਕਿ) ਬ੍ਰਹਮ ਗਿਆਨੀ ਨੇ (ਆਪਣੇ) ਦੌੜਦੇ (ਮਨ ਨੂੰ) ਬੰਨ੍ਹ ਲਿਆ ਹੁੰਦਾ ਹੈ। ਬ੍ਰਹਮ ਗਿਆਨੀ ਤੋਂ ਜੋ ਹੋਵੇ ਸੋ ਭਲਾ ਹੁੰਦਾ ਹੈ[4] (ਭਾਵ ਉਹ ਭਲਾਈ ਦਾ ਸੋਮਾ ਹੁੰਦਾ ਹੈ, ਇਸ ਕਰਕੇ) ਬ੍ਰਹਮ ਗਜਾਨੀ ਸ੍ਰੇਸ਼ਟ ਫਲਾਂ ਕਰਕੇ ਫਲਦਾ ਹੈ[5]। ਬ੍ਰਹਮ ਗਜਾਨੀ ਦੇ ਸੰਗ ਨਾਲ ਸਭ ਦਾ ਨਿਸਤਾਰਾ ਹੋ ਜਾਂਦਾ ਹੈ

---

੧. ਰਹਿਣ ਬਹਿਣ ਦੇ ਵਰਤਾਵਿਆਂ ਦੇ ਤਰੀਕੇ। (ਅ) ਜਗਜਾਸੂਆਂ ਨੂੰ ਸਾਂਈਂ ਵਿਚ ਜੋੜਨ ਦੀ ਜੁਗਤੀ ਨਿਰਮਲ ਹੁੰਦੀ ਹੈ। (ਸੰਪ੍ਰਦਾ।)

੨. ਥਿਰੁ ਪਾਰਬ੍ਰਹਮੁ ਪਰਮੇਸ਼ਰੋ ਸੇਵਕੁ ਥਿਰੁ ਹੋਸੀ॥ (ਮਾਰੂ ਵਾਰ ਮ:੫-੧੮)।

੩. ਜਿਵੇਂ ਚਸ਼ਮਾ ਉਮਾਹੂ ਜਲ ਦੇਂਦਾ ਹੈ ਤਿਵੇਂ ਉਸ ਤੋਂ ਸੁਤੇ ਹੀ ਪਰਉਪਕਾਰ ਹੁੰਦਾ ਹੈ।

੪. ਭਾਵ ਐਉਂ ਬੀ ਲੈਂਦੇ ਹਨ=(ਅ) ਬ੍ਰਹਮ ਗਜਾਨੀ ਨੂੰ ਜੋ ਵਾਪਰੇ ਉਸ ਨੂੰ ਭਲਾ ਜਾਣਦਾ ਹੈ। (ੲ) ਬ੍ਰਹਮ ਗਿਆਨੀ ਤੋਂ ਸਭ ਭਲਾ ਹੁੰਦਾ ਹੈ।

੫. ਸੁਹਣੇ ਫਲਾਂ ਨਾਲ ਫਲਦਾ ਹੈ, ਭਾਵ ਜੋ ਕੁਛ ਕਰਦਾ ਹੈ ਉਸ ਨੂੰ ਸ੍ਰੇਸ਼ਟ ਫਲ ਲਗਦੇ ਹਨ, ਉਸ ਦੇ ਸਤਿਸੰਗ ਨਾਲ ਜਗਜਾਸੂ ਤਿਆਰ ਹੁੰਦੇ ਹਨ ਤੇ ਓਹ ਅਗੋਂ ਗਜਾਨ ਦਾਨ ਕਰਦੇ ਹਨ। ਅਗਲੀ ਤੁਕ ਵਿਚ ਇਸੇ ਭਾਵ ਦਾ ਵਿਸਥਾਰ ਹੈ।

ਉਧਾਰੁ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ॥੪॥

(ਇਸ ਕਰਕੇ) ਬ੍ਰਹਮ ਗਿਆਨੀ ਨੂੰ ਸਾਰਾ ਸੰਸਾਰ ਜਪਦਾ ਹੈ[1], ਹੇ ਨਾਨਕ! ॥੪॥

ਬ੍ਰਹਮ ਗਿਆਨੀ ਕੈ ਏਕੈ ਰੰਗ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥ ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥ ਬ੍ਰਹਮ ਗਿਆਨੀ ਸਦਾ ਸਦ ਜਾਗਤ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ॥ ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥ ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥੫॥

ਬ੍ਰਹਮ ਗਿਆਨੀ ਨੂੰ ਇਕੋ (ਪ੍ਰਭੂ ਦੇ) ਪ੍ਰੇਮ (ਦਾ ਰੰਗ (ਚੜ੍ਹਿਆ ਰਹਿੰਦਾ) ਹੈ, (ਉਧਰ) ਪ੍ਰਭੂ (ਬੀ) ਬ੍ਰਹਮ ਗਿਆਨੀ ਦੇ ਸੰਗ ਆ ਵੱਸਦਾ ਹੈ (ਭਾਵ ਵਿਛੁੜਦਾ ਨਹੀਂ)। ਬ੍ਰਹਮ ਗਿਆਨੀ ਦੇ (ਰਿਦੇ ਵਿਚ) ਨਾਮ ਦਾ ਆਸਰਾ ਹੁੰਦਾ ਹੈ (ਅਤੇ) ਬ੍ਰਹਮ ਗਿਆਨੀ ਨੂੰ ਨਾਮ ਹੀ ਪਰਵਾਰ ਹੋ ਜਾਂਦਾ ਹੈ[2]। ਬ੍ਰਹਮ ਗਿਆਨੀ (ਗਿਆਨ-ਜਾਗ੍ਰਤ ਵਿਚ) ਸਦਾ ਹੀ ਜਾਗਦਾ ਹੈ (ਕਿਉਂਕਿ) ਬ੍ਰਹਮ ਗਿਆਨੀ ਅਹੰਕਾਰ ਵਾਲੀ ਬੁੱਧੀ[3] ਨੂੰ (ਮੂਲੋਂ) ਛੱਡ ਦਿੰਦਾ ਹੈ[4]। ਬ੍ਰਹਮ ਗਿਆਨੀ ਦੇ ਮਨ ਵਿਚ ਪੂਰਨ ਆਨੰਦ (ਰਹਿੰਦਾ) ਹੈ। ਬ੍ਰਹਮ ਗਿਆਨੀ ਦੇ ਘਰ (ਸਰੀਰ) ਵਿਚ ਬੀ ਸਦਾ ਅਨੰਦ (ਰਹਿੰਦਾ ਹੈ, ਇਉਂ) ਬ੍ਰਹਮ ਗਿਆਨੀ ਦਾ ਨਿਵਾਸ ਸਹਿਜ ਸੁਖ ਵਿਚ (ਹੁੰਦਾ ਹੈ)[5]। (ਸੋ) ਬ੍ਰਹਮ ਗਿਆਨੀ ਦਾ ਵਿਨਾਸ਼ ਨਹੀਂ ਹੁੰਦਾ (ਭਾਵ ਅਮਰ ਪੱਦਵੀ ਨੂੰ ਪਹੁੰਚ ਜਾਂਦਾ ਹੈ) ਹੇ ਨਾਨਕ! ॥੫॥

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ॥ ਬ੍ਰਹਮ ਗਿਆਨੀ ਕੈ ਹੋਇ ਅਚਿੰਤ॥ ਬ੍ਰਹਮ ਗਿਆਨੀ ਕਾ

ਬ੍ਰਹਮ ਗਿਆਨੀ (ਕੌਣ ਹੈ? ਉਤਰ-ਉਹ ਜੋ) ਬ੍ਰਹਮ ਦਾ ਜਾਣਨੇ ਵਾਲਾ ਹੈ। ਬ੍ਰਹਮ ਗਿਆਨੀ (ਉਹ ਹੈ ਜਿਸ) ਦਾ ਇਕ (ਪਰਮੇਸ਼ੁਰ) ਨਾਲ ਹਿੱਤ (ਹੁੰਦਾ ਹੈ)[6]। ਬ੍ਰਹਮ ਗਿਆਨੀ (ਓਹ ਹੈ ਜਿਸ) ਦੇ (ਮਨ ਵਿਚ) ਹੁੰਦੀ ਹੈ ਅਚਿੰਤਤਾਈ[7]।

---

੧. ਪਰਮੇਸ਼ੁਰ ਵਿਚ ਅਭੇਦ ਮਿਲੇ ਹੋਣ ਕਰਕੇ ਤੇ ਉਸ ਤੋਂ ਕਲਯਾਨ ਮਿਲਣੇ ਕਰਕੇ ਬ੍ਰਹਮ ਗ੍ਯਾਨੀ ਨੂੰ ਭੀ ਜਗਤ ਸਿਮਰਦਾ ਹੈ।

੨. ਨਾਮ ਦਾ ਆਧਾਰ ਸਾਰੇ ਆਸਰਿਆਂ ਦੀ ਥਾਵੇਂ ਆਧਾਰ ਹੁੰਦਾ ਹੈ, ਪਰਵਾਰ ਦਾ ਆਧਾਰ ਬੀ ਨਾਮ ਹੋ ਜਾਂਦਾ ਹੈ, ਯਥਾ- 'ਹਰਿਨਾਮੁ ਪਿਤਾ ਹਰਿਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥' (ਵਾਰ ਵਡਹੰਸ ਮ:੪-੧੫)।

੩. ਹਉਮੈਂ ਨੂੰ!

੪. ਅਹੰ ਦੂਰ ਹੋਏ ਤੇ ਆਤਮ ਜਾਗਤ੍ਰ ਹੋ ਜਾਂਦੀ ਹੈ, ਫੇਰ ਪਰਮਾਤਮ ਮੇਲ ਹੋਯਾ ਰਹਿੰਦਾ ਹੈ, ਇਸ ਕਰਕੇ ਅਗਲੀ ਤੁਕ ਵਿਚ ਦੱਸਦੇ ਹਨ ਕਿ ਉਸ ਦੇ ਅੰਦਰ ਪਰਮ ਅਨੰਦ ਰਹਿੰਦਾ ਹੈ!

੫. ਆਤਮਾ ਦੇ ਪਰਮਾਤਮਾ ਨਾਲ ਮੇਲ ਹੋ ਗਏ ਤੋਂ ਅਸਲੀ ਤੇ ਅਮਰ ਸੁਖ ਪ੍ਰਾਪਤ ਹੁੰਦਾ ਹੈ ਸੋ ਸਹਜ ਸੁਖ ਹੈ।

੬. ਕੇਵਲ ਵਾਚਯ ਗ੍ਯਾਨ ਕਾਫੀ ਨਹੀਂ, ਸਚਮੁਖ ਦਾ ਵੇਤਾ-ਜਾਨਣੇ ਵਾਲਾ-ਹੋਵੇ ਤੇ ਓਹ ਪ੍ਰੇਮ ਨਾਲ ਬਣਦਾ ਹੈ, ਗ੍ਯਾਨ ਤੇ ਪ੍ਰੇਮ ਇਸ ਕਰਕੇ ਦੋਵੇਂ ਇਕੱਠੇ ਕਹੇ ਹਨ।

੭. ਯਾ ਅਚਿੰਤ ਵਾਹਿਗੁਰੂ।

ਨਿਰਮਲ ਮੰਤ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ॥ ਬ੍ਰਹਮ ਗਿਆਨੀ ਕਾ ਬਡ ਪਰਤਾਪ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥੬॥

ਬ੍ਰਹਮ ਗਿਆਨੀ ਦਾ ਮੰਤ ਨਿਰਮਲ ਹੁੰਦਾ ਹੈ[1]। ਬ੍ਰਹਮ ਗਿਆਨੀ (ਉਹ ਹੈ) ਜਿਸ ਨੂੰ ਪ੍ਰਭੂ ਆਪ (ਬ੍ਰਹਮ ਗਿਆਨੀ) ਖਣਾ ਲੈਂਦਾ ਹੈ, (ਇਸ ਕਰਕੇ) ਬ੍ਰਹਮ ਗਿਆਨੀ ਦਾ ਪ੍ਰਤਾਪ ਵੱਡਾ ਹੁੰਦਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵੱਡੇ ਭਾਗਾਂ ਕਰਕੇ ਪਾਈਦਾ ਹੈ (ਦਰਸ਼ਨ ਮਿਲੇ ਤਾਂ ਚਾਹੀਦਾ ਹੈ ਕਿ) ਬ੍ਰਹਮ ਗਿਆਨੀ ਤੋਂ (ਸਦਾ) ਬਲਿਹਾਰ ਬਲਿਹਾਰ ਜਾਈਏ। ਬ੍ਰਹਮ ਗਿਆਨੀ ਨੂੰ ਸ਼ਿਵ (ਜੀ ਵਰਗੇ ਵਡੇ ਦੇਵਤੇ ਬੀ) ਖੋਜਦੇ ਹਨ[2]। (ਕਹਿੰਦੇ ਹਨ ਗੁਰੂ) ਨਾਨਕ, ਬ੍ਰਹਮ ਗਿਆਨੀ ਆਪ ਪਰਮੇਸ਼ੁਰ ਹੈ[3]॥੬॥

ਬ੍ਰਹਮ ਗਿਆਨੀ ਕੀ ਕੀਮਤ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖੵਰੁ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥ ਬ੍ਰਹਮ ਗਿਆਨੀ ਕੀ

(ਪਰਮੇਸ਼ੁਰ ਵਿਚ ਅਭੇਦ ਹੋ ਕੇ ਪਰਮੇਸ਼ੁਰ ਰੂਪ ਕਹਿ ਆਏ ਹਨ, ਇਸ ਕਰ ਕੇ ਫੁਰਮਾਉਂਦੇ ਹਨ ਕਿ-) ਬ੍ਰਹਮ ਗਿਆਨੀ ਦੀ ਕੀਮਤ ਨਹੀਂ (ਪੈ ਸਕਦੀ)[4]। ਬ੍ਰਹਮ ਗਿਆਨੀ ਦੇ ਮਨ ਵਿਚ ਸਾਰਾ (ਕੁਛ ਹੀ) ਹੈ (ਭਾਵ, ਗੁਣ, ਗਜਾਨ, ਬ੍ਰਹਮੰਡ)। ਬ੍ਰਹਮ ਗਿਆਨੀ ਦਾ ਭੇਦ ਕੌਣ ਜਾਣ ਸਕਦਾ ਹੈ[5]? (ਇਸ ਲਈ) ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਕਰਨੀ ਚਾਹੀਏ। ਬ੍ਰਹਮ ਗਿਆਨੀ (ਦੀ ਮਹਿਮਾ) ਦਾ ਅੱਧਾ ਅੱਖਰ ਬੀ ਨਹੀਂ ਕਿਹਾ ਜਾ ਸਕਦਾ (ਭਾਵ ਥੋੜ੍ਹੀ ਮਹਿਮਾ ਬੀ ਨਹੀਂ ਕਹੀ ਜਾ ਸਕਦੀ)। ਬ੍ਰਹਮ ਗਿਆਨੀ ਸਭ ਦਾ ਠਾਕੁਰ (ਭਾਵ ਸਨਮਾਨਣੇ ਯੋਗ ਹੈ)। ਬ੍ਰਹਮ ਗਿਆਨੀ

---

੧. ਮੰਤ=ਮਨਤਵਜ=ਮਨ ਦਾ ਅੰਦਰਲਾ ਭਾਵ, (ਅ) ਮੰਤ ਨੂੰ ਮੰਤ੍ਰ ਸਮਝ ਕੇ 'ਉਪਦੇਸ਼' ਅਰਥ ਬੀ ਲਾਉਂਦੇ ਹਨ।

੨. ਕਿਉਂਕਿ 'ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ'; (ਭੈ:ਮ:੧:ਅਸ਼ਟ-੧) ਅਤੇ 'ਬ੍ਰਹਮ ਗਿਆਨੀ ਕੀ ਦ੍ਰਿਸ਼ਟਿ ਅੰਮ੍ਰਿਤ ਬਰਸੀ'।

੩. ਯਥਾ- 'ਜਿਨਿ ਜਾਤਾ ਸੋ ਤਿਸ ਹੀ ਜੇਹਾ'॥ (ਰਾਮ:ਦਖ:ਓਅੰ:-੧੦) ਮਹਾ+ਈਸ਼੍ਵਰ+ਮਹੇਸ਼੍ਵਰ, ਇਹ ਸ਼ਿਵ ਜੀ ਦਾ ਨਾਮ ਹੈ। ਪਰਮ+ਈਸ਼੍ਵਰ=ਪਰਮੇਸ਼ੁਰ=ਇਹ ਨਾਮ ਅਕਾਲ ਪੁਰਖ ਦਾ ਹੈ।

੪. ਬ੍ਰਹਮ ਗਜਾਨੀ ਦੇ ਆਪ ਅਨੰਤਤਾ ਵਿਚ ਲੀਨ ਹੋ ਜਾਣ ਕਰਕੇ ਉਸ ਦੀ ਕੀਮਤ ਕੀਕੂੰ ਪੈ ਸਕਦੀ ਹੈ। ਉਹ 'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ' (ਮਾਰੂ ਵਾਰ ਮ:੫-੧੯) ਅਨੁਸਾਰ ਪਰਮੇਸ਼ੁਰ ਵਾਂਙੂ ਹੀ ਅਮੁਲ ਹੋ ਗਿਆ ਹੈ।

੫. ਆਪ ਤਾਂ ਉਹ ਅਨੰਤਤਾ ਵਿਚ ਹੈ, ਪਰ ਸਾਰਾ ਗਜਾਨ (ਅਥਵਾ ਸਾਰਾ ਬ੍ਰਹਮੰਡ) ਉਸ ਨੂੰ ਪ੍ਰਾਪਤ ਹੈ, ਇਸ ਕਰਕੇ ਉਸ ਨੂੰ ਸਮਝ ਸਕਣਾ ਕਠਨ ਹੈ।

ਮਿਤਿ ਕਉਨ ਬਖਾਨੈ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥੭॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥ ਬ੍ਰਹਮ ਗਿਆਨੀ ਅਨਾਥ ਕਾ ਨਾਥੁ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥ ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥੮॥੮॥

ਦੀ ਮਿਤੀ[੧] ਕਉਣ ਕਹੇ? ਬ੍ਰਹਮ ਗਿਆਨੀ ਦੀ ਗਤੀ[੨] ਨੂੰ ਬ੍ਰਹਮ ਗਿਆਨੀ (ਹੀ) ਜਾਣ ਸਕਦਾ ਹੈ[੩]। ਬ੍ਰਹਮ ਗਿਆਨੀ ਦੀ ਹਦ ਤੇ ਅੰਤ ਨਹੀਂ ਪਾਇਆ ਜਾਂਦਾ। (ਤਾਂਤੇ) ਬ੍ਰਹਮ ਗਿਆਨੀ ਨੂੰ (ਸਾਡੀ) ਸਦਾ ਨਮਸਕਾਰ ਹੈ, ਹੇ ਨਾਨਕ!॥੭॥

ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦੇ ਰਚਣੇਹਾਰਾ ਹੈ (ਸਮੁੰਦਰ ਵਿਚ ਨਦੀ ਵਤ ਪੈ ਕੇ ਸਮੁੰਦਰ ਜੁ ਹੋ ਚੁਕਾ ਹੈ)। ਬ੍ਰਹਮ ਗਿਆਨੀ ਸਦਾ ਜੀਂਵਦਾ ਹੈ (ਕਦੇ) ਮਰਦਾ ਨਹੀਂ। ਬ੍ਰਹਮ ਗਿਆਨੀ ਮੁਕਤੀ, (ਮੁਕਤੀ ਦੀ) ਜੁਗਤੀ (ਤੇ) ਜੀਅਦਾਨ ਦਾ ਦੇਣੇ ਵਾਲਾ ਹੈ[੪]। ਬ੍ਰਹਮ ਗਿਆਨੀ ਪੂਰਨ ਪੁਰਖ ਹੈ, ਵਿਧਾਤਾ (ਸਰੂਪ) ਹੈ[੫]। ਬ੍ਰਹਮ ਗਿਆਨੀ ਅਨਾਥਾਂ ਦਾ ਨਾਥ ਹੈ (ਸੋ) ਬ੍ਰਹਮ ਗਿਆਨੀ ਦਾ ਹੱਥ ਸਭ ਦੇ (ਸਿਰ) ਉਤੇ ਹੁੰਦਾ ਹੈ (ਭਾਵ ਸਭ ਦਾ ਸਹਾਈ ਹੈ)। ਸਾਰਾ ਆਕਾਰ ਬ੍ਰਹਮ ਗਿਆਨੀ ਦਾ (ਆਪਣਾ[੬]) ਹੈ (ਉਸ ਨੂੰ ਓਪਰਾ ਕੋਈ ਨਹੀਂ)। ਬ੍ਰਹਮ ਗਿਆਨੀ (ਤਾਂ) ਆਪ ਹੀ ਨਿਰੰਕਾਰ ਹੈ। ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਹੀ ਫੱਬਦੀ ਹੈ[੭](ਕਹਿੰਦੇ ਹਨ ਗੁਰੂ) ਨਾਨਕ, ਬ੍ਰਹਮ ਗਿਆਨੀ ਸਭ ਦਾ ਧਨੀ[੮] ਹੈ॥੮॥੮॥

ਪ੍ਰਸ਼ਨ:- ਬ੍ਰਹਮ ਗਿਆਨੀ ਦਾ ਰੂਪ ਤਾਂ ਆਪ ਨੇ ਦੱਸਿਆ, ਹੁਣ ਅਪਰਸ ਤੇ ਵੈਸ਼ਨੋ ਆਦਿ ਦਾ ਬੀ ਦੱਸੋ? ਉੱਤਰ-ਅਪਰਸ ਉਹ ਨਹੀਂ ਜੋ ਕਿਸੇ ਨਾਲ ਛੋਂਹਦਾ ਨਹੀਂ, ਪਰ-

---

੧. ਮਿਤੀ=ਵਿਸਥਾਰ, ਹੱਦ। ਵੇਰਵਾ ਕਿ ਉਹ ਕੇਡਾ ਕੁ ਹੈ।

੨. ਗਤਿ=ਪਹੁੰਚ, ਗਿਆਨ, ਪ੍ਰਾਪਤੀ, ਹਾਲਤ।

੩. ਭਾਵ, ਉਹ ਅਪਣੀ ਗਤਿ ਆਪ ਹੀ ਜਾਣਦਾ ਹੈ ਯਾ ਕੋਈ ਬ੍ਰਹਮ ਗਿਆਨੀ ਹੋਵੇ ਤਾਂ ਉਸ ਨੂੰ ਪਛਾਣੇ।

੪. ਜੁਗਤਿ=ਵਾਹਿਗੁਰੂ ਮਿਲਾਪ ਦਾ ਤ੍ਰੀਕਾ ਦੱਸਣੇ ਵਾਲਾ। ਜੀਅ ਕਾ ਦਾਤਾ=ਰੂਹਾਨੀ ਜ਼ਿੰਦਗੀ ਦੇਣ ਵਾਲਾ।

੫. ਵਿਧਾਤਾ=ਵਿਧਾਤ੍ਰੀ=ਰਚਣੇਹਾਰ, ਪ੍ਰਬੰਧ ਕਰਤਾ।

੬. (ਅ) ਉਹ ਅਰੂਪ ਵਿਚ ਅਭੇਦ ਹੋ ਗਿਆ ਹੈ ਤਾਂ ਤੇ ਸਾਰਾ ਰੂਪ ਉਸੇ ਦਾ ਹੈ।

੭. ਉਸ ਦੀ ਸ਼ੋਭਾ ਤੇ ਸ਼ਾਨ ਦਾ ਹੋਰ ਕੋਈ ਨਹੀਂ, ਭਾਵ ਉਸ ਦੀ ਉਪਮਾ ਕਿਸੇ ਨਾਲ ਨਹੀਂ ਦਿਤੀ ਜਾ ਸਕਦੀ।

੮. ਮਾਲਕ ਤੇ ਦਾਤਾ।

ਸਲੋਕੁ॥ ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥ ਨਿਮਖ ਨਿਮਖ ਠਾਕੁਰ ਨਮਸਕਾਰੈ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥੧॥

ਜੋ (ਆਦਮੀ ਆਪਣੇ) ਹਿਰਦੇ ਵਿਚ ਨਾਮ ਨੂੰ ਧਾਰਨ ਕਰ ਲਵੇ, ਸਭਨਾਂ (ਜੀਵਾਂ) ਵਿਚ ਅਕਾਲ ਪੁਰਖ ਨੂੰ (ਪੂਰਨ) ਦੇਖੇ (ਅਰ) ਪਲ ਪਲ ਵਿਚ ਪਰਮੇਸ਼ੁਰ ਨੂੰ ਨਮਸਕਾਰ ਕਰੇ, ਉਹ ਅਪਰਸ ਹੈ, ਤੇ (ਉਹ) ਸਭ ਨੂੰ ਤਾਰ ਲੈਂਦਾ ਹੈ[1]॥੧॥

ਅਸਟਪਦੀ॥ ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥ ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥ ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥ ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥

(ਗੁਰਤਿ ਦਾ ਆਦਰਸ਼ਕ ਅਪਰਸ ਇਹ ਹੈ ਜੋ) ਰਸਨਾ ਨੂੰ ਝੂਠ ਨਾਲ ਛੁਹਣ ਨਹੀਂ ਦੇਂਦਾ। ਮਨ ਵਿਖੇ ਮਾਇਆ ਰਹਿਤ (ਪਰਮੇਸ਼ੁਰ ਦੇ) ਦਰਸ਼ਨ ਦੀ ਪ੍ਰੀਤਿ (ਰਖਦਾ) ਹੈ, ਪਰਾਈ ਇਸਤ੍ਰੀ ਦਾ ਰੂਪ (ਵਿਸ਼ੇ ਭਾਵਨਾਂ ਦੇ) ਨੇਤ੍ਰਾਂ (ਕਰਕੇ) ਨਹੀਂ ਦੇਖਦਾ, ਸਾਧਾਂ ਦੀ ਟਹਿਲ (ਕਰਦਾ ਹੈ ਤੇ) ਸੰਤਾਂ ਨਾਲ ਪ੍ਰੇਮ ਕਰਦਾ ਹੈ। ਕੰਨਾਂ ਨਾਲ ਕਿਸੇ ਦੀ ਨਿੰਦਾ ਨਹੀਂ ਸੁਣਦਾ (ਮਗੋਂ) ਅਪਣੇ ਆਪ ਨੂੰ ਸਭ ਤੋਂ ਮਾੜਾ ਜਾਣਦਾ ਹੈ, ਗੁਰੂ ਦੀ ਕ੍ਰਿਪਾ ਨਾਲ (ਵਿਸ਼ਯ ਵਾਸ਼ਨਾ ਰੂਪੀ) ਵਿਹੁ ਨੂੰ ਦੂਰ ਰਖਦਾ ਹੈ[2], (ਜਿਸ ਦੀ ਸਗਲ) ਮਨੋ ਵਾਸ਼ਨਾ ਮਨ ਤੋਂ ਟਲ ਜਾਂਦੀ ਹੈ, (ਜੋ) ਇੰਦ੍ਰੀ ਜਿਤ[3] (ਹੁੰਦਾ ਹੈ ਤੇ) ਪੰਜ ਦੋਖਾਂ[4] ਤੋਂ ਬਚ ਗਿਆ ਹੁੰਦਾ ਹੈ, ਐਸਾ (ਪੁਰਖ) ਅਪਰਸ (ਕਹਾਉਣੇ ਯੋਗ ਹੈ ਤੇ ਉਹ) ਕ੍ਰੋੜਾਂ ਵਿਚੋਂ ਕੋਈ (ਇਕ) ਹੁੰਦਾ ਹੈ (ਦੱਸਦੇ ਹਨ ਗੁਰੂ) ਨਾਨਕ (ਦੇਵ ਜੀ)॥੧॥

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥ ਕਰਮ ਕਰਤ ਹੋਵੈ ਨਿਹਕਰਮ॥

ਵੈਸ਼ਨੋ ਉਹ ਹੈ, ਜਿਸ ਪੁਰ ਉਹ (ਪਰਮੇਸ਼ੁਰ ਆਪ) ਪ੍ਰਸੰਨ ਹੈ, (ਅਰ ਜੋ) ਪਰਮੇਸ਼ੁਰ ਦੀ ਮਾਇਆ ਤੋਂ (ਅਪਣੇ ਆਪ ਨੂੰ) ਅੱਡ ਰੱਖਦਾ ਹੈ, ਜੋ ਕਰਮ ਕਰਦਾ ਹੋਇਆ ਨਿਹਕਰਮੀ

---

੧. ਜੋ ਸਪਰਸ਼ ਨਾ ਕਰੇ, ਨਾ ਛੂਹਣ ਵਾਲਾ। ਸਾਧੂ ਜੋ ਪੈਸਾ ਰੁਪੱਯਾ ਮੋਹਰ ਤੇ ਧਾਤ ਦੇ ਬਰਤਨਾਂ ਨੂੰ ਨਾ ਛੋਹੇ, ਜੋ ਆਪਣੇ ਬਸਤ੍ਰ ਬੀ ਕਿਸੇ ਨਾਲ ਨਾ ਛੁਹਣ ਦੇਵੇ। ਇਸ ਪਉੜੀ ਵਿਚ ਅਸਲ ਅਪਰਸ ਦਾ ਆਦਰਸ਼ ਦੱਸਿਆ ਹੈ। ਅਪਰਸ ਅਲੱਗ ਰਹਿ ਕੇ ਆਪ ਨੂੰ ਤਾਰਨੇ ਦਾ ਜਤਨ ਕਰਦਾ ਹੈ, ਗੁਰੂ ਜੀ ਆਪਣੇ ਅਪਰਸ ਨੂੰ ਸਭਨਾਂ ਵਿਚ ਰਹਿ ਕੇ ਤਾਰਨਹਾਰ ਦੱਸਦੇ ਹਨ।

੨. ਬਿਖਿਆ ਪਦ ਜ਼ਹਿਰ ਦੇ ਅਰਥਾਂ ਵਿਚ ਆਯਾ ਹੈ, ਯਥਾ- 'ਬਿਖਿਆ ਅੰਮ੍ਰਿਤ ਏਕੁ ਹੈ'। (ਦ:ਓਅੰ:)

(ਅ) ਸੰਪ੍ਰਦਾਈ ਗਿਆਨੀ ਐਉਂ ਬੀ ਲਾਉਂਦੇ ਹਨ-ਵਿਸ਼ਿਆਂ ਨੂੰ ਮਨ ਤੋਂ ਦੂਰ ਰਖਦਾ ਹੈ।

੩. ਜਿਸ ਨੇ ਆਪਣੇ ਇੰਦ੍ਰਿਆਂ ਉੱਤੇ ਕਾਬੂ ਪਾ ਲਿਆ ਹੈ।

੪. ਸੰਸ:, ਦੋਖ=ਅਵਗੁਣ, ਐਬ, ਪਾਪ। ਪੰਚ ਦੋਖ=ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

 www.sikhbookclub.com

ਤਿਸੁ ਬੈਸਨੋ ਕਾ ਨਿਰਮਲ ਧਰਮ॥ ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥ ਮਨ ਤਨ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥ ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ ਪਰਮਗਤਿ ਪਾਵੈ॥੨॥

ਰਹਿੰਦਾ ਹੈ, ਉਸ ਵੈਸ਼ਨੋਂ[1] ਦਾ ਧਰਮ ਪਵਿਤਰ ਹੈ। (ਅਰਥਾਤ) ਜੋ ਕਿਸੇ (ਕਰਮ ਦੇ) ਫਲ ਦੀ ਇੱਛਾ ਨਹੀਂ ਧਾਰਦਾ, ਕੇਵਲ (ਪਰਮੇਸ਼ੁਰ ਦੀ) ਭਗਤੀ (ਤੇ ਉਸ ਦੇ) ਜਸ ਗਾਉਣ ਵਿਚ ਹੀ ਰਚਿਆ ਰਹਿੰਦਾ ਹੈ। (ਜਿਸ ਦੇ) ਮਨ ਤਨ ਦੇ ਅੰਦਰ ਪਰਮੇਸ਼ੁਰ ਦਾ ਸਿਮਰਨ[2] ਹੈ (ਤੇ ਜੋ ਸੰਸਾਰਕ ਵਰਤੋਂ ਵਿਚ) ਸਭ ਉਤੇ ਕ੍ਰਿਪਾਲੂ ਹੋ ਕੇ ਵਰਤਦਾ ਹੈ। (ਅਰਥਾਤ ਜੋ) ਆਪ (ਤਾਂ) ਨਾਮ (ਅਪਣੇ ਮਨ ਵਿਚ) ਪੱਕਾ ਕਰੀ ਰੱਖਦਾ ਹੈ ਤੇ ਹੋਰਨਾਂ ਨੂੰ (ਨਾਮ) ਜਪਾਉਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ ਉਹ ਵੈਸ਼ਨੋ ਪਰਮਗਤੀ[3] ਨੂੰ ਪ੍ਰਾਪਤ ਹੁੰਦਾ ਹੈ॥੨॥

ਭਗਉਤੀ ਭਗਵੰਤ ਭਗਤਿ ਕਾ ਰੰਗੁ॥ ਸਗਲ ਤਿਆਗੈ ਦੁਸਟ ਕਾ ਸੰਗੁ॥ ਮਨ ਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ॥ ਸਾਧਸੰਗਿ ਪਾਪਾ ਮਲੁ ਖੋਵੈ॥

(ਅਮਲੀ) ਭਗਉਤੀ[4] ਉਹ ਪੁਰਖ ਹੈ, ਜਿਸ ਨੂੰ) ਭਗਵੰਤ (=ਅਕਾਲ ਪੁਰਖ) ਦੀ ਭਗਤੀ ਦਾ ਰੰਗ (ਚੜ੍ਹ ਗਿਆ ਹੋਵੇ), ਸਰਬਥਾ[5] (ਭਾਵ ਮੂਲੋਂ) ਦੁਸ਼ਟ (ਪੁਰਖਾਂ, ਕਰਮਾਂ ਤੇ ਵਾਸ਼ਨਾ) ਦਾ ਸੰਗ ਤਿਆਗ ਦੇਵੇ। (ਜਿਸ ਦੇ) ਮਨ ਤੋਂ ਸਾਰਾ ਭਰਮ ਦੂਰ ਹੋ ਗਿਆ ਹੋਵੇ। (ਜੋ) ਪਾਰਬ੍ਰਹਮ ਨੂੰ, ਸਗਲ (ਰੂਪ ਵਿਚ ਵਿਯਾਪਕ) ਜਾਣ ਕੇ ਪੂਜਦਾ ਹੋਵੇ[6]। (ਜੋ ਪਹਿਲੋਂ) ਸਾਧਾਂ ਦੇ ਸੰਗ ਵਿਚ (ਬੈਠ ਕੇ) ਪਾਪਾਂ ਦੀ ਮੈਲ ਨੂੰ ਦੂਰ ਕਰ ਲੈਂਦਾ ਹੈ,

---

੧. ਵੈਸ਼ਨੋ= ('ਵੈਖ੍ਣਵ' ਸੰਸ:) ਵਿਸ਼ਨੂੰ ਦਾ ਉਪਾਸ਼ਕ। ਇਕ ਮਤ ਹੈ ਜੋ ਵਿਸ਼ਨੂੰ ਦਾ ਉਪਾਸਕ ਹੈ, ਭਗਤੀ ਜਿਨ੍ਹਾਂ ਦਾ ਮਾਰਗ ਹੈ। ਇਨ੍ਹਾਂ ਦੇ ਮੁੱਖ ਪੰਜ ਫ਼ਿਰਕੇ ਹਨ। ਆਮ ਤੌਰ ਤੇ ਵੈਸ਼ਨੋ ਜ਼ਾਹਰੀ ਸੁੱਚਮਤਾ ਵਾਲੇ, ਖਾਸ ਚਿੰਨ੍ਹ ਧਾਰਨ ਵਾਲੇ, ਮੂਰਤੀ ਪੂਜ ਤੇ ਜੈਨੀਆਂ ਵਾਂਙ ਮਾਸ ਨਾ ਖਾਣ ਵਾਲੇ ਨੂੰ ਕਹਿੰਦੇ ਹਨ। ਇਸ ਪਉੜੀ ਵਿਚ ਵੈਸ਼ਨੋ ਦਾ ਅਰਥ 'ਵਾਹਿਗੁਰੂ ਉਪਾਸ਼ਕ' ਲੈ ਕੇ ਗੁਰੂ ਜੀ ਆਦਰਸ਼ਕ ਵੈਸ਼ਨੋ ਦਾ ਰੂਪ ਦੱਸਦੇ ਹਨ।

੨. ਭਾਵ, ਰਸਨਾਂ ਨਾਲ ਬੀ ਤੇ ਮਨ ਨਾਲ ਬੀ।

੩. ਪਰਮ ਉੱਚੀ ਅਵਸਥਾ, ਮੁਕਤੀ।

੪. ਇਕ ਅਤਿ ਪ੍ਰਾਚੀਨ ਮਤ-- 'ਪੰਚ ਰਾਤ੍ਰ' ਦਾ-ਨਾਮ ਹੈ, ਜੋ ਨਾਰਾਯਨ ਦੀ ਪੂਜਾ ਕਰਦੇ ਸਨ। ਭਗਉਤੀ ਪਦ ਭਾਗਵਤ ਤੋਂ ਬਣਿਆ ਹੈ। ਭਾਗਵਤ ਯਾ ਪੰਚ ਰਾਤ੍ਰ ਇਕੋ ਮਤ ਦੇ ਨਾਮ ਹਨ। ਹੁਣ ਦਾ ਵੈਸ਼ਨਵ ਮਤ ਆਦਿ ਵਿਚ ਪਰਮ ਪੁਰਾਣੇ ਸਮੇਂ 'ਭਾਗਵਤ' ਰੂਪ ਵਿਚ ਸੀ। ਇਥੇ ਨਾਮ ਧ੍ਰੀਕ ਭਗਉਤੀ ਪ੍ਰਤੀ ਉਪਦੇਸ਼ ਹੈ। ਤੀਸਰੇ ਸਤਿਗੁਰਾਂ ਨੇ ਬੀ ਭਗਉਤੀ ਦੇ ਅਪਣੇ ਲੱਛਣ ਕਹੇ ਹਨ- ਸੋ ਭਗਉਤੀ ਜੋ ਭਗਵੰਤੈ ਜਾਣੈ॥ ਗੁਰ ਪਰਸਾਦੀ ਆਪੁ ਪਛਾਣੈ॥ (ਵਾਰ ਸ੍ਰੀ ਮ:੩-੧੪)। ਪੰਜਵੇਂ ਗੁਰੂ ਜੀ ਇਥੇ ਓਹ ਲੱਛਣ ਦੱਸਦੇ ਹਨ, ਜਿਨ੍ਹਾਂ ਦੇ ਧਾਰਨ ਵਾਲੇ ਨੂੰ ਭਗਉਤੀ ਕਹਿਣਾ ਠੀਕ ਬਣਦਾ ਹੈ।

੫. ਯਾ ਸਾਰੇ ਦੁਸ਼ਟਾਂ ਦਾ।

੬. ਭਾਵ ਹੈ ਪੂਰਨ ਜਾਣ ਕੇ ਪੂਜੇ, ਉਸ ਨੂੰ ਇਕ ਦੇਸ਼ ਜਾਂ ਇਕ ਸਰੀਰ ਵਾਸੀ ਨਾ ਸਮਝੇ। ਵਿਸ਼ਨੂੰ ਦੀ ਮੂਰਤੀ ਮਾਤ੍ਰ ਵਿਚ ਨਾ ਜਾਣੇ।

ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥ ਭਗਵੰਤਕੀ ਟਹਲ ਕਰੈ ਨਿਤ ਨੀਤਿ॥ ਮਨੁ ਤਨੁ ਅਰਪੈ ਬਿਸਨ ਪਰੀਤਿ॥ ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥੩॥

ਉਸ ਭਗਉਤੀ ਦੀ ਬੁੱਧੀ ਉੱਤਮ ਹੋ ਜਾਂਦੀ ਹੈ। (ਉਹ) ਅਕਾਲ ਪੁਰਖ ਦੀ ਟਹਿਲ ਨਿਤ ਹੀ ਨਿਤ ਕਰਦਾ ਹੈ। (ਗਲ ਕੀ) ਮਨ ਤੇ ਤਨ (ਦੋਵੇਂ) ਅਕਾਲ ਪੁਰਖ ਦੀ ਪ੍ਰੀਤਿ ਦੇ ਅਰਪਣ ਕਰ ਦੇਂਦਾ ਹੈ (ਅਤੇ) ਸਦਾ ਪਰਮੇਸ਼ੁਰ ਦੇ ਚਰਣ ਹਿਰਦੇ ਵਿਚ ਵਸਾਉਂਦਾ ਹੈ, ਹੇ ਨਾਨਕ! ਐਸਾ ਭਗਉਤੀ ਪਰਮੇਸ਼ੁਰ[1] ਨੂੰ ਪਾ ਲੈਂਦਾ ਹੈ॥੩॥

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥ ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥ ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥ ਚਹੁ ਵਰਨਾ ਕਉ ਦੇ ਉਪਦੇਸੁ॥

(ਨਾਉਂ ਧ੍ਰੀਕ ਪੰਡਤ, ਪੰਡਤ ਨਹੀਂ) ਪੰਡਤ[2] ਉਹ ਹੈ ਜੋ (ਅਪਣੇ) ਮਨ ਨੂੰ ਸੁਸਿਖਜਤ ਕਰ ਲੈਂਦਾ ਹੈ, ਵਾਹਿਗੁਰੂ ਦੇ ਨਾਮ ਨੂੰ (ਅਪਣੇ) ਮਨ ਵਿਚ ਵੀਚਾਰ ਵੀਚਾਰ ਕੇ[3]। (ਐਉਂ ਜੋ) ਰਾਮ ਨਾਮ ਦੇ ਤਤ ਰਸ ਨੂੰ (ਆਪ) ਪੀਂਦਾ ਹੈ, ਉਸ ਪੰਡਤ ਦੇ ਉਪਦੇਸ਼ ਨਾਲ ਜਗਤ ਜੀਉ ਪੈਂਦਾ ਹੈ[4]। (ਜੋ) ਹਰੀ ਦੀ ਕਥਾ ਨੂੰ (ਅਪਣੇ) ਹਿਰਦੇ ਵਿਚ ਵਸਾ ਲੈਂਦਾ ਹੈ[5], ਉਹ ਪੰਡਤ ਫਿਰ ਜੂਨ ਨਹੀਂ ਪਾਉਂਦਾ। (ਹਾਂ, ਪੰਡਤ ਉਹ ਹੈ ਜੋ) ਵੇਦ ਪੁਰਾਨ ਤੇ ਸਿੰਮ੍ਰਤੀਆਂ ਦੇ ਮੂਲ[6] ਨੂੰ ਸਮਝ ਲੈਂਦਾ ਹੈ (ਅਤੇ) ਜਾਣ ਲੈਂਦਾ ਹੈ (ਕਿ) ਸੂਖਮ (ਨਿਰਗੁਣ ਅਕਾਲ ਪੁਰਖ) ਵਿਖੇ (ਸਾਰਾ) ਅਸਥੂਲ[7] (ਬ੍ਰਹਮੰਡ) ਹੈ। (ਇਉਂ ਜੋ ਪੰਡਤ ਆਪ ਪ੍ਰਬੁਧ ਹੋ ਕੇ

---

੧. ਭਗਵੰਤ, ਪਾਰਬ੍ਰਹਮ, ਬਿਸ਼ਨ, ਹਰਿ; ਸਾਰੇ ਪਦ ਇਕ ਅਕਾਲ ਪੁਰਖ ਦੇ ਅਰਥਾਂ ਵਿਚ ਵਰਤੇ ਗਏ ਹਨ।

੨. ਪੰਡਤ ਸੰਸਕ੍ਰਿਤ ਪੜ੍ਹੇ ਵਿਦਵਾਨ ਨੂੰ ਕਹਿੰਦੇ ਹਨ, ਜਿਨ੍ਹਾਂ ਦਾ ਕੰਮ ਹੁੰਦਾ ਸੀ ਦੂਸਰੇ ਨੂੰ ਸੁਮਤਿ ਦੇਣੀ, ਪਰ ਉਹ ਵਿਤਕਰੇ ਜਾਤਾਂ ਦੇ ਫਰਕ ਪਾਉਂਦੇ ਸ਼ੂਦਰਾਂ ਤੇ ਇਸਤ੍ਰੀਆਂ ਨੂੰ ਦੀਖਯਾ ਤੇ ਵਿਦਯਾ ਤੋਂ ਵਾਂਞਦੇ ਤੇ ਰਸਮ ਪ੍ਰਸਤੀ ਵਿਚ ਨਾਮ ਦੇ ਪੰਡਿਤ ਰਹਿ ਗਏ ਸਨ। ਇਥੇ ਆਪਣੇ ਆਦਰਸ਼ਕ ਪੰਡਤ ਦੇ ਲੱਛਣ ਗੁਰੂ ਜੀ ਦੱਸਦੇ ਹਨ।

੩. ਆਤਮਾ ਵਿਚ ਨਾਮ ਨੂੰ ਸੋਧ ਕੇ ਜਪੇ, ਭਾਵ, ਜਿਸ ਦਾ ਜਾਪ ਕਰਦਾ ਹੈ ਉਸ ਦਾ ਅਨੁਭਵ ਕਰ ਲਵੇ।

੪. ਮਨ ਵਿਚ ਵਾਹਿਗੁਰੂ ਨਿਵਾਸ ਦਾ ਜੀਵਨ, ਯਥਾ- 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ'॥ (ਮਾਝ ਵਾ:ਮ:੧-੧੦)।

੫. ਭਾਵ ਲੋਕਾਂ ਨੂੰ ਕਥਾ ਸੁਨਾਉਣ ਵਾਲਾ ਹੀ ਨਹੀਂ ਬਣਦਾ, ਆਪਣੇ ਅੰਦਰ ਕਥਾ ਵਸਾ ਲੈਂਦਾ ਹੈ।

੬. ਸਭ ਆਸਤਿਕ ਪਰਮ ਪੁਸਤਕਾਂ ਦਾ ਮੂਲ ਪਰਮੇਸ਼ੁਰ ਹੈ।

੭. ਵਡੇ ਆਕਾਰ ਵਾਲਾ।

 www.sikhbookclub.com

ਨਾਨਕ ਉਸ ਪੰਡਿਤ ਕਉ ਸਦਾ ਅਦੇਸੁ॥੪॥

ਫਿਰ) ਚਹੁੰ ਵਰਨਾਂ[੧] ਨੂੰ ਉਪਦੇਸ਼ ਦਿੰਦਾ ਹੈ, ਹੇ ਨਾਨਕ! ਉਸ ਪੰਡਤ ਨੂੰ ਸਦਾ ਨਮਸਕਾਰ ਹੈ[੧]॥੪॥

ਬੀਜ ਮੰਤ੍ਰੁ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥ ਜੋ ਜੋ ਜਪੈ ਤਿਸਕੀ ਗਤਿ ਹੋਇ॥ ਸਾਧਸੰਗਿ ਪਾਵੈ ਜਨੁ ਕੋਇ॥ ਕਰਿ ਕਿਰਪਾ ਅੰਤਰਿ ਉਰ ਧਾਰੈ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥ ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥ ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥

ਬੀਜ ਮੰਤ੍ਰ (ਤੇ ਇਸ ਦਾ) ਗਜਾਨ ਸਭ ਨੂੰ (ਦੇਣਾ ਚਾਹੀਏ[੨])। ਚੋਹਾਂ ਵਰਣਾ ਵਿਚੋਂ (ਜੋ) ਕੋਈ (ਚਾਹੇ) ਨਾਮ ਨੂੰ ਜਪੇ। ਜੋ ਜੋ ਜਪੇਗਾ ਉਸ ਦੀ ਮੁਕਤੀ ਹੋਵੇਗੀ। (ਪਰ ਇਸ ਨਾਮ ਨੂੰ) ਸਾਧਾਂ ਦੇ ਸੰਗ ਵਿਚ (ਲੱਗ ਕੇ) ਕੋਈ (ਵਿਰਲਾ) ਜਨ ਪਾਉਂਦਾ ਹੈ। (ਜਿਸ ਪਰ ਅਕਾਲ ਪੁਰਖ) ਕ੍ਰਿਪਾ ਕਰਦਾ ਹੈ (ਉਹ ਨਾਮ ਨੂੰ ਆਪਣੇ) ਹਿਰਦੇ ਦੇ ਅੰਦਰ ਧਾਰ ਲੈਂਦਾ ਹੈ, (ਐਸਾ ਨਾਮ ਤਾਂ) ਪਸ਼ੂ, ਪ੍ਰੇਤ, ਮੂਰਖ ਤੇ ਪੱਥਰਾਂ (ਸਰੀਖਿਆਂ) ਨੂੰ ਬੀ ਤਾਰਦਾ ਹੈ। ਸਾਰੇ ਰੋਗਾਂ ਦਾ ਦਾਰੂ (ਇਹ) ਨਾਮ ਹੈ, (ਪਰਮੇਸ਼ੁਰ ਦੇ) ਗੁਣਾਂ ਦਾ ਗਾਉਣਾ ਖੁਸ਼ੀਆਂ (ਦਾ ਦਾਤਾ ਤੇ) ਕਲਿਆਣ ਰੂਪ ਹੈ। (ਪਰ ਇਹ ਨਾਮ ਕਿਸੇ) ਧਰਮ ਨਾਲ, ਕਿਸੇ ਤਰੀਕੇ ਨਾਲ ਕਿਵੇਂ ਬੀ ਤੇ ਕਿਤੋਂ ਬੀ ਨਹੀਂ ਲੱਭਦਾ, ਹੇ ਨਾਨਕ! (ਇਹ) ਉਸ ਨੂੰ ਮਿਲਦਾ ਹੈ ਜਿਸ ਨੂੰ ਧੁਰੋਂ (ਰੱਬ ਦੀ) ਮਿਹਰ ਨਾਲ ਲਿਖਿਆ ਹੁੰਦਾ ਹੈ॥੫॥

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥ ਤਿਸ ਕਾ ਨਾਮੁ ਸਤਿ

ਜਿਸ ਦੇ ਮਨ ਵਿਚ ਪਾਰਬ੍ਰਹਮ ਦਾ ਨਿਵਾਸ ਹੋ ਗਿਆ ਹੋਵੇ ਉਸ ਦਾ ਨਾਮ ਠੀਕ 'ਰਾਮ ਦਾ

---

੧. ਚਾਰ ਵਰਨ ਇਸ ਕਰਕੇ ਕਹੇ ਹਨ ਕਿ ਪੰਡਤ ਕੇਵਲ ਬ੍ਰਾਹਮਣਾਂ ਨੂੰ ਵਿਦਯਾ ਦੇਂਦੇ ਸਨ, ਹੋਰਨਾਂ ਤੋਂ ਨੱਕ ਵੱਟਦੇ ਸਨ (ਅਰ) ਅਜੇ ਬੀ ਵਾਹ ਲਗੀ ਘੱਟ ਨਹੀਂ ਕਰਦੇ। 'ਓਂ' ਦਾ ਮੰਤ੍ਰ ਬੀ ਸਾਰੇ ਵਰਣਾਂ ਜਾਤਾਂ ਨੂੰ ਨਹੀਂ ਸਨ ਦੇਂਦੇ। ਇਸ ਪੰਡਤ ਨੂੰ ਆਦੇਸ ਇਸ ਵਾਸਤੇ ਕਹੀ ਹੈ ਕਿ ਐਸਾ ਮਹਾਨ ਵਿਸ਼ਾਲ ਹਿਰਦੇ ਵਾਲਾ ਪੰਡਤ ਬਿਨਾ ਪੂਰਨ ਬ੍ਰਹਮ ਗਯਾਨੀ ਦੇ ਹੋਏ ਦੇ ਹੋ ਨਹੀਂ ਸਕਦਾ।

੨. ਪਿਛਲੇ ਅੰਕ ਵਿਚ ਚਹੁੰ ਵਰਨਾਂ ਨੂੰ ਉਪਦੇਸ਼ ਦੇਣਾ ਅਸਲੀ ਪੰਡਤ ਦਾ ਲੱਛਣ ਕਿਹਾ ਹੈ। 'ਓਂ' ਜਿਸ ਨੂੰ ਬੀਜ ਮੰਤ੍ਰ ਬੀ ਕਹਿੰਦੇ ਹਨ, ਪੰਡਤ ਇਸ ਦੇ ਉਪਦੇਸ਼ ਬ੍ਰਾਹਮਣ ਦੇ ਸਿਵਾ ਹੋਰ ਜਾਤੀ ਨੂੰ ਨਹੀਂ ਸਨ ਦੇਂਦੇ। ਹੁਣ ਓਸੇ ਪਰ ਜ਼ੋਰ ਦੇਂਦੇ ਹਨ ਕਿ ਬੀਜ ਮੰਤ੍ਰ ਤੇ ਇਸ ਦਾ ਗਯਾਨ ਸਭ ਕਿਸੇ ਨੂੰ ਦੇਣਾ ਚਾਹੀਏ। ਜੋ ਜਪੇਗਾ ਉਸਦੀ ਗਤੀ ਹੋਵੇਗੀ। ਇਸ ਤੁਕ ਦਾ ਕਈ ਲੋਕ ਏਹ ਅਰਥ ਬੀ ਕਰਦੇ ਹਨ ਕਿ ਬੀਜ ਮੰਤ੍ਰ ਦਾ ਗਯਾਨ 'ਸਭ' ਨੂੰ ਹੈ, ਯਾ ਸਭ ਮੰਤ੍ਰਾਂ ਦਾ ਬੀਜ 'ਗਯਾਨ' ਹੈ ਯਾ ਨਾਮ ਦਾ ਬੀਜ ਸਭ ਦੇ ਅੰਦਰ ਬੀਜਿਆ ਪਿਆ ਹੈ, ਯਾ ਬੀਜ ਮਾਤ੍ਰ (ਥੋੜਾ) ਗਯਾਨ ਸਭ ਨੂੰ ਹੈ, ਯਾ ਸਰਬ ਸਾਧਨਾ ਦਾ ਬੀਜ ਮੰਤ੍ਰ ਗਯਾਨ ਹੈ, ਯਾ ਸਰਬ ਮੰਤਰ ਦਾ ਬੀਜ ਨਾਮ ਕੋ ਹੀ ਜਾਨ। ਪਰ ਏਹ ਅਰਥ ਪ੍ਰਸੰਗ ਨਾਲ ਢੁਕਦੇ ਨਹੀਂ। ਪਿਛਲੇ ਅੰਕ ਵਿਚ ਚਹੁੰ ਵਰਨਾਂ ਨੂੰ ਉਪਦੇਸ ਦਾ ਜ਼ਿਕਰ ਹੈ ਤੇ ਇਸ ਤੁਕ ਤੋਂ ਅਗਲੀ ਤੁਕ ਵਿਚ ਬੀ 'ਜਪੈ ਕੋਊ ਨਾਮੁ' ਆਉਂਦਾ ਹੈ। ਜੈਸੇ ਹੋਰਥੇ ਬੀ ਆਪ ਜੀ ਨੇ ਫੁਰਮਾਯਾ ਹੈ- 'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥' (ਸੂਹੀ ਮ:੫-੫੦)

ਰਾਮਦਾਸੁ॥ ਆਤਮ ਰਾਮੁ ਤਿਸੁ ਨਦਰੀ ਆਇਆ॥ ਦਾਸ ਦਸੰਤਣ ਭਾਇ ਤਿਨਿ ਪਾਇਆ॥ ਸਦਾ ਨਿਕਟਿ ਨਿਕਟਿ ਹਰਿ ਜਾਨੁ॥ ਸੋ ਦਾਸੁ ਦਰਗਹ ਪਰਵਾਨੁ॥ ਅਪੁਨੇ ਦਾਸ ਕਉ ਆਪਿ ਕਿਰਪਾ ਕਰੈ॥ ਤਿਸੁ ਦਾਸ ਕਉ ਸਭ ਸੋਝੀ ਪਰੈ॥ ਸਗਲ ਸੰਗਿ ਆਤਮ ਉਦਾਸੁ॥ ਐਸੀ ਜੁਗਤਿ ਨਾਨਕ ਰਾਮਦਾਸੁ॥ ੬॥

ਦਾਸ' ਹੈ[੧]। ਆਤਮ ਰਾਮ[੨] ਉਸ ਨੂੰ ਦਿੱਸ ਪਿਆ ਹੈ। ਕਿਸ ਤਰ੍ਹਾਂ? ਉੱਤਰ-) ਦਾਸਾਂ ਦੇ ਦਾਸ ਬਣਨ ਵਾਲੇ ਭਾਇ ਨਾਲ ਉਸ ਨੇ ਪ੍ਰਾਪਤ ਕੀਤਾ ਹੈ, (ਹੁਣ ਉਹ) ਸਦੀਵ ਹਰੀ ਨੂੰ ਨੇੜੇ ਹੀ ਨੇੜੇ ਜਾਣਦਾ ਹੈ, ਉਹ (ਰਾਮ ਦਾ) ਦਾਸ ਦਰਗਾਹ ਵਿਚ ਪਰਵਾਨ ਹੁੰਦਾ ਹੈ। ਅਪਣੇ (ਪਰਵਾਨ ਹੋਏ) ਦਾਸ ਪਰ (ਪਰਮੇਸ਼ੁਰ) ਆਪ ਕ੍ਰਿਪਾ ਕਰਦਾ ਹੈ (ਤਦ) ਉਸ ਦਾਸ ਨੂੰ ਸਭ ਸੋਝੀ ਪੈ ਜਾਂਦੀ ਹੈ, (ਭਾਵ ਗਜਾਨ ਬੀ ਪ੍ਰਾਪਤ ਹੋ ਜਾਂਦਾ ਹੈ। ਫਿਰ ਉਹ) ਸਾਰਿਆਂ ਦੇ ਸੰਗ ਵਿਚ (=ਗ੍ਰਿਹਸਥ ਵਿਚ ਵਸਦਾ ਹੋਇਆ ਸਭਨਾਂ ਤੋਂ) ਅਪਣੇ ਮਨ ਵਿਚ ਉਪਰਾਮ ਰਹਿੰਦਾ ਹੈ (ਭਾਵ ਕਿਸੇ ਦੇ ਮੋਹ ਵਿਚ ਫਸਦਾ ਨਹੀਂ)[੩]। ਰਾਮ ਦਾਸ ਐਸੀ ਜੁਗਤ (ਦਾ ਜੀਵਨ ਬਸਰ ਕਰਦਾ ਹੈ), ਹੇ ਨਾਨਕ! ॥੬॥

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥

ਪਰਮੇਸ਼ੁਰ ਦੀ ਆਗਜਾ ਨੂੰ ਜੋ ਅਪਣੇ ਮਨ ਨਾਲ ਪਿਆਰ ਕਰਦਾ ਹੈ, ਉਹੀ (ਇਸ ਜੋਗ ਹੈ ਕਿ) 'ਜੀਵਨ ਮੁਕਤ[੪]' ਸੱਦਿਆ ਜਾਵੇ! ਉਸ ਨੂੰ ਜੇਹੀ ਖੁਸ਼ੀ ਹੁੰਦੀ ਹੈ ਤੇਹੀ ਗ਼ਮੀ ਹੁੰਦੀ ਹੈ। (ਓਹ ਖੁਸ਼ੀ ਗ਼ਮੀ ਰੂਪ ਦੂੰਦਾਂ ਤੋਂ ਉਪਰ ਜੋ) ਸਦਾ ਅਨੰਦ (ਹੈ ਉਸ ਨੂੰ ਉਹ ਪ੍ਰਾਪਤ ਹੁੰਦਾ ਹੈ। ਉਹ ਅਨੰਦ ਸ੍ਵਰੂਪ ਪਰਮੇਸ਼ੁਰ ਨਾਲ ਐਸਾ ਮਿਲ ਗਿਆ ਹੁੰਦਾ ਹੈ ਕਿ) ਉਸ ਨੂੰ ਵਿਯੋਗ ਹੁੰਦਾ ਹੀ ਨਹੀਂ। (ਫਿਰ ਉਸ ਦੀ ਬ੍ਰਿਤੀ ਐਸੀ ਸਮ ਹੋ ਜਾਂਦੀ ਹੈ) ਕਿ

---

੧. ਮੰਦਰਾਂ ਵਿਚ ਨੱਚਣ ਵਾਲਿਆਂ ਨੂੰ 'ਰਾਮਦਾਸ' ਕਹਿੰਦੇ ਸਨ ਯਥਾ- 'ਘੂੰਘਰ ਬਾਧਿ ਭਏ ਰਾਮਦਾਸ ਰੋਟੀਅਨ ਕੇ ਓਪਾਵਾ॥' (ਮਾਰੂ ਮ:੫-੧੫)। ਰਾਮਦਾਸ ਦੇ ਅੱਖਰੀ ਅਰਥ ਹਨ, 'ਵਾਹਿਗੁਰੂ ਦਾ ਸੇਵਕ' ਏਸ ਅੰਕ ਵਿਚ ਗੁਰੂ ਜੀ ਅਸਲੀ ਰਾਮਦਾਸ ਦੇ ਲੱਛਣ ਦੱਸਦੇ ਹਨ। ਸਤਿ=ਸੱਚਮੁੱਚ ਦਾ, ਠੀਕ, ਅਸਲੀ, ਨਿਸਚੈ ਪੂਰਬਕ।

੨. ਆਤਮ ਰਾਮ=ਬ੍ਰਹਮ (ਹਿੰਦੀ)। ਆਤਮਾ ਰਾਮ=ਆਤਮਾ ਦਾ ਬ੍ਰਹਮ ਸਰੂਪ ਹੋ ਕੇ ਦਿਸ ਪੈਣਾ, ਜੈਸਾ ਕਿ ਅੱਗੇ ਅਸਟਪਦੀ ੧੦ ਦੇ ਅੰਕ ੬ ਵਿਚ ਆਉਂਦਾ ਹੈ। 'ਆਤਮ ਮਹਿ ਪਾਰਬ੍ਰਹਮ ਲਹੰਤੇ।' ਤੁਕਾਂ ਦੁਹਾਂ ਦਾ ਭਾਵ ਇਹ ਹੈ- ਉਸ ਨੂੰ ਆਤਮਾ ਬ੍ਰਹਮ ਸਰੂਪਤਾ ਵਿਚ ਦਿਸ ਪਿਆ ਹੈ, ਪਰ ਉਹ 'ਅਹੰ' ਕਰਨ ਨਾਲ ਨਹੀਂ, ਸਗੋਂ ਦਾਸਾਂ ਦੇ ਦਾਸ ਹੋਣ ਦੇ ਭਾਵ ਨੂੰ ਧਾਰਨੇ ਨਾਲ ਅਰਥਾਤ 'ਅਹੰ' ਨੂੰ ਮੂਲੋਂ ਨਿਵਾਰ ਦੇਣ ਨਾਲ।

੩. ਭਾਵ- ਪਹਿਲਾਂ ਦਾਸ, ਫੇਰ ਹਜ਼ੂਰੀ ਦਾਸ, ਫੇਰ ਗ੍ਰਿਹਸਤ ਉਦਾਸੀ ਜੀਵਨ।

੪. ਜੀਵਨ ਮੁਕਤਿ= ਜੋ ਜੀਉਂਦੇ ਜੀ ਮੁਕਤਿ ਅਵਸਥਾ ਨੂੰ ਪ੍ਰਾਪਤ ਹੈ। ਹੁਣ ਉਸ ਦੇ ਲੱਛਣ ਦੱਸ ਰਹੇ ਹਨ।

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭॥

ਜੇਹਾ ਉਸ ਨੂੰ ਸੋਨਾ ਲੱਗਦਾ ਹੈ ਤੇਹੀ ਮਿੱਟੀ! ਜੇਹਾ ਉਸ ਨੂੰ ਅੰਮ੍ਰਿਤ ਤੇਹੀ ਉਸ ਨੂੰ ਕੌੜੀ[1] ਵਿਹੁ। ਜੇਹਾ ਉਸ ਨੂੰ (ਅਪਣਾ) ਆਦਰ (ਲੱਗਦਾ ਹੈ) ਉਹੋ ਜੇਹਾ (ਅਪਣਾ) ਨਿਰਾਦਰ[2] (ਲੱਗਦਾ ਹੈ। ਉਸ ਨੂੰ) ਜੇਹੋ ਜੇਹਾ ਰਾਜਾ ਲੱਗਦਾ ਹੈ, ਤੇਹੋ ਜੇਹਾ ਕੰਗਾਲ ਲਗਦਾ ਹੈ (ਭਾਵ ਸਭ ਨਾਲ ਸਮ ਵਰਤਦਾ ਹੈ)। (ਪਰਮੇਸੁਰ) ਜੋ ਕੁਛ ਉਸ ਉਤੇ ਵਰਤਾਵੇ ਉਸ ਨੂੰ (ਉਹ) ਠੀਕ ਸਮਝਦਾ ਹੈ[3], ਹੇ ਨਾਨਕ! ਉਸ ਪੁਰਖ ਨੂੰ ਜੀਵਨ ਮੁਕਤ ਰਹਿਣਾ ਚਾਹੀਏ॥੭॥

ਪਾਰਬ੍ਰਹਮ ਕੇ ਸਗਲੇ ਠਾਉ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥ ਆਪੇ ਕਰਨ ਕਰਾਵਨ ਜੋਗੁ॥ ਪ੍ਰਭ ਭਾਵੈ ਸੋਈ ਫੁਨਿ ਹੋਗੁ॥ ਪਸਰਿਓ ਆਪਿ ਹੋਇ ਅਨਤ ਤਰੰਗ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥ ਜੈਸੀ ਮਤਿ ਦੇਇ ਤੈਸਾ ਪਰਗਾਸ॥

ਸਾਰੇ ਅਸਥਾਨ ਪਰਮੇਸ਼ੁਰ ਦੇ ਹੀ ਹਨ, ਜਿਸ ਜਿਸ ਟਿਕਾਣੇ ਜਿਸ ਜਿਸ ਨੂੰ ਰਖਦਾ ਹੈ, ਉਹੋ ਜਿਹਾ ਉਹਨਾਂ ਦਾ ਨਾਮ ਪੈਂਦਾ ਹੈ[4]। ਆਪ ਹੀ ਉਹ ਕਰਨੇ ਜੋਗ ਹੈ ਤੇ ਆਪ ਹੀ ਕਰਾਵਨੇ ਜੋਗ ਹੈ। ਜੋ ਪਰਮੇਸ਼ੁਰ ਨੂੰ ਭਾਉਂਦਾ ਹੈ ਉਹੋ ਹੀ ਫਿਰ ਹੁੰਦਾ ਹੈ (ਜਿਵੇਂ ਸਾਗਰ ਤੇ ਅਨੰਤ ਲਹਿਰਾਂ ਦਾ ਪਸਾਰਾ ਦਿੱਸਦਾ ਹੈ ਤਿਵੇਂ ਸਾਂਈ) ਆਪ ਅਨੰਤ ਲਹਿਰਾਂ (ਦੇ ਰੂਪ ਵਿਚ) ਹੋ ਕੇ ਪਸਰ ਰਿਹਾ ਹੈ[5] (ਪਰੰਤੂ ਉਸ) ਪਾਰਬ੍ਰਹਮ (ਦੇ ਨਿਰਗੁਣਤਾ ਤੋਂ ਸਰਗੁਣਤਾ ਵਿਚ ਲਹਿਰ ਸਰੂਪਤਾ) ਦੇ ਰੰਗ ਲਖੇ ਨਹੀਂ ਜਾ ਸਕਦੇ[6]। ਜਿਹੋ ਜਿਹੀ ਮਤ (ਕਿਸੇ ਨੂੰ ਓਹ) ਦੇਂਦਾ ਹੈ (ਉਸ ਨੂੰ ਉਸ ਦਾ) ਪ੍ਰਕਾਸ਼ (ਗਜਾਨ) ਉਹੋ ਜਿਹਾ ਮਿਲਦਾ ਹੈ। (ਇਸ ਲਹਿਰ ਸਰੂਪੀ

---

੧. ਖੱਟੀ, ਤੁਰਸ਼, ਭਾਵ ਹੈ ਕੌੜੀ ਤੋਂ।

੨. ਦੂਸਰੇ ਦੇ ਸਾਡਾ ਮਾਨ ਕਰਨ ਤੋਂ ਸਾਨੂੰ ਆਦਰ ਮਿਲਦਾ ਹੈ ਤੇ ਦੂਸਰੇ ਦੇ ਸਾਡੇ ਨਾਲ ਅਭਿਮਾਨ ਕਰਨ ਤੋਂ ਸਾਨੂੰ ਅਨਾਦਰ ਮਿਲਦਾ ਹੈ।

੩. ਜੁਗਿਤ=ਜਿਸ ਵਿਚ ਯੋਗਤਾ ਹੈ, ਯਾ ਜੋ ਯੁਕਤੀ ਸਿੱਧ ਹੈ, ਯੋਗ ਹੈ, ਮੁਨਾਸਿਬ ਹੈ, ਦਰੁਸਤ ਹੈ, ਠੀਕ ਹੈ।

੪. ਭਾਵ, ਉਪਰ ਕਥੇ ਜੋ ਪਰਮੇਸ਼ੁਰ ਨੂੰ ਪ੍ਰਾਪਤ ਹੋਣ ਵਾਲੇ ਪੁਰਖਾਂ ਦੇ ਨਾਮ ਤੇ ਆਦਰਸ਼ ਦੱਸੇ ਹਨ, ਓਹ ਠਿਕਾਣੇ ਹਨ ਜਿਨ੍ਹਾਂ ਵਿਚ ਪਰਮੇਸ਼ਰ ਆਪ ਵਸਦਾ ਹੈ, ਵਾਸਤਵ ਵਿਚ ਓਹ ਇਕੋ ਹਨ, ਇਕ ਦੇ ਵਸਣੇ ਕਰਕੇ। ਨਾਮਾਂ ਦੀ ਭਿੰਨਤਾ=ਬ੍ਰਹਮ ਗਜਾਨੀ, ਅਪਰਸ, ਭਗਤ, ਰਾਮਦਾਸ, ਜੀਵਨ ਮੁਕਤਿ ਆਦਿ ਉਨ੍ਹਾਂ ਵਿਸ਼ੇਸ਼ ਵਤੀਰਿਆਂ ਤੋਂ ਪਏ ਹਨ, ਜਿਨ੍ਹਾਂ ਵਿਚ ਸਾਂਈਂ ਨੇ ਉਨ੍ਹਾਂ ਨੂੰ ਰੱਖਿਆ ਹੈ।

੫. ਹੁਣ ਸਾਇੰਸ ਵਾਲੇ ਪ੍ਰਾਕ੍ਰਿਤੀ ਦੀ ਖੋਜ ਕਰਦੇ ਸੂਖਮਤਾ ਵਲ ਗਏ ਹਨ ਤੇ ਇਸ ਦੇ ਲਹਿਰ ਸਰੂਪ ਤਕ ਪਹੁੰਚੇ ਹਨ ਅੱਗੇ ਹੁਣ ਇਨ੍ਹਾਂ ਨੂੰ ਅਜੇ ਰਸਤਾ ਨਹੀਂ ਮਿਲਦਾ। ਗੁਰੂ ਜੀ ਦੱਸ ਗਏ ਹਨ ਕਿ ਇਹ 'ਲਹਿਰ ਪਸਾਰਾ' ਉਸ ਪਾਰਬ੍ਰਹਮ ਦਾ ਹੈ। ਉਹ ਸਾਗਰ ਹੈ ਤੇ ਇਹ ਉਸ ਦਾ ਲਹਿਰ ਪਸਾਰਾ ਹੈ, ਜੋ ਸਥੂਲ ਰੂਪ ਵਿਚ ਪ੍ਰਕ੍ਰਿਤੀ ਹੋ ਕੇ ਭਾਸਦਾ ਹੈ।

੬. ਭਾਵ, ਉਹ ਕੌਤਕ ਕਿ ਉਹ ਨਿਰਗੁਣ ਕਿਵੇਂ ਸਰਗੁਣ ਰੂਪ ਵਿਚ ਆਉਂਦਾ ਹੈ, ਸਮਝ ਨਹੀਂ ਪੈਂਦਾ।

ਪਾਰਬ੍ਰਹਮੁ ਕਰਤਾ ਅਬਿਨਾਸ॥

ਸਦਾ ਸਦਾ ਸਦਾ ਦਇਆਲ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ॥੮॥੯॥

ਫੈਲਾਵ ਤੇ ਉਸ ਤੋਂ ਹੋਏ ਅਨੇਕਤਾ ਵਾਲੇ ਵਿਕਾਰ ਦਾ) ਕਰਤਾਰ (ਉਹ ਆਪ) ਪਾਰਬ੍ਰਹਮ (ਹੈ, ਇਹ ਬਦਲਨਹਾਰ ਤੇ ਬਿਨਸਨਹਾਰ ਹੈ, ਪਰ ਆਪ ਉਹ) ਅਵਿਨਾਸ਼ੀ ਹੈ, (ਫਿਰ ਓਹ ਅਪਣੇ ਕੀਤੇ ਹੋਏ ਜੀਵਾਂ ਪਰ) ਸਦਾ ਸਦਾ ਦਿਆਲੂ ਹੈ (ਤੇ ਉਹ ਜੀਵ) ਨਿਹਾਲ ਹੁੰਦੇ ਹਨ ਜੋ ਉਸ ਨੂੰ ਸਿਮਰਦੇ (ਸਦਾ) ਸਿਮਰਦੇ ਹਨ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੮॥੯॥

ਪਿਛਲੀ ਅਸਟਪਦੀ ਵਿਚ ਪਰਮਾਤਮਾ ਨੂੰ ਪ੍ਰਾਪਤ ਪੁਰਖਾਂ ਦੇ ਅਨੇਕ ਨਾਵਾਂ ਹੇਠ ਲੱਛਣ ਵਰਣਨ ਕੀਤੇ ਮਨ, ਫੇਰ ਕਿਹਾ ਸੀ ਕਿ ਤ੍ਰੈਗੁਣ ਰੂਪ ਹੋ ਕੇ ਸਥੂਲ ਪਸਾਰਾ ਕਰ ਰਿਹਾ ਹੈ। ਹੁਣ ਉਸ ਪਸਾਰੇ ਯਾ ਰਚਨਾਂ ਦਾ ਅਨੇਕ ਨਾਵਾਂ ਹੇਠ ਵਰਣਨ ਕਰਦੇ ਹਨ-

ਸਲੋਕੁ॥
ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥੧॥

ਅਨੇਕਾਂ ਜਨ (ਪਰਮੇਸ਼ੁਰ ਦੀ) ਉਸਤਤਿ ਕਰਦੇ ਹਨ (ਪਰ ਉਨ੍ਹਾਂ ਦੀ ਉਸਤਤਿ ਉਸਨੂੰ ਸਾਰਾ ਵਰਣਨ ਨਹੀਂ ਕਰਦੀ ਕਿਉਂਕਿ ਉਸਦਾ) ਨਾਂ ਅੰਤ ਹੈ ਨਾ ਪਾਰਾਵਾਰ[1]। (ਉਸੇ ਅਨੰਤ ਤੇ ਅਨਹਦ) ਪ੍ਰਭੂ ਨੇ, ਹੇ ਨਾਨਕ! (ਇਹ ਸਾਰੀ ਦਿੱਸਣੇ ਵਾਲੀ ਤੇ ਨਾਂ ਦਿੱਸਣੇ ਵਾਲੀ) ਰਚਨਾ ਰਚੀ ਹੈ (ਇਹ) ਕਈ ਕਿਸਮਾਂ (ਦੀ ਹੈ ਤੇ ਅਗੋਂ) ਅਨੇਕਾਂ ਭਾਂਤਾਂ (ਦੀ ਹੈ)[2], ਹੇ ਨਾਨਕ!॥੧॥

ਪਹਿਲਾਂ ਧਾਰਮਕ ਲੋਕਾਂ ਦਾ ਕਥਨ ਕਰਦੇ ਹਨ-

ਅਸਟਪਦੀ॥
ਕਈ ਕੋਟਿ ਹੋਏ ਪੂਜਾਰੀ॥
ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥
ਕਈ ਕੋਟਿ ਬਨ ਭ੍ਰਮਹਿ ਉਦਾਸੀ॥

(ਇਸ ਰਚਨਾਂ ਵਿਚ) ਕਈ ਕ੍ਰੋੜ[3] ਤਾਂ (ਪਰਮੇਸ਼ੁਰ ਦੀ) ਪੂਜਾ ਕਰਨੇ ਵਾਲੇ ਹੋ ਰਹੇ ਹਨ। ਕਈ ਕ੍ਰੋੜ ਕਰਮਾਂ ਦੇ ਕਰਨੇ ਹਾਰੇ[4] ਹੋ ਰਹੇ ਹਨ। ਕਈ ਕ੍ਰੋੜ ਤੀਰਥਾਂ ਦੇ ਵੱਸਣੇ ਵਾਲੇ ਹੋ ਰਹੇ ਹਨ। ਕਈ ਕ੍ਰੋੜ ਉਦਾਸੀ ਹੋਕੇ ਬਨਾਂ ਵਿਚ ਫਿਰ ਰਹੇ ਹਨ।

---

੧. ਪਾਰਾਵਾਰ=ਸਮੁੰਦਰ। (ਸੰਸ., ਪਾਰਾਵਾਰ)। ਉਰਲਾ ਪਾਰਲਾ ਕਿਨਾਰਾ (ਸੰਸ:,ਪਾਰਵਾਰ) ਘੇਰਾ, ਸਾਰਾ ਪਹਨ। ਗੁਰਬਾਣੀ ਵਿਚ ਥਾਂ ਥਾਂ ਤ੍ਰੈਏ ਅਰਥ ਲਗਦੇ ਹਨ। ਅੰਤ ਤੇ ਪਾਰਾਵਾਰ ਕੱਠੇ ਆਉਣ ਤਾਂ ਮੁਰਾਦ ਹੱਦ ਦੀ ਹੁੰਦੀ ਹੈ, ਪਰ ਕਟਾਖਜ ਵਿਚ ਇਹ ਹੁੰਦਾ ਹੈ ਕਿ ਜੋ ਚੌੜਾ ਲੰਮਾ ਵਾਲਾ ਹੈ ਤਾਂ ਉਸ ਦਾ ਅੰਤ, ਜੇ ਗੋਲ ਹੈ ਤਾਂ ਘੇਰਾ, ਸੋ ਉਹ ਦੁਹਾਂ ਹਦ ਬੰਦੀਆਂ ਵਿਚ ਨਹੀਂ, ਇਸ ਕਰਕੇ ਨਾ ਉਸ ਦਾ ਅੰਤ, ਨਾ ਪਾਰਾਵਾਰ। (ਸੰਸਕ੍ਰਿਤ ਦਾ ਮੂਲਕ ਅਰਥ ਐਉਂ ਹੈ:- ਧਾਤੂ ਵ੍ਰੀ=ਘੇਰਨਾ)।

੨. 'ਬਿਧਿ'=ਕਿਸਮਾਂ ਤੇ 'ਪ੍ਰਕਾਰ' ਅਗੋਂ ਭਾਂਤਾਂ। ਜਿਵੇਂ ਦੁੱਧ ਪਿਲਾਉਣ ਵਾਲੇ ਜੰਤੂ ਇਕ ਕਿਸਮ ਹੈ, ਅਗੋਂ ਗਊ, ਮਹਿੰ, ਬਕਰੀ ਇਸ ਦੀਆਂ ਭਾਂਤਾਂ ਹਨ। (ਅ) ਸੰਪ੍ਰਦਾ ਵਿਚ ਐਉਂ ਬੀ ਕਰਦੇ ਹਨ-ਇਹ ਅਨੇਕ ਪ੍ਰਕਾਰ ਦੀ ਰਚਨਾਂ ਪ੍ਰਭੂ ਨੇ ਬਹੁਤ ਵਿਧੀਆਂ ਨਾਲ ਰਚੀ ਹੈ!

੩. ਕਈ ਕੋਟ ਭਾਵ 'ਬਹੁਤੇ'।

੪. ਕਰਮ ਕਾਂਡ, ਜੋ ਜੋ ਕਰਮ ਯਾ ਸ਼ਰਅ੍ ਜਿਸ ਜਿਸ ਧਰਮ ਨੇ ਦੱਸੀ ਹੈ। ਬਿਊਹਾਰੀ=ਭਾਵ ਕਰਨੇ ਵਾਲੇ।

ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥ ਕਈ ਕੋਟਿ ਆਤਮ ਧਿਆਨੁ ਧਾਰਹਿ॥ ਕਈ ਕੋਟਿ ਕਬਿ ਕਾਬਿ ਬੀਚਾਰਹਿ॥ ਕਈ ਕੋਟਿ ਨਵਤਨ ਨਾਮੁ ਧਿਆਵਹਿ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ॥੧॥

ਕਈ ਕ੍ਰੋੜ ਵੇਦਾਂ ਦੇ ਸੁਣਨਹਾਰੇ ਹੋ ਰਹੇ ਹਨ। ਕਈ ਕ੍ਰੋੜ ਤਪ ਤਾਪ ਕੇ (ਤਪੀਆਂ ਵਿਚ) ਵੱਡੇ ਤਪੀ ਹੋ ਰਹੇ ਹਨ[੧]। ਕਈ ਕ੍ਰੋੜ (ਆਪਣੇ) ਆਤਮਾ ਦਾ ਧਿਆਨ ਧਾਰ ਰਹੇ ਹਨ[੧]। ਕਈ ਕ੍ਰੋੜ ਕਵੀਆਂ[੨] (=ਬ੍ਰਹਮਾ ਆਦਿਕਾਂ) ਦੇ (ਰਚੇ) ਕਾਵ੍ਯ (ਧਾਰਮਿਕ ਪੁਸਤਕ) ਵੀਚਾਰਦੇ ਹਨ। ਕਈ ਕ੍ਰੋੜ (ਐਸੇ ਹਨ ਜੋ ਪਰਮੇਸ਼ਰ ਦਾ) ਨਾਮ ਧਿਆਉਂਦੇ ਹਨ, (ਪਰ ਇਕੋ ਨਾਮ ਨਹੀਂ) ਨਵੇਂ ਤੋਂ ਨਵੇਂ (ਨਾਮ ਧਿਆਉਂਦੇ ਹਨ ਤੇ ਸੁਖੀ ਹੁੰਦੇ ਹਨ, ਪਰ[੩] ਰਚਣਹਾਰ ਦਾ ਅੰਤ ਨਹੀਂ ਪਾ ਸਕਦੇ, ਹੇ ਨਾਨਕ[੪]! ॥੧॥

ਹੁਣ ਮਾਇਆ ਤੇ ਮੋਹ ਮਮਤਾ ਵਾਲਿਆਂ ਵੱਲ ਦ੍ਰਿਸਟੀ ਪਾਉਂਦੇ ਹਨ:-

ਕਈ ਕੋਟਿ ਭਏ ਅਭਿਮਾਨੀ॥ ਕਈ ਕੋਟਿ ਅੰਧ ਅਗਿਆਨੀ॥ ਕਈ ਕੋਟਿ ਕਿਰਪਨ ਕਠੋਰ॥ ਕਈ ਕੋਟਿ ਅਭਿਗ ਆਤਮ ਨਿਕੋਰ॥ ਕਈ ਕੋਟਿ ਪਰਦਰਬ

ਕਈ ਕ੍ਰੋੜ (ਖੁਦੀ ਵਿਚ) ਘਮੰਡੀ[੫] ਹੋ ਰਹੇ ਹਨ। ਕਈ ਕ੍ਰੋੜ ਘੋਰ ਅਗ੍ਯਾਨੀ ਹੋ ਰਹੇ ਹਨ (ਭਾਵ ਬੜੇ ਹੀ ਮੂਰਖ ਹਨ)। ਕਈ ਕ੍ਰੋੜ ਪੱਥਰ ਦਿਲ ਵਾਲੇ ਸ਼ੂਮ ਹੋ ਰਹੇ ਹਨ (ਭਾਵ ਸ਼ੂਮ ਤੇ ਬੇਤਰਸ ਹਨ)। ਕਈ ਕ੍ਰੋੜ ਨਾ ਭਿੱਜਣ ਵਾਲੇ ਤੇ ਆਤਮਾ ਦੇ ਬਹੁਤ ਕੋਰੇ ਹੋ ਰਹੇ ਹਨ[੬]।

---

੧. ਕਈ ਹੋਤੇ ਦਾ ਅਰਥ ਹਵਨ ਕਰਨ ਵਾਲੇ ਬੀ ਕਰਦੇ ਹਨ, ਤਪੀ ਤੇ ਹੋਤੇ।

੨. ਸੰਸ:, ਵਿਚ ਕਵੀ ਕਹਿੰਦੇ ਹਨ ਸ਼ਾਇਰ ਨੂੰ, ਪਰ ਬੁੱਧੀਮਾਨ ਤੇ ਉਸ ਨੂੰ ਬੀ ਕਹਿ ਲੈਂਦੇ ਹਨ ਜੋ ਇਲਹਾਮੀ ਮੰਨੇ ਜਾਂਦੇ ਹਨ, ਜੇਹਾ ਕੁ ਸ਼ੁਕ੍ਰ, ਬਾਲਮੀਕ, ਬ੍ਰਹਮਾ, ਜਿਸ ਨੇ ਵੇਦ ਰਚੇ। ਕਾਵ੍ਯ=ਕਵਿਤਾ ਯਾ ਪਦ ਮਈ ਰਚਨਾ ਨੂੰ ਕਹਿੰਦੇ ਹਨ, ਪਰ ਜੋ ਗ੍ਰੰਥ ਈਸ੍ਵਰੀਯ ਪ੍ਰੇਰਨਾ ਨਾਲ ਲਿਖੇ ਗਏ ਮੰਨੇ ਜਾਂਦੇ ਹਨ, ਉਨ੍ਹਾਂ ਨੂੰ ਬੀ ਆਖਦੇ ਹਨ। (ਸੰ:ਸ਼:ਕੋ:)। ਇਸ ਪਉੜੀ ਵਿਚ ਵਿਸ਼ਯ ਧਾਰਮਿਕ ਪਹਿਲੂ ਦਾ ਚਲ ਰਿਹਾ ਹੈ। ਇਸ ਕਰਕੇ ਮੁਰਾਦ ਧਾਰਮਿਕ ਕਾਵ੍ਯ ਤੇ ਧਾਰਮਿਕ ਕਵੀਆਂ ਤੋਂ ਹੀ ਹੈ।

੩. ਭਾਵ ਸ਼ੇਸ਼ਨਾਗ ਤੋਂ ਬੀ ਲੈਂਦੇ ਹਨ ਜੋ ਕਹਿੰਦੇ ਹਨ ਕਿ ਨਵੇਂ ਤੋਂ ਨਵੇਂ ਨਾਮ ਨਾਲ ਸਾਂਈਂ ਨੂੰ ਯਾਦ ਕਰਦਾ ਹੈ।

੪. ਬਅੰਤਤਾਈ ਦਿਖਾ ਰਹੇ ਹਨ ਕਿ ਇਕ ਸ਼ੇਸ਼ਨਾਗ ਨਹੀਂ ਬਹੁਤੇ ਹਨ ਜਿਵੇਂ ਪਿਛਲੀ ਤੁਕ ਵਿਚ ਕਾਵਿ (ਬ੍ਰਹਮਾਦਿਕ) ਕ੍ਰੋੜਾਂ ਦਿਖਾਏ ਹਨ, ਕਿਉਂਕਿ ਬ੍ਰਹਮੰਡ ਕ੍ਰੋੜਾਂ ਮੰਨੇ ਹਨ ਤਾਂ ਸੁਮੇਰ, ਬ੍ਰਹਮਾ, ਸ਼ੇਸ਼ਨਾਗ ਆਦਿ ਬੀ ਕ੍ਰੋੜਾਂ ਹੋ ਗਏ।

੫. ਅਭਿਮਾਨੀ=ਘਮੰਡੀ, ਜੋ ਨਿਜ ਨੂੰ ਬੜਾ ਵੱਡਾ ਸਮਝੇ।

੬. ਅਭਿਗ=ਦ੍ਰਵੀਭੂਤ ਨਾ ਹੋਣ ਵਾਲੇ। ਨਿਕੋਰ=ਬਹੁਤ ਕੋਰੇ। ਕੋਰੇ ਕਪੜੇ ਤੇ ਰੰਗ ਨਹੀਂ ਚੜ੍ਹਦਾ। ਭਾਵ, ਪ੍ਰੇਮ ਦਾ ਰੰਗ ਨਾ ਚੜ੍ਹੇ ਜਿਨ੍ਹਾਂ ਤੇ। (ਅ) ਐਉਂ ਬੀ ਯਤਨ ਹੁੰਦਾ ਹੈ। ਸੰਸਕ੍ਰਿਤ=ਅਭਿਗ੍ਯ+ਆਤਮ=ਪੂਰਨ ਗ੍ਯਾਨੀ। ਨਿਕੋਰ=ਨਵੇਂ ਨਿਕੋਰ, ਜਿਨ੍ਹਾਂ ਨੂੰ ਮੈਲ ਨਹੀਂ ਲੱਗੀ, ਪਰ ਇਥੇ ਪ੍ਰਸੰਗ ਨੀਵੇਂ ਜੀਵਾਂ ਦਾ ਚਲ ਰਿਹਾ ਹੈ।

 www.sikhbookclub.com

| | |
|---|---|
| ਕਉ ਹਿਰਹਿ॥ ਕਈ ਕੋਟਿ ਪਰ-ਦੂਖਨਾ ਕਰਹਿ॥ ਕਈ ਕੋਟਿ ਮਾਇਆ ਸ੍ਰਮ ਮਾਹਿ॥ ਕਈ ਕੋਟਿ ਪਰਦੇਸ ਭ੍ਰਮਾਹਿ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥੨॥ | ਕਈ ਕ੍ਰੋੜ ਪਰਾਏ ਧਨ ਨੂੰ ਹਿਰ (ਖੋਹ ਯਾ ਚੁਰਾ) ਲੈਂਦੇ ਹਨ। ਕਈ ਕ੍ਰੋੜ ਦੂਸਰਿਆਂ ਦੀ ਨਿੰਦਾ ਕਰਦੇ ਹਨ (ਝੂਠੇ ਦੂਸ਼ਨ ਲਾਉਂਦੇ ਹਨ)। ਕਈ ਕ੍ਰੋੜ ਧਨ ਕਮਾਉਣ ਦੀਆਂ ਮੁਸ਼ੱਕਤਾਂ ਵਿਚ (ਲਗ ਰਹੇ) ਹਨ। ਕਈ ਕ੍ਰੋੜ ਪਰਦੇਸ਼ਾਂ ਵਿਚ ਫਿਰ ਰਹੇ ਹਨ। ਜਿਧਰ ਜਿਧਰ (ਹੇ ਕਰਤਾਰ ਆਪ) ਲਾ ਰਹੇ ਹੋ ਉਧਰ ਉਧਰ (ਜੀਵਾਂ ਨੇ) ਲਗਣਾ ਹੈ। ਹੇ ਨਾਨਕ ਆਪਣੀ ਰਚਨਾ ਨੂੰ ਰਚਣਹਾਰਾ (ਆਪ ਹੀ) ਜਾਣਦਾ ਹੈ[1]॥੨॥ |

ਹੁਣ ਜਗਤ ਰਚਨਾ ਦੀ ਆਮ ਵਿਸ਼ਾਲਤਾ ਵਲ ਦ੍ਰਿਸ਼ਟੀ ਹੈ:-

| | |
|---|---|
| ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ॥ ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥ ਕਈ ਕੋਟਿ ਪਵਣ ਪਾਣੀ ਬੈਸੰਤਰ॥ ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥ ਨਾਨਕ ਜਿਸੁ | ਕਈ ਕ੍ਰੋੜ ਹਨ ਸਿੱਧ, ਜਤੀ ਤੇ ਜੋਗੀ[2]। ਕਈ ਕ੍ਰੋੜ ਹਨ ਰਸਾਂ ਦੇ ਭੋਗਣ ਵਾਲੇ ਰਾਜੇ। ਕਈ ਕ੍ਰੋੜ ਹਨ (ਉਡਣ ਵਾਲੇ) ਪੰਛੀ ਤੇ (ਕਈ ਕ੍ਰੋੜ ਬਿਨ ਪੈਰੋਂ ਟੁਰਨ ਵਾਲੇ) ਸੱਪ ਉਪਾਏ ਹਨ। ਕਈ ਕ੍ਰੋੜ (ਪਏ ਰਹਿਣ ਵਾਲੇ) ਪੱਥਰ (ਤੇ ਕਈ ਕ੍ਰੋੜ ਖੜੇ ਰਹਿਣ ਵਾਲੇ) ਬ੍ਰਿਛ ਪੈਦਾ ਕੀਤੇ ਹਨ। ਕਈ ਕ੍ਰੋੜ ਪਉਣ, ਪਾਣੀ ਤੇ ਅਗਨੀ (ਵਰਗੇ ਪਦਾਰਥ ਪੈਦਾ ਕੀਤੇ[3])। ਕਈ ਕ੍ਰੋੜ ਪ੍ਰਿਥਵੀ ਮੰਡਲ[4] (ਰਚੇ ਹਨ ਤੇ ਉਨ੍ਹਾਂ ਤੇ) ਦੇਸ਼ (ਬਣਾਏ ਹਨ)। ਕਈ ਕ੍ਰੋੜ ਚੰਦ੍ਰਮੇ ਸੂਰਜ ਅਤੇ ਤਾਰੇ (ਰਚੇ ਹਨ)। ਕਈ ਕ੍ਰੋੜ ਰਾਖਸ਼ ਤੇ ਦੇਵਤੇ (ਤੇ ਉਨ੍ਹਾਂ ਦੇ ਸਰਦਾਰ) ਸਿਰ ਤੇ ਛਤਰਾਂ ਵਾਲੇ ਇੰਦ੍ਰ (ਰਚੇ ਹਨ)। (ਇਹ) ਸਾਰੀ ਰਚਨਾ (ਅਪਣੇ ਹੁਕਮ ਦੇ) ਪ੍ਰਬੰਧ ਵਿਚ ਤੋਰ ਰਿਹਾ ਹੈ[5] (ਅਤੇ) ਜਿਸ ਜਿਸ ਨੂੰ (ਤਾਰਨਾ ਪਰਮੇਸ਼ੁਰ ਨੂੰ) ਭਾਉਂਦਾ ਹੈ ਉਸ ਉਸਨੂੰ (ਉਹ) ਤਾਰ |

੧. ਭਾਵ, ਸਾਡੀ ਅਲਪ ਬੁਧੀ ਲਈ ਇਨ੍ਹਾਂ ਵਿਚੋਂ ਚੰਗੇ ਮੰਦੇ ਦੀ ਪਛਾਣ ਕਰ ਸਕਣੀ ਕਠਨ ਹੈ ਕਿਉਂਕਿ ਏਹ ਲੋਕ ਚੰਗੇ ਮੰਦੇ ਵਿਚ ਲਗ ਰਹੇ ਹਨ।

੨. ਸਿਧ=ਜੋਗ ਮਾਰਗ ਦੇ ਆਚਾਰਯ। ਜੈਨ ਵਡਕੇ ਬੀ ਸਿੱਧ ਕਹੀਦੇ ਹਨ। ਜਤੀ=ਕਾਮ ਭੋਗ ਤੋਂ ਬਚਣ ਵਾਲੇ। ਜੋਗੀ=ਯੋਗ ਕਰਨੇ ਵਾਲੇ।

੩. ਪੌਣਾਂ(ਗੈਸਾਂ) ਕਈ ਤਰ੍ਹਾਂ ਦੀਆਂ ਹਨ। ਪਾਣੀ ਤੋਂ ਭਾਵ ਦ੍ਰਵ ਪਦਾਰਥ ਹਨ। ਅਗਨੀ ਤੋਂ ਭਾਵ ਸਾਰੇ ਗਰਮੀ ਦੇਣ ਵਾਲੇ, ਬਲ ਪੈਣ ਵਾਲੇ ਤੇ ਬਾਲ ਦੇਣ ਵਾਲੇ ਪਦਾਰਥ ਹਨ। (ਅ) ਸ਼ਾਸਤ੍ਰਾਂ ਵਿਚ ਪੌਣ ਪਾਣੀ ਅਗਨੀ ਦੇਵਤੇ ਬੀ ਮੰਨੇ ਹਨ।

੪. ਭੂ ਮੰਡਲ=ਪ੍ਰਿਥਵੀ ਮੰਡਲ ਤੇ ਦੇਸ ਬਣਾਏ ਹਨ।

੫. ਸੂਤ੍ਰ ਧਾਰ=ਰੰਗ ਭੂਮੀ ਦੇ ਪ੍ਰਬੰਧਕ ਨੂੰ ਕਹਿੰਦੇ ਹਨ, ਸੂਤ੍ਰ ਵਿਚ ਧਾਰਨਾ, 'ਪ੍ਰਬੰਧ ਵਿਚ ਤੋਰਨ' ਦਾ ਭਾਵ ਰੱਖਦਾ ਹੈ। (ਅ) 'ਹੁਕਮ ਰੂਪੀ ਤਾਗੇ ਵਿਚ' ਬੀ ਕਰਦੇ ਹਨ, ਪਾਵ ਦੁਹਾਂ ਦਾ ਪ੍ਰਬੰਧ ਹੈ।

ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥੩॥

ਲੈਂਦਾ ਹੈ (ਸ੍ਰੀ ਗੁਰੂ) ਨਾਨਕ (ਜੀ ਦਾ ਵਾਕ ਹੈ)॥੩॥

ਕਈ ਕੋਟਿ ਰਾਜਸ ਤਾਮਸ ਸਾਤਕ॥ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥ ਕਈ ਕੋਟਿ ਕੀਏ ਰਤਨ ਸਮੁਦ॥ ਕਈ ਕੋਟਿ ਨਾਨ ਪ੍ਰਕਾਰ ਜੰਤ॥ ਕਈ ਕੋਟਿ ਕੀਏ ਚਿਰਜੀਵੇ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ॥ ਕਈ ਕੋਟਿ ਜਖ੍ ਕਿੰਨਰ ਪਿਸਾਚ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥ ਸਭ ਤੇ ਨੇਰੈ ਸਭਹੂ ਤੇ ਦੂਰਿ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥੪॥

ਕਈ ਕ੍ਰੋੜ (ਜੀਵ) ਰਜੋਗੁਣੀ, ਤਮੋਗੁਣੀ (ਤੇ) ਸਤੋਗੁਣੀ (ਹਨ)[੧]। ਕਈ ਕ੍ਰੋੜ ਵੇਦ ਪੁਰਾਣ ਸਿਮਰਤੀਆਂ ਤੇ ਸ਼ਾਸਤ੍ (ਤ੍ਰੈਗੁਣਾਂ ਤੇ ਤ੍ਰੈਗੁਣਾਂ ਤੋਂ ਅਤੀਤਤਾਈ ਨੂੰ ਨਿਰੂਪਣ ਕਰਨ ਵਾਲੇ ਗ੍ਰੰਥ) ਹਨ। ਕਈ ਕ੍ਰੋੜ ਰਤਨ ਸਮੁੰਦਰਾਂ ਵਿਚ ਉਪਜਾਏ ਹਨ (ਤੇ ਨਾਲ ਹੀ) ਕਈ ਕ੍ਰੋੜ ਅਨੇਕਾਂ ਭਾਂਤਾਂ ਦੇ ਜੰਤੂ (ਰਚੇ ਹਨ)[੨] ਕਈ ਕ੍ਰੋੜ ਵਡੀ ਆਰਬਲਾ ਵਾਲੇ ਜੀਵ (ਅਸਰਾਲ ਆਦਿ) ਰਚੇ ਹਨ। ਕਈ ਕ੍ਰੋੜ (ਸਾਧਾਰਨ) ਪਹਾੜ (ਪਹਾੜੀਆਂ ਅਤੇ) ਸੋਨੇ ਦੇ ਪਰਬਤ (ਸੁਮੇਰ) ਬਣੇ ਪਏ ਹਨ। ਕਈ ਕ੍ਰੋੜ ਯੱਖ ਕਿੰਨਰ ਤੇ ਪਿਸਾਚ[੩] (ਰਚੇ ਗਏ) ਹਨ। ਕਈ ਕ੍ਰੋੜ ਭੂਤ, ਪ੍ਰੇਤ, ਸੂਰ ਤੇ ਸ਼ੇਰ[੪] (ਹਨ)। (ਆਪ ਪਰਮੇਸ਼ੁਰ) ਸਭਨਾਂ ਦੇ ਨੇੜੇ ਹੈ (ਅਰ) ਸਭ ਤੋਂ ਦੂਰ ਹੈ[੫]। (ਕਹਿੰਦੇ ਹਨ ਗੁਰੂ) ਨਾਨਕ, ਆਪ (ਪ੍ਰਭੂ) ਅਲਿਪਤ (ਬੀ) ਹੈ (ਅਰ ਫੇਰ ਸਭ ਵਿਚ) ਪੂਰਨ (ਭੀ) ਹੋ ਰਿਹਾ ਹੈ॥੪॥

ਕਈ ਕੋਟਿ ਪਾਤਾਲ ਕੇ ਵਾਸੀ॥ ਕਈ ਕੋਟਿ ਨਰਕ ਸੁਰਗ ਨਿਵਾਸੀ॥ ਕਈ ਕੋਟਿ ਜਨਮਹਿ ਜੀਵਹਿ ਮਰਹਿ॥ ਕਈ ਕੋਟਿ ਬਹੁ ਜੋਨੀ ਫਿਰਹਿ॥ ਕਈ ਕੋਟਿ ਬੈਠਤ ਹੀ

ਕਈ ਕ੍ਰੋੜ (ਜੀਵ) ਪਤਾਲ ਦੇ ਵੱਸਣੇ ਵਾਲੇ ਹਨ, ਕਈ ਕ੍ਰੋੜ ਨਰਕ ਸੁਰਗ ਦੇ ਰਹਿਣੇ ਵਾਲੇ ਹਨ, ਕਈ ਕ੍ਰੋੜ ਜੰਮਦੇ ਹਨ, ਜੀਵਨ ਬਸਰ ਕਰਦੇ ਹਨ ਤੇ ਫੇਰ ਮਰ ਜਾਂਦੇ ਹਨ। ਕਈ ਕ੍ਰੋੜ ਬਹੁਤੀਆਂ ਜੂਨਾਂ ਵਿਚ ਪਏ ਫਿਰਦੇ ਹਨ। ਕਈ ਕ੍ਰੋੜ ਬੈਠੇ ਹੀ ਖਾਂਦੇ ਹਨ[੬] ਕਈ

---

੧. ਆਲਸ, ਗੁੱਸਾ, ਸਾੜਾ, ਆਦਿ ਤਮੋਗੁਣ ਹਨ। ਹੰਕਾਰ, ਇਛਜਾ, ਕਾਮਨਾ, ਰਜੋ ਗੁਣ ਹਨ। ਸ਼ਾਂਤੀ, ਠੰਢ, ਟਿਕਾਉ ਸਤੋਗੁਣ ਹਨ। ਇਨ੍ਹਾਂ ਉੱਪਰ ਤੁਰੀਆ ਹੈ। ਸਾਰੀ ਰਚਨਾ ਤ੍ਰੈ ਗੁਣਾਂ ਦਾ ਪਸਾਰਾ ਹੈ। (ਅ) 'ਰਾਜਸ'=ਬ੍ਰਹਮਾ, ਤਾਮਸ=ਸ਼ਿਵ, ਸਾਤਕ=ਵਿਸ਼ਨੂੰ, ਇਹ ਭਾਵ ਬੀ ਕੱਢਦੇ ਹਨ।

੨. ਅਗਲੀ ਤੁਕ ਦੱਸਦੀ ਹੈ ਕਿ ਜੰਤੂ ਤੋਂ ਮੁਰਾਦ ਥੋੜ੍ਹੀ ਉਮਰਾ ਵਾਲੇ ਨਿੱਕੇ ਨਿੱਕੇ ਜੀਵਾਂ ਦੀ ਹੈ।

੩. ਯੱਖ, ਕੁਬੇਰ ਦੇ ਸਾਥੀ ਦੇਵਤੇ। ਕਿੰਨਰ, ਦੇਵਤਿਆਂ ਦੇ ਗਵੱਈਏ। ਪਿਸਾਚ, ਆਮ ਤੌਰ ਤੇ ਭੂਤਾਂ ਨੂੰ ਕਹਿੰਦੇ ਹਨ ਪਰ ਇਹ ਬੀ ਅਤਿ ਨੀਵੇਂ ਅਸਮਾਨੀ ਲੋਕ ਮੰਨੇ ਗਏ ਹਨ।

੪. ਮ੍ਰਿਗਾਚ=ਮ੍ਰਿਗਾਂ ਨੂੰ ਖਾਣ ਵਾਲੇ। (ਮ੍ਰਿਗ+ਅਚ)।

੫. ਨੇੜੇ ਇਸ ਲਈ ਕਿ ਵਯਾਪਕ ਹੈ, ਦੂਰ ਇਸ ਲਈ ਕਿ ਅਲਿਪਤ ਹੈ।

੬. ਭਾਵ, ਬਿਨਾ ਮਿਹਨਤ ਮਜੂਰੀ ਕੰਮ ਕੀਤੇ ਦੇ ਉਨ੍ਹਾਂ ਨੂੰ ਖਾਣ ਪੀਣ ਨੂੰ ਮਿਲ ਜਾਂਦਾ ਹੈ।

ਖਾਹਿ॥ ਕਈ ਕੋਟਿ ਘਾਲਹਿ ਥਕਿ ਪਾਹਿ॥ ਕਈ ਕੋਟਿ ਕੀਏ ਧਨਵੰਤ॥ ਕਈ ਕੋਟਿ ਮਾਇਆ ਮਹਿ ਚਿੰਤ॥ ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥ ੫॥

ਕ੍ਰੋੜ ਕਮਾਈਆਂ ਕਰਦੇ ਥੱਕ ਜਾਂਦੇ ਹਨ। ਕਈ ਕ੍ਰੋੜ ਧਨਵਾਨ ਬਣਾਏ ਹਨ। ਕਈ ਕ੍ਰੋੜ ਮਾਇਆ ਲਈ ਚਿੰਤਾਤੁਰ ਰਹਿੰਦੇ (ਬਣਾਏ) ਹਨ। ਜਿਥੇ ਜਿਥੇ (ਪਰਮੇਸ਼ੁਰ) ਨੂੰ ਭਾਉਂਦਾ ਹੈ ਓਥੇ ਓਥੇ ਰੱਖਦਾ ਹੈ; (ਦੱਸਦੇ ਹਨ ਗੁਰੂ) ਨਾਨਕ, ਸਭ ਕੁਝ ਪ੍ਰਭੂ ਦੇ (ਅਪਣੇ) ਹੱਥ ਵਿਚ ਹੈ॥੫॥

ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥ ਕਈ ਕੋਟਿ ਪ੍ਰਭ ਕਉ ਖੋਜੰਤੇ॥ ਆਤਮ ਮਹਿ ਪਾਰਬ੍ਰਹਮ ਲਹੰਤੇ॥ ਕਈ ਕੋਟਿ ਦਰਸਨ ਪ੍ਰਭ ਪਿਆਸ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥ ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮ ਤਿਨ ਲਾਗਾ ਰੰਗੁ॥ ਜਿਨ ਕਉ ਹੋਏ ਆਪਿ ਸੁ ਪ੍ਰਸੰਨ॥ ਨਾਨਕ ਤੇ ਜਨ ਸਦਾ ਧਨਿ ਧੰਨਿ॥ ੬॥

ਹੁਣ ਵੈਰਾਗ, ਸਤਿਸੰਗ ਦੇ ਨਾਮ ਦੇ ਜ਼ਰੀਏ ਪ੍ਰਭੂ ਦੇ ਪ੍ਰੇਮੀ ਹੋਣ ਵਾਲਿਆਂ ਦਾ ਜ਼ਿਕਰ ਤੁਰਿਆ-

ਕਈ ਕ੍ਰੋੜ (ਦ੍ਰਿਸ਼ਟਮਾਨ ਤੋਂ) ਵੈਰਾਗਵਾਨ ਹੋ ਗਏ ਹਨ, ਉਨ੍ਹਾਂ ਦੀ ਲਿਵ ਪਰਮੇਸ਼ੁਰ ਦੇ ਨਾਮ ਨਾਲ ਲਗ ਗਈ। ਕਈ ਕ੍ਰੋੜ ਪ੍ਰਭੂ ਨੂੰ ਖੋਜਦੇ ਹਨ। (ਓਹ ਆਪਣੇ) ਆਤਮਾ ਵਿਚ ਪਾਰਬ੍ਰਹਮ ਨੂੰ ਲੱਭ ਲੈਂਦੇ ਹਨ। ਕਈ ਕ੍ਰੋੜ ਨੂੰ ਪ੍ਰਭੂ ਦੇ ਦਰਸ਼ਨ ਦੀ ਚਾਹ (ਲਗ ਰਹੀ) ਹੈ, ਉਨ੍ਹਾਂ ਨੂੰ ਅਬਿਨਾਸ਼ੀ ਪ੍ਰਭੂ (ਆਪ) ਆ ਮਿਲਦਾ ਹੈ।

ਕਈ ਕ੍ਰੋੜ ਸਤਿਸੰਗ ਲੱਭਦੇ ਹਨ। ਉਨ੍ਹਾਂ ਨੂੰ ਅਕਾਲ ਪੁਰਖ ਦਾ ਪ੍ਰੇਮ ਲਗ ਜਾਂਦਾ ਹੈ। ਹੇ ਨਾਨਕ! ਓਹ ਪੁਰਖ ਧੰਨ ਹਨ, ਓਹ ਸਦਾ ਧੰਨਜ ਹਨ ਜਿਨ੍ਹਾਂ ਉੱਤੇ (ਰੱਬ ਜੀ) ਆਪ ਮਿਹਰਵਾਨ ਹੋ ਜਾਂਦੇ ਹਨ॥੬॥

ਹੁਣ ਨਜ਼ਰ ਸ੍ਰਿਸ਼ਟੀ ਤੇ ਪ੍ਰਭੂ ਦੀ ਬੇਅੰਤਤਾ ਤੇ ਪਈ ਹੈ:-

ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥ ਕਈ ਕੋਟਿ ਹੋਏ ਅਵਤਾਰ॥ ਕਈ ਜੁਗਤਿ ਕੀਨੋ ਬਿਸਥਾਰ॥ ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥

ਕਈ ਕ੍ਰੋੜ ਖਾਣੀਆਂ[1] ਤੇ ਖੰਡ[2] ਹਨ। ਕਈ ਕ੍ਰੋੜ ਹਨ ਆਕਾਸ਼ ਤੇ ਬ੍ਰਹਮੰਡ। ਕਈ ਕ੍ਰੋੜ (ਜੀਵ ਇਨ੍ਹਾਂ ਵਿਚ) ਅਵਤਰਣ ਹੋਏ ਹਨ[3]। (ਜਗਤ ਰਚਨਾ ਦਾ ਇਹ) ਵਿਸਥਾਰ (ਆਪੇ ਨਹੀਂ ਹੋਯਾ) ਕਈ ਜੁਗਤਾਂ ਨਾਲ (ਪ੍ਰਭੂ ਨੇ) ਕੀਤਾ ਹੈ! (ਹਾਂ ਕਈ ਵੇਰ ਇਹ ਫੈਲਾਉ ਫੈਲਿਆ (ਭਾਵ ਸੰਸਾਰ ਰਚਿਆ ਗਿਆ) ਹੈ, (ਪਰ) ਇਕ ਅਕਾਲ ਪੁਰਖ (ਹੀ) ਸਦੀਵ (ਤੇ) ਨਿਤ (ਅਪਣੇ ਸਰੂਪ ਵਿਚ ਸਥਿਤ ਰਹਿੰਦਾ) ਹੈ।

---

੧. ਸ੍ਰਿਸ਼ਟੀ ਉਤਪਤੀ ਦੇ ਚਾਰ ਤਰੀਕਿਆਂ ਨੂੰ ਅੰਡਜ, ਜੇਰਜ, ਸੇਤਜ, ਉਤਭੁਜ ਖਾਣੀ ਕਹਿੰਦੇ ਹਨ।

੨. ਪ੍ਰਿਥਵੀ ਦੇ ਨੌ ਟੋਟਿਆਂ ਨੂੰ ਖੰਡ ਕਹਿੰਦੇ ਹਨ।

੩. ਅਵਤਾਰ ਹੋਣਾ=ਉਤਰਨਾ, ਅਵਤਰਣ ਹੋਣਾ ਜੰਮਣਾ। (ਅ) ਕਈ ਕ੍ਰੋੜ ਅਵਤਾਰ ਹੋਏ ਹਨ।

ਕਈ ਕੋਟਿ ਕੀਨੇ ਬਹੁ ਭਾਤਿ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
ਤਾਕਾ ਅੰਤੁ ਨ ਜਾਨੈ ਕੋਇ॥
ਆਪੇ ਆਪਿ ਨਾਨਕ ਪ੍ਰਭੁ ਸੋਇ॥੭॥

(ਹਰ ਰਚਨਾ ਵਿਚ) ਕਈ ਕ੍ਰੋੜ (ਜੀਵ) ਬਹੁਤੀਆਂ ਭਾਂਤਾਂ ਕਰਕੇ (ਪ੍ਰਭੂ ਨੇ) ਰਚੇ (ਪਰ ਓਹ) ਪ੍ਰਭੂ ਤੋਂ (ਉਤਪਤ) ਹੋਕੇ ਪ੍ਰਭੂ ਵਿਚ ਹੀ ਸਮਾਉਂਦੇ ਰਹੇ। ਉਸ (ਪ੍ਰਭੂ) ਦਾ ਅੰਤ ਕੋਈ ਨਹੀਂ ਜਾਣਦਾ। ਹੇ ਨਾਨਕ! ਉਹ ਪ੍ਰਭੂ ਆਪ ਹੈ ਤੇ ਆਪੇ ਹੈ[1]॥੭॥

ਹੁਣ ਆਪਣਾ ਸਿਧਾਂਤ-ਭਗਤੀ, ਪਰਾ ਭਗਤੀ ਤੇ ਭਗਤੀ ਜਨਜ ਗਜਾਨ ਦਾ ਵਰਣਨ ਕਰਦੇ ਹਨ:-

ਕਈ ਕੋਟਿ ਪਾਰਬ੍ਰਹਮ ਕੇ ਦਾਸ॥
ਤਿਨ ਹੋਵਤ ਆਤਮ ਪਰਗਾਸ॥
ਕਈ ਕੋਟਿ ਤਤ ਕੇ ਬੇਤੇ॥
ਸਦਾ ਨਿਹਾਰਹਿ ਏਕੋ ਨੇਤ੍ਰੇ॥
ਕਈ ਕੋਟਿ ਨਾਮ ਰਸੁ ਪੀਵਹਿ॥
ਅਮਰ ਭਏ ਸਦ ਸਦ ਹੀ ਜੀਵਹਿ॥
ਕਈ ਕੋਟਿ ਨਾਮ ਗੁਨ ਗਾਵਹਿ॥
ਆਤਮ ਰਸਿ ਸੁਖਿ ਸਹਜਿ ਸਮਾਵਹਿ॥

ਕਈ ਕ੍ਰੋੜ ਪਾਰਬ੍ਰਹਮ ਦੇ ਦਾਸ ਹਨ, ਓਨ੍ਹਾਂ ਨੂੰ ਆਤਮ ਪ੍ਰਕਾਸ਼ ਹੁੰਦਾ ਹੈ[2]। ਕਈ ਕ੍ਰੋੜ ਤੱਤ (ਸਾਰ) ਦੇ ਜਾਣਨੇ ਵਾਲੇ ਹਨ, ਓਹ ਸਦੀਵ ਇਕ (ਪ੍ਰਭੂ) ਨੂੰ ਹੀ ਨੇਤ੍ਰਾਂ ਨਾਲ ਦੇਖਦੇ ਹਨ[3]। ਕਈ ਕ੍ਰੋੜ ਨਾਮ ਰਸ ਪੀਂਦੇ ਹਨ, (ਓਹ) ਮੌਤ ਤੋਂ ਰਹਿਤ ਹੋਕੇ ਸਦਾ ਸਦਾ ਹੀ ਜੀਉਂਦੇ ਹਨ। ਕਈ ਕ੍ਰੋੜ (ਪਰਮੇਸ਼ੁਰ ਦੇ) ਨਾਮ ਤੇ ਗੁਣਾਂ ਨੂੰ ਗਾਉਂਦੇ ਹਨ, (ਓਹ) ਆਤਮਰਸ (ਤੇ) ਸਹਿਜ ਸੁਖ ਦੇ ਵਿਚ ਸਮਾਉਂਦੇ ਹਨ।

ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥ ਨਾਨਕ ਓਇ ਪਰਮੇਸੁਰ ਕੇ ਪਿਆਰੇ॥੮॥੧੦॥

ਹੇ ਨਾਨਕ! (ਜੋ ਉਸ ਨੇ ਅਪਣੇ ਕਰ ਲਏ ਹਨ ਉਨ੍ਹਾਂ) ਅਪਣੇ ਜਨਾਂ ਨੂੰ (ਓਹ) ਪਲ ਪਲ ਵਿਚ ਸੰਭਾਲਦਾ ਰਹਿੰਦਾ ਹੈ ਉਹੀ ਪਰਮੇਸ਼ੁਰ ਦੇ ਪਜਾਰੇ (ਕਹੀਦੇ) ਹਨ। (ਭਾਵ, ਜਿਨ੍ਹਾਂ ਪ੍ਰੇਮੀਆਂ ਨੂੰ ਪ੍ਰਭੂ ਪਿਆਰ ਕਰਨ ਲਗ ਜਾਵੇ ਅਸਲ ਪ੍ਰੇਮੀ ਓਹ ਹਨ)॥੮॥੧੦॥

ਸਲੋਕੁ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ

ਕਾਰਣ (ਬੀ) ਇਕੋ ਪ੍ਰਭੂ (ਆਪ) ਹੈ (ਤੇ) ਕਰਨੇ ਦਾ ਸੰਦ ਬੀ ਆਪ ਹੈ[4], ਦੂਜਾ ਹੋਰ ਕੋਈ ਨਹੀਂ, (ਮੈਂ) ਨਾਨਕ ਉਸ ਤੋਂ ਬਲਿਹਾਰਨੇ ਹਾਂ,

---

੧. ਆਪੇ=ਉਸ ਦਾ ਨਿੱਭਜ ਰਹਿਣੇ ਵਾਲਾ ਵਜੂਦ ਤੇ ਕਾਇਮੀ ਕਿਸੇ ਹੋਰ ਦੀ ਮੁਥਾਜ ਨਹੀਂ। ਆਪਿ=ਇਉਂ ਸੁਤੰਤ੍ਰ ਤੇ ਸਦਾ ਥਿਰ ਹੋਕੇ ਓਹ ਆਪਣੇ ਕਰਨਿਆਂ ਵਿਚ ਕਿਸੇ ਕਾਰਣ ਯਾ ਵਸਤੂ ਦਾ ਮੁਥਾਜ ਨਹੀਂ। ਸਭ ਕੁਛ ਆਪ ਹੀ ਆਪ ਹੈ।

੨. ਭਾਵ, ਜੋ ਭਗਤੀ ਵਿਚ ਜਾਂਦੇ ਹਨ, ਉਨ੍ਹਾਂ ਨੂੰ ਗਜਾਨ ਹੋ ਜਾਂਦਾ ਹੈ।

੩. ਤਤ ਕੇ ਬੇਤੇ=ਸਾਰ ਰੂਪ ਪਰਮਾਤਮਾ ਨੂੰ ਜਾਣਨ ਵਾਲੇ ਸਦਾ ਉਸ ਇਕ ਨੂੰ ਸਾਰੇ ਵਜਾਪਕ ਦੇਖਦੇ ਹਨ।

੪. ਕਾਰਣ=ਨਿਮਿਤ ਤੇ ਉਪਾਦਾਨ ਦੋਇ ਕਾਰਣ ਆਪ ਹੈ। ਜਿਵੇਂ ਡੋਰਾ ਜਾਲਾ ਆਪ ਤਣਦਾ ਹੈ ਤੇ ਜਾਲਾ ਬੀ ਅਪਣੇ ਤੋਂ ਹੀ ਉਤਪਤ ਕਰਦਾ ਹੈ। ਕਰਣ=ਸੰਦ ਯਾ ਵਸੀਲਾ, ਜਿਸ ਨਾਲ ਕਰਨਾ ਹੈ। (Instrument or means of action)। (ਅ) ਕਾਰਣ ਤੇ ਕਾਰਜ

ਮਹੀਅਲਿ ਸੋਇ॥੧॥

ਜੋ ਜਲ ਥਲ ਵਿਚ[1] (ਸਾਰੇ ਵਯਾਪਕ ਹੈ)॥੧॥

ਅਸਟਪਦੀ॥ ਕਰਨ ਕਰਾਵਨ ਕਰਨੈ ਜੋਗੁ॥ ਜੋ ਤਿਸੁ ਭਾਵੈ ਸੋਈ ਹੋਗੁ॥ ਖਿਨ ਮਹਿ ਥਾਪਿ ਉਥਾਪਨ ਹਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ॥ ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥ ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥ ਕਰਿ ਕਰਿ ਦੇਖੈ ਅਪਨੀ ਵਡਿਆਈ॥ ਨਾਨਕ ਸਭ ਮਹਿ ਰਹਿਆ ਸਮਾਈ॥੧॥

(ਆਦਿ ਵਿਚ ਇਹ ਰਚਨਾ) ਕਰਨ ਕਰਾਉਣ ਵਾਲਾ (ਓਹੋ ਪ੍ਰਭੂ ਸੀ ਤੇ ਓਹੋ ਹੁਣ ਬੀ) ਕਰਨੇ ਨੂੰ ਸਮਰੱਥ ਹੈ[2] (ਅਗੋਂ ਨੂੰ ਬੀ) ਜੋ ਉਸਨੂੰ ਭਾਵੇ ਉਹੋ (ਹੀ) ਹੋਵੇਗਾ[3]। (ਉਹ) ਪਲ ਵਿਚ ਰਚਣ ਤੇ (ਪਲ ਵਿਚ) ਭੰਨ ਦੇਣ ਵਾਲਾ ਹੈ।[4] ਉਸ ਦਾ ਨਾ ਕੁਛ ਅੰਤ ਹੈ (ਨਾ ਕੁਛ) ਪਾਰਾਵਾਰ[5] ਹੈ। (ਸ੍ਰਿਸ਼ਟੀ ਨੂੰ ਤਾਂ ਆਪਣੇ) ਹੁਕਮ ਦੁਆਰਾ ਰਚਕੇ (ਉਸਨੂੰ) ਬਿਨਾਂ ਆਸਰੇ ਦੇ (ਟਿਕਾਈ) ਰਖਦਾ ਹੈ[6], (ਉਸਦੇ) ਹੁਕਮ ਕਰਕੇ (ਹੀ ਸ੍ਰਿਸ਼ਟੀ) ਉਪਜਦੀ ਤੇ ਹੁਕਮ ਵਿਚ ਹੀ ਸਮਾ ਜਾਂਦੀ ਹੈ। ਹੁਕਮ ਵਿਚ ਹੀ ਊਚ ਨੀਚ ਦਾ ਵਿਹਾਰ (ਹੋ ਰਿਹਾ ਹੈ)। ਹੁਕਮ ਵਿਚ ਅਨੇਕ ਰੰਗ (ਤੇ ਅਨੇਕ) ਪ੍ਰਕਾਰ (ਹੋ ਰਹੇ ਹਨ[7]; ਫੇਰ ਓਹ ਅਲਗ ਨਹੀਂ) ਹੇ ਨਾਨਕ, ਸਭ ਵਿਚ (ਆਪ) ਸਮਾ ਰਿਹਾ ਹੈ (ਤੇ ਏਡੇ ਮਹਾਨ ਕਾਰਜ) ਕਰ ਕਰਕੇ ਅਪਨੀ ਵਡਿਆਈ (ਆਪ ਹੀ) ਵੇਖ ਰਿਹਾ ਹੈ॥੧॥

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥

(ਜੇ) ਪ੍ਰਭੂ ਨੂੰ ਭਾਵੇ (ਤਾਂ) ਮਨੁਖ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। (ਜੇ) ਪ੍ਰਭੂ ਨੂੰ ਭਾਵੇ ਤਾਂ ਪਥਰਾਂ (ਵਾਕੂ ਭਾਰੇ ਪਾਪੀਆਂ ਨੂੰ ਭੌਜਲ ਸੰਸਾਰ ਤੋਂ) ਤਰਾ ਦਿੰਦਾ ਹੈ, (ਜੇ) ਪ੍ਰਭੂ ਨੂੰ ਭਾਵੇ (ਤਾਂ) ਸੁਆਸਾਂ ਤੋਂ ਬਿਨਾਂ (ਹੋ ਗਏ ਮਨੁੱਖ ਨੂੰ ਬੀ) ਬਚਾ ਲੈਂਦਾ ਹੈ। ਪ੍ਰਭੂ ਨੂੰ ਭਾਵੇ ਤਾਂ (ਜੀਵ) ਹਰੀ ਦੇ ਗੁਣ ਗਾਉਂਦਾ ਹੈ।

---

੧. ਗੁਰਬਾਣੀ ਵਿਚ ਮਹੀ, ਮਹੀਐ, ਮਹੀਓ ਪਦ 'ਵਿਚ' ਦੇ ਅਰਥਾਂ ਵਿਚ ਆਯਾ ਹੈ, ਐਸੇ ਹੀ ਮਹੀਅਲ ਦਾ ਅਰਥ 'ਵਿਚ' ਹੈ। ਸੰਸ:,ਮਧਜ=ਵਿਚ)। (ਅ) ਮਹੀਅਲ=(ਸੰਸ:,ਮਧਜ ਸਥਲ) ਭਾਵ ਜਲ ਥਲ ਵਾਲੀ ਧਰਤੀ ਜਿਸ ਪੁਲਾੜ ਵਿਚ ਚੱਲ ਰਹੀ ਹੈ। (ੲ) ਮਹੀ=ਧਰਤੀ। ਅਲਿ=ਆਕਾਸ਼(ਸੰਪ੍ਰਦਾ)।

੨. (ਅ) ਜੇ ਜਗਤ (ਕਰਨ=)ਪ੍ਰਕਿਰਤੀ ਤੋਂ ਬਣਿਆਂ ਤੇ (ਕਰਾਵਨ=) ਬ੍ਰਹਮਾ ਤੋਂ ਰਚਵਾਇਆ ਗਿਆ ਤਾਂ ਦੋਹਾਂ ਨੂੰ ਕਰਨ ਦੀ ਸਮਰੱਥਾ ਦੇਣ ਵਾਲਾ (ਓਹੋ ਹੀ) ਪ੍ਰਭੂ ਹੈ।

੩. 'ਹੋਗੁ' ਪਦ ਦੱਸਦਾ ਹੈ ਕਿ ਪਹਿਲੇ ਭੂਤ (Past) ਤੇ ਵਰਤਮਾਨ (Present) ਕਾਲ ਆਏ ਹਨ।

੪. ਥਾਪ=ਰਚਣ ਵਾਲਾ। ਉਥਾਪਨ=ਥਾਪੇ ਹੋਏ ਨੂੰ ਉਠਾ ਦੇਣ ਵਾਲਾ ਦੂਰ ਕਰਨ ਵਾਲਾ।

੫. ਪਾਰਾਵਾਰ-ਦੇਖੋ ਪੰਨਾ ੩੧੪ ਦੀ ਹੇਠਲੀ ਟੂਕ ੧ ਨਿਸ਼ਾਨ ਵਾਲੀ।

੬. (ਅ) ਸ੍ਰਿਸ਼ਟੀ ਨੂੰ ਤਾਂ ਹੁਕਮ ਦੇ ਆਸਰੇ ਧਾਰਨ ਕਰੀ ਰੱਖਦਾ ਹੈ, ਪਰ ਆਪ ਨਿਰ ਆਸਰੇ ਰਹਿੰਦਾ ਹੈ। (ਸੰਪ੍ਰਦਾ)।

੭. ਤਰ੍ਹਾਂ ਤਰ੍ਹਾਂ ਦੀਆਂ ਭਾਂਤਾਂ ਤੇ ਅਗੋਂ ਨਿਖੇੜਵੀਆਂ ਕਿਸਮਾਂ।


www.sikhbookclub.com

ਪ੍ਰਭ ਭਾਵੈ ਤਾ ਪਤਿਤ ਉਧਾਰੈ॥
ਆਪਿ ਕਰੈ ਆਪਨ ਬੀਚਾਰੈ॥ ਦੁਹਾ ਸਿਰਿਆ ਕਾ ਆਪਿ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥
ਜੋ ਭਾਵੈ ਸੋ ਕਾਰ ਕਰਾਵੈ॥
ਨਾਨਕ ਦ੍ਰਿਸਟੀ ਅਵਰੁ ਨ ਆਵੈ॥ ੨॥

(ਜੇ) ਪ੍ਰਭੂ ਨੂੰ ਭਾਵੇ ਤਾਂ ਪਤਿਤਾਂ[1] ਦਾ (ਬੀ) ਉਧਾਰ ਕਰ ਲੈਂਦਾ ਹੈ। (ਇਹ ਸਭ ਕੁਛ ਉਹ) ਆਪੇ (ਹੀ) ਕਰਦਾ ਹੈ (ਕਿਸੇ ਦੀ ਸਲਾਹ ਨਹੀਂ ਲੈਂਦਾ, ਸਦਾ) ਆਪ ਹੀ ਵਿਚਾਰਦਾ ਹੈ ਤੇ ਆਪ ਹੀ ਕਰਦਾ ਹੈ[2]। ਦੁਹਾਂ ਸਿਰਿਆਂ ਦਾ ਮਾਲਕ ਆਪ ਹੈ, (ਆਪ ਹੀ ਸੰਸਾਰ ਨਾਟ ਦੀ) ਖੇਡ ਖੇਡਦਾ ਹੈ (ਆਪ ਹੀ ਖੇਡ ਵੇਖਕੇ) ਪ੍ਰਸੰਨ ਹੁੰਦਾ ਹੈ, ਆਪ ਹੀ ਅੰਤਰਯਾਮੀ[3] ਹੈ ਜੋ (ਉਸਨੂੰ) ਭਾਉਂਦੀ ਹੈ, ਸੋਈ ਕਾਰ ਕਰਦਾ ਕਰਾਉਂਦਾ ਹੈ, ਹੇ ਨਾਨਕ! (ਸਾਨੂੰ) ਹੋਰ ਕੋਈ ਨਜ਼ਰ ਨਹੀਂ ਆਉਂਦਾ॥੨॥

ਕਹੁ ਮਾਨੁਖ ਤੇ ਕਿਆ ਹੋਇ ਆਵੈ॥
ਜੋ ਤਿਸੁ ਭਾਵੈ ਸੋਈ ਕਰਾਵੈ॥
ਇਸਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥
ਅਨਜਾਨਤ ਬਿਖਿਆ ਮਹਿ ਰਚੈ॥

ਕਹੁ ਮਨੁੱਖ ਤੋਂ ਕੀਹ ਹੋ ਸਕਦਾ ਹੈ, ਜੋ ਉਸ (ਪਰਮੇਸ਼ੁਰ) ਨੂੰ ਭਾਉਂਦਾ ਹੈ ਸੋਈ (ਕਾਰ) ਕਰਾਉਂਦਾ ਹੈ। (ਜੇ) ਇਸ (ਜੀਵ) ਦੇ ਹਥ ਵਿਚ ਹੋਵੇ[4] ਤਾਂ ਸਭ ਕੁਝ (ਆਪ ਹੀ) ਲੈ ਲਵੇ। (ਪਰ) ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਸੋਈਓ (ਕੁਛ ਓਹ) ਕਰਦਾ ਹੈ। ਨਾ ਜਾਣਨ ਕਰਕੇ (ਇਹ ਜੀਵ) ਵਿਸ਼ਿਆਂ ਵਿਚ ਜਾ ਫਸਦਾ ਹੈ[5]।

---

੧. ਪਤਿਤ=ਧਰਮ ਤੋਂ ਡਿਗੇ ਹੋਏ, ਦੋਸ਼ੀ, ਪਾਪੀ।

੨. (ਅ) ਬੀਚਾਰੇ=ਵੀਚਾਰ ਕਰਦਾ ਹੈ!

੩. ਅੰਤਰਯਾਮੀ, ਅੰਤਰਯਾਮੀ ਦਾ ਅਸਲੀ ਅਰਥ ਹੈ, ਜੋ ਅੰਦਰ ਦੇ ਭਾਵਾਂ ਨੂੰ ਰੋਕਦਾ, ਠੀਕ ਕਰਦਾ, ਯਾ ਪ੍ਰੇਰਦਾ ਹੈ। ਦੂਸਰਾ ਅਰਥ ਹੈ, ਦਿਲਾਂ ਦੀਆਂ ਜਾਣਨ ਵਾਲਾ।

ਵੇਦਾਂਤ ਦੀ ਪਰਿਭਾਸ਼ਾ ਵਿਚ ਪ੍ਰਮਾਤਮਾ ਦੇ ਚਾਰ ਰੂਪ ਗਿਣੇ ਹਨ:-ਚਿਤ, ਅੰਤਰਯਾਮੀ, ਸੂਤ੍ਰਾਤਮਾ ਤੇ ਵਿਰਾਟ। 'ਚਿਤ' ਅਤੇ 'ਵਿਰਾਟ' ਇਹ ਦੋ ਸਿਰੇ ਹਨ, ਵਿਚਕਾਰਲੀ ਅਵਸਥਾ 'ਅੰਤਰਯਾਮੀ' ਤੇ 'ਸੂਤਾਤਮਾ' ਦੀ ਹੈ। 'ਚਿਤ' ਅਸੰਗ ਪਰਮਾਤਮਾ (Pure Brahm) ਦਾ ਨਾਮ ਹੈ। 'ਅੰਤਰਯਾਮੀ' ਪਰਮਾਤਮਾ ਦੇ ਉਸ ਤੱਤ ਦਾ ਨਾਮ ਹੈ ਜੋ ਅੰਦਰ ਰਹਿ ਕੇ ਨਿਯਮਨ ਕਰਦਾ ਹੈ (Inner Controller) ਇਹ ਸਭ ਦੇ ਅੰਦਰ ਕਾਰਨ ਰੂਪ ਹੋ ਕੇ ਵਰਤ ਰਿਹਾ ਹੈ। 'ਸੂਤ੍ਰਾਤਮਾ' ਸਾਰੇ ਸਪੱਸ਼ਟ ਸੰਸਾਰ ਦੀਆਂ ਸੂਖਮ ਦੇਹਾਂ ਦਾ ਅਹੰ ਭਾਵ ਰਖਣੇ ਵਾਲਾ ਪਰਮਾਤਮਾ ਦਾ ਤੱਤ ਹੈ (Dispenser of the Crude elements) ਅੰਕੁਰ ਫੁੱਟਣ ਵਾਲੇ ਪੌਦੇ ਦੀ ਅਵਸਥਾ ਸੂਤ੍ਰਾਤਮਾਂ ਦੀ ਅਵਸਥਾ ਦੇ ਤੁੱਲ ਹੈ। 'ਵਿਰਾਟ' ਅਗਲੀ ਅਵਸਥਾ ਹੈ ਜੋ ਧੁਪ ਵਿਚ ਚਮਕਦੇ ਹੋਏ ਸਪਸ਼ਟ ਸੰਸਾਰ ਦੀ ਹੈ (The Dispenser of concrete elemental World) ਦੁਹਾਂ ਤੁਕਾਂ ਦਾ ਭਾਵ ਇਹ ਹੈ ਕਿ ਪਰਮੇਸ਼ੁਰ ਚਾਰੋਂ ਅਵਸਥਾ ਦਾ ਆਪ ਮਾਲਕ ਹੈ। 'ਚਿਤ' ਤੇ 'ਅੰਤਰਯਾਮੀ' ਆਦਿਕ ਚਾਰੇ ਅਵਸਥਾ ਉਸ ਦਾ ਆਪਣਾ ਖੇਲ ਤੇ ਵਿਕਾਸ ਹੈ। ਇਹ ਕਿਸੇ ਮਾਯਾ ਦੇ ਬੰਧਨ ਕਰਕੇ ਨਹੀਂ ਪ੍ਰੰਤੂ ਉਸ ਦੀ ਆਪਣੀ ਮਰਜ਼ੀ ਨਾਲ ਰਚੀ ਹੋਈ ਖੇਡ ਹੈ। 'ਨਾਨਕ ਦ੍ਰਿਸਟੀ ਅਵਰੁ ਨ ਆਵੈ' ਵਾਲੀ ਤੁਕ ਵਿਚ ਮਾਯਾ ਦਾ ਖੰਡਨ ਹੈ ਜੋ ਵੇਦਾਂਤ ਮੁਤਾਬਿਕ ਪਰਮਾਤਮਾ ਦੀਆਂ ਅਗਲੀਆਂ ਤਿੰਨ ਅਵਸਥਾਂ ਨੂੰ ਪੈਦਾ ਕਰਦੀ ਹੈ।

੪. ਇਸ ਦੇ ਇਖਤਯਾਰ ਵਿਚ ਹੋਵੇ ਤਾਂ।

੫. ਇਸਦੇ ਅਗਜਾਨ ਵਲ ਇਸ਼ਾਰਾ ਹੈ।

ਜੋ ਜਾਨਤ ਆਪਨ ਆਪ ਬਚੈ॥
ਭਰਮੇ ਭੂਲਾ ਦਹ-ਦਿਸਿ ਧਾਵੈ॥
ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥੩॥

ਜੇ ਜਾਣਦਾ ਹੋਵੇ (ਤਦ) ਆਪਣਾ ਆਪ ਬਚਾ ਲਵੇ। ਭਰਮ ਵਿਚ ਭੁੱਲਾ ਹੋਇਆ ਦਸੋਂ ਦਿਸ਼ਾ ਵਿਖੇ (ਲੋੜ ਲਈ ਕਰਦਾ) ਦੌੜਦਾ ਫਿਰਦਾ ਹੈ। (ਇਥੋਂ ਤਾਈਂ ਕਿ ਸੰਕਲਪ ਵਿਕਲਪ ਵਿਚ ਤਾਂ ਇਹ) ਪਲ ਭਰ ਚਾਰੇ ਕੁੰਟਾਂ ਫਿਰ ਆਉਂਦਾ ਹੈ। (ਪਰ ਅਕਾਲ ਪੁਰਖ) ਕ੍ਰਿਪਾ ਕਰਕੇ ਜਿਨ੍ਹਾਂ ਨੂੰ ਅਪਣੀ ਭਗਤੀ ਦਿੰਦਾ ਹੈ, ਹੇ ਨਾਨਕ! ਓਹ ਪੁਰਖ ਨਾਮ ਦੁਆਰਾ (ਪਰਮੇਸ਼ੁਰ ਨੂੰ) ਪ੍ਰਾਪਤ ਹੋ ਜਾਂਦੇ ਹਨ॥੩॥

ਖਿਨ ਮਹਿ ਨੀਚ ਕੀਟ ਕਉ ਰਾਜ॥
ਪਾਰਬ੍ਰਹਮ ਗਰੀਬ ਨਿਵਾਜ॥
ਜਾਕਾ ਦ੍ਰਿਸਟਿ ਕਛੂ ਨ ਆਵੈ॥
ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ॥ ਜਾਕਉ ਅਪੁਨੀ ਕਰੈ ਬਖਸੀਸ॥ ਤਾਕਾ ਲੇਖਾ ਨ ਗਨੈ ਜਗਦੀਸ॥ ਜੀਉ ਪਿੰਡੁ ਸਭ ਤਿਸਕੀ ਰਾਸਿ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥ ਅਪਨੀ ਬਣਤ ਆਪਿ ਬਨਾਈ॥ ਨਾਨਕ ਜੀਵੈ ਦੇਖਿ ਬਡਾਈ॥੪॥

(ਉਹੀ) ਪਾਰਬ੍ਰਹਮ (ਐਸਾ) ਗਰੀਬਾਂ ਨੂੰ ਵਡਿਆਉਣੇ ਵਾਲਾ ਹੈ ਕਿ ਪਲ ਭਰ ਵਿਚ ਕੀੜੇ (ਵਰਗੇ) ਨੀਵੇਂ ਨੂੰ ਰਾਜ (ਦੇ ਦਿੰਦਾ ਹੈ)। ਜਿਸ (ਜੀਵ) ਦਾ (ਨਾਮ ਥੇਹ) ਕੁਛ ਵੀ ਨਾਂ ਦਿੱਸਦਾ ਪਿਆ ਹੋਵੇ, ਉਸਨੂੰ ਝਟ ਪਟ ਚਾਰ ਚੁਫੇਰੇ ਉਜਾਗਰ ਕਰ ਦਿੰਦਾ ਹੈ। ਜਗਤ ਦਾ ਮਾਲਕ ਜਿਸ ਪੁਰ ਅਪਣੀ ਬਖਸ਼ੀਸ਼ ਕਰਦਾ ਹੈ ਉਸਦਾ ਫੇਰ ਲੇਖਾ ਬੀ ਨਹੀਂ ਗਿਣਦਾ, (ਸਾਡੇ ਪਾਸ ਤਾਂ) ਜਿੰਦ ਤੇ ਸਰੀਰ (ਬੀ) ਸਭ ਉਸ (ਪਰਮੇਸ਼ੁਰ) ਦੀ (ਦਿੱਤੀ ਹੋਈ) ਰਾਸ ਹੈ। (ਉਸੇ ਹੀ) ਪੂਰਨ ਬ੍ਰਹਮ ਦਾ ਘਟ ਘਟ ਵਿਚ ਪ੍ਰਕਾਸ਼ (ਹੋ ਰਿਹਾ ਹੈ)। ਆਪਣੀ ਸਾਜਨਾ (ਪਰਮੇਸ਼ੁਰ ਨੇ) ਆਪ ਹੀ ਸਾਜੀ ਹੈ, (ਗੁਰੂ) ਨਾਨਕ (ਉਸੇ ਦੀ) ਵਡਿਆਈ ਦੇਖ ਜੀਉਂਦਾ ਹੈ॥੪॥

ਇਸਕਾ ਬਲੁ ਨਾਹੀ ਇਸੁ ਹਾਥ॥
ਕਰਨ ਕਰਾਵਨ ਸਰਬ ਕੋ ਨਾਥ॥
ਆਗਿਆਕਾਰੀ ਬਪੁਰਾ ਜੀਉ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ॥
ਕਬਹੂ ਊਚ ਨੀਚ ਮਹਿ ਬਸੈ॥
ਕਬਹੂ ਸੋਗ ਹਰਖ ਰੰਗਿ ਹਸੈ॥

ਇਸ (ਜੀਵ) ਦਾ ਬਲ ਇਸਦੇ (ਅਪਣੇ) ਹੱਥ ਵਿਚ ਨਹੀਂ ਹੈ, (ਬਲ ਦਾ ਦਾਤਾ ਵਾਹਿਗੁਰੂ ਹੈ)। ਕਰਨ ਕਰਾਉਣ ਵਾਲਾ ਸਭ ਦਾ ਸ੍ਵਾਮੀ (ਆਪ ਪਰਮੇਸ਼ੁਰ) ਹੈ। ਇਹ ਵਿਚਾਰਾ ਜੀਵ ਤਾਂ ਆਗਯਾ ਪਾਲਕ ਹੈ, ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਫਿਰ ਉਹੋ ਕੁਛ ਹੁੰਦਾ ਹੈ। ਕਦੀ (ਤਾਂ ਇਹ ਜੀਵ) ਊੱਚ ਨੀਚ (ਦਸ਼ਾ) ਵਿਚ ਵੱਸਦਾ ਹੈ[1], ਕਦੀ ਗਮੀ ਦੇ (ਵਿਚ ਪਿਆ ਹੁੰਦਾ ਹੈ ਤੇ ਕਦੀ) ਖੁਸ਼ੀ ਦੇ ਰੰਗ (=ਮੌਜ) ਵਿਚ ਹਸਦਾ ਹੈ।

੧. ਮਨ ਦੀ ਦਸ਼ਾ ਕਦੀ ਉੱਚੀ ਕਦੀ ਨੀਵੀਂ ਹੁੰਦੀ ਹੈ। (ਅ) ਸੰਪ੍ਰਦਾ ਵਿਚ 'ਉਚੀਆਂ ਨੀਵੀਆਂ ਜੂਨਾਂ ਵਿਚ ਵਸਦਾ' ਤੇ 'ਉਚੇ ਨੀਵੇਂ ਅਸਥਾਨ ਵਿਚ ਵਸਦਾ' ਬੀ ਅਰਥ ਲਾਉਂਦੇ ਹਨ। ਸੂਚਨਾ-ਇਹ ਕਥਨ ਉਪਰ ਕਹੇ 'ਬਪੁਰਾ ਜੀਉ' ਬਾਬਤ ਹੋ ਰਿਹਾ ਹੈ, ਇਹ ਗਲ ਅਗਲੀ ਪੌੜੀ ਦੀ ੯ਵੀਂ ਤਕ ਤੋਂ ਬੀ ਸਹੀ ਹੁੰਦੀ ਹੈ-'ਜਿਉ ਪ੍ਰਭੁ ਰਾਖੈ ਤਿਵ ਹੀ ਰਹੈ। (ਸੁਖਮਨੀ-੧੧)


www.sikhbookclub.com

ਕਬਹੂ ਨਿੰਦ ਚਿੰਦ ਬਿਉਹਾਰ॥
ਕਬਹੂ ਊਭ ਅਕਾਸ ਪਇਆਲ॥
ਕਬਹੂ ਬੇਤਾ ਬ੍ਰਹਮ ਬੀਚਾਰ॥
ਨਾਨਕ ਆਪਿ ਮਿਲਾਵਣਹਾਰ॥੫॥

ਕਦੀ ਨਿੰਦਿਆ ਆਦਿ[੧] ਦੀ ਵਰਤੋਂ ਕਰਦਾ ਹੈ। ਕਦੀ ਉਪਰ ਅਕਾਸ਼ ਵਿਚ (ਕਦੀ ਨੀਵਾਂ) ਪਾਤਾਲ ਵਿਚ (ਜਾਂਦਾ ਹੈ)[੨]। ਕਦੀ ਗਜਾਨਵਾਨ (ਹੋਕੇ) ਬ੍ਰਹਮ ਦਾ ਵੀਚਾਰ (ਬੀ) ਕਰਦਾ ਹੈ (ਪਰੰਤੂ ਜੀਵ ਨੂੰ ਅਪਣੇ ਨਾਲ) ਮੇਲ ਲੈਣ ਵਾਲਾ (ਉਹ ਪ੍ਰਭੂ) ਆਪ ਹੀ ਹੈ॥੫॥

ਕਬਹੂ ਨਿਰਤਿ ਕਰੈ ਬਹੁ ਭਾਤਿ॥
ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥
ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥
ਕਬਹੁ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥
ਕਬਹੂ ਭਲਾ ਭਲਾ ਕਹਾਵੈ॥
ਜਿਉ ਪ੍ਰਭੁ ਰਾਖੈ ਤਿਵਹੀ ਰਹੈ॥
ਗੁਰਪ੍ਰਸਾਦਿ ਨਾਨਕ ਸਚੁ ਕਹੈ॥੬॥

ਕਦੇ (ਜੀਵ) ਤਰ੍ਹਾਂ ਤਰ੍ਹਾਂ ਨਾਲ ਨੱਚਦਾ ਟੱਪਦਾ (ਫਿਰਦਾ) ਹੈ (ਭਾਵ ਚੰਚਲਤਾਈ ਵਿਚ ਹੁੰਦਾ ਹੈ), ਕਦੀ ਦਿਨ ਰਾਤ ਸੌਂ (ਹੀ) ਰਹਿੰਦਾ ਹੈ, ਭਾਵ ਆਲਸ ਵਿਚ)। ਕਦੇ ਮਹਾਂ ਕ੍ਰੋਧ (ਧਾਰਦਾ ਹੈ ਤੇ) ਭਜਾਨਕ (ਦਿੱਸਣ ਲਗ ਪੈਂਦਾ ਹੈ)[੩] (ਤੇ) ਕਦੇ ਸਭ ਦੇ (ਚਰਨਾਂ ਦੀ) ਧੂੜ ਹੁੰਦਾ ਹੈ। ਕਦੇ ਰਾਜੇ (ਵਾਙੂ) ਵਡਾ ਬਣ ਬਣ ਬੈਠਦਾ ਹੈ (ਤੇ) ਕਦੀ ਮੰਗਤੇ (ਵਾਙ) ਨੀਵੇਂ ਪਨ ਦਾ ਸਾਮਾਨ[੪] ਧਾਰ ਲੈਂਦਾ ਹੈ। ਕਦੀ ਤਾਂ ਨਿੰਦਾ ਵਿਚ ਆਉਂਦਾ ਹੈ[੫] ਤੇ ਕਦੀ ਭਲਾ ਭਲਾ ਹੀ ਕਹਾਉਂਦਾ ਹੈ[੬]। ਜਿਸ ਪ੍ਰਕਾਰ ਪਰਮੇਸ਼ੁਰ ਰਖਦਾ ਹੈ ਉਸੀ ਪ੍ਰਕਾਰ (ਇਹ ਜੀਵ) ਰਹਿੰਦਾ ਹੈ। (ਇਹ) ਸੱਚ (ਗੁਰੂ) ਨਾਨਕ (ਦੇਵ) ਗੁਰੂ ਦੀ ਕ੍ਰਿਪਾ ਨਾਲ ਕਹਿ ਰਿਹਾ ਹੈ॥੬॥

ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ॥
ਕਬਹੂ ਮੋਨਿਧਾਰੀ ਲਾਵੈ ਧਿਆਨੁ॥
ਕਬਹੂ ਤਟ ਤੀਰਥ ਇਸਨਾਨ॥

ਕਦੀ (ਇਹ ਇਨਸਾਨ) ਪੰਡਤ ਹੋਕੇ (ਸ਼ਾਸਤ੍ਰਾਂ ਦੇ ਉਪਦੇਸ਼) ਬਜਾਨ ਕਰਦਾ ਹੈ, ਕਦੀ ਚੁੱਪ ਹੋਕੇ ਧਿਆਨ ਲਾਉਂਦਾ ਹੈ। ਕਦੀ ਤੀਰਥਾਂ ਦੇ (ਜਲਾਂ ਦੇ) ਕਿਨਾਰੇ (ਵੱਸਕੇ) ਇਸ਼ਨਾਨ (ਹੀ ਕਰਦਾ ਹੈ)

੧. ਨਿੰਦ ਚਿੰਦ=ਨਿੰਦਾ ਆਦਿ। ਜਿਵੇਂ 'ਪਾਣੀ ਧਾਣੀ', ਤਿਵੇਂ ਨਿੰਦ ਚਿੰਦ, ਨਿੰਦਾ ਚਿੰਦਾ। ਦੋਇ ਰੂਪ ਗੁਰਬਾਣੀ ਵਿਚ ਆਏ ਹਨ। (ਅ) ਕਦੀ ਨਿੰਦਿਆ ਦੀ ਸੋਚ ਕਰਦਾ ਹੈ (ਤੇ ਕਦੇ ਇਸ ਦੀ) ਵਰਤੋਂ ਕਰਦਾ ਹੈ।

੨. ਸੁਰਤ ਦੇ ਲਹਾ ਚੜ੍ਹਾ ਤੋਂ ਮਤਲਬ ਹੈ ਚੜ੍ਹਦੀਆਂ ਕਲਾਂ ਤੇ ਢਹਿੰਦੀਆਂ ਕਲਾਂ।

੩. ਜਾਂ, ਮਹਾਂ ਬਿਕ੍ਰਾਲ ਕ੍ਰੋਧ ਨੂੰ ਧਾਰਨ ਕਰਦਾ ਹੈ।

੪. ਸਾਜਾ (ਫ਼ਾ:,ਸਾਜ਼=) ਸਾਮਾਨ।

੫. ਭਾਵ, ਇਸ ਦੀ ਨਿੰਦਾ ਹੁੰਦੀ ਹੈ।

੬. ਭਾਵ, ਇਸ ਦੀ ਉਸਤਤਿ ਹੁੰਦੀ ਹੈ।

ਕਬਹੂ ਸਿਧ ਸਾਧਿਕ ਮੁਖਿ ਗਿਆਨ॥ ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ॥ ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ॥ ਜੋ ਤਿਸੁ ਭਾਵੈ ਸੋਈ ਹੋਇ॥ ਨਾਨਕ ਦੂਜਾ ਅਵਰੁ ਨ ਕੋਇ॥੭॥

ਕਦੀ ਸਿਧ ਤੇ ਸਾਧਿਕ[1] ਹੋਕੇ ਮੂੰਹੋਂ ਗਯਾਨ (ਕਥਨ ਕਰਦਾ ਹੈ)। ਕਦੀ ਕੀੜੀ, ਹਾਥੀ, ਪਤੰਗੇ (ਆਦਿ ਵਰਗਾ) ਜੀਵ ਹੋਕੇ ਅਨੇਕਾਂ ਜੂਨਾਂ ਵਿਚ ਭਰਮਾਇਆ ਹੋਇਆ ਫਿਰਦਾ ਹੈ। ਮਾਨੋਂ ਕਿ (ਇਹ) ਸ੍ਵਾਂਗੀ ਹੈ, ਜੋ ਅਨੇਕਾਂ ਭੇਸ ਦਿਖਾਲ ਰਿਹਾ ਹੈ; (ਸੋ) ਜਿਸ ਤਰ੍ਹਾਂ ਪ੍ਰਭੂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ (ਜੀਵ ਨੂੰ) ਨਚਾਉਂਦਾ ਹੈ। ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਉਹੋ ਕੁਛ ਹੁੰਦਾ ਹੈ। (ਕਹਿੰਦੇ ਹਨ ਗੁਰੂ) ਨਾਨਕ, (ਉਸ ਬਿਨਾ) ਹੋਰ ਦੂਜਾ ਕੋਈ ਨਹੀਂ (ਜਿਸ ਨੂੰ ਜੋ ਭਾਵੇ ਸਰਬ ਸ਼ਕਤੀਮਾਨਤਾ ਨਾਲ ਕਰ ਸਕੇ)॥੭॥

ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥ ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥ ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥ ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥

ਕਦੀ ਇਹ[2] ਸਾਧ ਸੰਗਤ ਪ੍ਰਾਪਤ ਕਰ ਲੈਂਦਾ ਹੈ, ਉਸ ਥਾਂ (ਸਤਿਸੰਗ) ਤੋਂ ਫੇਰ ਮੁੜਕੇ ਨਹੀਂ ਆਉਂਦਾ[3] (ਸਤਿਸੰਗ ਅਸਥਾਨ ਤੇ ਜਾਕੇ) ਅੰਦਰ ਗਯਾਨ ਦਾ ਚਾਨਣਾ ਹੋ ਆਉਂਦਾ ਹੈ, (ਗਯਾਨ ਦਾ ਪ੍ਰਕਾਸ਼ ਇਸਨੂੰ ਜਿਸ ਟਿਕਾਣੇ ਲੈ ਜਾਂਦਾ ਹੈ) ਉਸ ਟਿਕਾਣੇ ਦਾ (ਕਦੇ) ਬਿਨਾਸ ਨਹੀਂ ਹੁੰਦਾ। (ਉਥੇ ਜੀਵ ਦੇ) ਮਨ ਤੇ ਤਨ ਇਕ ਦੇ ਨਾਮ ਵਿਚ ਤੇ ਪ੍ਰੇਮ ਵਿਚ ਰੰਗੇ ਜਾਂਦੇ ਹਨ, (ਉਹ ਫਿਰ) ਪਰਮੇਸ਼ੁਰ ਦੇ ਸੰਗ ਵਿਚ ਹੀ ਸਦਾ ਦਾ ਵਾਸਾ ਪਾ ਲੈਂਦਾ ਹੈ। ਜਿੱਕੁਰ ਜਲ ਦੇ ਵਿਚ ਜਲ ਆਕੇ ਮਿਲ ਜਾਂਦਾ ਹੈ, ਉਕਰ (ਪਰਮਾਤਮਾ ਦੀ) ਜੋਤੀ ਨਾਲ ਉਹ ਜੋਤੀ ਰੂਪ ਹੋਕੇ ਸਮਾ ਜਾਂਦਾ ਹੈ। (ਇਸ ਤਰ੍ਹਾਂ) ਆਉਣੇ ਜਾਣੇ (ਸਾਰੇ) ਮਿਟ ਜਾਂਦੇ ਹਨ ਤੇ ਟਿਕਾਉ ਮਿਲ ਜਾਂਦਾ ਹੈ। (ਗੁਰੂ) ਨਾਨਕ (ਐਸੇ ਤਾਰਨਹਾਰ) ਪਰਮੇਸ਼ੁਰ ਤੋਂ (ਬਲਿਹਾਰ ਹੈ, ਹਾਂ) ਸਦਾ ਬਲਿਹਾਰ ਹੈ[4]॥੮॥੧੧॥

---

੧. ਸਾਧਿਕ=ਜੋ ਸਾਧਨਾਂ ਕਰ ਰਹੇ ਹਨ। ਸਿਧਿ=ਜੋ ਸਿਧਿ ਪ੍ਰਾਪਤ ਕਰਕੇ ਵੱਡੇ ਜੋਗੀ ਦੀ ਪਦਵੀ ਪਾ ਚੁਕੇ ਹਨ।

੨. 'ਇਹ' ਸਰਬ ਨਾਮ ਤੀਸਰੀ ਪਉੜੀ ਵਿਚ ਆਏ 'ਮਨੁਖ' ਤੇ 'ਜਨ' ਦੀ ਥਾਵੇਂ ਆਇਆ ਹੈ।

੩. ਭਾਵ, ਗਿਰਦਾ ਨਹੀਂ। (ਅ) ਫੇਰ ਜੂਨਾਂ ਵਿਚ ਨਹੀਂ ਪਰਤਦਾ। (ਸੰਪਦਾ)।

੪. ਪਹਿਲੇ ਕਿਹਾ ਹੈ ਸਾਧ ਸੰਗਤ ਫੇਰ ਉਸੇ ਨੂੰ ਅਸਥਾਨ ਕਿਹਾ ਹੈ, ਉਥੋਂ ਗਯਾਨ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ। ਫਿਰ ਦੱਸਿਆ ਹੈ ਕਿ ਉਹ ਅਸਥਾਨ ਅਵਿਨਾਸ਼ੀ ਹੈ, ਫਿਰ ਦੱਸਦੇ ਹਨ ਕਿ ਓਥੇ ਨਾਮ ਵਿਚ ਰੱਤੇ ਹੋਏ ਇਕ ਦੇ ਪ੍ਰੇਮ ਵਿਚ

ਸਲੋਕੁ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥੧॥

ਅਹੰਕਾਰ ਨਿਵਿਰਤੀ ਦਾ ਉਪਦੇਸ਼ ਟੂਰਿਆ-ਸੁਖੀ ਵੱਸਦਾ ਹੈ ਗਰੀਬੀ[1] ਧਾਰਨ ਕਰਨ ਵਾਲਾ ਜੋ ਆਪਾ ਭਾਵ ਦੂਰ ਕਰਕੇ (ਤਲੇ=) ਨੀਵਾਂ (ਹੋਕੇ ਟੁਰਦਾ) ਹੈ। (ਪਰ) ਹੰਕਾਰ ਧਾਰਨ ਵਾਲੇ (ਜੋ) ਵਡੇ ਵਡੇ (ਆਦਮੀ) ਹਨ (ਓਹ ਆਪਣੇ) ਹੰਕਾਰ ਵਿਖੇ ਨਾਸ਼ ਹੋ ਜਾਂਦੇ ਹਨ॥੧॥

ਅਸਟਪਦੀ॥ ਜਿਸਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥ ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥ ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥ ਧਨ ਭੂਮਿ ਕਾ ਜੋ ਕਰੈ ਗੁਮਾਨੁ॥ ਸੋ ਮੂਰਖੁ ਅੰਧਾ ਅਗਿਆਨੁ॥ ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥੧॥

ਜਿਸ (ਪੁਰਖ) ਦੇ ਅੰਦਰ ਰਾਜ ਦਾ[2] ਹੰਕਾਰ ਹੁੰਦਾ ਹੈ, ਉਹ ਨਰਕ ਵਿਚ ਡਿੱਗਣ ਵਾਲਾ ਕੁੱਤਾ ਹੁੰਦਾ ਹੈ। ਜੋ ਜਾਣਦਾ ਹੈ ਕਿ ਮੈਂ ਜੋਬਨ ਵਾਲਾ ਹਾਂ, ਓਹ ਗੰਦ ਦਾ ਕੀੜਾ ਹੁੰਦਾ ਹੈ[3]। ਜੋ ਆਪਣੇ ਆਪ ਨੂੰ (ਸ਼ੁਭ) ਕਰਮ ਕਰਨੇ ਵਾਲਾ ਕਹਾਉਂਦਾ ਹੈ ਉਹ ਜੰਮਦਾ ਮਰਦਾ ਤੇ ਬਹੁਤ ਜੋਨੀਆਂ ਵਿਚ ਭਟਕਦਾ ਹੈ। ਧਨ ਤੇ ਧਰਤੀ ਦਾ ਜੋ ਹੰਕਾਰ ਕਰਦਾ ਹੈ ਉਹ ਮੂਰਖ ਹੈ, ਅੰਨ੍ਹਾਂ ਹੈ (ਤੇ) ਅਗਜਾਨੀ ਹੈ। (ਪਰ ਕਰਤਾਰ) ਜਿਸਦੇ ਹਿਰਦੇ ਵਿਚ ਕ੍ਰਿਪਾ ਕਰਕੇ ਨਿੰਮ੍ਰਤਾ (ਦਾ ਭਾਵ) ਵਸਾ ਦੇਵੇ ਉਹ ਏਥੇ (ਹੀ) ਮੁਕਤੀ ਪਾ ਲੈਂਦਾ ਹੈ[4] ਤੇ ਅਗੇ ਜਾਕੇ (ਬੀ) ਸੁਖ ਪਾਉਂਦਾ ਹੈ, ਹੇ ਨਾਨਕ! ॥੧॥

---

੧. ਫ਼ਾ:, ਮਿਸਕੀਨ=ਗਰੀਬ। 'ਪੰਜਾਬੀ, ਮਿਸਕੀਨੀਆ=(ਦਿਲ ਦੀ ਗ੍ਰੀਬੀ ਧਾਰਨ ਕਰਨ ਵਾਲਾ। ਅਗਲੀ ਪੌੜੀ ਦੀ ਤੁਕ ਨੌਵੀਂ ਵਿਚ ਮਸਕੀਨੀਆ ਦਾ ਆਪ ਅਰਥ ਕੀਤਾ ਹੈ-'ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਵਸਾਵੈ'। (ਅ) ਸੰਪ੍ਰਦਾ ਵਿਚ ਇਹ ਕਥਾ ਹੈ ਕਿ 'ਮਿਸਕੀਨੀਆ' ਨਾਮ ਦਾ ਇਕ (ਸਿੱਖ) ਪਹਿਲਵਾਨ ਸੀ, ਜਿਸ ਨੇ ਇਕ ਸਿੱਖ ਲੋੜਵੰਦ ਨਾਲ ਕੁਸ਼ਤੀ ਵਿਚ ਆਪਣੇ ਆਪ ਨੂੰ ਤਲੇ ਢੁਆ ਲਿਆ, ਤਾਂ ਜੋ ਉਹ ਸਿੱਖ ਮਾਲੀ ਲੈ ਲਵੇ ਤੇ ਇਉਂ ਪ੍ਰਾਪਤ ਹੋਏ ਧਨ ਨਾਲ ਘਰ ਆਏ ਸੰਤਾਂ ਦੀ ਸੇਵਾ ਕਰ ਸਕੇ।

੨. ਪ੍ਰਤਾਪਵਾਨ ਹੋਣ ਦਾ।

੩. ਭਾਵ, ਉਨ੍ਹਾਂ ਦੇ ਅੰਤ ਅਤਿ ਨੀਵੇਂ ਹੁੰਦੇ ਹਨ।

੪. ਜੀਵਨ ਮੁਕਤ ਹੋ ਜਾਂਦਾ ਹੈ।

☞ ਮਗਨ ਹੁੰਦੇ ਹਨ ਤੇ ਸਦੀਵ ਪਾਰਬ੍ਰਹਮ ਦੇ ਨਾਲ ਵੱਸਦੇ ਹਨ। ਇਹ ਨਾਲ ਵੱਸਣ ਦਾ ਰੂਪ ਕੀਹ ਹੈ? ਅਵਿਰਲ ਮਿਲਾਪ, ਦ੍ਰਿਸ਼ਟਾਂਤ ਦੇਂਦੇ ਹਨ-ਜਿਵੇਂ ਜਲ ਵਿਚ ਜਲ ਆ ਮਿਲਦਾ ਹੈ ਤਿਵੇਂ ਗਜਾਨ ਪ੍ਰਕਾਸ਼ ਨਾਲ ਸ਼ੁਧ ਹੋਈ ਜੋਤਿ ਪਰਮਾਤਮ ਜੋਤਿ ਨਾਲ ਮਿਲ ਜਾਂਦੀ ਹੈ। ਵਾਹਿਗੁਰੂ ਜੀ ਦਾ ਇਹ ਵਜਾਪਕ ਦਰਸ਼ਨ ਪੂਰਨ ਗਜਾਨਵਾਨ ਨੂੰ ਪ੍ਰਾਪਤ ਹੁੰਦਾ ਹੈ, ਦੇਖ ਦੇਖਕੇ ਗੁਰੂ ਜੀ ਵਿਸਮਾਦ ਰੰਗ ਵਿਚ ਬਲਿਹਾਰ ਹੋ ਰਹੇ ਹਨ।


www.sikhbookclub.com

ਧਨਵੰਤਾ ਹੋਇ ਕਰਿ ਗਰਬਾਵੈ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥ ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥ ਪਲ ਭੀਤਰਿ ਤਾਕਾ ਹੋਇ ਬਿਨਾਸ॥ ਸਭ ਤੇ ਆਪ ਜਾਨੈ ਬਲਵੰਤੁ॥ ਖਿਨ ਮਹਿ ਹੋਇ ਜਾਇ ਭਸਮੰਤੁ॥ ਕਿਸੈ ਨ ਬਦੈ ਆਪਿ ਅਹੰਕਾਰੀ॥ ਧਰਮਰਾਇ ਤਿਸੁ ਕਰੇ ਖੁਆਰੀ॥ ਗੁਰਪ੍ਰਸਾਦਿ ਜਾਕਾ ਮਿਟੈ ਅਭਿਮਾਨੁ॥ ਸੋ ਜਨੁ ਨਾਨਕ ਦਰਗਹ ਪਰਵਾਨੁ॥੨॥

ਧਨ ਪਾਤ੍ਰ ਹੋਕੇ ਹੋਕੇ (ਜੇ ਕੋਈ ਧਨ ਦਾ) ਹੰਕਾਰ ਕਰਦਾ ਹੈ (ਤਾਂ ਵੀਚਾਰਕੇ ਦੇਖ ਲਓ ਕਿ ਉਸਦੇ) ਨਾਲ (ਤਾਂ ਇਕ) ਤੀਲੇ ਜਿੰਨਾ ਬੀ ਕੁਛ ਨਹੀਂ ਜਾਵੇਗਾ। ਬਹੁਤੀਆਂ ਫੌਜਾਂ ਤੇ ਮਨੁੱਖਾਂ ਉਤੇ (ਜੇ ਕੋਈ) ਆਸਾ ਕਰੇ (ਤਾਂ ਵਿਚਾਰਕੇ ਦੇਖ ਲਓ ਕਿ) ਉਸਦਾ ਨਾਸ਼ (ਜਦ ਹੋਣ ਲਗਦਾ ਹੈ ਤਾਂ) ਪਲ ਭਰ ਵਿਚ ਹੋ ਜਾਂਦਾ ਹੈ। (ਜੇ ਕੋਈ) ਆਪਣੇ ਆਪ ਨੂੰ ਸਭ ਤੋਂ ਬਲਵਾਨ ਜਾਣੇ (ਤਾਂ ਤੱਕ ਲਓ ਕਿ ਉਹ) ਪਲ ਵਿਚ ਭਸਮੰਤ[1] ਹੋ ਜਾਂਦਾ ਹੈ; (ਜੋ) ਆਪ ਹੰਕਾਰੀ ਹੈ (ਤੇ ਆਪਣੇ ਤੁੱਲ) ਕਿਸੇ ਨੂੰ ਨਹੀਂ ਬਿਦਦਾ (ਗਿਣਦਾ, ਅੰਤ ਨੂੰ) ਧਰਮ ਰਾਜ ਉਸਦੀ ਖੁਆਰੀ ਕਰੇਗਾ। (ਪਰੰਤੂ) ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਹੰਕਾਰ ਦੂਰ ਹੋ ਜਾਂਦਾ ਹੈ, ਹੇ ਨਾਨਕ! ਉਹ ਪੁਰਖ ਦਰਗਾਹ ਵਿਚ ਪਰਵਾਨ (ਮਨਜ਼ੂਰ) ਹੋ ਜਾਂਦਾ ਹੈ॥੨॥

ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥ ਅਨਿਕ ਤਪਸਿਆ ਕਰੇ ਅਹੰਕਾਰ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥ ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥ ਸਰਬ ਕੀ

(ਜੇ ਕੋਈ) ਕ੍ਰੋੜ (ਸ਼ੁਭ) ਕਰਮ ਕਰੇ (ਪਰ ਨਾਲ) ਹਉਮੈ ਧਾਰਨ ਕਰੇ (ਕਿ ਮੈਂ ਕੀਤੇ ਹਨ, ਉਸਦੇ ਕੀਤੇ ਕਰਮ) ਸਭ ਬਿਰਥਾ[2] ਜਾਂਦੇ ਹਨ ਤੇ (ਉਸਦੇ) ਪੱਲੇ (ਕੰਮ ਕਰਨ ਦੀ) ਥਕਾਨ[3] ਹੀ ਪੈਂਦੀ ਹੈ। ਅਨੇਕਾਂ ਤਪੱਸਯਾ ਕਰੇ (ਪਰ ਨਾਲ) ਕਰੇ ਹੰਕਾਰ (ਤਾਂ) ਨਰਕਾਂ ਸੁਰਗਾਂ ਵਿਖੇ ਮੁੜ ਮੁੜ ਉਤਰਦਾ ਹੈ[4] ਅਨੇਕ ਜਤਨ ਕਰਕੇ (ਬੀ ਜਿਸਦਾ) ਆਤਮਾ ਦ੍ਰਵਦਾ[5] ਨਹੀਂ, ਦੱਸੋ (ਉਹ) ਪਰਮੇਸ਼ੁਰ ਦੀ ਦਰਗਾਹ ਵਿਚ ਕਿਸ ਤਰ੍ਹਾਂ ਜਾ ਸਕਦਾ ਹੈ? ਆਪਣੇ ਆਪ ਨੂੰ ਜਿਹੜਾ ਭਲਾ ਅਖਵਾਉਂਦਾ ਹੈ, ਭਲਾਈ (ਤਾਂ) ਉਸ ਦੇ ਨੇੜੇ ਬੀ) ਨਹੀਂ ਫਟਕਦੀ[6] (ਪਰ) ਜਿਸ ਦਾ ਮਨ

---

੧. ਭਸਮੰਤ=(ਸੰਸ:;ਭਸਿਮਤ)=ਸੁਆਹ ਹੋ ਗਿਆ ਹੋਇਆ। ਸੁਆਹ।

੨. ਬਿਰਥਾਰੇ=ਬ੍ਰਿਥਾ ਹਨ, ਬ੍ਰਿਥਾ ਜਾਂਦੇ ਹਨ। ੩. ਸ਼੍ਰਮ=ਮਿਹਨਤ, ਥਕਾਨ, ਕਸ਼ਟ।

੪. ਨਰਕਾਂ ਸੁਰਗਾਂ ਵਿਚ ਮੁੜ ਮੁੜ ਕੇ ਫੇਰੇ ਪਾਉਂਦਾ ਹੈ।

੫. ਦ੍ਰਵਣਾ=ਮਨ ਦਾ ਕੋਮਲ (ਨਰਮ) ਹੋ ਕੇ ਪੰਘਰਨਾ, ਭਾਵ ਵਾਹਿਗੁਰੂ ਪ੍ਰੇਮ ਵਿਚ ਪੰਘਰ ਜਾਣਾ ਤੇ ਜੀਵ ਦਇਆ ਪਾਲਣੀ ਜੋ ਜ਼ਰੂਰੀ ਗੁਣ ਹੈਨ ਦਰਗਾਹੇ ਅੱਪੜਨ ਦੇ।

੬. ਨੀਯਤ ਜੋ ਆਪਣੀ ਮਹਿਮਾ ਦੀ-ਖ਼ੁਦਗਰਜ਼ੀ ਵਾਲੀ-ਹੋਈ।

ਰੇਨ ਜਾਕਾ ਮਨੁ ਹੋਇ॥ ਕਹੁ ਨਾਨਕ ਤਾਕੀ ਨਿਰਮਲ ਸੋਇ॥੩॥

ਸਭ ਦੀ ਧੂੜ ਹੋ ਜਾਂਦਾ ਹੈ (ਭਾਵ ਨਿੰਮ੍ਰਤਾ ਧਾਰਦਾ ਹੈ) ਕਹਿੰਦੇ (ਹਨ ਗੁਰੂ) ਨਾਨਕ (ਦੇਵ ਜੀ) ਉਸਦੀ ਸੋਭਾ ਖਰੀ ਖਰੀ[1] ਹੁੰਦੀ ਹੈ॥੩॥

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਤਬ ਇਸ ਕਉ ਸੁਖੁ ਨਾਹੀ ਕੋਇ॥ ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥ ਜਬ ਲਗੁ ਮੋਹ ਮਗਨ ਸੰਗਿ ਮਾਇ॥ ਤਬ ਲਗੁ ਧਰਮਰਾਇ ਦੇਇ ਸਜਾਇ॥ ਪ੍ਰਭ ਕਿਰਪਾ ਤੇ ਬੰਧਨ ਤੂਟੈ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ॥੪॥

ਜਦ ਤਕ (ਇਹ ਮੈਂ ਮੈਂ ਵਾਲਾ ਮਨੁੱਖ) ਜਾਣਦਾ ਹੈ ਕਿ ਮੈਥੋਂ (ਪਿਆ) ਕੁਝ ਹੁੰਦਾ ਹੈ, ਤਦ ਤਕ ਇਸਨੂੰ ਕੋਈ ਸੁਖ ਨਹੀਂ ਹੁੰਦਾ। ਜਦ ਇਹ ਜਾਣਦਾ ਹੈ ਕਿ ਮੈਂ ਕੁਝ ਕਰਦਾ ਹਾਂ ਤਦ ਤਕ (ਇਹ) ਗਰਭ ਜੂਨੀਆਂ ਵਿਚ ਪਿਆ ਫਿਰਦਾ ਹੈ। ਜਦ ਤਕ (ਇਹ) ਕਿਸੇ ਨੂੰ ਵੈਰੀ (ਕਿਸੇ ਨੂੰ) ਸਜਣ ਮੰਨਦਾ ਹੈ ਤਦ ਤਕ (ਇਸਦਾ) ਚਿਤ ਨਿਹਚਲ (ਇਸਥਿਤ) ਨਹੀਂ ਹੁੰਦਾ। ਜਦ ਤਕ ਇਹ ਮੋਹ (ਤੇ) ਮਾਇਆ ਨਾਲ ਮਗਨ (ਹੋਇਆ) ਰਹਿੰਦਾ ਹੈ, ਤਦ ਤਕ (ਇਸਨੂੰ) ਧਰਮਰਾਜ ਸਜ਼ਾ (ਡੰਡ) ਦਿੰਦਾ ਹੈ। (ਪਰ ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ) ਜਦ ਪ੍ਰਭੂ ਦੀ ਕ੍ਰਿਪਾ (ਆ ਹੁੰਦੀ ਹੈ ਤਾਂ ਉਸ) ਨਾਲ (ਇਸਦੇ) ਬੰਨ੍ਹਣ ਟੁੱਟ ਜਾਂਦੇ ਹਨ, (ਐਉਂ ਕਿ ਇਸ ਪਰ) ਗੁਰੂ ਦੀ ਕ੍ਰਿਪਾ (ਹੁੰਦੀ ਹੈ ਜਿਸ) ਨਾਲ ਹਉਮੈਂ ਛੁਟ ਜਾਂਦੀ ਹੈ[2]॥੪॥

ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥ ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥ ਨਾਮ ਰੰਗਿ ਸਰਬ ਸੁਖੁ ਹੋਇ॥

(ਮਾਯਾਵੀ ਇਨਸਾਨ ਜਦ) ਹਜ਼ਾਰ ਖੱਟ ਲੈਂਦਾ ਹੈ (ਤਾਂ ਫੇਰ) ਲੱਖ ਦੇ ਮਗਰ ਉੱਠ ਨੱਸਦਾ ਹੈ। (ਇਉਂ) ਮਾਇਆ (ਕੱਠੀ ਕਰਦਾ) ਜੋੜੀ ਜਾਂਦਾ ਹੈ (ਪਰ ਇਸਨੂੰ) ਰੱਜ ਨਹੀਂ ਆਉਂਦਾ। (ਇਸ ਮਾਯਾ ਨਾਲ ਫੇਰ) ਵਿਸ਼ਿਆਂ ਦੇ ਅਨੇਕ ਭੋਗ ਭੋਗਦਾ ਹੈ, (ਭੋਗਾਂ ਨਾਲ ਬੀ) ਰੱਜਦਾ ਨਹੀਂ (ਸਗੋਂ ਹੋਰ ਹੋਰ ਭੋਗਾਂ ਦੇ ਮਗਰ ਭਜਦਾ ਅੰਤ) ਖਪ ਖਪ ਕੇ ਮਰਦਾ ਹੈ। ਸੰਤੋਖ ਤੋਂ ਬਿਨਾ ਕੋਈ ਨਹੀਂ ਰਜਦਾ, (ਜਿਵੇਂ) ਸੁਪਨੇ ਦੇ ਮਨੋਰਥ (ਅਤੇ ਸੁਪਨੇ ਦੇ) ਕੰਮ ਸਾਰੇ ਬਿਰਥੇ ਜਾਂਦੇ ਹਨ (ਭਾਵ ਤ੍ਰਿਪਤੀ ਨਹੀਂ ਦੇ ਸਕਦੇ)। ਹਾਂ, ਨਾਮ ਦੇ ਪ੍ਰੇਮ ਨਾਲ ਸੰਪੂਰਨ ਸੁਖ ਹੁੰਦਾ ਹੈ (ਭਾਵ ਨਾਮ ਦਾ

---

੧. ਨਿਰਮਲ=ਮੈਲ ਬਿਨਾ, ਖਰੀ ਖਰੀ।

੨. ਪ੍ਰਭੂ ਦੀ ਕ੍ਰਿਪਾ ਨਾਲ ਗੁਰੂ ਮਿਲਦਾ ਹੈ, ਗੁਰੂ ਦੀ ਕ੍ਰਿਪਾ ਨਾਲ ਹਉਂ ਛੁਟਦੀ ਹੈ, ਹਉਂ ਛੁਟਿਆਂ ਦੋਹਾਂ ਦੀ ਕ੍ਰਿਪਾ ਨਾਲ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।


www.sikhbookclub.com

ਬਡਭਾਗੀ ਕਿਸੈ ਪਰਾਪਤਿ ਹੋਇ॥
ਕਰਨ ਕਰਾਵਨ ਆਪੇ ਆਪਿ॥
ਸਦਾ ਸਦਾ ਨਾਨਕ ਹਰਿ ਜਾਪ॥੫॥

ਰਸ ਸੁਆਦ ਬੀ ਦੇਂਦਾ ਹੈ ਤੇ ਤ੍ਰਿਪਤੀ ਬੀ, ਪਰ ਨਾਮ ਦਾ ਪ੍ਰੇਮ) ਬੜੇ ਭਾਗਾਂ ਨਾਲ ਕਿਸੇ ਨੂੰ ਪ੍ਰਾਪਤ ਹੁੰਦਾ ਹੈ। (ਇਹ ਸਭ ਕੁਛ) ਕਰਨ ਕਰਾਉਣ ਵਾਲਾ (ਉਹ ਹਰੀ) ਆਪ ਹੀ ਆਪ ਹੈ (ਤਾਂਤੇ) ਹੇ ਨਾਨਕ! ਤੂੰ (ਉਸ) ਹਰੀ ਨੂੰ (ਹੀ) ਸਦਾ ਸਦਾ ਜਪ॥੫॥

ਕਰਨ ਕਰਾਵਨ ਕਰਨੈਹਾਰੁ॥
ਇਸਕੈ ਹਾਥਿ ਕਹਾ ਬੀਚਾਰੁ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥
ਆਪੇ ਆਪਿ ਆਪਿ ਪ੍ਰਭੁ ਸੋਇ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ॥
ਸਭ ਤੇ ਦੂਰਿ ਸਭਹੂ ਕੈ ਸੰਗਿ॥
ਬੂਝੈ ਦੇਖੈ ਕਰੈ ਬਿਬੇਕ॥ ਆਪਹਿ ਏਕ ਆਪਹਿ ਅਨੇਕ॥ ਮਰੈ ਨ ਬਿਨਸੈ ਆਵੈ ਨ ਜਾਇ॥ ਨਾਨਕ ਸਦ ਹੀ ਰਹਿਆ ਸਮਾਇ॥੬॥

ਕਰਨੇ ਹਾਰ (ਭਾਵ ਕਰਤਾਰ ਆਪ ਹੀ) ਕਰਨ ਵਾਲਾ ਤੇ ਕਰਵਾਵਣ ਵਾਲਾ ਹੈ[੧], ਇਸ (ਜੀਵ) ਦੇ ਹੱਥ ਵਿਚ ਕੀ ਹੈ, ਵਿਚਾਰ ਕਰ ਲਓ। ਜੇਹੀ ਦ੍ਰਿਸ਼ਟੀ (ਜੀਵ ਤੇ ਪ੍ਰਭੂ) ਪਾਉਂਦਾ ਹੈ ਤਿਹੋ ਜਿਹਾ (ਇਹ) ਹੋ ਜਾਂਦਾ ਹੈ, (ਸੋ) ਉਹ ਪ੍ਰਭੂ ਸਭ ਕੁਛ ਆਪ ਹੀ ਆਪ ਹੈ (ਹਾਂ ਉਹ ਸਭ ਕੁਛ) ਆਪ ਹੈ। ਜੋ ਕੁਛ (ਉਸਨੇ) ਕੀਤਾ ਹੈ ਉਹ ਅਪਣੀ ਮੌਜ ਨਾਲ ਕੀਤਾ ਹੈ। (ਉਹ) ਸਭ (ਜੀਵ ਧਾਰੀਆਂ) ਨਾਲੋਂ ਅਸੰਗ ਬੀ ਹੈ ਤੇ ਸਭ ਦੇ ਸੰਗ ਭੀ ਹੈ। (ਉਹ) ਸਮਝਦਾ ਹੈ, ਵੇਖਦਾ ਤੇ ਵਿਵੇਕ[੨] (ਬੀ) ਕਰਦਾ ਹੈ। (ਉਹ) ਆਪ ਹੀ ਇਕ ਹੈ ਤੇ ਆਪ ਹੀ ਅਨੇਕ (ਹੋ ਰਿਹਾ) ਹੈ, (ਉਹ) ਮਰਦਾ ਨਹੀਂ, ਬਿਨਸਦਾ ਨਹੀਂ, ਨਾ ਆਉਂਦਾ ਹੈ ਨਾ ਜਾਂਦਾ ਹੈ। ਹੇ ਨਾਨਕ! (ਓਹੀ ਪ੍ਰਭੂ) ਸਦਾ (ਸਾਰੇ) ਸਮਾ ਰਿਹਾ ਹੈ॥੬॥

ਆਪਿ ਉਪਦੇਸੈ ਸਮਝੈ ਆਪਿ॥
ਆਪੇ ਰਚਿਆ ਸਭ ਕੈ ਸਾਥਿ॥
ਆਪਿ ਕੀਨੋ ਆਪਨ ਬਿਸਥਾਰੁ॥
ਸਭੁ ਕਛੁ ਉਸਕਾ ਓਹੁ ਕਰਨੈਹਾਰੁ॥
ਉਸਤੇ ਭਿੰਨ ਕਹਹੁ ਕਿਛੁ ਹੋਇ॥
ਥਾਨ ਥਨੰਤਰਿ ਏਕੈ ਸੋਇ॥ ਅਪੁਨੇ ਚਲਿਤ ਆਪਿ ਕਰਣੈਹਾਰ॥
ਕਉਤਕ ਕਰੈ ਰੰਗ ਆਪਾਰ॥

(ਉਹ ਪ੍ਰਭੂ) ਆਪ (ਗੁਰੂ ਰੂਪਤਾ ਵਿਚ) ਉਪਦੇਸ਼ ਕਰਦਾ ਹੈ ਤੇ ਆਪ (ਹੀ ਸ਼ਿਸ਼ ਰੂਪਤਾ ਵਿਚ) ਸਮਝਦਾ ਹੈ (ਕਿਉਂਕਿ ਉਹ) ਆਪ ਹੀ ਸਭ ਨਾਲ (ਵ੍ਯਾਪਕਤਾ ਰੂਪ ਵਿਚ) ਰਚ ਰਿਹਾ ਹੈ। (ਸਗੋਂ ਇਹ ਸਾਰਾ ਤਾਂ ਉਸਨੇ) ਅਪਣੇ ਆਪ ਦਾ ਹੀ ਆਪ ਵਿਸਥਾਰ ਕੀਤਾ ਹੈ। (ਹਾਂ) ਰਚਣੇ ਵਾਲਾ ਉਹੀ ਹੈ, (ਤੇ ਰਚਿਆ ਹੋਇਆ) ਸਭ ਕੁਛ ਉਸੇ ਦਾ ਹੈ। ਉਸ ਤੋਂ ਅੱਡ (ਜੋ) ਕੁਛ ਹੁੰਦਾ (ਹੈ, ਤਾਂ) ਦੱਸੋ? ਥਾਵਾਂ, ਤੇ ਥਾਵਾਂ ਦੇ ਅੰਤਰਗਤ (ਬੀ) ਉਹ ਇਕੋ (ਭਰਪੂਰ) ਹੈ। ਅਪਣੇ ਚੋਜ ਆਪ ਕਰਣੇ ਵਾਲਾ ਹੈ, (ਹਾਂ ਓਹ) ਕਉਤਕ (ਲੀਲ੍ਹਾ) ਕਰਦਾ ਹੈ

੧. (ਅ) ਤਿੰਨਾਂ ਕਾਲਾਂ ਕਰਕੇ ਤਿੰਨ ਵੇਰ ਕਿਹਾ ਹੈ-ਕਰਨ, ਕਰਾਵਨ, ਕਰਨੇਹਾਰ-ਸੀ, ਹੈ ਤੇ ਹੋਸੀ।

੨. ਵਿਵੇਕ=ਨਿਰਣੈ ਕਰ ਲੈਣ ਵਾਲੀ ਵੀਚਾਰ।

ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਨਾਨਕ ਕੀਮਤਿ ਕਹਨੁ ਨ ਜਾਇ॥੭॥

(ਜਿਨ੍ਹਾਂ ਦੇ) ਰੰਗ ਅਪਾਰ ਹਨ[੧]। (ਸਾਰੇ) ਮਨਾਂ ਵਿਚ ਆਪ (ਵਸਦਾ ਹੈ ਅਰ ਸਾਰੇ) ਮਨ ਉਸ ਵਿਚ (ਵੱਸਦੇ ਹਨ)। ਹੇ ਨਾਨਕ! (ਉਸਦੀ) ਕੀਮਤ ਕਹੀ ਨਹੀਂ ਜਾ ਸਕਦੀ[੨]॥੭॥

ਸਾਨੂੰ ਤਾਂ ਇਤਨਾ ਕਹਿਣਾ ਚਾਹੀਦਾ ਹੈ-

ਸਤਿ ਸਤਿ ਸਤਿ ਪ੍ਰਭੁ ਸੁਆਮੀ॥
ਗੁਰ ਪਰਸਾਦਿ ਕਿਨੈ ਵਖਿਆਨੀ॥
ਸਚੁ ਸਚੁ ਸਚੁ ਸਭੁ ਕੀਨਾ॥
ਕੋਟਿ ਮਧੇ ਕਿਨੈ ਬਿਰਲੈ ਚੀਨਾ॥

(ਉਹ ਪ੍ਰਭੂ, (ਉਹ ਸਾਡਾ) ਮਾਲਕ 'ਸਤਿ ਹੈ, ਸਤਿ ਹੈ, ਸਤਿ ਹੈ'[੩]। (ਇਹ ਗਲ ਬੀ) ਕਿਸੇ (ਵਿਰਲੇ) ਨੇ ਕਥਨ ਕੀਤੀ ਹੈ (ਪਰ ਜਿਸ ਨੇ ਕੀਤੀ ਹੈ) ਗੁਰੂ ਦੀ ਕ੍ਰਿਪਾ ਨਾਲ (ਕੀਤੀ ਹੈ)।, (ਜੋ ਕੁਛ ਉਸਨੇ) ਕੀਤਾ ਹੈ (ਉਹ ਬੀ) ਸਭ ਸੱਚ ਹੈ, ਸੱਚ ਹੈ, ਸੱਚ ਹੈ। (ਇਸ ਸਚੁ ਸਰੂਪ ਨੂੰ) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਅਨੁਭਵ ਕੀਤਾ ਹੈ।

ਭਲਾ ਭਲਾ ਭਲਾ ਤੇਰਾ ਰੂਪ॥
ਅਤਿ ਸੁੰਦਰ ਅਪਾਰ ਅਨੂਪ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥
ਘਟਿ ਘਟਿ ਸੁਨੀ ਸ੍ਰਵਨ ਬਖ੍ਯ਼ਾਣੀ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ॥੮॥੧੨॥

(ਬੇਨਤੀ)-ਤੇਰਾ ਰੂਪ (ਹੇ ਪ੍ਰਭੂ!) ਭਲਾ ਹੈ, ਭਲਾ ਹੈ, ਭਲਾ ਹੈ। ਬਹੁਤ ਸੁੰਦਰ, ਪਾਰ ਤੋਂ ਰਹਿਤ (ਤੇ) ਉਪਮਾ ਤੋਂ ਰਹਤ (ਹੈ, ਭਾਵ ਅਤਜੰਤ ਸੁਹਣਾ ਹੈ)। ਤੇਰੀ ਬਾਣੀ ਪਵਿਤ੍ਰ ਹੈ, ਪਵਿਤ੍ਰ ਹੈ ਤੇ ਪਵਿਤ੍ਰ ਹੈ। ਜੋ ਹਿਰਦੇ ਹਿਰਦੇ ਨੇ ਸੁਣੀ ਹੈ (ਪਰ ਪਵਿਤ੍ਰ ਹਿਰਦਿਆਂ ਨੇ ਇਉਂ ਸੁਣਕੇ ਅਰਥਾਤ ਅਨੁਭਵ ਕਰਕੇ ਅਗੋਂ ਰਸਨਾ ਦੁਆਰੇ) ਵਰਣਨ ਕੀਤੀ ਹੈ, (ਤੇ ਜਗਜਾਸੂਆਂ ਨੇ) ਕੰਨਾਂ ਨਾਲ (ਸੁਣੀ ਹੈ)[੪], (ਪਰ ਨਾਲ ਹੀ) ਪਵਿਤ੍ਰ ਹੈ, ਪਵਿਤ੍ਰ ਹੈ, ਪਵਿਤ੍ਰ ਹੈ ਤੇ ਪੁਨੀਤ ਹੋ ਗਿਆ ਹੈ[੫] (ਉਹ) ਜੋ ਮਨ ਵਿਚ ਪ੍ਰੀਤ ਨਾਲ ਨਾਮ ਜਪਦਾ ਹੈ, ਹੇ ਨਾਨਕ! ॥੮॥੧੨॥

ਸੰਤ ਨੂੰ ਦੁਖਾਉਣ ਤੇ ਨਿੰਦਣ ਦੇ ਮਾੜੇ ਫਲਾਂ ਦਾ ਵਰਣਨ--

ਸਲੋਕੁ॥ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥

ਜੋ ਪੁਰਖ ਸੰਤਾਂ ਦੀ ਸ਼ਰਨ ਆ ਪੈਂਦਾ ਹੈ ਉਹੀ ਪੁਰਖ (ਆਵਾਗਵਨ ਦੇ ਚੱਕ੍ਰ ਤੋਂ) ਉਧਰਨ

---

੧. ਜਗਤ ਇਕ ਲੀਲ੍ਹਾ ਘਰ ਹੈ, ਲੀਲ੍ਹਾ ਕਰਨੇਹਾਰ ਓਹ ਹੈ। ਇਸ ਵਿਚ ਅਨੇਕ ਤਰ੍ਹਾਂ ਦੇ ਝਾਕਿਆਂ ਵਾਲੀ ਲੀਲ੍ਹਾ ਉਹ ਆਪ ਹੀ ਰਚ ਦੇਂਦਾ ਹੈ।

੨. ਉਸ ਨਾਲ ਦਾ ਹੋਰ ਹੈ ਨਹੀਂ, ਜਾਚ ਤੇ ਅੰਦਾਜ਼ਾ ਕੀਕੂੰ ਹੋ ਸਕੇ? ਅਸੀਂ ਸਰਵੱਗ ਨਹੀਂ, ਜਾਚ ਕਰ ਨਹੀਂ ਸਕਦੇ।

੩. ਤ੍ਰੈ ਵਾਰੀ ਪਦ ਜ਼ੋਰ ਦੇਣ ਲਈ ਕਹੇ ਹਨ, ਕਈ ਦਾਨੇ ਆਦਿ, ਮੱਧ ਤੇ ਅੰਤ ਦਾ ਭਾਵ ਲੈਂਦੇ ਹਨ।

੪. ਭਾਵ, ਘਟ ਘਟ ਵਿਚ ਵਾਹਿਗੁਰੂ ਬੋਲਦਾ ਹੈ-ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ (ਮਾਲੀਗਉੜਾ ਨਾਮ:-੩) ਪਰ ਸੁਣਦੇ ਹਨ ਨਿਰਮਲ ਹਿਰਦੇ, ਉਹ ਫੇਰ ਵਰਣਨ ਕਰਦੇ ਹਨ ਤੇ ਜਗਜਾਸੂ ਸੁਣਕੇ ਸੁਖੀ ਹੁੰਦੇ ਹਨ। (ਅ) ਜੋ ਹਿਰਦੇ ਵਿਚ ਕੰਨਾਂ ਦੁਆਰਾ ਸੁਣੀ ਜਾਂਦੀ ਹੈ (ਤੇ ਰਸਨਾ ਨਾਲ) ਵਖਜਾਣ ਕੀਤੀ ਜਾਂਦੀ ਹੈ।

੫. ਪੁਨੀਤ=ਪਵਿਤ੍ਰ ਕੀਤਾ ਗਿਆ। ਸੰਪ੍ਰਦਾ ਵਿਚ ਪੁਨੀਤ ਦਾ ਅਰਥ ਵਿਸ਼ੇਸ਼ ਪਵਿਤ੍ਰਤਾ ਕਰਦੇ ਹਨ।

ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥੧॥

ਹਾਰ ਹੈ (ਭਾਵ ਛੁੱਟ ਜਾਂਦਾ ਹੈ, ਪਰੰਤੂ) ਸੰਤਾਂ ਦੀ ਨਿੰਦਾ[੧] (ਕਰਨੀ) ਮੁੜ ਮੁੜ ਜਨਮ (ਮਰਨ ਵਿਚ ਪਾਈ ਰੱਖਣ ਵਾਲੀ ਹੈ), ਹੇ ਨਾਨਕ!॥੧॥

ਅਸਟਪਦੀ॥ ਸੰਤ ਕੈ ਦੂਖਨਿ ਆਰਜਾ ਘਟੈ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥ ਸੰਤ ਕੈ ਦੂਖਨਿ ਸੁਖੁ ਸਭੁ ਜਾਇ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ ਸੰਤ ਕੈ ਦੂਖਨਿ ਸੋਭਾ ਤੇ ਹੀਨ॥ ਸੰਤ ਕੇ ਹਤੇ ਕਉ ਰਖੈ ਨ ਕੋਇ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥੧॥

ਸੰਤ ਨੂੰ ਦੋਸ਼ ਲਾਉਣੇ ਨਾਲ[੨] (ਨਿੰਦਕ ਦੀ) ਉਮਰਾ ਘਟਦੀ ਹੈ। ਸੰਤ ਨੂੰ ਦੂਖਣ ਲਾਉਣੇ ਕਰਕੇ (ਜੀਵ) ਜਮਾਂ ਤੋਂ ਨਹੀਂ ਛੁਟਦਾ। ਸੰਤ ਨੂੰ ਦੂਖਣ ਲਾਉਣੇ ਤੇ ਸਾਰਾ ਸੁਖ ਦੂਰ ਹੋ ਜਾਂਦਾ ਹੈ। ਸੰਤਾਂ ਨੂੰ ਦੂਖਣ ਲਾਉਤੇ ਤੇ ਨਰਕ ਵਿਚ ਪਾਇਆ ਜਾਂਦਾ ਹੈ। ਸੰਤ ਨੂੰ ਦੂਖਣ ਲਾਉਣੇ ਤੇ ਬੁੱਧੀ ਮਲੀਨ ਹੋ ਜਾਂਦੀ ਹੈ। ਸੰਤ ਨੂੰ ਦੂਖਣ ਲਾਉਣੇ ਤੇ (ਜੀਵ) ਸ਼ੋਭਾ ਤੋਂ ਰਹਿਤ ਹੋ ਜਾਂਦਾ ਹੈ[੩]। ਸੰਤ ਦੇ ਤ੍ਰਾਹੇ ਹੋਏ[੪] ਨੂੰ ਕੋਈ ਬਚਾ ਨਹੀਂ ਸਕਦਾ। ਸੰਤ ਨੂੰ ਦੂਖਣ ਲਾਉਣੇ ਤੇ (ਦੋਖੀ ਅਪਣੇ) ਅਸਥਾਨ ਤੋਂ ਭ੍ਰਿਸ਼ਟ ਹੋ ਜਾਂਦਾ ਹੈ[੫]। ਪ੍ਰੰਤੂ ਹੇ ਨਾਨਕ! ਕ੍ਰਿਪਾਲੂ ਸੰਤ ਜੇ ਕ੍ਰਿਪਾ ਕਰੇ ਤਾਂ ਸੰਤ ਦੇ ਸੰਗ ਨਾਲ ਨਿੰਦਕ ਬੀ ਤਰ ਸਕਦਾ ਹੈ॥੧॥

ਸੰਤ ਕੈ ਦੂਖਨ ਤੇ ਮੁਖੁ ਭਵੈ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ॥ ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ ਸੰਤਨ

ਸੰਤ ਨੂੰ ਦੂਸ਼ਣ ਲਾਉਣੇ ਤੇ (ਲਾਉਣ ਵਾਲੇ ਦਾ) ਮੂੰਹ ਭੌਂ ਜਾਂਦਾ ਹੈ[੬]! ਸੰਤਾਂ ਨੂੰ[੭] ਦੂਸ਼ਨ ਲਾਉਣੇ ਤੇ ਕਾਂ ਵਾਙੂ ਲਉਂਦਾ ਹੈ (ਭਾਵ ਬਿਰਥਾ ਬਕਦਾ ਰਹਿੰਦਾ ਹੈ)। ਸੰਤਾਂ ਨੂੰ ਦੂਸ਼ਣ ਲਾਉਣੇ ਤੇ ਸੱਪ ਦੀ ਜੋਨਿ ਪਾਉਂਦਾ ਹੇ। ਸੰਤਾਂ ਨੂੰ ਦੂਸ਼ਣ ਲਾਉਣੇ ਤੇ (ਲਾਉਣ ਵਾਲਾ) ਤਿਰਛੀਆਂ ਤੁਰਨ ਵਾਲੀਆਂ ਜੂਨਾਂ[੮] ਕੀੜੇ ਆਦਿਕ ਦੀਆਂ ਪਾਉਂਦਾ ਹੈ। ਸੰਤਾਂ ਨੂੰ ਦੂਖਣ ਲਾਉਣੇ ਤੇ (ਲਾਉਣ ਵਾਲਾ)

---

੧. ਸੰਤ ਦੀ ਨਿੰਦਾ ਕਰਨ ਨਾਲ ਫੇਰ ਫੇਰ ਜਨਮ ਹੁੰਦਾ ਹੈ।

੨. ਸਲੋਕ ਵਿਚ ਪਦ ਨਿੰਦਾ ਪਿਆ ਹੈ, ਇਸ ਪਉੜੀ ਦੇ ਅਖੀਰ ਪਦ ਨਿੰਦਕ ਆਯਾ ਹੈ, ਸੋ 'ਦੂਖਨਿ' ਦੀ ਮੁਰਾਦ ਨਿੰਦਾ ਕਰਨ ਤੋਂ ਹੀ ਹੈ। ਦੂਖਨਿ=ਦੂਸ਼ਣਾ ਦੇਣ ਨਾਲ, ਦੋਸ਼ ਲਾਉਣ ਨਾਲ, ਨਿੰਦਾ ਕਰਨ ਨਾਲ

੩. ਉਸ ਦੀ ਅਪਣੀ ਨਿੰਦਾ ਹੋਣ ਲਗ ਪੈਂਦੀ ਹੈ।

੪. ਹਤੇ=ਮਾਰੇ, ਮਾਰੇ ਤੋਂ ਭਾਵ ਹੈ ਤ੍ਰਾਹੇ ਹੋਏ, ਧੱਕੇ ਹੋਏ, ਫਿਟਕਾਰੇ ਹੋਏ।

੫. ਸਥਾਨ ਭ੍ਰਸ਼੍ਟ ਸੰਸ: ਪਦ ਹੈ, ਇਸ ਦਾ ਅਰਥ ਹੈ: ਆਪਣੇ ਟਿਕਾਣੇ ਤੋਂ ਡਿਗਿਆ ਹੋਇਆ।

੬. ਲਕਵਾ ਰੋਗ ਹੋ ਜਾਂਦਾ ਹੈ ਯਾ ਪਰਮਾਰਥ ਵਲੋਂ ਮੂੰਹ ਫਿਰਕੇ ਬੁਰੇ ਪਾਸੇ ਹੋ ਜਾਂਦਾ ਹੈ।

੭. ਸੰਤਨ ਕੇ=ਸੰਤਾਂ ਦੇ। ਸੰਤਾਂ ਨੂੰ।

੮. ਤ੍ਰਿਗਦ ਜੋਨਿ,-ਓਹ ਜੀਵ ਜੰਤੂ ਜੋ ਟੇਢੇ ਹੋ ਕੇ ਟੁਰਨ, ਵਨੂੰਹੇਂ ਆਦਿ। ਨੀਵੇਂ ਜੰਤੂ। ਜੰਤੂ। (ਸੰਸ:, ਤਿਰ੍ਯਜਕ੍, ਤਿਰਯਜਚ੍=ਟੇਢੇ ਚਲਣਾ)।

ਕੈ ਦੂਖਨਿ ਤ੍ਰਿਸਨਾ ਮਹਿ ਜਲੈ॥ ਸੰਤ ਕੈ ਦੂਖਨਿ ਸਭੁ ਕੋ ਛਲੈ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ॥ ਸੰਤ ਕੈ ਦੂਖਨਿ ਨੀਚੁ ਨੀਚਾਇ॥ ਸੰਤ ਦੋਖੀ ਕਾ ਥਾਉ ਕੋ ਨਾਹਿ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥੨॥

ਤ੍ਰਿਸ਼ਨਾ (ਰੂਪੀ ਅੱਗ) ਵਿਚ ਸੜਦਾ ਹੈ। ਸੰਤਾਂ ਨੂੰ ਦੂਸ਼ਣ ਲਾਉਣੇ ਤੇ ਉਹ ਸਭ ਕਿਸੇ ਨੂੰ ਛਲਦਾ ਰਹਿੰਦਾ ਹੈ[1] ਸੰਤਾਂ ਨੂੰ ਦੂਸ਼ਣ ਲਾਉਣੇ ਤੇ ਸਾਰਾ ਪ੍ਰਤਾਪ ਨਸ਼ਟ ਹੋ ਜਾਂਦਾ ਹੈ। ਸੰਤਾਂ ਨੂੰ ਦੂਸ਼ਣ ਲਾਉਣੇ ਤੇ (ਲਾਉਣ ਹਾਰ) ਨੀਚ ਤੋਂ ਨੀਚ ਹੋ ਜਾਂਦਾ ਹੈ। ਸੰਤ ਨੂੰ ਦੂਸ਼ਣ ਲਾਉਣੇ ਵਾਲੇ ਦਾ ਕੋਈ ਥਾਂ ਨਹੀਂ (ਭਾਵ ਕਿਤੇ ਢੋਈ ਨਹੀਂ ਮਿਲਦੀ, ਪਰ ਦੱਸਦੇ ਹਨ ਗੁਰੂ) ਨਾਨਕ (ਦੇਵ ਜੀ) ਕਿ ਜੇ ਸੰਤਾਂ ਦੀ ਮਰਜ਼ੀ ਹੋਵੇ ਤਾਂ ਓਹ (ਸੰਤ ਦੋਖੀ) ਬੀ (ਸ਼ੁਭ) ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ॥੨॥

ਸੰਤ ਕਾ ਨਿੰਦਕੁ ਮਹਾ ਅਤਤਾਈ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥ ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥ ਸੰਤ ਕੇ ਨਿੰਦਕ ਕਉ ਸਰਬ ਰੋਗ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ॥ ਸੰਤ ਕੀ ਨਿੰਦਾ ਦੋਖ ਮਹਿ ਦੋਖੁ॥ ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ॥੩॥

ਸੰਤਾਂ ਦਾ ਨਿੰਦਕ ਖੜਾ ਭਾਰਾ ਪਾਪੀ ਹੈ[2]। ਸੰਤ ਦਾ ਨਿੰਦਕ (ਕਿਤੇ ਬੀ) ਪਲ ਭਰ ਟਿਕਾਣਾ ਨਹੀਂ ਪਾਉਂਦਾ (ਭਾਵ ਭਟਕਦਾ ਰਹਿੰਦਾ ਹੈ)। ਸੰਤ ਦਾ ਨਿੰਦਕ ਬੜੀ ਹੱਤਿਆ ਕਰਨੇ ਵਾਲਾ ਹੈ। ਸੰਤ ਦਾ ਨਿੰਦਕ ਪਰਮੇਸ਼ੁਰ ਦਾ ਮਾਰਿਆ ਹੋਇਆ ਹੁੰਦਾ ਹੈ, (ਭਾਵ ਸ੍ਰਾਪਿਆ ਹੋਇਆ ਹੈ)। ਸੰਤ ਦਾ ਨਿੰਦਕ ਰਾਜ (ਭਾਵ ਤੇਜ ਪ੍ਰਤਾਪ) ਤੋਂ ਹੀਨ ਹੋ ਜਾਂਦਾ ਹੈ। ਸੰਤ ਦਾ ਨਿੰਦਕ ਦੁਖੀ ਤੇ ਆਤੁਰ ਹੋ ਜਾਂਦਾ ਹੈ। ਸੰਤ ਦੇ ਨਿੰਦਕ ਨੂੰ ਸਾਰੇ ਰੋਗ (ਲਗਦੇ ਹਨ)। ਸੰਤ ਦੇ ਨਿੰਦਕ ਨੂੰ ਸਦਾ ਵਿਛੋੜਾ ਰਹਿੰਦਾ ਹੈ (ਸ਼ੁਭ ਗੁਣਾਂ ਤੋਂ, ਸਚੇ ਮਿਤ੍ਰਾਂ ਤੋਂ ਤੇ ਰੱਬ ਜੀ ਤੋਂ)। ਸੰਤ ਦੀ ਨਿੰਦਾ ਪਾਪਾਂ ਵਿਚ (ਵਡਾ) ਪਾਪ ਹੈ (ਪਰ ਕਹਿੰਦੇ ਹਨ ਗੁਰੂ) ਨਾਨਕ (ਜੇ) ਸੰਤ ਨੂੰ ਭਾਵੇ ਤਾਂ ਉਸ ਸੰਤ ਨਿੰਦਕ) ਦੀ ਬੀ ਮੁਕਤੀ ਹੋ ਜਾਂਦੀ ਹੈ॥੩॥

ਸੰਤ ਕਾ ਦੋਖੀ ਸਦਾ ਅਪਵਿਤੁ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ॥

ਸੰਤ ਦਾ ਦੋਖੀ ਸਦਾ ਅਪਵਿਤ੍ਰ ਰਹਿੰਦਾ ਹੈ[3] ਸੰਤ ਦਾ ਦੋਖੀ ਕਿਸੇ ਦਾ ਮਿਤ੍ਰ ਨਹੀਂ (ਬਣ

੧. ਸੰਤਾਂ ਦੀ ਨਿੰਦਾ ਜੋ ਕਰਦਾ ਹੈ ਸੋ ਕਪਟੀ ਹੁੰਦਾ ਹੈ। (ਅ) ਉਸ ਨੂੰ ਕਾਮ ਕ੍ਰੋਧ ਆਦਿ ਸਾਰੇ ਵਿਕਾਰ ਛਲ ਲੈਂਦੇ ਹਨ। (ਸੰਪ੍ਰਦਾ)।

੨. ਸੰਸ:,ਆਤਤਾਯਿਨ੍=ਜਿਸ ਨੇ ਕਿਸੇ ਨੂੰ ਮਾਰਨ ਲਈ ਕਮਾਨ ਖਿੱਚੀ ਹੋਈ ਹੋਵੇ। ਕਾਤਲ। ਅਕਸਰ ਐਸੇ ਪਾਪੀਆਂ ਨੂੰ ਬੀ ਕਹਿੰਦੇ ਹਨ:-ਅੱਗ ਲਾਉਣ ਵਾਲਾ, ਜ਼ਹਿਰ ਦੇਣ ਵਾਲਾ, ਪਰ ਇਸਤ੍ਰੀ ਪਰ ਧਨ ਪਰਾਈ ਭੌਂ ਖੋਹ ਲੈਣ ਵਾਲਾ, ਮਾਤਾ ਪਿਤਾ ਦਾ ਬਾਧਕ ਗੁਰੂ ਦਾ ਖੂਨੀ ਆਦਿ।

੩ ਨਿੰਦਾ ਕਰਨੀ ਦੂਸਰੇ ਦੀ ਮੈਲ ਧੋਣੀ ਤੇ ਲੈਣੀ ਹੈ, ਯਥਾ:- ਹਮਰੇ ਕਪਰੇ ਨਿੰਦਕੁ ਧੋਇ॥ (ਗਉ:ਕਬੀਰ:ਜੀ-੭੧)

ਸੰਤ ਕੇ ਦੋਖੀ ਕਉ ਡਾਨੁ ਲਾਗੈ॥ ਸੰਤ ਕੇ ਦੋਖੀ ਕਉ ਸਭ ਤਿਆਗੈ॥ ਸੰਤ ਕਾ ਦੋਖੀ ਮਹਾ ਅਹੰਕਾਰੀ॥ ਸੰਤ ਕਾ ਦੋਖੀ ਸਦਾ ਬਿਕਾਰੀ॥ ਸੰਤ ਕਾ ਦੋਖੀ ਜਨਮੈ ਮਰੈ॥ ਸੰਤ ਕੀ ਦੂਖਨਾ ਸੁਖ ਤੇ ਟਰੈ॥ ਸੰਤ ਕੇ ਦੋਖੀ ਕਉ ਨਾਹੀ ਠਾਉ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ॥੪॥

ਸਕਦਾ)[੧] ਸੰਤ ਦੇ ਦੋਖੀ ਨੂੰ ਡੰਡ ਲਗਦਾ ਹੈ[੨]। (ਇਥੇ ਬੀ) ਸੰਤ ਦੇ ਦੋਖੀ ਨੂੰ ਸਾਰੇ ਤਜਾਗ ਦਿੰਦੇ ਹਨ (ਕਿਉਂਕਿ) ਸੰਤ ਦਾ ਦੋਖੀ ਬੜਾ ਹੰਕਾਰੀ ਹੁੰਦਾ ਹੈ (ਅਤੇ) ਸੰਤ ਦਾ ਦੋਖੀ ਸਦਾ ਵਿਕਾਰਾਂ (ਵਿਚ ਰਹਿੰਦਾ) ਹੈ। ਸੰਤ ਦਾ ਦੋਖੀ ਜੰਮਦਾ ਮਰਦਾ (ਰਹਿੰਦਾ) ਹੈ। ਸੰਤ ਦੀ ਦੂਸ਼ਣਾ ਕਰਨ ਨਾਲ (ਨਿੰਦਕ) ਸੁਖਾਂ ਤੋਂ ਵਾਂਜਿਆ ਜਾਂਦਾ ਹੈ। ਸੰਤ ਦੇ ਦੋਖੀ ਨੂੰ ਕੋਈ ਟਿਕਾਣਾ ਨਹੀਂ ਮਿਲਦਾ। (ਪਰ) ਹੇ ਨਾਨਕ! ਜੇ ਸੰਤ ਨੂੰ ਭਾਵੇ ਤਾਂ (ਉਸ ਨੂੰ) ਬੀ (ਅਪਣੇ ਅਥਵਾ ਵਾਹਿਗੁਰੂ ਨਾਲ) ਮਿਲਾ ਲੈਂਦਾ ਹੈ॥੪॥

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥ ਸੰਤ ਕਾ ਦੋਖੀ ਉਝੜਿ ਪਾਈਐ॥

ਸੰਤ ਦਾ ਦੋਖੀ ਅੱਧ ਵਿਚਕਾਰੋਂ ਟੁੱਟਦਾ ਹੈ[੩]। ਸੰਤ ਦਾ ਦੋਖੀ ਕਿਸੇ ਕੰਮ ਦੇ (ਸਿਰੇ) ਨਹੀਂ ਚੜ੍ਹਦਾ[੪] ਸੰਤ ਦੇ ਦੋਖੀ ਨੂੰ ਉਜਾੜਾਂ ਵਿਚ ਭਟਕਾਈਦਾ ਹੈ। ਸੰਤ ਦੇ ਦੋਖੀ ਨੂੰ ਕੁਰਸਤੇ ਪਾਇਆ ਜਾਂਦਾ ਹੈ।

ਸੰਤ ਕਾ ਦੋਖੀ ਅੰਤਰ ਤੇ ਥੋਥਾ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥

ਸੰਤ ਦਾ ਦੋਖੀ ਅੰਦਰੋਂ ਸੱਖਣਾ ਹੁੰਦਾ ਹੈ[੫]। ਜਿਕੁਰ ਸੁਆਸਾਂ ਤੋਂ ਬਿਨਾਂ ਮੁਰਦੇ ਦੀ ਲੋਥ ਹੁੰਦੀ ਹੈ।

ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ॥ ਆਪਨ ਬੀਜਿ ਆਪੇ ਹੀ ਖਾਹਿ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ॥੫॥

ਸੰਤ ਦੇ ਦੋਖੀ ਦੀ ਜੜ ਕੁਝ ਨਹੀਂ ਲਗਦੀ, (ਉਹ) ਆਪਣਾ ਹੀ ਬੀਜਦਾ ਤੇ ਆਪ ਹੀ ਖਾਂਦਾ ਹੈ।[੬] ਸੰਤ ਦੇ ਦੋਖੀ ਨੂੰ ਹੋਰ (ਕੋਈ) ਰਖਣੇ ਵਾਲਾ ਨਹੀਂ ਹੈ (ਪਰ) ਜੇ ਸੰਤ ਨੂੰ ਭਾਵੇ ਤਾਂ (ਉਸ ਦਾ ਬੀ) ਉਧਾਰ ਕਰ ਦਿੰਦਾ ਹੈ, ਹੇ ਨਾਨਕ! ॥੫॥

---

੧. ਜੋ ਨਿਰਵੈਰ (ਸੰਤਾਂ) ਨਾਲ ਵੈਰ ਕਰਦਾ ਹੈ, ਸੋ ਦੂਸਰਿਆਂ ਨਾਲ ਕਦ ਘੱਟ ਕਰੇਗਾ।

੨. ਸਜ਼ਾ ਮਿਲਦੀ ਹੈ=ਧਰਮ ਰਾਜ ਦਾ ਦੰਡ ਮਿਲਦਾ ਹੈ।

੩. ਪੂਰੀ ਉਮਰ ਨਹੀਂ ਭੋਗਦਾ, ਜੁਆਨੀ ਦੀ ਮੌਤੇ ਮਰਦਾ ਹੈ। (ਅ) ਸੰਪ੍ਰਦਾ ਵਿਚ ਇਉਂ ਭੀ ਭਾਵ ਲੈਂਦੇ ਹਨ ਕਿ ਉਸ ਦੇ ਸਾਧਨ ਸਿਰੇ ਨਹੀਂ ਚੜ੍ਹਦੇ।

੪. ਉਸ ਦੇ ਸੰਸਾਰਕ ਬਿਵਹਾਰ ਤੇ ਕਾਰਜ ਵੀ ਅਧ ਵਿਚੋਂ ਟੁਟਦੇ ਹਨ, ਸਿਰੇ ਨਹੀਂ ਚੜ੍ਹਦੇ।

੫. ਕੋਈ ਗੁਣ ਉਸ ਵਿਚ ਨਹੀਂ ਹੁੰਦਾ।

੬. ਖੋਟੇ ਕਰਮਾਂ ਦੇ ਖੋਟੇ ਫਲ ਭੋਗਦਾ ਹੈ। ਆਪਣਾ ਕੀਤਾ ਆਪੇ ਪਾਉਂਦਾ ਹੈ।

ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛਲੀ ਤੜਫੜਾਇ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥ ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥ ਸੰਤ ਕਾ ਦੋਖੀ ਧਰਮ ਤੇ ਰਹਤ॥ ਸੰਤ ਕਾ ਦੋਖੀ ਸਦ ਮਿਥਿਆ ਕਹਤ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ॥੬॥

ਸੰਤ ਦਾ ਦੋਖੀ ਐਉਂ ਵਿਲਪਦਾ ਹੈ, ਜਿਕੁਰ ਜਲ ਬਿਨਾਂ ਮੱਛੀ ਤੜਫਦੀ ਹੈ! ਸੰਤ ਦਾ ਦੋਖੀ ਭੁੱਖਾ (ਅਰੱਜ ਤ੍ਰਿਸ਼ਨਾ ਵਾਲਾ ਹੁੰਦਾ ਹੈ, ਕਦੇ) ਰੱਜਦਾ ਨਹੀਂ। ਜਿੱਕੁਰ ਅੱਗ ਬਾਲਣ ਨਾਲ ਨਹੀਂ ਰੱਜਦੀ।

ਸੰਤ ਦਾ ਦੋਖੀ ਇਕੱਲਾ ਹੀ ਛੱਡ ਦਿਤਾ ਜਾਂਦਾ ਹੈ, ਜਿੱਕੁਰ ਤਿਲਾਂ ਦੇ ਖੇਤ ਵਿਚ ਬੂਆੜ (ਤਿਲ ਦਾ ਬੂਟਾ ਛੱਡਿਆ ਜਾ ਕੇ) ਦੁਖੀ ਹੁੰਦਾ ਹੈ। ਸੰਤ ਦਾ ਦੋਖੀ ਧਰਮ ਤੋਂ ਖਾਲੀ ਹੁੰਦਾ ਹੈ, (ਇਸੇ ਕਰਕੇ) ਸੰਤ ਦਾ ਦੋਖੀ ਸਦਾ ਝੂਠ ਬੋਲਦਾ ਹੈ। ਨਿੰਦਕ ਦੀ ਕਿਰਤ (ਨਿੰਦਾ ਕਰਨੀ) ਧੁਰੋਂ ਹੀ ਪਈ ਹੋਈ ਹੈ, ਹੇ ਨਾਨਕ! ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ, ਸੋਈ ਹੁੰਦਾ ਹੈ॥੬॥

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥ ਸੰਤ ਕਾ ਦੋਖੀ ਸਦਾ ਸਹਕਾਈਐ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥ ਸੰਤ ਕੈ ਦੋਖਿ ਨ ਤ੍ਰਿਸਟੈ ਕੋਇ॥ ਜੈਸਾ ਭਾਵੈ ਤੈਸਾ ਕੋਈ ਹੋਇ॥

(ਇਸ ਸੰਸਾਰ ਵਿਚ ਤਾਂ) ਸੰਤ ਦਾ ਦੋਖੀ ਵਿਗੜੇ ਰੂਪ[1] ਵਾਲਾ ਹੋ ਜਾਂਦਾ ਹੈ (ਪਰ) ਦਰਗਾਹ ਵਿਚ ਬੀ ਸੰਤ ਦੇ ਦੋਖੀ ਨੂੰ ਸਜ਼ਾ ਮਿਲਦੀ ਹੈ। ਸੰਤ ਦਾ ਦੋਖੀ ਸਦਾ ਸਹਕਾਈਦਾ[2] ਹੈ। (ਹਾਂ) ਸੰਤ ਦਾ ਦੋਖੀ ਨਾ ਮਰਦਾ ਹੈ ਨਾ ਜਿਵਾਈਦਾ ਹੈ (ਭਾਵ ਨਾ ਜੀਉਂਦਾ ਹੈ ਨਾ ਮਰਦਾ ਹੈ)। ਸੰਤ ਦੇ ਦੋਖੀ ਦੀ ਆਸ ਪੂਰੀ ਨਹੀਂ ਹੁੰਦੀ। ਸੰਤ ਦਾ ਦੋਖੀ (ਸੰਸਾਰ ਤੋਂ) ਨਿਰਾਸ ਹੀ ਉਠ ਤੁਰਦਾ ਹੈ। ਸੰਤ ਦੀ ਨਿੰਦਾ ਕਰਨੇ ਤੇ ਕੋਈ (ਕਦੇ) ਟਿਕਿਆ ਨਹੀਂ[3]। ਜੈਸਾ (ਜਿਸ ਨੂੰ) ਭਾਉਂਦਾ ਹੈ ਤੈਸਾ (ਉਹ ਕੋਈ ਹੋ ਜਾਂਦਾ ਹੈ[4]। ਪਈ ਹਈ ਕਿਰਤ[5] ਕੋਈ ਨਹੀਂ

---

੧. ਸੰਸ: ਵਿਕ੍ਰਿਤ। ਪ੍ਰਾ:ਵਿਅਡ, ਵਿਗੜ। ਪੰਜਾ: ਬਿਗੜ=ਵਿਗੜਿਆ। ਵਿਗੜਿਆ ਹੋਇਆ ਅਰਥਾਤ-ਬਿਮਾਰ, ਡਰਾਉਣਾ। ਸੰਪ੍ਰ:, ਬਿਗੜ ਰੂਪ=ਕੋੜ੍ਹਾ।

੨. ਖਿੱਚ ਖਿੱਚ ਕੇ ਕਠਨਤਾ ਨਾਲ ਸਾਹ ਲੈਣੇ, ਜਿਵੇਂ ਕੁੱਤਾ ਮਰਨ ਲੱਗਾ ਮਹਿਕਦਾ ਹੈ। ਨਾ ਮਰਦਾ ਹੈ ਨਾ ਜੀਉਂਦਾ ਹੈ।

੩. ਸੰਸ:, ਤਿਸ਼੍ਠਨ੍=ਠਹਿਰਨਾ, ਠਹਿਰਾਉ।

੪. ਨਿਯਮ ਹੈ ਕਿ ਜੇਹੀ ਭਾਉਣੀ ਤੇਹਾ ਸੁਭਾਵ ਬਣ ਜਾਂਦਾ ਹੈ। ਨਿੰਦਕ ਨੂੰ ਨਿੰਦਾ ਭਾਉਂਦੀ ਹੈ, ਉਹ ਨਿੰਦਕ ਬਣ ਜਾਂਦਾ ਹੈ।

੫. ਕਿਰਤੁ=ਪਿਛਲੇ ਕਰਮਾਂ ਦੇ ਫਲ ਤੋਂ ਬਣੀ ਹੋਈ ਮਨ ਦੀ ਰੁਚੀ, ਜਿਸ ਦੇ ਸੰਸਕਾਰ ਅੰਦਰ ਜਮ੍ਹਾਂ ਹੁੰਦੇ ਹਨ। ਛੇਵੀਂ ਪਉੜੀ ਵਿਚ ਕਿਹਾ ਹੈ-ਕਿਰਤੁ ਨਿੰਦਕ ਕਾ ਧੁਰਿ ਹੀ ਪਇਆ।


www.sikhbookclub.com

ਪਇਆ ਕਿਰਤੁ ਨ ਮੇਟੈ ਕੋਇ॥ ਨਾਨਕ ਜਾਨੈ ਸਚਾ ਸੋਇ॥੭॥

ਮੇਟ ਸਕਦਾ। (ਕਹਿੰਦੇ ਹਨ ਗੁਰੂ) ਨਾਨਕ (ਇਸ ਗਲ ਦੀ ਅਸਲ ਨੂੰ) ਉਹੋ ਸੱਚਾ (ਸਾਈਂ ਹੀ ਜਾਣਦਾ ਹੈ॥੭॥

ਸਭ ਘਟ ਤਿਸਕੇ ਓਹੁ ਕਰਨੈਹਾਰੁ॥ ਸਦਾ ਸਦਾ ਤਿਸ ਕਉ ਨਮਸਕਾਰੁ॥ ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ॥ ਤਿਸਹਿ ਧਿਆਵਹੁ ਸਾਸਿ ਗਿਰਾਸਿ॥ ਸਭੁ ਕਛੁ ਵਰਤੈ ਤਿਸ ਕਾ ਕੀਆ॥ ਜੈਸਾ ਕਰੇ ਤੈਸਾ ਕੋ ਥੀਆ॥ ਅਪਨਾ ਖੇਲੁ ਆਪਿ ਕਰਨੈਹਾਰੁ॥ ਦੂਸਰ ਕਉਨੁ ਕਹੈ ਬੀਚਾਰੁ॥ ਜਿਸਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ॥ ਬਡਭਾਗੀ ਨਾਨਕ ਜਨ ਸੇਇ॥੮॥੧੩॥

ਸਾਰੇ ਘਟ (ਭਾਵ ਜੀ) ਉਸੇ (ਪ੍ਰਭੂ) ਦੇ (ਰਚੇ ਹੋਏ) ਹਨ, ਓਹ ਰਚਨੇ ਵਾਲਾ ਹੈ (ਤਾਂਤੇ ਹੇ ਜੀਵੋ!) ਉਸਨੂੰ ਸਦਾ ਸਦਾ ਨਮਸਕਾਰ ਕਰੋ। (ਹੇ ਸਜਣੋਂ!) ਪ੍ਰਭੂ ਦੀ ਉਸਤਤਿ ਦਿਨ ਰਾਤ ਕਰੋ। ਉਸਨੂੰ ਸਾਸ ਗਿਰਾਸ[1] ਸਿਮਰੋ, (ਕਿਉਂਕਿ) ਸਭ ਕੁਝ ਉਸਦਾ ਕੀਤਾ ਵਰਤ ਰਿਹਾ ਹੈ। ਜੈਸਾ (ਉਹ) ਕਰਦਾ ਹੈ ਤੈਸਾ ਕੋਈ ਹੋ ਜਾਂਦਾ ਹੈ। (ਜਗਤ ਉਸਦਾ) ਆਪਣਾ ਖੇਲ (ਹੈ ਤੇ) ਓਹ ਆਪ (ਇਸ ਖੇਲ ਦੇ) ਕਰਨੇ ਵਾਲਾ ਹੈ। ਦੂਸਰਾ ਹੋਰ ਕਉਣ (ਇਸ) ਵਿਚਾਰ ਨੂੰ ਕਥਨ ਕਰ ਸਕਦਾ ਹੈ? (ਉਹ) ਜਿਸ ਪਰ ਕ੍ਰਿਪਾ ਕਰਦਾ ਹੈ ਉਸਨੂੰ ਆਪਣਾ ਨਾਮ ਦੇਂਦਾ ਹੈ, (ਸੋ) ਹੇ ਨਾਨਕ! ਉਹੋ (ਨਾਮ ਵਾਲੇ) ਪੁਰਖ ਵਡੇ ਭਾਗਾਂ ਵਾਲੇ (ਸਮਝਣੇ ਚਾਹੀਏ)॥੮॥੧੩॥

ਸਲੋਕੁ॥ ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥ ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥੧॥

ਹੇ ਸੁਰਜਨੋਂ![2] ਆਪਣੀ ਸਿਆਣਪ ਨੂੰ ਛੱਡ ਦਿਓ, (ਅਰ) ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਸਿਮਰੋ, ਇਕ (ਉਸੇ) ਵਾਹਿਗੁਰੂ ਦੀ ਆਸ ਮਨ ਵਿਚ ਰੱਖੋ (ਤਦ) ਹੇ ਨਾਨਕ! ਦੁਖ, ਭਰਮ ਤੇ ਡਰ ਦੂਰ ਹੋ ਜਾਇਗਾ॥੧॥

ਅਸਟਪਦੀ॥ ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥ ਜਿਸਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ॥ ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥

ਮਾਨੁਖ ਦੀ ਟੇਕ (=ਆਸਰਾ) ਸਭ ਬਿਰਥੀ ਜਾਣ ਲੈ (ਕਿਉਂਕਿ ਮਨੁਖ ਆਪ ਯਾਚਕ ਹੈ, ਦਾਤਾ ਨਹੀਂ ਹੈ), ਦੇਣ ਨੂੰ (ਤਾਂ) ਇਕੋ (ਦਾਤਾ) ਪਰਮੇਸ਼ੁਰ (ਸਮਰਥ) ਹੈ। ਜਿਸ ਦੇ ਦਿੱਤਿਆਂ (ਐਸਾ) ਰੱਜ ਜਾਈਦਾ ਹੈ ਕਿ ਮੁੜਕੇ ਤ੍ਰਿਸ਼ਨਾ ਆਕੇ ਲਗਦੀ (ਹੀ) ਨਹੀਂ। ਮਾਰਦਾ ਬੀ ਇਕੋ (ਉਹੋ) ਆਪ (ਪਰਮੇਸ਼ੁਰ) ਹੈ (ਤੇ) ਰਖਯਾ (ਬੀ ਉਹੋ) ਕਰਦਾ ਹੈ। ਮਾਨੁਖ ਦੇ ਹੱਥ ਕੁਝ ਨਹੀਂ।

---

੧. ਹਰ ਸਾਹ ਲੈਂਦਿਆਂ ਹਰ ਗ੍ਰਾਹੀ ਖਾਂਦਿਆਂ।

੨. ਸੰਸ:, ਸੁਹ੍ਰਿਦ+ਜਨ=ਨੇਕ ਦਿਲ ਆਦਮੀ। ਹਿੰਦੀ ਸੁਰਜਨ=ਸਜਨ, ਚਤੁਰ ਪੁਰਖ। ਸੰਪ੍ਰਦਾ ਵਿਚ ਤੁਕ ਦੇ ਭਾਵ ਅਨੁਸਾਰ ਦੋਇ ਅਰਥ ਵਰਤਦੇ ਹਨ।

ਤਿਸਕਾ ਹੁਕਮੁ ਬੂਝਿ ਸੁਖੁ ਹੋਇ॥ ਤਿਸਕਾ ਨਾਮੁ ਰਖੁ ਕੰਠਿ ਪਰੋਇ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥ ਨਾਨਕ ਬਿਘਨੁ ਨ ਲਾਗੈ ਕੋਇ॥੧॥

(ਸੋ) ਉਸਦਾ ਹੁਕਮ ਬੁੱਝਣੇ ਤੇ ਹੀ ਸੁਖ ਹੁੰਦਾ ਹੈ। (ਇਸ ਕਰਕੇ) ਉਸੇ ਦੇ ਨਾਮ ਨੂੰ (ਅਪਣੇ) ਹਿਰਦੇ ਵਿਚ ਪੁਰੋ ਕੇ ਰੱਖ[1]। ਉਸੇ ਪ੍ਰਭੂ ਨੂੰ (ਬਹਿੰਦਿਆਂ, ਉਠਦਿਆਂ, ਸੌਂਦਿਆਂ ਭਾਵ) ਸਦਾ ਸਿਮਰ (ਐਉਂ ਸਿਮਰਨ ਕਰਨ ਨਾਲ ਜੀਵ ਨੂੰ) ਕੋਈ ਵਿਘਨ ਨਹੀਂ ਪੈਂਦਾ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ)॥੧॥

ਦੂਸਰੀ ਤੁਕ ਦਾ ਅਰਥ ਪਹਿਲੋਂ ਲੱਗੇਗਾ-

ਉਸਤਤਿ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤਿ ਬਿਉਹਾਰ॥ ਨਿਰਮਲ ਰਸਨਾ ਅੰਮ੍ਰਿਤ ਪੀਉ॥ ਸਦਾ ਸੁਹੇਲਾ ਕਰਿ ਲੇਹਿ ਜੀਉ॥ ਨੈਨਹੁ ਪੇਖੁ ਠਾਕੁਰ ਕਾ ਰੰਗੁ॥ ਸਾਧ ਸੰਗਿ ਬਿਨਸੈ ਸਭ ਸੰਗੁ॥ ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥ ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥ ਹਰਿ ਦਰਗਹ ਨਾਨਕ ਊਜਲ ਮਥਾ॥੨॥

੨. ਹੇ ਮੇਰੇ ਮਨ! ਸੱਚਾ ਵਿਹਾਰ ਕਰ, (ਜੋ ਐਉਂ ਕਰੀਦਾ ਹੈ[2] :- ੧. ਨਿਰੰਕਾਰ (ਪਰਮੇਸ਼ੁਰ) ਦੀ ਉਸਤਤਿ ਮਨ ਵਿਚ ਕਰ। ੩. ਰਸਨਾ ਨਾਲ ਨਿਰਮਲ ਅੰਮ੍ਰਿਤ (ਰੂਪੀ ਨਾਮ) ਪੀਆ ਕਰ[3] ੪. (ਇਉਂ) ਮਨ ਨੂੰ ਸਦਾ ਸੁਖੀ ਕਰ ਲੈ। ੫. (ਅੰਦਰ ਨਾਮ ਰਖਕੇ) ਅੱਖਾਂ ਨਾਲ ਪਰਮੇਸ਼ੁਰ ਦਾ ਰੰਗ (ਉਸਦੀ ਖੂਬਸੂਰਤੀ ਦਾ ਪ੍ਰਕਾਸ਼) ਦੇਖਿਆ ਕਰ। ੬. ਸਾਧਾਂ ਦਾ ਸੰਗ (ਕਰਿਆ ਕਰ, ਇਸ) ਨਾਲ ਸਾਰਾ ਸੰਗ (ਜੋ ਇਸ ਦਰਸ਼ਨ ਦਾ ਬਾਧਕ ਹੈ)[4] ਦੂਰ ਹੋ ਜਾਏਗਾ। ੭. ਪੈਰਾਂ ਕਰਕੇ ਪਰਮੇਸ਼ੁਰ ਦੇ ਰਸਤੇ ਤੁਰ। ੮. (ਕਿਵੇਂ ਬੀ ਜੇ) ਹਰੀ ਦਾ ਨਾਮ ਰਤਾ ਜਿੰਨਾ (ਚਿਰ) ਜਪ ਲਈਏ ਤਾਂ ਪਾਪ ਮਿਟ ਜਾਂਦੇ ਹਨ। ੯. ਹੱਥਾਂ[5] ਨਾਲ (ਉਹ) ਕੰਮ (ਕਰ ਜੋ) ਰਬ ਜੀ (ਦਾ ਜਲਾਲ ਪ੍ਰਗਟ ਕਰਨ ਵਾਲੇ ਕਰਮ ਹੋਣ, ਤੇ) ਕੰਨ ਨਾਲ ਹਰੀ ਦੀ ਕਥਾ (ਸੁਣ)। ੧੦. (ਐਸਾ ਵਪਾਰ ਕਰਨ ਨਾਲ) ਹੇ ਨਾਨਕ! (ਤੇਰਾ) ਮੱਥਾ ਹਰੀ ਦੀ ਦਰਗਾਹ ਵਿਚ ਉੱਜਲ ਹੋਵੇਗਾ॥੨॥

ਬਡਭਾਗੀ ਤੇ ਜਨ ਜਗ ਮਾਹਿ॥

ਓਹ ਪੁਰਖ ਸੰਸਾਰ ਵਿਚ ਵਡੇ ਭਾਗਾਂ ਵਾਲੇ

---

੧. ਮਾਲਾ ਪੁਰੋਕੇ ਕੰਠ ਦੇ ਦੁਆਲੇ ਰਖੀਦੀ ਹੈ, ਐਉਂ ਪਰਮੇਸ਼ੁਰ ਦਾ ਨਾਮ ਰਖ, ਭਾਵ ਹੈ ਕਿ ਐਸਾ ਜਪੁ ਕਿ ਫੇਰ ਨਾ ਵਿਸਰੇ।

੨. ਇਸ ਵਿਚ ਅਗੇ ੯ (ਨੰ: ੧ ਤੇ ੩ ਤੋਂ ੧੦) ਗੱਲਾਂ ਚਲਦੀਆਂ ਹਨ, ਜਿਨ੍ਹਾਂ ਨਾਲ 'ਸਤਿ ਬਿਉਹਾਰ' ਹੋਣਾ ਹੈ।

੩. (ਅ) ਜੀਭ ਨੂੰ ਝਗੜੇ, ਨਿੰਦਾ ਤੇ ਗੱਪਾਂ ਆਦਿ ਮੈਲਾਂ ਤੋਂ ਨਿਰਮਲ ਰਖਕੇ ਨਾਮ ਜਪ ਤਾਂ ਅੰਮ੍ਰਿਤ ਰਸ ਪੀ।

੪. ਸਭ ਸੰਗੁ=ਭਾਵ, ਹੋਰ ਸਾਰੇ ਮੇਲ ਜੋ ਅਪਣੇ ਵਿਚ ਖਿੱਚਦੇ ਤੇ ਰੱਬ ਜੀ ਤੋਂ ਭੁਲਾਉਂਦੇ ਹਨ।

੫. ਕਰ=ਹੱਥਾਂ ਨਾਲ।

ਸਦਾ ਸਦਾ ਹਰਿ ਕੇ ਗੁਨ ਗਾਹਿ॥ ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥ ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥ ਸਦਾ ਸਦਾ ਜਾਨਹੁ ਤੇ ਸੁਖੀ॥ ਏਕੋ ਏਕੁ ਏਕੁ ਪਛਾਨੈ॥ ਇਤ ਉਤ ਕੀ ਓਹੁ ਸੋਝੀ ਜਾਨੈ॥ ਨਾਮ ਸੰਗਿ ਜਿਸਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥੩॥

ਹਨ (ਜੋ) ਸਦੀਵ ਕਾਲ ਪਰਮੇਸ਼ੁਰ ਦੇ ਗੁਣ ਗਾਉਂਦੇ ਹਨ। ਸੰਸਾਰ ਵਿਚ ਜੋ ਰਾਮ ਨਾਮ ਦਾ ਵੀਚਾਰ ਕਰਦੇ ਹਨ, (ਓਹੋ ਅਸਲ) ਧਨ ਵਾਲੇ ਗਿਣੀਏ[1]। ਸਦੀਵ ਕਾਲ ਸੁਖੀ ਤੇ ਮੁਖੀ (=ਸ੍ਰੇਸ਼ਟ) ਉਨ੍ਹਾਂ ਨੂੰ ਜਾਣ ਲਓ (ਜੋ) ਮਨੋਂ ਤਨੋਂ (ਤੇ) ਮੁਖੋਂ ਹਰੀ ਨੂੰ ਜਪਦੇ ਹਨ[2]।

ਉਹ (ਪੁਰਖ) ਲੋਕ ਪ੍ਰਲੋਕ (ਸਭ) ਦੀ ਸੋਝੀ ਪਾ ਲੈਂਦਾ ਹੈ ਕਿ ਜੋ (ਸਾਰੇ ਪਸਾਰੇ ਵਿਚ ਪਰਮੇਸ਼ੁਰ ਨੂੰ ਜੋ) ਇਕੋ ਇਕ (ਹੈ) ਇਕ ਹੀ ਕਰਕੇ ਪਛਾਣ ਲੈਂਦਾ ਹੈ[3] (ਗਲ ਕੀਹ) ਜਿਸ ਦਾ ਮਨ ਨਾਮ ਨਾਲ ਪਤੀਜ ਗਿਆ ਹੈ, ਹੇ ਨਾਨਕ! ਉਸ ਨੇ ਨਿਰੰਜਨ ਨੂੰ ਜਾਣ ਲਿਆ ਹੈ॥੩॥

ਗੁਰਪ੍ਰਸਾਦਿ ਆਪਨ ਆਪੁ ਸੁਝੈ॥ ਤਿਸਕੀ ਜਾਨਹੁ ਤ੍ਰਿਸਨਾ ਬੁਝੈ॥ ਸਾਧ ਸੰਗਿ ਹਰਿ ਹਰਿ ਜਸੁ ਕਹਤ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥ ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ॥ ਗ੍ਰਿਹਸਤ ਮਹਿ ਸੋਈ ਨਿਰਬਾਨੁ॥ ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸਕੀ ਕਟੀਐ ਜਮ ਕੀ ਫਾਸਾ॥ ਪਾਰਬ੍ਰਹਮ ਕੀ

(ਜਿਸ ਨੂੰ) ਗੁਰੂ ਦੀ ਕ੍ਰਿਪਾ ਕਰਕੇ ਆਪਣਾ ਆਪ ਦਿੱਸ ਪਵੇ, ਜਾਣ ਲਓ ਕਿ ਉਸਦੀ ਤ੍ਰਿਸ਼ਨਾ ਬੁਝ ਗਈ ਹੈ। (ਜੋ) ਸਾਧ ਸੰਗ ਵਿਖੇ (ਬੈਠਕੇ) ਪਰਮੇਸ਼ੁਰ ਦਾ ਜਸ ਕਰਦਾ ਹੈ, ਉਹ ਪਰਮੇਸ਼ੁਰ ਦਾ ਦਾਸ (ਹੈ ਤੇ ਉਹ) ਸਾਰੇ ਰੋਗਾਂ[4] ਤੋਂ ਛੁੱਟ ਜਾਂਦਾ ਹੈ। ਜੋ ਕੇਵਲ (ਹਰੀ) ਕੀਰਤਨ (ਹੀ) ਹਰ ਦਿਨ ਉਚਾਰਣ ਕਰਦਾ ਹੈ, ਉਹ ਪੁਰਖ ਗ੍ਰਿਹਸਤ ਵਿਖੇ ਅਤੀਤ (ਸਮਝ ਲਓ[5])। ਜਿਸ ਪੁਰਖ ਦੀ ਆਸ ਇਕ (ਪਰਮੇਸ਼ੁਰ) ਉਤੇ ਹੈ ਉਸਦੀ ਜਮ-ਮਾਰਗ ਦੀ ਫਾਹੀ ਕੱਟੀ ਜਾਂਦੀ ਹੈ।

ਜਿਸ ਦੇ ਮਨ ਵਿਖੇ ਅਕਾਲ ਪੁਰਖ (ਦੀ

---

੧. ਗਨੀ=ਗਿਣੇ ਜਾਂਦੇ ਹਨ, ਇਨ੍ਹਾਂ ਅਰਥਾਂ ਵਿਚ ਇਹ ਪਦ ਅਗੇ ਸੁਖਮਨੀ ਦੀ ੨੧ਵੀਂ ਪਉੜੀ ਵਿਚ ਬੀ ਆਇਆ ਹੈ, ਯਥਾ-ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ। (ਅ) ਗਨੀ=ਰੱਜੇ ਹੋਏ। ਪਰ ਧਨਵੰਤ ਪਦ ਹੋਣ ਕਰਕੇ ਸੰਪ੍ਰਦਾ ਵਿਚ ਮੁੱਖ ਅਰਥ 'ਗਿਣੇ ਜਾਂਦੇ ਹਨ' ਹੀ ਕਰਦੇ ਹਨ।

੨. ਮਨਿ=ਮਨੋਂ। ਮੁਖਿ=ਮੁਖੋਂ=ਮੂੰਹ ਨਾਲ, ਭਾਵ ਬਾਣੀ ਨਾਲ। ਤਨਿ=ਕਾਯਾ ਕਰਕੇ, ਭਾਵ ਮਨ ਬਾਣੀ ਤੇ ਕਰਮ ਕਰਕੇ। (ਅ) ਪੁਰਾਤਨ ਅਰਥ ਐਉਂ ਬੀ ਲਾਉਂਦੇ ਹਨ-ਹਰਿਮੁਖੀ=ਪਰਮੇਸ਼ੁਰ ਜੋ ਸਭ ਦਾ ਮੁਖੀ (=ਵਡਾ) ਹੈ!

੩. (ਅ) ਆਦਿ ਇਕ, ਮਧ ਇਕ, ਅੰਤ ਇਕ: ਤਿੰਨਾਂ ਕਾਲਾਂ ਵਿਚ ਇਕੋ ਨੂੰ ਸਦਾ ਰਹਿਣੇ ਵਾਲਾ ਪਛਾਣਦੇ ਹਨ। (ਸੰਪ੍ਰਦਾ)।

੪. ਸਰੀਰਕ ਰੋਗ, ਮਾਨਸਿਕ ਰੋਗ, ਆਤਮ ਰੋਗ ਜਾਂ ਆਧਿ ਬਿਆਧਿ ਉਪਾਧਿ।

੫. ਨਿਰਬਾਣ=ਮਾਇਆ ਦੇ ਅਸਰ ਤੋਂ ਰਹਿਤ।

ਜਿਸੁ ਮਨਿ ਭੂਖ॥ ਨਾਨਕ ਤਿਸਹਿ ਨ ਲਾਗਹਿ ਦੂਖ॥੪॥

ਪ੍ਰਾਪਤੀ) ਦੀ ਭੁੱਖ (ਸ਼ੌਂਕ) ਹੈ, ਹੇ ਨਾਨਕ! ਉਸ ਨੂੰ ਕੋਈ ਦੁੱਖ ਨਹੀਂ ਲਗਦਾ॥੪॥

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ॥ ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ॥ ਸੋ ਸੇਵਕੁ ਕਹੁ ਕਿਸ ਤੇ ਡਰੈ॥ ਜੈਸਾ ਸਾ ਤੈਸਾ ਦ੍ਰਿਸਟਾਇਆ॥ ਅਪੁਨੇ ਕਾਰਜ ਮਹਿ ਆਪਿ ਸਮਾਇਆ॥ ਸੋਧਤ ਸੋਧਤ ਸੋਧਤ ਸੀਝਿਆ॥ ਗੁਰਪ੍ਰਸਾਦਿ ਤਤੁ ਸਭੁ ਬੂਝਿਆ॥ ਜਬ ਦੇਖਉ ਤਬ ਸਭੁ ਕਿਛੁ ਮੂਲੁ॥ ਨਾਨਕ ਸੋ ਸੂਖਮੁ ਸੋਈ ਅਸਥੂਲੁ॥ ੫॥

ਜਿਸ (ਜਨ) ਨੂੰ ਹਰੀ ਪਰਮੇਸ਼ੁਰ ਅੰਦਰੋਂ ਯਾਦ ਆਉਂਦਾ ਰਹਿੰਦਾ ਹੈ, ਓਹ ਸੁਖੀ ਸੰਤ ਹੈ, ਉਹ ਡੋਲੇਗਾ ਨਹੀਂ। ਜਿਸ (ਸੇਵਕ) ਉਤੇ (ਉਸ ਦਾ) ਆਪਣਾ ਪ੍ਰਭੂ ਕ੍ਰਿਪਾ ਕਰ ਰਿਹਾ ਹੋਵੇ, ਦੱਸੋ, ਉਹ ਸੇਵਕ ਕਿਸ ਪਾਸੋਂ ਡਰੇਗਾ? (ਉਸ ਨੂੰ ਤਾਂ) ਜੈਸਾ (ਪ੍ਰਭੂ) ਸੀ, ਉਹੋ ਜਿਹਾ ਦਿੱਸ ਪਿਆ ਹੈ, (ਅਰਥਾਤ ਉਸ ਨੂੰ ਪਰਮੇਸ਼ੁਰ) ਅਪਣੀ (ਸਾਰੀ) ਸ੍ਰਿਸ਼ਟੀ ਵਿਚ ਆਪ ਸਮਾਇਆ (ਹੋਇਆ ਦਿੱਸ ਪਿਆ ਹੈ)। ਅਸਲੀਅਤ ਨੂੰ ਲੱਭਦਿਆਂ, ਭਾਲਦਿਆਂ, ਵੀਚਾਰਦਿਆਂ ਉਹ ਸਿੱਧਾਂਤ ਤੇ ਅੱਪੜ ਪਿਆ ਹੈ (ਹਾਂ, ਉਸ ਨੇ) ਗੁਰੂ ਦੀ ਮਿਹਰ ਨਾਲ ਸਾਰਾ ਤੱਤ ਸਮਝ ਲਿਆ ਹੈ[1]; ਹੇ ਨਾਨਕ! (ਮੈਂ ਤਾਂ) ਜਦ ਦੇਖਦਾ ਹਾਂ ਤਾਂ (ਮੈਨੂੰ) ਸਭ ਕੁਝ ਮੂਲ (ਹੀ ਦਿੱਸਦਾ ਹੈ), ਉਹੋ ਨਿਰਗੁਣ ਹੈ ਉਹੋ ਸਰਗੁਣ ਹੈ[2]॥੫॥

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ॥

ਨਾ ਕੁਝ ਜੰਮਦਾ ਹੈ ਨਾ ਕੁਛ ਮਰਦਾ ਹੈ, (ਪਰਮੇਸ਼ੁਰ) ਅਪਣੇ ਚਰਿਤਰ (ਕੌਤਕ) ਆਪ ਹੀ ਕਰ ਰਿਹਾ ਹੈ[3] ਆਉਣਾ ਜਾਣਾ (ਭਾਵ ਜੰਮਣਾ ਮਰਣਾ) ਦਿੱਸਣ ਵਾਲਾ ਤੇ ਨਾ ਦਿੱਸਣੇ ਵਾਲਾ (ਜਗਤ, ਗੱਲ ਕੀ) ਸਾਰੀ ਸ੍ਰਿਸ਼ਟੀ (ਉਸਦੇ) ਹੁਕਮ ਵਿਚ ਟੁਰਨ ਵਾਲੀ (ਉਸ ਨੇ ਆਪਣੇ ਆਸਰੇ ਤੇ) ਧਾਰੀ (ਟਿਕਾਈ) ਹੋਈ ਹੈ[4]। (ਉਹ)

---

੧. ਸੋਧਨਾ=ਭੁੱਲਾਂ ਦਾ ਜਾਣੂ ਹੋ ਕੇ ਦਰੁਸਤੀ ਨੂੰ ਅੱਪੜ ਪੈਣਾ। ਤੱਤ ਮਿਥਿਆ ਦੇ ਨਿਰਨੇ ਕਰਕੇ ਯਥਾਰਥ ਜਾਂ ਤੱਤ ਤੇ ਪਹੁੰਚ ਪੈਣਾ। ਉਹ ਹੁੰਦਾ ਹੈ ਪੁਸਤਕਾਂ ਦੀ ਘੋਖ ਨਾਲ, ਤਜਰਬੇ ਕਰਕੇ ਨਿਜ ਦੇ ਅਨੁਭਵ ਨਾਲ, ਇਸੇ ਕਰਕੇ ਤ੍ਰੈ ਵਾਰ 'ਸੋਧਤ' ਕਿਹਾ ਹੈ। ਸੀਝਿਆ=ਸਿਧੀ ਨੂੰ ਅੱਪੜਿਆ, ਕਾਮਯਾਬ ਹੋਇਆ, ਸਿਧਾਂਤ ਨੂੰ ਪਹੁੰਚ ਪਿਆ।

੨. ਸਾਨੂੰ ਸਾਰਾ ਦ੍ਰਿਸ਼ਜ ਅਦ੍ਰਿਸ਼ਜ 'ਤੱਤ ਦ੍ਰਿਸ਼ਟੀ' ਨਾਲ ਦੇਖਿਆਂ ਮੂਲ (ਤੱਤ=ਪਾਰਬ੍ਰਹਮ) ਹੀ ਨਜ਼ਰ ਆਉਂਦਾ ਹੈ। ਉਹੋ ਅਦ੍ਰਿਸ਼ਜ ਆਤਮ ਸ੍ਵਰੂਪ ਹੈ, ਉਹੋ ਪ੍ਰਤੱਖ ਜਗਤ ਸ੍ਵਰੂਪ ਹੈ: ਭਾਵ ਉਹੋ ਨਿਰਗੁਣ ਹੈ ਓਹੋ ਸਰਗੁਣ ਹੈ। 'ਨਿਰਗੁਨੁ ਆਪਿ ਸਰਗੁਨੁ ਭੀ ਓਹੀ॥(ਸੁਖਮਨੀ-੧੮) ਕਲਾ ਧਾਰਿ ਜਿਨਿ ਸਗਲੀ ਮੋਹੀ॥'

੩. ਯਥਾ: ਆਵਨ ਜਾਨੁ ਇਕ ਖੇਲੁ ਬਨਾਇਆ॥(ਸੁਖਮਨੀ-੨੩)

੪. ਸੰਪ੍ਰਦਾ ਵਿਚ ਆਗਜਾਕਾਰੀ ਦਾ ਅਰਥ ਮਾਯਾ ਬੀ ਕਰਦੇ ਹਨ। ਆਵਣਾ ਜਾਵਣਾ ਜੋ ਦ੍ਰਿਸ਼ਟ ਆਉਂਦਾ ਹੈ ਇਹ ਅਨਦ੍ਰਿਸ਼ਟ (=ਦ੍ਵੈਤ ਦ੍ਰਿਸ਼ਟੀ) ਕਰਕੇ ਹੈ, ਇਹ ਸਾਰੀ ਸ੍ਰਿਸ਼ਟੀ (ਆਗਜਾਕਾਰੀ ਅਰਥਾਤ) ਮਾਯਾ ਨੇ ਧਾਰਨ ਕੀਤੀ ਹੈ। (ਸੰਪ੍ਰਦਾ।

ਆਪੇ ਆਪਿ ਸਗਲ ਮਹਿ ਆਪਿ॥
ਅਨਿਕ ਜੁਗਤਿ ਰਚਿ ਥਾਪਿ ਉਥਾਪਿ॥
ਅਬਿਨਾਸੀ ਨਾਹੀ ਕਿਛੁ ਖੰਡ॥
ਧਾਰਣ ਧਾਰਿ ਰਹਿਓ ਬ੍ਰਹਮੰਡ॥
ਅਲਖ ਅਭੇਵ ਪੁਰਖ ਪਰਤਾਪ॥
ਆਪਿ ਜਪਾਏ ਤ ਨਾਨਕ ਜਾਪ ॥੬॥

ਆਪ ਤਾਂ ਆਪਣੇ ਹੀ (ਆਸਰੇ ਹੈ ਪਰ) ਸਭ ਵਿਚ (ਵਜਾਪਕ ਬੀ) ਆਪ ਹੈ। ਅਨੇਕ ਜੁਗਤਾਂ ਕਰਕੇ (ਆਪ ਰਚਨਾ ਨੂੰ) ਰਚਦਾ (ਆਪ) ਇਸਥਿਤ ਕਰਦਾ ਹੈ (ਤੇ ਆਪ ਹੀ) ਭੰਨ ਦੇਂਦਾ ਹੈ; (ਪਰ ਆਪ) ਨਾਸ਼ ਤੋਂ ਰਹਿਤ ਹੈ, (ਨਾਂ ਹੀ ਉਸਦੀ) ਕੋਈ ਖੰਡਾਂ (ਵਾਲੀ) ਵੰਡ ਹੈ[੧]। (ਸਾਰੇ) ਬ੍ਰਹਮੰਡ ਦੀ ਧਾਰਨਾ ਨੂੰ (ਆਪ) ਧਾਰ ਰਿਹਾ ਹੈ[੨]। ਹੇ ਨਾਨਕ! (ਉਸ ਪੂਰਨ ਵਜਾਪਕ ਕਰਤਾ) ਪੁਰਖ ਦਾ ਪ੍ਰਤਾਪ ਲਖਿਆ ਨਹੀਂ ਜਾ ਸਕਦਾ (ਅਤੇ) ਨਾਂ (ਉਸਦਾ) ਭੇਦ ਪਾਇਆ ਜਾਂਦਾ ਹੈ, (ਅਪਣਾ ਨਾਮ ਬੀ ਜੇ ਓਹ) ਕਿਸੇ ਨੂੰ ਜਪਾਏ ਤਾਂ (ਹੀ) ਜਪਿਆ ਜਾਂਦਾ ਹੈ, ਹੇ ਨਾਨਕ! ॥੬॥

ਹੁਣ ਪ੍ਰਸ਼ਨ ਹੁੰਦਾ ਹੈ ਕਿ ਉਹ ਆਪਣਾ ਨਾਮ ਕੀਕੂੰ ਜਪਾਉਂਦਾ ਹੈ? ਉੱਤਰ ਦੇਂਦੇ ਹਨ ਕਿ-

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ॥
ਸਗਲ ਸੰਸਾਰੁ ਉਧਰੈ ਤਿਨ ਮੰਤ॥
ਪ੍ਰਭ ਕੇ ਸੇਵਕ ਸਗਲ ਉਧਾਰਨ॥
ਪ੍ਰਭ ਕੇ ਸੇਵਕ ਦੂਖ ਬਿਸਾਰਨ॥
ਆਪੇ ਮੇਲਿ ਲਏ ਕਿਰਪਾਲ॥ ਗੁਰ ਕਾ ਸਬਦੁ ਜਪਿ ਭਏ ਨਿਹਾਲ॥

ਸਾਰਾ ਸੰਸਾਰ ਉਨ੍ਹਾਂ (ਗੁਰਮੁਖਾਂ) ਦੇ (ਨਾਮ) ਉਪਦੇਸ਼ ਨਾਲ ਉਧਰਦਾ ਹੈ ਜਿਨ੍ਹਾਂ ਨੇ ਕਿ ਪ੍ਰਭੂ ਨੂੰ ਪਛਾਣ ਲਿਆ ਹੈ, ਓਹ (ਗੁਰਮੁਖ ਵਾਹਿਗੁਰੂ ਦੀ) ਸ਼ੋਭਾ ਵਾਲੇ ਹਨ! (ਐਸੇ) ਪ੍ਰਭੂ ਦੇ ਸੇਵਕ ਸਭਨਾਂ ਦਾ ਉਧਾਰ ਕਰਨੇ ਵਾਲੇ ਹੁੰਦੇ ਹਨ[੩], ਪ੍ਰਭੂ ਦੇ ਸੇਵਕ (ਜੀਵਾਂ ਦੇ) ਦੁਖ ਦੂਰ ਕਰਨ[੪] ਵਾਲੇ ਹੁੰਦੇ ਹਨ। (ਆਪਣੇ ਸੇਵਕਾਂ ਨੂੰ) ਕ੍ਰਿਪਾਲ (ਪ੍ਰਭੂ) ਆਪਣੇ ਨਾਲ ਮੇਲ ਲੈਂਦਾ ਹੈ, (ਤੇ ਓਹ ਸੇਵਕ) ਗੁਰੂ ਦਾ ਬਖਸ਼ਿਆ ਸ਼ਬਦ (ਜਪ) ਜਪਕੇ (ਇਸ) ਅਨੰਦ (ਦੀ ਅਵਸਥਾ ਵਾਲੇ) ਹੋ ਗਏ ਹਨ (ਭਾਵ ਆਪ ਤਰਨ ਤੇ ਅਗੋਂ ਤਾਰਨ

---

੧. ਵਾਹਿਗੁਰੂ ਰਚਨਾ ਦਾ ਰਚਨਹਾਰ ਹੋਕੇ ਫਿਰ ਰਚੀ ਹੋਈ ਦੇ ਹਰ ਹਿੱਸੇ ਵਿਚ (ਸਗਲ ਮਹਿ ਆਪ=ਭਾਵ ਸਭ ਵਿਚ) ਵਜਾਪਕ ਹੋਣ ਕਰਕੇ ਯਾ ਕਿਸੇ ਹੋਰ ਕਾਰਣ ਕਰਕੇ ਕਿਸੇ ਖੰਡ ਭੇਦ ਵਾਲਾ ਨਹੀਂ ਹੋ ਜਾਂਦਾ। ਦੇਸ਼ ਕਾਲ ਵਸਤੂ ਪ੍ਰਛੇਦ ਉਸ ਵਿਚ ਨਹੀਂ ਹੈ ਯਥਾ-'ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥'(ਰਾਮ:ਮ:੫-੬)

੨. ਸ੍ਰਿਸ਼ਟੀ ਰਚ ਕੇ (=ਕਰਤਾ ਹੋ ਕੇ), ਇਸ ਵਿਚ ਵਜਾਪਕ ਹੋ ਕੇ(=ਕਾਦਰ ਹੋ ਕੇ) ਇਸ ਨੂੰ ਕਾਯਮ ਰਖ ਰਿਹਾ ਹੈ ਤੇ ਨਿਯਮ ਬੱਧ ਕਾਇਦਿਆਂ ਵਿਚ ਜੀਕੂੰ ਇਹ ਟੁਰ ਰਹੀ ਹੈ ਆਪ ਇਸ ਨੂੰ ਟੋਰ ਰਿਹਾ ਹੈ, ਇਹ 'ਧਾਰ ਰਿਹਾ' ਦਾ ਭਾਵ ਹੈ।

੩. ਭਾਵ ਵਾਹਿਗੁਰੂ ਦਾ ਜਲਾਲ ਉਨ੍ਹਾਂ ਵਿਚ ਹੁੰਦਾ ਹੈ, ਜਿਵੇਂ ਸੋਨੇ ਦੇ ਲਾਲ ਅੰਗਾਰਾਂ ਗੋਲੇ ਵਿਚ ਅਗਨੀ ਦਾ ਸਾਰਾ ਜਲਾਲ ਪ੍ਰਵੇਸ਼ਿਤ ਹੁੰਦਾ ਹੈ! ਇਸ ਕਰਕੇ ਸਭ ਦਾ ਉਧਾਰ ਕਰਨੇ ਨੂੰ ਸਮਰਥ ਹੋ ਜਾਂਦੇ ਹਨ।

੪. ਸੰਸ:, ਵਿਸ਼ਾਰਣ=ਮਾਰ ਦੇਣਾ, ਦੂਰ ਕਰਨਾ।

ਉਨ ਕੀ ਸੇਵਾ ਸੋਈ ਲਾਗੈ॥
ਜਿਸਨੋ ਕ੍ਰਿਪਾ ਕਰਹਿ ਬਡਭਾਗੈ॥
ਨਾਮੁ ਜਪਤ ਪਾਵਹਿ ਬਿਸ੍ਰਾਮੁ॥
ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥੭॥

ਵਾਲੇ ਹੋ ਗਏ ਹਨ)। ਉਨ੍ਹਾਂ (ਪ੍ਰਭੂ ਦੇ ਸੇਵਕਾਂ) ਦੀ ਸੇਵਾ ਵਿਚ ਓਹੋ ਲਗਦਾ ਹੈ, ਜਿਸ ਤੇ (ਉਸਦੇ) ਵਡੇ ਭਾਗਾਂ ਕਰਕੇ (ਪ੍ਰਭੂ) ਕ੍ਰਿਪਾ ਕਰਦਾ ਹੈ[1]। (ਤਾਂਤੇ) ਹੇ ਨਾਨਕ! ਉਨ੍ਹਾਂ ਪੁਰਖਾਂ ਨੂੰ ਬਹੁਤ ਚੰਗੇ (ਪੁਰਖ) ਕਰਕੇ ਮੰਨ ਜੋ ਪਰਮੇਸ਼ੁਰ ਦਾ ਨਾਮ ਜਪ ਕੇ (ਆਤਮ) ਟਿਕਾਉ ਪਾ ਜਾਂਦੇ ਹਨ॥੭॥

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥
ਸਦਾ ਸਦਾ ਬਸੈ ਹਰਿ ਸੰਗਿ॥
ਸਹਜ ਸੁਭਾਇ ਹੋਵੈ ਸੋ ਹੋਇ॥
ਕਰਣੈਹਾਰੁ ਪਛਾਣੈ ਸੋਇ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ॥
ਜੈਸਾ ਸਾ ਤੈਸਾ ਦ੍ਰਿਸਟਾਨਾ॥
ਜਿਸਤੇ ਉਪਜੇ ਤਿਸੁ ਮਾਹਿ ਸਮਾਏ॥
ਓਇ ਸੁਖ ਨਿਧਾਨ ਉਨਹੂ ਬਨਿ ਆਏ॥
ਆਪਸ ਕਉ ਆਪਿ ਦੀਨੋ ਮਾਨੁ॥
ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥

(ਉਹ ਉੱਤਮ ਪੁਰਖ ਪ੍ਰਭੂ ਵਿਚ ਮਿਲਕੇ ਇਕ ਹੋ ਜਾਂਦੇ ਹਨ) ਓਹ (ਉੱਤਮ ਪੁਰਖ) ਜੋ ਕੁਝ ਕਰਦੇ ਹਨ[2] ਓਹ (ਅਪਣੇ) ਪ੍ਰਭੂ ਦੇ ਰੰਗ (ਪ੍ਰੇਮ) ਵਿਚ ਕਰਦੇ ਹਨ। (ਉਹ) ਸਦਾ ਸਦਾ ਪਰਮੇਸ਼ੁਰ ਦੇ ਸੰਗ ਵਿਚ ਵਸਦੇ ਹਨ (ਭਾਵ ਪ੍ਰਭੂ ਦੀ ਯਾਦ ਵਿਚ ਉਸ ਨੂੰ ਅੰਗ ਸੰਗ ਸਹੀ ਕਰਦੇ ਹਨ)। (ਉਨ੍ਹਾਂ ਨੂੰ ਸੰਸਾਰ ਵਿਚ ਜੋ ਕੁਝ ਆ ਵਾਪਰੇ ਐਉਂ ਲੈਂਦੇ ਹਨ ਕਿ) ਜੋ ਕੁਛ ਹੁੰਦਾ ਹੈ ਸੁਤੇ ਹੀ ਹੋ ਰਿਹਾ ਹੈ (ਤੇ ਜੋ ਕੁਛ ਪਿਆ ਹੁੰਦਾ ਹੈ ਉਸਦਾ) ਕਰਨਹਾਰ ਓਹ ਉਸ (ਪ੍ਰਭੂ ਨੂੰ) ਪਛਾਣ ਲੈਂਦੇ ਹਨ। (ਐਉਂ) ਪ੍ਰਭੂ ਦਾ ਕੀਤਾ (ਉਨ੍ਹਾਂ) ਜਨਾਂ ਨੂੰ ਮਿੱਠਾ ਲੱਗਦਾ ਹੈ (ਕਿਉਂਕਿ ਉਨ੍ਹਾਂ ਨੂੰ) ਪਰਮੇਸ਼ੁਰ, ਜੈਸਾ ਕਿ ਉਹ ਹੈ, ਵੈਸਾ (ਭਾਵ ਜਿਉਂ ਕਾ ਤਿਉਂ) ਦਿੱਸ ਪਿਆ ਹੁੰਦਾ ਹੈ[3]। (ਇਸ ਤਰ੍ਹਾਂ ਪ੍ਰਭੂ ਦੇ ਜਾਣਨਹਾਰ ਓਹ ਜਨ) ਜਿਸ (ਪਰਮੇਸ਼ੁਰ) ਤੋਂ ਉਤਪਤ ਹੋਏ ਸਨ ਓਸੇ ਵਿਚ ਮਿਲੇ ਰਹਿੰਦੇ ਹਨ। ਓਹ (ਜਨ ਹੁਣ) ਸੁਖਾਂ ਦਾ ਭੰਡਾਰ (ਹੋ ਜਾਂਦੇ ਹਨ, ਹਾਂ)[4] ਓਹ (ਇਸ ਦਾਤ) ਦੇ ਹੀ ਜੋਗ ਸਨ। (ਇਹ ਸੁਖ ਨਿਧਾਨ ਹੋਣ ਦਾ ਮਾਨ ਬਖਸ਼ਣ ਵਿਚ ਪਰਮੇਸ਼ੁਰ ਨੇ) ਅਪਣੇ ਆਪ ਨੂੰ (ਹੀ) ਆਪ ਮਾਨ ਦਿੱਤਾ ਹੈ। ਹੇ ਨਾਨਕ! (ਮਿਲ ਰਹੇ) ਜਨ ਤੇ ਪ੍ਰਭੂ ਨੂੰ ਇਕੋ ਹੀ ਸਮਝ (ਤੂੰ[5])॥੮॥੧੪॥

---

੧. ਜਾਂ ਜਿਸ ਵਡਭਾਗੀ ਉਤੇ ਪਰਮੇਸ਼ੁਰ ਕ੍ਰਿਪਾ ਕਰਦਾ ਹੈ।

੨. ਪਿਛਲੀ ਪਉੜੀ ਦੀ ਅੰਤਲੀ ਤੁਕ ਵਿਚ ਬਹੁ ਵਚਨ ਹੈ, ਅੱਠਵੀਂ ਪਉੜੀ ਦੀ ਸਤਰ ੫, ੭, ੮, ਤੋਂ ਪਤਾ ਲਗਦਾ ਹੈ ਕਿ ਇਸ ਪਦੇ ਵਿਚ ਜਨ ਦਾ ਜ਼ਿਕਰ ਨਹੀਂ ਪਰ ਜਨਾਂ ਦਾ ਹੈ। ਇਸ ਕਰਕੇ ਕਰੈ, ਬਸੈ, ਪਛਾਣੈ ਨੂੰ ਕਰੈਂ, ਬਸੈਂ, ਪਛਾਣੈਂ, ਸਮਝਕੇ ਅਰਥ ਲਾਉਣਾ ਹੈ, ਅਰਥਾਤ-ਕਰਦੇ ਹਨ: ਵਸਦੇ ਹਨ, ਪਛਾਣਦੇ ਹਨ। ਛੇਕੜ ਦੀਆਂ ਦੋ ਤੁਕਾਂ ਵਿਚ ਇਕ ਬਚਨ ਹੈ।

੩. ਪਰਮੇਸ਼ੁਰ ਨੂੰ ਉਨ੍ਹਾਂ ਨੇ ਉਸ ਦੇ ਯਥਾਰਥ ਰੂਪ ਵਿਚ ਦੇਖ ਲਿਆ ਹੈ।

੪. ਸੰਪ੍ਰ: ਇਉਂ ਬੀ ਕਰਦੇ ਹਨ-ਓਹ ਸੁਖਾਂ ਦੇ ਖਜ਼ਾਨੇ-ਪ੍ਰਭੂ ਜੀ-ਉਹਨਾਂ ਨੂੰ ਪ੍ਰਾਪਤ ਹੋਏ ਹਨ, ਹੁਣ ਓਹ ਪ੍ਰਾਪਤੀ ਦੇ ਲਾਇਕ ਜੋ ਹੋ ਗਏ ਸਨ।

੫. ਭਾਵ, ਜਨ ਸਾਂਈਂ ਵਿਚ ਰੱਤਾ ਸਾਂਈਂ ਰੂਪ ਹੋਯਾ ਰਹਿੰਦਾ ਹੈ।

ਸਲੋਕੁ॥ ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥ ਜਾਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ॥੧॥

ਸਰਬ ਸ਼ਕਤੀਆਂ (ਕਰਕੇ)[1] ਪ੍ਰਭੂ ਪੂਰਨ ਹੈ (ਅਰ ਸਭ ਕਿਸੇ ਦੀ) ਪੀੜਾ ਨੂੰ ਜਾਣਨੇ ਵਾਲਾ ਹੈ। ਜਿਸ ਦੇ ਸਿਮਰਨੇ ਕਰਕੇ ਉਪਰ ਜਾਈਦਾ ਹੈ, (ਗੁਰੂ) ਨਾਨਕ ਜੀ ਉਸ (ਪ੍ਰਭੂ) ਤੋਂ ਬਲਿਹਾਰ ਹਨ[2]॥੧॥

ਅਸਟਪਦੀ॥ ਟੂਟੀ ਗਾਢਨਹਾਰ ਗੋਪਾਲ॥ ਸਰਬ ਜੀਆ ਆਪੇ ਪ੍ਰਤਿਪਾਲ॥ ਸਗਲ ਕੀ ਚਿੰਤਾ ਜਿਸੁ ਮਨ ਮਾਹਿ॥ ਤਿਸਤੇ ਬਿਰਥਾ ਕੋਈ ਨਾਹਿ॥ ਰੇ ਮਨ ਮੇਰੇ ਸਦਾ ਹਰਿ ਜਾਪਿ॥ ਅਬਿਨਾਸੀ ਪ੍ਰਭੁ ਆਪੇ ਆਪਿ॥ ਆਪਨ ਕੀਆ ਕਛੂ ਨ ਹੋਇ॥ ਜੇ ਸਉ ਪ੍ਰਾਨੀ ਲੋਚੈ ਕੋਇ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ॥ ਗਤਿ ਨਾਨਕ ਜਪਿ ਏਕ ਹਰਿ ਨਾਮ॥੧॥

(ਮੇਰਾ ਪ੍ਰਭੂ) ਗੋਪਾਲ[3] ਹੈ (ਅਰਥਾਤ) ਸਾਰੇ ਜੀਆਂ ਦੀ ਆਪੇ ਪ੍ਰਤਿਪਾਲਾ ਕਰਨੇ ਵਾਲਾ ਹੈ, (ਉਹੋ) ਟੁੱਟੀ ਹੋਈ ਨੂੰ ਗੰਢਣੇ ਵਾਲਾ ਹੈ[4] (ਭਾਵ ਜੀਵਾਂ ਨੂੰ ਅਪਣੇ ਨਾਲ ਮੇਲ ਲੈਣ ਵਾਲਾ ਬੀ ਉਹੀ ਹੈ)। ਉਸ (ਪਰਮੇਸ਼ੁਰ ਦੀ ਦਾਤ) ਤੋਂ, ਜਿਸ ਦੇ ਮਨ ਵਿਚ ਕਿ ਸਾਰੀ (ਸ੍ਰਿਸ਼ਟੀ) ਦਾ ਫਿਕਰ ਹੈ, ਸੱਖਣਾ ਕੋਈ ਨਹੀਂ (ਰਹਿ ਸਕਦਾ; ਤਾਂ ਤੇ) ਹੇ ਮੇਰੇ ਮਨ! (ਤੂੰ) ਸਦਾ (ਉਸ) ਹਰੀ ਨੂੰ ਜਪ (ਜੋ) ਸਦਾ ਰਹਿਣੇ ਵਾਲਾ ਹੈ ਤੇ ਆਪ ਹੀ ਆਪ ਹੈ ਭਾਵ ਹੋਰ ਉਸ ਤੁੱਲ ਕੋਈ ਨਹੀਂ। ਉਸ ਪ੍ਰਭੂ ਦੀ ਸਹਾਯਤਾ ਬਿਨਾ) ਪ੍ਰਾਣੀ ਦਾ ਆਪਣਾ ਕੀਤਾ ਕੁਛ ਨਹੀਂ ਹੁੰਦਾ; ਭਾਵੇਂ ਕੋਈ ਸੌ ਪਿਆ ਲੋਚੇ। ਉਸ (ਹਰੀ ਤੋਂ) ਬਿਨਾਂ ਤੇਰੇ ਕੰਮ ਦਾ (ਹੋਰ) ਕੁਛ ਨਹੀਂ ਹੈ। ਤਾਂਤੇ ਹੇ ਨਾਨਕ! ਇਕ ਹਰੀ ਦਾ ਨਾਮ ਜਪ (ਇਸੇ ਨਾਲ) ਗਤੀ[5] (ਪ੍ਰਾਪਤ ਹੋਵੇਗੀ)॥੧॥

ਰੂਪਵੰਤੁ ਹੋਇ ਨਾਹੀ ਮੋਹੈ॥

(ਜੇ ਕੋਈ) ਰੂਪ ਵਾਲਾ (ਭਾਵ ਸੁਹਣਾ) ਹੋਵੇ (ਤਾਂ ਉਹ ਇਹ ਨਾਂ ਸਮਝ ਲਵੇ (ਕਿ ਮੈਂ ਅਪਣੀ ਸੁੰਦਰਤਾ ਨਾਲ ਜਗਤ ਨੂੰ ਮੋਹ ਰਿਹਾ ਹਾਂ (ਓਹ

---

੧. ਕਲ=ਭਾਗ, ਹਿੱਸਾ, ਸ਼ਕਤੀ, ਗੁਣ ਆਦਿ।

੨. ਭਾਵ, ਉਧਾਰ ਉਹੀ ਕਰ ਸਕਦਾ ਹੈ ਜੋ ਦਿਲ ਦੀ ਪੀੜਾ ਨੂੰ ਜਾਣੇ ਤੇ ਦੂਰ ਕਰਨੇ ਨੂੰ ਸਮਰੱਥ ਹੋਵੇ। ਉਸੇ ਦੀ ਯਾਦ ਕਾਰੀ ਹੈ।

੩. ਗੋ=ਪ੍ਰਿਥਵੀ, ਸ੍ਰਿਸ਼ਟੀ। ਪਾਲ=ਪਾਲਨੇ ਵਾਲਾ।

੪. ਟੁੱਟੀ ਗੰਢਣਹਾਰ ਮੁਹਾਵਰਾ ਹੈ, ਵਿਛੁੜੇ ਨੂੰ ਮੇਲ ਲੈਣ ਵਾਲਾ, ਅਸਾਂ ਉਸ ਨਾਲ ਅਪਣੀ ਸਨੇਹ ਦੀ ਰੱਸੀ ਤੋੜੀ ਹੈ, ਪਰ ਉਹ ਮੁੜ ਗੰਢ ਦੇਣ ਨੂੰ ਸਮਰਥ ਹੈ। (ਅ) ਟੁੱਟੀ ਗੰਢਣ ਦਾ ਮੁਹਾਵਰੇ ਦਾ ਅਰਥ ਉਮਰ ਟੁੱਟੀ ਨੂੰ ਗੰਢ ਦੇਣ ਦਾ ਬੀ ਹੈ।

੫. (ਅ) ਗਤਿ=ਲੰਘ ਜਾਹ ਹੋਰਨਾਂ ਪਦਾਰਥਾਂ ਤੋਂ। (ਯਾ ਛੱਡ ਦੇਹ ਪਦਾਰਥਾਂ ਦਾ ਮੋਹ) ਤੇ ਜਪ ਕੇਵਲ ਇਕ ਨਾਮ। (ਸੰਪ੍ਰ:

ਪ੍ਰਭ ਕੀ ਜੋਤਿ ਸਗਲ ਘਟ ਸੋਹੈ॥ ਧਨਵੰਤਾ ਹੋਇ ਕਿਆ ਕੋ ਗਰਬੈ॥ ਜਾ ਸਭੁ ਕਿਛੁ ਤਿਸਕਾ ਦੀਆ ਦਰਬੈ॥ ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ ਜੇ ਕੋ ਹੋਇ ਬਹੈ ਦਾਤਾਰੁ॥ ਤਿਸੁ ਦੇਨਹਾਰੁ ਜਾਨੈ ਗਾਵਾਰੁ॥ ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ॥ ਨਾਨਕ ਸੋ ਜਨੁ ਸਦਾ ਅਰੋਗੁ॥੨॥

ਸਮਝੇ ਕਿ ਇਹ ਸੁੰਦਰਤਾ) ਪ੍ਰਭੂ ਦੀ ਜੋਤ (ਦੀ ਹੈ ਜੋ) ਸਾਰੇ ਸਰੀਰਾਂ ਵਿਚ ਸੁੰਦਰਤਾ ਦੇ ਰਹੀ ਹੈ। ਧਨ ਵਾਲਾ ਹੋਕੇ ਕੋਈ ਕਾਹਨੂੰ ਹੰਕਾਰ ਕਰੇ, ਜਦ ਸਭ ਕੁਛ ਧਨ ਦੌਲਤ ਦਿੱਤਾ ਹੋਇਆ ਹੀ ਉਸੇ (ਪ੍ਰਭੂ) ਦਾ ਹੈ। ਜੇ ਕੋਈ ਬੜਾ ਬਹਾਦਰ ਕਹਾਵੇ (ਤਾਂ ਉਹ ਵਿਚਾਰ ਲਵੇ ਕਿ) ਪਰਮੇਸ਼ੁਰ ਦੀ ਸ਼ਕਤੀ ਬਿਨਾ (ਉਹ) ਕੀਹ ਦੌੜ ਭੱਜ ਕਰ ਸਕਦਾ ਹੈ। ਜੇ ਕੋਈ (ਦਾਨੀ ਪੁਰਖ ਅਪਣੇ ਆਪ ਵਿਚ) ਦਾਤਾ ਬਣ ਬੈਠੇ (ਤਾਂ ਅਸਲੀ) ਦਾਤਾ (ਉਹ ਪ੍ਰਭੂ) ਉਸਨੂੰ ਮੂਰਖ ਜਾਣੇਗਾ। ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਅਹੰਤਾ ਰੂਪੀ ਰੋਗ ਨਾਸ਼ ਹੋ ਜਾਵੇ, ਨਾਨਕ! ਓਹ ਪੁਰਖ ਸਦਾ ਨਿਰੋਆ (ਰਹਿੰਦਾ) ਹੈ॥੨॥

ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥ ਜਿਉ ਪਾਖਾਣੁ ਨਾਵ ਚੜਿ ਤਰੈ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥ ਜਿਉ ਅੰਧਕਾਰ ਦੀਪਕ ਪਰਗਾਸੁ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ॥ ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥ ਤਿਨ ਸੰਤਨ ਕੀ ਬਾਛਉ ਧੂਰਿ॥ ਨਾਨਕ ਕੀ ਹਰਿ ਲੋਚਾ ਪੂਰਿ॥੩॥

ਜਿਕੁਰ ਮੰਦਰ ਨੂੰ ਥੰਮ੍ਹਾ ਥੰਮ੍ਹਦਾ ਹੈ, ਤਿਵੇਂ ਗੁਰੂ ਦਾ (ਦਿੱਤਾ) ਸ਼ਬਦ (ਸਾਡੇ) ਮਨ ਦਾ ਸਹਾਰਾ ਹੈ[1]। ਜਿਕੁਰ ਪੱਥਰ ਬੇੜੀ ਪੁਰ ਚੜ੍ਹਕੇ ਤਰ ਜਾਂਦਾ ਹੈ, (ਇਕੁਰ) ਜੀਵ ਗੁਰੂ ਦੇ ਚਰਨਾਂ ਨੂੰ ਲਗਕੇ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ (ਭਾਵ ਮੁਕਤੀ ਪਾਉਂਦਾ ਹੈ)। ਜਿਕੁਰ ਦੀਵੇ ਦਾ ਚਾਨਣਾ ਹਨੇਰਾ (ਦੂਰ ਕਰਦਾ ਹੈ, ਤਿਵੇਂ) ਗੁਰੂ ਦਾ ਦਰਸ਼ਨ ਦੇਖਕੇ ਮਨ ਵਿਚ ਖੇੜਾ ਆਉਂਦਾ ਹੈ। ਜਿੱਕੁਰ (ਕੋਈ ਭੁੱਲਾ ਹੋਇਆ) ਭਾਰੀ ਉਜਾੜ ਵਿਚ (ਕਿਸੇ ਅਚਾਨਕ ਸਹਾਯਤਾ ਨਾਲ) ਰਸਤਾ ਪਾ ਲੈਂਦਾ ਹੈ, ਤਿਵੇਂ ਸਾਧੂ ਦਾ ਸੰਗ ਪ੍ਰਾਪਤ ਹੋਣੇ ਤੇ (ਅੰਦਰ ਵਾਹਿਗੁਰ ਦੀ) ਜੋਤ ਪ੍ਰਗਟ ਹੁੰਦੀ ਹੈ। ਐਸੇ ਸੰਤਾਂ ਦੀ (ਮੈਂ) ਧੂੜੀ ਮੰਗਦਾ ਹਾਂ, ਹੇ ਹਰੀ! ਨਾਨਕ ਦੀ (ਇਹ) ਇੱਛਾ ਪੂਰਨ ਕਰੋ॥੩॥

ਮਨ ਮੂਰਖ ਕਾਹੇ ਬਿਲਲਾਈਐ॥

ਹੇ ਮੂਰਖ ਮਨ! ਕਿਉਂ (ਕਿਸੇ ਵੇਲੇ) ਵਿਰਲਾਪ ਕਰੀਏ (ਭਾਵ ਘਬਰਾਈਏ, ਜੋ ਕੁਛ ਏਥੇ ਪਾਈਦਾ

੧. ਜਿਸ ਤਰ੍ਹਾਂ ਥੰਮ੍ਹਾਂ ਨਾਲ ਘਰ ਟਿਕਦਾ ਹੈ ਏਸੇ ਤਰ੍ਹਾਂ ਮਨ ਗੁਰੂ ਦੇ ਦਿਤੇ ਸ਼ਬਦ ਨਾਲ ਟਿਕਦਾ ਹੈ।

ਪੂਰਬ ਲਿਖੇ ਕਾ ਲਿਖਿਆ ਪਾਈਐ॥ ਦੂਖ ਸੂਖ ਪ੍ਰਭ ਦੇਵਨਹਾਰੁ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ॥ ਜੋ ਕਛੁ ਕਰੈ ਸੋਈ ਸੁਖੁ ਮਾਨੁ॥ ਭੂਲਾ ਕਾਹੇ ਫਿਰਹਿ ਅਜਾਨ ॥ ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ॥ ਰਾਮ ਨਾਮ ਜਪਿ ਹਿਰਦੇ ਮਾਹਿ॥ ਨਾਨਕ ਪਤਿ ਸੇਤੀ ਘਰਿ ਜਾਹਿ॥੪॥

ਹੈ ਸੋ) ਪਹਿਲੋਂ ਦੇ ਲਿਖੇ ਦਾ ਲਿਖਿਆ ਪਾਈਦਾ ਹੈ। ਦੁਖ ਸੁਖ ਦੇਣੇ ਵਾਲਾ (ਤਾਂ) ਪ੍ਰਭੂ (ਆਪ) ਹੈ (ਸੋ ਦੁਖ ਨਿਵਿਰਤੀ ਲਈ) ਤੂੰ ਹੋਰ (ਪਾਸੇ ਤੱਕਣਾ) ਛੱਡਕੇ ਉਸੇ ਨੂੰ ਯਾਦ ਕਰ (ਅਤੇ) ਜੋ ਕੁਝ (ਪ੍ਰਭੂ) ਕਰੇ ਉਸੇ ਨੂੰ ਸੁਖ ਕਰਕੇ ਮੰਨ। ਮੂਰਖ (ਹੋਕੇ) ਕਿਉਂ (ਹੋਰਨਾਂ ਲਾਲਚਾਂ ਵੱਲ) ਭੁੱਲਿਆ ਫਿਰਦਾ ਹੈਂ? (ਸੋਚ) ਕਿਹੜੀ ਸ਼ੈ ਤੇਰੇ ਨਾਲ ਆਈ ਸੀ (ਜੋ ਹੇ) ਲੋਭੀ ਕੀੜੇ! (ਸਰੀਰਕ) ਰਸ ਵਿਚ ਗਲਤਾਨ ਹੋ ਰਿਹਾ ਹੈਂ। (ਇਕ ਰਾਮ ਦੇ ਨਾਮ ਨੂੰ ਹਿਰਦੇ ਵਿਚ ਜਪ, ਜੋ ਤੂੰ ਪਤ (ਪ੍ਰਤੀਤ) ਨਾਲ (ਵਾਹਿਗੁਰੂ ਦੇ ਸਰੂਪ ਰੂਪੀ) ਘਰ ਵਿਚ ਜਾਵੇਂ; (ਕਹਿੰਦੇ ਹਨ ਗੁਰੂ) ਨਾਨਕ ਜੀ॥੪॥

ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥ ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥ ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥ ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥ ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾਕੈ ਸਦ ਬਲਿਹਾਰੈ॥੫॥

ਜਿਸ ਸਉਦੇ ਨੂੰ ਲੈਣ (ਵਾਸਤੇ) ਤੂੰ (ਇਸ ਸੰਸਾਰ ਵਿਚ) ਆਇਆ ਹੈਂ, ਉਹ ਰਾਮ ਨਾਮ (ਰੂਪੀ ਸੌਦਾ) ਸੰਤਾਂ ਦੇ ਘਰ ਵਿਚੋਂ ਪਾਈਦਾ ਹੈ[1]। (ਤਾਂਤੇ) ਅਭਿਮਾਨ ਨੂੰ ਛਡ ਤੇ ਮਨ ਦੇ ਮੁੱਲ ਵਿਚ ਰਾਮ ਨਾਮ ਨੂੰ ਹਿਰਦੇ ਵਿਚ ਤੋਲਕੇ ਲੈ ਲੈ[2]। ਸੰਤਾਂ ਦੇ ਸੰਗ ਵਿਚ ਤੁਰ ਪਉ, (ਇਸ ਨਾਮ) ਵੱਖਰ ਨੂੰ ਲੱਦ ਤੇ ਹੋਰ ਬਿਖਿਆ ਦੇ ਜੰਜਾਲ ਛੱਡ ਦੇਹ[3] (ਤਦ ਤੈਨੂੰ ਹੇ ਨਾਮ ਦੇ ਵਪਾਰੀ! ਏਥੇ) ਸਭ ਕੋਈ ਧੰਨ ਧੰਨ ਕਹੇਗਾ (ਤੇ ਅੱਗੇ ਜਾਕੇ) ਉਸ[4] ਹਰੀ ਦੀ ਦਰਗਾਹ ਵਿਚ (ਬੀ ਤੇਰਾ) ਮੂੰਹ ਉਜਲਾ ਹੋਵੇਗਾ। (ਪਰ) ਇਸ ਵਪਾਰ (ਨੂੰ ਕੋਈ) ਵਿਰਲਾ ਵਿਹਾਜਦਾ ਹੈ, ਨਾਨਕ ਉਸ (ਵਪਾਰੀ) ਦੇ ਸਦੀਵ ਕੁਰਬਾਨ ਹੈ (ਜੋ ਇਸਨੂੰ ਵਿਹਾਝੇ)॥੫॥

---

੧. (ਅ) (ਪਰਮੇਸ਼ਰ ਨੇ ਉਹ) ਰਾਮ ਨਾਮ ਰੂਪੀ ਵੱਖਰ ਸੰਤਾਂ ਦੇ ਘਰ ਵਿਚ ਪਾਇਆ ਹੋਇਆ ਹੈ ਤਾਂ ਤੇ ਓਥੋਂ ਮਿਲਦਾ ਹੈ। (ਸੰਪ੍ਰ:)।

੨. ਮਨ ਅਰਪਨ ਕਰ, ਅਪਣਾ ਨਾਂ ਸਮਝ, ਜਦ ਮਨ ਅਪਣਾ ਨਾਂ ਰਿਹਾ ਤਦ ਸੰਕਲਪ ਵਿਕਲਪ ਕਿਸ ਤਰ੍ਹਾਂ ਕਰ ਸਕਦਾ ਹੈ? ਸੰਤ ਨੇ ਉਸ ਵਿਚ ਨਾਮ ਪਾ ਦਿਤਾ ਸੋ ਮਨ ਦੇ ਬਦਲੇ ਨਾਮ ਮਿਲ ਗਿਆ।

੩. ਵਿਸ਼ਿਆਂ ਰੂਪੀ ਜੰਜਾਲ, ਓਹ ਫਸੌਤੀਆਂ ਜੋ ਵਿਸ਼ੇ ਭੋਗਾਂ ਕਰਕੇ ਪੈਂਦੀਆਂ ਹਨ।

੪. (ਅ) ਸੋਇ=ਸ਼ੋਭਾ ਹੋਵੇਗੀ।


www.sikhbookclub.com

ਚਰਨ ਸਾਧ ਕੇ ਧੋਇ ਧੋਇ ਪੀਉ॥
ਅਰਪਿ ਸਾਧ ਕਉ ਅਪਨਾ ਜੀਉ॥
ਸਾਧ ਕੀ ਧੂਰਿ ਕਰਹੁ ਇਸਨਾਨੁ॥
ਸਾਧ ਊਪਰਿ ਜਾਈਐ ਕੁਰਬਾਨੁ॥
ਸਾਧ ਸੇਵਾ ਵਡਭਾਗੀ ਪਾਈਐ॥
ਸਾਧ ਸੰਗਿ ਹਰਿ ਕੀਰਤਨੁ ਗਾਈਐ॥ ਅਨਿਕ ਬਿਘਨ ਤੇ ਸਾਧੂ ਰਾਖੈ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥ ਓਟ ਗਹੀ ਸੰਤਹ ਦਰਿ ਆਇਆ॥ ਸਰਬ ਸੂਖ ਨਾਨਕ ਤਿਹ ਪਾਇਆ॥੬॥

(ਕਿਉਂਕਿ ਨਾਮ ਦਾ ਸੌਦਾ ਸੰਤਾਂ ਦੇ ਘਰੋਂ ਮਿਲਦਾ ਹੈ, ਇਸ ਲਈ) ਸਾਧੂ ਦੇ ਚਰਨ ਧੋ ਧੋ ਕੇ ਪੀ, (ਅਰਥਾਤ) ਅਪਣਾ ਮਨ ਸਾਧੂ ਦੇ ਅਰਪਣ ਕਰ ਦੇਹ। ਸਾਧੂ ਦੀ ਧੂੜ ਵਿਚ ਇਸ਼ਨਾਨ ਕਰੋ, (ਅਰਥਾਤ) ਸਾਧੂ ਉਤੋਂ (ਹਰ ਤਰ੍ਹਾਂ) ਸਦਕੇ ਜਾਣਾ ਚਾਹੀਏ। (ਪਰ) ਸਾਧੂ ਦੀ ਸੇਵਾ ਵਡੇ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ। ਸਾਧੂ ਦੇ ਸੰਗ ਕਰਕੇ ਹਰੀ ਦਾ ਕੀਰਤਨ ਗਾਂਵੀਂਦਾ ਹੈ। (ਭਜਨ ਕਰਨ ਵਾਲੇ ਨੂੰ) ਸਾਧੂ ਅਨੇਕ ਵਿਘਨਾਂ ਤੋਂ ਬਚਾ ਲੈਂਦਾ ਹੈ (ਤੇ ਉਸ ਦੇ ਸੰਗ ਵਿਚ ਜੀਵ) ਹਰੀ ਦੇ ਗੁਣ ਗਾਉਂਦਾ ਹੈ (ਅਰ ਹਰੀ ਦੇ ਨਾਮ ਦਾ) ਅੰਮ੍ਰਿਤ ਰਸ ਚਖਦਾ ਹੈ। ਹੇ ਨਾਨਕ! (ਜਿਸਨੇ) ਸੰਤਾਂ ਦੀ ਓਟ ਲੈ ਲਈ (ਅਰ ਉਨ੍ਹਾਂ ਦੇ) ਦੁਆਰੇ ਆ ਪਿਆ, ਸਾਰੇ ਸੁਖ ਉਸ ਨੇ ਪਾ ਲਏ॥੬॥

ਮਿਰਤਕ ਕਉ ਜੀਵਾਲਨਹਾਰ॥
ਭੂਖੇ ਕਉ ਦੇਵਤ ਅਧਾਰ॥ ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ॥
ਪੁਰਬ ਲਿਖੇ ਕਾ ਲਹਣਾ ਪਾਹਿ॥
ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ॥ ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥ ਕਰਿ ਕਿਰਪਾ ਜਿਸ ਕਉ ਨਾਮੁ ਦੀਆ॥ ਨਾਨਕ ਸੋ ਜਨੁ ਨਿਰਮਲੁ ਥੀਆ॥੭॥

(ਪਰਮੇਸ਼ਰ) ਮੁਰਦੇ ਨੂੰ (ਬੀ) ਜੀਆ ਦੇਣ ਵਾਲਾ ਹੈ ਤੇ ਭੁੱਖੇ ਨੂੰ ਆਸਰਾ ਦਿੰਦਾ ਹੈ[1] ਸਾਰੇ ਪਦਾਰਥਾਂ ਦੇ ਭੰਡਾਰ ਜਿਸ (ਪਰਮੇਸ਼ੁਰ) ਦੀ ਦ੍ਰਿਸ਼ਟੀ (ਮਾਤ੍ਰ) ਵਿਚ ਹਨ[2], (ਉਸਤੋਂ ਜੀਵ) ਪੂਰਬਲੇ ਲਿਖੇ ਅਨੁਸਾਰ ਲਹਿਣਾ ਪ੍ਰਾਪਤ ਕਰਦੇ ਹਨ। ਸੱਭੋ ਕੁਝ ਉਸਦਾ ਹੈ, ਉਹ (ਸਭ ਕੁਝ) ਕਰਨੇ ਨੂੰ ਸਮਰਥ ਹੈ, ਉਸ ਤੋਂ ਬਿਨਾਂ (ਉਸ ਵਰਗਾ) ਦੂਸਰਾ ਕੋਈ (ਐਸਾ ਸਮਰਥ) ਨਾ ਹੋਇਆ ਹੈ ਤੇ ਨਾ ਹੋਵੇਗਾ। ਹੇ ਜਨ! ਦਿਨੇ ਰਾਤੀਂ (ਅਰਥਾਤ) ਨਿੱਤ ਨਿੱਤ (ਉਸਨੂੰ) ਸਿਮਰ, ਸਭ ਤੋਂ ਉੱਚੀ ਤੇ ਨਿਰਮਲ (ਪਵਿੱਤ੍ਰ) ਕਰਣੀ ਏਹੋ ਹਈ। ਹੇ ਨਾਨਕ! ਜਿਸਨੂੰ (ਉਸ ਪਰਮੇਸ਼ਰ ਨੇ) ਕ੍ਰਿਪਾ ਕਰਕੇ (ਅਪਣਾ) ਨਾਮ ਬਖਸ਼ਿਆ ਹੈ, ਉਹ ਪੁਰਖ ਨਿਰਮਲ (ਪਵਿਤ੍ਰ) ਹੋ ਗਿਆ ਹੈ॥੭॥

ਜਾ ਕੈ ਮਨਿ ਗੁਰ ਕੀ ਪਰਤੀਤਿ॥

ਜਿਸ ਦੇ ਮਨ ਵਿਚ ਗੁਰੂ ਤੇ ਭਰੋਸਾ ਬੱਝ

---

੧. ਐਉਂ ਬੀ ਲਾਉਣ ਦਾ ਜਤਨ ਕਰਦੇ ਹਨ-ਭੂ=ਪ੍ਰਿਥਵੀ, ਖੇ=ਅਕਾਸ਼, ਜੋ ਧਰਤੀ ਤੇ ਅਕਾਸ਼ ਨੂੰ ਆਸਰਾ ਦਿੰਦਾ ਹੈ।

੨. ਭਾਵ, ਜਿਸ ਪਰ ਕ੍ਰਿਪਾ ਦ੍ਰਿਸ਼ਟੀ ਨਾਲ ਤੱਕੇ ਉਸ ਨੂੰ ਏਹ ਨਿਧਾਨ ਮਿਲ ਜਾਂਦੇ ਹਨ।

ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥
ਜਾਕੈ ਹਿਰਦੈ ਏਕੋ ਹੋਇ॥
ਸਚੁ ਕਰਣੀ ਸਚੁ ਤਾਕੀ ਰਹਤ॥
ਸਚੁ ਹਿਰਦੈ ਸਤਿ ਮੁਖਿ ਕਹਤ॥
ਸਾਚੀ ਦ੍ਰਿਸਟਿ ਸਾਚਾ ਆਕਾਰੁ॥
ਸਚੁ ਵਰਤੈ ਸਾਚਾ ਪਾਸਾਰੁ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥
ਨਾਨਕ ਸੋ ਜਨੁ ਸਚਿ ਸਮਾਤਾ॥
੮॥੧੫॥

ਗਿਆ ਹੈ, ਉਸ ਪੁਰਖ ਦੇ ਚਿਤ ਵਿਚ ਹਰੀ ਪ੍ਰਭੂ ਆ ਬਿਰਾਜਦਾ ਹੈ। (ਹਾਂ) ਜਿਸਦੇ ਹਿਰਦੇ ਵਿਚ (ਉਹ) ਇਕੋ (ਹਰੀ) ਵਸ ਜਾਂਦਾ ਹੈ (ਉਹ) ਤਿੰਨਾਂ ਲੋਕਾਂ ਵਿਚ 'ਭਗਤ ਭਗਤ' ਕਰਕੇ ਸੁਣਿਆਂ ਜਾਂਦਾ ਹੈ[1] ਉਸਦੀ ਕਰਣੀ ਸੱਚ ਹੋ ਜਾਂਦੀ ਹੈ ਤੇ ਰਹਿਤ (ਬੀ) ਸੱਚ (ਹੋ ਜਾਂਦੀ ਹੈ[2]), ਉਸਦੇ ਹਿਰਦੇ ਵਿਚ ਬੀ ਸੱਚ ਹੁੰਦਾ ਹੈ (ਤੇ) ਸਚ ਹੀ (ਉਹ) ਮੂੰਹੋਂ ਕਥਨ ਕਰਦਾ ਹੈ। (ਉਸਦੀ) ਦ੍ਰਿਸ਼ਟੀ (ਬੀ) ਸੱਚੀ (ਹੋ ਜਾਂਦੀ) ਹੈ ਤੇ ਸੱਚਾ ਹੀ ਰੂਪ (ਉਸ ਨੂੰ ਦਿੱਸਦਾ) ਹੈ[3]। ਸੱਚ (ਵਿਚ ਹੀ ਉਹ) ਵਰਤਦਾ ਹੈ (ਤੇ ਉਸਦਾ) ਪਸਾਰਾ ਬੀ ਸੱਚ ਦਾ ਹੁੰਦਾ ਹੈ[4]। ਹੇ ਨਾਨਕ! ਪਰਮੇਸ਼ੁਰ ਨੂੰ ਜਿਸਨੇ ਸੱਚ (ਸਰੂਪ) ਕਰਕੇ ਜਾਣ ਲਿਆ ਹੈ ਉਹ ਪੁਰਖ ਸਚ ਵਿਚ (ਹੀ) ਸਮਾ ਜਾਂਦਾ ਹੈ॥੮॥੧੫॥

ਸਲੋਕੁ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥

(ਭਾਵੇਂ) ਪ੍ਰਭੂ ਦਾ ਰੂਪ ਨਹੀਂ, ਚਿੰਨ੍ਹ ਨਹੀਂ, (ਕੋਈ) ਰੰਗ ਨਹੀਂ, (ਉਹ ਤਾਂ) ਤਿੰਨਾਂ ਗੁਣਾਂ ਤੋਂ ਹੀ ਪਰੇ ਹੈ, (ਪਰ) ਜਿਸ ਉਤੇ ਆਪ ਪ੍ਰਸੰਨ ਹੋ ਜਾਵੇ ਉਸ ਨੂੰ (ਅਪਣਾ ਆਪ) ਲਖਾ ਦਿੰਦਾ ਹੈ[5]॥੧॥

ਅਸਟਪਦੀ॥ ਅਬਿਨਾਸੀ ਪ੍ਰਭੁ ਮਨ ਮਹਿ ਰਾਖੁ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ॥ ਤਿਸਤੇ ਪਰੈ ਨਾਹੀ ਕਿਛੁ ਕੋਇ॥ ਸਰਬ ਨਿਰੰਤਰਿ ਏਕੋ ਸੋਇ॥ ਆਪੇ ਬੀਨਾ

(ਹੇ ਜੀਵ) ਨਾਸ਼ ਤੋਂ ਰਹਿਤ ਪ੍ਰਭੂ ਨੂੰ ਮਨ ਵਿਚ ਯਾਦ ਰਖ (ਤੇ) ਮਾਨੁਖ ਦੀ ਪ੍ਰੀਤਿ ਨੂੰ ਤੂੰ (ਮਨੋਂ) ਵਿਸਾਰ ਦੇਹ। ਉਸ (ਪ੍ਰਭੁ) ਤੋਂ ਪਰੇ ਨਾ ਕੁਛ (ਪਦਾਰਥ ਜਾਂ ਵਸਤੂ ਹੈ) ਨਾ ਕੋਇ (=ਕੋਈ ਚੇਤਨ ਸਤਯਾ ਵਾਲਾ ਵਜੂਦ) ਹੈ[6], ਸਭ (ਵਿਚ) ਅੰਤਰੇ ਤੋਂ ਰਹਿਤ (ਇਕ ਰਸ ਤੇ ਲਗਾਤਾਰ) ਇਕੋ ਉਹੋ (ਆਪ ਹੀ) ਹੈ, (ਉਹ) ਆਪ ਹੀ

---

੧. ਭਾਵ, ਪ੍ਰਸਿਧ ਹੋ ਜਾਂਦਾ ਹੈ।

੨. ਭਾਵ, ਅੰਤ੍ਰੀਵ ਰਹਿਤ (=ਧਾਰਨਾ) ਸੱਚ ਦੀ ਤੇ ਬਾਹਰ ਕਰਮ ਸੱਚ ਦੇ ਹੋ ਜਾਂਦੇ ਹਨ।

੩. ਭਾਵ, ਉਸ ਦੀ ਦ੍ਰਿਸ਼ਟੀ ਵਿਚ ਸਚਾ (=ਬ੍ਰਹਮ) ਹੁੰਦਾ ਹੈ ਤੇ ਸਾਰਾ ਰੂਪਵਾਨ ਨਜ਼ਾਰਾ ਬੀ ਉਸ ਨੂੰ ਬ੍ਰਹਮ ਰੂਪ ਦਿੱਸਦਾ ਹੈ।

੪. ਉਸ ਦਾ ਫੈਲਾਉ ਭਾਵ ਕੰਮ ਕਾਜ, ਵਣਜ ਵਪਾਰ, ਲੈਣ ਦੇਣ ਜੋ ਕੁਝ ਵਰਤਣ ਵਿਵਹਾਰ ਹੈ ਸਭ ਸੱਚ ਦਾ ਹੁੰਦਾ ਹੈ।

੫. ਰੂਪ=ਸ਼ਕਲ, ਸੂਰਤ। ਰੇਖ=ਰੇਖਾ (=ਲਕੀਰ), ਨਿਸ਼ਾਨ, ਚਿੰਨ੍ਹ, ਨੁਹਾਰ। ਰੰਗ=ਕਾਲਾ, ਪੀਲਾ ਆਦਿ ਵੰਨ। ਤ੍ਰੈ ਗੁਣ=ਸਤ;ਰਜ, ਤਮ। ਰੂਪ ਰੰਗ ਰੇਖ ਤ੍ਰੈ ਗੁਣਾਂ ਵਿਚ ਹੁੰਦੇ ਹਨ, ਉਹ ਤ੍ਰਿਗੁਣ ਅਤੀਤ ਹੈ, ਫਿਰ ਬੀ ਉਹ ਭਗਤਾਂ ਦੇ ਆਤਮਾ ਵਿਚ ਅਪਣਾ ਆਪ ਅਨੁਭਵ ਕਰਾ ਦੇਂਦਾ ਹੈ। ਭਿੰਨ=ਵੱਖਰਾ, ਜੁਦਾ;ਰਹਿਤ, ਪਰ੍ਹੇ।

੬. ਅਥਵਾ ਉਸ ਤੋਂ ਪਰੇ ਕੁਛ ਕਰਨੇ ਵਾਲਾ ਨਹੀਂ।

 www.sikhbookclub.com

ਆਪੇ ਦਾਨਾ॥ ਗਹਿਰ ਗੰਭੀਰੁ ਗਹੀਰੁ ਸੁਜਾਨਾ॥ ਪਾਰਬ੍ਰਹਮ ਪਰਮੇਸੁਰ ਗੋਬਿੰਦ॥ ਕ੍ਰਿਪਾ ਨਿਧਾਨ ਦਇਆਲ ਬਖਸੰਦ॥ ਸਾਧ ਤੇਰੇ ਕੀ ਚਰਨੀ ਪਾਉ॥ ਨਾਨਕ ਕੈ ਮਨਿ ਇਹੁ ਅਨਰਾਉ॥੧॥

ਦੇਖਣਹਾਰ ਹੈ ਤੇ ਆਪ ਹੀ ਜਾਣਨਹਾਰ ਹੈ[1], (ਜਾਣਨ ਵਾਲਾ ਉਹ ਮਾਮੂਲੀ ਨਹੀਂ ਪਰ) ਸੁਜਾਨ[2] ਹੈ, ਗਹਿਰ ਗੰਭੀਰ ਹੈ ਤੇ ਗਹੀਰ ਹੈ। (ਬੇਨਤੀ-) ਹੇ ਪਾਰਬ੍ਰਹਮ[3]! ਪਰਮੇਸ਼ੁਰ, ਹੇ ਗੋਬਿੰਦ[4], ਹੇ ਕ੍ਰਿਪਾ ਦੇ ਸਮੁੰਦਰ, ਹੇ ਦਿਆਲੂ ਤੇ ਬਖਸ਼ਣੇਹਾਰੇ! ਨਾਨਕ ਦੇ ਮਨ ਵਿਚ ਇਹ ਪ੍ਰੇਮ[5] ਹੈ, ਕਿ (ਮੈਂ) ਤੇਰੇ ਸਾਧੂ ਦੀ ਚਰਨੀਂ ਪਵਾਂ॥੧॥

ਮਨਸਾ ਪੂਰਨ ਸਰਨਾ ਜੋਗ॥ ਜੋ ਕਰਿ ਪਾਇਆ ਸੋਈ ਹੋਗੁ॥ ਹਰਨ ਭਰਨ ਜਾਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰ ਨ ਜਾਨੈ ਹੋਰੁ॥ ਅਨਦ ਰੂਪ ਮੰਗਲ ਸਦ ਜਾਕੈ॥ ਸਰਬ ਥੋਕ ਸੁਨੀਅਹਿ ਘਰਿ ਤਾਕੈ॥ ਰਾਜ ਮਹਿ ਰਾਜੁ ਜੋਗ ਮਹਿ ਜੋਗੀ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥ ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥੨॥

(ਉਹ ਪ੍ਰਭੂ) ਮਨ ਦੀਆਂ ਵਾਸ਼ਨਾਂ ਪੂਰਨ ਕਰਨੇ ਵਾਲਾ ਅਰ ਸ਼ਰਣ ਲੈਣੇ ਦੇ ਜੋਗ ਹੈ[6], ਉਹੋ ਕੁਛ ਹੋਵੇਗਾ ਜੋ (ਕੁਛ ਉਸਨੇ ਹੋਣ ਲਈ ਮੁਕੱਰਰ) ਕਰਕੇ ਪਾ ਦਿੱਤਾ ਹੈ[7]। ਜਿਸਦੇ ਨੇਤ੍ਰ ਫਰਕਣੇ (ਮਾਤ੍ਰ ਨਾਲ ਸ੍ਰਿਸ਼ਟੀ) ਦਾ ਨਾਸ਼ ਤੇ ਉਤਪਤੀ (ਹੋ ਸਕਦੀ) ਹੈ, ਉਸਦੇ ਮੰਤ੍ਰ (ਸਲਾਹ) ਨੂੰ (ਉਸ ਤੋਂ ਬਿਨਾਂ) ਹੋਰ (ਕੋਈ) ਨਹੀਂ ਜਾਣਦਾ। (ਆਪ) ਆਨੰਦ ਰੂਪ ਹੈ, ਅਰ ਉਸਦੇ (ਘਰ) ਸਦਾ ਖੁਸ਼ੀਆਂ ਹੈਨ। ਉਸਦੇ ਘਰ ਸਾਰੇ ਪਦਾਰਥ ਸੁਣੀਂਦੇ ਹਨ। (ਹਾਂ) ਜੋ ਰਾਜ ਵਿਚ ਰਾਜਾ, ਜੋਗ ਵਿਚ ਜੋਗੀ, ਤਪ ਵਿਚ ਤਪੀਸੁਰ ਤੇ ਗ੍ਰਿਹਸਥ ਵਿਚ ਗ੍ਰਿਹਸਥੀ ਹੈ। (ਉਸਨੂੰ) ਧਿਆਇ ਧਿਆਇ ਕੇ ਭਗਤਾਂ ਨੇ ਸੁਖ ਪਾਇਆ ਹੈ, (ਪਰ) ਉਸ (ਪੂਰਨ) ਪੁਰਖ ਦਾ ਕਿਸੇ ਅੰਤ ਨਹੀਂ ਪਾਇਆ[8] (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੨॥

---

੧. ਫ਼ਾ:, ਬੀਨਾ=ਦੇਖਣ ਵਾਲਾ। ਦਾਨਾ=ਜਾਣਨ ਵਾਲਾ।

੨. ਗਹਿਰ ਗੰਭੀਰ=ਭਾਵ ਇਸ ਤਰ੍ਹਾਂ ਦਾ ਡੂੰਘਾ ਪਾਣੀ ਕਿ ਜੋ ਚਲਦਾ ਹੋਇਆ ਦਿੱਸੇ ਨਾ, ਭਾਵ ਹੈ ਐਸਾ ਗਯਾਨ ਜੋ ਅਪਣਾ ਆਪ ਲਖਾਵੇ ਨਾ। ਗਹੀਰ=ਇੰਨਾਂ ਡੂੰਘਾ ਕਿ ਉਸ ਦੀ ਥਾਹ ਨਾ ਲੱਭੇ, ਭਾਵ ਜਿਸ ਦਾ ਗਯਾਨ ਅਥਾਹ ਹੋਵੇ। ਸੁਜਾਨ=ਚੰਗੀ ਤਰ੍ਹਾਂ ਜੋ ਜਾਣੇ। ਗਯਾਨ ਸਰੂਪ।

੩. ਪੂਰਨ ਬ੍ਰਹਮ ਨਿਰਗੁਣ ਪਰਮਾਤਮਾ।

੪. ਪ੍ਰਿਥਵੀ ਦਾ ਪਾਲਕ।

੫. ਅਨੁਰਾਉ+ਅਨੁਰਾਗ=ਪ੍ਰੇਮ।

੬. ਸਰਨਾ ਜੋਗ=ਉਸ ਦੀ ਸ਼ਰਨ ਲਓ ਤਾਂ ਸ਼ਰਨ ਦੇਂਦਾ ਹੈ ਤੇ ਸ਼ਰਨ ਵਿਚ ਲੈਕੇ ਰਖਯਾ ਕਰਨੇ ਦੀ ਸਮਰੱਥਾ ਰਖਦਾ ਹੈ।

੭. ਅਥਵਾ ਕਰਿ=ਹਥਿ ਵਿਚ ਪਾਇਆ ਹੈ ਯਾ, ਕਰ=ਕਰਮ ਵਿਚ ਪਾਯਾ ਹੈ, ਭਾਵ ਉਹੋ ਹੈ:-ਜੋ ਪਹਿਲੋਂ ਉਸ ਨੇ ਥਿਦ ਦਿਤਾ ਹੈ।

੮. ਭਾਵ, ਤੂੰ ਹਰ ਰੰਗ ਹਰ ਜਾ ਵਿਚ ਵਯਾਪਕ ਪੂਰਨ ਤੇ ਵੱਸਣੇਹਾਰ ਹੈਂ, ਤੇਰਾ ਅੰਤ ਨਹੀਂ ਲਭਦਾ, ਪਰ ਭਗਤਾਂ ਨੇ ਤੈਨੂੰ ਧਿਆਕੇ ਸੁਖ ਪਾ ਲਿਆ ਹੈ। (ਅ) ਪਹਿਲੀਆਂ ਦੋਹਾਂ ਤੁਕਾਂ ਵਿਚ ਕ੍ਰਿਯਾ ਪਦ ਨਾ ਹੋਣ ਕਰ ਕੇ ਇਹ ਭਾਵ ਬੀ

ਜਾ ਕੀ ਲੀਲਾ ਕੀ ਮਿਤਿ ਨਾਹਿ॥
ਸਗਲ ਦੇਵ ਹਾਰੇ ਅਵਗਾਹਿ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ॥
ਸਗਲ ਪਰੋਈ ਅਪੁਨੈ ਸੂਤਿ॥ ਸੁਮਤਿ
ਗਿਆਨੁ ਧਿਆਨੁ ਜਿਨ ਦੇਇ॥
ਜਨ ਦਾਸ ਨਾਮੁ ਧਿਆਵਹਿ ਸੇਇ॥
ਤਿਹੁ ਗੁਣ ਮਹਿ ਜਾਕਉ ਭਰਮਾਏ॥
ਜਨਮਿ ਮਰੈ ਫਿਰਿ ਆਵੈ ਜਾਏ॥
ਊਚ ਨੀਚ ਤਿਸਕੇ ਅਸਥਾਨ॥
ਜੈਸਾ ਜਨਾਵੈ ਤੈਸਾ ਨਾਨਕ
ਜਾਨ॥੩॥

ਜਿਸ ਪ੍ਰਭੂ ਦੀ (ਸ੍ਰਿਸ਼ਟੀ ਰਚਨਾਂ ਵਾਲੀ) ਲੀਲਾ (ਖੇਲ ਹੀ) ਅਮਿਤ ਹੈ[੧], (ਉਹ ਆਪ ਇਤਨਾ ਅਮਿਤ ਹੈ ਕਿ ਮਾਨੁਖ ਕੀ) ਸਾਰੇ ਦੇਵਤੇ (ਉਸਦੇ) ਵੀਚਾਰ ਕਰਦੇ ਥੱਕ ਗਏ ਹਨ[੨] (ਪਰ ਸਮਝ ਨਹੀਂ ਸਕੇ, ਕਿਉਂਕਿ ਓਹ ਕੀਤੇ ਹੋਏ ਸਨ ਤੇ ਕਰਤਾਰ ਪਿਤਾ ਸੀ) ਪਿਤਾ ਦਾ ਜਨਮ ਪੁੱਤ੍ਰ ਕਿਵੇਂ ਜਾਣ ਸਕਦਾ ਹੈ? ਸਾਰੀ (ਸ੍ਰਿਸ਼ਟੀ ਉਸ ਕਰਨਹਾਰ ਪਿਤਾ ਨੇ) ਆਪਣੇ (ਹੁਕਮ ਯਾ ਸੱਤਾ ਰੂਪੀ) ਸੂਤ[੩] ਵਿਚ ਪੁਰੋਈ ਹੋਈ ਹੈ (ਅਤੇ) ਜਿਨ੍ਹਾਂ ਨੂੰ (ਉਹ) ਨੇਕ ਬੁੱਧੀ[੪] ਗਿਆਨ ਤੇ ਧਿਆਨ ਬਖਸ਼ਦਾ ਹੈ ਓਹੋ (ਉਸਦੇ) ਦਾਸ (ਭਾਵ ਵਿਚ ਰਹਿੰਦੇ ਹਨ ਤੇ) ਨਾਮ ਧਿਆਉਂਦੇ (ਉਸਦੇ ਅਪਣੇ) ਜਨ (ਕਹਾਉਂਦੇ) ਹਨ। (ਪਰ) ਜਿਸ ਨੂੰ (ਉਹ) ਤਿੰਨਾਂ ਗੁਣਾਂ ਵਿਚ ਭਰਮਾਉਂਦਾ ਹੈ, ਓਹ ਜੰਮਦਾ ਮਰਦਾ ਤੇ ਫੇਰ ਆਉਂਦਾ ਜਾਂਦਾ ਹੈ। (ਸੋ) ਉਚੇ ਨੀਵੇਂ ਥਾਉਂ (ਸਭ) ਉਸੇ ਦੇ ਹਨ[੫] ਜੈਸਾ (ਜਿਸ ਨੂੰ ਓਹ) ਜਣਾਉਂਦਾ ਹੈ, ਹੇ ਨਾਨਕ! ਤੈਸਾ (ਕੋਈ) ਜਾਣਦਾ ਹੈ॥੩॥

ਨਾਨਾ ਰੂਪ ਨਾਨਾ ਜਾਕੇ ਰੰਗ॥
ਨਾਨਾ ਭੇਖ ਕਰਹਿ ਇਕ ਰੰਗ॥
ਨਾਨਾ ਬਿਧਿ ਕੀਨੋ ਬਿਸਥਾਰੁ॥
ਪ੍ਰਭੁ ਅਬਿਨਾਸੀ ਏਕੰਕਾਰੁ॥

ਜਿਸ (ਪ੍ਰਭੂ) ਦੇ ਕਈ ਰੰਗ ਹਨ ਤੇ ਕਈ ਰੂਪ ਹਨ (ਉਹ) ਕਈ ਭੇਖ ਧਾਰਦਾ (ਹੋਇਆ ਫੇਰ ਆਪਣੇ ਹੀ) ਇਕ ਰੰਗ (ਵਿਚ) ਰਹਿੰਦਾ ਹੈ। (ਭਾਵੇਂ ਉਸ) ਪ੍ਰਭੂ ਨੇ ਅਨੇਕ ਤਰ੍ਹਾਂ ਨਾਲ (ਅਪਣੀ ਰਚਨਾਂ ਦਾ) ਫੈਲਾਉ ਕੀਤਾ ਹੋਇਆ ਹੈ, (ਪਰ ਫੇਰ ਉਹ ਆਪ ਸਦਾ) ਇਕੋ ਇਕ ਪ੍ਰਭੂ ਹੈ ਤੇ ਨਾਸ਼ ਤੋਂ ਰਹਿਤ ਹੈ।

---

੧. ਅੰਦਾਜ਼ਾ ਨਹੀਂ ਲਗ ਸਕਦਾ।

੨. ਅਵਗਾਹ=ਖੋਜਦੇ ਵਿਚਾਰਦੇ ਅੰਤ ਨਾ ਪਾ ਸਕੇ।

੩. ਸੂਤ=ਤਾਗਾ। ਸੂਤ ਪਰੋਈ=ਭਾਵ ਪ੍ਰਬੰਧ ਵਿਚ ਰਖੀ ਹੋਈ।

੪. ਉਹ ਬੁੱਧੀ ਜੋ ਸਤਿਸੰਗ ਵਿਚ ਮਿਲਦੀ ਹੈ ਤੇ ਪਰਮਾਤਮਾ ਨੂੰ ਨਿਸਚੇ ਕਰਦੀ ਹੈ।

੫. ਸੁਮਤਿ ਗਿਆਨ ਧਿਆਨ'-ਇਹ ਉੱਚਾ ਟਿਕਾਣਾ ਹੈ। 'ਤ੍ਰਿਹੁੰ ਗੁਣਾਂ ਵਿਚ ਭ੍ਰਮਣ' ਇਹ ਨੀਵਾਂ ਟਿਕਾਣਾ ਹੈ। ਸੋ ਜਿਹੜਾ ਟਿਕਾਣਾ ਜਿਸ ਨੂੰ ਜਣਾ ਦੇਂਦਾ ਹੈ, ਉਹੋ ਟਿਕਾਣਾ ਉਹ (ਚੰਗਾ) ਜਾਣ ਲੈਂਦਾ ਹੈ। (ਅ) ਨੀਵੀਆਂ ਜੂਨਾਂ=ਨੀਵਾਂ ਟਿਕਾਣਾ, ਮਨੁਖਾ ਜਨਮ=ਉੱਚਾ ਟਿਕਾਣਾ। ਫੇਰ ਦੂਜੀ ਤੁਕ ਦਾ ਅਰਥ ਐਉਂ ਲਗਦਾ ਹੈ, ਜਿਸ ਟਿਕਾਣੇ ਕਿਸੇ ਨੂੰ (ਜਨਾਵੈ=) ਪੈਦਾ ਕਰਦਾ ਹੈ (ਉਹ ਉਸ ਟਿਕਾਣੇ ਜਾਨ=)ਜਨਮਦਾ ਹੈ।

ਛੁਆ ਲਿਆ ਜਾ ਸਕਦਾ ਹੈ: ਰਾਜ ਵਿਚ ਰਾਜੇ ਨੇ, ਜੋਗ ਵਿਚ ਜੋਗੀ ਨੇ, ਤਪ ਵਿਚ ਤਪੀਸਰ ਨੇ, ਗ੍ਰਿਹਸਤ ਵਿਚ ਗ੍ਰਿਹਸਥੀ ਨੇ (ਜੋ ਜੋ ਭਗਤੀ ਵਾਲੇ) ਭਗਤ (ਜਿਥੇ ਜਿਥੇ ਹੋਏ ਹਨ ਸਭ ਨੇ ਉਸ ਨੂੰ) ਧਿਆਇ ਧਿਆਇ ਕੇ (ਆਤਮ) ਸੁਖ ਪਾ ਲਿਆ ਹੈ।


www.sikhbookclub.com

ਨਾਨਾ ਚਲਿਤ ਕਰੇ ਖਿਨ ਮਾਹਿ॥ ਪੂਰਿ ਰਹਿਓ ਪੂਰਨੁ ਸਭ ਠਾਇ॥ ਨਾਨਾ ਬਿਧਿ ਕਰਿ ਬਨਤ ਬਨਾਈ॥ ਅਪਨੀ ਕੀਮਤਿ ਆਪੇ ਪਾਈ॥ ਸਭ ਘਟ ਤਿਸਕੇ ਸਭ ਤਿਸਕੇ ਠਾਉ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ॥੪॥

(ਉਹ) ਅਨੇਕਾਂ ਕੌਤਕ ਪਲ ਵਿਚ ਕਰ ਲੈਂਦਾ ਹੈ (ਕਿਉਂਕਿ ਉਹ) ਪੂਰਨ (ਪਰਮਾਤਮਾ) ਸਭ ਥਾਈਂ ਪੂਰ ਰਿਹਾ ਹੈ (ਵਜਾਪਕ) ਹੈ। (ਭਾਵੇਂ) ਅਨੇਕਾਂ ਜੁਗਤਾਂ ਕਰਕੇ (ਸੰਸਾਰ ਦੀ ਉਸਨੇ) ਰਚਨਾ ਬਣਾਈ ਹੈ, (ਪਰ ਉਸਦੀ ਕੀਮਤ ਕੋਈ ਨਹੀਂ ਪਾ ਸਕਿਆ, ਹਾਂ) ਆਪਣੀ ਕੀਮਤ (ਉਸਨੇ) ਆਪ ਹੀ ਪਾਈ ਹੈ। (ਗਲ ਕੀਹ) ਸਾਰੇ ਘਟ ਉਸਦੇ ਹਨ, ਸਾਰੇ ਟਿਕਾਣੇ (ਬੀ) ਉਸੇ ਦੇ ਹਨ[1], ਨਾਨਕ (ਉਸ) ਹਰੀ ਦਾ ਨਾਉਂ ਜਪ ਜਪਕੇ ਜੀਉਂਦਾ ਹੈ॥੪॥

ਪ੍ਰਭੂ ਨੂੰ ਕੀਮਤ ਕੂਤ ਤੋਂ ਪਰੇ ਦੱਸਕੇ, ਉਸ ਦੇ ਨਾਮ ਨੂੰ ਇਨਸਾਨ ਦੀ ਪਹੁੰਚ ਵਿਚ ਦੱਸਕੇ, ਆਪਣਾ ਇਸ ਵਿਚ ਲਗਾਉ ਦੱਸਕੇ ਹੁਣ ਉਸ ਨਾਮ ਦਾ ਮਹਾਤਮ ਤੇ ਜਿਵੇਂ ਉਹ ਨਾਮੀ ਵਿਚ ਜੀਵਾਂ ਨੂੰ ਲੈ ਜਾਂਦਾ ਹੈ ਉਸ ਦਾ ਪ੍ਰਕਾਸ਼ ਦੱਸਦੇ ਹਨ:-

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥ ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥ ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥

ਸਭ (ਜੀਅ) ਜੰਤ ਨਾਮ ਦੇ ਧਾਰੇ ਹੋਏ ਹਨ। (ਸਾਰੇ) ਬ੍ਰਹਮੰਡ (ਤੇ ਉਨ੍ਹਾਂ ਦੇ) ਖੰਡ (ਹਿੱਸੇ) ਨਾਮ ਦੇ ਧਾਰੇ (ਹੋਏ ਹੀ) ਹਨ। ਸਿੰਮ੍ਰਤੀਆਂ ਵੇਦ ਤੇ ਪੁਰਾਣ (ਸਭ) ਨਾਮ ਦੇ ਧਾਰੇ (ਹੋਏ) ਹਨ। ਗਿਆਨ (ਮਾਰਗ ਦੇ) ਸ੍ਰਵਣ, (ਮਨਨ, ਨਿਦਧਜਾਸਨ ਆਦਿ ਅਤੇ ਜੋਗ ਮਾਰਗ ਦੇ) ਧਿਆਨ (ਆਦਿ ਸਭ) ਨਾਮ ਦੇ ਧਾਰੇ (ਹੋਏ) ਹਨ। ਅਕਾਸ਼ ਪਤਾਲ (ਸਭ) ਨਾਮ ਦੇ ਧਾਰੇ (ਹੋਏ) ਹਨ। (ਇਨ੍ਹਾਂ ਵਿਚ ਵੱਸਣ ਵਾਲੇ) ਸਾਰੇ ਸਰੂਪ ਨਾਮ ਦੇ ਧਾਰੇ (ਹੋਏ) ਹਨ। ਨਾਮ ਦੇ ਧਾਰੇ (ਹੋਏ) ਹਨ ਸਾਰੀਆਂ ਪੁਰੀਆਂ ਤੇ ਭਵਨ (ਲੋਕ)[2] (ਨਾਮ ਹੀ ਨੂੰ) ਕੰਨੀਂ ਸੁਣਕੇ (ਤੇ) ਨਾਮ ਦੇ ਹੀ ਸੰਗ ਨਾਲ (ਭਾਵ ਸਿਮਰਨ ਕਰਨ ਨਾਲ ਅਨੇਕਾਂ ਲੋਕੀਂ) ਤਰ ਗਏ ਹਨ।[3] (ਸੋ ਪਰਮੇਸ਼ੁਰ) ਕ੍ਰਿਪਾ ਕਰਕੇ ਜਿਸ ਨੂੰ ਅਪਣੇ ਨਾਮ ਵਿਚ ਲਾ ਲਵੇ, ਉਹ ਪੁਰਖ ਚੌਥੇ ਪਦ[4] ਵਿਚ (ਪਹੁੰਚਕੇ) ਮੁਕਤੀ ਪਾ ਲੈਂਦਾ ਹੈ, ਹੇ ਨਾਨਕ!॥੫॥

---

੧. ਘਟ=ਸਰੀਰ, ਮਨ। ਠਾਉ=ਜਗ੍ਹਾ, ਟਿਕਾਣੇ। ਭਾਵ ਹੈ ਸਾਰੇ ਸਥਾਨ ਤੇ ਉਨ੍ਹਾਂ ਵਿਚ ਰਹਿਣ ਵਾਲੇ ਸਰੀਰ ਧਾਰੀ।

੨. ਯਾ ਸਾਰੀਆਂ ਪੁਰੀਆ ਤੇ ਸਾਰੇ ਲੋਕ। ਉਵ ਪੁਰੀਆਂ ਸੱਤ ਤੇ ਲੋਕ ਚੌਦਾਂ ਦੱਸਦੇ ਹਨ। (ਅ) ਭਵਨ=ਗ੍ਰਿਹ ਜੋ ਹੈ।

੩. ਇਸ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੀਆਂ ਤੁਕਾਂ ਵਿਚ ਨਾਮ ਦਾ ਅਰਥ 'ਨਾਮ' ਹੀ ਹੈ।

੪. ਤੁਰੀਆ ਪਦ।

ਰੂਪੁ ਸਤਿ ਜਾਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾਕੀ ਬਾਣੀ॥
ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾਕੀ ਰਚਨਾ ਸਤਿ॥
ਮੂਲੁ ਸਤਿ ਸਤਿ ਉਤਪਤਿ॥ ਸਤਿ
ਕਰਣੀ ਨਿਰਮਲ ਨਿਰਮਲੀ॥
ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿਨਾਮੁ ਪ੍ਰਭ ਕਾ ਸੁਖਦਾਈ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ
ਪਾਈ॥੬॥

ਹੁਣ ਨਾਮੀ ਦਾ ਕਥਨ ਕਰਦੇ ਹਨ:-

ਸਤਿ[੧] ਹੈ ਜਿਸ ਦਾ ਰੂਪ ਤੇ ਸਤਿ (ਹੀ) ਹੈ (ਜਿਸਦਾ) ਅਸਥਾਨ, ਕੇਵਲ (ਓਹੋ) ਸਤਿ ਪੁਰਖ (ਹੈ ਤੇ ਉਹ ਪੁਰਖ ਹੀ) ਪ੍ਰਧਾਨ ਹੈ[੨]। ਉਸ ਦੀ ਕਰਣੀ ਸੱਤਿ ਹੈ ਤੇ ਬਾਣੀ ਬੀ ਸੱਤਿ ਹੈ। (ਉਹੀ) ਸਤਿ ਪੁਰਖ ਸਭ ਵਿਚ ਸਮਾ ਰਿਹਾ ਹੈ[੩]। ਜਿਸਦਾ ਕਰਮ (ਬੀ) ਸਤਿ ਤੇ ਰਚਨਾ ਬੀ ਸਤਿ ਹੈ, (ਓਹ ਆਪ) ਕਾਰਨ (ਰੂਪ ਬੀ) ਸੱਤਿ (ਤੇ ਉਸਦੀ) ਉਤਪਤੀ (ਕਾਰਜ ਰੂਪ ਬੀ) ਸੱਤਿ ਹੈ। (ਉਸਦੀ ਇਹ) ਕਰਣੀ ਸੱਤਜ ਹੈ ਤੇ ਨਿਰਮਲ ਤੋਂ ਨਿਰਮਲ ਹੈ[੪]। (ਪਰ) ਜਿਸਨੂੰ ਬੁਝਾਵੇ ਉਸਨੂੰ (ਇਹ ਗਲ) ਚੰਗੀ ਤਰ੍ਹਾਂ (ਸਮਝੇ ਪੈ ਜਾਂਦੀ ਹੈ। ਉਸ ਸਤਜ ਸਰੂਪ) ਪ੍ਰਭੂ ਦਾ 'ਸਤਿਨਾਮ' ਸੁਖਾਂ ਦਾ ਦਾਤਾ ਹੈ। (ਇਸ ਸਤਿਨਾਮ ਪਰ) ਸੱਚਾ ਨਿਸਚਾ ਗੁਰੂ ਤੋਂ ਪਾਈਦਾ ਹੈ (=ਪ੍ਰਾਪਤ ਕਰੀਦਾ ਹੈ)[੫] ਫੁਰਮਾਉਂਦੇ ਹਨ) ਗੁਰੂ ਨਾਨਕ॥੬॥

ਸਤਿ ਬਚਨ ਸਾਧੂ ਉਪਦੇਸ॥
ਸਤਿ ਤੇ ਜਨ ਜਾਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥
ਨਾਮੁ ਜਪਤ ਤਾਕੀ ਗਤਿ ਹੋਇ॥

ਸਾਧੂ ਦੇ ਉਪਦੇਸ਼[੬] ਦੇ ਬਚਨ ਸੱਤਿ ਹਨ (ਤੇ) ਓਹ ਪੁਰਖ (ਬੀ) ਸਤਿ ਹਨ ਜਿਨ੍ਹਾਂ ਦੇ ਰਿਦੇ ਵਿਚ (ਇਨ੍ਹਾਂ ਬਚਨਾਂ ਦਾ) ਪ੍ਰਵੇਸ਼[੭] ਹੋਯਾ ਹੈ। ਸਤਿ ਨੂੰ ਜੋ ਕੋਈ ਅਸਤਿ ਨਾਲੋਂ (ਨਿਖੇੜ ਕੇ) ਸਮਝ ਲਵੇ (ਤਾਂ)[੮] ਨਾਮ ਜਪਦਿਆਂ ਉਸਦੀ ਮੁਕਤੀ ਹੋ ਜਾਂਦੀ ਹੈ।

---

੧. ਸਤਿ ਦਾ ਤਾਤਪਰਜ ਹੈ ਉਹ ਪੂਰਨ ਚੇਤਨ ਜੋ ਕਦੇ ਬਦਲਦਾ, ਘਟਦਾ, ਵਧਦਾ, ਨਾਸ਼ ਨਹੀਂ ਹੁੰਦਾ, ਸਦੀਵ ਇਕ ਰਸ ਰਹਿੰਦਾ ਹੈ।

੨. ਸਾਂਖ ਯੋਗ ਨੇ 'ਪੁਰਖ' ਤੇ 'ਪ੍ਰਧਾਨ' ਮੰਨੇ ਹਨ ਜੋ ਦੋਵੇਂ ਨਿੱਤ ਕਹੇ ਹਨ। ਪੁਰਖ=ਰੂਹ। ਪ੍ਰਧਾਨ=ਮਾਦਾ। ਉਨ੍ਹਾਂ ਨੇ ਪ੍ਰਧਾਨ ਨੂੰ ਜਗਤ ਦਾ ਮੂਲ ਕਾਰਣ ਮੰਨਿਆ ਹੈ, ਗੁਰੂ ਜੀ ਦੱਸਦੇ ਹਨ ਕਿ ਕੇਵਲ 'ਸੱਤਜ' ਅਰਥਾਤ ਸਦਾ ਥਿਰ ਪਰਮਾਤਮਾਂ ਹੀ 'ਪੁਰਖ' ਹੈ, ਉਹੀ 'ਪ੍ਰਧਾਨ' ਹੈ, ਭਾਵ ਅਕਾਲ ਪੁਰਖ ਹੀ ਜਗਤ ਦਾ ਕਰਤਾ ਤੇ ਕਾਰਣ ਹੈ, ਉਸੇ ਨੇ ਆਪੇ ਆਪਣੇ ਆਪ ਤੋਂ ਜਗਤ ਰਚਿਆ ਹੈ। (ਅ) ਐਉਂ ਬੀ ਕਰ ਲੈਂਦੇ ਹਨ-ਅਕਾਲ ਪੁਰਖ ਸੱਤਿ ਹੈ ਤੇ ਇਕੱਲਾ ਉਹੋ ਸਭ ਤੋਂ ਸ੍ਰੇਸ਼ਟ ਹੈ।

੩. ਅਥਵਾ-ਸਤਿਪੁਰਖ ਦੀ ਸੱਤਾ ਸਭ ਵਿਚ ਸਮਾਈ ਹੋਈ ਹੈ।

੪. ਮਾਇਆ ਸਬਲ ਬ੍ਰਹਮ ਵਾਲੇ ਖਿਆਲ ਤੇ ਵਿਸ਼ੇਸ਼ ਖਿਆਲ ਦਿਤਾ ਹੈ। ਵੇਦਾਂਤ ਮੁਤਾਬਿਕ ਸੰਸਾਰ ਦੀ ਉਤਪਤਿ ਲਈ ਬ੍ਰਹਮ ਮਾਇਆ ਨਾਲ ਸਬਲ (ਚਿਤਰਿਆ ਮਿਤਰਿਆ) ਜਾਂਦਾ ਹੈ।

੫. (ਅ) ਇਹ ਸਤਜ ਉਤੇ ਵਿਸ਼ਵਾਸ ਗੁਰੂ ਤੋਂ ਪਾਈਦਾ ਹੈ।

੬. ਭਾਵ, ਨਾਮ ਉਪਦੇਸ਼। ੭. ਦਾਖਲਾ।

੮. ਅਨ੍ਰਿਤ=ਅਸਤਜ, ਮਿਥਜਾ (ਅ) ਨਿ=ਰਤਿ=ਵਿਸ਼ੇਸ਼ ਪਿਆਰ ਨਾਲ। (ੲ) ਨਿਰਣੀਤਿ=ਨਿਰਣੇ ਕਰਕੇ। ਨਿਰਤਿ ਪਦ ਗੁਰਬਾਣੀ ਵਿਚ ਕਈ ਅਰਥਾਂ ਵਿਚ ਆਇਆ ਹੈ, ਦੇਖੋ ਕੋਸ਼ ਖਾ: ਟ੍ਰੈਕਟ ਸੁ:।

ਆਪਿ ਸਤਿ ਕੀਆ ਸਭੁ ਸਤਿ॥
ਆਪੇ ਜਾਨੈ ਅਪਨੀ ਮਿਤਿ ਗਤਿ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥
ਅਵਰ ਨ ਬੂਝਿ ਕਰਤ ਬੀਚਾਰੁ॥
ਕਰਤੇ ਕੀ ਮਿਤਿ ਨ ਜਾਨੈ ਕੀਆ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥੭॥

ਆਪ (ਪ੍ਰਭੂ) ਸਤਿ ਹੈ, ਉਸਦਾ ਸਭ ਕੀਤਾ ਭੀ ਸਤਿ ਹੈ[1], (ਉਹ ਪ੍ਰਭੂ) ਆਪਣੀ ਗਤਿ ਮਿਤਿ ਨੂੰ ਆਪ ਹੀ ਜਾਣਦਾ ਹੈ। ਜਿਸਦੀ (ਸਾਜੀ ਹੋਈ) ਸ੍ਰਿਸ਼ਟੀ ਹੈ ਉਹ (ਆਪਣੇ ਆਪ ਹੀ ਇਸ ਦੀ) ਰਚਨਾ ਰਚਦਾ ਹੈ, (ਅਰਥਾਤ ਉਹ) ਹੋਰ ਕਿਸੇ ਨੂੰ ਪੁੱਛਕੇ (ਇਸਦੇ ਸਾਜਣ ਦੀ) ਵੀਚਾਰ (ਆਦਿ) ਨਹੀਂ ਕਰਦਾ। (ਕਿਉਂਕਿ ਹੋਰ ਸਾਰੇ ਕੀਤੇ ਹੋਏ ਹਨ ਤੇ ਕੋਈ) ਕੀਤਾ ਹੋਇਆ ਕਰਤੇ ਦੀ ਮਿਤ ਨੂੰ ਨਹੀਂ ਜਾਣ ਸਕਦਾ (ਤਾਂਤੇ) ਜੋ ਉਸ (ਕਰਤੇ) ਨੂੰ ਭਾਉਂਦਾ ਹੈ ਸੋਈ ਵਰਤਦਾ ਹੈ, ਹੇ ਨਾਨਕ! ॥੭॥

ਪ੍ਰਸ਼ਨ ਹੁੰਦਾ ਹੈ ਕਿ ਫਿਰ ਉਸ ਸਤਿ ਸਰੂਪ ਨੂੰ ਜਾਣਨੇ ਦਾ ਲਾਹਾ ਕੀ ਹੈ? ਉੱਤਰ!

ਬਿਸਮਨ ਬਿਸਮ ਭਏ ਬਿਸਮਾਦ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥
ਪ੍ਰਭ ਕੈ ਰੰਗਿ ਰਾਚਿ ਜਨ ਰਹੇ॥
ਗੁਰ ਕੈ ਬਚਨਿ ਪਦਾਰਥ ਲਹੇ॥
ਓਇ ਦਾਤੇ ਦੁਖ ਕਾਟਨਹਾਰ॥
ਜਾ ਕੈ ਸੰਗਿ ਤਰੈ ਸੰਸਾਰ॥
ਜਨ ਕਾ ਸੇਵਕੁ ਸੋ ਵਡਭਾਗੀ॥
ਜਨ ਕੈ ਸੰਗਿ ਏਕ ਲਿਵ ਲਾਗੀ॥
ਗੁਨ ਗੋਬਿਦ ਕੀਰਤਨੁ ਜਨੁ ਗਾਵੈ॥
ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥੮॥੧੯॥

ਜਿਨ੍ਹਾਂ ਨੇ (ਸਾਧੂ ਦੇ ਉਪਦੇਸ਼ ਦੁਆਰਾ ਨਾਮ ਜਪਕੇ ਸਤਿ ਨੂੰ) ਬੁੱਝ ਲਿਆ ਉਨ੍ਹਾਂ ਨੂੰ (ਐਸਾ) ਸੁਆਦ ਆਇਆ (ਕਿ ਓਹ) ਅਸਚਰਜ ਤੋਂ ਅਸਚਰਜ ਹੁੰਦੇ ਹੁੰਦੇ ਅਸਚਰਜ ਰੂਪ ਹੋ ਗਏ[2]। (ਐਸੇ) ਜਨ (ਫੇਰ) ਪ੍ਰਭੂ ਦੇ ਪ੍ਰੇਮ ਵਿਚ ਹੀ ਰਚੇ ਰਹਿੰਦੇ ਹਨ। (ਉਨ੍ਹਾਂ ਨੇ ਐਸੇ) ਪਦਾਰਥ ਗੁਰੂ ਦੇ ਉਪਦੇਸ਼ ਦੁਆਰਾ (ਹੀ) ਲਏ ਹਨ। (ਐਸੇ ਸਤਿ ਪੁਰਖ) ਦਾਤੇ ਹਨ ਤੇ ਓਹ (ਦਾਤੇ ਹੀ ਜਗਤ ਦੇ) ਦੁਖ ਕੱਟਣ ਨੂੰ ਸਮਰੱਥ ਹਨ, ਜਿਨ੍ਹਾਂ ਦੇ ਕਿ ਸਤਿਸੰਗ ਨਾਲ ਸੰਸਾਰ ਤਰ ਜਾਂਦਾ ਹੈ। (ਐਸੇ ਦਾਤਾ) ਜਨ ਦਾ (ਜੋ) ਸੇਵਕ ਬਣੇ ਉਹ (ਬੀ) ਵਡੇ ਭਾਗਾਂ ਵਾਲਾ ਹੈ, (ਕਿਉਂਕਿ ਐਸੇ) ਜਨ ਦੇ ਸਤਿਸੰਗ ਨਾਲ ਹੀ ਇਕ (ਵਾਹਿਗੁਰੂ) ਨਾਲ ਲਿਵ ਲਗਦੀ ਹੈ। (ਐਉਂ ਕਿ ਐਸਾ) ਜਨ (ਸਤਿਸੰਗ ਵਿਚ) ਵਾਹਿਗੁਰੂ ਦੀ ਸਿਫਤ ਸਲਾਹ ਦਾ ਕੀਰਤਨ ਗਾਉਂਦਾ ਹੈ (ਅਤੇ) ਗੁਰੂ ਦੀ ਮਿਹਰ ਨਾਲ (ਵਾਹਿਗੁਰੂ ਦੀ ਪ੍ਰਾਪਤੀ ਦਾ) ਫਲ ਪਾ ਲੈਂਦਾ ਹੈ॥੮॥੧੯॥

ਸਲੋਕੁ॥ਆਦਿ ਸਚੁ ਜੁਗਾਦਿ ਸਚੁ॥

(ਅਕਾਲ ਪੁਰਖ) ਆਦਿ[3] ਵਿਖੇ ਸਤਿ ਸੀ,

---

੧. ਨਾਨਕ ਸਚੇ ਕੀ ਸਾਚੀ ਕਾਰ॥ (ਜਪੁਜੀ।

੨. (ਅ) ਜਿਨ੍ਹਾਂ ਨੇ ਅਸਚਰਜ ਰੂਪ (ਦੇ ਰਸ) ਨੂੰ ਅਨੁਭਵ ਕੀਤਾ ਓਹ ਅਸਚਰਜ ਤੋਂ ਅਸਚਰਜ ਹੋ ਗਏ। ਇਸ ਅਸਚਰਜ ਨੂੰ ਜਿਨ੍ਹਾਂ ਨੇ ਬੁੱਝ ਲਿਆ ਉਹਨਾਂ ਨੂੰ ਇਸ ਦਾ ਰਸ ਆਇਆ।

੩. ਕਾਲ ਤੋਂ ਪਹਿਲਾਂ


www.sikhbookclub.com

ਹੈਭਿ ਸਚੁ ਨਾਨਕ ਹੋਸੀ ਭਿ ਸਚੁ॥੧॥

ਜੁਗਾਂ ਦੇ ਆਦਿ[1] ਵਿਚ ਬੀ ਸਤਿ ਸੀ (ਹੁਣ ਵਰਤਮਾਨ ਵਿਚ) ਬੀ ਸੱਤਿ ਹੈ, (ਕਹਿੰਦੇ ਹਨ ਗੁਰੂ) ਨਾਨਕ (ਅਗੋਂ ਨੂੰ) ਖੀ ਸੱਤ ਹੋਵੇਗਾ॥੧॥

ਅਰਥ ਅਖੀਰਲੀ ਤੁਕ ਤੋਂ ਟੁਰਦਾ ਹੈ-

ਅਸਟਪਦੀ॥
ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥੧॥

੧੦. ਹੇ ਨਾਨਕ! ਉਹ ਪ੍ਰਭੂ ਸਤਿ ਹੈ (ਹਾਂ, ਉਹ ਪ੍ਰਭੂ ਸਦਾ) ਸਤਿ ਹੈ। ੧. ਉਸ ਪ੍ਰਭੂ ਦੇ ਚਰਨ ਸਤਜ ਹੇਨ (ਉਨ੍ਹਾਂ ਚਰਨਾਂ ਨੂੰ) ਛੂਹਣੇ ਵਾਲੇ[2] (ਬੀ) ਸਤਜ ਹੈਨ। ੨. (ਉਸਦੀ) ਪੂਜਾ ਸਤਜ ਵਸਤੂ ਹੈ (ਉਸਦੀ ਪੂਜਾ ਕਰਨ ਵਾਲੇ) ਸੇਵਕ ਬੀ ਸਤਜ ਹੈਨ। ੩. (ਉਸ ਸੱਤ ਸ੍ਵਰੂਪ ਦਾ) ਦਰਸ਼ਨ ਸਤਜ ਹੈ, (ਉਸ ਸਤਿ ਦਰਸ਼ਨ ਦੇ) ਦੇਖਣੇ ਵਾਲੇ ਬੀ ਸਤਿ ਹੈਨ। ੪. ਸਤਜ ਸਰੂਪ ਦਾ ਨਾਮ ਬੀ ਸਤਜ ਹੈ (ਉਸਦੇ ਨਾਮ ਦੇ) ਸਿਮਰਨੇ ਵਾਲੇ ਬੀ ਸੱਤਜ ਹਨ। ੫. (ਉਹ ਪ੍ਰਭੂ) ਆਪ ਸੱਤਿ ਹੈ (ਜੋ ਕੁਛ ਉਸਨੇ) ਧਾਰਨ ਕਰ ਰਖਿਆ ਹੈ ਸਭ ਸਤਜ ਹੈ। ੬. (ਕਿਉਂਕਿ ਸਤਿ ਦੇ) ਗੁਣ (ਵਾਲਾ) ਆਪ ਹੈ (ਤੇ ਆਪਣਾ ਸਤਜ ਦਾ) ਗੁਣ ਆਪਣੇ ਕੀਤੇ ਹੋਏ ਨੂੰ ਦੇਕੇ (ਉਸਨੂੰ ਕਾਯਮ ਰਖ ਰਿਹਾ ਹੈ)। ੭. ਸ਼ਬਦ ਸਤਿ ਹੈ (ਕਿਉਂਕਿ ਸ਼ਬਦ ਨੂੰ) ਉਚਾਰਨ ਵਾਲਾ ਪ੍ਰਭੂ (ਆਪ) ਸਤਜ ਹੈ। ੮. (ਪ੍ਰਭੂ ਦੀ) ਕੀਰਤੀ ਨੂੰ ਸੁਣਨੇ ਵਾਲਾ ਸਤਜ ਹੈ, (ਸੁਣਨ ਵਾਲੇ ਦੇ) ਕੰਨ (ਅਥਵਾ ਸੁਣਨ ਸਤਜਾ ਬੀ) ਸਤਜ ਹੈ[3]। ੯. (ਇਸ ਤਰ੍ਹਾਂ ਉਸ ਸਤਜ ਸਰੂਪ ਦੀ ਪੂਜਾ ਕਰਦਾ, ਕੀਰਤਨ ਕਰਦਾ, ਨਾਮ ਜਪਦਾ, ਜਸ ਸੁਣਦਾ, ਜੋ ਉਸਨੂੰ ਸਤਜ ਸਰੂਪ ਕਰਕੇ ਸਮਝ ਲੈਂਦਾ ਹੈ ਉਸ) ਗਜਾਨਵਾਨ ਨੂੰ ਸਭ (ਉਸੇ ਦਾ) ਸਤਜ (ਸਰੂਪ ਹੀ ਦਿਸਦਾ) ਹੈ॥੧॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ

(ਸੋ ਐਉਂ) ਜਿਸਨੇ ਹਿਰਦੇ ਵਿਚ ਅਨੁਭਵ ਕਰ ਲਿਆ ਹੈ (ਕਿ ਵਾਹਿਗੁਰੂ ਦਾ) ਸਰੂਪ ਸੱਤਿ ਹੈ, ਉਸ ਨੇ (ਉਸਨੂੰ) ਕਾਰਣਾਂ ਦਾ ਕਾਰਣ ਮੂਲ

੧. ਕਾਲ ਦੇ ਅਰੰਭ ਹੋਣ ਵੇਲੇ। ਜਦ ਤੋਂ ਯੁਗ ਆਦਿ ਕਾਲ ਦੀ ਗਿਣਤੀ ਕੀਤੀ ਜਾਂਦੀ ਹੈ।

੨. ਚਰਨਾਂ ਤੇ ਮਸਤਕ ਧਰਨ ਵਾਲੇ ਭਾਵ ਧਜਾਨੀ!

੩. ਸੁਰਤਿ=ਪਹਿਲੇ 'ਵਕਤਾ' ਤੇ ਮਗਰੋਂ 'ਸੁਨਤਾ' ਪਦ ਹੋਣ ਕਰਕੇ ਸੁਰਤ ਦੇ ਅਰਥ ਏਥੇ ਸਤ=ਕੰਨ ਅਥਵਾ 'ਸੁਣਨ ਸ਼ਕਤੀ' ਹੈ।

ਪਛਾਨਿਆ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥ ਬਸਤੁ ਮਾਹਿ ਲੇ ਬਸਤ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥ ਬੂਝੈ ਬੂਝਨਹਾਰੁ ਬਿਬੇਕ॥ ਨਾਰਾਇਨ ਮਿਲੇ ਨਾਨਕ ਏਕ॥੨॥

(ਕਾਰਣ) ਸਿਆਣ ਲਿਆ ਹੈ[1] (ਇਸ ਪ੍ਰਕਾਰ) ਜਿਸਦੇ ਹਿਰਦੇ ਵਿਚ ਪ੍ਰਭੂ (ਸਤਜ ਸਰੂਪ) ਦਾ (ਪੂਰਾ) ਨਿਹਚਾ ਆ ਗਿਆ ਹੈ, ਉਸਦੇ ਮਨ ਵਿਚ (ਜਾਣ ਲਓ ਕਿ) ਤੱਤ ਗਿਆਨ ਪ੍ਰਗਟ ਹੋ ਗਿਆ ਹੈ। (ਓਹ ਫੇਰ) ਭੈ ਤੋਂ ਨਿਰਭੈ ਹੋਕੇ (ਸੰਸਾਰ ਵਿਚ) ਰਹਿੰਦਾ ਹੈ ਤੇ (ਓਹ) ਜਿਸ (ਸਤਿ ਸਰੂਪ) ਤੋਂ ਉਪਜਿਆ ਸੀ ਓਸ (ਸਤਿ ਸਰੂਪ) ਵਿਚ ਸਮਾ ਗਿਆ (ਜਾਣ ਲਓ; ਜਿਵੇਂ ਜੇ) ਵਸਤੂ ਵਿਚ ਵਸਤੂ ਰਲਾ ਦਿੱਤੀ ਜਾਵੇ (ਤਾਂ) ਉਸ (ਰਲ ਗਈ ਵਸਤੂ) ਨੂੰ ਅੱਡਰੀ ਨਹੀਂ ਕਿਹਾ ਜਾ ਸਕਦਾ। ਤਿਵੇਂ ਹੇ ਨਾਨਕ! ਨਾਰਾਇਣ (ਅਰ ਨਾਰਾਯਣ ਨੂੰ ਵਿਸ਼ਵਾਸ਼ ਤੇ ਗਜਾਨ ਦੁਆਰਾ) ਜੋ ਮਿਲੇ ਹਨ ਇਕ ਹੋ ਗਏ ਹਨ, (ਇਸ) ਵਿਵੇਕ[2] ਨੂੰ ਸਮਝਣ ਵਾਲਾ ਹੀ ਸਮਝਦਾ ਹੈ॥੨॥

ਕੀ ਐਸਾ ਵਿਵੇਕਜ ਗਜਾਨੀ ਫਿਰ ਅਪਣੇ ਠਾਕੁਰ ਨਾਲ ਬਰੋਬਰੀ ਦਾ ਦਾਵੇਦਾਰ ਹੁੰਦਾ ਹੈ? ਇਸ ਸੰਸੇ ਨਵਿਰਤੀ ਲਈ ਉਸ ਦੀ ਰਹਿਤ ਦੱਸਦੇ ਹਨ:-

ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥ ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥ ਸੇਵਕ ਕਉ ਪ੍ਰਭ ਪਾਲਨਹਾਰਾ॥

ਠਾਕੁਰ[3] ਕਾ ਸੇਵਕ (ਅਪਣੇ ਠਾਕਰ ਦੀ) ਆਗਜਾ ਮੰਨਣੇ ਵਾਲਾ ਹੁੰਦਾ ਹੈ, (ਭਾਵ ਸਾਈਂ ਦੇ ਹੁਕਮ ਦੀ ਤਾਰ ਨਾਲ ਉਸਦੀ ਸੁਰ ਇਕਸੁਰ ਟੁਰਦੀ ਹੈ, ਉਹ ਹਉਂ ਵਿਚ ਨਹੀਂ ਹੁੰਦੀ), ਪਰਮੇਸ਼ੁਰ ਦਾ ਸੇਵਕ ਸਦਾ (ਉਸਦੀ) ਪੂਜਾ ਵਿਚ ਰਹਿੰਦਾ ਹੈ। ਪਰਮੇਸ਼ੁਰ ਦੇ ਸੇਵਕ ਦੇ ਮਨ ਵਿਚ (ਠਾਕਰ ਤੇ ਸਿਦਕ) ਭਰੋਸਾ ਹੁੰਦਾ ਹੈ, ਪਰਮੇਸ਼ੁਰ ਦੇ ਸੇਵਕ ਦੀ ਰੀਤਿ (ਜੀਵਨ ਮ੍ਰਿਯਾਦਾ) ਨਿਰਮਲ ਹੁੰਦੀ ਹੈ[4]। ਪਰਮੇਸ਼ੁਰ ਨੂੰ ਸੇਵਕ ਸਦਾ (ਅਪਣੇ) ਨਾਲ (ਹੀ ਵਸਦਾ) ਜਾਣਦਾ ਹੈ। (ਕਿਉਂਕਿ) ਪਰਮੇਸ਼ੁਰ ਦਾ ਸੇਵਕ (ਸਦਾ) ਨਾਮ ਦੇ ਰੰਗ ਵਿਚ (ਰੱਤਾ ਰਹਿੰਦਾ ਹੈ)। [5](ਐਸੇ) ਸੇਵਕ ਦਾ (ਮਾਤਾ ਪਿਤਾ ਵਤ)

---

੧. (ਅ) ਕਰਨ ਕਰਾਵਨ=ਕਰਨਹਾਰ, ਕਰਾਵਨਹਾਰ। (ਸੰਪ੍ਰ:।

੨. ਵਿਵੇਕ=ਸਤਿ ਨੂੰ ਅਸਤਿ ਤੋਂ ਨਿਖੇੜਕੇ ਸਮਝ ਲੈਣ ਵਾਲਾ ਗਜਾਨ। ਗਜਾਨ, ਸਮਝ।

੩. ਠਾਕਰ ਤੇ ਪ੍ਰਭੂ ਦਾ ਅਰਥ ਮਾਲਕ ਹੈ, ਭਾਵ 'ਮਾਲਕ ਕੁੱਲ' ਯਾ ਪਰਮੇਸ਼ੁਰ ਤੋਂ ਹੈ।

੪. ਉਸ ਦੀ ਰਹਿਣੀ ਬਹਿਣੀ ਕਹਿਣੀ ਪਵਿਤ੍ਰ ਹੁੰਦੀ ਹੈ। ਉਸ ਦਾ ਆਚਰਨ ਤੇ ਵਰਤਾਉ ਪਵਿਤ੍ਰ ਹੁੰਦਾ ਹੈ।

੫. ਹੁਣ ਏਥੋਂ ਠਾਕਰ ਦਾ ਵਰਤਾਉ ਸੇਵਕ ਨਾਲ ਟੁਰਿਆ।

ਸੇਵਕ ਕੀ ਰਾਖੈ ਨਿਰੰਕਾਰਾ॥ ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥੩॥

ਪਾਲਨਹਾਰਾ ਪਰਮੇਸ਼ੁਰ (ਆਪ) ਹੁੰਦਾ ਹੈ। (ਐਸੇ) ਸੇਵਕ ਦੀ (ਲਜਜਾ) ਨਿਰੰਕਾਰ (ਆਪ) ਰਖਦਾ ਹੈ। ਸੇਵਕ ਓਹੋ ਹੈ ਜਿਸ ਪਰ ਪ੍ਰਭੂ (ਆਪ) ਕ੍ਰਿਪਾ ਕਰਦਾ ਹੈ। (ਐਸੇ ਕ੍ਰਿਪਾ ਪ੍ਰਾਪਤ ਸੇਵਕ (ਦੀ ਨਿਸ਼ਾਨੀ ਇਹ ਹੈ ਕਿ) ਓਹ (ਪ੍ਰਭੂ ਨੂੰ) ਸੁਾਸ ਸੁਾਸ ਯਾਦ ਕਰਦਾ ਹੈ, ਹੇ ਨਾਨਕ! ॥੩॥

ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥ ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥ ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ॥ ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ॥ ਪ੍ਰਭ ਕੇ ਸੇਵਕ ਊਚ ਤੇ ਊਚੇ॥ ਜੋ ਪ੍ਰਭਿ ਅਪਨੀ ਸੇਵਾ ਲਾਇਆ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥੪॥

[1](ਪ੍ਰਭੂ) ਅਪਣੇ ਸੇਵਕ ਦਾ ਪਰਦਾ (ਆਪ) ਢਕਦਾ ਹੈ। (ਉਹ) ਅਪਣੇ ਸੇਵਕ ਦੀ (ਲਜਜਾ) ਜ਼ਰੂਰ ਹੀ[2] ਰਖਦਾ ਹੈ। (ਉਹ) ਅਪਣੇ ਸੇਵਕ ਨੂੰ ਵਡਿਆਈ ਦਿੰਦਾ ਹੈ। (ਉਹ) ਅਪਣੇ ਸੇਵਕ ਤੋਂ ਨਾਮ ਜਪਾਉਂਦਾ ਹੈ। (ਉਹ) ਅਪਣੇ ਸੇਵਕ ਦੀ ਆਪ ਪਤ (ਅਬਰੋ) ਰਖਦਾ ਹੈ। ਉਸ ਦੀ ਗਤਿ ਮਿਤਿ[3] ਕੋਈ ਨਹੀਂ ਜਾਣਦਾ। (ਕਿਉਂਕਿ ਪ੍ਰਭੂ ਸੇਵਕ ਦੀ ਰਖਜਾ ਕਰਦਾ ਹੈ ਇਸ ਲਈ) ਪ੍ਰਭੂ ਦੇ ਸੇਵਕ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ (ਸੋ) ਪ੍ਰਭੂ ਦੇ ਸੇਵਕ (ਸਦਾ) ਉਚਿਆਂ ਤੋਂ ਉੱਚੇ ਹਨ। ਹੇ ਨਾਨਕ! ਜਿਸ ਨੂੰ ਪ੍ਰਭੂ ਅਪਣੀ ਸੇਵਾ ਵਿਚ ਲਾ ਲੈਂਦਾ ਹੈ, ਓਹ ਸੇਵਕ ਦਸੋ ਦਿਸ਼ਾ ਵਿਚ ਪ੍ਰਗਟ ਹੋ ਜਾਂਦਾ ਹੈ॥੪॥

ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥ ਜਿਸ ਕਾ ਸਾਸੁ ਨ ਕਾਢਤ ਆਪਿ॥ ਤਾ ਕਉ ਰਾਖਤ ਦੇ ਕਰਿ ਹਾਥ॥ ਮਾਨਸ ਜਤਨ ਕਰਤ ਬਹੁ ਭਾਤਿ॥

(ਜੇ ਪ੍ਰਭੂ) ਨਿੱਕੀ ਕੀੜੀ ਵਿਚ (ਅਪਣੀ) ਕਲਾ (ਸ਼ਕਤੀ) ਰਖ ਦੇਵੇ (ਤਦ ਓਹ) ਕ੍ਰੋੜਾਂ ਲੱਖਾਂ ਲਸ਼ਕਰਾਂ ਨੂੰ ਭਸਮ ਕਰ ਸਕਦੀ ਹੈ[4] (ਪਰ) ਜਿਸ ਦਾ ਸੁਾਸ (ਪ੍ਰਭੂ ਆਪ ਨਾ ਕੱਢਣਾ (ਚਾਹੇ[5]) ਉਸ ਨੂੰ ਹੱਥ ਦੇ ਕੇ ਰੱਖ ਲੈਂਦਾ ਹੈ। ਮਾਨੁਖ ਕਈ ਤਰ੍ਹਾਂ ਦੇ ਜਤਨ (ਆਪੇ) ਕਰਦਾ

---

੧. ਠਾਕੁਰ ਦਾ ਸੇਵਕ ਨਾਲ ਵਰਤਾਉ ਚਲ ਰਿਹਾ ਹੈ।

੨. ਸਰਪਰ=ਸਰਵਥਾ, ਨਿਸਚੇ, ਸਦਾ ਜ਼ਰੂਰ, ਹਰਹਾਲ।

੩. ਭਾਵ, ਉਸ ਸੇਵਕ ਦੀ ਜਿਸ ਦਾ ਵਰਣਨ ਪਦ ੧ ਤੋਂ ਚਲ ਰਿਹਾ ਹੈ। 'ਗਤਿ ਮਿਤੀ' ਪਦ ਲਈ ਦੇਖੋ ਅਸਟਪਦੀ ੩ ਪਉੜੀ ੭ ਪੰਨਾ ੨੮੦ ਦੀ ਹੇਠਲੀ ਟੂਕ -੧-।

੪. 'ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥' (ਮਾਝ ਵਾਰ-੧੪: ਸਲੋਕ ਮ:੧।

੫. ਭਾਵ, ਜਿਸ ਨੂੰ ਮਾਰਨਾ ਨਾ ਚਾਹੇ।

ਤਿਸਕੇ ਕਰਤਬ ਬਿਰਥੇ ਜਾਤਿ॥
ਮਾਰੈ ਨ ਰਾਖੈ ਅਵਰੁ ਨ ਕੋਇ॥
ਸਰਬ ਜੀਆ ਕਾ ਰਾਖਾ ਸੋਇ॥
ਕਾਹੇ ਸੋਚ ਕਰਹਿ ਰੇ ਪ੍ਰਾਣੀ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ॥੫॥

ਹੈ ਉਸ ਦੇ ਕਰਤਬ ਬਿਰਥੇ ਜਾਂਦੇ ਹਨ[1] (ਹੋਰ ਕੋਈ) ਨਾ ਮਾਰ ਸਕਦਾ ਹੈ ਨਾਂ ਬਚਾ ਸਕਦਾ ਹੈ (ਐਸਾ) ਹੋਰ ਕੋਈ ਹੈ ਹੀ ਨਹੀਂ। ਸਾਰੇ ਜੀਆਂ ਦਾ ਰੱਖਣੇ ਵਾਲਾ ਓਹੋ (ਆਪ) ਹੈ। (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ) ਹੇ ਪ੍ਰਾਣੀ! ਕਿਉਂ ਸੋਚਾਂ (ਫਿਕਰ) ਕਰਦਾ ਹੈਂ? ਜੋ (ਅਲਖ=) ਮਨ ਬੁੱਧੀ ਤੋਂ ਪਰੇ ਹੈ, ਜੋ (ਵਿਡਾਣੀ=) ਅਚਰਜ ਰੂਪ ਹੈ (ਉਸ) ਪ੍ਰਭੂ ਨੂੰ ਜਪ (ਭਾਵ ਹੋਰ ਸੋਚਾਂ ਕਰਨ ਦੀ ਥਾਂ ਉਸ ਨੂੰ ਯਾਦ ਕਰ)॥੫॥

ਬਾਰੰਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥ ਨਾਮੁ ਧਨੁ ਨਾਮੋ ਰੂਪੁ ਰੰਗੁ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ॥ ਨਾਮ ਰਸਿ ਜੋ ਜਨ ਤ੍ਰਿਪਤਾਨੇ॥ ਮਨ ਤਨ ਨਾਮਹਿ ਨਾਮਿ ਸਮਾਨੇ॥ ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥੬॥

[2]ਘੜੀ ਮੁੜੀ, ਘੜੀ ਮੁੜੀ ਪ੍ਰਭੂ ਨੂੰ ਜਪੀਏ[3] (ਧਿਆਈਏ), ਇਸ ਅੰਮ੍ਰਿਤ ਨੂੰ ਪੀਕੇ ਮਨ ਤੇ ਤਨ (ਦੋਹਾਂ ਨੂੰ) ਤ੍ਰਿਪਤ ਕਰ ਲਈਏ। ਨਾਮ ਰਤਨ ਜਿਸ ਗੁਰਮੁਖ ਨੇ ਪਾ ਲਿਆ ਹੈ, ਉਸ ਨੂੰ ਫੇਰ ਹੋਰ ਕੁਝ ਨਹੀਂ ਦਿੱਸਿਆ (ਭਾਵ ਨਾਮ ਤੁੱਲ ਉਸ ਨੂੰ ਫੇਰ ਹੋਰ ਕੁਝ ਨਹੀਂ ਲੱਗਾ, ਫੇਰ ਤਾਂ) ਨਾਮ ਹੀ (ਉਸ ਦਾ) ਧਨ ਹੈ, ਨਾਮ ਹੀ (ਉਸ ਦਾ) ਰੂਪ ਰੰਗ (ਸੁੰਦਰਤਾ) ਹੈ, ਨਾਮ ਹੀ (ਉਸ ਦਾ) ਸੁਖ (ਤੇ) ਹਰੀ ਨਾਮ ਦਾ ਹੀ (ਉਸ ਨੂੰ ਫੇਰ) ਸਤਿਸੰਗ (ਰਹਿੰਦਾ ਹੈ)। (ਗਲ ਕੀ) ਨਾਮ ਰਸ ਵਿਚ ਜੋ ਪੁਰਖ ਤ੍ਰਿਪਤ ਹੋਏ ਹਨ, ਮਨ (ਕਰਕੇ) ਤਨ (ਕਰਕੇ) ਨਾਮ ਹੀ ਨਾਮ ਵਿਚ ਸਮਾਏ (ਰਹਿੰਦੇ) ਹਨ। ਹੇ ਨਾਨਕ! (ਐਉਂ ਹੀ) ਕਹੁ (ਕਿ) ਜਨ ਦਾ ਸਦਾ ਦਾ ਕੰਮ (ਹੀ) ਇਹ (ਹੋ ਜਾਂਦਾ) ਹੈ, (ਕਿ ਉਹ) ਉਠਦਿਆਂ, ਬੈਠਦਿਆਂ ਸੌਂਦਿਆਂ ਨਾਮ (ਅਰਾਧਨ ਵਿਚ ਰਹਿੰਦਾ ਹੈ)॥੬॥

ਬੋਲਹੁ ਜਸੁ ਜਿਹਬਾ ਦਿਨੁ ਰਾਤਿ॥
ਪ੍ਰਭਿ ਅਪਨੈ ਜਨ ਕੀਨੀ ਦਾਤਿ॥
ਕਰਹਿ ਭਗਤਿ ਆਤਮ ਕੈ ਚਾਇ॥
ਪ੍ਰਭ ਅਪਨੇ ਸਿਉ ਰਹਹਿ ਸਮਾਇ॥

(ਤਾਂ ਤੇ ਹੇ ਪਿਆਰਿਓ!) ਦਿਨ ਰਾਤ (ਪ੍ਰਭੂ ਦੇ) ਜਸ ਨੂੰ ਹੀ ਰਸਨਾਂ ਨਾਲ ਉਚਾਰੋ। (ਕਿਉਂਕਿ ਇਹ) ਦਾਤ (ਹੈ ਜੋ) ਪ੍ਰਭੂ ਨੇ ਅਪਣੇ ਦਾਸਾਂ ਨੂੰ ਦਿੱਤੀ ਹੈ। (ਪ੍ਰਭੂ ਦੇ ਜਨ) ਆਤਮਾ ਦੀ ਖੁਸ਼ੀ (=ਮਨ ਦੇ ਉਤਸ਼ਾਹ) ਨਾਲ ਭਗਤੀ ਕਰਦੇ ਹਨ[4] (ਤੇ) ਅਪਣੇ ਪ੍ਰਭੂ ਦੇ ਨਾਲ ਸਮਾਏ ਰਹਿੰਦੇ ਹਨ।

---

੧. ਭਾਵ, ਜੇ ਪਰਮੇਸ਼ਰ ਕਿਸੇ ਨੂੰ ਬਚਾਉਂਦਾ ਚਾਹੇ ਤਾਂ ਉਸ ਨੂੰ ਬਚਾ ਲੈਂਦਾ ਹੈ, ਪਰ ਜੇ ਮਨੁਖ ਕਿਸੇ ਦੀ ਜਾਨ ਬਚਾਉਣ ਦਾ ਆਪੂੰ ਜਤਨ ਕਰੇ ਤੇ ਪਰਮੇਸ਼ੁਰ ਦੀ ਮਰਜ਼ੀ ਨਾ ਹੋਵੇ ਤਾਂ ਉਸ ਦੇ ਜਤਨ ਬਿਰਥੇ ਜਾਂਦੇ ਹਨ।

੨. ਹੁਣ ਨਾਮ ਦਾ ਫਲ ਤੁਰਿਆ, ਜਿਸ ਦੁਆਰਾ 'ਸੇਵਕ' ਬਣਦਾ ਹੈ।

੩. ਅਥਵਾ, ਮਨ ਬਾਣੀ ਸ਼ਰੀਰ ਨਾਲ ਜਪੀਏ। (ਸੰਪ੍ਰ:।)

੪. ਭਾਵ, ਨਿਸ਼ਕਾਮ ਭਗਤੀ।

ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥ ਤਿਸਕੀ ਮਹਿਮਾ ਕਉਨ ਬਖਾਨਉ॥ ਤਿਸਕਾ ਗੁਨੁ ਕਹਿ ਏਕ ਨ ਜਾਨਉ॥ ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥੭॥

ਜੋ ਹੋ ਬੀਤਿਆ, ਜੋ) ਹੋ ਰਿਹਾ ਹੈ, (ਜੋ ਹੋਵੇਗਾ) ਉਸ ਨੂੰ ਜਾਣਦੇ ਹਨ ਤੇ ਪਛਾਣਦੇ ਹਨ (ਕਿ ਸਭ ਸਾਡੇ) ਅਪਣੇ ਪ੍ਰਭੂ ਦੇ ਹੁਕਮ ਵਿਚ ਹੈ[1]। ਉਸ (ਜਨ) ਦੀ (ਕਿਹੜੀ) ਕਿਹੜੀ ਮਹਿਮਾ ਵਰਣਨ ਕਰਾਂ? (ਮੈਂ ਤਾਂ) ਉਸ ਦਾ ਇਕ ਗੁਣ ਬੀ ਕਹਿ ਨਹੀਂ ਜਾਣਦਾ। ਕਹੁ ਹੇ ਨਾਨਕ! ਕਿ (ਜੋ ਜਨ) ਅੱਠੇ ਪਹਿਰ ਪ੍ਰਭੂ ਦੇ ਹਜ਼ੂਰ ਵਸਦੇ ਹਨ, ਓਹੋ ਪੂਰਨ ਪੁਰਖ ਹਨ॥੭॥

ਮਨ ਮੇਰੇ ਤਿਨਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥ ਤਿਸਕੀ ਸਰਨਿ ਸਰਬ ਸੁਖ ਪਾਵਹਿ॥ ਤਿਸਕੈ ਦਰਸਿ ਸਭ ਪਾਪ ਮਿਟਾਵਹਿ॥ ਅਵਰ ਸਿਆਨਪ ਸਗਲੀ ਛਾਡੁ॥ ਤਿਸੁ ਜਨ ਕੀ ਤੂ ਸੇਵਾ ਲਾਗੁ॥ ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥੮॥੧੭॥

ਹੇ ਮੇਰੇ ਮਨ! ਉਨ੍ਹਾਂ (ਅਠ ਪਹਿਰ ਹਜ਼ੂਰੀ ਵਿਚ ਵੱਸਣ ਵਾਲਿਆਂ) ਦੀ ਓਟ ਲੈ, ਮਨ ਤੇ ਤਨ ਅਪਣਾ ਉਨ੍ਹਾਂ ਜਨਾਂ ਨੂੰ ਅਰਪ। (ਸਮਝ ਲੈ ਕਿ) ਜਿਸ ਜਨ ਨੇ ਆਪਣਾ ਪ੍ਰਭੂ ਪਛਾਣ ਲਿਆ ਹੈ, ਉਹੋ ਪੁਰਖ ਸਭ ਪਦਾਰਥਾਂ ਦਾ ਦਾਤਾ ਹੁੰਦਾ ਹੈ। ਉਸੇ (ਦਾਤੇ) ਦੀ ਸ਼ਰਨ (ਪੈਕੇ ਤੂੰ) ਸਾਰੇ ਸੁਖ ਪਾਵੇਂਗਾ, ਓਸੇ ਦੇ ਦਰਸ਼ਨ ਨਾਲ (ਤੂੰ ਅਪਣੇ) ਸਾਰੇ ਪਾਪਾਂ ਨੂੰ ਮਿਟਾ ਲਵੇਂਗਾ।

(ਕਹਿੰਦੇ ਹਨ ਗੁਰੂ) ਨਾਨਕ, ਹੋਰ ਸਾਰੀ ਸਿਆਣਪ ਤੂੰ ਛਡ ਦੇਹ, ਉਸ ਪੁਰਖ ਦੀ ਸੇਵਾ ਵਿਖੇ ਲਗ ਪਉ, (ਹਾਂ) ਉਸੇ ਪੁਰਖ ਦੇ ਸਦਾ ਪੈਰ ਪੂਜ (ਤਾਂ ਜੋ) ਤੇਰਾ ਆਉਣ ਜਾਣ (ਫੇਰ) ਨਾ ਹੋਵੇ॥੮॥੧੭॥

ਸਲੋਕੁ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥ ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥੧॥

ਹੇ ਨਾਨਕ! ਜਿਸ ਨੇ ਸਤਿ ਪੁਰਖ (ਵਾਹਿਗੁਰੂ) ਨੂੰ ਜਾਣ ਲਿਆ ਹੈ ਉਸ ਦਾ ਨਾਮ ਸਤਿਗੁਰੂ ਹੈ। ਉਸੇ ਦੇ ਸਤਿਸੰਗ ਨਾਲ ਸਿੱਖ ਮੁਕਤੀ ਪਾਉਂਦਾ ਹੈ, ਇਸ ਕਰ ਕੇ (ਉਸ ਦੇ ਸਤਿਸੰਗ ਵਿਚ) ਪਰਮੇਸ਼ੁਰ ਦੇ ਗੁਣ ਗਾਂਵਿਆਂ ਕਰ॥੧॥

ਅਸਟਪਦੀ॥ ਸਤਿਗੁਰੁ ਸਿਖ ਕੀ

(ਜਿਵੇਂ 'ਸੇਵਕ ਕਉ ਪ੍ਰਭ ਪਾਲਣਹਾਰ'[2]

੧. ਐਉਂ ਬੀ ਕਰਦੇ ਹਨ-ਜੋ ਹੋਇਆ ਹੇ ਉਸ ਨੂੰ ਜਾਣਦੇ ਹਨ ਕਿ ਪਿਆ ਹੁੰਦਾ ਹੈ। ਭਾਵ (ਹੋਣ ਦਿਓ ਕਿਉਂਕਿ ਹੁੰਦੇ ਨੂੰ ਓਹ) ਆਪਣੇ ਪ੍ਰਭੂ ਦਾ ਹੁਕਮ ਪਛਾਣਦੇ ਹਨ। ਭਾਵ ਲਗ ਪਗ ਇਕੋ ਹੈ।

੨. ਦੇਖੋ ਇਸ ਤੋਂ ਪਹਿਲੀ ਅਸਟਪਦੀ ਦੀ ਪਉੜੀ ੩।

 www.sikhbookclub.com

ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥ ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥ ਸਤਿਗੁਰ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥

ਹੈ ਤਿਵੇਂ) ਸਤਿਗੁਰੂ (ਬੀ) ਸਿੱਖ ਦੀ ਪ੍ਰਤਿਪਾਲਾ ਕਰਦਾ ਹੈ[1]। ਗੁਰੂ (ਅਪਣੇ) ਸੇਵਕ ਪਰ ਸਦਾ ਦਿਆਲ (ਹੁੰਦਾ ਹੈ)। ਗੁਰੂ (ਅਪਣੇ) ਸੇਵਕ ਦੀ ਖੋਟੀ ਬੁੱਧੀ ਦੀ ਮੈਲ ਨੂੰ ਦੂਰ ਕਰਦਾ ਹੈ (ਅਤੇ ਸਿਖ) ਗੁਰੂ ਦੇ ਉਪਦੇਸ਼ ਦੁਆਰਾ ਪਰਮੇਸ਼ੁਰ ਦੇ ਨਾਮ ਨੂੰ ਉਚਾਰਦਾ ਹੈ। ਸਤਿਗੁਰੂ ਸਿੱਖ ਦੇ ਬੰਧਨ ਕੱਟਦਾ ਹੈ, ਗੁਰੂ ਕਾ ਸਿੱਖ (ਗੁਰੂ ਦੇ ਉਪਦੇਸ਼ ਨਾਲ) ਵਿਕਾਰਾ ਤੋਂ ਟਲ ਜਾਂਦਾ ਹੈ। ਸਤਿਗੁਰੂ ਸਿਖ ਨੂੰ ਨਾਮ ਦਾ ਧਨ ਦੇਂਦਾ ਹੈ, (ਇਸ ਧਨ ਨਾਲ) ਗੁਰੂ ਦਾ ਸਿਖ ਵਡੇ ਭਾਗਾਂ ਵਾਲਾ ਹੋ ਜਾਂਦਾ ਹੈ। ਸਤਿਗੁਰੂ (ਅਪਣੇ) ਸਿਖ ਦਾ ਲੋਕ ਪ੍ਰਲੋਕ ਸਵਾਰ ਦੇਂਦਾ ਹੈ। (ਕਹਿੰਦੇ ਹਨ ਗੁਰੂ) ਨਾਨਕ (ਜੀ) ਸਤਿਗੁਰੂ (ਅਪਣੇ) ਸਿਖ ਨੂੰ (ਅਪਣੇ) ਜੀ ਦੇ ਨਾਲ ਸਮ੍ਹਾਲਦਾ ਹੈ[2]॥੧॥

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥ ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥ ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

ਜੋ ਸੇਵਕ ਗੁਰੂ ਦੇ ਘਰ ਵਿਚ (ਆ) ਰਹੇ[3], (ਉਸਨੂੰ ਚਾਹੀਦਾ ਹੈ ਕਿ) ਗੁਰੂ ਦੀ ਆਗਯਾ ਨੂੰ ਮਨੋ ਹੋਕੇ ਮੰਨੇ (ਅਰ) ਅਪਣੇ ਆਪ ਨੂੰ ਕੁਛ ਕਰਕੇ ਨਾ ਜਣਾਵੇ ਤੇ ਪਰਮੇਸ਼ੁਰ ਦਾ ਨਾਮ ਸਦੀਵ ਰਿਦੇ ਵਿਚ ਧਿਆਉਂਦਾ ਰਹੇ। (ਅਰ) ਅਪਣਾ ਮਨ ਸਤਿਗੁਰਾਂ ਪਾਸ ਵੇਚ ਦੇਵੇ (ਭਾਵ ਹਉਂ ਨਾ ਰਖੇ), ਉਸ ਸੇਵਕ ਦੇ ਕੰਮ ਰਾਸ ਹੁੰਦੇ ਹਨ।

(ਐਉਂ ਜੋ) ਸੇਵਾ ਕਰਦਾ ਹੋਇਆ ਕਾਮਨਾ ਤੋਂ ਰਹਿਤ ਹੋ ਜਾਂਦਾ ਹੈ[4] ਉਸ ਨੂੰ ਅਕਾਲ ਪੁਰਖ ਪ੍ਰਾਪਤ ਹੁੰਦਾ ਹੈ। (ਪਰ) ਹੇ ਨਾਨਕ! (ਪ੍ਰਭੂ) ਅਪਣੀ ਕ੍ਰਿਪਾ ਜਿਸ ਪਰ ਕਰਦਾ ਹੈ, ਉਹੀ ਸੇਵਕ ਗੁਰੂ ਦੀ ਮਤਿ ਲੈਂਦਾ ਹੈ॥੨॥

---

੧. ਪ੍ਰਤਿਪਾਲਨਾ=ਪਾਲਨਾ, ਰਖਯਾ ਕਰਨੀ।

੨. ਮਾਂ ਜਿਵੇਂ ਬੱਚੇ ਦੀ ਸਮ੍ਹਾਲ ਕਰਦੀ ਹੈ।

੩. ਜਗਯਾਸੂ ਕਈ ਤਰ੍ਹਾਂ ਦੇ ਹਨ, ਇਕ ਆਕੇ ਸਿਖਯਾ ਲੈਕੇ ਟੁਰ ਜਾਂਦੇ ਹਨ, ਇਕ ਚਰਨ ਸ਼ਰਨ ਰਹਿਕੇ ਸਿਖਯਾ ਪਾਉਂਦੇ ਹਨ।

੪. ਕਾਹੂ ਫਲ ਕੀ ਇਛਾ ਨਹੀ ਬਾਛੈ॥

ਬੀਸ ਬਿਸਵੇ ਗੁਰਕਾ ਮਨੁ ਮਾਨੈ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥ ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥ ਸਰਬ ਨਿਧਾਨ ਜੀਅ ਕਾ ਦਾਤਾ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥ ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥ ਸਹਸ ਸਿਆਨਪ ਲਇਆ ਨ ਜਾਈਐ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ॥੩॥

(ਜਿਸ ਸੇਵਕ ਪੁਰ) ਗੁਰੂ ਦਾ ਮਨ ਵੀਹ ਵਿਸਵੇ (=ਪੂਰਾ ਪੂਰਾ) ਪਤੀਜ ਜਾਂਦਾ ਹੈ[1] ਉਹੀ ਸੇਵਕ ਪਰਮੇਸ਼ੁਰ ਦੇ ਗਜਾਨ[2] ਨੂੰ ਜਾਣ ਲੈਂਦਾ ਹੈ। ਸਤਿਗੁਰੂ ਉਹ ਹੈ, ਜਿਸ ਦੇ ਹਿਰਦੇ ਵਿਚ ਪਰਮੇਸ਼ੁਰ ਦਾ ਨਾਮ (ਸਥਿਤ) ਹੈ, (ਐਸੇ) ਗੁਰੂ ਤੋਂ (ਮੈਂ) ਅਨੇਕ ਵਾਰ ਬਲਿਹਾਰਨੇ ਜਾਂਦਾ ਹਾਂ। (ਉਹ ਗੁਰੂ) ਸਭ ਖਜ਼ਾਨਿਆਂ ਦਾ (ਦਾਤਾ ਹੈ, ਉਹੋ ਹੀ) ਜੀਅਦਾਨ (ਦੇਣ ਵਾਲਾ) ਦਾਤਾ ਹੈ, (ਉਹ) ਅਠੇ ਪਹਿਰ ਪਰਮੇਸ਼ੁਰ ਦੇ ਪ੍ਰੇਮ ਵਿਚ ਰੱਤਾ ਰਹਿੰਦਾ ਹੈ। (ਉਹ ਗੁਰੂ ਐਸਾ) ਭਗਤ ਹੈ[3] ਕਿ ਬ੍ਰਹਮ ਵਿਚ (ਸਮਾਇਆ ਰਹਿੰਦਾ) ਹੈ। (ਅਤੇ) ਬ੍ਰਹਮ (ਅਪਣੇ) ਉਸ ਭਗਤ ਵਿਚ (ਸਮਾਇਆ ਰਹਿੰਦਾ ਹੈ)। (ਇਸ ਵਿਚ) ਕੁਛ ਸੰਸਾ ਨਹੀਂ (ਦੋਹਾਂ ਰੂਪਾਂ ਵਿਚ) ਇਕੋ ਆਪ ਹੀ ਹੈ। (ਪਰ) ਹੇ ਨਾਨਕ! ਹਜ਼ਾਰਾਂ ਸਿਆਣਪਾਂ ਨਾਲ ਐਸਾ ਗੁਰੂ ਪ੍ਰਾਪਤ ਨਹੀਂ ਹੋ ਸਕਦਾ, ਵੱਡੇ ਭਾਗਾਂ ਨਾਲ ਹੀ (ਉਹ) ਪਾਈਦਾ ਹੈ॥੩॥

ਸਫਲ ਦਰਸਨੁ ਪੇਖਤ ਪੁਨੀਤ॥ ਪਰਸਤ ਚਰਨ ਗਤਿ ਨਿਰਮਲ ਰੀਤਿ॥ ਭੇਟਤ ਸੰਗਿ ਰਾਮ ਗੁਨ ਰਵੇ॥ ਪਾਰਬ੍ਰਹਮ ਕੀ ਦਰਗਹ ਗਵੇ॥ ਸੁਨਿ ਕਰਿ ਬਚਨ ਕਰਨ ਆਘਾਨੇ॥ ਮਨਿ ਸੰਤੋਖੁ ਆਤਮ ਪਤੀਆਨੇ॥ ਪੂਰਾ ਗੁਰੁ ਅਖੵਉ ਜਾ ਕਾ ਮੰਤ੍ਰ॥ ਅੰਮ੍ਰਿਤ ਦ੍ਰਿਸਟਿ

(ਐਸੇ ਗੁਰੂ ਦਾ ਦਰਸ਼ਨ) ਸਫਲ ਦਰਸ਼ਨ ਹੈ (ਕਿਉਂਕਿ ਉਸ ਨੂੰ) ਦੇਖਕੇ ਹੀ ਪਵਿਤ੍ਰ (ਹੋ ਜਾਈਦਾ ਹੈ ਅਤੇ ਉਸਦੇ) ਚਰਨ ਸਪਰਸ਼ ਕਰਨ ਨਾਲ ਨਿਰਮਲ ਰੀਤੀ ਪ੍ਰਾਪਤ ਹੁੰਦੀ ਹੈ[4]। (ਉਸਦਾ) ਸਤਿਸੰਗ ਕਰਨੇ ਨਾਲ (ਸੇਵਕ) ਰਾਮ ਦੇ ਗੁਣ ਗਾਉਂਦਾ ਹੈ (ਜਿਸ ਨਾਲ ਕਿ ਉਹ) ਪਾਰਬ੍ਰਹਮ ਦੀ ਦਰਗਾਹ ਨੂੰ ਪ੍ਰਾਪਤ ਹੁੰਦਾ ਹੈ। (ਐਸੇ ਗੁਰੂ ਦੇ) ਬਚਨ ਸੁਣਨੇ ਨਾਲ ਕੰਨ ਤ੍ਰਿਪਤ ਹੋ ਜਾਂਦੇ ਹਨ, ਮਨ ਵਿਚ ਸੰਤੋਖ (ਆ ਜਾਂਦਾ ਤੇ) ਆਤਮਾ ਪਤੀਜ ਜਾਂਦਾ ਹੈ। (ਹਾਂ ਇਹੋ ਹੈ) ਪੂਰਾ ਗੁਰੂ, ਜਿਸਦਾ (ਦਿੱਤਾ ਨਾਮ) ਮੰਤ੍ਰ (ਕਦੇ) ਬ੍ਰਿਥਾ[5]

---

੧. ਕਿ ਸੇਵਕ ਜੋਗ ਹੋ ਗਿਆ ਹੈ।

੨. ਗਤਿ=ਗਜਾਨ, ਪ੍ਰਾਪਤੀ ਦੀ ਡੌਲ; ਉਸ ਤੱਕ ਪਹੁੰਚ ਦਾ ਪ੍ਰਕਾਰ। ੩. ਜਨ=ਭਗਤ।

੪. ਗਤਿ=ਪ੍ਰਾਪਤ ਹੁੰਦੀ ਹੈ। ਨਿਰਮਲ ਰੀਤਿ=ਮੈਲ ਰਹਿਤ (ਪਵਿਤ੍ਰ) ਜੀਵਨ ਬਸਰ ਕਰਨ ਦਾ ਤ੍ਰੀਕਾ। (ਅ) ਗਤਿ ਨਿਰਮਲ ਰੀਤਿ=ਮੁਕਤੀ ਦੀ ਨਿਰਮਲ ਰੀਤੀ।

੫. ਸੰਸ:,ਅਕਸ਼ਯ। ਪ੍ਰਾਕ੍ਰਿ:, ਅਕਖਯ। ਪੰਜਾ:,ਅਖਯ, ਅਖੈ=ਜੋ ਸੁਕੇ ਨਾ, ਨਾਸ਼ ਨਾ ਹੋਵੇ। ਸੋ ਅਖੈ ਦਾ ਭਾਵ ਹੈ ਜੋ ਅਸਰ ਕੀਤੇ ਬਿਨਾ ਬ੍ਰਿਥਾ ਨਾ ਚਲਾ ਜਾਵੇ। (ਅ) ਅਖਯ ਕਰ ਦੇਣ ਵਾਲਾ। (ਸੰਪਦ੍ਰਾ।

ਪੇਖੈ ਹੋਇ ਸੰਤ॥
ਗੁਣ ਬਿਅੰਤ ਕੀਮਤਿ ਨਹੀ ਪਾਇ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ॥੪॥

ਨਹੀਂ ਜਾਂਦਾ। (ਜਿਸਨੂੰ ਓਹ ਅਪਣੀ) ਅੰਮ੍ਰਿਤ ਦ੍ਰਿਸ਼ਟੀ ਨਾਲ ਦੇਖਦਾ ਹੈ (ਓਹ ਜੀਵ) ਸੰਤ ਹੋ ਜਾਂਦਾ ਹੈ, (ਐਸੇ ਗੁਰੂ ਦੇ) ਗੁਣ ਬਿਅੰਤ ਹਨ (ਜਿਨ੍ਹਾਂ ਦਾ) ਮੁੱਲ ਨਹੀਂ ਪਾਯਾ ਜਾ ਸਕਦਾ। ਹੇ ਨਾਨਕ! ਜਿਸਨੂੰ ਭਾਵੇ ਉਸਨੂੰ (ਵਾਹਿਗੁਰੂ) ਮਿਲਾ ਲੈਂਦਾ ਹੈ (ਐਸੇ ਗੁਰੂ ਨਾਲ)[੧]॥੪॥

ਆਪਣੇ ਸਤਿਗੁਰੂ ਦੀ ਤੇ ਪ੍ਰਭੂ ਦੀ ਵਡਿਆਈ:-

ਜਿਹਬਾ ਏਕ ਉਸਤਤਿ ਅਨੇਕ॥
ਸਤਿ ਪੁਰਖ ਪੂਰਨ ਬਿਬੇਕ॥
ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾਕੀ ਕੀਮਤਿ ਕਿਨੈ ਨ ਪਾਈ॥
ਅਨਿਕ ਭਗਤ ਬੰਦਨ ਨਿਤ ਕਰਹਿ॥
ਚਰਨ ਕਮਲ ਹਿਰਦੈ ਸਿਮਰਹਿ॥
ਸਦ ਬਲਿਹਾਰੀ ਸਤਿਗੁਰ ਅਪਨੇ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਾਪਨੇ॥੫॥

ਨੌਵੀਂ ਦਸਵੀਂ ਤੁਕ ਦਾ ਅਰਥ ਪਹਿਲੋਂ ਲਗਦਾ ਹੈ:- ੯. ੧੦. ਸੋ ਹੇ ਨਾਨਕ! (ਮੈਂ) ਅਪਣੇ ਸਤਿਗੁਰੂ ਤੋਂ ਸਦਾ ਬਲਿਹਾਰ ਹਾਂ, ਜਿਸ ਦੀ ਕ੍ਰਿਪਾ ਨਾਲ (ਕਿ ਮੈਂ) ਐਸੇ ਪ੍ਰਭੂ ਦਾ ਜਪ ਕਰ ਰਿਹਾ ਹਾਂ ੧. (ਜਿਸ ਪ੍ਰਭੂ ਦੀਆਂ) ਸਿਫਤਾਂ ਅਨੇਕ ਹਨ, (ਪਰ ਮੇਰੀ) ਜੀਭ ਇਕੋ ਹੈ (ਜੋ ਸਾਰੇ ਗੁਣ ਗਾਉਣੋਂ ਅਸਮਰਥ ਹੈ। ਉਹ) ਸਤਜ ਹੈ, ਸਾਰੇ ਵ੍ਯਾਪਕ ਹੈ ਤੇ ਪੂਰਨ ਗ੍ਯਾਨ ਸਰੂਪ ਹੈ। ਕਿਸੇ ਕਥਨ ਦ੍ਵਾਰਾ ਪ੍ਰਾਣੀ (ਉਸਨੂੰ) ਪਹੁੰਚ ਨਹੀਂ ਸਕਦਾ। (ਉਹ) ਪ੍ਰਭੂ (ਮਨ ਬਾਣੀ ਦੀ) ਗੰਮਤਾ ਤੋਂ ਪਰੇ ਹੈ, ਇੰਦ੍ਰੀਆਂ ਦਾ ਵਿਸ਼ਾ ਨਹੀਂ ਤੇ ਨਿਰਗੁਣ ਹੈ। ਅਹਾਰ ਤੋਂ ਰਹਿਤ ਹੈ (ਭਾਵ ਖਾਨ ਪਾਨ ਆਦਿ ਵਿਕਾਰਾਂ ਤੋਂ ਰਹਿਤ[੨] ਹੈ) ਵੈਰ ਕਿਸੇ ਨਾਲ ਨਹੀਂ ਕਰਦਾ, (ਸਗੋਂ ਸਭ ਨੂੰ) ਸੁਖ ਦੇਣੇ ਵਾਲਾ ਹੈ। (ਪਰ) ਉਸ ਦਾ ਮੁੱਲ ਕਿਸੇ ਨੇ ਨਹੀਂ ਪਾਇਆ। (ਹਾਂ) ਅਨੇਕਾਂ ਭਗਤ (ਹਨ ਜੋ) ਨਿਤ (ਉਸਨੂੰ ਮੱਥੇ ਟੇਕਦੇ ਹਨ ਤੇ (ਉਸਦੇ) ਚਰਨਾਂ ਕਮਲਾਂ ਨੂੰ ਹਿਰਦੇ ਵਿਚ ਸਿਮਰਦੇ ਹਨ (ਤੇ ਐਉਂ ਆਤਮ ਸੁਖ ਪਾਉਂਦੇ ਹਨ)॥੫॥

ਜਿਸ ਮਹਾਂ ਪੁਰਸ਼ (ਅਰਥਾਤ ਗੁਰਮੁਖ) ਤੋਂ ਭਰਮ ਮੋਹ ਦੇ ਦੁਖ ਦੂਰ ਹੋਣੇ ਹਨ, ਉਸ ਦਾ ਇਸ ਪਦੇ ਵਿਚ ਵਰਣਨ ਹੈ:-

ਇਹੁ ਹਰਿ ਰਸੁ ਪਾਵੈ ਜਨੁ ਕੋਇ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
ਉਸੁ ਪੁਰਖੁ ਕਾ ਨਾਹੀ ਕਦੇ ਬਿਨਾਸ॥

ਇਹ ਹਰੀ ਰਸ (ਜੋ ਸਿਮਰਨ ਨਾਲ ਲੱਭਦਾ ਹੈ) ਕੋਈ (ਵਿਰਲਾ) ਸੇਵਕ ਪ੍ਰਾਪਤ ਕਰਦਾ ਹੈ। (ਪਰ ਜੋ ਪਾ ਲੈਂਦਾ ਹੈ) ਉਹ (ਇਹ) ਅੰਮ੍ਰਿਤ ਪੀਕੇ ਅਮਰ[੩] ਹੋ ਜਾਂਦਾ ਹੈ, (ਹਾਂ) ਉਸ ਪੁਰਸ਼ ਦਾ ਕਦੇ ਨਾਸ਼ ਨਹੀਂ ਹੁੰਦਾ,

---

੧. ਪਿਛਲੀ ਪੌੜੀ ਦੀ ਅੰਤਲੀ ਤੁਕ ਵਾਂਗ ਗੁਰੂ ਮਿਲਾਪ ਇਥੇ ਬੀ ਅਪਣੇ ਵਸੋਂ ਬਾਹਰ ਦੱਸਿਆ ਹੈ।

੨. ਸੰਸ:, ਨਿਰ+ਆਹਾਰ=ਭੋਜਨ ਤੋਂ ਬਿਨਾਂ। ਪ੍ਰਾਕ੍ਰਿਤ, ਆਹਾਰ=ਆਧਾਰ। ਨਿਰ+ਆਧਾਰ=ਆਸਰੇ ਤੋਂ ਬਿਨਾ।

੩. ਜੋ ਕਦੇ ਨਾ ਮਰੇ।

ਜਾਕੈ ਮਨਿ ਪ੍ਰਗਟੇ ਗੁਨ ਤਾਸ॥
ਆਠ ਪਹਰ ਹਰਿ ਕਾ ਨਾਮੁ ਲੇਇ॥
ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ॥
ਮਨ ਮਹਿ ਰਾਖੈ ਹਰਿ ਹਰਿ ਏਕੁ॥
ਅੰਧਕਾਰ ਦੀਪਕ ਪਰਗਾਸੇ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥੬॥

ਜਿਸਦੇ (ਕਿ) ਮਨ ਵਿਚ ਗੁਣਾਂ ਦੇ ਤਾਸ[1] ਆ ਪ੍ਰਗਟਦੇ ਹਨ। (ਐਸਾ ਮਹਾਂ ਪੁਰਖ ਆਪ) ਅਠ ਪਹਿਰ ਪਰਮੇਸ਼ੁਰ ਦਾ ਨਾਮ ਲੈਂਦਾ ਹੈ (ਤੇ ਅਪਣੇ) ਸੇਵਕ ਨੂੰ (ਨਾਮ ਦਾ ਹੀ) ਸੱਚਾ ਉਪਦੇਸ਼ ਦੇਂਦਾ ਹੈ। (ਉਹ ਆਪ) ਮੋਹ ਤੇ ਮਾਇਆ ਦੇ ਸੰਗ ਤੋਂ ਨਿਰਲੇਪ ਰਹਿੰਦਾ (ਹੋਇਆ) ਮਨ ਵਿਚ ਇਕੋ ਹਰੀ ਨੂੰ ਹੀ ਰਖਦਾ ਹੈ (ਤੇ ਦੂਸਰਿਆਂ ਲਈ ਉਹ) ਹਨੇਰੇ ਵਿਚ (ਮਾਨੋ) ਦੀਵਾ ਬਾਲ ਦੇਂਦਾ ਹੈ। ਹੇ ਨਾਨਕ! (ਜਗਤਜਾਸੂਆਂ ਦੇ) ਭਰਮ ਮੋਹ ਤੇ ਦੁਖ ਉਸ (ਹਨੇਰੇ ਵਿਚ ਦੀਪਕ ਬਾਲਣ ਵਾਲੇ ਸਤਿ ਪੁਰਖ) ਤੋਂ ਦੂਰ ਹੁੰਦੇ ਹਨ॥੬॥

ਤਪਤਿ ਮਾਹਿ ਠਾਢਿ ਵਰਤਾਈ॥
ਅਨਦੁ ਭਇਆ ਦੁਖ ਨਾਠੇ ਭਾਈ॥
ਜਨਮ ਮਰਨ ਕੇ ਮਿਟੇ ਅੰਦੇਸੇ॥
ਸਾਧੂ ਕੇ ਪੂਰਨ ਉਪਦੇਸੇ॥ ਭਉ ਚੂਕਾ ਨਿਰਭਉ ਹੋਇ ਬਸੇ॥ ਸਗਲ ਬਿਆਧਿ ਮਨ ਤੇ ਖੈ ਨਸੇ॥ ਜਿਸਕਾ ਸਾ ਤਿਨਿ ਕਿਰਪਾ ਧਾਰੀ॥ ਸਾਧ ਸੰਗਿ ਜਪਿ ਨਾਮੁ ਮੁਰਾਰੀ॥ ਥਿਤਿ ਪਾਈ ਚੂਕੇ ਭ੍ਰਮ ਗਵਨ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ॥੭॥

ਹੇ ਭਾਈ! (ਐਸੇ ਗੁਰੂ ਨੇ ਸਾਡੇ) ਤਪਤ (ਹਿਰਦ) ਵਿਚ[2] ਠੰਢ ਵਰਤਾ ਦਿੱਤੀ ਹੈ (ਹੁਣ) ਦੁੱਖ ਨੱਸ ਗਏ ਹਨ, ਅਨੰਦ ਹੋ ਗਿਆ ਹੈ (ਅਤੇ) ਜਨਮ ਮਰਨ ਦੇ ਖ਼ਤਰੇ ਦੂਰ ਹੋ ਗਏ ਹਨ। (ਹਾਂ ਉਸ ਸਤਿਗੁਰੂ) ਸਾਧੂ ਦੇ ਪੂਰਨ ਉਪਦੇਸ਼ ਕਰਕੇ ਡਰ ਦੂਰ ਹੋ ਗਿਆ ਹੈ ਤੇ ਭੈ ਰਹਿਤ ਹੋਕੇ ਵੱਸ ਰਹੇ ਹਾਂ (ਸਗੋਂ) ਸਾਰੀਆਂ ਵਜਾਧੀਆਂ[3] ਖੈ ਹੋਕੇ ਮਨ ਤੋਂ ਨੱਸ ਗਈਆਂ ਹਨ। ਜਿਸ (ਪ੍ਰਭੂ) ਦਾ (ਇਹ ਜੀਵ) ਸੀ ਉਸਨੇ (ਆਪ ਹੀ) ਕ੍ਰਿਪਾ ਕਰ ਦਿੱਤੀ ਹੈ। (ਸੋ ਹੁਣ ਉਸ) ਸਾਧੂ ਦੇ ਸੰਗ ਦਵਾਰਾ ਪ੍ਰਭੂ ਦਾ ਨਾਮ ਜਪਕੇ, ਹਰੀ ਹਰਿ ਦਾ ਜਸ ਕੰਨਾਂ ਦੁਆਰਾ ਸੁਣਕੇ, ਭਰਮਣਾ ਤੇ ਆਵਾ ਗਉਣ ਚੁਕ ਗਏ ਹਨ ਤੇ ਟਿਕਾਉ ਪ੍ਰਾਪਤ ਹੋ ਗਿਆ ਹੈ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੭॥

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥

ਆਪ (ਪ੍ਰਭੂ) ਨਿਰਗੁਣ[4] (ਪਰ ਉਹੋ ਹੀ

੧. ਗੁਨ ਤਾਸ=ਗੁਣਾਂ ਦਾ ਸੁਆਮੀ, ਗੁਣਾਂ ਦਾ ਖਜ਼ਾਨਾ ਯਾ ਸਮੁੰਦਰ।

੨. ਤਪਤਿ=ਰਾਗ ਦ੍ਵੈਖ ਨਾਲ ਤਪ ਰਹੇ। (ਅ) ਹਿਰਦੇ ਵਿਚ ਵਿਆਪ ਰਹੀ ਤਪਸ਼ ਦੀ ਹਾਲਤ ਵਿਚ।

੩. ਵਜਾਧਿ ਪਦ ਜਦੋਂ ਇਕੱਲਾ ਹੋਵੇ ਤਾਂ ਇਸ ਦਾ ਅਰਥ ਹੈ ਸਰੀਰਕ ਦੁਖ, ਰੋਗ, ਪਰ ਜਦ 'ਮਨ ਦੀ' ਵਜਾਧਿ ਹੋਵੇ ਤੇ 'ਸਗਲ' ਪਦ ਨਾਲ ਪਿਆ ਹੋਵੇ ਤਦ ਇਸ ਵਿਚ ਆਧਿ, ਵਜਾਧਿ, ਉਪਾਧਿ ਸਾਰੇ ਦੁਖ-ਜੋ ਮਨ ਨੂੰ ਸੰਤਾਪ ਦੇਣ ਆ ਗਏ। ਸੋ ਭਾਵ ਹੈ ਮਨ ਤੋਂ ਸਾਰੇ ਸੰਤਾਪ, ਚਾਹੇ ਕਿਸੇ ਦੁਖ ਤੋਂ ਹੋਏ, ਦੂਰ ਹੋ ਗਏ ਹਨ।

੪. ਨਿਰਗੁਣ=ਰੂਪ ਨਾ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ। (ਸੁਖਮਨੀ)

 www.sikhbookclub.com

ਕਲਾ ਧਾਰਿ ਜਿਨਿ ਸਗਲੀ ਮੋਹੀ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ॥
ਅਪੁਨੀ ਕੀਮਤਿ ਆਪੇ ਪਾਏ॥
ਹਰਿ ਬਿਨੁ ਦੂਜਾ ਨਾਹੀ ਕੋਇ॥
ਸਰਬ ਨਿਰੰਤਰਿ ਏਕੋ ਸੋਇ॥
ਓਤਿ ਪੋਤਿ ਰਵਿਆ ਰੂਪ ਰੰਗ॥
ਭਏ ਪ੍ਰਗਾਸ ਸਾਧ ਕੈ ਸੰਗ॥
ਰਚਿ ਰਚਨਾ ਅਪਨੀ ਕਲ ਧਾਰੀ॥
ਅਨਿਕ ਬਾਰ ਨਾਨਕ ਬਲਿਹਾਰੀ॥
੮॥੧੮॥

ਸਰਗੁਣ ਬੀ (ਆਪ) ਹੈ[1]। ਜਿਸ ਨੇ (ਆਪ ਹੀ ਅਪਣੀ ਸ੍ਵੈ ਇਛਾ ਨਾਲ ਨਿਰਗੁਣ ਤੋਂ ਸਰਗੁਣ ਰੂਪ ਵਿਚ ਆਉਣ ਦੀ ਕਲਾ=) ਪ੍ਰਛਿੰਨਤਾ ਧਾਰਨ ਕੀਤੀ[2] (ਤੇ ਇਸ ਵਿਚ) ਸਾਰੀ (ਸ੍ਰਿਸ਼ਟੀ) ਮੋਹਿਤ ਕਰ ਲਈ। [3]ਅਪਣੇ ਖੇਲ ਪ੍ਰਭੂ ਨੇ ਆਪ ਬਣਾਏ ਹਨ (ਇਸ ਲਈ) ਅਪਣੀ (ਰਚੀ ਦੀ ਤੇ ਅਪਣੀ) ਕੀਮਤ ਕੂਤ ਬੀ ਆਪ ਹੀ ਪਾ ਸਕਦਾ ਹੈ। (ਉਸ) ਹਰੀ ਤੋਂ ਬਿਨਾ ਕੋਈ ਦੂਸਰਾ ਨਹੀਂ ਹੈ, ਇਕੋ ਓਹੋ (ਅਪਣੀ ਰਚੀ ਰਚਨਾ ਵਿਚ) ਸਾਰਿਆਂ ਦੇ ਅੰਦਰ) ਅੰਤਰੇ ਤੋਂ ਰਹਿਤ (ਵਿਦਮਾਨ) ਹੈ। (ਹਾਂ) ਤਾਣੇ ਪੇਟੇ ਵਾਂਙ (ਦਿੱਸ ਰਹੇ ਸਾਰੇ) ਵਿਚ ਰੂਪ ਰੰਗ ਹੋਕੇ ਵ੍ਯਾਪਕ ਹੋ ਰਿਹਾ ਹੈ। (ਪਰ ਇਸ ਗ੍ਯਾਨ ਦਾ) ਪ੍ਰਕਾਸ਼ (ਤਾਂ) ਹੁੰਦਾ ਹੈ (ਜੇ) ਸਾਧੂ ਦਾ ਸੰਗ (ਕੀਤਾ ਜਾਵੇ। ਸੋ) ਹੇ ਨਾਨਕ! (ਮੈਂ ਉਸ ਕੌਤਕ ਤੋਂ) ਬਾਰ ਬਾਰ ਬਲਿਹਾਰ ਹਾਂ ਜੋ (ਸ੍ਰਿਸ਼ਟੀ ਦੀ) ਰਚਨਾਂ (ਆਪ) ਰਚਕੇ ਅਪਣੀ ਸ਼ਕਤੀ ਨਾਲ (ਇਸਨੂੰ) ਕਾਯਮ ਰਖ ਰਿਹਾ ਹੈ॥੮॥੧੮॥

ਸਲੋਕੁ॥ ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥੧॥

(ਪ੍ਰਲੋਕ ਵਿਚ ਜੀਵ ਦੇ) ਨਾਲ ਬਿਨਾ ਭਜਨ ਤੋਂ ਕੁਛ ਨਹੀਂ ਜਾਂਦਾ (ਇਸ ਲਈ) ਮਾਇਆ[4] (ਜੋ ਛੱਡ ਜਾਣੀ ਹੈ) ਸਾਰੀ ਸੁਆਹ (ਤੁੱਲ ਨਿਕੰਮੀ) ਹੈ। ਪਰਮੇਸ਼ੁਰ ਦਾ ਨਾਮ (ਰੂਪੀ ਧਨ) ਅਸਲੀ ਧਨ ਹੈ (ਜੋ ਨਾਲ ਜਾਏਗਾ ਇਸ ਲਈ) ਇਸ ਨੂੰ ਕਮਾਉਣਾ ਚਾਹੀਦਾ ਹੈ॥੧॥

---

੧. ਸਰਗੁਣ=ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਵਾਰ ਆਸਾ ਮ:੧)।

੨. ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥ ਪੁਨਾ: ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥ ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ (ਬਿਹਾ:ਮ:੯-੨)। ਕਲਾ=ਹਿੱਸਾ, ਭਾਗ, ਪ੍ਰਛਿੰਨਤਾ (=ਨਾਨਾ ਰੂਪਤਾ)। ਵਿਦ੍ਯਾ, ਗੁਣ, ਪ੍ਰਬੀਨਤਾ। ਸ਼ਕਤੀ, ਖੇਲ। ਦੇਖੋ ਆਸਾ ਦੀ ਵਾਰ ਪਉੜੀ ੧੨, ਸਲੋਕ ਪਹਿਲਾ 'ਅਕਲ ਕਲਾ' ਪਦ ਦੀ ਹੇਠਲੀ ਟੂਕ। (ਅ) (ਉਸੇ ਨੇ) ਅਪਣੀ ਸ਼ਕਤੀ ਧਾਰ ਕੇ ਸਾਰੀ (ਸ੍ਰਿਸ਼ਟੀ) ਮੋਹ ਲਈ ਹੈ।

੩. ਹੁਣ ਇਸ ਮੋਹ ਤੋਂ ਪ੍ਰਕਾਸ਼ ਪ੍ਰਾਪਤੀ ਦਾ ਪ੍ਰਕਾਰ ਦੱਸਦੇ ਹਨ।

੪. 'ਬਿਖਿਆ' ਪਦ ਮਾਯਾ ਦੇ ਅਰਥਾਂ ਵਿਚ ਗੁਰਬਾਣੀ ਵਿਚ ਹੋਰ ਥੇ ਬੀ ਆਯਾ ਹੈ- ਜਿਸੁ ਬਿਖਿਆ ਕਉ ਤੁਮ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ॥੧॥ (ਸਾਰੰਗ ਮ:੪-੬) (ਸੰਸ:,ਵਿਖਯ=ਸੰਸ਼ਾਰਿਕ ਪਦਾਰਥ। ਇੰਦ੍ਰਿਆਂ ਦੁਆਰਾ ਭੋਗੇ ਜਾਣ ਵਾਲੇ ਰਸ)। (ਇਸ ਪਦ ਦੇ ਹੋਰ ਅਰਥ ਏਹ ਹਨ-ਗ੍ਯਾਨੇਂਦ੍ਰਿਆਂ ਦੁਆਰਾ ਜੋ ਜਾਣਿਆਂ ਜਾਏ, ਵਸਤੂ, ਖ੍ਯੇਤ੍ਰ, ਪ੍ਰਸੰਗ, ਸਥਾਨ, ਦੇਸ਼, ਰਾਜ, ਆਸ਼੍ਰਮ ਆਦਿ)।

ਅਸਟਪਦੀ॥ ਸੰਤ ਜਨਾ ਮਿਲਿ ਕਰਹੁ ਬੀਚਾਰੁ॥ ਏਕੁ ਸਿਮਰਿ ਨਾਮ ਆਧਾਰੁ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ॥ ਚਰਨ ਕਮਲ ਰਿਦ ਮਹਿ ਉਰਿਧਾਰਹੁ॥ ਕਰਨ ਕਾਰਨ ਸੋ ਪ੍ਰਭੁ ਸਮਰਥੁ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ॥ ਇਹੁ ਧਨੁ ਸੰਚਹੁ ਹੋਵਹੁ ਭਗਵੰਤ॥ ਸੰਤ ਜਨਾ ਕਾ ਨਿਰਮਲ ਮੰਤ॥ ਏਕ ਆਸ ਰਾਖਹੁ ਮਨ ਮਾਹਿ॥ ਸਰਬ ਰੋਗ ਨਾਨਕ ਮਿਟਿ ਜਾਹਿ॥੧॥

ਸੰਤ ਜਨਾਂ ਨਾਲ ਮਿਲਕੇ ਵੀਚਾਰ ਕਰੋ (ਓਹ ਦੱਸਣਗੇ ਕਿ ਸਾਰ ਵਸਤੂ ਨਾਮ ਹੈ ਸੋ) ਇਕ ਨਾਮ ਨੂੰ ਸਿਮਰੋ (ਤੇ ਇਸੇ ਨੂੰ ਹੀ ਮਨ ਦਾ) ਆਸਰਾ (ਬਣਾਓ)! ਹੇ ਮਿਤ੍ਰ! ਹੋਰ ਸਾਰੇ ਉਪਾਵ ਛੱਡ ਦਿਓ, (ਇਕ ਪਰਮੇਸ਼ੁਰ ਦੇ) ਚਰਨਾਂ ਕਮਲਾਂ ਨੂੰ (ਹੀ) ਹਿਰਦੇ ਵਿਚ ਚੰਗੀ ਤਰ੍ਹਾਂ ਧਾਰਨ ਕਰੋ[1]। ਓਹ ਪ੍ਰਭੂ ਕਰਨੇ ਤੇ ਕਰਾਵਣੇ ਨੂੰ ਸਮਰਥ ਹੈ। (ਇਸ ਲਈ ਉਸੇ) ਹਰੀ ਦੇ ਨਾਮ ਰੂਪੀ ਪਦਾਰਥ ਨੂੰ ਦ੍ਰਿੜ੍ਹ ਕਰਕੇ ਫੜੋ! ਇਸ (ਹਰਿ) ਧਨ ਨੂੰ ਕੱਠਾ ਕਰੋ (ਇਸ ਨਾਲ ਤੁਸੀਂ) ਭਾਗਾਂ ਵਾਲੇ ਬਣ ਜਾਓਗੇ। ਸੰਤ ਜਨਾਂ ਦਾ ਸੁੱਛ ਉਪਦੇਸ਼ (ਇਹੋ) ਹੈ। ਇਕੋ ਆਸ (ਵਾਹਿਗੁਰੂ ਦੀ) ਮਨ ਵਿਚ ਰਖੋ ਤਾਂ (ਤੁਸਾਡੇ) ਸਾਰੇ ਰੋਗ ਮਿਟ ਜਾਣਗੇ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੧॥

ਜਿਸੁ ਧਨੁ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥ ਜਿਸੁ ਸੁਖ ਕਉ ਨਿਤ ਬਾਛਹਿ ਮੀਤ॥ ਸੋ ਸੁਖੁ ਸਾਧੂ ਸੰਗਿ ਪਰੀਤਿ॥ ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥ ਸਾ ਸੋਭਾ ਭਜੁ ਹਰਿ ਕੀ ਸਰਨੀ॥ ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥ ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ॥੨॥

ਹੇ (ਜੀਵ) ਜਿਸ ਧਨ ਨੂੰ (ਲੈਣ ਵਾਸਤੇ ਤੂੰ) ਚਹੁੰ ਕੂੰਟਾਂ ਵੱਲ ਉਠ ਦੌੜਦਾ ਹੈਂ, ਉਹ ਧਨ (ਤੂੰ) ਹਰੀ ਦੀ ਸੇਵਾ ਤੋਂ ਪਾ ਲਵੇਂਗਾ। ਹੇ ਮਿਤ੍ਰ! ਜਿਸ ਸੁਖ ਨੂੰ (ਤੂੰ) ਨਿਤ ਲੋਚਦਾ ਹੈਂ, ਉਹ ਸੁਖ ਸਾਧੂ ਨਾਲ ਪ੍ਰੀਤ (ਕਰਨੇ ਤੇ ਮਿਲਦਾ ਹੈ)। ਜਿਸ ਸ਼ੋਭਾ ਵਾਸਤੇ ਤੂੰ ਭਲੇ ਕੰਮ ਕਰਦਾ ਹੈਂ, ਉਸ ਸੋਭਾ ਲਈ ਹਰੀ ਦੀ ਸ਼ਰਨ ਵਿਚ ਜਾ ਪਉ[2]। ਅਨੇਕ ਉਪਾਵਾਂ ਦੇ ਕਰਨੇ ਨਾਲ ਰੋਗ ਨਹੀਂ[3] ਦੂਰ ਹੁੰਦਾ, (ਪਰ) ਹਰੀ ਰੂਪ ਦੁਵਾਈ ਲਾਉਣੇ ਤੇ ਰੋਗ ਮਿਟ ਜਾਂਦਾ ਹੈ, ਸਾਰੀਆਂ ਨਿਧੀਆਂ ਵਿਚੋਂ ਹਰੀ ਦਾ ਨਾਮ ਹੀ (ਸ੍ਰੇਸ਼ਟ) ਨਿਧੀ ਹੈ[4] (ਐਸੇ ਨਾਮ ਨੂੰ) ਜਪ, (ਕਹਿੰਦੇ ਹਨ ਗੁਰੂ) ਨਾਨਕ, (ਤਾਂ ਜੋ) ਦਰਗਾਹ ਵਿਚ (ਤੂੰ) ਪ੍ਰਵਾਣ (ਪੁਰਖ ਗਿਣਿਆਂ ਜਾਵੇਂ)॥੨॥

---

੧. ਉਰਿ (=ਉਰਮ੍=ਚੰਗਾ, ਬਹੁਤ ਚੰਗਾ) ਚੰਗੀ ਤਰ੍ਹਾਂ ਨਾਲ। ਧਾਰਹੁ=ਧਾਰਨ ਕਰੋ।

੨. ਭਜੁ=ਦੌੜ, ਜਾਹੁ, ਜਾ ਪਉ

੩. ਬੀਮਾਰੀ, ਅਗਜਾਨ ਯਾ ਹਉਮੈ ਦਾ ਰੋਗ। ਪਿਛਲੀ ਪਉੜੀ ਵਿਚ 'ਸਰਬ ਰੋਗ ਨਾਨਕ ਮਿਟਿ ਜਾਹਿ' ਕਹਿ ਆਏ ਹਨ।

੪. ਭਾਵ, ਸਾਰੇ ਕੀਮਤੀ ਪਦਾਰਥਾਂ ਤੇ ਖ਼ਜ਼ਾਨਿਆਂ ਵਿਚੋਂ।

 www.sikhbookclub.com

ਮਨੁ ਪਰਬੋਧਹੁ ਹਰਿਕੈ ਨਾਇ॥
ਦਹ ਦਿਸਿ ਧਾਵਤ ਆਵੈ ਠਾਇ॥
ਤਾਕਉ ਬਿਘਨੁ ਨ ਲਾਗੈ ਕੋਇ॥
ਜਾਕੈ ਰਿਦੈ ਬਸੈ ਹਰਿ ਸੋਇ॥
ਕਲਿ ਤਾਤੀ ਠਾਢਾ ਹਰਿ ਨਾਉ॥
ਸਿਮਰਿ ਸਿਮਰਿ ਸਦਾ ਸੁਖ ਪਾਉ॥
ਭਉ ਬਿਨਸੈ ਪੂਰਨ ਹੋਇ ਆਸ॥
ਭਗਤਿ ਭਾਇ ਆਤਮ ਪਰਗਾਸ॥
ਤਿਤੁ ਘਰਿ ਜਾਇ ਬਸੈ ਅਬਿਨਾਸੀ॥
ਕਹੁ ਨਾਨਕ ਕਾਟੀ ਜਮ ਫਾਸੀ॥੩॥

ਹਰੀ ਦੇ ਨਾਮ ਨਾਲ (ਹੀ ਅਪਣੇ) ਮਨ ਨੂੰ (ਮਾਯਾ ਵਿਸਮਾਦ ਤੋਂ ਜਗਾਕੇ) ਗਜਾਨ ਹੋਸ਼[1] ਵਿਚ ਲਿਆਓ[2] (ਤਾਂ ਜੋ) ਦਸੋ ਦਿਸ਼ਾ ਵਿਚ ਦੌੜਦਾ ਹੋਇਆ (ਇਹ) ਟਿਕਾਣੇ ਬੀ ਆ ਜਾਵੇ (ਕਿਉਂਕਿ) ਜਿਸਦੇ ਹਿਰਦੇ ਵਿਚ ਉਹ ਪ੍ਰਭੂ ਵਸਦਾ ਹੈ ਉਸਨੂੰ ਕੋਈ ਬਿਘਨ ਨਹੀਂ ਲਗਦਾ। ਕਲਿਯੁਗ (ਦੀ ਪਰਵਿਰਤੀ) ਤੱਤੀ ਹੈ[3] ਤੇ ਹਰੀ ਦਾ ਨਾਉਂ ਠੰਢਾ ਹੈ[4] (ਪ੍ਰਭੂ ਨੂੰ) ਸਿਮਰ ਸਿਮਰ ਕੇ ਸਦਾ ਸੁਖ ਪਾਉ, (ਇਸ ਨਾਲ) ਡਰ ਦੂਰ ਹੋ ਜਾਵੇਗਾ ਤੇ ਆਸਾ ਪੂਰਨ ਹੋ ਜਾਵੇਗੀ। ਪ੍ਰੇਮਾ ਭਗਤੀ ਕਰਨੇ ਨਾਲ[5] ਆਤਮ ਪ੍ਰਕਾਸ਼ (ਪ੍ਰਾਪਤ) ਹੁੰਦਾ ਹੈ, (ਅਤੇ ਜੀਵ) ਉਸ ਅਬਿਨਾਸ਼ੀ ਘਰ (ਪਰਮਾਤਮ ਸੂਰੂਪ) ਵਿਚ ਜਾ ਵਸਦਾ ਹੈ (ਕਿ ਜਿਥੇ) ਜਮ ਦੀ ਫਾਸੀ (ਮੂਲੋਂ) ਕੱਟੀ ਜਾਂਦੀ ਹੈ, ਕਹਿੰਦੇ ਹਨ (ਗੁਰੂ) ਨਾਨਕ॥੩॥

ਤਤੁ ਬੀਚਾਰੁ ਕਹੈ ਜਨੁ ਸਾਚਾ॥
ਜਨਮਿ ਮਰੈ ਸੋ ਕਾਚੋ ਕਾਚਾ॥
ਆਵਾ ਗਵਨੁ ਮਿਟੈ ਪ੍ਰਭ ਸੇਵ॥
ਆਪੁ ਤਿਆਗਿ ਸਰਨਿ ਗੁਰਦੇਵ॥
ਇਉ ਰਤਨ ਜਨਮ ਕਾ ਹੋਇ ਉਧਾਰੁ॥
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ॥
ਅਨਿਕ ਉਪਾਵ ਨ ਛੂਟਨ ਹਾਰੇ॥

(ਇਹ) ਜਨ ਸੱਚਾ ਤੇ ਸਾਰ ਰੂਪ ਵਿਚਾਰ ਕਹਿੰਦਾ ਹੈ (ਕਿ ਅਵਿਨਾਸ਼ੀ ਇਕੋ ਪ੍ਰਭੂ ਹੈ, ਪਰ ਜੋ) ਜੰਮਣ ਮਰਨ ਵਿਚ ਆਉਂਦਾ ਹੈ ਸੋ ਕੱਚਾ (ਹੀ) ਕੱਚਾ ਹੈ[6] (ਯਥਾ-ਜੋ ਮਰਿ ਜੰਮੇ ਸੁ ਕਚੁ ਨਿਕਚੁ; (ਆਸਾ:ਵਾਰ-੨) ਹਾਂ ਇਹ) ਜਨਮ ਮਰਨ ਮਿਟਦਾ ਹੈ (ਜਨਮ ਮਰਨ ਤੋਂ ਰਹਿਤ) ਪ੍ਰਭੂ ਦੀ ਸੇਵਾ ਕਰਨੇ ਤੇ, (ਤੇ ਪ੍ਰਭੂ ਦੀ ਸੇਵਾ ਮਿਲਦੀ ਹੈ) ਆਪਾ ਭਾਵ ਤਿਆਗ ਕੇ ਗੁਰੂ ਦੀ ਸ਼ਰਨ ਵਿਚ ਪੈ ਜਾਣ ਤੇ। ਐਸ ਤਰ੍ਹਾਂ ਇਸ) ਰਤਨ (ਅਮੋਲਕ) ਜਨਮ ਦਾ ਉਧਾਰ ਹੁੰਦਾ ਹੈ। (ਤਾਂਤੇ ਹੇ ਜੀਵ!) ਹਰੀ ਹਰਿ ਸਿਮਰ (ਜੋ) ਪ੍ਰਾਣਾ ਦਾ ਆਧਾਰ ਹੈ। (ਹੋਰ ਜੋ) ਅਨੇਕਾਂ ਉਪਾਵ (ਸਾਧਨ ਹਨ, ਉਨ੍ਹਾਂ ਕਰਕੇ ਜੀਵ) ਛੁੱਟ ਨਹੀਂ ਸਕਦੇ।

---

੧. ਸੰਸ:,ਪ੍ਰਬੋਧ=ਜਾਗਣਾ, ਗਜਾਨ, ਸਮਝ। ਭ੍ਰਮ ਦਾ ਦੂਰ ਹੋਣਾ, ਆਦਿ।

੨. ਮਨੁ ਸੋਇਆ ਮਾਇਆ ਬਿਸਮਾਦਿ॥ (ਗਉੜੀ ਮਹਲਾ ੫-੮੯)
ਪੁਨਾ:- ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ॥(ਸਲੋਕ ਵਾ:ਤੇ:ਵ:ਮ:੫-੧੩)।

੩. ਕਲਜੁਗਿ ਰਥੁ ਅਗਨਿ ਕਾ...॥ (ਵਾਰ ਆਸਾ ਮ: ੧-੧੩।

੪. ਖੁਨਕ ਨਾਮੁ ਖੁਦਾਇਆ॥ (ਮਲਾਰ ਵਾਰ ਮ:੧।

੫. ਭਗਤ ਭਾਇ, ਭਗਤੀ ਭਾਵ ਨਾਲ, ਪ੍ਰੇਮਾ ਭਗਤੀ ਨਾਲ।

੬. ਗਜਾਨੀ ਸੱਜਣ ਐਉਂ ਬੀ ਅਰਥ ਲਾਉਂਦੇ ਹਨ-(ਜੋ ਪਰਮੇਸ਼ੁਰ ਦਾ) ਦਾਸ ਤੱਤ ਦਾ ਵੀਚਾਰ ਕਥਨ ਕਰਦਾ ਹੈ (ਉਹ) ਸੱਚਾ (ਹੈ) ਜੋ ਜੰਮਦਾ ਮਰਦਾ ਹ, ਉਹ ਮੂਲੋਂ ਕੱਚਾ ਹੈ।


www.sikhbookclub.com

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥ ਹਰਿ ਕੀ ਭਗਤਿ ਕਰਹੁ ਮਨੁ ਲਾਇ॥ ਮਨਿ ਬੰਛਤ ਨਾਨਕ ਫਲ ਪਾਇ॥੪॥

ਸਿੰਮ੍ਰਤੀਆਂ ਸ਼ਾਸਤ੍ਰ ਬੇਦ (ਬੀ ਪਿਆ) ਵਿਚਾਰੇ[1] (ਸੋ ਕੇਵਲ) ਹਰੀ ਦੀ ਭਗਤੀ (ਹੀ) ਮਨ ਲਾਕੇ ਕਰੋ, ਮਨ ਕਰਕੇ ਲੋਚੇ ਹੋਏ ਫਲ (ਤਦੇ ਹੀ) ਪਾਓਗੇ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੪॥

ਸੰਗਿ ਨ ਚਾਲਸਿ ਤੇਰੈ ਧਨਾ॥ ਤੂੰ ਕਿਆ ਲਪਟਾਵਹਿ ਮੂਰਖ ਮਨਾ॥ ਸੁਤ ਮੀਤ ਕੁਟੰਬ ਅਰੁ ਬਨਿਤਾ॥ ਇਨ ਤੇ ਕਹਹੁ ਤੁਮ ਕਵਨ ਸਨਾਥਾ॥ ਰਾਜ ਰੰਗ ਮਾਇਆ ਬਿਸਥਾਰ॥ ਇਨ ਤੇ ਕਹਹੁ ਕਵਨ ਛੁਟਕਾਰ॥ ਅਸੁ ਹਸਤੀ ਰਥ ਅਸਵਾਰੀ॥ ਝੂਠਾ ਡੰਫੁ ਝੂਠੁ ਪਾਸਾਰੀ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥ ਨਾਮੁ ਬਿਸਾਰਿ ਨਾਨਕ ਪਛੁਤਾਨਾ॥੫॥

ਹੇ ਮੂਰਖ ਮਨ! ਤੇਰੇ ਨਾਲ (ਇਸ ਸੰਸਾਰਿਕ) ਧਨ ਨੇ ਨਹੀਂ ਜਾਣਾ, ਤੂੰ (ਇਸਨੂੰ ਫਿਰ ਫਿਰ) ਕਿਉਂ ਚੰਬੜਦਾ ਹੈ? ਪੁਤ੍ਰ, ਮਿਤ੍ਰ, ਟੱਬਰ ਤੇ ਵਹੁਟੀ ਤੂੰ (ਹੀ) ਦੱਸ ਇਨ੍ਹਾਂ ਤੋਂ ਕੌਣ[2] ਸੁਰੱਖਜਤ[3] ਹੋਯਾ ਹੈ। ਰਾਜ, ਰੰਗ ਰਲੀਆਂ (ਖੁਸ਼ੀਆਂ) ਤੇ ਮਾਇਆ ਦੇ ਪਸਾਰੇ ਇਨ੍ਹਾਂ ਵਿਚ (ਫਸਿਆਂ) ਦੱਸ ਕਿਹੜਾ ਕਦੋਂ ਛੁਟਿਆ ਹੈ[4] (ਦੇਖ) ਘੋੜੇ, ਹਾਥੀ (ਤੇ) ਰਥ (ਆਦਿ) ਅਸਵਾਰੀਆਂ (ਇਹ) ਝੂਠਾ ਦਿਖਾਵਾ ਤੇ ਝੂਠਾ ਪਸਾਰਾ ਹੈ[5] (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ-) ਜਿਸ (ਪ੍ਰਭੂ) ਨੇ (ਇਹ ਸਾਰੇ) ਦਿਤੇ ਹਨ, ਉਸਨੂੰ (ਜੀਵ) ਨਹੀਂ ਪਛਾਣਦਾ (ਸਗੋਂ ਉਸ ਨਾਲ) ਓਪਰਾ[6] (ਹੋ ਰਿਹਾ ਹੈ, ਇਉਂ ਪ੍ਰਭੂ ਦੇ) ਨਾਮ ਨੂੰ ਵਿਸਾਰ ਕੇ (ਜੀਵ ਅੰਤ) ਪਛੋਤਾਉਂਦਾ ਹੈ, ਹੇ ਨਾਨਕ!॥੫॥

ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥ ਹਰਿ ਕੀ ਭਗਤਿ ਕਰਹੁ ਮਨ ਮੀਤ॥

ਹੇ ਅਨਜਾਣ! ਤੂੰ ਗੁਰੂ ਦੀ ਸਿਖ਼ਜਾ ਲੈ (ਕਿਉਂਕਿ) ਭਗਤੀ ਵਿਹੂਣੇ (ਮਨ ਦੀ ਮਤਿ ਵਾਲੇ) ਸਿਆਣੇ ਅਨੇਕਾਂ ਡੁਬ ਮੋਏ ਹਨ (ਭਾਵ ਗੁਮਰਾਹ ਹੋਏ ਹਨ, ਇਸ ਲਈ) ਪਰਮੇਸ਼ੁਰ ਦੀ ਭਗਤੀ ਨੂੰ ਮਨ ਦਾ ਮਿਤ੍ਰ ਬਣਾ[7] (ਤਾਂ

---

੧. (ਅ) ਸਿਮ੍ਰਿਤਿ, ਸ਼ਾਸਤ੍ਰ, ਵੇਦ ਬੀ ਅਸਾਂ ਵੀਚਾਰੇ ਹਨ। (ਸੰਪ੍ਰ:)।

੨. ਯਥਾ-ਪੁਤ੍ਰ ਕਲਤ੍ਰ ਲਛਮੀ ਮਾਇਆ॥ ਇਨਤੇ ਕਹੁ ਕਵਨੈ ਸੁਖੁ ਪਾਇਆ॥ (ਧਨਾ: ਕਬੀਰ ਜੀ-੪)

੩. ਸਨਾਥ=ਸਹਿਤ ਮਾਲਕ ਦੇ। ਸਨਾਥ ਕਰਨਾ=ਸ਼ਰਨ ਵਿਚ ਲੈਣਾ। ਸਨਾਥ ਹੋਣਾ=ਸ੍ਵਾਮੀ ਵਾਲਾ ਹੋਣਾ, ਸੁਰੱਖਜਤ ਹੋਣਾ: ਭਾਵ ਕ੍ਰਿਤਾਰਥ ਹੋਣਾ। ਯਥਾ-ਧਨੁ ਧੰਨੁ ਤੇ ਜਨ ਜਿਨ ਹਰਿਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥ॥ (ਤੁਖਾਰੀ ਮ:੪-੩)।

੪. ਇਨ੍ਹਾਂ ਦੋ ਤੁਕਾਂ ਦਾ ਐਉਂ ਬੀ ਭਾਵ ਲੈਂਦੇ ਹਨ ੧. ਦੱਸ ਤੈਨੂੰ ਕੌਣ ਸਨਾਥ (ਕ੍ਰਿਤਾਰਥ) ਕਰੇਗਾ ੨. ਇਨ੍ਹਾਂ ਤੋਂ (ਤੈਨੂੰ) ਛੁਟਕਾਰਾ (ਮੁਕਤੀ) ਕੀਕੂੰ ਮਿਲੇਗੀ।

੫. 'ਝੂਠਾ ਹੈ ਦਿਖਾਵਾ ਤੇ ਝੂਠਾ ਹੈ ਪਸਾਰਾ ਕਰਨ ਵਾਲਾ'-ਵੀ ਸੰਪ੍ਰਦਾਈ ਅਰਥ ਹੈ।

੬. ਓਪਰਾ ਸਾਂਈਂ ਨਾਲ ਹੋ ਰਿਹਾ ਹੈ ਤੇ ਜੋ ਦਾਤਾਂ ਹਨ ਉਨ੍ਹਾਂ ਵਿਚ ਅਪਣੱਤ ਪੈ ਕੇ ਫਸ ਰਿਹਾ ਹੈ।

੭. (ਅ) ਹੇ ਮਿਤ੍ਰ! ਮਨੋਂ ਹਰੀ ਦੀ ਭਗਤੀ ਕਰ। ਜਾਂ ਹੇ ਮਿਤ੍ਰ ਮਨ! ਪਰੰਤੂ ਸੰਬੋਧਨ ਪਹਿਲੀ ਤੁਕ ਵਿਚ 'ਇਆਨੇ' ਆ ਚੁਕਾ ਹੈ।

ਨਿਰਮਲ ਹੋਇ ਤੁਮ੍ਹਾਰੋ ਚੀਤ॥ ਚਰਨ ਕਮਲ ਰਾਖਹੁ ਮਨ ਮਾਹਿ॥ ਜਨਮ ਜਨਮ ਕੇ ਕਿਲਬਿਖ ਜਾਹਿ॥ ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥ ਸਾਰ ਭੂਤ ਸਤਿ ਹਰਿ ਕੋ ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥੬॥

ਜੋ) ਤੇਰਾ ਮਨ ਨਿਰਮਲ ਹੋ ਜਾਵੇ। (ਹਾਂ) ਮਨ ਵਿਖੇ (ਵਾਹਿਗੁਰੂ ਜੀ ਦੇ) ਚਰਨਾਂ ਕਮਲਾਂ ਨੂੰ ਧਾਰਨ ਕਰ, (ਤੇਰੇ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ ਜਾਣਗੇ। ਆਪ (ਪਰਮੇਸ਼ੁਰ ਦਾ) ਨਾਮ ਜਪੋ ਤੇ ਹੋਰਨਾਂ ਤੋਂ ਜਪਵਾਉ (ਤਾਂ ਨਾਮ ਸੁਣਦੇ (ਨਾਮ) ਉਚਾਰਦੇ (ਤੇ ਨਾਮ ਵਾਲੀ) ਰਹਿਣੀ (ਰਹਿੰਦੇ) ਮੁਕਤੀ ਪ੍ਰਾਪਤ ਹੋ ਜਾਏਗੀ। ਸਾਰ ਰੂਪ ਤੇ ਸਤਿ ਰੂਪ ਹਰੀ ਦਾ ਹੀ ਨਾਮ ਹੈ[1], (ਸੋ ਨਾਮ ਜਪੁ ਤੇ ਪਰਮੇਸੁਰ ਦੇ) ਗੁਣ ਸਹਜ ਸੁਭਾਵ ਨਾਲ[2] ਗਾਇਨ ਕਰ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)! ॥੬॥

ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥ ਹੋਹਿ ਅਚਿੰਤੁ ਬਸੈ ਸੁਖਿ ਨਾਲਿ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ॥ ਛਾਡਿ ਸਿਆਨਪ ਸਗਲੀ ਮਨਾ॥ ਸਾਧਸੰਗਿ ਪਾਵਹਿ ਸਚੁ ਧਨਾ॥ ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥ ਈਹਾ ਸੁਖੁ ਦਰਗਹ ਜੈਕਾਰੁ॥ ਸਰਬ ਨਿਰੰਤਰਿ ਏਕੋ ਦੇਖੁ॥

(ਹੇ ਮਨ! ਵਾਹਿਗੁਰੂ ਦੇ) ਗੁਣ ਗਾਉਂਦਿਆਂ ਤੇਰੀ (ਸਾਰੀ) ਮੈਲ ਧੋਤੀ ਜਾਏਗੀ, (ਅਤੇ ਅੰਦਰ ਵਜਾਪ ਰਹੀ) ਹਉਮੈਂ ਦੀ ਜ਼ਹਰ (ਤੇ ਇਸ ਤੋਂ ਹੋਇਆ ਜ਼ਹਰ ਦਾ) ਖਿਲਾਰ (ਅਰਥਾਤ ਮਨ ਬਚ ਕਰਮ ਦੀ ਬਦੀ) ਬਿਨਸ ਜਾਊ। (ਗੁਣ ਗਾਇਨ ਦੇ ਨਾਲ ਤੂੰ) ਹਰ ਸਾਸ ਵਿਚ ਤੇ ਹਰ ਗਿਰਾਸ ਵਿਚ ਪਰਮੇਸ਼ੂਰ ਦੇ ਨਾਮ ਨੂੰ (ਬੀ) ਸਮ੍ਹਾਲ (ਤਦ ਤੂੰ) ਬੇਫਿਕਰ ਹੋਕੇ (ਇਸੇ ਦੁਖੀ ਦੁਆਲੇ ਵਾਲੇ ਜਗਤ ਵਿਚ) ਸੁਖ ਸਮੇਤ ਵਸੇਂਗਾ। (ਸੋ) ਹੇ ਮਨ! ਸਾਰੀ (ਮਨ ਦੀ ਮਤੀ=) ਚਤੁਰਾਈ ਛਡ ਦੇਹ, ਸਾਧ ਸੰਗ (ਕਰ, ਇਸ ਸੰਗ ਤੋਂ ਤੂੰ) ਸੱਚਾ ਧਨ ਪ੍ਰਾਪਤ ਕਰੇਂਗਾ। (ਇਹ) ਹਰੀ (ਨਾਮ) ਰੂਪੀ ਰਾਸ ਕੱਠੀ ਕਰ (ਤੇ ਇਸ ਨਾਲ) ਵਪਾਰ (ਬੀ) ਕਰ (ਤਦ) ਇਸ ਜਗਤ ਵਿਚ ਸੁਖ (ਮਿਲੇਗਾ ਤੇ) ਅਗੇ ਜਾਕੇ ਧੰਨਤਾ ਪ੍ਰਾਪਤ ਹੋਵੇਗੀ (ਗੱਲ ਕੀ ਨਾਮ ਜਪਦਿਆਂ ਨਾਮ ਦਾ ਵਿਹਾਰ ਕਰਦਿਆਂ) ਸਾਰਿਆਂ ਦੇ ਅੰਦਰ[3] (ਉਸ) ਇਕ

੧. ਸਾਰ ਭੂਤ=ਸਿਧਾਂਤ ਰੂਪ, ਸ੍ਰੇਸ਼ਟ। ਅਮਲੀ ਸ਼ੈ। ਸਤਿ=ਸਤਜ=ਸਦਾ ਰਹਿਣੇ ਵਾਲਾ।
(ਅ) ਹਰੀ ਦਾ ਸਤਿ ਨਾਉ (ਸਤਿਨਾਮੁ) ਸਾਰ ਵਸਤੂ ਹੈ।

੨. ਨਿਰਯਤਨ, ਸੁਭਾਵਿਕ ਟਿਕਵੇਂ ਤੇ ਸਾਵਧਾਨਤਾ ਵਾਲੇ ਮਨ ਦੇ ਰੌ ਨਾਲ।

੩. ਪਦ 'ਵਿਚ' ਯਾ 'ਅੰਦਰ' ਕਿਉਂ ਨਹੀਂ ਵਰਤਿਆ ਤੇ 'ਨਿਰੰਤਰਿ' ਵਰਤਿਆ ਹੈ? ਭਾਵ ਹੈ ਕਿ ਉਹ ਸਭ ਦੇ ਅੰਦਰ ਅਵਿਛਿੰਨ ਵਜਾਪਕ ਹੈ।

ਕਹੁ ਨਾਨਕ ਜਾਕੈ ਮਸਤਕਿ ਲੇਖੁ॥੭॥

ਨੂੰ ਹੀ ਦੇਖ, (ਪਰ ਇਹ ਦਰਸ਼ਨ ਉਹੀ ਦੇਖਦਾ ਹੈ) ਜਿਸ ਦੇ ਮੱਥੇ ਤੇ (ਉੱਤਮ) ਲੇਖ (ਲਿਖੇ) ਹੋਣ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)! ॥੭॥

ਏਕੋ ਜਪਿ ਏਕੋ ਸਾਲਾਹਿ॥
ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥
ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥
ਏਕੁ ਅਰਾਧਿ ਪਰਾਛਤ ਗਏ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥੮॥੧੯॥

(ਹੇ ਜੀਵ!) ਇਕੋ (ਭਗਵੰਤ ਵਾਹਿਗੁਰੂ) ਨੂੰ ਜਪ, ਇਕੋ ਦੀ ਸਿਫ਼ਤ ਸਲਾਹ ਕਰ, ਇਕੋ ਨੂੰ ਸਿਮਰ ਤੇ ਇਕੋ ਦੀ ਮਨੋਂ ਲੋਚਾ ਕਰ[1]। (ਉਸ) ਇਕ ਬੇਅੰਤ ਦੇ ਹੀ ਗੁਨ ਗਾਉ, ਮਨ ਕਰਕੇ, ਤਨ (ਕਰਕੇ) ਇਕੋ ਭਗਵੰਤ ਨੂੰ ਜਪ। (ਉਹ) ਇਕੋ ਇਕ[2] ਪ੍ਰਭੂ (ਆਪਣੇ) ਆਪ[3] ਹੈ, (ਜੋ) ਪ੍ਰਭੂ ਪੂਰਨ (ਹੋਕੇ ਸਾਰੇ) ਪੂਰ ਰਿਹਾ ਹੈ ਤੇ ਵਿਆਪ ਰਿਹਾ ਹੈ। (ਏਹ) ਅਨੇਕਾਂ ਪਸਾਰੇ (ਉਸੇ) ਇਕ ਤੋਂ ਹੋਏ ਹਨ। (ਉਸੇ) ਇਕ ਨੂੰ ਅਰਾਧਿਆਂ (ਹੀ) ਪਾਪ[4] ਦੂਰ ਹੋ ਗਏ ਹਨ। ਗੁਰੂ ਦੀ ਕ੍ਰਿਪਾ ਕਰਕੇ, ਹੇ ਨਾਨਕ! (ਜਿਨ੍ਹਾਂ ਦੇ) ਮਨ ਤੇ ਤਨ ਦੇ ਅੰਦਰ ਇਕੋ ਪ੍ਰਭੂ ਰਚ ਰਿਹਾ ਹੈ, (ਉਨ੍ਹਾਂ ਨੇ ਹੀ ਉਸ) ਇਕ ਨੂੰ ਜਾਣਿਆ ਹੈ॥੮॥੧੯॥

ਹੁਣ ਇਸ ਪ੍ਰਾਪਤੀ ਲਈ ਬੇਨਤੀ ਕਰਦੇ ਹਨ-

ਸਲੋਕੁ॥ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥ ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥੧॥

ਹੇ ਪ੍ਰਭੂ! ਫਿਰਦਾ (ਤੇ) ਭਟਕਦਾ (ਮੈਂ ਆਇਆ ਹਾਂ (ਤੇ ਆ) ਤੇਰੀ ਸ਼ਰਨੀ ਪਿਆ ਹਾਂ; ਨਾਨਕ ਦੀ ਬੇਨਤੀ (ਇਹੋ) ਹੈ ਕਿ ਹੇ ਪ੍ਰਭੂ! (ਮੈਨੂੰ) ਅਪਣੀ ਭਗਤੀ ਵਿਚ ਲਾ ਲੈ॥੧॥

ਅਸਟਪਦੀ॥ ਜਾਚਕ ਜਨੁ ਜਾਚੈ ਪ੍ਰਭੁ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥ ਸਾਧ ਜਨਾ ਕੀ

ਹੇ ਪ੍ਰਭੂ! (ਇਹ) ਮੰਗਤਾ ਦਾਸ (ਆਪ ਤੋਂ ਇਕ) ਦਾਨ ਮੰਗਦਾ ਹੈ, ਕ੍ਰਿਪਾ ਕਰਕੇ (ਮੈਨੂੰ) ਹਰਿ ਨਾਮ ਬਖਸ਼ੋ। (ਇਸ ਦੇ ਨਾਲ ਮੈਂ) ਸਾਧੂ

---

੧. (ਅ) ਮਨ ਆਹਿ=ਮਨ ਦਾ ਚਾਹਿਆ ਹੋਇਆ, ਮਨ ਦਾ ਵਾਂਛਿਤ।

੨. ਅਥਵਾ ਤਿੰਨਾਂ ਕਾਲਾਂ ਵਿਖੇ ਇਕ ਹੈ।

੩. ਆਪੇ ਆਪਿ ਨਿਰੰਜਨੁ ਸੋਇ॥ (ਜਪੁਜੀ।

੪. ਪਰਾਛਤ=ਪ੍ਰਾਯਸਿਚਤ=੧. ਨਵਿਰਤੀ ਦੇ ਉਪਾਉ। ੨. ਉਹ ਕਰਮ ਜਿਨ੍ਹਾਂ ਲਈ ਪ੍ਰਾਯਸ਼੍ਚਿਤ ਕਰਨਾ ਪਵੇ, ਦੋਖ, ਪਾਪ।

ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥ ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥ ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥੧॥

ਪੁਰਖਾਂ ਦੀ ਧੂੜੀ (ਬੀ) ਮੰਗਦਾ ਹਾਂ, ਹੇ ਪਾਰਬ੍ਰਹਮ! ਮੇਰੀ (ਇਹ) ਭਾਵਨਾ[1] (ਬੀ) ਪੂਰਨ ਕਰ (ਜੋ ਉਨ੍ਹਾਂ ਦੇ ਸਤਿਸੰਗ ਨਾਲ ਮੈਂ) ਸਦਾ ਸਦਾ ਪ੍ਰਭੂ ਦੇ ਗੁਣ ਗਾਵਾਂ, (ਅਤੇ) ਸਾਸ ਸਾਸ ਵਿਖੇ, ਹੇ ਪ੍ਰਭੋ! ਤੁਹਾਨੂੰ ਸਿਮਰਨ ਕਰਾਂ। (ਇਉਂ ਆਪ ਦੇ) ਚਰਨਾਂ ਕਮਲਾਂ ਨਾਲ (ਮੇਰੀ) ਪ੍ਰੀਤੀ ਲਗੇ (ਤੇ) ਨਿਤ ਨਿਤ (ਮੈਂ) ਪ੍ਰਭੂ ਦੀ ਭਗਤੀ ਕਰਦਾ ਰਹਾਂ! ਇਕੋ (ਤੂੰ ਮੇਰੀ) ਓਟ ਹੋਵੇਂ। ਇਕੋ (ਤੂੰ ਮੇਰਾ) ਆਸਰਾ (ਹੋਵੇਂ)। ਹੇ ਪ੍ਰਭੂ! ਨਾਨਕ (ਆਪਦਾ ਸ੍ਰੇਸ਼ਟ) ਨਾਮ, ਜੋ ਸਾਰ ਵਸਤੂ ਹੈ[2],(ਆਪ ਤੋਂ) ਮੰਗਦਾ ਹੈ॥੧॥

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥ ਹਰਿ ਰਸੁ ਪਾਵੈ ਬਿਰਲਾ ਕੋਇ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥ ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥ ਪਰੇ ਸਰਨਿ ਆਨ ਸਭ ਤਿਆਗਿ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥ ਬਡਭਾਗੀ ਜਪਿਆ ਪ੍ਰਭੁ ਸੋਇ॥ ਨਾਨਕ ਨਾਮਿ ਰਤੇ ਸੁਖੁ ਹੋਇ॥੨॥

ਪ੍ਰਭੂ ਦੀ (ਦਇਆ) ਦ੍ਰਿਸ਼ਟੀ (ਪ੍ਰਾਪਤ ਹੋ ਜਾਣ) ਨਾਲ ਬੜਾ ਸੁਖ ਹੁੰਦਾ ਹੈ। (ਪਰ ਇਸ ਦ੍ਰਿਸ਼ਟੀ ਤੋਂ ਪ੍ਰਾਪਤ ਹੋਏ) ਹਰੀ ਰਸ ਨੂੰ ਕੋਈ ਵਿਰਲਾ ਹੀ ਪਾਉਂਦਾ ਹੈ। ਜਿਨ੍ਹਾਂ ਨੇ (ਇਸਨੂੰ) ਚੱਖਿਆ ਹੈ ਓਹ ਪੁਰਖ ਤ੍ਰਿਪਤ ਹੋ ਗਏ ਹਨ, (ਹਾਂ ਓਹ) ਪੂਰਨ ਪੁਰਖ (ਹੋ ਗਏ ਤੇ ਫੇਰ ਕਦੇ ਓਹ) ਡੋਲੇ ਨਹੀਂ। (ਓਹ) ਪ੍ਰੇਮ ਰਸ ਦੇ ਅਨੰਦ ਵਿਚ (ਇੰਨੇ) ਲਬਾ ਲਬ ਭਰ ਜਾਂਦੇ ਹਨ (ਕਿ ਡੁਲ੍ਹ ਡੁਲ੍ਹ ਪੈਂਦੇ ਹਨ)। (ਐਸੇ ਸਾਧੂਆਂ ਦੇ ਸੰਗ ਵਿਚ (ਸੰਗ ਕਰਨ ਵਾਲਿਆਂ ਨੂੰ ਹਰਿ ਰਸ ਦੀ ਪ੍ਰਾਪਤੀ ਦਾ) ਚਾਉ ਉਪਜਦਾ ਹੈ! (ਸੋ) ਹੋਰ ਸਭ (ਕੁਛ ਦੇ ਪਿਆਰ) ਦਾ ਤਯਾਗ ਕਰਕੇ (ਜੋ ਲੋਕ) ਸ਼ਰਨੀ ਆ ਪਏ ਹਨ (ਉਨ੍ਹਾਂ ਦੀ) ਦਿਨ ਰਾਤ (ਵਾਹਿਗੁਰੂ ਵਿਚ) ਲਿਵ ਲਗ ਗਈ ਹੈ ਤੇ ਅੰਦਰ ਪ੍ਰਕਾਸ਼ ਹੋ ਗਿਆ ਹੈ। (ਪਰ ਇਹ ਕ੍ਰਿਪਾ ਦ੍ਰਿਸ਼ਟੀ ਲੈਣ ਲਈ) ਵਡੇ ਭਾਗਾਂ ਵਾਲਿਆਂ ਨੇ ਉਸ ਪ੍ਰਭੂ ਨੂੰ ਜਪਿਆ ਹੈ, (ਨਿਸਚੇ ਜਾਣੋ ਕਿ) ਨਾਮ ਵਿਚ ਰੰਗੇ ਗਿਆਂ (ਹੀ ਇਹ ਸੁਖ ਹੁੰਦਾ ਹੈ; (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੨॥

ਸੇਵਕ ਕੀ ਮਨਸਾ ਪੂਰੀ ਭਈ॥

(ਸੋ ਜਿਸਨੇ) ਸਤਿਗੁਰ ਤੋਂ (ਨਾਮ ਸਿਮਰਣ ਦੀ) ਨਿਰਮਲ ਮਤ ਲਈ (ਉਸ) ਸੇਵਕ ਦੀ ਦਿਲੀ

---

੧. ਸ਼ਰਧਾ=ਸ਼੍ਰਦ੍ਧਾ=ਪ੍ਰੇਮ ਤੇ ਸਤਿਕਾਰ ਵਾਲਾ ਦਿਲੀ ਭਾਵ। ਲਾਲਸਾ, ਭਾਵਨਾਂ।

੨. ਸਾਰ ਭੂਤ ਸਤਿ ਹਰਿ ਕੋ ਨਾਉ॥ (ਸੁਖਮਨੀ)

ਸਤਿਗੁਰ ਤੇ ਨਿਰਮਲ ਮਤਿ ਲਈ॥
ਜਨ ਕਉ ਪ੍ਰਭੁ ਹੋਇਓ ਦਇਆਲੁ॥
ਸੇਵਕੁ ਕੀਨੋ ਸਦਾ ਨਿਹਾਲੁ॥
ਬੰਧਨ ਕਾਟਿ ਮੁਕਤਿ ਜਨੁ ਭਇਆ॥
ਜਨਮ ਮਰਨ ਦੂਖੁ ਭ੍ਰਮੁ ਗਇਆ॥
ਇਛ ਪੁੰਨੀ ਸਰਧਾ ਸਭ ਪੂਰੀ॥
ਰਵਿ ਰਹਿਆ ਸਦ ਸੰਗਿ ਹਜੂਰੀ॥
ਜਿਸ ਕਾ ਸਾ ਤਿਨਿ ਲੀਆ ਮਿਲਾਇ॥
ਨਾਨਕ ਭਗਤੀ ਨਾਮਿ ਸਮਾਇ॥੩॥

ਮੁਰਾਦ ਪੂਰੀ ਹੋ ਗਈ। (ਸੇਵਕ ਨੇ ਨਾਮ ਜਪਿਆ ਫੇਰ) ਸੇਵਕ ਪਰ ਪ੍ਰਭੂ ਦਿਆਲ ਹੋ ਗਿਆ ਤੇ (ਉਸਨੇ) ਸੇਵਕ ਨੂੰ ਸਦਾ (ਲਈ) ਨਿਹਾਲ ਕਰ ਦਿੱਤਾ। (ਐਉਂ ਉਹ) ਸੇਵਕ ਬੰਧਨਾਂ ਨੂੰ ਕੱਟਕੇ ਮੁਕਤ ਹੋ ਗਿਆ, (ਨਾਲ ਹੀ ਉਸਦਾ) ਜੰਮਣਾ ਮਰਣਾ ਤੇ ਦੁਖ[੧] ਭਰਮ ਦੂਰ ਹੋ ਗਿਆ। (ਸੇਵਕ ਦੀ ਮੁਕਤੀ ਦੀ) ਇੱਛਾ ਪੂੱਗ ਗਈ ਤੇ ਸ਼ਰਧਾ (ਪ੍ਰਭੂ ਮਿਲਾਪ ਦੀ) ਸਾਰੀ ਸਫਲ ਹੋ ਗਈ, (ਕਿਉਂਕਿ ਹੁਣ ਉਸਨੂੰ) ਵਜਾਪਕ (ਵਾਹਿਗੁਰੂ) ਸਦਾ ਅੰਗ ਸੰਗ (ਦਿਸਦਾ ਹੈ ਤੇ ਉਹ ਆਪਣਾ ਆਪਾ ਉਸ ਵਾਹਿਗੁਰੂ ਦੀ) ਹਜ਼ੂਰੀ (ਵਿਚ ਪ੍ਰਤੀਤ ਕਰਦਾ ਹੈ)[੨] (ਐਉਂ) ਜਿਸਦਾ (ਉਹ ਦਾਸ ਬਣਿਆ) ਸੀ ਉਸਨੇ (ਦਾਸ ਨੂੰ ਅਪਣੇ ਨਾਲ) ਮਿਲਾ ਲਿਆ। (ਸੋ ਨਿਸਚੇ ਜਾਣੋ ਕਿ) ਭਗਤੀ ਕਰਕੇ (ਹੀ) ਨਾਮੀ[੩] ਵਿਚ ਸਮਾਈਦਾ ਹੈ, (ਫੁਰਮਾਉਂਦੇ ਹਨ ਗੁਰੂ) ਨਾਨਕ ਜੀ॥੩॥

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥ ਸੋ ਕਿਉ ਬਿਸਰੈ ਜਿ ਕੀਆ ਜਾਨੈ॥ ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥ ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥

ਉਹ (ਪ੍ਰਭੂ ਸਾਨੂੰ) ਕਿਉਂ ਵਿਸਰੇ ਜੋ (ਕਿਸੇ ਦੀ ਕੀਤੀ) ਮਿਹਨਤ ਦੀ ਕਮਾਈ ਐਵੇਂ ਨਹੀਂ ਗੁਵਾਉਂਦਾ, ਉਹ ਕਿਉਂ ਵਿਸਰੇ ਜੋ ਕੀਤੀ ਨੂੰ ਜਾਣਦਾ ਹੈ[੪]? ਉਹ ਕਿਉਂ ਵਿਸਰੇ ਜਿਸਨੇ (ਸਾਨੂੰ) ਸਭ ਕੁਝ ਦਿੱਤਾ ਹੈ? ਉਹ ਕਿਉਂ ਵਿਸਰੇ ਜੋ (ਸਾਡੇ) ਜੀਵਨ ਦਾ ਬੀ ਜੀਵਨ ਹੈ[੫]? ਉਹ ਕਿਉਂ ਵਿਸਰੇ ਜੋ (ਜਠਰ) ਅਗਨੀ ਵਿਚ ਬਚਾਉਂਦਾ ਹੈ[੬]? (ਪਰ) ਕੋਈ ਵਿਰਲਾ ਗੁਰੂ ਦੀ ਕ੍ਰਿਪਾ ਦੁਆਰਾ (ਇਹ ਗੱਲ) ਸਮਝਦਾ ਹੈ (ਕਿ ਪਿਛੇ ਕਹੀਆਂ ਦਾਤਾਂ ਦਾ ਦਾਤਾ ਵਿਸਾਰਨੇ ਜੋਗ ਨਹੀਂ ਹੈ)

੧. (ਭੈ ਤੇ) ਭਰਮ ਕਾਰਣ ਹੈਨ ਜਿਨ੍ਹਾਂ ਤੋਂ ਦੁਖ ਤੇ ਰੋਗ ਹੁੰਦੇ ਹਨ ਤੇ ਜਨਮ ਮਰਨ ਹੁੰਦੇ ਹਨ। ਯਥਾ:- ਦੂਖ ਰੋਗ ਬਿਨਸੈ ਭੈ ਭਰਮ॥ (ਸੁਖਮਨੀ-੨੪)

੨. ਭਾਵ, ਪਰਮੇਸ਼ਰ ਅੰਗ ਸੰਗ ਭਾਸਦਾ ਹੈ, ਉਸ ਦੀ ਹਜ਼ੂਰੀ ਨੂੰ ਸੇਵਕ ਪ੍ਰਤੀਤ ਕਰਦਾ ਹੈ ਤੇ ਉਸ ਨੂੰ ਸਾਰੇ ਵਜਾਪਕ ਵੇਖਦਾ ਹੈ। (ਅ) ਉਸ ਦਾ ਹਜ਼ੂਰੀਆ ਹੋ ਗਿਆ ਹੈ।

੩. 'ਨਾਮਿ' ਕਈ ਜਗਾ 'ਨਾਮੀ' ਦਾ ਸੰਖੇਪ ਰੂਪ ਕਰਕੇ ਆਉਂਦਾ ਹੈ, ਤਿਵੇਂ ਇਥੇ ਹੈ।

੪. ਭਾਵ ਜੋ ਕਿਸੇ ਨੇ ਸ਼ੁਭ ਕਰਮ ਪੁੰਨ ਦਾਨ ਭਜਨ ਕੀਤਾ ਹੈ ਉਸ ਨੂੰ ਪਛਾਣਦਾ ਤੇ ਮੁੱਲ ਪਾਉਂਦਾ ਹੈ।

੫. ਜਿੰਦ ਦੀ ਜਿੰਦ ਹੈ। (ਅ) ਜੋ ਜੀਵਾਂ ਦਾ ਜੀਵਨ ਹੈ।

੬. ਮਾਤਾ ਦੇ ਗਰਭ ਵਿਚ ਜੋ ਰਖਜਾ ਕਰਦਾ ਹੈ।

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥ ਗੁਰਿ ਪੂਰੈ ਤਤੁ ਇਹੈ ਬੁਝਾਇਆ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ॥੪॥

(ਹਾਂ) ਉਹ ਕਿਉਂ ਵਿਸਰੇ ਜੋ (ਪਾਪਾਂ ਦੀ) ਵਿਹੁ[1] ਵਿਚੋਂ ਕਢ ਲੈਂਦਾ ਹੈ, (ਅਰ) ਜਨਮ ਜਨਮ ਦੇ ਵਿਛੁੜੇ ਨੂੰ (ਅਪਣੇ ਨਾਲ) ਮੇਲ ਲੈਂਦਾ ਹੈ[2]? ਪੂਰੇ ਗੁਰੂ ਨੇ ਇਹੋ ਤੱਤ (ਅਸਲੀ ਸਿੱਧਾਂਤ) ਸਮਝਾਇਆ ਹੈ (ਜੋ ਅਸਾਂ ਦੱਸਿਆ ਹੈ, ਇਸ ਕਰਕੇ) ਦਾਸਾਂ ਨੇ ਆਪਣਾ ਪ੍ਰਭੂ (ਹੀ ਨਿਤ) ਧਿਆਇਆ ਹੈ, ਹੇ ਨਾਨਕ!॥੪॥

ਸਾਜਨ ਸੰਤ ਕਰਹੁ ਇਹੁ ਕਾਮੁ॥ ਆਨ ਤਿਆਗਿ ਜਪਹੁ ਹਰਿ ਨਾਮੁ॥ ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥ ਭਗਤਿ ਭਾਇ ਤਰੀਐ ਸੰਸਾਰੁ॥ ਬਿਨੁ ਭਗਤੀ ਤਨੁ ਹੋਸੀ ਛਾਰੁ॥ ਸਰਬ ਕਲਿਆਣ ਸੂਖ ਨਿਧਿ ਨਾਮੁ॥ ਬੂਡਤ ਜਾਤ ਪਾਏ ਬਿਸ੍ਰਾਮੁ॥ ਸਗਲ ਦੂਖ ਕਾ ਹੋਵਤ ਨਾਸੁ॥ ਨਾਨਕ ਨਾਮੁ ਜਪਹੁ ਗੁਨਤਾਸੁ॥੫॥

ਹੇ ਸੱਜਣੋਂ! ਹੇ ਸੰਤੋ! (ਪ੍ਰਭੂ ਧਿਆਉਣ ਦਾ) ਕੰਮ ਐਉਂ ਕਰੋ:-ਹੋਰ (ਉਪਾਵ) ਛੱਡਕੇ ਪਰਮੇਸ਼ੁਰ ਦਾ ਨਾਮ ਜਪੋ! (ਹਾਂ) ਸਿਮਰਕੇ, ਸਿਮਰਕੇ, ਸਿਮਰਕੇ[3] ਸੁਖ ਪਾਵੋ! ਆਪ ਜਪੋ ਤੇ ਹੋਰਨਾਂ ਨੂੰ ਨਾਮ ਜਪਾਵੋ (ਉਹ ਵੀ ਸੁਖੀ ਹੋਣ)। ਪ੍ਰੇਮ (ਅਤੇ) ਭਗਤੀ[4] ਦੁਆਰਾ ਸੰਸਾਰ ਤਰੀਦਾ ਹੈ। ਭਗਤੀ ਤੋਂ ਬਿਨਾ ਦੇਹ ਸੁਆਹ ਹੋ ਜਾਵੇਗੀ[5]! ਨਾਮ (ਉਹ) ਨਿਧੀ (ਖਜ਼ਾਨਾ ਹੈ ਕਿ ਜਿਸ ਤੋਂ) ਸਾਰੇ ਸੁਖ ਤੇ ਬਰਕਤਾਂ[6] ਮਿਲਦੀਆਂ ਹਨ, ਸਗੋਂ ਸੰਸਾਰ ਨਦੀ ਵਿਚ ਜੋ) ਡੁਬਦਾ (ਬੀ) ਪਿਆ ਹੋਵੇ (ਉਹ ਬੀ ਨਾਮ ਨਾਲ) ਸਲਾਮਤੀ ਪ੍ਰਾਪਤ ਕਰ ਲੈਂਦਾ ਹੈ। (ਹਾਲ ਕੀਹ ਨਾਮ ਨਾਲ) ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। (ਤਾਂਤੇ) ਨਾਮ ਨੂੰ ਜਪੋ ਜੋ ਗੁਣਾਂ ਦਾ ਸਮੁੰਦਰ[7] ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੫॥

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥ ਮਨ ਤਨ ਅੰਤਰਿ ਇਹੀ ਸੁਆਉ॥

(ਮੇਰੇ ਮਨ ਵਿਚ) ਉਪਜੀ ਹੈ (ਵਾਹਿਗੁਰੂ ਦੀ) ਪ੍ਰੀਤ (ਤੇ ਉਸਦੇ) ਪ੍ਰੇਮ ਦਾ ਰਸ (ਤੇ ਰਸ ਨੇ ਭਰ ਦਿੱਤਾ ਹੈ ਇਕ) ਚਾਉ। (ਹਾਂ ਜੀ ਮੇਰੇ) ਮਨ ਤੇ ਤਨ ਦੇ ਅੰਦਰ ਇਹੋ ਸੁਆਦ (ਭਰ ਰਿਹਾ ਹੈ)[8]।

---

੧. ਅਥਵਾ ਵਿਸ਼ੇ ਜੀਵਨ ਵਿਚੋਂ।

੨. ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ (ਵਾਰ:ਰਾਮ: ਮ:੫-੧)

੩. ਲਗਾਤਾਰ ਸਿਮਰਕੇ। (ਅ) ਮਨ ਤਨ ਬਾਣੀ ਦੁਆਰਾ ਸਿਮਰਕੇ।

੪. (ਅ) ਭਗਤੀ ਭਾਵ ਨਾਲ।

੫. ਭਾਵ, ਜਨਮ ਨਿਸਫਲ ਜਾਏਗਾ।

੬. ਕਲਜਾਣ=ਅਰੋਗਤਾ, ਖੁਸ਼ੀ, ਬਰਕਤ, ਮੁਕਤੀ।

੭. ਸੰਪ੍ਰਦਾ, ਤਾਸ=ਸਮੂਹ, ਸਮੁੰਦਰ। .ਅ:,ਤਾਸ=ਪਿਆਲਾ, ਵੱਡਾ ਪਿਆਲਾ। ਥਾਲ। ਇਸ ਤੋਂ 'ਤਾਸ਼ੇ' ਪਦ ਬਣਦਾ ਹੈ ਜੋ ਦੱਫਾਂ ਵਰਗੇ ਵਾਜੇ ਦੇ ਹੇਠਲੇ ਹਿੱਸੇ ਨੂੰ ਕਹਿੰਦੇ ਹਨ। ਭਾਵ ਹੈ ਮੂਲ। ਫ਼ਾ: ਤਾਸ਼=ਮਾਲਕ, ਸੁਆਮੀ, ਸਾਥੀ।

੮. ਸੁਆਉ (=ਸ੍ਵਾਰਥ) ਮਤਲਬ, ਪ੍ਰਯੋਜਨ। ਸੁਆਉ=(ਪ੍ਰਾਕ੍ਰਿਤ, ਸਾਉ) ਸੁਆਦ, ਰਸ। ਯਥਾ:-ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁਞੀਆ (ਗੂਜਰੀ ਵਾਰ ਮ:੫-੧੨)।

ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥
ਮਨੁ ਬਿਗਸੈ ਸਾਧ ਚਰਨ ਧੋਇ॥
ਭਗਤ ਜਨਾ ਕੈ ਮਨਿ ਤਨਿ ਰੰਗੁ॥
ਬਿਰਲਾ ਕੋਊ ਪਾਵੈ ਸੰਗੁ॥
ਏਕ ਬਸਤੁ ਦੀਜੈ ਕਰਿ ਮਇਆ॥
ਗੁਰਪ੍ਰਸਾਦਿ ਨਾਮੁ ਜਪਿ ਲਇਆ॥
ਤਾਕੀ ਉਪਮਾ ਕਹੀ ਨ ਜਾਇ॥
ਨਾਨਕ ਰਹਿਆ ਸਬਰ ਸਮਾਇ॥੬॥

(ਮੈਨੂੰ ਤਾਂ ਰਸੀਏ ਸਾਧੂ ਦਾ) ਨੈਣਾਂ ਨਾਲ ਦਰਸ਼ਨ ਕਰਕੇ (ਹੀ) ਸੁਖ ਹੋ ਜਾਂਦਾ ਹੈ, (ਐਸੇ) ਸਾਧਾਂ ਦੇ ਚਰਨ ਧੋਕੇ (ਮੇਰਾ) ਮਨ ਖਿੜ ਜਾਂਦਾ ਹੈ। (ਕਿਉਂਕਿ ਪਰਮੇਸ਼ੁਰ ਨੂੰ) ਪਿਆਰ ਕਰਨ ਵਾਲਿਆਂ ਜਨਾਂ ਦੇ ਮਨ ਤੇ ਸਰੀਰ ਵਿਚ ਪ੍ਰੇਮ (ਦਾ ਅਨੰਦ ਭਰਿਆ) ਹੁੰਦਾ ਹੈ (ਪਰ) ਕੋਈ ਵਿਰਲਾ (ਹੀ ਉਨ੍ਹਾਂ ਦੇ) ਸਤਿਸੰਗ ਨੂੰ ਪ੍ਰਾਪਤ ਹੁੰਦਾ ਹੈ। (ਪ੍ਰਭੋ!) ਕ੍ਰਿਪਾ ਕਰਕੇ ਇਕ ਵਸਤੂ (ਮੈਨੂੰ) ਬਖਸ਼ੋ ਕਿ ਗੁਰੂ ਦੀ ਕ੍ਰਿਪਾ ਕਰਕੇ (ਮੈਂ) ਨਾਮ ਨੂੰ ਜਪ ਲਵਾਂ[1]: ਉਸ (ਪਰਮੇਸ਼ੁਰ) ਦੀ ਉਪਮਾ (ਅਮਿਤ ਹੈ) ਕਹੀ ਨਹੀਂ ਜਾ ਸਕਦੀ। (ਪਰੰਤੂ) ਹੇ ਨਾਨਕ! (ਉਹ) ਸਭ ਵਿਚ ਸਮਾ ਰਿਹਾ ਹੈ (ਇਸ ਕਰਕੇ ਉਸ ਨੂੰ ਨਾਮ ਦੁਆਰੇ ਅਪਣੇ ਅੰਦਰ ਅਨੁਭਵ ਕਰੋ)! ॥੬॥

ਪਿਛਲੀਆਂ ਦੋ ਤੁਕਾਂ ਦੱਸਦੀਆਂ ਹਨ ਕਿ ਅਗਲਾ ਸਾਰਾ ਪਦਾ ਫੇਰ ਅਰਦਾਸ ਦਾ ਹੈ।

ਪ੍ਰਭ ਬਖਸੰਦ ਦੀਨ ਦਇਆਲ॥
ਭਗਤਿ ਵਛਲ ਸਦਾ ਕਿਰਪਾਲ॥
ਅਨਾਥ ਨਾਥ ਗੋਬਿੰਦ ਗੁਪਾਲ॥
ਸਰਬ ਘਟਾ ਕਰਤ ਪ੍ਰਤਿਪਾਲ॥
ਆਦਿ ਪੁਰਖ ਕਾਰਣ ਕਰਤਾਰ॥
ਭਗਤ ਜਨਾ ਕੇ ਪ੍ਰਾਨ ਅਧਾਰ॥

[2]ਹੇ ਪ੍ਰਭੂ! ਹੇ ਬਖਸ਼ਨ ਹਾਰ (ਪ੍ਰਭੂ), ਹੇ ਗ੍ਰੀਬਾਂ ਤੇ ਦਿਆਲੂ (ਪ੍ਰਭੂ), ਹੇ ਭਗਤਾਂ ਨੂੰ ਪਿਆਰ ਕਰਨ ਵਾਲੇ[3] (ਤੇ ਉਨਾਂ ਤੇ) ਸਦਾ ਕ੍ਰਿਪਾਲੂ! ਹੇ ਅਨਾਥਾਂ ਦੇ ਨਾਥ[4]! (ਸਗੋਂ) ਸ੍ਰਿਸ਼ਟੀ ਦੇ ਰਖਯਕ, ਹੇ ਸ੍ਰਿਸਟੀ ਦੇ ਪਾਲਣੇ ਵਾਲੇ! (ਤੁਸੀਂ ਜੋ) ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਦੇ ਹੋ, (ਸਭ ਤੇ) ਆਦਿ ਪੁਰਖ (ਆਪ ਹੀ ਹੋ, ਆਪ ਸਭ ਦਾ) ਮੁੱਢ ਹੋ, (ਆਪ ਸਭ ਦੇ) ਰਚਨਹਾਰ ਹੋ (ਪਰ ਅਪਣੇ) ਭਗਤ ਜਨਾਂ ਦੇ (ਤਾਂ) ਪ੍ਰਾਣਾਂ ਦਾ ਆਧਾਰ ਹੋ[5]।

---

੧. (ਅ) ਜਪਕੇ (ਉਸ ਰਸ ਤੇ ਚਾਉ ਨੂੰ) ਲੈ ਲਵਾਂ।

੨. ਫਰੀਦਕੋਟ ਦੇ ਟੀਕੇ ਵਾਲੇ ਪ੍ਰਸਿੱਧ ਗਯਾਨੀ ਬਦਨ ਸਿੰਘ ਜੀ ਇਸ ਪਉੜੀ ਦਾ ਸਨਮੁਖ ਅਰਦਾਸ ਵਿਚ ਹੀ ਅਰਥ ਕਰਦੇ ਹੁੰਦੇ ਸਨ।

੩. ਸੰਸ:, ਭਗਤ ਵਤਸਲ=ਭਗਤਾਂ ਨੂੰ ਪਿਆਰ ਕਰਨੇ ਵਾਲਾ। ਪ੍ਰਾਕ੍ਰਿਤ ਵਿਚ ਵਤਸਲ ਦਾ ਵਛਲ ਬਣ ਜਾਂਦਾ ਹੈ। ਗੁਰਬਾਣੀ ਵਿਚ 'ਭਗਤ ਵਛਲ' ਰੂਪ ਬੀ ਆਇਆ ਹੈ, ਯਥਾ- 'ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ' (ਗਉ:ਮਾਝ: ਮ:੫-੧) ਪਰ ਅਕਸਰ ਥਾਈਂ ਪਾਠ 'ਭਗਤਿ ਵਛਲ' ਹੈ। ਯਥਾ- 'ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ॥'(ਗਉ:ਵਾਰ:੫) ਪੁਨਾ: 'ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ॥'(ਬਿਲਾ:ਮ:੪:ਅਸ਼ਟ-੮) ਸੰਸਕ੍ਰਿਤ ਵਾਲੇ 'ਭਗਤ ਵਤਸਲ' ਭਗਤਾਂ ਨੂੰ ਬੱਚੇ ਵਾਂਙ ਪਿਆਰਨ ਵਾਲੇ ਨੂੰ ਹੀ ਕਹਿੰਦੇ ਹਨ।

੪. ਅਨਾਥ=ਮਾਲਕਹੀਨ, ਯਤੀਮ, ਬੇਸਹਾਰਾ। ਨਾਥ=ਮਾਲਕ।

੫. ਭਗਤ ਵਛਲ ਹੈ ਉਹ ਤੇ ਭਗਤ ਐਨਾ ਪਯਾਰ ਕਰਦੇ ਹਨ ਉਸ ਨੂੰ, ਕਿ ਆਪਣੇ ਪ੍ਰਾਣਾਂ ਦਾ ਆਧਾਰ ਬਣਾ ਲੈਂਦੇ ਹਨ, ਉਸ ਬਿਨ ਜੀ ਨਹੀਂ ਸਕਦੇ।

ਜੋ ਜੋ ਜਪੈ ਸੁ ਹੋਇ ਪੁਨੀਤ॥ ਭਗਤਿ ਭਾਇ ਲਾਵੈ ਮਨ ਹੀਤ॥ ਹਮ ਨਿਰਗੁਨੀਆਰ ਨੀਚ ਅਜਾਨ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥੭॥

ਜੋ ਜੋ (ਆਪ ਨੂੰ) ਜਪਦਾ ਹੈ, (ਤੇ) ਭਗਤੀ ਭਾਵਨਾ ਨਾਲ ਮਨ ਦਾ ਹਿਤ (ਆਪ ਨਾਲ ਲਾਉਂਦਾ ਹੈ) ਸੋ ਸੋ ਪਵਿਤ੍ਰ ਹੋ ਜਾਂਦਾ ਹੈ। (ਹੇ ਐਸੇ ਗੁਣ ਨਿਧਿ ਪ੍ਰਭੂ!) ਹੇ ਪੁਰਖ ਭਗਵਾਨ ਅਸੀਂ ਸ਼ੁਭ ਗੁਣਾਂ ਥੀਂ ਰਹਤ ਹਾਂ, ਨੀਚ ਹਾਂ ਤੇ ਅੰਜਾਣ ਹਾਂ, (ਪਰ ਅਸੀਂ) ਤੁਸਾਂ ਦੀ ਸ਼ਰਨ ਆਏ ਹਾਂ ਸਾਨੂੰ ਬਚਾ ਲਓ), ਨਾਨਕ (ਦੀ ਇਹ ਅਰਦਾਸ ਹੈ)॥੭॥

ਤ੍ਰਿਪਤੀ ਦਾ ਫੇਰ ਰੂਪ ਵਰਣਨ ਕੀਤਾ ਹੈ ਕਿ ਹਰੀ ਗੁਣ ਗਾਯਨ, ਹਰੀ ਦਾ ਜਪ, ਤੇ ਹਿਰਦੇ ਨਾਮ ਦਾ ਨਿਵਾਸ ਸਭ ਅਤ੍ਰਿਪਤੀਆਂ ਤੇ ਝੂਠੀਆਂ ਤ੍ਰਿਪਤੀਆਂ ਤੋਂ ਕੱਢਕੇ ਸਚੀ ਤ੍ਰਿਪਤੀ ਵਿਚ ਲੈ ਜਾਂਦਾ ਹੈ:-

ਸਰਬ ਬੈਕੁੰਠ ਮੁਕਤਿ ਮੋਖ ਪਾਏ॥ ਏਕ ਨਿਮਖ ਹਰਿ ਕੇ ਗੁਨ ਗਾਏ॥ ਅਨਿਕ ਰਾਜ ਭੋਗ ਬਡਿਆਈ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥ ਬਹੁ ਭੋਜਨ ਕਾਪਰ ਸੰਗੀਤ॥ ਰਸਨਾ ਜਪਤੀ ਹਰਿ ਹਰਿ ਨੀਤ॥ ਭਲੀ ਸੁ ਕਰਨੀ ਸੋਭਾ ਧਨਵੰਤ॥ ਹਿਰਦੈ ਬਸੇ ਪੂਰਨ ਗੁਰਮੰਤ॥ ਸਾਧ ਸੰਗਿ ਪ੍ਰਭ ਦੇਹੁ ਨਿਵਾਸ॥ ਸਰਬ ਸੂਖ ਨਾਨਕ ਪਰਗਾਸ॥੮॥੨੦॥

[੧](ਜੇ) ਇਕ ਪਲ ਹਰੀ ਦੇ ਗੁਣ ਗਾਉਂ ਲੀਤੇ (ਤਾਂ ਜਾਣੋ) ਸਾਰੇ ਬੈਕੁੰਠ, (ਸਾਰੀਆਂ) ਮੁਕਤੀਆਂ ਤੇ ਖਲਾਸੀਆਂ ਪਾ ਲਈਆਂ। (ਜੋ) ਹਰੀ ਦੇ ਨਾਮ ਦੀ ਕਥਾ ਮਨ ਵਿਚ ਭਾ ਗਈ (ਤਾਂ ਜਾਣੋ) ਅਨੇਕ ਰਾਜ, (ਰਾਜ ਦੇ) ਭੋਗ (ਤੇ) ਵਡਿਆਈਆਂ (ਪਾ ਲਈਆਂ)। ਅਨੇਕ ਭੋਜਨ, (ਅਨੇਕ) ਕਪੜੇ ਤੇ (ਤਰ੍ਹਾਂ ਤਰ੍ਹਾਂ ਦੇ) ਗਾਣੇ (ਪ੍ਰਾਪਤ ਹੋ ਗਏ ਜਾਣੋ) (ਜੇ) ਰਸਨਾ ਵਾਹਿਗੁਰੂ ਵਾਹਿਗੁਰੂ ਨਿਤ ਜਪਣ ਲਗ ਪਏ (ਤਾਂ)। ਹਿਰਦੇ ਵਿਚ ਪੂਰਨ ਗੁਰੂ ਦਾ ਮੰਤ੍ਰ ਵੱਸ ਗਿਆ ਹੈ (ਜਾਣ ਲਓ ਕਿ ਇਹ) ਕਰਨੀ (ਬਹੁਤ) ਭਲੀ ਹੈ, (ਇਹੋ ਅਸਲੀ) ਸੋਭਾ ਹੈ (ਤੇ ਇਹੋ) ਸ਼ਾਹੂਕਾਰ ਪੁਣਾ ਹੈ। ਹੇ ਪ੍ਰਭੋ! ਨਾਨਕ (ਦੀ ਅਰਦਾਸ ਹੈ ਕਿ ਅਪਣੇ) ਸਾਧਾਂ ਦੇ ਸੰਗ ਵਿਚ ਨਿਵਾਸ ਬਖਸ਼ੋ (ਜਿਥੇ ਵੱਸਿਆਂ ਕਿ) ਸਾਰੇ ਸੁਖ ਆ ਪ੍ਰਗਟ ਹੁੰਦੇ ਹਨ॥੮॥੨੦॥

ਸਲੋਕੁ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥

ਹੇ ਨਾਨਕ! ਨਿਰੰਕਾਰ[੨] ਆਪ ਹੀ ਨਿਰਗੁਣ[੩] ਹੈ (ਤੇ ਆਪ ਹੀ) ਸਰਗੁਣ[੪] ਹੈ (ਨਿਰਗੁਣ ਰੂਪ ਵਿਚ ਉਹ) ਅਫੁਰ ਸਮਾਧੀ[੫] ਵਿਚ ਹੈ (ਤੇ

---

੧. ਇਹ ਪਦਾ ਪ੍ਰਸ਼ਾਦ ਛੱਕ ਕੇ ਅਰਦਾਸਾ ਕਰਨ ਤੋਂ ਪਹਿਲੇ ਗੁਰ ਸੰਗਤਾਂ ਵਿਚ ਪੜ੍ਹਿਆ ਜਾਂਦਾ ਹੈ।

੨. ਮਾਯਕ ਆਕਾਰ ਤੋਂ ਰਹਿਤ ਪ੍ਰਮਾਤਮਾ।

੩. ਜੋ ਸ਼ੁਧ ਦਸ਼ਾ ਵਿਚ ਹੈ ਤੇ ਮਾਇਆ ਦੇ ਸਤ, ਰਜ, ਤਮ ਰੂਪ ਮਾਯਕ ਗੁਣਾਂ ਤੋਂ ਰਹਿਤ ਹੈ ਤੇ ਮਾਯਾ ਦੇ ਸੰਬੰਧ ਹੋਣ ਵਾਲੇ ਗੁਣਾਂ ਤੋਂ ਅਤੀਤ ਹੈ।

੪. ਸਗੁਣ, ਸਹਤ ਗੁਣਾਂ ਦੇ। ਮਾਯਾ ਦੇ ਮੇਲ ਨਾਲ ਹੋਣ ਵਾਲੇ ਗੁਣਾਂ ਵਾਲਾ। ਪਰਮਾਤਮਾ ਦਾ ਰੂਪ ਜੋ ਤਮੋ, ਰਜੋ, ਸਤੋ ਤਿੰਨਾਂ ਗੁਣਾਂ ਸਹਿਤ ਹੈ।

੫. ਸੁੰਨ ਸਮਾਧਿ=ਅਫੁਰ ਸਮਾਧਿ, ਨਿਰਵਕਲਪ ਸਮਾਧਿ। ਇਸੇ ਅਸਟਪਦੀ ਦੀ ਪਹਿਲੀ ਪਉੜੀ ਦੀ ਤੀਸਰੀ ਤੁਕ ਵਿਚ ਪਦ 'ਸੁੰਨ ਸਮਾਧਿ' ਨਿਰਗੁਣਤਾ ਲਖਾਇਕ ਹੀ ਵਰਤਿਆ ਹੈ।

ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥੧॥

ਅਸਟਪਦੀ॥ ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ॥ ਪਾਪ ਪੁੰਨ ਤਬ ਕਹ ਤੇ ਹੋਤਾ॥ ਜਬ ਧਾਰੀ ਆਪਨ ਸੁੰਨ ਸਮਾਧਿ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥ ਜਬ ਇਸਕਾ ਬਰਨੁ ਚਿਹਨੁ ਨ ਜਾਪਤ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥ ਜਬ ਆਪਨ ਆਪ ਆਪਿ ਪਾਰਬ੍ਰਹਮ॥ ਤਬ ਮੋਹ ਕਹਾ ਕਿਸੁ ਹੋਵਤ ਭਰਮ॥ ਆਪਨ ਖੇਲੁ ਆਪਿ ਵਰਤੀਜਾ॥ ਨਾਨਕ ਕਰਨੈਹਾਰੁ ਨ ਦੂਜਾ॥੧॥

ਸਰਗੁਣ ਰੂਪ ਵਿਚ ਉਹ ਰਚਨਾ ਰਚਦਾ ਹੈ ਤੇ) ਅਪਣੀ ਰਚੀ ਹੋਈ ਵਿਚ (ਬੈਠਕੇ) ਫੇਰ (ਉਹ ਅਪਣਾ) ਜਾਪ ਆਪ ਹੀ ਕਰਦਾ ਹੈ[1]॥੧॥

[2](ਨਿਰਗੁਣ ਦਾ ਵਰਣਨ:-ਵੀਚਾਰ ਕਰੋ ਕਿ) ਜਦੋਂ ਇਸ (ਪ੍ਰਪੰਚ ਦਾ) ਆਕਾਰ (ਸ਼ਕਲ ਸੂਰਤ ਹੀ) ਕੁਝ ਨਹੀਂ ਸੀ ਦਿੱਸਦਾ, (ਤਦ ਏਥੇ) ਕੌਣ ਸੀ ਤੇ ਕਿਸ ਤੋਂ ਪਾਪ ਪੁੰਨ ਹੁੰਦਾ ਸੀ? ਜਦ ਧਾਰੀ ਹੋਈ ਸੀ (ਸਾਈਂ ਨੇ) ਅਪਣੇ ਆਪ ਵਿਚ ਸੁੰਨ (ਅਫੁਰ) ਸਮਾਧੀ, ਤਦ ਵੈਰ ਵਿਰੋਧ (ਕੌਣ) ਕਿਸ ਨਾਲ ਕਮਾਉਂਦਾ ਸੀ? ਜਦ ਇਸ (ਆਕਾਰ ਵਾਲੇ ਸੰਸਾਰ) ਦਾ ਰੰਗ ਰੂਪ ਹੀ ਨਹੀਂ ਸੀ ਦਿਖਾਈ ਦਿੰਦਾ, ਤਦ ਦੱਸੋ ਹਰਖ ਸੋਗ (ਖੁਸ਼ੀ ਯਾ ਗ਼ਮੀ) ਕਿਸ ਨੂੰ ਵਿਆਪਦੀ ਸੀ? ਜਦੋਂ ਪਾਰਬ੍ਰਹਮ ਨਿਰਾ ਆਪ ਹੀ ਆਪਣੇ ਆਪ ਵਿਚ (ਇਸਥਿਤ) ਸੀ ਤਦ (ਦੱਸੋ) ਮੋਹ ਕ੍ਰਿਸਨੂੰ (ਫੁਰਦਾ ਸੀ ਤੇ) ਭਰਮ ਕਿਸਨੂੰ ਪੈਂਦਾ ਸੀ? ਹੇ ਨਾਨਕ! (ਇਹ ਜਗਤ ਉਸਦੀ) ਅਪਣੀ ਖੇਡ (ਹੈ ਜੇ ਉਸ ਨੇ) ਆਪ ਹੀ ਵਰਤਾਈ ਹੈ, (ਉਸ ਤੋ ਛੁੱਟ ਇਸ ਖੇਲ ਦੇ) ਕਰਨੇ ਵਾਲਾ ਹੋਰ ਕੋਈ ਨਹੀਂ ਹੈ॥੧॥

---

੧. ਨਿਰਗੁਣ ਰੂਪ ਵਿਚ ਅਫੁਰ ਸਮਾਧਿ ਤੇ ਸਰਗੁਣ ਵਿਚ ਵਿਸਮਾਦ ਸਮਾਧਿ ਵਿਚ ਹੁੰਦਾ ਹੈ। ਇਸ ਸਲੋਕ ਦਾ ਭਾਵ ਗੁਰੂ ਨਾਨਕ ਦੇਵ ਜੀ ਦੀ ਵਾਰ ਆਸਾ ਦੀ ਇਸ ਪਉੜੀ ਤੋਂ ਖੁੱਲ੍ਹਦਾ ਹੈ-'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥' ਰਚਨਾ ਨੂੰ ਦੇਖਕੇ ਚਾਉ ਤੇ ਰਚਨਹਾਰ ਦੀ ਸਿਫਤ ਸਲਾਹ ਉਪਜਦੀ ਹੈ ਜੋ ਜਾਪ ਯਾਂ ਸਿਮਰਨ ਵਿਚ ਰਖਦੀ ਹੈ, ਜਿਸ ਤੋ ਵਿਸਮਾਦ ਹੁੰਦਾ ਹੈ। ਮਾਰੂ ਮ: ੧ ਸੋਲਹੇ ਦੇ ਅੰਕ ੧੭ ਵਿਚ 'ਸੁੰਨ ਸਮਾਧੀ ਵਿਚ ਪਰਮਾਤਮਾ' ਨੂੰ ਦੱਸਕੇ ਫੇਰ ਸੁੰਨ ਤੋਂ ਕੀਕੂੰ ਜਗਤ ਉਪਾਇਆ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ। ਇਸ ਤੋਂ ਪਹਿਲੇ ਸੋਲਹੇ ੧੫ ਤੇ ੧੬ ਵਿਚ ਨਿਰਗੁਣ ਅਵਸਥਾ ਤੇ ਫੇਰ ਸਰਗੁਣਤਾ ਵਿਚ ਆਕੇ ਜਗਤ ਰਚਨਾ ਦਾ ਪ੍ਰਕਾਰ ਵਰਣਨ ਕੀਤਾ ਹੈ। (ਅ) ਸੰਪ੍ਰਦਾ ਵਿਚ ਦੂਜੀ ਤੁਕ ਦੇ ਅਰਥ ਐਉਂ ਬੀ ਲਾਉਂਦੇ ਹਨ:-ਆਪਣੇ ਕੀਤੇ ਨੂੰ ਫੇਰ ਆਪ ਲੈ ਕਰ ਲੈਂਦਾ ਹੈ। 'ਜਪਨਾ' ਆਮ ਹਿੰਦੀ ਵਿਚ 'ਖਾ ਜਾਣ' ਨੂੰ ਤੇ ਪੰਜਾਬੀ ਵਿਚ 'ਨਿਗਲ ਲੈਣ' ਨੂੰ ਬੀ ਕਹਿੰਦੇ ਹਨ। (ਪੰ: ਡਿ:)। (ਸੰਸ:, ਜਾਪਨੰ=ਰੱਦ ਕਰਨਾ, ਮੁਕਾ ਦੇਣਾ)। ਇਸੇ ਅਸਟਪਦੀ ਦੇ ਸੱਤਵੇਂ ਪਦੇ ਵਿਚ ਦੱਸਦੇ ਹਨ "ਖੇਲੁ ਸੰਕੋਚੈ ਤਉ ਨਾਨਕ ਏਕੈ"। (ੲ) ਜਾਣਦਾ ਹੈ ਤੇ ਪ੍ਰਤੀਤ ਦੇਂਦਾ ਹੈ ਬੀ ਅਰਥ ਲਾਉਂਦੇ ਹਨ। ਜਾਣਦਾ ਹੈ ਤੋਂ ਮੁਰਾਦ 'ਸੰਭਾਲਦਾ ਹੈ' ਲਈਦੀ ਹੈ, ਜੋ ਇਸੇ ਅਸਟਪਦੀ ਦੇ ਸੱਤਵੇਂ ਅੰਕ ਵਿਚ ਹੈ-'ਆਪਨ ਖੇਲੁ ਆਪਿ ਕਰਿ ਦੇਖੈ॥'

੨. ਹੁਣ ਨਿਰਗੁਣ ਸਰਗੁਣ ਦਾ ਰੂਪ ਚਲਿਆ।

ਜਬ ਹੋਵਤ ਪ੍ਰਭ ਕੇਵਲ ਧਨੀ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ॥ ਜਬ ਏਕਹਿ ਹਰਿ ਅਗਮ ਅਪਾਰ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ॥ ਜਬ ਨਿਰਗੁਨ ਪ੍ਰਭ ਸਹਜ ਸੁਭਾਇ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ॥ ਤਬ ਕਵਨ ਨਿਡਰੁ ਕਵਨ ਕਤ ਡਰੈ॥ ਆਪਨ ਚਲਿਤ ਆਪਿ ਕਰਨੈਹਾਰ॥ ਨਾਨਕ ਠਾਕੁਰ ਅਗਮ ਅਪਾਰ॥੨॥

(ਦੱਸੋ,) ਜਦੋਂ ਮਾਲਕ ਪ੍ਰਭੂ ਨਿਰਾ (ਆਪ ਹੀ ਆਪ) ਹੁੰਦਾ ਹੈ, ਤਦੋਂ ਬੱਝਾ ਹੋਇਆ ਤੇ ਛੁੱਟਿਆ ਹੋਇਆ ਕਿਸ ਨੂੰ ਗਿਣਿਆ ਜਾਏ? ਜਦ ਅਗੰਮ ਤੇ ਅਪਾਰ ਹਰੀ ਇਕੋ (ਆਪ) ਹੀ ਹੋਵੇ, ਦੱਸੋ, ਤਦ ਨਰਕਾਂ ਸੁਰਗਾਂ ਵਿਚ ਕੌਣ ਜਾਂਦਾ ਸਮਝਿਆ ਜਾਵੇ? ਜਦੋਂ ਪ੍ਰਭੂ ਨਿਰਗੁਣ (ਮਾਇਆ ਦੇ ਗੁਣਾਂ ਤੋਂ ਰਹਿਤ ਤੇ ਅਪਣੇ) ਸਹਜ ਸਰੂਪ ਵਿਚ (ਅਡੋਲ ਇਸਥਿਤ) ਹੋਵੇ, ਦੱਸੋ ਤਦ ਸ਼ਿਵ ਤੇ ਸ਼ਕਤੀ ਕਿਸ ਥਾਂ ਹੁੰਦੀ ਹੈ[1]? ਜਦੋਂ (ਪ੍ਰਭੂ) ਅਪਣੇ ਆਪ ਵਿਚ (ਹੀ) ਅਪਣੀ ਜੋਤ ਪ੍ਰਕਾਸ਼ ਰਿਹ ਹੋਵੇ[2] (ਦੱਸੋ) ਤਦ ਕੌਣ ਡਰ ਤੋਂ ਰਹਿਤ ਤੇ ਕੌਣ ਕਿਸ ਤੋਂ ਡਰਦਾ (ਕਿਹਾ ਜਾਵੇ? ਕਹਿੰਦੇ ਹਨ ਗੁਰੂ) ਨਾਨਕ, ਠਾਕਰ ਗੰਮਤਾ ਤੋਂ ਪਰੇ ਹੈ ਤੇ ਪਾਰ ਤੋਂ ਰਹਤ ਹੈ (ਬੇਹੱਦ ਹੈ), (ਓਹ) ਅਪਣੇ ਕੌਤਕ (ਖੇਲ) ਆਪ (ਹੀ) ਕਰਨੇ ਹਾਰਾ ਹੈ॥੨॥

ਅਬਿਨਾਸੀ ਸੁਖ ਆਪਨ ਆਸਨ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ॥ ਜਬ ਪੂਰਨ ਕਰਤਾ ਪ੍ਰਭੁ ਸੋਇ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ॥ ਜਬ ਅਬਿਗਤ ਅਗੋਚਰ ਪ੍ਰਭ ਏਕਾ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥ ਜਬ ਨਾਥ ਨਿਰੰਜਨ ਅਗੋਚਰ ਅਗਾਧੇ॥

(ਜਿੱਥੇ) ਨਾਸ਼ ਤੋਂ ਰਹਿਤ (ਪ੍ਰਭੂ) ਅਪਣੇ ਸੁਖ ਸਰੂਪ ਵਿਚ ਇਸਥਿਤ ਹੈ ਸੀ ਦੱਸੋ ਓਥੇ ਜੰਮਣਾ ਮਰਣਾ ਤੇ ਵਿਨਾਸ਼ ਹੋਣਾ ਕਿਸ ਦਾ[3] ਹੋ ਸਕਦਾ ਸੀ? ਜਦ (ਇਕੋ) ਓਹੋ ਕਰਤਾਰ ਪ੍ਰਭੂ (ਹੀ) ਪਰੀ ਪੂਰਨ ਹੈ ਸੀ ਤਦ ਦੱਸੋ ਕਿ ਜਮ ਦਾ ਡਰ ਕਿਸਨੂੰ ਹੁੰਦਾ ਹੈਸੀ? ਜਦ ਇਕੋ ਅਬਿਗਤ ਤੇ ਅਗੋਚਰ[4] ਪ੍ਰਭੂ (ਆਪ ਹੀ ਆਪ) ਸੀ, ਤਦ ਚਿਤ੍ਰ ਗੁਪਤ ਲੇਖਾ ਕਿਸ ਨੂੰ ਪੁੱਛਦੇ ਸਨ? ਜਦ ਮਾਇਆ ਤੋਂ ਰਹਿਤ, ਇੰਦ੍ਰੀ ਅਤੀਤ, ਮਨ ਬਾਣੀ ਤੋਂ ਪਰੇ ਪ੍ਰਭੂ (ਆਪ ਹੀ ਆਪ) ਸੀ, ਤਦ ਕਉਣ ਛੁੱਟੇ ਹੋਏ

---

੧. 'ਪਰਾ ਸਿਵ' ਤੋਂ ਵਿਕਾਸ਼ਿਤ ਹੋਣ ਵਾਲੇ ਦੋ ਤਤ੍ਵ 'ਸ਼ਿਵ; ਸ਼ਕ੍ਤਿ' ਜਿਨ੍ਹਾਂ ਦੇ ਪਰਸਪਰ ਮੇਲ ਤੇ ਵਿਕਾਸ ਤੋਂ ਅਗਲੀ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਮੰਨੀ ਹੈ। 'ਸਿਵ ਸਕਤੀ' ਦਾ ਐਉਂ ਬੀ ਅਰਥ ਕਰਦੇ ਹਨ:-ਸਿਵ ਸਕਤੀ=ਸ਼ਿਵ ਦੀ ਸ਼ਕਤੀ, ਅਰਥਾਤ ਮਾਇਆ। (ਅ) ਸ਼ਿਵ=ਸ਼ਿਵਜੀ ਤੇ ਸ਼ਕਤੀ=ਉਸ ਦੀ ਇਸਤ੍ਰੀ। (ੲ) ਸ਼ਿਵ=ਸਤੋ ਗੁਣ। ਸ਼ਕਤੀ=ਤਮੋਗੁਣ।

੨. ਜਦੋਂ ਇਕੋ ਓਹੋ ਅਪਣੇ ਪ੍ਰਕਾਸ਼ ਸਰੂਪ ਵਿਚ ਪ੍ਰਕਾਸ਼ ਰਿਹਾ ਹੋਵੇ।

੩. 'ਕਹਾ' ਦਾ ਅਰਥ 'ਕਿਸ' ਬੀ ਹੈ। ਯਥਾ-ਆਨ ਕਹਾ ਪਹਿ ਜਾਵਉ।

੪. ਅਵਜਕਤ-ਨਿਰਾਕਾਰ ਤੇ ਨਿਰਗੁਣ ਪਰਮਾਤਮਾ। ਅਗੋਚਰ=ਇੰਦ੍ਰਿਆਂ ਤੋਂ ਅਵਿਸ਼ੇ ਹੋਵੇ।

ਤਬ ਕਉਨ ਛੁਟੇ ਕਉਨ ਬੰਧਨ ਬਾਧੇ॥ ਆਪਨ ਆਪ ਆਪ ਹੀ ਅਚਰਜਾ॥ ਨਾਨਕ ਆਪਨ ਰੂਪ ਆਪ ਹੀ ਉਪਰਜਾ॥੩॥

ਹੁੰਦੇ ਹਨ ਤੇ ਕੌਣ ਬੰਧਨ ਵਿਚ ਬੱਝੇ ਹੋਏ?

(ਉਹ ਤਦੋਂ) ਅਪਣੇ ਅਚਰਜ ਰੂਪ ਵਿਚ ਆਪਣੇ ਆਪ ਵਿਚ ਹੀ (ਇਸਥਿਤ) ਸੀ। (ਉਸਨੇ) ਅਪਣਾ (ਸਰਗੁਣ) ਰੂਪ (ਫੇਰ) ਆਪ ਹੀ ਉਤਪਤ ਕੀਤਾ[1]॥੩॥

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥ ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ॥ ਜਹ ਸਰੂਪ ਕੇਵਲ ਜਗਦੀਸ॥ ਤਹ ਛਲ ਛਿਦ੍ਰ ਲਗਤ ਕਹੁ ਕੀਸ॥ ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥ ਕਰਨ ਕਰਾਵਨ ਕਰਨੈਹਾਰੁ॥ ਨਾਨਕ ਕਰਤੇ ਕਾ ਨਾਹਿ ਸੁਮਾਰੁ॥੪॥

ਜਿਥੇ 'ਮੈਲ ਤੋਂ ਰਹਤ ਪੁਰਖ' ਹੀ 'ਪੁਰਖ ਪਤੀ' ਸੀ[2] ਓਥੇ ਦੱਸੋ ਮੈਲ (ਤੇ) ਹੈ ਨਹੀਂ (ਸੀ ਕੋਈ ਓਥੇ) ਧੋਂਦਾ ਕੀਹ ਸੀ। ਜਿਥੇ ਮਾਇਆ ਰਹਤ, ਅਕਾਰ ਰਹਤ, ਮੁਕਤ (ਰੂਪ ਪ੍ਰਭੂ ਇਕੋ ਆਪ ਹੀ) ਸੀ, ਓਥੇ ਕਿਸਦਾ ਮਾਨ ਤੇ ਕਿਸਦਾ ਅਪਮਾਨ ਹੋਣਾ ਸੀ[3]?

ਜਿੱਥੇ (ਜਗਦੀਸ਼) ਕੇਵਲ (ਇਕੋ) ਜਗਦੀਸ਼ੂਰ ਦਾ ਸਰੂਪ ਹੀ ਸੀ ਉਥੇ ਛਲ ਛਿਦ੍ਰ ਕਿਸਨੂੰ ਲੱਗਦਾ? ਜਿਥੇ ਜੋਤਿ ਸਰੂਪ ਵਾਲਾ (ਆਪਣੀ) ਜੋਤ ਵਿਚ ਹੀ ਸਮਾ ਰਿਹਾ ਹੋਵੇ,[4] ਤਿਥੇ ਕਿਸ ਨੂੰ ਭੁਖ (=ਤ੍ਰਿਸ਼ਨਾ ਹੁੰਦੀ ਕਹੀ ਜਾਵੇ ਤੇ) ਕੌਣ (ਉਸਦੀ) ਪ੍ਰਾਪਤੀ ਕਰਦਾ (ਕਿਹਾ ਜਾਵੇ)? ਕਰਨੇ ਕਰਾਉਣੇ ਵਾਲਾ (ਮੂਲ ਕਾਰਣ ਉਹ) ਕਰਨੇ ਹਾਰ (ਆਪ ਹੀ) ਹੈ[5]। (ਉਸ) ਸਿਰਜਣਹਾਰ ਦਾ, ਹੇ ਨਾਨਕ! ਅੰਤ[6] ਨਹੀਂ ਪਾਯਾ ਜਾ ਸਕਦਾ॥੪॥

---

੧. 'ਅਚਰਜ ਰੂਪ' ਮਨ ਬਾਣੀ ਤੋਂ ਪਰੇ ਹੈ,-'ਅਸ੍ਚਰਜ ਰੂਪੰ ਰਹੰਤ ਜਨਮੰ॥' (ਸੰ:ਸਲੋ: ਮ:੫)
ਸੋ ਉਸ ਮਨ ਬਾਣੀ ਤੋਂ ਪਰੇ ਅਰੂਪ ਨੂੰ ਰੂਪਵਾਨ ਉਸ ਨਾ ਆਪ ਹੀ ਕੀਤਾ, ਭਾਵ ਨਿਰਗੁਣ ਤੇ ਸਰਗੁਣ ਰੂਪ ਧਾਰਿਆ। ਯਥਾ:-ਆਪੀਨੈ੍ ਆਪੁ ਸਾਜਿਓ। (ਵਾਰ ਆਸਾ)

੨. ਭਾਵ ਜਦੋਂ ਪਰਮੇਸ਼ੁਰ 'ਉਮਾ ਪਤੀ' ਯਾ 'ਮਾਯਾ ਪਤੀ' ਆਦਿ ਨਹੀਂ ਸੀ ਅਪਣੇ ਆਪ ਦਾ ਆਪ ਮਾਲਕ ਸੀ ਤਦੋਂ ਮਾਯਾ ਰੂਪੀ ਮੈਲ ਹੀ ਨੀਂ ਸੀ ਫਿਰ ਧੋਣਾ ਕੀਹ ਸੀ। (ਅ) ਐਉਂ ਬੀ ਅਰਥ ਲਗਦਾ ਹੈ:-ਜਹਿ ਪੁਰਖ ਪਤਿ ਨਿਰਮਲ ਪੁਰਖ ਹੋਤਾ=ਅਰਥਾਤ ਜਦੋਂ:-ਪੁਰਖ ਦੀ ਪਤ ਨਿਰਮਲ ਪੁਰਖ ਆਪ ਹੀ ਹੁੰਦਾ ਸੀ। ਯਥਾ ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥ (ਸੁਖਮਨੀ ੨੧-੫) (ੲ) ਜਹਾਂ ਜੀਵੋਂ ਕਾ ਪਤੀ ਪਰਮਾਤਮਾ............ਪਰ ਜੀਵ ਤਾਂ ਸਨ ਨਹੀਂ ਤਦੋਂ।

੩. ਇਥੇ ਅਭਿਮਾਨ ਦਾ ਅਰਥ ਅਪਮਾਨ ਹੈ, ਹੋਰਥੇ ਬੀ ਆਯਾ ਹੈ। ਯਥਾ:-'ਤੈਸਾ ਮਾਨੁ ਤੈਸਾ ਅਭਿਮਾਨ॥(ਸੁਖਮਨੀ ੯-੭)।

੪. ਭਾਵ ਜਯੋਤੀ ਸਰੂਪ ਅਪਣੀ ਜਯੋਤਿ ਸਰੂਪਤਾ ਵਿਚ ਹੀ ਲੀਨ ਸੀ।

੫. (ਅ) ਉਹ 'ਕਰਨਹਾਰ' ਕਰਤਾਰ ਹੀ ਕਰਨੇ ਵਾਲਾ ਤੇ ਕਰਾਵਨੇ ਵਾਲਾ ਹੈ ਸੀ।

੬. ਭਾਵ ਗੇਣਤੀ ਮੇਣਤੀ ਨਾਲ ਜਿਸ ਦਾ (ਸ਼ੁਮਾਰ=) ਹਿਸਾਬ ਲੱਗ ਜਾਵੇ।

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥ ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ॥ ਜਹ ਸਰਬ ਕਲਾ ਆਪਹਿ ਪਰਬੀਨ॥ ਤਹ ਬੇਦ ਕਤੇਬ ਕਹਾ ਕੋਊ ਚੀਨ॥ ਜਬ ਆਪਨ ਆਪੁ ਆਪਿ ਉਰਿ ਧਾਰੈ॥ ਤਉ ਸਗਨ ਅਪਸਗਨ ਕਹਾ ਬੀਚਾਰੈ॥ ਜਹ ਆਪਨ ਊਚ ਆਪਨ ਆਪਿ ਨੇਰਾ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ॥ ਬਿਸਮਨ ਬਿਸਮ ਰਹੇ ਬਿਸਮਾਦ॥ ਨਾਨਕ ਅਪਨੀ ਗਤਿ ਜਾਨਹੁ ਆਪਿ॥੫॥

ਜਦ (ਪ੍ਰਭੂ ਨੇ) ਅਪਣੀ ਸੋਭਾ (ਕੇਵਲ) ਅਪਣੇ ਹੀ ਸੰਗ ਨਾਲ ਬਣਾਈ ਹੋਈ ਸੀ[1] ਤਦ (ਦੂਸਰਾ ਕੋਈ ਸੋਭਾ ਵਧਾਉਣ ਵਾਲਾ) ਮਾਂ ਕਿ ਪਿਉ, ਮਿਤ੍ਰ ਕਿ ਪੁਤ੍ਰ ਕਿ ਭਰਾ ਕਿਹੜਾ ਸੀ? ਜਿਥੇ (ਪ੍ਰਭੂ) ਸਾਰੀ ਗੁਣ ਵਿਦਜਾ ਦੀ ਪ੍ਰਬੀਨਤਾਈ[2] ਅਪਣੇ ਵਿਚ (ਲਈ ਇਸਥਿਤ) ਹੈਸੀ ਓਥੇ ਵੇਦ ਤੇ ਕਿਤਾਬਾਂ (ਤੇ) ਕੋਈ (ਉਨ੍ਹਾਂ ਨੂੰ) ਦੇਖਣ ਵਾਲਾ ਕਿੱਥੇ ਸੀ? ਜਦ (ਉਹ) ਅਪਣੇ ਆਪ (ਆਪਣੀ) ਉੱਤਮਤਾ ਵਿਚ[3] (ਨਿਮਗਨ) ਹੈਸੀ, ਤਦ ਸ਼ਗਨ ਤੇ ਅਪਸ਼ਗਨ[4] ਕੌਣ ਤੇ) ਕਿਥੇ ਵਿਚਾਰਦਾ ਸੀ[4]? ਜਿਥੇ ਆਪਣਾ (ਆਪ ਹੀ) ਉੱਚਾ (ਤੇ) ਆਪਣਾ ਆਪ ਹੀ ਨੇੜੇ ਹੋਵੇ, ਓਥੇ ਕੌਣ ਮਾਲਿਕ ਤੇ ਕੌਣ ਸੇਵਕ ਕਿਹਾ ਜਾਵੇ[5] (ਬਿਨੈ ਕਰਦੇ ਹਨ ਗੁਰੂ) ਨਾਨਕ, ਹੇ ਅਸਚਰਜ ਰੂਪ (ਅਸੀਂ ਤਾਂ ਆਪ ਦੇ ਰੂਪ ਨੂੰ ਦੇਖਕੇ) ਅਸਚਰਜ ਤੋਂ ਅਸਚਰਜ ਹੁੰਦੇ ਵਿਸਮਾਦ ਹੋ ਰਹੇ ਹਾਂ, ਅਪਣੀ ਗਤੀ ਨੂੰ (ਤੁਸੀਂ) ਆਪ ਹੀ ਜਾਣਦੇ ਹੋ॥੫॥

ਜਹ ਅਛਲ ਅਛੇਦ ਅਭੇਦ ਸਮਾਇਆ॥ ਊਹਾ ਕਿਸਹਿ ਬਿਆਪਤ ਮਾਇਆ॥

ਜਿੱਥੇ (ਉਹ ਅਪਣੇ) ਅਛਲ ਅਛੇਦ ਤੇ ਅਭੇਦ (ਰੂਪ ਵਿਚ) ਇਸਥਿਤ (ਹੋਵੇ[6]), ਓਥੇ ਮਾਇਆ ਕਿਸਨੂੰ ਵਿਆਪ ਸਕਦੀ ਹੈ।

---

੧. ਅਪਣੇ ਸਰੂਪ ਦੀ ਸ਼ੋਭਾ ਵਿਚ ਆਪ ਹੀ ਸੁਭਾਇਮਾਨ।

੨. ਕਲਾ ਦਾ ਅਰਥ ਸ਼ਕਤੀ ਨਹੀਂ ਪਰ ਕੋਮਲ ਉਨਰ ਯਾ ਕਲਾ ਕੌਸ਼ਲ ਹੈ, ਐਸੀਆਂ ਵਿਦਯਾ ੬੪ ਗਿਣੀਆਂ ਹਨ, ਭਾਵ ਹੈ ਸਰਬ ਪ੍ਰਕਾਰ ਦੇ ਗੁਣ ਤੇ ਵਿਦਜਾ ਤੇ ਉਹਨਾਂ ਦੀਆਂ ਪ੍ਰਬੀਨਤਾਈਆਂ ਪ੍ਰਭੂ ਦੇ ਅਵਜਕਤ ਰੂਪ ਵਿਚ ਅਵਜਕਤ ਹੀ ਸਨ।

੩. ਉਰਿ ਧਾਰੈ=ਉਤਮਤਾ ਵਿਚ ਟਿਕਿਆ ਹੁੰਦਾ ਹੈ। (ਸੰਸ:, ਉਰੁ=ਉਤਮ, ਅਮੋਲਕ)। (ਅ) ਜਦੋਂ ਅਪਣੇ ਆਪ ਨੂੰ ਅਪਣੇ ਰਿਦੇ ਵਿਚ ਧਾਰਨ ਕੀਤਾ ਹੋਇਆ ਇਸਥਿਤ ਸੀ, ਭਾਵ ਅਪਣੇ ਨਿਰਗੁਣ ਸ੍ਰੂਪ ਵਿਚ ਲੀਨ ਸੀ। ਪਰ ਅਗੇ ਪਿਆ ਹੈ 'ਸਗਨ ਅਪਸਗਨ' ਇਸ ਕਰਕੇ ਉੱਤਮਤਾ ਵਾਲਾ ਅਰਥ ਵਧੇਰੇ ਢੁਕਦਾ ਹੈ।

੪. ਜਦ ਹੋਇਆ ਆਪ ਹੀ ਉਤਮ ਤੇ ਉਸ ਦੀ ਉਤਮਤਾ, ਮਾੜਾ ਕੁਛ ਸੰਭਵ ਹੀ ਨਹੀਂ, ਤਦ ਸ਼ਗਨ ਵੀਚਾਰ ਦੀ ਕੀ ਲੋੜ।

੫. ਭਾਵ ਊਚ ਨੀਚ ਤੇ ਨੇੜੇ ਦੂਰ ਏਹ ਹੋਣ ਹੀ ਨਾ ਤਾਂ ਸੇਵਕ ਕੌਣ ਤੇ ਮਾਲਕ ਕੌਣ।

੬. ਅਛਲ=ਜਿਸ ਨੂੰ ਮਾਇਆ ਛਲ ਨਾ ਸਕੇ। ਅਛੇਦ=ਜੋ ਛੇਦਿਆ ਨਾ ਜਾਵੇ ਭਾਵ ਜੋ ਕਾਲ ਦੀ ਵੰਡ ਹੇਠ ਨਾ ਆਵੇ। ਅਭੇਦ=ਜੋ ਭੇਦਿਆ ਨਾ ਜਾਵੇ, ਭਾਵ ਜੋ ਦੇਸ਼ ਦੀ ਵੰਡ ਹੇਠ ਨਾ ਆਵੇ। (ਅ)='ਜਿਸ ਦਾ ਭੇਦ ਨਾ ਲੱਭੇ' ਬੀ ਅਰਥ ਲਾ ਲੈਂਦੇ ਹਨ।


www.sikhbookclub.com

ਆਪਸ ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥ ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥ ਜਹ ਆਪਨ ਆਪੁ ਆਪਿ ਪਤੀਆਰਾ ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥ ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥੬॥

ਜਿਥੇ ਅਪਣਾ ਆਪ ਤੇ ਅਪਣਾ ਹੁਕਮ ਇਕੋ ਰੂਪ ਹੋਵੇ[1] (ਉਥੇ) ਤਿੰਨਾਂ ਗੁਣਾਂ ਦਾ ਪ੍ਰਵੇਸ਼ ਨਹੀਂ (ਜਿਥੇ ਤਿੰਨਾਂ ਗੁਣਾਂ ਦਾ ਪ੍ਰਵੇਸ਼ ਨਹੀਂ ਓਥੇ ਮਾਯਾ ਨਹੀਂ)। (ਸੋ) ਜਿਥੇ ਭਗਵੰਤ[2] ਇਕ, ਹਾਂ ਇਕੋ ਹੀ ਇਕ (ਭਾਵ ਇਕੱਲਾ ਆਪ ਹੀ) ਹੋਵੇ ਓਥੇ ਕੌਣ ਚਿੰਤਾ ਰਹਿਤ (ਹੋ ਸਕਦਾ ਹੈ) ਤੇ ਕਿਸਨੂੰ ਚਿੰਤਾ ਲਗਦੀ ਹੈ? ਜਿਥੇ ਪਤੀਜਣ ਵਾਲਾ ਬੀ ਆਪ ਹੋਵੇ (ਤੇ ਜਿਸ ਤੇ ਪਤੀਜਣਾ ਹੈ ਉਹ ਬੀ) ਆਪਣਾ (ਹੀ) ਆਪ ਹੋਵੇ, ਓਥੇ (ਪਤੀਜਣਾ ਦੇਣ ਲਈ ਵਕਤਾ=) ਕਹਿਣ ਵਾਲਾ ਕੌਣ (ਤੇ ਉਸਨੂੰ ਸ੍ਰੋਤਾ=) ਸੁਣਨੇ ਵਾਲਾ ਕੌਣ (ਹੋ ਸਕਦਾ) ਹੈ। (ਓਹ) ਬੜਾ ਬੇਅੰਤ ਹੈ ਤੇ ਉਚਿਆਂ ਤੋਂ ਉਚਾ ਹੈ, ਹੇ ਨਾਨਕ! ਅਪਣੇ ਆਪ ਨੂੰ (ਉਹ) ਆਪ ਹੀ ਪਹੁੰਚਦਾ ਹੈ (ਭਾਵ ਉਹ ਅਦੁਤੀ ਹੈ ਉਸ ਤੁੱਲ ਹੋਰ ਕੋਈ ਨਹੀਂ) ॥੬॥

ਹੁਣ ਨਿਰਗੁਣ ਅਵਸਥਾ ਦਾ ਵਰਣਨ ਕਰਕੇ ਉਸ ਤੋਂ ਸਰਗੁਣ ਹੋਣ ਦਾ ਵਰਣਨ ਕਰਦੇ ਹਨ।

ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥

(ਪਰ) ਜਿਥੇ (ਨਿਰੰਕਾਰ ਨੇ) ਆਪ (ਇਸ) ਅਕਾਰ ਵਾਲੇ ਸੰਸਾਰ[3] ਨੂੰ ਰਚ ਦਿੱਤਾ[4] (ਤੇ ਇਸਦਾ ਸਾਰਾ) ਪਸਾਰਾ (ਤੰਦਣ ਤਾਣਾਂ) ਤਿੰਨਾਂ ਗੁਣਾਂ ਵਿਚ ਕਰ ਦਿੱਤਾ[5], ਓਥੇ ਪਾਪ ਪੁੰਨ (ਭਾਵ ਸ਼ੁਭ ਅਸ਼ੁਭ ਕਰਮਾਂ ਦੀ ਵੀਚਾਰ) ਦੀ ਗਲ ਛਿੜ ਪਈ। (ਹੁਣ) ਕੋਈ (ਭਾਵ ਪੁੰਨੀ ਤਾਂ) ਸੁਰਗ (ਪ੍ਰਾਪਤੀ) ਦੀ, ਕੋਈ (ਭਾਵ ਪਾਪੀ) ਨਰਕ ਦੀ ਉਡੀਕ ਕਰਨ ਲਗ ਪਿਆ[6]। (ਇਸ ਪ੍ਰਕਾਰ) ਮਾਇਆ ਦੇ (ਸਾਰੇ) ਜੰਜਾਲ, ਘਰਾਂ ਦੀਆਂ ਫਸੌਤੀਆਂ[7], ਹੰਕਾਰ, ਮੋਹ, ਭੈ, ਭਰਮ (ਪਾਪਾਂ ਦਾ

੧. ਸੰ: ਆਦੇਸ਼=ਹੁਕਮ, ਆਗਯਾ, ਸਿਖ੍ਯਾ। ਆਪਣੇ ਆਪ ਨੂੰ ਹੁਕਮ ਦਾ ਭਾਵ ਹੈ ਹੁਕਮ ਤੇ ਹੁਕਮ ਵਾਲਾ ਇਕ ਸਰੂਪ ਸਨ। (ਅ) ਆਦੇਸ਼ ਦਾ ਭਾਵ ਨਮਸਕਾਰ ਬੀ ਹੈ। ਭਾਵ, ਸ੍ਵੈ ਸ੍ਵੈ ਦੇ ਸਤਿਕਾਰ ਵਿਚ ਲੀਨ ਹੈ ਸੀ।

੨. ਸੰਸ:, ਭਗਵਤ੍=ਸਤਿਕਾਰ ਯੋਗ, ਪੂਜਾ ਯੋਗ, ਐਸ਼੍ਵਰਜਵਾਨ ਆਦਿ।

੩. ਪਰਪੰਚ=ਵਿਕਾਸ਼, ਭ੍ਰਮ, ਧੋਖਾ, ਵਿਸਤਾਰ, ਦੁਨੀਆਂ ਦਾ ਜੰਜਾਲ਼ ਸੰਸਾਰ।

੪. ਯਥਾ:-ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ (ਮਾਰੂ ਸੋਲ:ਮ:੧-੧੪)

੫. ਭਾਵ ਤ੍ਰੈ ਗੁਣਾਤਮ ਮਾਯਾ ਰਚ ਦਿਤੀ ਤੇ ਉਸ ਤੋਂ ਸੰਸਾਰ ਬਣਾ ਦਿੱਤਾ।

੬. ਬੰਛਾਵਤ=ਚਾਹੁੰਦਾ ਹੈ, ਭਾਵ ਹੈ ਅਪਣੇ ਅਪਣੇ ਕਰਮਾਂ ਅਨੁਸਾਰ ਨਰਕ ਸੁਰਗ ਦੀ ਉਡੀਕ ਕਰਦਾ ਹੈ।

੭. ਆਲ=ਆਲਯ=ਘਰ। ਜਾਲ=ਫਸੌਤੀਆਂ।

ਦੂਖ ਸੂਖ ਮਾਨ ਅਪਮਾਨ॥
ਅਨਿਕ ਪ੍ਰਕਾਰ ਕੀਓ ਬਖ੍ਯਾਨ॥

ਆਪਨ ਖੇਲੁ ਆਪਿ ਕਰਿ ਦੇਖੈ॥
ਖੇਲੁ ਸੰਕੋਚੈ ਤਉ ਨਾਨਕ ਏਕੈ॥੭॥

ਮਨ ਤੇ) ਭਾਰ, (ਇਨ੍ਹਾਂ ਭੈ ਭਰਮ ਆਦਿਕਾਂ ਦੇ ਫਲ ਵਿਚ) ਦੁਖ, ਸੁਖ, ਆਦਰ, ਅਨਾਦਰ (ਸਭ ਕੁਛ ਟੁਰ ਪਿਆ, ਜਿਸਦਾ) ਵਰਣਨ ਕਈ ਤਰ੍ਹਾਂ ਨਾਲ (ਲਿਖਣ ਬੋਲਣ ਹਾਰਿਆਂ ਨੇ) ਕੀਤਾ[1]। (ਪਰ) ਹੇ ਨਾਨਕ! (ਇਹ ਉਸਦਾ) ਅਪਣਾ ਖੇਲ ਹੈ, (ਇਸ ਖੇਲ ਨੂੰ) ਆਪ (ਹੀ) ਕਰਦਾ ਹੈ (ਤੇ ਆਪ ਹੀ) ਦੇਖਦਾ ਹੈ, (ਇਸ ਤਰ੍ਹਾਂ ਆਪ ਜਾਦ ਚਾਹੇ ਇਸ) ਖੇਲ ਨੂੰ ਸੰਕੋਚ ਲਵੇ; (ਜਦ ਸੰਕੋਚ ਲੈਂਦਾ ਹੈ) ਤਦ (ਫਿਰ) ਇਕੋ ਦਾ ਇਕ (ਭਾਵ ਉਸੇ ਤਰ੍ਹਾਂ ਇਕੱਲੇ ਦਾ ਇਕੱਲਾ) ਹੁੰਦਾ ਹੈ॥੭॥

ਨਿਰਗੁਣ ਸਰਗੁਣ ਦਾ ਵਰਣਨ ਕਰਕੇ ਹੁਣ ਸੰਤ ਦਾ ਵਰਣਨ ਕਰਦੇ ਹਨ:-

ਜਹ ਅਬਿਗਤੁ ਭਗਤੁ ਤਹ ਆਪਿ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ॥
ਦੁਹੂ ਪਾਖ ਕਾ ਆਪਹਿ ਧਨੀ॥
ਉਨਕੀ ਸੋਭਾ ਉਨਹੂ ਬਨੀ॥
ਆਪਹਿ ਕਉਤਕ ਕਰੈ ਅਨਦ ਚੋਜ॥ ਆਪਹਿ ਰਸ ਭੋਗਨ ਨਿਰਜੋਗ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ॥
ਬੇਸੁਮਾਰ ਅਥਾਹ

ਜਿਥੇ (ਪਰਮੇਸ਼ੁਰ) ਅਬਿਗਤ[2] (ਰੂਪ ਵਿਚ) ਆਪ ਹੈ, ਤਿਥੇ (ਉਸ ਦਾ) ਭਗਤ (ਓਸੇ ਰੂਪ[3] ਵਿਚ ਹੈ),ਜਿਥੇ ਪਸਰਦਾ ਹੈ ਪਸਾਰਾ (ਉਥੇ) ਸੰਤਾਂ ਦੇ ਪ੍ਰਤਾਪ ਲਈ (ਹੀ ਹੁੰਦਾ ਹੈ)। ਦੁਹਾਂ ਪੱਖਾਂ[4] ਦਾ ਆਪ ਹੀ ਸੁਆਮੀ ਹੈ, ਉਨ੍ਹਾਂ ਦੀ ਸ਼ੋਭਾ ਉਨ੍ਹਾਂ ਨੂੰ ਹੀ ਬਣਦੀ ਹੈ[5]। (ਇਹ) ਲੀਲ੍ਹਾ[6] (ਉਹ) ਆਪ ਹੀ ਕਰਦਾ ਹੈ (ਕਿਉਂਕਿ ਕਰਦਾ ਹੈ? ਉੱਤਰ: ਇਹ ਉਸ ਦੇ) ਚੋਜ ਹੈਨ, (ਤੇ ਉਸ ਦੇ) ਅਨੰਦ (ਸੁਰੂਪਤਾ ਦੇ ਲਖਾਜਕ) ਹਨ, (ਪਰ ਲਿਪਾਇਮਾਨਤਾ ਦੇ ਨਹੀਂ, ਕਿਉਂਕਿ ਖੇਲ ਕਰਦਾ ਉਹ ਇਨ੍ਹਾਂ ਦੇ) ਰਸ ਨੂੰ ਆਪ ਭੋਗਦਾ (ਬੀ) ਹੈ ਤੇ ਫੇਰ ਇਨ੍ਹਾਂ ਤੋਂ ਨਿਰਜੋਗ=) ਅਸੰਗ (ਬੀ) ਹੈ। ਜਿਸ ਨੂੰ ਭਾਉਂਦਾ ਹੈ ਉਸ ਨੂੰ (ਉਹ) ਆਪਣੇ ਨਾਮ ਵਿਚ ਲਾ ਲੈਂਦਾ ਹੈ। ਜਿਸਨੂੰ ਭਾਉਂਦਾ ਹੈ ਉਸ ਨੂੰ (ਜਗਤ ਦੀ) ਖੇਡ ਖਿਡਾਉਂਦਾ ਹੈ। (ਸਾਡਿਆਂ) ਹਿਸਾਬਾਂ ਤੋਂ ਪਰੇ

੧. ਮਤਾਂ ਮਤਾਂਤਰਾਂ, ਦਾਰਸ਼ਨਿਕਾਂ, ਵਿਗਜਾਨਕਾਂ ਨੇ ਇਸ ਸੰਸਾਰ ਰਚਨਾਂ ਦਾ ਵਰਣਨ ਕਈ ਤਰ੍ਹਾਂ ਨਾਲ ਕੀਤਾ ਹੈ ਪਰ ਅਸਲੀ ਬਾਤ ਅਗਲੀ ਤੁਕ ਵਿਚ ਦੱਸਦੇ ਹਨ।

੨. ਅਬਿਗਤ=ਅਵਜਕਤ=ਅਸਪਸ਼ਟ, ਜੋ ਪ੍ਰਤੱਖ ਨਾ ਹੋਵੇ। ਨਿਰਾਕਾਰ, ਬ੍ਰਹਮ। (ਅ) ਐਉਂ ਬੀ ਕਰਦੇ ਹਨ-ਜਿਥੇ ਅਬਿਗਤ ਵਾਹਿਗੁਰੂ ਹੈ ਉਥੇ ਭਗਤ, ਜਿਥੇ ਭਗਤ ਹੈ ਓਥੇ ਆਪ ਹੈ।

੩. ਯਥਾ:-ਸੰਤ ਅਨੰਤਹਿ ਅੰਤਰੁ ਨਾਹੀ॥(ਆਸਾ ਰਵਿ:-੨))।

੪. ਦੁਹਾਂ ਪਖਾਂ=ਅਵਜਕ੍ਤਤਾ ਤੇ ਪਸਾਰੇ ਦਾ, ਆਪੇ ਦਾ ਤੇ ਸੰਤ ਦਾ।

੫. ਭਾਵ, ਉਹਨਾਂ ਦੋਹਾਂ ਅਵਜਕਤ ਪਰਮਾਤਮਾ ਤੇ ਸੰਤ ਦੀ ਸ਼ੋਭਾ ਵਾਲਾ ਹੋਰ ਕੋਈ ਨਹੀਂ। ਦੋਹਾਂ ਦੀ ਸ਼ੋਭਾ ਉਹਨਾਂ ਨੂੰ ਸੋਭਦੀ ਹੈ, ਭਾਵ ਬੜੀ ਉੱਚੀ ਹੈ।

੬. ਕਉਤਕ=ਖੇਲ, ਤਮਾਸ਼ਾ, ਲੀਲਾ।

ਅਗਨਤ ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ ੮॥੨੧॥

(ਸਾਡੀ ਟੋਹ ਲਗ ਸਕਣ ਤੋਂ) ਅਥਾਹ, (ਸਾਡੇ ਕਿਆਸਾਂ ਗੇਣਤੀਆਂ ਤੋਂ) ਅਗਣਤ (ਤੇ ਸਾਡੀ ਜਾਚ ਮਿਣਤੀ ਤੋਂ) ਅਤੋਲ ਹੈ। (ਹੇ ਦਾਤੇ) ਜਿਵੇਂ ਤੁਸੀਂ ਬੁਲਾਉਂਦੇ ਹੋ ਤਿਵੇਂ ਨਾਨਕ ਦਾਸ ਬੋਲਦਾ ਹੈ (ਇਹ ਬੀ ਆਪੂੰ ਕੁਛ ਨਹੀਂ ਕਹਿ ਰਿਹਾ)॥੮॥੨੧॥

ਸਲੋਕੁ॥ ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥ ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ ੧॥

ਹੇ ਜੀਵ ਜੰਤਾਂ ਦੇ ਮਾਲਕਾ! (ਤੂੰ) ਆਪ ਹੀ (ਸਭ ਵਿਖੇ) ਵਰਤਣੇ ਵਾਲਾ ਹੈਂ[1]! ਇਕ (ਤੂੰ ਸਾਰੇ) ਪਸਰ ਰਿਹਾ ਹੈਂ, ਦੂਜਾ (ਕੋਈ) ਕਿਥੇ ਨਜ਼ਰੀਂ ਆਉਂਦਾ ਹੈ? ਹੇ ਨਾਨਕ!॥੧॥

ਅਸਟਪਦੀ॥
ਆਪਿ ਕਥੈ ਆਪਿ ਸੁਨਨੈਹਾਰੁ॥
ਆਪਹਿ ਏਕ ਆਪਿ ਬਿਸਥਾਰੁ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥
ਅਪਨੈ ਭਾਣੈ ਲਏ ਸਮਾਏ॥
ਤੁਮ ਤੇ ਭਿੰਨ ਨਹੀ ਕਿਛੁ ਹੋਇ॥
ਆਪਨ ਸੂਤਿ ਸਭੁ ਜਗਤੁ ਪਰੋਇ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ॥
ਸਚੁ ਨਾਮੁ ਸੋਈ ਜਨੁ ਪਾਏ॥
ਸੋ ਸਮਦਰਸੀ ਤਤ ਕਾ ਬੇਤਾ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ॥੧॥

(ਇਕ ਪਾਸੇ) ਆਪ ਕਹਿੰਦਾ ਹੈ (ਤੇ ਦੂਜੇ ਪਾਸੇ) ਆਪ ਹੀ ਸੁਣਨੇ ਵਾਲਾ (ਹੋਕੇ ਸੁਣਦਾ) ਹੈ। ਆਪੇ ਇਕ ਹੈ ਤੇ ਆਪ ਹੀ ਅਨੇਕ ਹੈ। ਜਦ ਉਸਨੂੰ ਭਾਉਂਦਾ ਹੈ, ਤਦ ਸ੍ਰਿਸ਼ਟੀ ਉਪਜਾਉਂਦਾ ਹੈ (ਤੇ ਫੇਰ) ਅਪਣੀ ਮਰਜ਼ੀ ਨਾਲ ਹੀ (ਉਸਨੂੰ) ਸਮਾ ਲੈਂਦਾ ਹੈ। (ਹੇ ਪ੍ਰਭੂ!) ਤੁਹਾਥੋਂ ਬਿਨਾਂ ਕੁਛ ਨਹੀਂ ਹੁੰਦਾ। ਅਪਣੇ ਸੂਤ[2] ਵਿਖੇ (ਤੁਸਾਂ) ਸਾਰਾ ਜਗਤ ਪਰੋ ਰਖਿਆ ਹੈ, (ਸੋ) ਹੇ ਨਾਨਕ! ਜਿਸ ਨੂੰ ਪ੍ਰਭੂ ਜੀ ਆਪ ਸਮਝ ਦੇ ਦੇਂਦੇ ਹਨ ਓਹੋ ਪੁਰਖ ਸਚਾ ਨਾਮ ਪ੍ਰਾਪਤ ਕਰ ਲੈਂਦਾ ਹੈ; ਓਹੋ ਸਾਰੀ ਸ੍ਰਿਸ਼ਟੀ ਨੂੰ ਜਿੱਤਣੇ ਵਾਲਾ ਤੇ ਓਹੋ ਸਭ ਨੂੰ ਇਕ ਨਜ਼ਰ ਨਾਲ ਵੇਖਣ ਵਾਲਾ ਤੱਤ ਵੇਤਾ ਹੋ ਜਾਂਦਾ ਹੈ॥੧॥

ਜੀਅ ਜੰਤ੍ਰ ਸਭ ਤਾਕੈ ਹਾਥ॥
ਦੀਨ ਦਇਆਲ ਅਨਾਥ ਕੋ ਨਾਥੁ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ॥
ਸੋ ਮੂਆ ਜਿਸੁ ਮਨਹੁ ਬਿਸਾਰੈ॥

ਜੀਅ ਜੰਤ ਸਭ ਉਸੇ (ਪ੍ਰਭੂ) ਦੇ ਹੱਥ ਵਿਚ ਹਨ, (ਉਹੋ) ਗ੍ਰੀਬਾਂ ਪੁਰ ਦਿਆਲੂ ਤੇ ਅਨਾਥਾਂ[3] ਦਾ ਨਾਥ ਹੈ। ਜਿਸ ਨੂੰ (ਉਹ) ਰਖਦਾ ਹੈ ਉਸਨੂੰ ਕੋਈ ਨਹੀਂ ਮਾਰ ਸਕਦਾ। ਉਹ ਮਰ ਗਿਆ (ਸਮਝੋ) ਜਿਸਨੂੰ ਉਹ ਮਨੋਂ ਵਿਸਾਰਦਾ ਹੈ।

---

੧. ਸੰਸ:, ਵਰਤਿਨ (ਵ੍ਰਿਤ ਤੋਂ) ਸਥਿਤ ਰਹਿਣ ਵਾਲਾ, ਸਦਾ ਕਾਯਮ। ਆਪੇ ਵਰਤਣਹਾਰ=ਕਾਯਮ ਬਿਲਜ਼ਾਤ। (ਅ) 'ਕੌਤਕ ਕਰਨੇਹਾਰ' ਤੇ 'ਵਜਾਪਕ' ਅਰਥ ਬੀ 'ਵਰਤਣਹਾਰ' ਦੇ ਹੈਨ।

੨. ਸੱਤਾ ਰੂਪੀ ਸੂਤ੍ਰ ਵਿਚ, ਭਾਵ ਪ੍ਰਬੰਧ ਵਿਚ।

੩. ਅਨਾਥ=ਜਿਨ੍ਹਾਂ ਦਾ ਮਾਲਕ ਨਾ ਹੋਵੇ। ਯਤੀਮ, ਬੇਸਹਾਰਾ ਲੋਕ।

ਤਿਸੁ ਤਜਿ ਅਵਰ ਕਹਾ ਕੋ ਜਾਇ॥
ਸਭ ਸਿਰਿ ਏਕੁ ਨਿਰੰਜਨ ਰਾਇ॥
ਜੀਅ ਕੀ ਜੁਗਤਿ ਜਾਕੈ ਸਭ ਹਾਥਿ॥
ਅੰਤਰਿ ਬਾਹਰਿ ਜਾਨਹੁ ਸਾਥਿ॥
ਗੁਨ ਨਿਧਾਨ ਬੇਅੰਤ ਅਪਾਰ॥
ਨਾਨਕ ਦਾਸ ਸਦਾ ਬਲਿਹਾਰ॥੨॥

ਉਸ (ਪ੍ਰਭੂ) ਨੂੰ ਛੱਡਕੇ ਹੋਰ ਕਿਹੜੀ ਥਾਂ ਹੈ ਜਿਥੇ ਕੋਈ ਜਾਵੇ? (ਕਿਉਂਕਿ ਹੋਰ ਕੋਈ ਆਸਰਾ ਹੈ ਹੀ ਨਹੀਂ) ਸਭਨਾਂ ਦੇ ਸਿਰ ਤੇ (ਓਹੋ) ਇਕੋ (ਰਖਜਾ ਕਰਨੇ ਹਾਰ ਆਸਰਾ ਰੂਪ) ਨਿਰੰਜਨ[1] ਰਾਜਾ ਹੈ। ਜੀਆਂ (ਦੇ ਉਤਪਤ, ਪਾਲਣ, ਸੰਘਾਰ ਤੇ ਉਧਾਰ) ਦੀ ਜੁਗਤ ਸਾਰੀ ਜਿਸਦੇ ਹੱਥ ਵਿਚ ਹੈ (ਉਸ ਨੂੰ) ਅੰਦਰ, ਬਾਹਰ ਤੇ (ਅਪਣੇ) ਨਾਲ ਸਿਆਣ ਲਓ। (ਉਹ) ਗੁਣਾਂ ਦਾ ਸਮੁੰਦਰ ਹੈ, ਬੇਅੰਤ ਹੈ, ਪਾਰ ਤੋਂ ਰਹਿਤ ਹੈ (ਸ੍ਰੀ ਗੁਰੂ) ਨਾਨਕ (ਦੇਵ ਜੀ ਉਸਦੇ) ਦਾਸ (ਹਨ ਤੇ) ਸਦੀਵ (ਉਸ ਤੋਂ) ਬਲਿਹਾਰ ਜਾਂਦੇ ਹਨ॥੨॥

ਪੂਰਨ ਪੂਰਿ ਰਹੇ ਦਇਆਲ॥
ਸਭ ਊਪਰਿ ਹੋਵਤ ਕਿਰਪਾਲ॥
ਅਪਨੇ ਕਰਤਬ ਜਾਨੈ ਆਪਿ॥
ਅੰਤਰਜਾਮੀ ਰਹਿਓ ਬਿਆਪਿ॥
ਪ੍ਰਤਿਪਾਲੈ ਜੀਅਨ ਬਹੁ ਭਾਤਿ॥
ਜੋ ਜੋ ਰਚਿਓ ਸੁ ਤਿਸਹਿ ਧਿਆਤਿ॥
ਜਿਸੁ ਭਾਵੈ ਤਿਸੁ ਲਏ ਮਿਲਾਇ॥
ਭਗਤਿ ਕਰਹਿ ਹਰਿ ਕੇ ਗੁਣ ਗਾਇ॥ ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ॥ ਕਰਨਹਾਰੁ ਨਾਨਕ ਇਕੁ ਜਾਨਿਆ॥੩॥

ਦਿਆਲ ਤੇ ਪੂਰਨ (ਪਰਮੇਸ਼ੁਰ ਜੀ ਸਾਰੇ) ਭਰਪੂਰ ਹੋ ਰਹੇ ਹਨ (ਅਤੇ) ਸਭ ਉਤੇ (ਓਹੋ) ਕ੍ਰਿਪਾ ਕਰਦੇ ਹਨ। (ਕੀਕੂੰ? ਉੱਤਰ: ਉਹ ਪ੍ਰਭੂ) ਆਪਣੇ ਕਰਤਬਾਂ ਨੂੰ ਆਪ (ਹੀ) ਜਾਣਦਾ ਹੈ (ਉਹ) ਅੰਤਰਜਾਮੀ (ਹੈ ਤੇ ਸਾਰੇ) ਵਿਆਪ ਰਿਹਾ ਹੈ। (ਉਹ ਜੀਵਾਂ ਨੂੰ ਅਨੇਕ ਤਰ੍ਹਾਂ ਨਾਲ ਪਾਲਦਾ ਹੈ। (ਦੂਜੇ ਪਾਸੇ) ਜੋ (ਉਸਨੇ) ਰਚਿਆ ਹੈ ਉਹ ਉਸੇ ਦਾ ਧਜਾਨ ਕਰਦਾ ਹੈ। (ਉਹ ਪਰਮੇਸ਼ੁਰ) ਜਿਸਨੂੰ ਚਾਹੇ ਉਸਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ। (ਉਹ) ਹਰੀ ਦੇ ਗੁਣ ਗਾਉਂ ਗਾਉਂਕੇ (ਉਸਦੀ) ਭਗਤੀ ਕਰਦਾ ਹੈ। ਹੇ ਨਾਨਕ! (ਐਸੇ ਭਗਤ ਨੇ ਅਪਣੇ) ਮਨ ਦੇ ਅੰਦਰ ਨਿਸ਼ਚੇ ਕਰਕੇ (ਰੱਬ ਜੀ ਨੂੰ) ਮੰਨ ਲਿਆ ਤੇ ਇਕੋ ਉਸ ਨੂੰ ਕਰਨੇ ਵਾਲਾ ਜਾਨਿਆ ਹੈ॥੩॥

ਜਨੁ ਲਾਗਾ ਹਰਿ ਏਕੈ ਨਾਇ॥
ਤਿਸਕੀ ਆਸ ਨ ਬਿਰਥੀ ਜਾਇ॥
ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮਪਦੁ ਪਾਈ॥

(ਜੋ) ਜਨ ਹਰੀ ਦੇ ਇਕੋ ਨਾਮ ਨੂੰ ਲਗ ਪਿਆ ਹੈ, ਉਸਦੀ ਆਸਾ ਬਿਰਥੀ ਨਹੀਂ ਜਾਂਦੀ। ਸੇਵਕ ਨੂੰ ਸੇਵਾ ਹੀ ਕਰਨੀ ਬਣਦੀ ਹੈ, (ਤੇ) ਹੁਕਮ ਨੂੰ ਸਮਝਣੇ ਤੇ ਹੀ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।

੧. ਰਾਇ=ਰਾਜਾ। ਨਿਰੰਜਨ=ਜਿਸ ਵਿਚ ਮਾਯਾ ਨਹੀਂ।

ਇਸਤੇ ਊਪਰਿ ਨਹੀ ਬੀਚਾਰੁ॥
ਜਾਕੈ ਮਨਿ ਬਸਿਆ ਨਿਰੰਕਾਰੁ॥
ਬੰਧਨ ਤੋਰਿ ਭਏ ਨਿਰਵੈਰ॥
ਅਨਦਿਨੁ ਪੂਜਹਿ ਗੁਰ ਕੇ ਪੈਰ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥੪॥

ਸਾਧ ਸੰਗਿ ਮਿਲਿ ਕਰਹੁ ਅਨੰਦ॥
ਗੁਨ ਗਾਵਹੁ ਪ੍ਰਭ ਪਰਮਾਨੰਦ॥
ਰਾਮ ਨਾਮ ਤਤੁ ਕਰਹੁ ਬੀਚਾਰੁ॥
ਦ੍ਰੁਲਭ ਦੇਹ ਕਾ ਕਰਹੁ ਉਧਾਰੁ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥ ਪ੍ਰਾਨ ਤਰਨ ਕਾ ਇਹੈ ਸੁਆਉ॥ ਆਠ ਪਹਰ ਪ੍ਰਭ ਪੇਖਹੁ ਨੇਰਾ॥ ਮਿਟੈ ਅਗਿਆਨੁ ਬਿਨਸੈ ਅੰਧੇਰਾ॥ ਸੁਨਿ ਉਪਦੇਸੁ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥੫॥

ਹਲਤੁ ਪਲਤੁ ਦੁਇ ਲੇਹੁ ਸਵਾਰਿ॥
ਰਾਮ ਨਾਮੁ ਅੰਤਰਿ ਉਰਿਧਾਰਿ॥

ਇਸਤੋਂ ਵਧੀਕ (ਉੱਚਾ ਹੋਰ) ਵਿਚਾਰ (ਸੇਵਕ ਲਈ ਕੋਈ) ਨਹੀਂ ਹੈ (ਕਿ) ਜਿਨ੍ਹਾਂ ਦੇ ਮਨ ਵਿਚ ਨਿਰੰਕਾਰ ਵਸ ਗਿਆ ਹੈ (ਓਹ ਮਾਯਾ ਦੇ) ਬੰਧਨ ਤੋੜਕੇ ਵੈਰ ਤੋਂ ਰਹਿਤ ਹੋ ਜਾਂਦੇ ਹਨ। (ਓਹ) ਨਿੱਤ[1] ਗੁਰੂ ਦੇ ਚਰਨ ਪੂਜਦੇ ਹਨ। ਹੇ ਨਾਨਕ! ਏਹ (ਐਸੇ ਨਾਮ ਪਿਆਰੇ ਲੋਕ) ਇਸ ਲੋਕ ਵਿਚ ਸੁਖੀ ਹੁੰਦੇ (ਤੇ) ਪਰਲੋਕ ਵਿਚ (ਬੀ) ਸੁਖੀ ਹੁੰਦੇ ਹਨ। ਹਰੀ ਪ੍ਰਭੂ ਨੇ (ਉਨ੍ਹਾਂ ਨੂੰ) ਆਪੇ (ਹੀ ਆਪਣੇ ਨਾਲ) ਮੇਲ ਲਿਆ ਹੈ॥੪॥

(ਸੋ ਤੁਸੀਂ ਬੀ) ਸਾਧਾਂ ਦੇ ਸੰਗ ਵਿਚ ਮਿਲੋ (ਤੇ ਮਿਲਕੇ ਆਤਮਕ) ਆਨੰਦ ਲਵੋ। (ਹਾਂ, ਸਤਿਸੰਗ ਵਿਚ ਜਾਕੇ) ਪਰਮ ਆਨੰਦ (ਸਰੂਪ) ਪ੍ਰਭੂ ਦੇ ਗੁਣ ਗਾਵੋ (ਅਤੇ) ਰਾਮ ਨਾਮ ਦੇ ਤੱਤ (=ਸਾਰ) ਨੂੰ ਵੀਚਾਰੋ[2] (ਐਉਂ ਇਸ) ਦੁਰਲਭ ਦੇਹੀ ਦਾ ਉਧਾਰ ਕਰ ਲਵੋ। (ਸਾਧ ਸੰਗ ਵਿਚ) ਅਮਰ ਕਰਨ ਵਾਲੇ (ਹਰਿ ਜਸ ਦੇ) ਬਚਨ (ਸੁਣੋ ਅਰ) ਹਰੀ ਦੇ ਗੁਣ ਗਾਵੋ[3] ਜੀਵ ਦੇ ਉਧਾਰ ਦਾ ਇਹੋ ਸਾਧਨ ਹੈ[4]। ਅੱਠੇ ਪਹਿਰ ਪਰਮੇਸ਼ੁਰ ਨੂੰ ਨੇੜੇ (ਕਰਕੇ) ਦੇਖੋ (ਭਾਵ ਉਸਦੀ ਹਜ਼ੂਰੀ ਵਿਚ ਵਸੋ), (ਇਕੁਰ) ਅਗਜਾਨ ਮਿਟ ਜਾਏਗਾ (ਤੇ ਸਭ ਪ੍ਰਕਾਰ ਦਾ) ਅੰਧੇਰਾ ਦੂਰ ਹੋ ਜਾਏਗਾ। (ਇਹ) ਉਪਦੇਸ਼ (ਜੋ ਅਸੀਂ ਕੀਤਾ ਹੈ) ਸੁਣਕੇ ਹਿਰਦੇ ਵਿਚ ਵਸਾਓ, ਤਦ ਮਨ ਇਛੇ ਫਲ ਪਾਵੋਗੇ (ਕਹਿੰਦੇ ਹਨ ਗੁਰੂ) ਨਾਨਕ!॥੫॥

ਰਾਮ ਦੇ ਨਾਮ ਨੂੰ ਹਿਰਦੇ ਦੇ ਅੰਦਰ ਧਾਰਕੇ (ਆਪਣਾ) ਲੋਕ ਪ੍ਰਲੋਕ ਦੋਵੇਂ ਸੁਆਰ ਲਵੋ।

---

੧. ਅਨਦਿਨੁ=ਹਰ ਰੋਜ਼, ਹਰ ਦਿਨ ਭਾਵ ਨਿੱਤ। ਦਿਨ ਰਾਤ ਬੀ ਅਰਥ ਕਰਦੇ ਹਨ।

੨. ਰਾਮ ਨਾਮ ਦਾ ਤਤ ਹੈ, 'ਰਾਮ' ਨੂੰ ਤਤ੍ਵ ਸਰੂਪ ਲਖ ਲੈਣਾ।

੩. ਅਥਵਾ ਸਾਧਾਂ ਦੇ ਅਮਰ ਕਰਨ ਵਾਲੇ (ਉਸਤਤ ਵਾਚਕ) ਬਚਨਾਂ ਦੁਆਰਾ ਪਰਮੇਸ਼ੁਰ ਦਾ ਕੀਰਤਨ ਕਰੋ।

੪. ਸੰਸਕ੍ਰਿਤ ਪਦ ਪ੍ਰਾਣ ਦੇ ਕਈ ਅਰਥਾਂ ਵਿਚੋਂ 'ਜਿੰਦ, ਜੀਵ, ਆਤਮਾ ਅਰਥ ਬੀ ਹੈਨ। ਸੁਆਉ ਦਾ ਅਰਥ ਹੈ ਸੁਆਰਥ=ਪ੍ਰਯੋਜਨ, ਲਾਭ। ਸੰਪ੍ਰਦਾ ਵਿਚ ਸੁਆਉ ਦਾ ਅਰਥ ਹੇਤੂ, ਨਮਿਤ ਸਾਧਨ ਬੀ ਕਰਦੇ ਹਨ। ਤੁਕ ਦਾ ਅਰਥ 'ਪ੍ਰਾਣਾਂ ਦੇ ਧਾਰਨ ਕਰਨੇ ਦਾ ਪ੍ਰਯੋਜਨ ਇਹੋ ਹੈ' ਬੀ ਅਰਥ ਕਰਦੇ ਹਨ।

ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥ ਮਨਿ ਤਨਿ ਨਾਮੁ ਜਪਹੁ ਲਿਵਲਾਇ॥ ਦੂਖੁ ਦਰਦੁ ਮਨ ਤੇ ਭਉ ਜਾਇ॥ ਸਚੁ ਵਾਪਾਰੁ ਕਰਹੁ ਵਾਪਾਰੀ॥ ਦਰਗਹ ਨਿਬਹੈ ਖੇਪ ਤੁਮਾਰੀ॥ ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਹਿ॥੬॥

ਪੂਰੇ ਗੁਰੂ ਦੀ ਦੀਖਜਾ[1] ਸੰਪੂਰਨ (ਵਸਤੂ ਹੈ), ਜਿਸ ਦੇ ਮਨ ਵਿਚ (ਇਹ) ਵਸ ਜਾਏ ਉਹ ਸੱਚ ਨੂੰ[2] ਪਰਖ ਲੈਂਦਾ ਹੈ। (ਤਾਂ ਤੇ) ਮਨ ਤੇ ਤਨ ਕਰਕੇ ਲਿਵ ਲਾਕੇ[3] ਨਾਮ ਜਪੋ (ਤਾਂ ਜੋ) ਦੁਖ, ਪੀੜ ਤੇ ਮਨ ਤੋਂ ਭਉ (ਸਭ ਕੁਛ) ਦੂਰ ਹੋ ਜਾਵੇ। ਹੇ ਵਪਾਰੀਓ! (ਇਹ) ਸੱਚੀ ਸੁਦਾਗਰੀ ਕਰੋ (ਤਦ) ਤੁਹਾਡੀ ਖੇਪ ਦਰਗਾਹੇ ਪੁੱਜ ਪਵੇਗੀ[4], ਇਕੋ (ਨਾਮ ਦੀ) ਟੇਕ ਮਨ ਵਿਚ ਰਖੋ (ਤਾਂ) ਫੇਰ ਮੁੜਕੇ ਨਾਂ ਆਉਣਾ ਹੋਵੇਗਾ ਨਾ ਜਾਣਾ, (ਭਾਵ ਜਨਮ ਮਰਨ ਮਿਟ ਜਾਵੇਗਾ। ਇਹ ਹੈ ਗੁਰੂ) ਨਾਨਕ (ਦੇਵ ਜੀ ਦਾ ਉਪਦੇਸ਼)॥੬॥

ਤਿਸ ਤੇ ਦੂਰਿ ਕਹਾ ਕੋ ਜਾਇ॥ ਉਬਰੈ ਰਾਖਨਹਾਰੁ ਧਿਆਇ॥ ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥ ਨਾਮੁ ਜਪਤ ਮਨਿ ਹੋਵਤ ਸੂਖ॥ ਚਿੰਤਾ ਜਾਇ ਮਿਟੈ ਅਹੰਕਾਰੁ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥

ਉਸ (ਪ੍ਰਭੂ) ਤੋਂ (ਭੱਜਕੇ) ਦੂਰ ਕੋਈ ਕਿੱਥੇ ਜਾਵੇਗਾ? (ਸਗੋਂ ਉਸ) ਰੱਖਣਹਾਰ ਨੂੰ ਧਿਆਕੇ ਹੀ (ਜੀਵ) ਮੁਕਤੀ ਪ੍ਰਾਪਤ ਕਰੇਗਾ। (ਹੋਰ ਜਿਸ ਕੋਲ ਜਾਏਗਾ ਉਹ ਭਉ ਹੇਠ ਹੈ) ਨਿਰਭਉ ਤਾਂ (ਇਕੋ) ਪ੍ਰਭੂ (ਹੈ, ਉਸ ਪ੍ਰਭੂ ਨੂੰ) ਜਪੇ ਤਾਂ ਸਾਰਾ ਭਉ ਮਿਟ ਜਾਵੇਗਾ। (ਉਸ) ਪ੍ਰਭੂ ਦੀ (ਹੀ) ਕ੍ਰਿਪਾ ਤੇ ਪ੍ਰਾਣੀ ਛੁਟਕਾਰਾ ਪਾਉਂਦਾ ਹੈ। ਜਿਸ ਨੂੰ ਪ੍ਰਭੂ ਰੱਖੇ ਉਸ ਨੂੰ ਦੁਖ ਨਹੀਂ ਹੁੰਦਾ। ਨਾਮ ਜਪਦਿਆਂ ਮਨ ਸੁਖੀ ਹੁੰਦਾ ਹੈ, ਚਿੰਤਾ ਦੂਰ ਹੁੰਦੀ ਹੈ, ਹੰਕਾਰ ਮਿਟ ਜਾਂਦਾ ਹੈ ਅਤੇ ਉਸ ਪੁਰਖ ਤਕ ਕੋਈ ਨਹੀਂ ਪਹੁੰਚ ਸਕਦਾ[5]।

ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾਕੈ ਕਾਰਜ ਪੂਰਾ॥੭॥

ਹੇ ਨਾਨਕ! (ਜਿਸ ਦੇ) ਸਿਰ ਉਪਰ ਸੂਰਮਾ ਗੁਰੂ ਖੜਾ ਹੈ[6] ਉਸ ਦੇ ਸਾਰੇ ਕਾਰਜ ਪੂਰੇ (ਹੋ ਜਾਂਦੇ) ਹਨ॥੭॥

---

੧. ਦੀਖਜਾ (ਸੰਸ:,ਦੀਕਸਾ) ਅਪਣੇ ਧਰਮ ਦਾ ਮੰਤ੍ਰ ਉਪਦੇਸ਼ ਯਾ ਰੱਬ ਦਾ ਨਾਮ ਜੋ ਧਰਮ ਬਿਵਸਥਾ' ਅਨੁਸਾਰ ਪ੍ਰਾਪਤ ਕਰੀਦਾ ਹੈ।

੨. ਸਤਿ ਸਰੂਪ ਵਾਹਿਗੁਰੂ ਨੂੰ।

੩. ਇਕ-ਰਸੀ ਲਗਨ ਲਗਾ ਕੇ। ਬਿਤੀ ਦਾ ਪ੍ਰਵਾਹ ਬੰਨ੍ਹਕੇ। (ਅ) ਪ੍ਰੀਤ ਲਾਕੇ।

੪. ਭਾਵ ਸਚ (ਨਾਮ) ਦੀ ਕੀਤੀ ਹੋਈ ਕਮਾਈ ਦਰਗਾਹ ਵਿਚ ਨਾਲ ਜਾਵੇਗੀ ਤੇ ਓਥੇ ਕੰਮ ਆਵੇਗੀ ਹੋਰ ਕੋਈ ਖੇਪ ਨਾਲ ਨਹੀਂ ਜਾਂਦੀ। ਨਿਬਹਣਾ ਯਾ ਨਿਭਣਾ=ਤੋੜ ਤਕ ਪੁੱਜ ਪੈਣਾ।

੫. ਭਾਵ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਉਸ ਨੂੰ ਦੁੱਖ ਨਹੀਂ ਦੇ ਸਕਦਾ।

੬. ਭਾਵ ਜਿਸ ਦਾ ਰਖਵਾਲਾ ਗੁਰੂ ਹੈ।

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ॥
ਦਰਸਨੁ ਪੇਖਤ ਉਧਰਤ ਸ੍ਰਿਸਟਿ॥
ਚਰਨ ਕਮਲ ਜਾ ਕੇ ਅਨੂਪ॥
ਸਫਲ ਦਰਸਨੁ ਸੁੰਦਰ ਹਰਿ ਰੂਪ॥
ਧੰਨੁ ਸੇਵਾ ਸੇਵਕੁ ਪਰਵਾਨੁ॥
ਅੰਤਰਜਾਮੀ ਪੁਰਖੁ ਪ੍ਰਧਾਨੁ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ॥
ਤਾ ਕੈ ਨਿਕਟਿ ਨ ਆਵਤ ਕਾਲੁ॥
ਅਮਰ ਭਏ ਅਮਰਾ ਪਦੁ ਪਾਇਆ॥
ਸਾਧ ਸੰਗਿ ਨਾਨਕ ਹਰਿ ਧਿਆਇਆ
॥੮॥ ੨੨॥

ਜਿਸ (ਸੂਰੇ ਗੁਰੂ) ਦੀ ਬੁੱਧੀ ਪੂਰਨ ਹੈ ਤੇ ਜਿਸ ਦੀ ਦ੍ਰਿਸ਼ਟੀ ਅੰਮ੍ਰਿਤ[1] ਹੈ, (ਜਿਸ ਦਾ) ਦਰਸ਼ਨ ਕਰਕੇ ਸ੍ਰਿਸ਼ਟੀ ਉਧਰਦੀ ਹੈ (ਤੇ) ਕਮਲਾਂ ਵਰਗੇ ਚਰਨ ਜਿਸ ਦੇ ਉਪਮਾਂ ਤੋਂ ਰਹਿਤ ਹਨ (ਭਾਵ ਬੜੇ ਸੁੰਦਰ ਹਨ); ਦਰਸ਼ਨ ਕਾਮਨਾ ਪੂਰਨ ਕਰਨੇਹਾਰ ਹੈ[2] (ਤੇ) ਸੁਹਣਾ (ਐਸਾ) ਹੈ ਕਿ ਹਰੀ ਦਾ ਰੂਪ ਹੀ ਹੈ। ਧੰਨ (ਉਸ ਦੀ) ਸੇਵਾ ਹੈ (ਤੇ ਉਸ ਦੀ ਸੇਵਾ ਕਰਨੇ ਵਾਲਾ) ਸੇਵਕ ਬੀ ਪਰਵਾਨ ਹੈ। (ਉਹ) ਅੰਤਰਜਾਮੀ ਹੈ, ਸ੍ਰੇਸ਼ਟ ਪੁਰਖ ਹੈ, ਜਿਸ ਦੇ ਮਨ ਵਿਚ (ਉਹ) ਵਸਦਾ ਹੈ ਉਹ ਨਿਹਾਲ ਹੋ ਜਾਂਦਾ ਹੈ। (ਫੇਰ) ਉਸ ਦੇ ਨੇੜੇ ਮੌਤ ਨਹੀਂ ਆਉਂਦੀ। (ਅਰਥਾਤ ਓਹ) ਅਮਰ ਪਦਵੀ ਨੂੰ ਪਾਕੇ ਅਮਰ ਹੋ ਜਾਂਦੇ ਹਨ (ਜਿਨ੍ਹਾਂ ਨੇ ਕਿ ਐਸੇ) ਸਾਧੂ ਦੇ ਸੰਗ ਵਿਚ ਹਰੀ ਨੂੰ ਧਿਆਇਆ ਹੈ, ਹੇ ਨਾਨਕ[3]! ॥੮॥੨੨॥

ਸਲੋਕੁ॥ ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ
ਮਨਿ ਪਰਗਾਸੁ॥੧॥

(ਸਾਡੇ) ਮਨ ਵਿਚ ਪ੍ਰਕਾਸ਼ ਹੋ ਗਿਆ ਹੈ (ਇਸ ਤਰ੍ਹਾਂ ਕਿ ਪਹਿਲੋਂ) ਵਾਹਿਗੁਰੂ ਦੀ ਕ੍ਰਿਪਾ (ਹੋਈ, ਕ੍ਰਿਪਾ ਨਾਲ) ਗੁਰੂ[4] ਦਾ ਮਿਲਾਪ ਪ੍ਰਾਪਤ ਹੋਇਆ, ਗੁਰੂ ਨੇ (ਸਾਨੂੰ) ਗਜ਼ਾਨ ਰੂਪੀ ਸੁਰਮਾ ਬਖਸ਼ਿਆ (ਇਹ ਮਨ ਰੂਪੀ ਅੱਖਾਂ ਵਿਚ ਪਾਇਆ ਤਾਂ) ਅਗਜ਼ਾਨ ਰੂਪੀ ਹਨੇਰੇ ਦਾ ਨਾਸ਼ ਹੋ ਗਿਆ॥੧॥

ਅਸਟਪਦੀ॥
ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥
ਅਨਿਕ ਰੰਗ

ਗੁਰੂ[4] ਦੇ ਸਤਿਸੰਗ ਨਾਲ (ਪਹਿਲੋਂ) ਪ੍ਰਭੂ ਦਾ ਨਾਮ ਮਿੱਠਾ ਲੱਗਾ; ਫੇਰ ਉਹ) ਪ੍ਰਭੂ (ਅਪਣੇ) ਅੰਦਰ (ਹੀ) ਦਿੱਸ ਪਿਆ। (ਫਿਰ ਕੀਹ ਡਿੱਠਾ ਕਿ ਇਹ ਜੋ ਬਾਹਰ) ਸਾਰੀ ਸਮਗ੍ਰੀ[5] ਦਿੱਸ ਰਹੀ ਹੈ ਜੋ ਅਨੇਕਾਂ ਰੰਗ (ਰੂਪਾਂ) ਵਾਲੀ ਹੈ ਤੇ ਨਾਨਤ੍ਵ ਵਾਲੀ ਹੈ, (ਇਹ ਸਾਰੀ ਉਸ) ਇਕੋ (ਪ੍ਰਭੂ) ਦੇ

---

੧. ਮੋਇਆਂ ਨੂੰ ਜੀਵਾਲਦੀ ਹੈ।

੨. ਸਫਲ=ਐਸਾ ਦਰਸ਼ਨ ਕਿ ਜੋ ਅਪਣਾ ਸੁਖਦਾਈ ਅਸਰ ਕਰਨੋਂ ਖਾਲੀ ਨਾ ਜਾਵੇ।

੩. ਇਸ ਪਉੜੀ ਦਾ ਇਸ਼ਾਰਾ ਪਉੜੀ ਦੇ ਅੰਤ ਵਿਚ ਕਹੇ ਸੂਰੇ ਗੁਰੂ ਵਲ ਜਾਂਦਾ ਹੈ, ਆਪ ਗੁਰੂ ਰਾਮਦਾਸ ਜੀ ਦੀ ਮਹਿਮਾ ਕਥਨ ਕਰ ਰਹੇ ਹਨ। ਪਰ ਅਕਾਲ ਪੁਰਖ ਵਲ ਬੀ ਇਸ ਦਾ ਭਾਵ ਲਾ ਲੈਂਦੇ ਹਨ।

੪. ਏਥੇ 'ਸੰਤ' ਦਾ ਭਾਵ ਸ਼ਲੋਕ ਵਿਚ ਕਹੇ 'ਗੁਰੂ' ਤੋਂ ਹੈ।

੫. ਸਾਮਾਨ, ਪਦਾਰਥ, ਜੋ ਕੁਛ ਦਿਸਦਾ ਹੈ ਉਹ ਸਭ ਕੁਛ।

ਨਾਨਾ ਦ੍ਰਿਸਟਾਹਿ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥੧॥

ਹਿਰਦੇ[1] ਵਿਚ ਹੈ। (ਫਿਰ ਕੀ ਡਿੱਠਾ ਕਿ) ਪ੍ਰਭੂ ਦਾ ਨਾਮ (ਜੋ ਗੁਰੂ ਨੇ ਦਿੱਤਾ ਸੀ ਤੇ ਜੋ) ਅਤੀ ਅਮੋਲਕ ਤੇ ਅਤਿ ਮਿੱਠਾ (ਲੱਗਾ ਸੀ) ਇਸ ਦਾ ਟਿਕਾਣਾ ਤਾਂ ਦੇਹ ਦੇ ਵਿਚ ਹੀ ਹੈ[2] ਉਸ ਥਾਵੇਂ (ਕੀ ਡਿੱਠਾ ਕਿ) ਅਨਹਤ ਨਾਦ ਤੇ ਸੁੰਨ ਸਮਾਧੀ (ਦਾ ਟਿਕਾਣਾ ਬੀ) ਇਹੋ ਹੈ[3] (ਜਿਸਦਾ) ਵਰਣਨ ਨਹੀਂ ਕੀਤਾ ਜਾ ਸਕਦਾ, (ਕਿਉਂਕਿ ਉਹ) ਅਸਚਰਜ ਹੈ (ਤੇ ਦੇਖਣ ਵਾਲੇ ਨੂੰ) ਵਿਸਮਾਦ (ਰੂਪ ਕਰ ਦੇਂਦਾ) ਹੈ। (ਪਰ) ਹੇ ਨਾਨਕ! (ਇਹ ਵਿਸਮਾਦੀ ਝਲਕਾ ਕੇਵਲ) ਉਸਨੂੰ ਹੀ ਦਿੱਸਦਾ ਹੈ, ਜਿਸ ਨੂੰ (ਪ੍ਰਭੂ) ਆਪ ਦਿਖਾਉਂਦਾ ਹੈ, (ਤੇ ਇਸ ਦੀ ਠੀਕ ਠੀਕ ਸਮਝ) ਸੋਝੀ ਬੀ ਉਸ (ਦੇਖਣ ਹਾਰ) ਜਨ ਨੂੰ ਹੀ ਪਾ ਦੇਂਦਾ ਹੈ॥੧॥

ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥ ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥ ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥ ਤਿਸ ਤੇ ਭਿੰਨ

(ਇਸ ਪਿਛੇ ਕਹੀ ਸੋਝੀ ਵਾਲਾ ਕੀ ਦੇਖਦਾ ਹੈ ਕਿ) ਉਹੋ ਅਨੰਤ (ਮੇਰੇ) ਅੰਦਰ ਹੈ ਉਹੋ ਬਾਹਰ ਹੈ, ਘਟ ਘਟ ਵਿਚ (ਭਾਵ ਹੋਰਨਾਂ ਸਭਨਾਂ ਵਿਚ ਬੀ ਉਹੋ) ਭਗਵੰਤ ਬਿਆਪ ਰਿਹਾ ਹੈ। ਧਰਤੀ, ਅਕਾਸ਼, ਪਤਾਲ, (ਅਰ) ਸਾਰੇ ਲੋਕ ਵਿਖੇ (ਬੀ ਉਹ) ਪ੍ਰਤਿਪਾਲਾ ਕਰਨੇ ਵਾਲਾ (ਈਸ਼੍ਵਰ) ਪੂਰਨ ਹੋ ਰਿਹਾ ਹੈ। (ਉਹ) ਪਾਰਬ੍ਰਹਮ (ਹੈ, ਫਿਰ) ਪਰਬਤਾਂ ਜੰਗਲਾਂ ਤੇ ਘਾਹ ਦੇ ਤੀਲਿਆਂ ਵਿਚ ਵੀ (ਮੌਜੂਦ) ਹੈ। ਜੈਸੀ (ਉਸ ਪ੍ਰਭੂ ਦੀ) ਆਗਯਾ ਹੈ ਤੈਸਾ ਕਰਮ (ਸਾਰੇ ਜਗਤ ਪ੍ਰਬੰਧ ਵਿਚ ਹੋ ਰਿਹਾ ਹੈ)। (ਗਲ ਕੀਹ) ਹਵਾ, ਪਾਣੀ ਤੇ ਅਗਨਿ ਵਿਚ, ਚੌਹਾਂ ਕੁੰਟਾਂ ਤੇ ਦਸੋ ਦਿਸ਼ਾਂ ਵਿਚ (ਉਹੀ) ਸਮਾ ਰਿਹਾ ਹੈ। ਉਸ ਤੋਂ ਅੱਡ ਕੋਈ ਥਾਂ

---

੧. ਭਾਵ ਵਾਹਿਗੁਰੂ ਦੇ ਸੰਕਲਪ ਵਿਚ। ਘਟ ਦਾ ਭਾਵ ਸਰੀਰ ਬੀ ਲੈਂਦੇ ਹਨ ਤੇ ਸਰੀਰ ਤੋਂ ਮੁਰਾਦ ਵੈਰਾਟ ਵੀ ਲੈਂਦੇ ਹਨ।

੨. ਭਾਵ ਐਉਂ ਬੀ ਖੋਹਲਦੇ ਹਨ:-ਜਦ ਉਸ ਦਾ ਪ੍ਰਵੇਸ਼ ਦੇਹੀ ਵਿਚ ਹੋ ਜਾਂਦਾ ਹੈ ਤਦ (ਜੀਵ ਵਿਸ਼੍ਰਾਮ=) ਇਸਥਿਤੀ ਪਾਉਂਦਾ ਹੈ। ਉਥੇ ਅਨਹਤ ਨਾਦ ਹੈ ਤੇ (ਫੇਰ) ਸੁੰਨ (ਅਫੁਰ) ਸਮਾਧੀ (ਲਗਦੀ ਹੈ)

੩. ਨਾਮ ਦਾ ਬਿਸ੍ਰਾਮ ਦੇਹੀ ਵਿਖੇ ਦੱਸਿਆ ਹੈ, ਥਾਂ ਉਹ ਦੱਸਿਆ ਹੈ ਕਿ ਜਿਥੇ ਅਨਹਦ ਨਾਦ ਹੋਵੇ ਤੇ ਸੁੰਨ ਸਮਾਧਿ ਲਗੇ, ਉਹ ਥਾਉਂ ਗੁਰੂ ਜੀ ਨੇ 'ਦਸਮ ਦੁਆਰ' ਦੱਸਿਆ ਹੈ, ਯਥਾ......ਇਕਨਾ ਦਸਵਾ ਦੁਆਰੁ ਦਿਖਾਇਆ॥ ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥ (ਰਾਮਕਲੀ ਅਨੰਦ-੩-੩੮)। (ਅ) ਸੁੰਨ ਸਮਾਧਿ ਦਾ ਅਰਥ ਨਿਰਵਿਕਲਪ ਸਮਾਧੀ ਹੈ ਤੇ ਅਨਹਤ ਨਾਦ ਦਾ ਅਰਥ ਨਾਸ਼ ਰਹਤ ਬ੍ਰਹਮ ਬੀ ਕਰਦੇ ਹਨ।

ਨਾਹੀ ਕੋ ਠਾਉ ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥
੨॥

ਨਹੀਂ। ਹੇ ਨਾਨਕ! (ਇਹ ਦ੍ਰਿਸ਼ਟੀ) ਗੁਰਾਂ ਦੀ ਕ੍ਰਿਪਾ ਨਾਲ (ਪ੍ਰਾਪਤ ਹੁੰਦੀ ਹੈ ਅਤੇ ਇਸ ਗਜਾਨ ਦ੍ਰਿਸ਼ਟੀ ਦਾ) ਸੁਖ ਪ੍ਰਾਪਤ ਹੁੰਦਾ ਹੈ॥੨॥

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥
ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥
ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾਕੀ ਜੋਤਿ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥
੩॥

(ਗਜਾਨਮਈ ਪੁਸਤਕਾਂ) ਵੇਦਾਂ ਪੁਰਾਣਾਂ ਤੇ ਸਿੰਮ੍ਰਤੀਆਂ ਵਿਚ ਦੇਖ, (ਕੁਦਰਤੀ ਜਲਵਿਆਂ, ਜੈਸਾ ਕਿ) ਚੰਦ ਸੂਰਜ ਅਰ ਤਾਰਿਆਂ ਵਿਚ (ਤੱਕ, ਸਾਰੇ ਉਹੋ) ਇਕੋ (ਪੂਰਨ) ਹੈ। ਸਭ ਕੋਈ ਪ੍ਰਭੂ ਦੀ ਬਾਣੀ ਹੀ ਬੋਲਦਾ ਪਿਆ ਹੈ[1], (ਪਰ ਅਨੁਭਵ ਕਰਕੇ ਦੇਖ ਕਿ ਉਹ ਪਰਮੇਸ਼ੁਰ ਫਿਰ) ਆਪ ਅਡੋਲ ਹੈ, ਕਦੇ ਡੋਲਦਾ ਨਹੀਂ (ਚਾਹੋ ਆਪ ਹੀ) ਸਾਰੀਆਂ ਕਲਾਂ[2] ਕਰ ਕਰਕੇ ਖੇਡਾਂ ਪਿਆ ਖੇਡਦਾ ਹੈ। (ਜਦੋਂ ਖੇਲ ਖੇਲਦਾ ਹੈ ਤਾਂ) ਗੁਣਾਂ ਕਰਕੇ (ਬੀ) ਅਮੋਲਕ ਹੁੰਦਾ ਹੈ (ਐਤਨਾ ਕਿ ਉਸਦੇ ਗੁਣਾਂ ਦਾ) ਮੁੱਲ ਪਾਇਆ ਹੀ ਨਹੀਂ ਜਾ ਸਕਦਾ। ਸਭ ਪ੍ਰਕਾਸ਼ਾਂ ਵਿਚ ਉਸੇ ਦਾ ਹੀ ਪ੍ਰਕਾਸ਼ ਹੈ। (ਹਾਂ ਉਹ) ਮਾਲਕ (ਹੈ ਤੇ ਸਾਰੇ ਨੂੰ) ਤਾਣੇ ਪੇਟੇ (ਵਾਙੂ ਵਿਚ) ਹੋਕੇ ਧਾਰ ਰਿਹਾ ਹੈ। (ਪਰੰਤੂ) ਹੇ ਨਾਨਕ! ਇਹ ਨਿਸਚਾ ਉਨ੍ਹਾਂ ਵਿਚ (ਦ੍ਰਿੜ ਹੁੰਦਾ ਹੈ) ਗੁਰੂ ਦੀ ਕ੍ਰਿਪਾ ਨਾਲ (ਜਿਨ੍ਹਾਂ ਦੇ ਅੰਦਰੋਂ) ਭਰਮ ਦਾ ਨਾਸ਼ ਹੋ ਜਾਂਦਾ ਹੈ, (ਜਿਨ੍ਹਾਂ ਨੂੰ 'ਗਜਾਨ ਅੰਜਨ ਮਿਲਿਆ' ਉਪਰਲੇ ਸ਼ਲੋਕ ਵਿਚ ਦੱਸ ਅਏ ਹਨ)॥੩॥

ਇਹ ਨਿਸ਼ਚਾ ਅਗਲੀ ਪਉੜੀ ਵਿਚ ਹੋਰ ਦੱਸਦੇ ਹਨ:-

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥
ਸੰਤ ਜਨਾ ਸੁਨਹਿ ਸੁਭ ਬਚਨ ॥
ਸਰਬ ਬਿਆਪੀ ਰਾਮ ਸੰਗਿ ਰਚਨ ॥

(ਜਿਨ੍ਹਾਂ ਨੂੰ ਗਜਾਨ ਅੰਜਨ ਨਾਲ ਪ੍ਰਗਾਸ ਹੋਇਆ ਹੈ ਓਹ ਸੰਤ ਜਨ, ਉਨ੍ਹਾਂ ਦੀ ਰਹਤ ਇਹ ਹੈ: ੪. ਓਹ) ਸਾਰੇ ਵਜਾਪਕ ਪਰਮੇਸ਼ੁਰ ਨਾਲ (ਹਰ ਵੇਲੇ) ਰੁੱਝੇ ਰਹਿੰਦੇ ਹਨ (ਇਸ ਕਰਕੇ) ੧. ਸੰਤ ਜਨਾਂ ਦਾ ਜੋ ਦੇਖਣਾ (ਹੈ ਸੋ) ਸਭ ਬ੍ਰਹਮ (ਦਾ ਦੇਖਣਾ) ਹੈ।

---

੧. ਵੇਦਾਦਿ ਧਰਮ ਗ੍ਰੰਥ ਪਰਮਾਤਮਾ ਦਾ ਨਿਰੂਪਣ ਕਰਦੇ ਤੇ ਯਸ਼ ਵਰਣਨ ਕਰਦੇ ਹਨ, ਚੰਦ ਸੂਰਜ ਕੁਦਰਤੀ ਨਜ਼ਾਰੇ ਆਪਣੇ ਜਲਵਿਆਂ ਤੇ ਅਪਣੇ ਵਿਚ ਸਬੁਧ ਰਚਣਹਾਰ ਤੋਂ ਰਚੇ ਹੋਏ ਹੋਣ ਦਾ ਪਤਾ ਦੇਕੇ ਪ੍ਰਭੂ ਦੀ ਮਾਨੋ ਬੋਲੀ ਬੋਲ ਰਹੇ ਹਨ।

੨. ਕਲਾ ੬੪ ਗਿਣੀਆਂ ਹਨ। ਸਾਈਂ ਵਿਚ ਅਨਗਿਣਤ ਕਲਾ ਹੋਣ ਕਰਕੇ ਗੁਰੂ ਜੀ 'ਸਰਬ ਕਲਾ' ਕਹਿੰਦੇ ਹਨ। ਭਾਵ ਹੈ ਸਾਰੀਆਂ ਪ੍ਰਬੀਨਤਾਈਆਂ, ਵਿਦਜਾ, ਕਲਾ ਕੌਸਲ। ਕਲਾ ਦਾ ਅਰਥ ਸ਼ਕਤੀ ਬੀ ਹੈ।

ਜਿਨਿ ਜਾਤਾ ਤਿਸਕੀ ਇਹ ਰਹਤ॥
ਸਤਿ ਬਚਨ ਸਾਧੂ ਸਭਿ ਕਹਤ॥

ਜੋ ਜੋ ਹੋਇ ਸੋਈ ਸੁਖੁ ਮਾਨੈ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ॥
ਅੰਤਰਿ ਬਸੇ ਬਾਹਰਿ ਭੀ ਓਹੀ॥
ਨਾਨਕ ਦਰਸਨੁ ਦੇਖਿ ਸਭ ਮੋਹੀ॥੪॥

੩. ਸੰਤ ਜਨ (ਜੋ ਸੁਣਦੇ ਹਨ ਉਸ ਸਭ ਵਿਚ ਸਾਈਂ ਦੇ) ਸ਼ੁਭ ਬਚਨ ਸੁਣਦੇ ਹਨ। ੨. ਸੰਤ ਜਨਾਂ ਦੇ ਹਿਰਦੇ ਵਿਚ ਸੰਪੂਰਨ ਧਰਮ (ਹੀ) ਹੁੰਦਾ ਹੈ। ੬. (ਇਸ ਕਰਕੇ) ਸਾਧੂ (ਜੋ) ਬਚਨ (ਕਹਿੰਦੇ ਹਨ) ਸਾਰੇ ਸੱਚੇ ਬਚਨ ਕਹਿੰਦੇ ਹਨ। ੫. (ਗਲ ਕੀ) ਜਿਸ ਨੇ (ਪਰਮੇਸ਼ੁਰ ਨੂੰ) ਜਾਣ ਲਿਆ ਹੈ ਉਸਦੀ (ਉਪਰ ਕਹੀ) ਰਹਿਣੀ ਹੋ ਜਾਂਦੀ ਹੈ[੧] ੭. (ਫੇਰ) ਜੋ ਜੋ ਕੁਛ (ਉਨਾਂ ਨਾਲ) ਹੁੰਦਾ ਹੈ ਉਸੇ ਨੂੰ (ਓਹ) ਸੁਖ (ਕਰਕੇ) ਮੰਨਦੇ ਹਨ। ੮. (ਕਿਉਂਕਿ) ਪਰਮੇਸ਼ੁਰ ਨੂੰ ਹੀ (ਓਹ ਮੂਲ ਵਿਚ) ਕਰਨ ਕਰਾਉਣ ਵਾਲਾ ਜਾਣਦੇ ਹਨ, (ਤੇ ਸਮਝਦੇ ਹਨ ਕਿ ਸਾਡੇ) ਅੰਦਰ ਬੀ ਤੇ ਬਾਹਰ ਬੀ ਉਹ ਹੀ ਵੱਸ ਰਿਹਾ ਹੈ। ਇਹ ਦਰਸ਼ਨ (ਜਿਨ੍ਹਾਂ ਨੇ) ਡਿੱਠਾ ਹੈ (ਓਹ) ਸਭ (ਜਗਜਾਸੂ ਰੂਪ ਚੇਰੀਆਂ ਦਰਸ਼ਨ ਵਿਚ ਹੀ) ਮੋਹੀਆਂ ਰਹਿੰਦੀਆਂ ਹਨ॥੪॥

ਆਪਿ ਸਤਿ ਕੀਆ ਸਭੁ ਸਤਿ॥
ਤਿਸੁ ਪ੍ਰਭ ਤੇ ਸਗਲੀ ਉਤਪਤਿ॥
ਤਿਸੁ ਭਾਵੈ ਤਾ ਕਰੇ ਬਿਸਥਾਰੁ॥

(ਪ੍ਰਭੂ) ਆਪ ਸਤਿ ਹੈ, (ਉਸਨੇ ਜੋ) ਰਚਿਆ (ਸੋ) ਸਭ ਸਤਿ ਹੈ, (ਹਾਂ) ਉਸ (ਸਤਿ ਸਰੂਪ) ਪ੍ਰਭੂ ਤੋਂ (ਹੀ) ਸਾਰੀ ਉਤਪਤੀ ਹੋਈ ਹੈ, (ਭਾਵ ਇਹ ਜਗਤ ਜੋ 'ਹੈ' ਕਰਕੇ ਦਿਸਦਾ ਹੈ, ਵਾਹਿਗੁਰੂ ਰੂਪੀ 'ਹੋਂਦ' ਤੋਂ ਬਣਿਆਂ ਹੈ, ਅਣਹੋਂਦ ਤੋਂ ਨਹੀਂ)। ਉਸਨੂੰ ਭਾਵੇ ਤਾਂ ਪਸਾਰਾ ਖਲੇਰ ਦਿੰਦਾ ਹੈ[੨],।

---

੧. ਬ੍ਰਹਮ ਦੇਖਣ ਦੇ ਕਥਨੀ ਦੇ ਗਜਾਨੀ ਅਕਸਰ ਸਦਾਚਾਰ ਨੂੰ ਛੱਡ ਦੇਂਦੇ ਹਨ। ਗੁਰੂ ਜੀ ਦਾ ਇਹ ਮਤ ਨਹੀਂ, ਇਸ ਕਰਕੇ ਦੱਸਦੇ ਹਨ ਕਿ ਚਾਹੋ ਉਨ੍ਹਾਂ ਦਾ ਸੁਣਨਾ, ਦੇਖਣਾ, ਸਮਝਣਾ ਸਭ ਬ੍ਰਹਮ ਹੀ ਅਨੁਭਵ ਕਰਨਾ ਹੈ, ਪਰ ਸਾਰੇ ਧਰਮ ਉਨ੍ਹਾਂ ਦੇ ਅੰਦਰ ਵੱਸਦੇ ਹਨ, ਓਹ ਬ੍ਰਹਮ ਦ੍ਰਿਸ਼ਟੀ ਪਾਕੇ ਮਹਾਨ ਉਚੇ ਸ੍ਰੇਸ਼ਟਾਚਾਰੀ ਨੇਕ ਤੇ ਇਖ਼ਲਾਕ ਵਾਲੇ ਸੁਤੇ ਹੀ ਹੁੰਦੇ ਹਨ ਤੇ ਓਹ ਸਤਿਵਾਦੀ ਹੁੰਦੇ ਹਨ; ਭਾਵ ਇਹ ਕਿ ਗਜਾਨਵਾਨ ਦੀ ਰਹਿਣੀ 'ਧਰਮ ਤੇ ਸੱਚ' ਵਾਲੀ ਹੁੰਦੀ ਹੈ। ਰਹਿਣੀ ਰਹਿਕੇ ਉਹਨਾਂ ਦੇ ਅਮਲ ਦਾ ਕਮਾਲ ਦਸਦੇ ਹਨ ਕਿ ਜੋ ਆ ਬਣੇ, ਉਸਨੂੰ ਸੁਖ ਕਰਕੇ ਮੰਨਦੇ ਹਨ। ਜੈਸੇ ਗੁਰੂ ਅਰਜਨ ਦੇਵ ਜੀ ਨੇ ਸਾਰੇ ਕਸ਼ਟ ਸੁਖ ਕਰਕੇ ਜਾਤੇ 'ਸੁਖ ਸੰਪਟ ਵਿਚ ਰੈਣ ਵਿਹਾਣੀ।_ਗੁਰੂ ਅਰਜਨ ਵਿਟਹੁੰ ਕੁਰਬਾਣੀ।' (ਭਾਈ ਗੁਰਦਾਸ)। ਉਸੇ ਪ੍ਰਭੂ ਨੂੰ ਉਹ ਕਰਨਹਾਰ ਜਾਣਦੇ ਹਨ ਤੇ ਅੰਦਰ ਬਾਹਰ ਉਸ ਨੂੰ ਤੱਕਦੇ ਉਸੇ ਵਿਚ ਮੋਹਿਤ ਹੋਏ ਰਹਿੰਦੇ ਹਨ। ਇਸ ਤੁਕ ਦੇ ਹੋਰ ਅਰਥ ਬੀ ਲਾਉਂਦੇ ਹਨ:- (ਅ) ਸੰਤ ਜਨਾਂ ਦੇ ਅੰਦਰ ਬਾਹਰ ਸਾਰੇ ਧਰਮ (ਮਤ ਮਤਾਂਤਰ) ਹੁੰਦੇ ਹਨ, (ਕਿਉਂਕਿ ਉਹਨਾਂ ਦੇ ਅੰਦਰ ਭਗਤੀ ਹੈ ਤੇ ਭਗਤੀ ਸਾਰੇ ਧਰਮਾਂ ਦਾ ਸਾਰ ਹੈ)। (ੲ) ਸੰਤਾਂ ਦੇ ਅੰਦਰ ਸਾਰਾ ਈਮਾਨ ਵਸਦਾ ਹੈ। (ਸ) ਸੰਤਾਂ ਦੇ ਖਿਆਲ ਵਿਚ ਸਭ ਨੇਕੀ ਹੈ।

੨. ਭਾਵ, ਸੰਸਾਰ ਰਚਨਾ ਕਰ ਦਿੰਦਾ ਹੈ।


www.sikhbookclub.com

ਤਿਸੁ ਭਾਵੈ ਤਾ ਏਕੰਕਾਰੁ॥ ਅਨਿਕ ਕਲਾ ਲਖੀ ਨਹ ਜਾਇ॥ ਜਿਸੁ ਭਾਵੈ ਤਿਸੁ ਲਏ ਮਿਲਾਇ॥ ਕਵਨ ਨਿਕਟਿ ਕਵਨ ਕਹੀਐ ਦੂਰਿ॥ ਆਪੇ ਆਪਿ ਆਪ ਭਰਪੂਰਿ॥ ਅੰਤਰਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥੫॥

ਉਸ ਨੂੰ ਭਾਵੇ ਤਾਂ 'ਇਕ ਸਰੂਪ' (ਹੋ ਜਾਂਦਾ) ਹੈ[੧]। ਇਹ ਕੀਕੂੰ ਹੁੰਦਾ ਹੈ? ਉੱਤਰ: ਉਸ ਦੀਆਂ) ਅਨੇਕ (ਪ੍ਰਕਾਰ ਦੀਆਂ) ਸ਼ਕਤੀਆਂ ਹਨ ਜੋ ਲਖੀਆਂ ਨਹੀਂ ਜਾ ਸਕਦੀਆਂ। (ਇਸ ਪਸਾਰੇ ਵਿਚੋਂ) ਜਿਸ ਨੂੰ (ਉਹ) ਚਾਹੇ ਉਸ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ। (ਇਸ ਕਰਕੇ) ਕਿਸਨੂੰ ਉਸ ਦੇ ਨੇੜੇ ਤੇ ਕਿਸ ਨੂੰ ਦੂਰ ਕਹੀਏ (ਜਦ ਕਿ ਉਹ) ਆਪ ਹੀ ਆਪ ਆਪੇ (ਸਾਰੇ) ਭਰਪੂਰ ਹੋ ਰਿਹਾ ਹੈ; (ਪਰ ਇਹ ਸਾਰੇ ਵ੍ਯਾਪਕ ਹੋਣ ਦੀ) ਸੋਝੀ ਉਸ ਪੁਰਖ ਨੂੰ ਦੇਂਦਾ ਹੈ ਜਿਸਨੂੰ 'ਆਪ ਉਸਦੇ ਅੰਦਰ ਹੋਣ ਦੀ' ਲਖਤਾ[੨] ਆਪੇ ਕਰਾ ਦੇਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੫॥

ਹੁਣ ਉਸ ਲੱਖਤਾ ਦਾ ਹੋਰ ਵੇਰਵਾ ਦੱਸਦੇ ਹਨ।

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥ ਸਗਲ ਸਮਿਗ੍ਰੀ ਜਾਕਾ ਤਨਾ॥ ਆਪਨ ਜਸੁ ਆਪ ਹੀ ਸੁਨਾ॥ ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥ ਸਭ ਕੈ ਮਧਿ ਅਲਿਪਤੋ

ਸਾਰੇ ਜੀਵਾਂ[੩] ਵਿਚ (ਉਹ) ਆਪ ਵਰਤਣੇ ਵਾਲਾ ਹੈ। ਸਾਰੇ ਨੈਣ (ਉਸਦੇ ਹਨ, ਉਨ੍ਹਾਂ ਥਾਣੀਂ) ਆਪ ਦੇਖਣੇ ਵਾਲਾ ਹੈ। ਸਾਰੀ ਰਚਨਾ ਉਸਦਾ ਸਰੀਰ ਹੈ (ਤੇ ਉਹ ਵਿਚ ਵੱਸਣੇ ਵਾਲਾ ਹੈ, ਸਾਰਾ) ਜੱਸ (ਜੋ ਉਸਦਾ ਹੋ ਰਿਹਾ ਹੈ ਉਹ ਉਸ ਦਾ) ਅਪਣਾ (ਕੀਤਾ ਹੋ ਰਿਹਾ) ਹੈ (ਤੇ) ਆਪ ਹੀ (ਉਸਨੂੰ) ਸੁਣ ਰਿਹਾ ਹੈ। ਆਉਣਾ ਜਾਣਾ (ਉਸਨੇ) ਇਕ ਖੇਲ ਬਨਾਇਆ ਹੈ[੪]। (ਇਸ ਖੇਲ ਨੂੰ ਚਲਾਉਣ ਵਾਸਤੇ ਉਸਨੇ ਆਪਣੀ) ਆਗ੍ਯਾ ਅਨੁਵਰਤੀ ਮਾਇਆ ਰਚੀ ਹੈ[੫] (ਐਉਂ ਉਹ) ਸਭ (ਖਿਲਾਰੀਆਂ) ਦੇ ਵਿਚ ਰਹਿੰਦਾ ਹੈ, ਫੇਰ ਅਲਿਪਤ ਰਹਿੰਦਾ ਹੈ। (ਫੇਰ ਅਚਰਜ ਹੈ ਕਿ ਖਿਲਾਰੀਆਂ

---

੧. ਇਕੋ ਆਪ ਰਹਿ ਜਾਂਦਾ ਹੈ, ਰਚਨਾ ਸਭ ਲੈ ਹੋ ਜਾਂਦੀ ਹੈ।

੨. ਸਾਈਂ ਆਪ ਸਭ ਦੇ ਅੰਦਰ ਸਾਖੀ ਰੂਪ ਆਪਾ ਲੈਕੇ ਬਿਰਾਜਮਾਨ ਹੈ, ਇਹ ਉਸ ਦੀ ਅੰਦਰ ਹੀ ਪ੍ਰਾਪਤੀ ਪ੍ਰਾਪਤ ਹੈ, ਇਸ ਗਲ ਦੀ ਲੱਖਤਾ ਜਦ ਆ ਜਾਵੇ ਤਦ ਸੋਝੀ ਪੈ ਜਾਂਦੀ ਹੈ ਕਿ ਅੰਦਰ ਬਾਹਰ ਸਾਰੇ ਭਰਪੂਰ ਉਹੀ ਹੈ। ਅੰਤਰ ਗਤਿ ਦੇ ਅਰਥ ਹਨ:-ਅੰਦਰ ਗਿਆ ਹੋਇਆ, ਅੰਤਰ ਭੂਤ, ਅੰਦਰ ਮੌਜੂਦ।

੩. ਸੰਸੁ: ਭੂਤ=(ਜੋ ਹੋਵੇ), ਕੋਈ ਵਸਤੂ, ਚਾਹੋ ਉਹ ਨਿਰਜੀਵ ਹੋਵੇ, ਚਾਹੋ ਜਿੰਦ ਵਾਲੀ। ਤੱਤ, ਜੈਸੇ ਜਲ ਅਗਨੀ ਆਦਿ। ਪ੍ਰਾਣਧਾਰੀ ਜੀਵ। ਬਾਜ਼ੇ ਲੋਕ ਪ੍ਰੇਤ ਨੂੰ ਬੀ ਭੂਤ ਕਹਿ ਲੈਂਦੇ ਹਨ, ਪਰ ਉਹ ਅਰਥ ਏਥੇ ਨਹੀਂ ਹਨ।

੪. ਅਗੇ ਹੁਣ ਲੇਖ ਯਾ ਨਾਟਕ ਦਾ ਹੋਰ ਰੂਪ ਵਿਚ ਵਰਣਨ ਕਰਦੇ ਹਨ।

੫. ਭਾਵ, ਖੇਲ ਦਾ ਸਾਮਾਨ ਮਾਯਾ ਤੋਂ ਲਿਆ ਹੈ, ਪਰ ਮਾਇਆ ਉਸ ਤੋਂ ਸੁਤੰਤਰ ਨਹੀਂ, ਉਸ ਦੇ ਆਪਣੇ ਅਧੀਨ ਰਚੀ ਹੈ, ਤਾਂਤੇ ਪਰਤੰਤਰ ਹੈ:(ਕੀਨੀ=ਰਚੀ)।

ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥
ਆਗਿਆ ਆਵੈ ਆਗਿਆ ਜਾਇ॥
ਨਾਨਕ ਜਾ ਭਾਵੈ ਤਾ ਲਏ ਸਮਾਇ॥੬॥

ਦੇ ਵਿਚ ਹੋਕੇ) ਜੋ ਕੁਛ ਕਹਿਣਾ ਹੁੰਦਾ ਹੈ ਉਹ ਆਪ (ਹੀ) ਕਹਿੰਦਾ ਹੈ। (ਇਹ ਖਿਲਾਰੀ ਜੀਵ ਉਸ ਦੀ) ਆਗਜਾ (ਦਾ ਬੱਧਾ) ਆਉਂਦਾ ਤੇ ਆਗਜਾ (ਦਾ ਬੱਧਾ) ਚਲਾ ਜਾਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਜਦ (ਉਸਨੂੰ) ਭਾਉਂਦਾ ਹੈ (ਕਿ ਖੇਲ ਨੂੰ ਸਮੇਟ ਲਵੇ ਤਾਂ ਸਾਰੇ ਖੇਲਨਹਾਰਿਆਂ ਨੂੰ ਅਪਣੇ ਵਿਚ) ਲੀਨ ਕਰ ਲੈਂਦਾ ਹੈ॥੬॥

ਇਸ ਤੇ ਹੋਇ ਸੁ ਨਾਹੀ ਬੁਰਾ॥
ਓਰੈ ਕਹਹੁ ਕਿਨੈ ਕਛੁ ਕਰਾ॥
ਆਪਿ ਭਲਾ ਕਰਤੂਤਿ ਅਤਿ ਨੀਕੀ॥
ਆਪੇ ਜਾਨੈ ਅਪਨੇ ਜੀ ਕੀ॥
ਆਪਿ ਸਾਚੁ ਧਾਰੀ ਸਭ ਸਾਚੁ॥
ਓਤਿ ਪੋਤਿ ਆਪਨ ਸੰਗਿ ਰਾਚੁ॥
ਤਾਕੀ ਗਤਿ ਮਿਤਿ ਕਹੀ ਨ ਜਾਇ॥
ਦੂਸਰ ਹੋਇ ਤ ਸੋਝੀ ਪਾਇ॥
ਤਿਸਕਾ ਕੀਆ ਸਭੁ ਪਰਵਾਨੁ॥
ਗੁਰਪ੍ਰਸਾਦਿ ਨਾਨਕ ਇਹੁ ਜਾਨੁ॥੭॥

ਇਸ (ਪ੍ਰਭੂ) ਤੋਂ (ਜੋ ਕੁਝ) ਹੁੰਦਾ ਹੈ (ਉਹ) ਬੁਰਾ ਨਹੀਂ ਹੈ। ਹੋਰ ਕਿਸੇ[1] ਨੇ ਦੱਸੋ! (ਜੋ) ਕੁਝ ਕੀਤਾ ਹੈ ਤਾਂ? (ਫਿਰ ਦੇਖ ਪ੍ਰਭੂ) ਆਪ ਭਲਾ ਹੈ। (ਅਰ ਉਸ ਦੀ) ਕਰਨੀ (ਸਭ) ਬਹੁਤ ਭਲੀ ਹੈ। (ਪਰ) ਅਪਣੇ ਜੀ ਦੀ (ਗੱਲ ਬਾਤ ਉਹ) ਆਪ ਹੀ ਜਾਣਦਾ ਹੈ। ਆਪ ਸੱਚ ਹੈ (ਜਿਸ ਆਪਣੀ ਸਾਜੀ ਹੋਈ ਨੂੰ ਉਹ ਆਪ) ਧਾਰ ਰਿਹਾ ਹੈ (ਉਹ ਬੀ ਸੱਚੇ ਦੀ ਧਾਰੀ ਹੋਣ ਕਰਕੇ) ਸਭ ਸੱਚ ਹੈ। (ਉਸ ਨਾਲੋਂ ਉਹ ਅੱਡ ਨਹੀਂ, ਉਸ ਨੂੰ ਉਹ) ਤਾਣੇ ਪੇਟੇ (ਵਾਂਙ) ਆਪਣੇ ਆਪ ਨਾਲ ਰਚਾ ਰਿਹਾ ਹੈ। ਉਸ ਦੀ ਗਤਿ ਮਿਤਿ ਕਹੀ ਨਹੀਂ ਜਾ ਸਕਦੀ। ਦੂਸਰਾ ਕੋਈ (ਉਸ ਜਿਹਾ) ਹੋਵੇ ਤਾਂ (ਭਾਵੇਂ ਉਸ ਦੀ) ਸੋਝੀ ਪਾ ਸਕੇ ਉਸ ਦਾ ਕੀਤਾ ਸਭ ਹੀ ਪ੍ਰਮਾਣੀਕ (ਯਥਾਰਥ) ਹੈ[2] ਹੇ ਨਾਨਕ! ਇਹ (ਗੱਲ ਸਮਝ ਲੈ ਤੇ) ਗੁਰੂ ਦੀ ਮਿਹਰ ਨਾਲ ਸਮਝ ਲੈ॥੭॥

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥
ਆਪਿ ਮਿਲਾਇ ਲਏ ਪ੍ਰਭੁ ਸੋਇ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥

ਜੋ (ਪੁਰਖ ਉਪਰ ਕਹੀ ਗੱਲ ਨੂੰ) ਸਮਝ ਲੈਂਦਾ ਹੈ, ਉਸ ਨੂੰ ਸਦੀਵੀ ਸੁਖ ਹੋ ਜਾਂਦਾ ਹੈ, (ਇਥੋਂ ਤਾਈਂ ਕਿ) ਉਹ ਪ੍ਰਭੂ (ਉਸ ਨੂੰ) ਆਪਣੇ ਵਿਚ ਮਿਲਾ ਲੈਂਦਾ ਹੈ। (ਹਾਂ) ਉਹੋ (ਪੁਰਖ) ਧਨ ਵਾਲਾ ਹੈ, ਉੱਤਮ ਕੁਲ ਵਾਲਾ, ਪਤ ਵਾਲਾ ਤੇ ਜੀਵਨ ਮੁਕਤ[3] ਹੈ, ਜਿਸ ਦੇ ਹਿਰਦੇ ਵਿਚ ਕਿ ਪਰਮੇਸ਼ੁਰ (ਵਸਦਾ) ਹੈ।

---

੧. ਓਰੈ=ਔਰੇ=ਹੋਰ ਨੂੰ। (ਅ) (ਉਸ ਪ੍ਰਭੂ ਤੋਂ) ਉਰੇ ਦੱਸ ਕਿਸੇ ਨੇ ਜੇ ਕੁਛ ਕੀਤਾ ਹੋਵੇ ਤਾਂ।

੨. ਭਾਵ, ਉਸ ਤੇ ਕਿੰਤੂ ਕਰਨਾ ਨਹੀਂ ਬਣਦਾ।

੩. ਜੋ ਜੀਉਂਦੇ ਜੀ ਮੁਕਤ ਅਵਸਥਾ ਨੂੰ ਪਹੁੰਚ ਪਵੇ। ਜੀਵਨ ਐਸਾ ਬਸਰ ਕਰੇ ਕਿ ਵਾਹਿਗੁਰੂ ਜੀ ਨਾਲ ਸਦਾ ਜੁੜਿਆ ਰਹੇ, ਗਯਾਨ ਸੰਪੂਰਨ ਰਹੇ ਤੇ ਵਰਤੋਂ ਵੈਰਾਗ ਵਾਲੀ ਹੋਵੇ।

ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥ ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥੨੩॥

(ਉਹ ਪੁਰਖ ਧੰਨ ਹੈ, (ਉਸ ਦਾ ਜੀਵਨ) ਧੰਨ ਹੈ, (ਉਸ ਦਾ) ਆਇਆ ਧੰਨ ਹੈ, ਜਿਸ ਦੀ[1] ਕਿ੍ਰਪਾ ਕਰਕੇ ਸਾਰਾ ਜਗਤ ਤਰ ਜਾਂਦਾ ਹੈ। (ਐਸੇ) ਜਨ ਦੇ ਸੰਸਾਰ ਪਰ ਆਉਣ ਦਾ ਇਹੋ ਪ੍ਰਯੋਜਨ ਹੈ (ਕਿ ਉਸ) ਜਨ ਦੇ ਸੰਗ ਕਰਕੇ (ਹੋਰਨਾਂ ਲੋਕਾਂ ਦੇ) ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਵੇ। ਹੇ ਨਾਨਕ! ਉਸ ਪੁਰਖ ਨੂੰ ਮੇਰੀ ਸਦਾ ਨਮਸ਼ਕਾਰ ਹੈ ਕਿ ਜੋ ਆਪ ਤਾਂ ਮੁਕਤੀ ਨੂੰ ਪ੍ਰਾਪਤ ਹੋਵੇ (ਪਰ ਨਾਲ) ਜਗਤ ਨੂੰ ਬੀ ਮੁਕਤੀ ਦਾਨ ਕਰੇ॥੮॥੨੩॥

ਸਲੋਕੁ॥ ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥੧॥

ਪ੍ਰਭੂ ਪੂਰਾ (ਹੈ) ਜਿਸ (ਪੂਰੇ) ਦਾ ਨਾਉਂ (ਬੀ) ਪੂਰਾ ਹੈ, (ਉਸ ਪੂਰੇ ਪ੍ਰਭੂ ਦੀ ਪੂਰੇ ਨਾਮ ਦੁਆਰਾ) ਆਰਾਧਨਾ ਕੀਤੀ ਹੈ, (ਐਉਂ) ਨਾਨਕ ਨੇ (ਓਹ) ਪੂਰਨ (ਪ੍ਰਭੂ) ਪਾ ਲਿਆ ਹੈ, (ਹੁਣ ਉਸ ਪ੍ਰਾਪਤੀ ਦੇ ਆਨੰਦ ਵਿਚ ਉਸ) ਪੂਰੇ ਦੇ ਗੁਣ ਗਾਉਂ ਰਿਹਾ ਹਾਂ॥੧॥

ਅਸਟਪਦੀ॥ ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥ ਆਸ ਅਨਿਤ ਤਿਆਗਹੁ ਤਰੰਗ॥ ਸੰਤ ਜਨਾ ਕੀ ਧੂਰਿ ਮਨ ਮੰਗ॥ ਆਪੁ ਛੋਡਿ ਬੇਨਤੀ ਕਰਹੁ॥ ਸਾਧ ਸੰਗਿ ਅਗਨਿ ਸਾਗਰੁ ਤਰਹੁ॥ ਹਰਿ ਧਨ ਕੇ ਭਰਿ ਲੇਹੁ ਭੰਡਾਰ॥ ਨਾਨਕ ਗੁਰ ਪੂਰੇ ਨਮਸਕਾਰ॥੧॥

(ਹੇ ਸਿਖ! ਪੂਰੇ ਪ੍ਰਭੂ ਦੀ ਪ੍ਰਾਪਤੀ ਲਈ ਤੂੰ ਹੁਣ) ਪੂਰੇ ਗੁਰੂ ਦਾ ਉਪਦੇਸ਼ ਸੁਣ-(ੳ) ਪਾਰਬ੍ਰਹਮ ਨੂੰ ਨੇੜੇ ਕਰਕੇ ਦੇਖ, (ਅਪਣੇ ਪਾਸ ਪ੍ਰਤੀਤ ਕਰ)! (ਅ) ਸਵਾਸ ਸਵਾਸ ਪਰਮੇਸ਼ੁਰ ਨੂੰ ਸਿਮਰ, (ਐਉਂ) ਮਨ ਦੇ ਅੰਦਰ ਦੀ ਚਿੰਤਾ ਦੂਰ ਹੋ ਜਾਵੇਗੀ। (ੲ) ਅਨਿੱਤ (ਪਦਾਰਥਾਂ ਦੇ) ਆਸਾ (ਰੂਪੀ) ਤਰੰਗਾਂ ਨੂੰ (ਅਪਣੇ ਅੰਦਰ ਉਠਣੋਂ) ਰੋਕ ਦੇਹ[2]। (ਸ) ਮਨੋਂ ਸੰਤਾਂ ਦੀ ਧੂੜੀ ਮੰਗ (ਭਾਵ ਸਤਿਸੰਗ ਦੀ ਚਾਹ ਤੀਬ੍ਰ ਰਖ)। (ਹ) ਆਪਾ ਭਾਵ ਛੱਡਕੇ (ਪ੍ਰਭੂ ਅਗੇ) ਬੇਨਤੀ ਕਰੋ! (ਕ) ਸਾਧੂ ਸਾ ਸੰਗ (ਕਰੋ ਐਉਂ ਤੁਸੀਂ) ਅੱਗ ਦਾ ਸਮੁੰਦਰ ਤਰ ਜਾਵੋ। (ਖ) ਹਰੀ ਰੂਪ ਧਨ ਦੇ (ਭਾਵ ਨਾਮ ਧਨ ਦੇ) ਭੰਡਾਰੇ ਭਰ ਲਵੋ। (ਗ) (ਜਿਸਦੇ ਸੰਗ ਨਾਲ ਇਹ ਕੁਝ ਲੱਭਦਾ ਹੈ ਉਸ) ਪੂਰੇ ਗੁਰੂ ਨੂੰ ਨਮਸਕਾਰ ਕਰੋ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੧॥

---

੧. ਭਾਵ ਹੈ ਕਿ ਐਸੇ ਪੁਰਖ ਦੀ ਮਿਹਰ ਨਾਲ ਜਗਤ ਤਰਦਾ ਹੈ।

੨. ਪਦਾਰਥ ਅਨਿੱਤ ਹਨ, ਇਨ੍ਹਾਂ ਦੀ ਆਸਾ ਤ੍ਰੰਗਾਂ ਵਤ ਹੈ। ਇਨ੍ਹਾਂ ਆਸਾਂ ਦੇ ਬਿਰਥਾ ਲਹਿਰਾਉ ਨੂੰ ਰੋਕ ਲੈ।


www.sikhbookclub.com

ਖੇਮ ਕੁਸਲ ਸਹਜ ਆਨੰਦ॥
ਸਾਧ ਸੰਗਿ ਭਜੁ ਪਰਮਾਨੰਦ॥
ਨਰਕ ਨਿਵਾਰਿ ਉਧਾਰਹੁ ਜੀਉ॥
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ॥
ਚਿਤਿ ਚਿਤਵਹੁ ਨਾਰਾਇਣ ਏਕ॥
ਏਕ ਰੂਪ ਜਾ ਕੇ ਰੰਗ ਅਨੇਕ॥
ਗੋਪਾਲ ਦਾਮੋਦਰ ਦੀਨ ਦਇਆਲ॥
ਦੁਖ ਭੰਜਨ ਪੂਰਨ ਕਿਰਪਾਲ॥
ਸਿਮਰਿ ਸਿਮਰਿ ਨਾਮੁ ਬਾਰੰਬਾਰ॥
ਨਾਨਕ ਜੀਅ ਕਾ ਇਹੈ ਅਧਾਰ॥੨॥

ਉਤਮ ਸਲੋਕ ਸਾਧ ਕੇ ਬਚਨ॥
ਅਮੁਲੀਕ ਲਾਲ ਏਹਿ ਰਤਨ॥
ਸੁਨਤ ਕਮਾਵਤ ਹੋਤ ਉਧਾਰ॥
ਆਪਿ ਤਰੈ ਲੋਕਹ ਨਿਸਤਾਰ॥
ਸਫਲ ਜੀਵਨੁ ਸਫਲੁ ਤਾ ਕਾ ਸੰਗੁ॥

(ਹੇ ਮਾਈਂ ਦੇ ਢੂੰਡਾਊ! ਤੂੰ) ਸੰਤ ਦੇ ਸੰਗ ਵਿਚ ਪਰਮ ਆਨੰਦ (ਰੂਪ ਪਰਮੇਸ਼ੁਰ) ਨੂੰ ਸਿਮਰ (ਐਉਂ ਕਰਨੇ ਨਾਲ) ਖੇਮ[1], ਕੁਸ਼ਲ, ਸ਼ਾਂਤੀ ਤੇ ਆਨੰਦ (ਤੈਨੂੰ ਪ੍ਰਾਪਤ ਹੋਣਗੇ)। (ਜੇ ਤੂੰ) ਗੋਬਿੰਦ ਦੇ ਗੁਣ (ਗਾਇਨ) ਦਾ ਅੰਮ੍ਰਿਤ ਰਸ ਪੀਏਂਗਾ (ਤਾਂ ਐਉਂ) ਨਰਕਾਂ ਨੂੰ ਦੂਰ ਕਰਕੇ (ਤੂੰ ਅਪਣੇ) ਜੀਉ ਨੂੰ ਬਚਾ ਲਵੇਂਗਾ।

(ਤਾਂ ਤੇ ਨਿੱਤ) ਹਿਰਦੇ ਵਿਚ ਇਕ ਪ੍ਰਭੂ ਨੂੰ ਯਾਦ ਕਰ, ਜਿਸ ਦਾ ਰੂਪ ਇਕ ਹੈ ਤੇ ਰੰਗ ਅਨੇਕ ਹਨ। (ਓਹ ਨਾਲੇ ਤਾਂ ਜੱਗ ਨੂੰ ਪੇਟ ਲਾਉਣ ਕਰਕੇ) ਦਾਮੋਦਰ[2] ਹੈ, (ਨਾਲੇ ਸ੍ਰਿਸ਼ਟੀ ਦਾ ਪਾਲਣ ਪੋਖਣ ਕਰਕੇ) ਗੋਪਾਲ ਹੈ, (ਨਾਲੇ ਉਸਨੇ ਦੀਨ ਰਚੇ ਹਨ ਨਾਲੇ ਉਨ੍ਹਾਂ ਤੇ ਦਇਆ ਕਰਕੇ) ਦੀਨ ਦਿਆਲ (ਹੋ ਰਿਹਾ) ਹੈ।

(ਇਕ ਪਾਸੇ ਦੁੱਖ ਹਨ, ਫੇਰ ਦੁਖਾਂ ਨੂੰ ਭੰਨਕੇ) ਦੁਖ ਭੰਜਨ ਹੋ ਰਿਹਾ ਹੈ (ਸਗੋਂ) ਪੂਰੀ ਤਰ੍ਹਾਂ ਕ੍ਰਿਪਾਲੂ ਹੋ ਰਿਹਾ ਹੈ। (ਐਸੇ ਪਰਮੇਸ਼ੁਰ ਦੇ ਨਾਮ ਨੂੰ ਬਾਰ ਬਾਰ ਸਿਮਰ (ਕਹਿੰਦੇ ਹਨ ਗੁਰੂ) ਨਾਨਕ, ਇਹੋ (ਸਿਮਰਨ ਜੀਵ ਦੇ) ਜੀਉ ਦਾ (ਸੱਚਾ) ਆਧਾਰ (ਆਸਰਾ) ਹੈ॥੨॥

ਸਾਧੂ (ਭਾਵ ਗੁਰੂ) ਦੇ (ਉਚਾਰੇ ਏਹ) ਵਾਕ (ਵਾਹਿਗੁਰੂ ਦੇ) ਜਸ ਦੇ ਉਤਮ ਛੰਦ ਹਨ।[3] ਏਹ ਅਮੋਲਕ ਲਾਲ ਤੇ ਰਤਨ ਹਨ[4]। (ਜਿਨ੍ਹਾਂ ਦੇ) ਸੁਣਨੇ ਅਤੇ ਕਮਾਵਣੇ ਤੇ ਉਧਾਰ ਹੁੰਦਾ ਹੈ, (ਸਗੋਂ ਕਮਾਵਣੇ ਵਾਲਾ) ਆਪ ਬੀ ਤਰਦਾ ਹੈ (ਤੇ) ਲੋਕਾਂ ਦਾ (ਬੀ) ਨਿਸਤਾਰਾ ਕਰਦਾ ਹੈ। (ਐਸੇ ਪੁਰਖ ਦਾ) ਜੀਵਨ ਸਫਲ ਹੈ (ਅਰ) ਉਸਦਾ ਸੰਗ ਕਰਨਾ ਬੀ ਸਫਲ ਹੈ,

---

੧. ਖੇਮ=ਕਲਜਾਨ, ਮੁਕਤੀ। ਕੁਸਲ=ਸੁਖ, ਤੰਦਰੁਸਤੀ। (ਅ) ਪ੍ਰਾਪਤ ਹੋਏ ਸੁਖ ਦੀ ਰਖ਼ਜਾ ਅਰਥਾਤ ਕਾਯਮ ਰਹਿਣਾ 'ਖੇਮ' ਹੈ। ਅਪ੍ਰਾਪਤ ਸੁਖ ਦਾ ਪ੍ਰਾਪਤ ਹੋਣਾ 'ਕੁਸ਼ਲ' ਹੈ। ਸਹਜ=ਸ਼ਾਂਤੀ, ਗਜਾਨ, ਪਰਮਪਦ।

੨. ਜਿਸ ਦੇ ਪੇਟ ਨੂੰ ਰੱਸੀ ਬੱਧੀ ਸੀ, ਕ੍ਰਿਸ਼ਨ। ਇਸ ਤੋਂ ਇਹ ਪਦ ਹੋ ਗਿਆ ਪਰਮੇਸ਼ੁਰ ਦਾ ਨਾਮ। (ਅ) ਦਾਮ=ਵਿਸ਼੍ਵ+ਉਦਰ=ਪੇਟ, ਜਿਸ ਦੇ ਪੇਟ ਵਿਚ ਵਿਸ਼੍ਵ ਹੈ। (ਵਿਸ਼ਨੂੰ ਸਹੱਸ੍ਰ ਨਾਮ ਦਾ ਭਾਸ਼ਕਰ) (ੲ) ਵਿਸ਼੍ਵ ਨੂੰ ਜਿਸ ਨੇ ਪੇਟ ਲਾ ਦਿਤਾ ਹੈ।

੩. ਸ਼ਲੋਕ=ਜਸ ਤੇ ਕੀਰਤੀ ਦਾ ਛੰਦ। ਭਾਵ ਸੁਖਮਨੀ ਸਾਹਿਬ ਦੀ ਬਾਣੀ ਪ੍ਰਭੂ ਕੀਰਤੀ ਦੇ ਪਰਮ ਪਵਿੱਤ੍ਰ ਛੰਦ ਹਨ।

੪. ਭਾਵ ਐਉਂ ਬੀ ਲੈਂਦੇ ਹਨ:-ਲਾਲ=ਪ੍ਰੇਮ ਦੇ ਬਚਨ। ਰਤਨ=ਵੈਰਾਗ ਮਈ ਬਚਨ।

ਜਾਕੈ ਮਨਿ ਲਾਗਾ ਹਰਿ ਰੰਗੁ॥
ਜੈ ਜੈ ਸਬਦੁ ਅਨਾਹਦੁ ਵਾਜੈ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥
ਨਾਨਕ ਉਧਰੇ ਤਿਨਕੈ ਸਾਥੇ॥੩॥

ਜਿਸਦੇ ਕਿ ਮਨ ਵਿਚ ਵਾਹਿਗੁਰੂ ਜੀ ਦਾ ਰੰਗ (ਪ੍ਰੇਮ) ਲਗਾ ਹੋਇਆ ਹੁੰਦਾ ਹੈ। (ਐਸੇ ਪ੍ਰੇਮੀ ਲਈ) 'ਜੈ ਜੈ' ਦਾ ਸ਼ਬਦ ਅਨਾਹਦ (ਰੂਪ ਵਿਚ) ਵਜਦਾ ਹੈ, (ਉਹ ਪ੍ਰੇਮੀ ਉਸਨੂੰ) ਸੁਣ ਸੁਣਕੇ ਅਨੰਦ ਹੁੰਦਾ ਹੈ ਤੇ (ਅਗੋਂ ਉਹ ਆਪ) ਜੈ ਜੈ (ਕਰਕੇ ਅਪਣੇ) ਪ੍ਰਭੂ ਨੂੰ ਗਾਉਂਦਾ ਹੈ[੧]। (ਇਸ) ਮਹਾਤਮਾ ਦੇ ਮਸਤਕ ਉਤੇ ਵਾਹਿਗੁਰੂ ਪ੍ਰਕਾਸ਼ ਪਾਉਂਦਾ ਹੈ। ਹੇ ਨਾਨਕ! ਉਸ ਦੇ (ਸੰਗ) ਨਾਲ (ਜਗਤ ਦਾ) ਉਧਾਰ ਹੁੰਦਾ ਹੈ॥੩॥

ਸਰਨਿ ਜੋਗੁ ਸੁਨਿ ਸਰਨੀ ਆਏ॥
ਕਰਿ ਕਿਰਪਾ ਪ੍ਰਭ ਆਪ ਮਿਲਾਏ॥
ਮਿਟਿ ਗਏ ਬੈਰ ਭਏ ਸਭ ਰੇਨ॥
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ॥
ਸੁਪ੍ਰਸੰਨ ਭਏ ਗੁਰਦੇਵ॥
ਪੂਰਨ ਹੋਈ ਸੇਵਕ ਕੀ ਸੇਵ॥
ਆਲ ਜੰਜਾਲ ਬਿਕਾਰ ਤੇ ਰਹਤੇ॥
ਰਾਮ ਨਾਮ ਸੁਨਿ ਰਸਨਾ ਕਹਤੇ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥
ਨਾਨਕ ਨਿਬਹੀ ਖੇਪ ਹਮਾਰੀ॥੪॥

(ਸ਼ਰਨਾਗਤ ਨੂੰ) ਸ਼ਰਨ ਦੇਣ ਦੇ ਜੋਗ[੨] ਸੁਣਕੇ (ਅਸੀਂ ਪ੍ਰਭੂ ਦੀ) ਸ਼ਰਨੀ ਆਏ (ਤਾਂ) ਪ੍ਰਭੂ ਨੇ (ਪਰਮ) ਕ੍ਰਿਪਾ ਧਾਰ (ਕੇ ਸਾਨੂੰ) ਅਪਣੇ ਨਾਲ ਮਿਲਾ ਲਿਆ। (ਸਾਡੇ) ਵੈਰ ਮਿਟ ਗਏ ਤੇ ਸਭ ਦੀ ਧੂੜ ਹੋ ਗਏ (ਜਦ ਤੋਂ ਕਿ) ਸਾਧਾਂ ਦੇ ਸੰਗ ਵਿਚ (ਅਸੀਂ) ਅੰਮ੍ਰਿਤ ਨਾਮ ਲੈਣ ਲੱਗ ਪਏ। ਇਸ ਤਰ੍ਹਾਂ ਕਰਦਿਆਂ ਜਦੋਂ) ਗੁਰੂ ਦੇਵ ਜੀ ਭਲੀ ਪ੍ਰਕਾਰ ਪ੍ਰਸੰਨ ਹੋ ਗਏ; ਤਾਂ ਸੇਵਕ ਦੀ ਸੇਵਾ ਪੂਰੀ ਹੋ ਗਈ (ਭਾਵ ਸਫਲ ਹੋ ਗਈ। ਇਉਂ ਗੁਰਦੇਵ ਦੀ ਪ੍ਰਸੰਨਤਾ ਨਾਲ) ਆਲ ਜੰਜਾਲ[੩] ਤੇ ਵਿਕਾਰਾਂ ਤੋਂ (ਅਸੀਂ) ਬਚੇ ਹੀ ਰਹੇ। (ਹੁਣ ਨਿੱਤ ਵਿਵਹਾਰ ਕੀ ਹੈ? ਉੱਤਰ) ਰਾਮ ਨਾਮ ਹੀ ਸੁਣਦੇ ਹਾਂ, (ਰਾਮ ਨਾਮ ਹੀ) ਰਸਨਾ ਤੋਂ ਕਥਨ ਕਰਦੇ ਹਾਂ। (ਅਸਲ ਵਿਚ) ਪ੍ਰਭੂ ਨੇ (ਹੀ) ਤ੍ਰੁੱਠਕੇ (ਇਹ) ਦਇਆ ਕੀਤੀ ਹੈ[੪], (ਜਿਸ ਕਰਕੇ ਕਿ) ਸਾਡੀ ਖੇਪ (ਤੋੜ) ਨਿਭ ਗਈ[੫] (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੪॥

---

੧. ਗਾਜੈ=ਗਾ+ਜੈ='ਜੈ' ਸ਼ਬਦ ਕਰਕੇ ਗਾਉਂਦਾ ਹੈ। (ਅ) ਐਉਂ ਬੀ ਲਾਉਂਦੇ ਹਨ-ਉਨ੍ਹਾਂ ਦੀ ਰਸਨਾ ਤੋਂ 'ਜੈ ਜੈ' ਸ਼ਬਦ ਇਕ ਰਸ ਵਜਦਾ ਹੈ ਜਿਸਨੂੰ ਸੁਣ ਸੁਣਕੇ ਜਗਜਾਸੂ ਅਨੰਦ ਹੁੰਦੇ. (ਤੇ) ਪ੍ਰਭੂ ਨੂੰ ਗਜਦੇ ਹਨ ਭਾਵ ਉਚੀ ਉਚੀ ਜੈ ਜੈ ਕਰਦੇ ਹਨ।

੨. ਸਰਨਿ ਜੋਗਿ=ਉਹ ਜੋ ਸ਼ਰਨ ਵਿਚ ਲੈ ਲੈਣ ਨੂੰ ਸਮਰਥ ਹੈ ਤੇ ਲੈ ਬੀ ਲੈਂਦਾ ਹੈ।

੩. ਘਰਾਂ ਦੇ ਧੰਦੇ।

੪. (ਅ) ਕੀਤਾ ਹੈ ਪ੍ਰਸਾਦਿ ਸਤਿਗੁਰਾਂ ਨੇ, ਤੇ ਕੀਤੀ ਹੈ ਦਇਆ ਵਾਹਿਗੁਰੂ ਨੇ।

੫. ਨਾਮ ਦਾ ਬਪਾਰ ਸਿਰੇ ਚੜ੍ਹ ਗਿਆ ਹੈ ਤੇ ਹੁਣ ਬਪਾਰੀ ਨਫੇ ਸਮੇਤ ਆਪਣੇ ਸੱਚੇ ਘਰ-ਵਾਹਿਗੁਰੂ ਸਰੂਪ-ਵਿਚ ਪ੍ਰਾਪਤ ਹੈ।

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ॥
ਜਿਸੁ ਮਨਿ ਬਸੈ ਸੁ ਹੋਤ ਨਿਧਾਨ॥
ਸਰਬ ਇਛਾ ਤਾਕੀ ਪੂਰਨ ਹੋਇ॥
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥
ਸਭ ਤੇ ਊਚ ਪਾਏ ਅਸਥਾਨੁ॥
ਬਹੁਰਿ ਨ ਹੋਵੈ ਆਵਨ ਜਾਨੁ॥
ਹਰਿ ਧਨੁ ਖਾਇ ਚਲੈ ਜਨੁ ਸੋਇ॥
ਨਾਨਕ ਜਿਸਹਿ ਪਰਾਪਤਿ ਹੋਇ॥੫॥

ਹੇ ਸੰਤੋ! ਹੇ ਮਿਤ੍ਰੋ! ਸਾਵਧਾਨ ਅਰ ਇਕਾਗਰ ਚਿੱਤ ਹੋਕੇ ਪ੍ਰਭੂ ਦੀ ਉਸਤਤਿ ਕਰੋ। ਸੁਖਮਨੀ ਵਿਚ[1] ਪਰਮੇਸ਼ਰ ਦੇ ਗੁਣ ਤੇ ਨਾਮ (ਦੀ ਮਹਿਮਾ ਤੇ ਪਰਮੇਸ਼ੁਰ ਦਾ) ਗਿਆਨ[2] ਹੈ। (ਇਹ) ਜਿਸਦੇ ਮਨ ਵਿਚ ਵਸ ਜਾਵੇ ਉਹ ਗੁਣਾਂ ਦਾ) ਭੰਡਾਰ ਹੋ ਜਾਂਦਾ ਹੈ। ਉਸਦੀਆਂ ਸਾਰੀਆਂ ਇਛਾਂ ਪੂਰਨ ਹੋ ਜਾਂਦੀਆਂ ਹਨ। (ਉਹ) ਪੁਰਖ ਸ੍ਰੇਸ਼ਟ ਹੋਕੇ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ। ਸਭ ਤੋਂ ਉੱਚਾ ਅਸਥਾਨ (ਉਸਨੂੰ) ਪ੍ਰਾਪਤ ਹੁੰਦਾ ਹੈ, (ਜਿਸ ਥਾਉਂ ਤੋਂ ਕਿ) ਉਸਨੂੰ ਮੁੜਕੇ ਆਉਣਾ ਜਾਣਾਂ ਨਹੀਂ ਪੈਂਦਾ।

ਹੇ ਨਾਨਕ! ਓਹ ਪੁਰਖ ਕਿ ਜਿਸਨੂੰ (ਇਹ) ਪ੍ਰਾਪਤ ਹੋਵੇ[3] ਹਰੀ ਧਨ ਨੂੰ ਖੱਟਕੇ (ਏਥੋਂ ਨਾਲ ਲੈਕੇ) ਟੁਰਦਾ ਹੈ॥੫॥

ਖੇਮ ਸਾਂਤਿ ਰਿਧਿ ਨਵਨਿਧਿ॥
ਬੁਧਿ ਗਿਆਨੁ ਸਰਬਤਹ ਸਿਧਿ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥
ਗਿਆਨੁ ਸ੍ਰੇਸਟ ਊਤਮ ਇਸਨਾਨੁ॥
ਚਾਰਿ ਪਦਾਰਥ ਕਮਲ ਪ੍ਰਗਾਸ॥
ਸਭ ਕੈ ਮਧਿ ਸਗਲ ਤੇ ਉਦਾਸ॥
ਸੁੰਦਰੁ ਚਤੁਰੁ ਤਤ ਕਾ ਬੇਤਾ॥
ਸਮਦਰਸੀ ਏਕ ਦਿਸਟੇਤਾ॥

੧੦. ੯. (ਜੋ ਕੋਈ) ਗੁਰੂ ਨਾਨਕ ਦੇ 'ਨਾਮ' ਸੰਬੰਧੀ (ਇਹ ਸੁਖਮਨੀ ਵਾਲੇ) ਬਚਨ ਮਨ ਨਾਲ ਸੁਣੇ ਯਾ ਮੂੰਹੋਂ ਉਚਾਰਨ ਕਰੇ, ਉਹ ਪੁਰਖ ਨੂੰ ਇਹ ਫਲ (ਪ੍ਰਾਪਤ ਹੋਣਗੇ)[4]। ੧. ਮੁਕਤੀ, ਸ਼ਾਂਤੀ, ਰਿਧੀਆਂ ਤੇ ਨਵੇਂ ਨਿਧੀਆਂ। ੨. ਬੁਧੀਆਂ, ਗਿਆਨ, ਸਾਰੀਆਂ ਸਿਧੀਆਂ। ੩. ਵਿਦਯਾ, ਤਪ, ਪ੍ਰਭੂ ਦਾ ਧਿਆਨ ਤੇ (ਉਸ ਨਾਲ) ਜੋਗ (ਮਿਲਾਪ), ੪. ਸ੍ਰੇਸ਼ਟ ਗਿਆਨ, ਉਤਮ ਇਸ਼ਨਾਨ[5], ੫. ਚਾਰੇ ਪਦਾਰਥ[6] (ਤੇ ਹਿਰਦੇ) ਕਮਲ ਦਾ ਖਿੜਾਉ। ੬. ਸਭ ਦੇ ਵਿਚ (ਵਸਦੇ ਹੋਏ) ਸਭ ਤੋਂ ਉਦਾਸ (ਰਹਿਣੇ ਦੀ ਨਿਰਲੇਪਤਾ), ੭. ਸੁਹਣਾ ਹੋਣਾ,

---

੧. ਸੁਖਮਨੀ ਵਿਖੇ ਨਾਮ ਦੀ ਮਹਿਮਾ ਹੈ, ਜੋ ਉਪਮਾ ਸੁਖਮਨੀ ਦੀ ਕੀਤੀ ਗਈ ਹੈ ਓਹ ਨਾਮ ਦੀ ਹੈ, ਕਿਉਂਕਿ ਨਾਮ ਦਾ ਸਮੁੰਦਰ ਸੁਖਮਨੀ ਹੈ।

੨. ਸਹਜ=ਗਿਆਨ।

੩. ਜਿਸ ਨੂੰ ਹਰਿ ਧਨ ਪ੍ਰਾਪਤ ਹੋਵੇ, (ਅ) ਜਿਸ ਦੇ ਮਨ ਵਿਚ ਸੁਖਮਨੀ ਦੇ ਉਪਦੇਸ਼ ਟਿਕਣ ਦਾ ਦਾਨ ਪ੍ਰਾਪਤ ਹੋਵੇ।

੪. ਸੁਖਮਨੀ ਦੇ ਸ਼ਰਧਾ ਨਾਲ ਪੜ੍ਹਨ, ਮੁਣਨ, ਵੀਚਾਰਨ ਤੇ ਅਮਲ ਕਰਨ ਤੇ ਉਹਨਾਂ ਗਲਾਂ ਦੀ ਸੋਝੀ ਹੋ ਆਵੇਗੀ ਤੇ ਓਹ ਪ੍ਰਾਪਤ ਹੋਣਗੀਆਂ ਜੋ ਕਿ ਇਸ ਅਸਟਪਦੀ ਵਿਚ ਆਈਆਂ ਹਨ।

੫. 'ਅੰਤਰਿ ਗਤਿ ਤੀਰਥਿ ਮਲਿ ਨਾਉ' ਵਾਲੇ ਇਸ਼ਨਾਨ ਤੋਂ ਭਾਵ ਹੈ।

੬. ਧਰਮ, ਅਰਥ, ਕਾਮ, ਮੋਖ।

ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥੬॥

ਦਾਨਾ ਹੋਣਾ, (ਤੱਤ ਦਾ ਜਾਣਨਹਾਰ ਹੋਣ,) ੮. (ਊਚ ਨੀਚ ਵਿਚ) ਸਮਦਰਸੀ ਹੋਣਾ, (ਅਨੇਕਤਾ ਵਿਚ) ਇਕ ਦਾ ਦੇਖਣਹਾਰ ਹੋਣਾ॥੬॥

ਇਹੁ ਨਿਧਾਨੁ ਜਪੈ ਮਨਿ ਕੋਇ॥
ਸਭ ਜੁਗ ਮਹਿ ਤਾਕੀ ਗਤਿ ਹੋਇ॥
ਗੁਣ ਗੋਬਿੰਦ ਨਾਮ ਧੁਨਿ ਬਾਣੀ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥
ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥
ਸੰਤ ਕ੍ਰਿਪਾ ਤੇ ਜਮ ਤੇ ਛੁਟੈ॥
ਜਾਕੈ ਮਸਤਕਿ ਕਰਮ ਪ੍ਰਭਿ ਪਾਏ॥
ਸਾਧ ਸਰਣਿ ਨਾਨਕ ਤੇ ਆਏ॥੭॥

ਜੇ ਕੋਈ ਇਸ (ਨਾਮ ਦੇ) ਖਜ਼ਾਨੇ (ਸੁਖਮਨੀ ਨੂੰ ਮਨ ਲਾਕੇ ਪੜ੍ਹੇਗਾ, ਚਾਹੇ ਉਹ ਕਿਸੇ ਜੁਗ ਵਿਚ ਹੋਵੇ ਉਸਦੀ ਮੁਕਤੀ ਹੋਵੇਗੀ। ਬਾਣੀ (ਦੇ ਪਾਠ ਵਿਚ ਗੋਬਿੰਦ ਦੇ ਗੁਣਾਂ ਦੀ ਅਰ ਨਾਮ ਦੀ ਧੁਨਿ ਲਗ ਜਾਂਦੀ ਹੈ। ਵੇਦਾਂ ਸਿੰਮ੍ਰਿਤੀਆਂ ਤੇ ਸ਼ਾਸਤ੍ਰਾਂ ਨੇ (ਬੀ ਇਹ ਗਲ ਕਰਨੀ) ਆਖੀ ਹੈ (ਕਿ ਨਾਮ ਜਪੋ ਤੇ ਗੁਣ ਗਾਓ); ਸਾਰੇ ਮਤਾਂ ਦਾ ਸਿਧਾਂਤ ਖੀ ਨਗਾ ਪਰਮੇਸ਼ੁਰ ਦਾ ਨਾਮ (ਆਰਾਧਨ) ਹੈ। (ਉਸ ਨਾਮ ਦਾ) ਨਿਵਾਸ ਗੋਬਿੰਦ ਦੇ ਭਗਤ ਦੇ ਮਨ ਵਿਚ (ਸਦਾ ਰਹਿੰਦਾ) ਹੈ। (ਐਸੇ ਗੋਬਿੰਦ ਦੀ ਭਗਤੀ ਵਾਲੇ) ਸਾਧੂ ਦੇ ਸੰਗ ਨਾਲ ਕ੍ਰੋੜਾਂ ਪਾਪ ਮਿਟ ਜਾਂਦੇ ਹਨ, (ਐਸੇ) ਸੰਤ ਦੀ ਕ੍ਰਿਪਾ ਨਾਲ ਹੀ ਜਮਾਂ ਤੋਂ ਛੁਟਕਾਰਾ ਮਿਲਦਾ ਹੈ! (ਪਰ) ਹੇ ਨਾਨਕ! ਸਾਧੂ ਦੀ ਸ਼ਰਣ ਉਹੋ ਆਉਂਦੇ ਹਨ ਜਿਨ੍ਹਾਂ ਦੇ ਮੱਥੇ ਤੇ ਪ੍ਰਭੂ ਨੇ (ਆਪ) ਫਜ਼ਲ (ਦੇ ਲੇਖ) ਪਾਏ ਹਨ॥੭॥

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾਕਾ ਦੂਖੁ ਨਿਵਾਰੈ॥
ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥ ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾਕੇ ਕਰਮ॥ ਸਭ ਤੇ ਊਚ ਤਾਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥੮॥੨੪॥

ਜੋ (ਮਨ ਦੀ) ਪ੍ਰੀਤ ਲਾਕੇ (ਇਸ ਨਾਮ ਪ੍ਰਤਿਪਾਦਨੀ ਬਾਣੀ ਨੂੰ) ਸੁਣੇਗਾ ਤੇ ਜਿਸਦੇ ਮਨ ਵਿਚ ਇਹ ਵਸ ਜਾਏਗੀ, ਉਸਦੇ ਚਿੱਤ ਵਿਚ (ਸਰਬ ਪਾਪਾਂ ਦੇ) ਹਰਨੇ ਵਾਲਾ ਪ੍ਰਭੂ ਆ ਵੱਸੇਗਾ। ਉਸਦਾ ਜਨਮ ਮਰਨ ਦਾ ਦੁਖ (ਉਹ ਪ੍ਰਭੂ) ਦੂਰ ਕਰ ਦੇਵੇਗਾ (ਅਤੇ ਉਸਦੀ) ਦੁਰਲਭ ਦੇਹ ਦਾ ਝਟ ਪਟ ਉਧਾਰ ਕਰ ਦੇਵੇਗਾ। (ਇਸ ਬਾਣੀ ਵਿਚ ਦੱਸੇ) ਇਕ ਨਾਮ ਦੇ ਮਨ ਵਿਚ ਸਮਾ ਜਾਣੇ ਨਾਲ ਉਸਦੀ ਨਿਰਮਲ ਕੀਰਤੀ ਹੋਵੇਗੀ ਤੇ (ਉਸਦੀ) ਬਾਣੀ ਅੰਮ੍ਰਿਤ (ਵਰਗੀ ਮਿੱਠੀ ਤੇ ਅਮਰ ਕਰਨੇ ਵਾਲੀ) ਹੋ ਜਾਏਗੀ। (ਉਸਦੇ) ਦੁੱਖ ਤੇ ਰੋਗ (ਤੇ ਨਾਲ ਹੀ ਓਹ ਜਿਨ੍ਹਾਂ ਦੇ ਫਲ ਏਹ ਦੁਖ ਤੇ ਰੋਗ ਹੁੰਦੇ ਹਨ ਅਰਥਾਤ) ਭੈ ਤੇ ਭਰਮ ਬਿਨਸ ਜਾਣਗੇ[1], ਉਸਦੇ ਕਰਮ ਪਵਿਤ੍ਰ (ਹੋ ਜਾਣਗੇ ਤੇ ਉਸਦਾ) ਨਾਮ ਸਾਧੂ ਹੋ ਜਾਏਗਾ! ਉਸਦੀ ਸ਼ੋਭਾ (ਸੰਸਾਰਕ, ਪਰਮਾਰਥਿਕ ਤੇ ਸੁਰਗੀ ਸ਼ੋਭਾ ਵਾਲਿਆਂ) ਸਭਨਾਂ ਤੋਂ ਉੱਚੀ ਜਾ ਬਣੇਗੀ: ਇਨ੍ਹਾਂ ਗੁਣਾਂ ਕਰਕੇ (ਇਸ ਬਾਣੀ ਦਾ) ਨਾਮ ਸੁਖਮਨੀ ਹੈ[2], (ਬਚਨ ਕਰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ ਮਹਾਰਾਜ)॥੮॥੨੪॥

---

੧. ਭਾਵ ਭੈ ਤੇ ਭਰਮ ਦੇ ਔਗੁਣ ਅੰਦਰ ਜਦ ਪ੍ਰਬਲ ਹੋ ਜਾਂਦੇ ਹਨ ਤਾਂ ਇਨ੍ਹਾਂ ਦਾ ਫਲ ਦੁੱਖ ਤੇ ਰੋਗ ਹੁੰਦੇ ਹਨ, ਸੋ ਦੋ ਕਾਰਨ-ਭੈ ਤੇ ਭਰਮ ਤੇ ਦੋ ਫਲ ਦੁਖ ਤੇ ਰੋਗ ਚਾਰੇ ਦੂਰ ਹੋ ਜਾਣਗੇ। ੨. ਸੁਖ+ਮਨ+ਈ=ਮਨ ਨੂੰ ਸੁਖ ਦੇਣ ਵਾਲੀ।

# ਆਸਾ ਦੀ ਵਾਰ*

**ਆਸਾ ਦੀ ਵਾਰ**– ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤੀ। ਪੁਰਾਤਨ ਜਨਮਸਾਖੀ ਤੋਂ ਪਤਾ ਚਲਦਾ ਹੈ ਕਿ ਪਹਿਲੀਆਂ ਨੌ ਪਉੜੀਆਂ ਸ਼ੇਖ ਬ੍ਰਹਮ (ਸ਼ੇਖ ਇਬਰਾਹੀਮ ਬ੍ਰਹਮ ਸਾਲਮ) ਪਰਥਾਇ ਤੇ ਬਾਕੀ ੧੫ ਲਾਹੌਰ ਦੇ ਦੁਨੀ ਚੰਦ ਧੁੱਪੜ ਪਰਥਾਇ ਉਚਾਰਣ ਹੋਈਆਂ। ਰਚੇ ਜਾਣ ਵੇਲੇ ਇਹ ਬਾਣੀ ਕੇਵਲ ੨੪ ਪਉੜੀਆਂ ਮਾਤ੍ਰ ਸਨ। ਵਾਰਾਂ ਦੇ ਗਾਇਨ ਵਿਚ ਸ਼ਲੋਕ ਦਿੱਤੇ ਜਾਯਾ ਕਰਦੇ ਸਨ। ਇਸੇ ਤਰ੍ਹਾਂ ਇਸ ਵਾਰ ਵਿਚ ਬੀ ਸਲੋਕ ਦਿੰਤੇ ਜਾਣੇ ਕੁਦਰਤੀ ਬਾਤ ਸੀ, ਸੋ ਗਾਇਨ ਸਮੇਂ ਭਾਈ ਮਰਦਾਨਾ ਵਿਚ ਵਿਚ ਆਦਿ ਪਾਤਸ਼ਾਹੀ ਦੇ ਸ਼ਲੋਕ ਬੀ ਲਾਉਂਦਾ ਰਿਹਾ ਹੋਸੀ: ਇਸ ਬਾਣੀ ਵਿਚ ਥੋੜੇ ਸ਼ਲੋਕ ਦੂਸਰੀ ਪਾਤਸ਼ਾਹੀ ਦੇ ਬੀ ਲਿਖੇ ਹਨ। ਇਹ ਇੰਞ ਹੋਇਆ ਸਹੀ ਹੁੰਦਾ ਹੈ ਕਿ ਆਸਾ ਦੀ ਵਾਰ ਗਾਯਨ ਕਰਨ ਵਾਲੇ ਦੂਸਰੀ ਪਾਤਸ਼ਾਹੀ ਦੇ ਏਹ ਸਲੋਕ ਬੀ ਵਾਰ ਦੇ ਕੀਰਤਨ ਵੇਲੇ ਵਿਚ ਵਿਚ ਲਾਉਂਦੇ ਰਹੇ ਹਨ। ਏਹ ਬਹੁਤ ਥੋੜੇ ਹੋਣ ਕਰਕੇ ਵਾਰ ਦੇ ਉਤੇ ਇਹਨਾਂ ਦਾ ਵੱਖਰਾ ਸਿਰਲੇਖ ਨਹੀਂ ਦਿਤਾ ਗਿਆ, ਪਰ ਹਰ ਸਲੋਕ ਦੇ ਉੱਤੇ ਪਤਾ ਲਾ ਦਿਤਾ ਗਿਆ ਹੈ ਕਿ ਇਹ ਦੂਸਰੀ ਪਾਤਸ਼ਾਹੀ ਜੀ ਦਾ ਹੈ, ਤੇ ਅਚਰਜ ਨਹੀਂ ਕਿ ਏਹ ਸ਼ਲੋਕ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇਣ ਮਗਰੋਂ ਉਨ੍ਹਾਂ ਦੇ ਉਚਾਰੇ ਹੋਏ ਵਾਰ ਵਿਚ ਗਾਂਵੇਂ ਜਾਣ ਦੀ ਆਗਯਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਆਪ ਹੀ ਦਿਤੀ ਹੋਵੇ। ਪੰਜਵੇਂ ਸਤਿਗੁਰਾਂ ਨੇ ਬੀੜ ਬੰਨ੍ਹਣ ਵੇਲੇ ਇਸ ਵਾਰ ਵਿਚ ਜੋ ਸਲੋਕ ਉਨ੍ਹਾਂ ਤੋਂ ਪਹਿਲੋਂ ਗਾਇਨ ਵੇਲੇ ਦਿੱਤੇ ਜਾਂਦੇ ਸੇ ਸ਼ਾਮਲ ਰਖੇ, ਪਰ ਜੋ ਸਰੂਪ ਵਾਰ ਦਾ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਸ ਦੀ ਅੰਤਮ ਕ੍ਰਮਬੰਦੀ ਪੰਜਵੇਂ ਸਤਿਗੁਰਾਂ ਦੀ ਪ੍ਰਵਾਣਤਾ ਨਾਲ ਹੋਣੀ ਅਪਣੇ ਆਪ ਵਿਦਿਤ ਹੈ, ਵਾਰ ਦੇ ਉਪਰ ਇਉਂ ਲਿਖਿਆ ਹੈ– 'ਸਲੋਕ ਬੀ ਮਹਲੇ ਪਹਿਲੇ ਕੇ ਲਿਖੇ'।

ਆਸਾ– ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਮਾਲਾ ਮੂਜਬ ਆਸਾ ਮੇਘ ਰਾਗ ਦੀ ਰਾਗਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਰਾਗ ਵਿਚ ਬਾਹਲੀ ਹੈ। ਇਹ ਰਾਗ ਆਪ ਦੀ ਹੀ ਵਿਉਂਤ ਦਾ ਹੋਣਾ ਸੰਭਵ ਜਾਪਦਾ ਹੈ। ਇਹ ਅੰਮ੍ਰਿਤ ਵੇਲੇ ਦਾ ਰਾਗ ਹੈ, ਇਸ ਵੇਲੇ ਨਾਲ ਆਪ ਨੂੰ ਪ੍ਰੇਮ ਬਾਹਲਾ ਸੀ ਤੇ ਖ਼ਯਾਲ ਹੈ ਕਿ ਇਹ ਪਦ 'ਅੰਮ੍ਰਿਤ ਵੇਲਾ' ਬੀ ਆਪ ਦੀ ਹੀ ਰਚਨਾ ਹੈ। ਗੁਰਮਤ ਸੰਗੀਤ ਮਰਿਯਾਦਾ ਵਿਚ ਸਾਯੰਕਾਲ ਸੋਦਰ ਦੀ ਪਉੜੀ ਬੀ ਇਸੇ ਰਾਗ ਵਿਚ ਗਾਵੀਂ ਜਾਂਦੀ ਹੈ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੬੨ ਤੋਂ ੪੭੫।

 www.sikhbookclub.com

ਵਾਰ-ਇਹ ਪਦ ਸੰਸਕ੍ਰਿਤ ਦੇ ਪਦ 'ਵਾਰ੍ਤ੍ਤਾ' ਤੋਂ ਸੰਖੇਪ ਹੋਕੇ ਬਣਿਆਂ ਸਹੀ ਹੁੰਦਾ ਹੈ; ਵਾਰ੍ਤ੍ਤਾ ਦਾ ਅਰਥ ਹੈ-ਖਬਰ, ਹਾਲ, ਕਿਸੇ ਹੋਏ ਵਾਕਿਆ ਬਾਬਤ ਹਾਲ, ਕਥਾ ਦਾ ਉਪਕਥਨ ਕਥਾ, ਵਾਰਤਾ[1]।

ਪਹਿਲੋਂ ਪਹਿਲ ਇਹ ਪਦ ਵਾਕਿਆਤ ਦੀਆਂ ਖਬਰਾਂ, ਫੇਰ ਜੰਗਾਂ ਜੁੱਧਾਂ ਦੀਆਂ ਖਬਰਾਂ ਤੇ ਵਰਤੀਂਦਾ ਉਨ੍ਹਾਂ ਦੇ ਹਾਲਾਤ ਦੇ ਕਥਾ ਰੂਪ ਵਰਣਨ ਤੇ ਆ ਗਿਆ। ਨਸਰ ਵਿਚ ਹੋਏ ਬੀਰ ਰਸੀ ਵਾਕਜਾਤ ਨੂੰ ਸੁਣਨ ਵਾਲਿਆਂ ਨੇ ਯਾਦ ਦਹਾਨੀ ਲਈ ਛੰਦਾਂ ਵਿਚ ਸੰਖੇਪ ਵੇਰਵੇ ਰਚ ਲਏ, ਨਾਲ ਢਡ ਸਾਰੰਗੀ ਆਦਿ ਸਾਜ਼ ਲੈ ਲਏ। ਇਨ੍ਹਾਂ ਉਨ੍ਹਾਂ ਨੇ, ਹੋਏ ਵਾਕਜਾਤ ਦੇ ਹਾਲ ਸੁਨਾਉਣੇ, ਵੇਰਵੇ ਦੇਣੇ ਤੇ ਵਿਚ ਵਿਚ ਰਚੇ ਛੰਦ ਗਾਉਣੇ, ਜਿਨ੍ਹਾਂ ਦੀ ਕਿ ਮਾਨੋਂ ਵਜਾਖਜਾ ਕਰ ਰਹੇ ਹਨ। ਐਸੇ ਛੰਦ ਪਉੜੀ ਕਹਿਲਾਏ ਜੋ ਹਾਲਾਤ ਦਾ ਸਿਲਸਿਲਾ ਉਸ ਵਿਚ ਡੰਡਿਆਂ ਵਾਂਙੂ ਟੁਰਦਾ ਹੈ। ਪਹਿਲੋਂ ਪਹਿਲ ਇਹ ਛੰਦ ਨਿਸ਼੍ਰੇਣੀ ਛੰਦ ਵਿਚ ਸਨ। ਨਿਸ਼੍ਰੇਣੀ ਪਦ ਦਾ ਅਰਥ ਹੈ ਪੌੜੀ। ਇਹ ਜੁੱਧਾਂ ਜੰਗਾਂ ਦੇ ਹਾਲਾਤ ਤੇ ਸੂਰਮਿਆਂ ਦੀਆਂ ਬਹਾਦਰੀਆਂ ਦੇ ਯਸ਼ ਗਾਉਂਕੇ ਵਜਾਖਜਾ ਕਰਕੇ, ਵਿਚ ਪ੍ਰਮਾਣ ਤੇ ਸਿਖਜਾ ਰੂਪ ਸ਼ਲੋਕ ਲਾ ਲਾ ਕੇ ਸੁਨਾਉਣੇ ਦਾ ਰਿਵਾਜ ਪਿਆ। ਇਹ ਸਾਰਾ ਪ੍ਰਬੰਧ ਵਾਰ ਕਹਿਲਾਇਆ। ਸਹਿਜੇ ਸਹਿਜੇ ਇਸ ਪਦ ਦਾ ਪੰਜਾਬੀ ਵਿਚ ਅਰਥ ਹੋ ਗਿਆ 'ਬੀਰ ਰਸੀ ਜੋਧਿਆਂ ਦੇ ਗੁਣ ਕਥਨ ਦਾ ਗੀਤ।'

ਸ਼ੇਖ ਬ੍ਰਹਮ ਨੇ ਜਦ ਸੁਣਿਆਂ ਕਿ ਗੁਰੂ ਨਾਨਕ ਨੇ ਆਸਾ ਰਾਗ ਵਿਚ ਖ਼ੁਦਾਇ ਦੀ ਵਾਰ ਕਹੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਵਾਰ ਸੁਣਾਓ[2] ਮੈਂ ਦੇਖਾਂ ਕਿ ਤੁਸਾਂ ਉਸ ਵਾਰ ਵਿਚ 'ਇਕ' ਕਿਵੇਂ ਰੱਖਿਆ ਹੈ, ਵਾਰ ਤਾਂ 'ਦੋਹ' ਬਾਝੋਂ ਹੁੰਦੀ ਨਹੀਂ। ਇਸ ਤੋਂ ਬੀ ਪਤਾ ਲਗਾ ਕਿ ਉਸ ਸਮੇਂ ਦੋ ਯਾ ਵਧੀਕ ਸੂਰਮਿਆਂ ਦੇ ਜੁੱਧ ਦੇ ਵਰਣਨ ਨੂੰ ਵਾਰ ਆਖਦੇ ਸਨ।

ਗੁਰੂ ਸਾਹਿਬਾਂ ਨੇ ਵਾਰਾਂ ਕਹੀਆਂ ਜਿਨ੍ਹਾਂ ਵਿਚ ਸ਼ਾਂਤਿ ਰਸੀ ਜਤਨਾਂ ਦਾ ਆਸੁਰੀ ਸੰਪਦਾ ਉਤੇ ਦੈਵੀ ਸੰਪਦਾ ਦੀ ਫਤੇ ਦਾ ਤੇ ਦੈਵੀ ਸੰਪਦਾ ਦੇ ਸੁਆਮੀ ਵਾਹਿਗੁਰੂ ਦਾ ਗੁਣ ਕਥਨ ਸ਼ਾਮਲ ਕੀਤਾ ਤੇ ਸਿਖਜਾ ਉਪਦੇਸ਼ ਤੇ ਹੋਰ ਉੱਤਮ ਭਾਵਾਂ ਦੇ ਗੁਰਬਾਣੀ ਦੇ ਸ਼ਲੋਕ ਵਿਚ ਵਿਚ ਗਾਯਨ ਦੀ ਆਗਜ਼ਾ ਕੀਤੀ।

ਗੁਰਬਾਣੀ ਵਿੱਚ ੨੨ ਵਾਰਾਂ ਹਨ, ਪਰ ਉਨ੍ਹਾਂ ਦਾ ਵਜ਼ਨ ਇਕ ਨਹੀਂ ਅਨੇਕਾਂ ਹਨ ਸੋ ਪਉੜੀ ਇਕ ਛੰਦ ਦੀ ਚਾਲ ਦਾ ਨਾਮ ਹੈ ਜਿਸ ਦੇ ਕੁਝ ਚਰਣ ਪੂਰੇ ਤੇ ਇਕ ਚਰਣ ਕੁਛ ਮਾਤ੍ਰਾ ਘੱਟ ਦਾ ਹੁੰਦਾ ਹੈ, ਉਂਞ ਵਾਰਾਂ ਦੀਆਂ ਪੌੜੀਆਂ ਵਿਚ ਚਰਣ ਵਧ ਘਟ ਤੇ ਇਕ ਸਾਮਾਨ ਬੀ ਰਚ ਲੈਣਾ ਵਿਹਤ ਹੈ।

---

੧. ਪਦ ਵਾਰ ਜਿਸ ਦੇ ਪੰਜਾਬੀ ਅਰਥ ਹਨ, ਓਹ ਵ੍ਰੀ ਧਾਤੂ ਤੋਂ ਬਣਦਾ ਹੈ, ਜਿਸ ਦਾ ਅਰਥ ਹੈ ਰੋਕ ਕਰਨੀ, ਹਮਲੇ ਨੂੰ ਨਿਵਾਰਣ ਕਰਨਾ ਆਦਿ। ਇਸ ਅਰਥ ਵਿਚ ਪਦ 'ਵਾਰ' ਰਿਗ ਵੇਦ (ਮੰਡਲ ੧. ਸੂਕਤ ੨ ਮੰਤ੍ਰ ੧੨) ਵਿਚ ਆਯਾ ਹੈ। ਇਹ ਪਦ 'ਵਾਰ' ਜੋ ਹੁਣ ਜੁੱਧ ਜੰਗ ਦਾ 'ਹਮਲੇ' ਦਾ ਅਰਥ ਦੇਂਦਾ ਹੈ 'ਵ੍ਰੀ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਰੋਕਣਾ, ਨਿਵਾਰਣਾ ਆਦਿ। ਹੋ ਸਕਦਾ ਹੈ ਕਿ ਇਹੋ ਪਦ ਹੀ ਗੀਤ ਵਾਲੇ ਅਰਥਾਂ ਵਿਚ ਕਾਲਾਂਤ੍ਰ ਅਰਥ ਵਟਾਉ ਨਾਲ ਆ ਗਿਆ ਹੋਵੇ। ਪਰ ਵਧੀਕ ਠੀਕ ਇਹੋ ਜਾਪਦਾ ਹੈ ਕਿ ਇਹ ਪਦ 'ਵਾਰ' 'ਯਸ਼ਮਈ ਗੀਤ' ਦੇ ਅਰਥਾਂ ਵਾਲਾ 'ਵਾਰ੍ਤ੍ਤਾ' ਪਦ ਤੋਂ ਸੰਖੇਪ ਹੋਕੇ ਬਣਿਆ ਹੈ, ਇਸ ਪਦ 'ਵਾਰ੍ਤ੍ਤਾ' ਦਾ ਧਾਤੂ ਹੈ 'ਵਿਤ੍' ਜਿਸ ਦਾ ਇਕ ਅਰਥ ਹੈ ਬੋਲਣਾ, ਵਰਣਨ ਕਰਨਾ। ਸੰਸਕ੍ਰਿਤ ਵਿਚ 'ਵਾਰਵਾਣਿ' ਪਦ ਉੱਤਮ ਗਵਯੇ ਦੇ ਅਰਥਾਂ ਵਿਚ ਹੀ ਆਯਾ ਹੈ। ਹੋ ਸਕਦਾ ਹੈ 'ਵਾਰਵਾਣਿ' ਤੋਂ ਵਾਰ ਪਦ ਸੰਖਿਪਤ ਹੋਕੇ ਇਨ੍ਹਾਂ ਅਰਥਾਂ ਵਿਚ ਰਹਿ ਗਿਆ ਹੋਵੇ।

੨. ਪੁਰਾਤਨ ਜਨਮ ਸਾਖੀ।


www.sikhbookclub.com

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਅਰਥਾਂ ਲਈ- ਦੇਖੋ ਜਪੁਜੀ ਸਾਹਿਬ ਦਾ ਆਦਿ-ਏਸੇ ਪੋਥੀ ਦਾ ਪੰਨਾ ੧।

ਆਸਾ ਮਹਲਾ ੧॥

ਆਸਾ ਦਾ ਅਰਥ-ਦੇਖੋ ਪਿੱਛੇ ਪੰਨਾ ੩੯੧। ਮਹਲਾ ਦਾ ਅਰਥ-ਦੇਖੋ ਪੰਨਾ ੬੧ ਦੀ ਟੂਕ '੨'।

ਵਾਰ ਸਲੋਕਾ ਨਾਲਿ

ਇਹ ਵਾਰ ਸਲੋਕਾਂ ਸਮੇਤ ਹੈ। (ਵਾਰ ਦਾ ਅਰਥ ਦੇਖੋ ਪੰਨਾ ੩੯੧। ਸਲੋਕ=ਜੋ ਵਾਰਾਂ ਦੀਆਂ ਪਉੜੀਆਂ ਵਿਚ ਦਿਤੇ ਜਾਂਦੇ ਹਨ[1])।

ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਸਲੋਕ! ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ (ਇਸ ਵਾਰ ਵਿਚ ਪਉੜੀ ਨਾਲ ਜੋੜਕੇ) ਲਿਖੇ ਹਨ। (ਕੁਛ ਸਲੋਕ ਪਾਤਸ਼ਾਹੀ ਦੂਸਰੀ ਦੇ ਬੀ ਹਨ)(ਮਹਲੇ ਪਦ ਦੇ ਅਰਥ ਲਈ ਦੇਖੋ ਪੰਨਾ ੬੧ ਦੀ '੨' ਨਿਸ਼ਾਨ ਵਾਲੀ ਟੂਕ)।

ਟੁੰਡੇ ਅਸਰਾਜੈ ਕੀ ਧੁਨੀ॥

ਅਸਰਾਜ[2] (ਨਾਮੇ) ਟੁੰਡੇ (ਰਾਜੇ) ਦੀ (ਵਾਰ ਜਿਸ) ਤਰਜ਼ (ਧਾਰਨਾ ਤੇ ਗਾਵੀਂ ਜਾਂਦੀ ਹੈ ਇਹ ਆਸਾ ਦੀ ਵਾਰ ਉਸ ਧਾਰਨਾ ਤੇ ਗਾਵਣੀ ਹੈ)।

---

੧. ਗੁਰਬਾਣੀ ਵਿਚ ਇਨ੍ਹਾਂ ਦਾ ਵਜ਼ਨ ਅਕਸਰ ਦੋਹੇ ਦਾ ਹੁੰਦਾ ਹੈ, ਪਰ ਕਈ ਵੇਰ ਹੋਰ ਹੋਰ ਵੀ ਹੁੰਦੇ ਹਨ।

੨. ਅਸਰਾਜ ਦੀ ਵਾਰ ਦਾ ਨਮੂਨਾ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਖੋਜ ਕੇ ਲੱਭਾ ਸੀ ਤੇ ਬਾਣੀ ਬਿਉਰੇ ਵਿਚ (ਸੰ: ੧੯੦੨ ਈ: ਵਿਚ) ਛਾਪਿਆ ਸੀ ਤੇ ਨਾਲ ਕਥਾ ਬੀ ਦਿਤੀ ਸੀ, ਜੋ ਸੰਖੇਪ ਮਾਤ੍ਰ ਐਉਂ ਹੈ:-

ਬਚਿਤ੍ਰ ਵੀਰਜ ਰਾਜਾ ਦੀ ਨਵੀਨ ਇਸਤ੍ਰੀ ਨੇ ਮਤ੍ਰੇਏ ਪੁਤ੍ਰ ਪਰ, ਪੂਰਨ ਦੀ ਮਾਂ ਵਾਂਙੂ, ਊਜ ਲਾਈ ਤੇ ਰਾਜੇ ਨੇ ਜਲਾਦਾਂ ਦੇ ਹਵਾਲੇ ਕੀਤਾ, ਜਿਨ੍ਹਾਂ ਨੇ ਤਰਸ ਖਾ ਕੇ ਇਕ ਹੱਥ ਕੱਟ ਕੇ ਰਾਣੀ ਨੂੰ ਲਿਆ ਦਿਤਾ ਤੇ ਉਸ ਨੂੰ ਬਨ ਵਿਚ ਛੱਡ ਆਏ। ਦੈਵਗਤੀ ਨਾਲ ਉਹ ਟੁੰਡਾ ਅਸਰਾਜ ਹੋਰ ਥਾਂ ਦਾ ਰਾਜਾ ਹੋ ਗਿਆ ਤੇ ਇਸ ਨੇ ਆਪਣੇ ਪਿਤਾ ਨੂੰ ਭਰਾ ਦੀ ਕੈਦੋਂ ਛੁਡਾਇਆ। ਅਸਰਾਜ ਟੁੰਡੇ ਦੀ ਵਾਰ ਦਾ ਨਮੂਨਾ ਇਹ ਹੈ:-

ਭਭਕਿਓ ਸ਼ੇਰ ਮਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਖਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ।

ਸਲੋਕੁ ਮਃ ੧॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥੧॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

(ਮੈਂ) ਆਪਣੇ ਗੁਰੂ ਤੋਂ ਕੁਰਬਾਨ ਹਾਂ (ਨਾਂ ਕੇਵਲ ਇਕ ਵਾਰੀ) ਦਿਨ ਵਿਚ ਸੌ[1] (ਸੌ) ਵਾਰੀ। ਜਿਸ (ਗੁਰੂ) ਨੇ ਕਿ ਮਨੁੱਖਾਂ ਤੋਂ ਦੇਵਤੇ ਬਣਾ ਦਿਤੇ ਤੇ ਬਣਾਉਂਦਿਆਂ ਚਿਰ ਬੀ ਨਾ ਲੱਗਾ[2]॥੧॥

ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

ਜੇ ਸੌ ਚੰਦ ਚੜ੍ਹ ਪੈਣ ਤੇ ਹਜ਼ਾਰ ਸੂਰਜ ਉਦੇ ਹੋ ਪੈਣ, ਏਡੇ (ਤ੍ਰਿਖੇ ਤੇ ਬਹੁਤੇ) ਚਾਨਣਾਂ ਦੇ ਹੁੰਦਿਆਂ ਬੀ ਗੁਰੂ ਤੋਂ ਬਿਨਾ ਘੋਰ ਹਨ੍ਹੇਰਾ[3] ਰਹਿੰਦਾ ਹੈ॥੨॥

ਮਃ ੧ ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ

ਹੇ ਨਾਨਕ! (ਜੋ) ਗੁਰੂ ਨੂੰ ਨਹੀਂ ਚੇਤਦੇ (ਯਾਦ ਕਰਦੇ) ਤੇ ਅਪਣੇ ਮਨ ਵਿਚ (ਆਪੇ ਹੀ) ਸੁਚੇਤ (ਦਾਨੇ ਬਣੀ ਬੈਠੇ) ਹਨ, (ਖੇਤ ਸਾਂਭ ਲੈਣ ਸਮੇਂ) ਜਿਵੇਂ ਬੂਆੜ ਤਿਲ (ਦੇ ਬੂਟੇ) ਖਾਲੀ ਹੋਏ[4] ਖੇਤ ਵਿਚ ਛੱਡ ਦਿਤੇ ਜਾਂਦੇ ਹਨ (ਤਿਵੇਂ ਓਹ ਸਾਂਈਂ ਦੀ ਸੰਭਾਲ ਵੇਲੇ ਛੱਡ ਦਿਤੇ ਜਾਣਗੇ[5])। ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਖੇਤ ਵਿਚ (ਇਕੱਲੇ)

---

੧. ਫ਼ਾਰਸੀ, ਸਦ=ਸੌ।

੨. ਮਾਨੁਖ ਦੇ ਸੁਭਾਵ ਵਿਚ ਦੀ ਉਹ ਸੰਭਵਤਾ ਦਰਸਾਈ ਹੈ ਕਿ ਜੋ ਪਾਪ ਜੀਵਨ ਤੋਂ ਇਕ ਦਮ ਪਵਿਤ੍ਰਤਾ ਵਿਚ ਪਲਟਾ ਖਾ ਸਕਦੀ ਹੈ, ਅਤੇ ਪੂਰਨ ਗੁਰੂ ਦੀ ਉਹ ਸ਼ਕਤੀ ਦਰਸਾਈ ਹੈ ਜੋ ਜੀਵਨ ਨੂੰ ਇਕ ਦਮ ਪਲਟਾ ਦੇ ਕੇ ਪਵਿੱਤ੍ਰਤਾ ਵਿਚ ਸੱਟ ਦੇਂਦੀ ਹੈ। ਇਸੇ ਗਲ ਨੂੰ ਇਸੇ ਵਾਰ ਦੀ ੧੮ਵੀਂ ਪਉੜੀ ਭੀ ਵਿਦਿਤ ਕਰਦੀ ਹੈ- 'ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥' ਤਤਛਿਨ ਪਲਟੇ ਖਾਬਤ ਲਿਖਿਆ ਹੈ:- 'ਨਰ ਤੇ ਸੁਰ ਹੋਇ ਜਾਤ ਨਿਮਖ ਮੈਂ ਸਤਿਗੁਰ ਬੁਧਿ ਸਿਖਲਾਈ'॥ (ਗੌਂਡ ਨਾਮ-੩)। ਪੁਨਾ - 'ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥' (ਗਉ: ਰਵਿ:ਅਸ਼ਟ-੧)।

੩. ਘੋਰ ਅੰਧਾਰ=ਘੁੱਪ ਹਨ੍ਹੇਰਾ। ਜਿਸ ਵਿਚ ਨਾ ਦਿੱਸੇ ਨਾ ਭਲੀਵੇ।

੪. ਸੁੰਞੇ ਖੇਤ ਅੰਦਰ= ਖਾਲੀ ਹੋਏ ਖੇਤ ਵਿਚ। (ਸੰਸ:, ਸ਼ੂਨ੍ਯ=ਖਾਲੀ, ਰੀਤਾ। ਅਭਾਵ। ਅਭਾਵ ਯੁਕਤ ਆਦਿ।

੫. ਇਸ ਦੇ ਅਰਥ ਵਾਰਾਂ ਭਾ:ਗੁ: '੧੭-੧੬' ਵਿਚ ਖੁੱਲ੍ਹਦੇ ਹਨ- 'ਖੇਤਿ ਸਫਲ ਹੋਇ ਲਾਵਣੀ ਛੁਟਨਿ ਤਿਲੁ ਬੂਆੜ ਨਿਰਾਲੇ' ਤੇ ਇਸ ਦਾ ਅਰਥ ਨਿਗੁਰਿਆਂ ਉਤੇ ਲਾਕੇ ਭਾਈ ਜੀ ਐਉਂ ਦੱਸਦੇ ਹਨ- 'ਨਿਹਫਲ ਜਨਮੁ ਅਕਾਰਥਾ ਹਲਤਿ ਪਲਤਿ ਹੋਵਨਿ ਮੁਹ ਕਾਲੇ॥ ਜਮ ਪੁਰ ਜਮ ਜੰਦਾਰ ਹਵਾਲੇ॥' (ਵਾਰ ੧੭-੧੬)।

ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥

ਛੱਡ ਗਿਆਂ ਦਾ ਕੋਈ ਹੱਜ ਨਹੀਂ[1] (ਕਿਉਂਕਿ ਭਾਵੇਂ ਓਹ) ਵਿਚਾਰੇ ਪਏ ਫਲਦੇ ਬੀ ਹਨ ਤੇ ਫੁਲਦੇ ਬੀ ਹਨ ਪਰ ਤਦ ਬੀ ਉਹਨਾਂ ਦੇ ਤਨ (=ਫਲੀ) ਵਿਚ ਸੁਆਹ ਹੀ (ਤਯਾਰ) ਹੁੰਦੀ ਹੈ॥੩॥

ਪਉੜੀ ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥

ਆਪ ਹੀ (ਨਿਰਗੁਣ ਨਿਰਾਕਾਰ ਪਰਮਾਤਮਾ) ਨੇ ਆਪ ਨੂੰ (ਸਰਗੁਣ ਰੂਪਤਾ ਵਿਚ) ਉਪਾਇਆ ਤੇ ਆਪ ਹੀ (ਉਸ) ਨੇ ਨਾਮ[2] ਰਚਿਆ (ਤੇ ਆਪ

---

੧. 'ਸਉਨਾਹ' ਦੇ ਤ੍ਰੈ ਅਰਥ ਕੀਤੇ ਜਾਂਦੇ ਹਨ: ਪਰ ਭਾਵ ਇਕੋ ਟਿਕਾਣੇ ਤੇ ਆ ਟਿਕਦਾ ਹੈ। (ੳ) ਸਉ=ਸੌ (੧੦੦) ਨਾਹ=ਖਸਮ। ਕਿਉਂਕਿ ਗੁਰਬਾਣੀ ਵਿਚ 'ਨਾਹ' ਪਦ ਪਤੀ ਅਰਥਾਂ ਵਿਚ ਆਉਂਦਾ ਹੈ ਤੇ 'ਸਉ' ਦੇ ਗੁਰਬਾਣੀ ਵਿਚ ਕਈ ਅਰਥਾਂ ਵਿਚੋਂ ਇਕ ਅਰਥ (ਸੌ) ੧੦੦ ਬੀ ਹੈ। ਸੰਤ ਭਾਈ ਫਤਹ ਚੰਦ ਜੀ ਸੰਪ੍ਰਦਾਈ ਗਜਾਨੀ ਇਹ ਅਰਥ ਕਰਦੇ ਹੁੰਦੇ ਸਨ ਕਿ 'ਉਹਨਾਂ ਦੇ ਫਿਰ ਸੌ ਖਸਮ ਹੁੰਦੇ ਹਨ'। 'ਵਿਪਰੀਤ ਲਛਣਾ' ਦੇ ਨੇਮ ਅਨੁਸਾਰ 'ਸੌ ਖਸਮ ਹੋਣ' ਦਾ ਅਰਥ 'ਨਿਖਸਮੇ ਹੋਣਾ' ਹੀ ਹੈ। (ਅ) ਦੂਸਰਾ ਸੰਪ੍ਰਦਾਈ ਅਰਥ ਹੈ ਨਿਖਸਮੇ ਹੋਣਾ। ਸਉ=ਸੁਆਮੀ, ਖਸਮ। (ਫ਼ਾ:, ਸ਼ਉ=ਖਸਮ)। ਨਾਹ=ਨਹੀਂ। ਪ੍ਰਮਾਣ- 'ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ॥' (ਸਵ:ਮੁਖਬਾਕੁ ਮ:੫-੨) ਇਥੇ ਸਉ ਦਾ ਅਰਥ ਸੁਆਮੀ ਹੈ, 'ਸੌ' ਨਹੀਂ, ਕਿਉਂਕਿ 'ਸਮੂਹ' ਕਹਿ ਕੇ ਫੇਰ ਸੌ ਕਹਿਣਾ ਨਯੂਨੋਪਮਾ ਹੋ ਜਾਊ। ਇਸੀ ਤਰ੍ਹਾਂ 'ਨਾਂਹ' ਪਦ 'ਨਹੀਂ' ਦੇ ਅਰਥਾਂ ਵਿਚ ਬੀ ਆਇਆ ਹੈ। (ਪ੍ਰਮਾਣ- 'ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ'। (ਆਸਾ:ਮ:੫-੧੪੩) ਅਰਥਾਤ-ਸੋਨਾ, ਰਤਨ ਹਾਥੀ ਦੇ ਸਿਰ ਵਿਚੋਂ ਨਿਕਲੇ ਮੋਤੀ ਨਹੀਂ ਨਹੀਂ ਚਾਹੀਦੇ। ਸੋ 'ਸਉ ਨਾਹ' ਦਾ ਅਰਥ ਬਣਿਆ- ਉਹਨਾਂ ਦਾ ਸੁਆਮੀ ਯਾ ਖਸਮ ਕੋਈ ਨਹੀਂ ਬਣਦਾ। (ੲ) ਤੀਸਰਾ ਪੁਰਾਤਨ ਅਰਥ ਇਹ ਬੀ ਹੈ-ਸਉ=ਸੁਆਦ, ਨਾਹ=ਨਹੀਂ। ਉਹਨਾਂ ਦੇ ਫਲਨ ਦਾ ਕੀ ਸੁਆਦ ਹੈ ਜਦ ਕਿ ਉਹਨਾਂ ਦੇ ਵਿਚ ਸੁਆਹ ਹੈ। ਸੌ ਖਸਮੀ ਦੇ ਜੀਵਨ ਦਾ ਕੋਈ ਹੱਜ ਨਹੀਂ, ਨਿਖਸਮੀ ਦੇ ਜੀਉਣ ਦਾ ਕੋਈ ਹੱਜ ਨਹੀਂ। ਫਲ ਫੁਲ ਕੇ ਅੰਤ ਸੁਆਹ ਪੌਣ ਵਾਲੇ ਦੇ ਵੱਧਣ ਫਲਣ ਦਾ ਕੋਈ ਹੱਜ ਨਹੀਂ। ਇਸ ਕਰਕੇ ਭਾਵ ਨੂੰ ਅਦਾ ਕਰਨ ਵਾਲਾ ਪਦ ਟੀਕਾ ਪਦ ਵਿਚ 'ਹੱਜ ਨਹੀਂ' ਵਰਤਿਆ ਗਿਆ ਹੈ। ਅਨੰਦ ਘਨ ਨੇ 'ਸਉ ਨਾਹ' ਦਾ ਅਰਥ ਕੀਤਾ ਸੀ, ਸ (ਤਿਲ) ਨਹੀਂ (ਉਹਨਾਂ ਫਲੀਆਂ ਵਿਚ)।

੨. 'ਨਾਮ ਪਦ' ਸਬਦ ਦੇ ਅਰਥਾਂ ਵਿਚ ਆਯਾ ਹੈ, 'ਨਾਮ ਕੇ ਧਾਰੇ ਆਗਾਸ ਪਾਤਾਲ॥' (ਗਉ:ਸੁਖ:) ਪੁਨਾ: ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥ (ਸੂਹੀ ਮ:੩ ਅਸ਼ਟ-੧)। ਮੂਸਾਈ (ਯਹੂਦੀ), ਈਸਾਈ, ਮੁਸਲਮਾਨ ਆਦਿ ਸੈਮੇਟਿਕ ਕਹੀਦੇ ਹਨ ਇਨ੍ਹਾਂ ਦੇ ਇਕ ਧਰਮ ਪੁਸਤਕ ਵਿਚ ਲਿਖਿਆ ਹੈ:- ਆਦਿ ਵਿਚ ਸ਼ਬਦ ਸੀ, ਸ਼ਬਦ ਬੀ ਰੱਬ ਦੇ ਨਾਲ ਸੀ, ਸ਼ਬਦ ਰੱਬ ਸੀ। ਗੁਰੂ ਜੀ ਸ਼ੇਖ ਬ੍ਰਹਮ ਨੂੰ ਦੱਸ ਰਹੇ ਹਨ ਕਿ ਸ਼ਬਦ ਬੀ ਆਦਿ ਵਿਚ ਨਹੀਂ, ਨਾ ਨਿਰੰਕਾਰ ਤੋਂ ਸੁਤੰਤਰ ਵਸਤੂ ਹੈ। ਆਦਿ ਵਿਚ ਨਿਰਗੁਣ ਬ੍ਰਹਮ ਹੈ, ਅਪਣੇ ਸਰਗੁਣ ਰੂਪ ਨੂੰ ਬੀ ਉਹ ਆਪ ਸਾਜਦਾ ਹੈ। ਸ਼ਬਦ ਰਚ ਕੇ ਉਹ ਫਿਰ ਕੁਦਰਤ ਨੂੰ ਬੀ ਆਪ ਸਾਜਦਾ ਹੈ। 'ਸਰਗੁਣਤਾ' ਤੇ 'ਸ਼ਬਦ' ਏਕੇ ਦੇ ਮੰਡਲ ਦੀਆਂ ਚੀਜ਼ਾਂ ਹਨ। ਇਸ ਕਰਕੇ ਇਨ੍ਹਾਂ ਨੂੰ ਗੇਣਤੀ ਵਿਚ ਦੂਜਾ ਨਹੀਂ ਕਿਹਾ। ਕੁਦਰਤ ਨੂੰ ਦੂਜੀ ਕਿਹਾ ਹੈ ਜੋ ਆਪਣੇ ਤੋਂ ਅਲੱਗ ਕਰਕੇ ਰਚੀ ਹੈ। ਉਹ ਇਸ ਦਾ ਦੇਖਣਹਾਰ (ਦ੍ਰਿਸ਼ਟਾ) ਹੈ ਪਰ ਦ੍ਰਿਸ਼ਟਾ ਹੋ ਕੇ ਇਸ ਤੋਂ ਭਿੰਨ ਬੀ ਨਹੀਂ, ਇਸ ਦੇ ਵਿਚ ਹੀ ਆਸਣ ਲਾ ਕੇ ਬੈਠਾ ਹੋਇਆ ਹੈ, ਤੇ ਆਪਣੀ ਕੀਤੀ (ਰਚੀ) ਨੂੰ ਦੇਖ ਕੇ ਆਨੰਦ ਹੋ ਰਿਹਾ ਹੈ। ਦ੍ਰਿਸ਼ਟਾ ਹੋਣ ਕਰਕੇ ਜੋ ਭਿੰਨਤਾ ਦਾ ਆਭਾਸ ਹੈ, ਵਿਚ ਵਯਾਪਕ ਹੋਣ ਕਰਕੇ ਅਭਿੰਨ ਹੈ, ਇਸ ਤਰ੍ਹਾਂ ਭਿੰਨ ਹੁੰਦਾ ਹੋਇਆ ਭਿੰਨ ਨਹੀਂ ਬੀ ਹੈ। 'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ' (ਵਾਰ:ਮਲਾ-੨੮) ਦਾ ਵਾਕ ਵਰਣਨ ਹੋ ਗਿਆ ਹੈ। (ਵੇਖੋ ਅਗਲੀ ਟੂਕ)।

| | |
|---|---|
| ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ | ਹੀ ਉਸ ਨੇ) ਦੂਜੀ (ਸ਼ੈ) ਕੁਦਰਤ ਰਚੀ, (ਇਹ ਅਪਣੇ ਤੋਂ ਭਿੰਨ ਰਚੀ ਪਰ ਫਿਰ ਇਸ ਵਿਚ) ਆਸਣ ਲਾ ਕੇ ਬਹਿ ਗਿਆ (=ਵ੍ਯਾਪਕ ਹੋ ਗਿਆ ਤੇ ਇਉਂ ਇਸ ਤੋਂ ਭਿੰਨ ਅਭਿੰਨ ਹੋਕੇ ਇਸਨੂੰ) ਦੇਖਣ ਤੇ ਖੁਸ਼ ਹੋਣ ਲਗਾ[1]। (ਹੇ ਨਿਰਗੁਣ ਤੇ ਸਰਗੁਣ ਰੂਪ ਮਾਲਕ ਤੂੰ ਰਚਨਾ ਰਚਣ ਤੋਂ ਪਹਿਲਾਂ ਸਭ ਕੁਛ |
| ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ | ਦਾ ਆਪਣੇ ਆਪ ਤੋਂ) ਦਾਤਾ ਹੈਂ (ਆਪ ਹੀ ਆਪਣੀ ਦਾਤ ਤੋਂ ਇਸ ਨੂੰ ਰਚਕੇ ਇਸ ਦਾ) ਕਰਤਾ ਹੈਂ (ਅਤੇ) ਆਪ ਹੀ ਤੂੰ (ਇਸ ਦੀ ਸਥਿਤੀ ਦਾ ਕਾਰਣ ਹੋ ਰਿਹਾ ਹੈਂ, ਜੋ ਇਸ ਨੂੰ ਹਰ ਲੋੜੀਂਦੇ ਸਾਮਾਨ ਆਪ) ਤ੍ਰੁਠਕੇ ਦੇ ਰਿਹਾ (ਤੇ ਇਸ ਪਰ) ਪ੍ਰਸਾਦ ਬੀ ਕਰ ਰਿਹਾ ਹੈਂ[2]; (ਭਾਵ ਗੁਰੂ ਬੀ ਤੂੰ |

੧. ਪ੍ਰ: ਜਨਮ ਸਾਖੀ ਵਿਚ ਆਯਾ ਹੈ ਕਿ ਗੁਰੂ ਜੀ ਨੂੰ ਮਿਲਕੇ ਸ਼ੇਖ ਬ੍ਰਹਮ ਨੇ ਕਿਹਾ ਸੀ 'ਹਿਕ ਸਾਹਿਬ ਤੈ ਦੁਇ ਹਦੀ, ਕੇਹੜਾ ਸੇਵੀ ਕੇਹੜਾ ਰਦੀ'। ਗੁਰੂ ਜੀ ਨੇ ਉੱਤਰ ਦਿਤਾ ਸੀ, 'ਹਿਕੋ ਸਾਹਿਬ ਹਿਕੋ ਹਦਿ। ਹਿਕੋ ਸੇਵ ਤੇ ਦੂਜਾ ਰਦਿ' ਸ਼ੇਖ ਨੇ ਇਹ ਬੀ ਪੁਛਿਆ ਸੀ ਕਿ ਅਪਣੇ ਇਸ ਸ਼ਲੋਕ ਦਾ ਭਾਵ ਦੱਸੋ- 'ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ'। (ਵਾਰ ਮਲਾ-੨੮) ਫਿਰ ਕੁਛ ਵੀਚਾਰ ਮਗਰੋਂ ਸ਼ੇਖ ਨੇ ਕਿਹਾ ਸੀ ਕਿ 'ਇਕ ਖੁਦਾਇ ਦੀ ਵਾਰ ਸੁਣਾਇ, ਵਾਰ ਦੂਹ ਬਾਝੋਂ ਹੁੰਦੀ ਨਾਹੀ ਅਤੇ ਤੂੰ ਹਿਕੋ ਹਿਕ ਆਖਦਾ ਹੈਂ। ਵੇਖਾਂ ਖੁਦਾਇ ਦਾ ਸਰੀਕ ਤੂੰ ਕਵਣ ਕਰੇਸੀ!' ਇਸ ਦੇ ਉਤਰ ਵਿਚ ਮਰਦਾਨੇ ਰਬਾਬ ਵਜਾਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਵਾਰ ਉਚਾਰੀ: ਸੋ ਪਹਿਲੀ ਪਉੜੀ ਵਿਚ 'ਆਪੀਨੈ' ਵਿਚ ਇਕ ਕਰਤਾਰ ਦੱਸਿਆ' ਉਸ ਦਾ ਸਰਗੁਣ ਸਰੂਪ ਬੀ ਉਸੇ ਦੀ ਅਪਣੀ 'ਏਕਤ੍ਵ' ਦੀ ਖੇਲ ਦੱਸੀ ਤੇ 'ਸ਼ਬਦ' ਬੀ ਉਸੇ ਦੀ ਰਚਨਾ ਦੱਸੀ ਤੇ 'ਕੁਦਰਤ', ਜਿਸ ਨੂੰ ਦੂਜੀ ਕਿਹਾ, ਉਸੇ ਦੀ ਸਾਜਨਾ ਦੱਸੀ। ਸ਼ੇਖ ਦੇ ਕਹਿਣ ਤੋਂ ਜਾਪਦਾ ਹੈ ਕਿ 'ਵਾਰ' ਪਦ ਉਸ ਵੇਲੇ ਦੋ ਸੂਰਮਿਆਂ ਦੇ ਮੁਕਾਬਲੇ ਦੇ ਹਾਲਾਤ ਦੀ ਵ੍ਯਾਖ੍ਯਾ ਦਾ ਨਾਉਂ ਹੁੰਦਾ ਸੀ, ਸੋ ਉਹ ਪੁੱਛਦਾ ਹੈ ਜਦ ਤੁਸਾਂ ਰਬ ਦੀ ਵਾਰ ਉਚਾਰੀ ਹੈ ਤਾਂ ਮੈਂ ਸੁਣਾਂ ਤੇ ਦੇਖਾਂ ਕਿ ਆਪ ਨੇ ਦੂਜਾ ਕਿਹੜਾ ਖੁਦਾਇ ਨਾਲ ਮੁਕਾਬਲਾ ਕਰਨ ਵਾਲਾ ਵਾਰ ਵਿਚ ਵਰਣਨ ਕੀਤਾ ਹੈ। ਸੋ ਪਹਿਲੀ ਪਉੜੀ ਸੁਣ ਕੇ ਉਸ ਨੂੰ ਪਤਾ ਲੱਗ ਗਿਆ ਕਿ ਗੁਰੂ ਨਾਨਕ 'ਇਕੋ ਇਕ' ਦੀ ਵਾਰ ਕਹਿ ਰਿਹਾ ਹੈ। ਦੂਜਾ ਰੱਬ ਦੇ ਟਾਕਰੇ ਤੇ ਕੋਈ ਨਹੀਂ ਦੱਸ ਰਿਹਾ।

੨. 'ਦਾਤਾ' 'ਕਰਤਾ', 'ਤੁਸਿ ਦੇਵਣਹਾਰ' ਤੇ 'ਪ੍ਰਸਾਦ ਕਰਤਾ' ਏਥੇ ਚਾਰ ਪਦ ਵਰਤੇ ਹਨ। 'ਦਾਤਾ' ਪਦ 'ਕਰਤਾ' ਤੋਂ ਪਹਿਲੋਂ ਵਰਤਿਆ ਹੈ ਤੇ 'ਤੁਸ ਦੇਵਣਹਾਰ' 'ਪ੍ਰਸਾਦ ਕਰਤਾ' ਪਿਛੋਂ।

'ਕਰਤਾ' ਪਦ ਸੰਸਕ੍ਰਿਤ ਵਿਚ ਵਿਸ਼ੇਸ਼ ਅਰਥ 'ਨਮਿੱਤ ਕਾਰਣ' ਦੇ ਦਿੰਦਾ ਹੈ। ਨਮਿਤ ਕਰਤਾ ਨੂੰ ਲੋੜ ਹੁੰਦੀ ਹੈ ਕਿਸੇ ਭਿੰਨ ਸ਼ੈ ਦੀ, ਜਿਸ ਤੋਂ ਰਚੇ। ਜਿਸ ਤੋਂ 'ਕਰਤਾ' ਰਚਦਾ ਹੈ ਉਸ ਨੂੰ 'ਉਪਾਦਾਨ ਕਾਰਣ' ਕਹਿੰਦੇ ਹਨ। ਜਿਵੇਂ ਕੁਮਿਹਾਰ ਨਮਿਤ ਹੈ ਤੇ ਮਿਟੀ ਉਪਾਦਾਨ। ਏਥੇ 'ਕਰਤਾ' ਤੋਂ 'ਦਾਤਾ' ਪਦ ਪਹਿਲੇ ਪਿਆ ਹੋਣ ਕਰਕੇ ਇਸ ਦਾ ਇਸ਼ਾਰਾ ਉਪਾਦਾਨ ਕਾਰਣ ਵਲ ਹੈ ਕਿ ਉਸ ਨੇ ਕਿਸੇ ਆਪਣੇ ਤੋਂ ਸੁਤੰਤਰ ਹੋਰ ਪਦਾਰਥ ਤੋਂ ਜਗਤ ਨੂੰ ਨਹੀਂ ਰਚਿਆ। ਜਿਸ ਤੋਂ ਇਹ ਜਗਤ ਰਚਿਆ ਗਿਆ ਉਸ ਦਾ ਦੇਣਦਾਰ ਭੀ ਉਹ ਆਪ ਹੀ ਹੈ। ਜਿਵੇਂ ਉਸ ਨੇ ਅਪਣੀ ਨਿਰਗੁਣਤਾ ਤੋਂ ਅਪਣੀ ਸਰਗੁਣਤਾ ਬਣਾਈ, ਜਿਵੇਂ ਸ਼ਬਦ ਦੀ ਸਾਜਨਾ ਆਪੇ ਤੋਂ ਹੀ ਕੀਤੀ, ਤਿਵੇਂ ਆਪ ਦੀ ਦਾਤ ਤੋਂ ਹੀ ਸਾਰੀ ☞

 www.sikhbookclub.com

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥

ਹੈਂ- ਪ੍ਰਸਾਦ ਕਰਕੇ ਤਾਰਣਹਾਰ)। (ਰਚਣਹਾਰ ਪਾਲਣਹਾਰ ਤੇ ਪ੍ਰਸਾਦ ਦਾਤਾ ਹੋਣ ਦੇ ਨਾਲ ਤੂੰ ਸਰਬ ਸ਼ਕਤੀਮਾਨ ਤੇ ਸਰਬੱਗਜ ਬੀ ਹੈਂ ਕਿਉਂਕਿ) ਤੂੰ ਸਭ ਕਿਸੇ ਦਾ ਜਾਣਨਹਾਰ ਹੈਂ, (ਫਿਰ ਲਯ ਕਰਤਾ ਬੀ ਆਪ ਹੀ ਹੈਂ, ਜਿਵੇਂ) ਦੇਂਦਾ ਹੈਂ ਜਿੰਦ ਤੇ ਸਰੀਰ (ਤਿਵੇਂ ਤੂੰ ਆਪ ਹੀ ਇਹ) ਲੈ ਲੈਂਦਾ ਹੈਂ[1]। (ਇਹ ਸਭ ਕੁਛ ਕਰਦੇ ਹੋਇਆਂ ਤੂੰ ਨਿਰਾਲਮ ਬੈਠਾ ਹੈਂ ਪਰ ਬੈਠਾ ਹੈਂ) ਆਸਣ ਲਾ ਕੇ (ਇਸੇ ਕੁਦਰਤ ਦੇ ਵਿਚ[2] ਤੇ ਆਪਣੀ ਕੀਤੀ ਨੂੰ ਦੇਖ ਦੇਖ ਕੇ ਖੁਸ਼ (ਹੋ ਰਿਹਾ ਹੈਂ)॥੧॥

ਸਲੋਕੁ ਮਃ ੧ ॥
ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥

(ਹੇ ਵਾਹਿਗੁਰੂ ਇਹ ਜੋ ਕੁਦਰਤ ਤੁਸਾਂ ਨੇ ਸਾਜੀ ਹੈ, ਇਸ ਵਿਚ ਜੋ ਰਚੇ ਗਏ ਸਾਮਾਨ ਦਿੱਸ ਰਹੇ ਹਨ ਓਹ ਤੇਰੇ ਰਚੇ ਹੋਏ ਹੋਣ ਕਰਕੇ ਤੇ ਤੇਰੇ ਆਸਰੇ ਕਾਯਮ ਹੋਣ ਕਰਕੇ ਸਚੇ ਹਨ, ਹੁਣ ਵੇਰਵਾ ਐਉਂ ਦੱਸਦੇ ਹਨ[3]) ਏਹ (ਸ੍ਰਿਸ਼ਟੀ ਦੇ) ਖੰਡ ਤੇਰੇ ਰਚੇ (ਹੋਏ ਹਨ ਸੋ) ਸੱਚੇ ਹਨ[4], (ਤੇ ਤੇਰੇ) ਬ੍ਰਹਮੰਡ ਬੀ ਸੱਚੇ ਹਨ।

---

੧. ਦੇ ਲੈਸਹਿ ਜਿੰਦੁ ਕਵਾਉ॥ ਜਿੰਦੁ ਤੇ ਸਰੀਰ ਬੀ ਦਿੰਦਾ ਆਪ ਹੈਂ ਤੇ ਲੈਂਦਾ ਬੀ ਆਪ ਹੈਂ ਭਾਵ ਸੰਘਾਰ ਕਰਤਾ ਬੀ ਆਪ ਹੈਂ। (ਜਿੰਦ=ਜਾਨ। ਕਵਾ (ਕਬਾ=) ਪੁਸ਼ਾਕ। ਜਿੰਦ ਦੀ ਪੁਸ਼ਾਕ=ਸਰੀਰ)। (ਅ) ਸੰਪ੍ਰਦਾ ਵਿਚ ਕਵਾਉ ਦਾ ਅਰਥ ਏਥੇ 'ਵਾਕ' ਬੀ ਕੀਤਾ ਜਾਂਦਾ ਹੈ ਜਿਸ ਤਰ੍ਹਾਂ 'ਕੀਤਾ ਪਸਾਉ ਏਕੋ ਕਵਾਉ', ਰਚਨ ਵੇਲੇ ਕਿਹਾ ਹੈ ਤਿਵੇਂ ਸੰਘਾਰ ਕਰਨ ਵੇਲੇ ਲਈ ਬੀ ਕਹਿ ਰਹੇ ਹੈਨ 'ਦੇ ਲੈਸਹਿ ਜਿੰਦ ਕਵਾਉ' ਵਾਕ ਨਾਲ ਹੀ ਜਿੰਦ ਲੈ ਲੈਸੀ।

੨. ਸਚੈ ਤਖਤੁ ਰਚਾਇਆ ਬੈਸਣ ਕਉ ਜਾਈ॥ (ਰਾਮ: ਵਾਰ ਮ:੩।

੩. ਸਭ ਪਦਾਰਥਾਂ ਨੂੰ 'ਤੇਰੇ ਤੇਰਾ ਤੇਰੀ' ਕਹਿ ਕੇ ਸੱਚੇ ਕਿਹਾ ਹੈ। ਅੱਠਵੀਂ ਤੁਕ ਵਿਚ ਫੁਰਮਾਯਾ ਹੈ ਸਚੇ ਸਭਿ ਤਾਣਿ ਸਚੇ ਸਭਿ ਜੋਰਿ', ਅਰਥਾਤ ਸਾਰੇ ਸੱਚੇ ਹਨ ਤੇਰੇ ਤਾਣ ਕਰਕੇ ਤੇ ਤੇਰੇ ਜੋਰ ਕਰਕੇ। ਭਾਵ ਇਹ ਹੈ, ਕਿ ਤੂੰ ਜੋ 'ਸੱਚ' ਹੈਂ ਤੇਰੇ ਹੋਣ ਕਰਕੇ ਤੇ ਤੇਰੇ ਤਾਣ ਤੇ ਜੋਰ ਦੇ ਆਸਰੇ ਕਾਯਮ ਹੋਣ ਕਰਕੇ ਸਾਰੇ ਸੱਚੇ ਹਨ।

੪. ਸਚੇ ਦਾ ਅਰਥ- 'ਹੇ ਸੱਚੇ' ਬੀ ਕਰਦੇ ਹਨ ਪਰ ਅਗੇ ਚੱਲ ਕੇ ਪਦ 'ਸੱਚਾ ਤੇ ਸੱਚੀ' ਨਿਰਸੰਸੇ ਕਰ ਦੇਂਦੇ ਹਨ ਕਿ 'ਸੱਚੇ' ਪਦ ਵਿਸ਼ੇਸ਼ਣ ਹੈ ਸੰਬੋਧਨ ਨਹੀਂ। ਹੋਰ ਲਈ ਦੇਖੋ ਪੰਨਾ ੩੯੯ ਦੇ ਹੇਠਲੀ ਟੂਕ੧ ਨਿਸ਼ਾਨ ਵਾਲੀ।

☞ ਕੁਦਰਤ ਰਚੀ 'ਐਉਂ ਮਾਹਿਬ ਹਿਕ ਹੈ' ਵਰਣਨ ਕੀਤਾ। ਹੁਣ ਜੋ ਰਚੀ ਗਈ ਉਹ ਅਜੀਵ ਬੀ ਹੈ ਤੇ ਸਜੀਵ ਬੀ ਹੈ, ਇਸ ਦੀ ਕਾਯਮੀ ਲਈ ਉਹ ਤੁਠਕੇ ਉਸ ਨੂੰ ਲੋੜੀਂਦੀਆਂ ਵਸਤੂ ਦੇਂਦਾ ਹੈ। ਭਾਵੇਂ ਕਿ ਇਸ ਰਚਨਾ ਦੀ ਸਥਿਤੀ ਦਾ ਕਾਰਨ ਬੀ ਉਸ ਦੀ ਅਪਣੀ ਸੁਤੰਤਰ ਇੱਛਾ। (=ਕ੍ਰਿਪਾਲਤਾ) ਹੀ ਹੈ। ਅਪਣੀ ਰਚੀ ਹੋਣ ਕਰਕੇ ਇਸ ਤੇ ਤੁੱਠਣਾ ਤੇ ਮਿਹਰ ਕਰਨੀ ਬੀ ਉਸ ਦਾ ਆਪਣਾ ਕੰਮ ਹੈ ਜਿਵੇਂ ਮਾਤਾ ਅਪਣੇ ਜਾਏ ਬੱਚੇ ਤੇ ਆਪ ਤੁੱਠਦੀ (ਪਾਲਦੀ) ਹੈ। 'ਕਰਹਿ ਪਸਾਉ' ਦਾ ਅਰਥ ਹੈ ਪ੍ਰਸਾਦ ਕਰਦਾ ਹੈ। ਪ੍ਰਸਾਦ ਕੰਮ ਗੁਰੂ ਦਾ ਹੈ। ਸੋ ਸਦੀਵ ਸ੍ਰਿਸ਼ਟੀ ਦੀ ਕਲਜਾਨ ਲਈ ਉਹ ਪ੍ਰਸਾਦ ਕਰਤਾ (ਗੁਰੂ) ਬੀ ਹੈ। ਪਦ 'ਦਾਤਾ' ਤੇ 'ਤੁਸਿ ਦੇਵਹਿ ਕਰਹਿ ਪਸਾਉ' ਦਾ ਇਹ ਵਿਤ੍ਰੇਕ ਹੈ। ਅਗਲੀ ਤੁਕ ਤੋਂ ਸਾਫ ਪਤਾ ਲੱਗ ਜਾਂਦਾ ਹੈ ਕਿ 'ਤੁਸਿ ਦੇਵਹਿ' ਤੇ 'ਕਰਹਿ ਪਸਾਉ' ਜੀਵਧਾਰੀਆਂ ਸਬੰਧੀ ਕਹਿ ਰਹੇ ਹਨ, ਕਿਉਂ ਕਿ ਏਥੇ 'ਤੁਸਿ' ਤੇ 'ਪ੍ਰਸਾਦ' ਕਹਿ ਕੇ ਅਗਲੀ ਤੁਕ ਵਿਚ ਸਭ 'ਜੀਵਾਂ' ਦੇ ਦਿਲਾਂ ਦੀਆਂ ਜਾਨਣ ਵਾਲਾ ਦੱਸ ਕੇ ਜਿਵੇਂ ਜਿੰਦ ਤੇ ਦੇਹ ਦਾ ਦੇਣ ਵਾਲਾ ਉਸੇ ਨੂੰ ਦੱਸਿਆ ਹੈ, ਉਸੇ ਤਰ੍ਹਾਂ ਜਿੰਦ ਤੇ ਦੋਹਾਂ ਦੇ ਲੈਣ ਵਾਲਾ ਬੀ ਉਸੇ ਨੂੰ ਦੱਸਿਆ ਹੈ।

ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਤੇਰੇ (ਰਚੇ ਹੋਏ ਹੋਣ ਕਰਕੇ ਸਾਰੇ) ਲੋਕ ਬੀ ਸੱਚੇ ਹਨ (ਤੇ ਇਨ੍ਹਾਂ ਵਿਚਦੇ ਸਾਰੇ) ਆਕਾਰ[1] (ਵਾਲੇ ਬੀ) ਸੱਚੇ ਹਨ। (ਕਿਉਂਕਿ) ਤੇਰੇ (ਓਹ) ਸਾਰੇ ਵੀਚਾਰ (ਜਿਨ੍ਹਾਂ ਨਾਲ ਤੂੰ ਏਹ ਸਾਰੇ ਕੌਤਕ ਕੀਤੇ ਹਨ ਸੱਚੇ ਹਨ ਸੋ ਤੇਰੇ ਏਹ) ਕੀਤੇ ਹੋਏ (ਬੀ ਸਭ) ਸੱਚੇ ਹਨ। ਤੇਰਾ ਦਰਬਾਰ ਸੱਚਾ ਹੈ (ਤੇ ਅਪਣੀ ਰਚੀ ਨੂੰ ਪ੍ਰਬੰਧ ਵਿਚ ਤੋਰਨ ਲਈ ਤੇਰਾ) ਅਮਰ[2] (ਬੀ) ਸੱਚਾ ਹੈ। ਤੇਰਾ ਹੁਕਮ (ਬੀ) ਸੱਚਾ ਹੈ, (ਤੇਰਾ) ਫੁਰਮਾਨ (ਬੀ) ਸੱਚਾ ਹੈ[3]।

(ਜੀਵਾਂ ਤੇ ਤੇਰਾ ਪ੍ਰਸਾਦ ਅਰਥਾਤ) ਤੇਰਾ ਫਜ਼ਲ ਸੱਚਾ ਹੈ, ਇਹੋ ਨਿਸ਼ਾਨ ਸੱਚਾ ਹੈ[4] (ਜਿਸ ਨਾਲ ਜੀਵਾਂ ਨੇ ਬਚਣਾ ਹੈ)। (ਓਹ) ਲੱਖਾਂ ਕ੍ਰੋੜਾਂ (ਬੀ) ਸੱਚੇ ਹਨ ਜੋ ਤੈਨੂੰ ਆਖਦੇ (=ਸਿਮਰਦੇ) ਹਨ ਏਹ ਸਾਰੇ ਹੀ ਸੱਚੇ ਹਨ (ਪਰ ਤੇਰੇ) ਤਾਣ ਕਰਕੇ ਤੇ ਸਾਰੇ ਹੀ ਸੱਚੇ ਹਨ (ਪਰ ਤੇਰੇ) ਜੋਰ ਕਰਕੇ। (ਹੇ ਕਰਤਾ) ਤੇਰੀ ਸਿਫਤ ਸੱਚੀ ਹੈ (ਤੇ ਤੇਰੀ) ਸਲਾਹ ਸੱਚੀ ਹੈ[5] (ਐਉਂ ਹੇ) ਸੱਚੇ ਪਾਤਸ਼ਾਹ! ਤੇਰੀ ਕੁਦਰਤ[6] (ਬੀ) ਸੱਚੀ ਹੈ (ਏਟ ਸਾਰੇ

---

੧. ਲੋਕ ਤੋਂ ਭਾਵ ਦੇਸ਼ ਕਾਲ ਵਾਲੇ ਟਿਕਾਣੇ (Spaces) ਹਨ ਤੇ ਆਕਾਰ ਤੋਂ ਭਾਵ ਹੈ ਉਨ੍ਹਾਂ ਟਿਕਾਣਿਆਂ ਵਿਚ ਰਹਿਣ ਵਾਲੀਆਂ ਜੜ੍ਹ ਚੇਤਨ ਰੂਪ ਧਾਰੀ ਹਸਤੀਆਂ।

੨. ਅਰਬੀ ਪਦ ਅਮਲ ਤੋਂ। ਅਮਲ=ਹੁਕਮ, ਹਕੂਮਤ, ਰਾਜ! ਰਾਜ ਦੇ ਬੰਦੋਬਸਤ! ਜੇ ਇਸ ਪਦ ਨੂੰ ਅਰਬੀ 'ਅਮਰ' ਸਮਝੀਏ ਤਾਂ ਅਰਥ ਹੈ 'ਹੁਕਮ, ਕੰਮ' ਪਰ 'ਹੁਕਮ' ਤੇ 'ਫ਼ੁਰਮਾਨ' ਪਦ ਅੱਗੇ ਪਏ ਹਨ।

੩. ਹੁਕਮ ਪਦ ਦਾ ਅਰਬੀ ਭਾਸ਼ਾ ਵਿਚ ਪਹਿਲਾ ਅਰਥ ਹੈ 'ਨਜਾਯਕਾਰੀ ਆਗਜਾ' ਤੇ ਫ਼ੁਰਮਾਨ ਦਾ ਫਾਰਸੀ ਵਿਚ ਅਰਥ ਹੈ 'ਪਾਤਸ਼ਾਹੀ ਆਗਜਾ, ਵਿਸ਼ੇਸ਼ ਕਰਕੇ ਪ੍ਰਬੰਧ ਅਤੇ ਦਾਨ ਆਦਿਕ ਸੰਬੰਧੀ' ਫ਼ੁਰਮਾਨ=ਲਿਖ ਕੇ ਜਾਰੀ ਹੋਏ 'ਹੁਕਮ' ਨੂੰ ਬੀ ਕਹਿੰਦੇ ਹਨ।

੪. ਭਾਵ ਤੇਰਾ ਫਜ਼ਲ ਸੱਚਾ ਹੈ ਤੇ ਇਹੋ ਤੇਰੇ ਫਜ਼ਲ ਦਾ ਸੱਚਾ ਨਿਸ਼ਾਨ ਹੈ। ਦ੍ਵਾਰਕਾ ਵਿਚ ਵੈਸ਼ਨਵਾਂ ਦਾ ਤੱਤਾ ਠੱਪਾ (ਚਰਮ ਮੁਦ੍ਰਾ) ਜੋ ਸਰੀਰ ਉਪਰ ਨਿਸ਼ਾਨ ਲਾਉਂਦੇ ਹਨ, ਕਿ ਇਹ ਨਿਸ਼ਾਨ ਅੱਗੇ ਜਾ ਕੇ ਛੁਟਕਾਰਾ ਦੇਵੇਗਾ ਤੇ ਹੋਰ ਮਤ ਮਤਾਂਤਰਾਂ ਦੇ ਐਸੇ ਚਿੰਨ੍ਹਾਂ ਬਾਬਤ ਗੁਰੂ ਜੀ ਦੱਸਦੇ ਹਨ ਕਿ ਐਸੇ ਨਿਸ਼ਾਨ ਠੀਕ ਨਹੀਂ, ਤੇਰਾ ਫਜ਼ਲ ਹੀ ਸੱਚਾ ਨਿਸ਼ਾਨ ਹੈ। ਯਥਾ- ਨਦਰੀ ਕਰਮਿ ਪਵੈ ਨੀਸਾਣੁ॥(ਜਪੁਜੀ-੩੪)

੫. ਸਿਫ਼ਤ ਸਲਾਹ ਦਾ ਭਾਵ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਉਸ ਦੀ ਉੱਚਤਾ, ਮਹਾਨਤਾ, ਅਸਚਰਜਤਾ ਦੇ ਭਾਵ ਵਿਚ ਉਸ ਦੇ ਗੁਣ ਕਥਨ ਮਹਿਮਾ ਵਡਿਆਈ ਕਰਨੀ ਯਾ ਇਸ ਭਾਵ ਵਿਚ ਮਗਨਤਾ। ਦੁਇ ਪਦ ਅਰਬੀ ਦੇ ਹਨ, 'ਸਿਫ਼ਤ ਸਲਾਹ'। 'ਸਿਫ਼ਤ' ਦੇ ਅਰਥ ਹਨ ਗੁਣ ਤਾਰੀਫ਼ ਤੇ 'ਸਲਾਹ' ਦੇ ਅਰਥ ਹਨ ਖ਼ੂਬੀ ਨੇਕੀ, ਪਰ ਜਾਪਦਾ ਹੈ ਕਿ ਸਲਾਹ ਦਾ ਪਦ ਸੰਸਕ੍ਰਿਤ ਦੇ ਪਦ 'ਸ਼ਲਾਘਾ' ਦਾ ਪ੍ਰਾਕ੍ਰਿਤ ਵਿਚ ਰੂਪ 'ਸਲਾਹਾ' ਲੈ ਕੇ ਪੰਜਾਬੀ ਵਿਚ 'ਸਲਾਹ' ਰੂਪ ਧਾਰ ਕੇ ਵਰਤਿਆ ਗਿਆ ਹੈ।

ਵਾਹਿਗੁਰੂ ਸਾਰੇ ਗੁਣਾਂ ਸਿਫ਼ਤਾਂ ਖ਼ੂਬੀਆਂ ਦੀ ਅਵਧੀ ਹੈ, ਉਸ ਦੀ ਉਸਤਤਿ ਤੇ ਮਹਿਮਾ ਕਰਨੇ ਵਿਚ ਅਤਯੋਕਤੀ ਹੋ ਹੀ ਨਹੀਂ ਸਕਦੀ, ਜੋ ਗੁਣ ਵਰਣਨ ਕਰੋਗੇ ਸੋ ਸੱਚ ਹੋਵੇਗਾ।

੬. ਕੁਦਰਤ ਪਦ ਦੇ ਅਰਥ ਲਈ ਦੇਖੋ ਆਸਾ ਦੀ ਵਾਰ ਪਉੜੀ ੩ ਦੇ ਮਹਲਾ ੧ ਵਿਚ 'ਕੁਦਰਤ' ਪਦ ਦੀ ਹੇਠਲੀ ਟੂਕ। (ਪੰਨਾ੪੦੫)

ਨਾਨਕ ਸਚੁ ਧਿਆਇਨਿ ਸਚੁ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥

ਸੱਚ ਦੇ ਜ਼ੋਰ ਤੇ ਤਾਣ ਆਸ਼੍ਰਿਤ ਹੋਣ ਕਰਕੇ ਸੱਚੇ ਹਨ, ਪਰ ਇਨ੍ਹਾਂ ਸੱਚਿਆਂ ਦਾ 'ਆਧਾਰ ਸੱਚ' ਯਾ ਸੱਚ ਦਾ ਸੱਚ ਤੂੰ ਆਪ ਹੈਂ) ਹੇ ਨਾਨਕ! ਜੋ (ਇਸ) ਸੱਚ ਨੂੰ ਧਿਆਉਂਦੇ ਹਨ (ਓਹ ਇਸ) ਸੱਚ ਨੂੰ ਪ੍ਰਾਪਤ (ਹੋ ਕੇ ਸਤਜ ਸਰੂਪ) ਹੋ ਜਾਂਦੇ ਹਨ, (ਪਰ) ਜੋ ਮਰਣ ਜੰਮਣ (ਵਾਲੇ ਆਧੇਯ ਰੂਪ ਸੱਚ ਵਿਚ ਹੈਨ ਅਤੇ ਆਪ ਨੂੰ ਆਧਾਰ ਰੂਪ ਸੱਚ ਮੰਨ ਰਹੇ ਹਨ) ਓਹ ਕੱਚਿਆਂ ਤੋਂ ਬੀ ਕੱਚੇ ਹਨ (ਕਿਉਂਕਿ ਉਹਨਾਂ ਦੀ ਮਨੌਤ ਅਸੱਤਿ ਹੈ) ॥੧॥

ਭਾਵ-ਇਹ ਸ਼ਲੋਕ ਪੌੜੀ ਵਿਚ 'ਇਕ' ਦੇ ਆਏ ਭਾਵ ਨੂੰ ਸਪਸ਼ਟ ਕਰਨੇ ਲਈ ਇਕ ਪ੍ਰਮਾਣ ਹੈ ਕਿ ਕੁਦਰਤ ਦੇ ਦੂਜੀ ਹੁੰਦੇ ਹੋਇਆਂ ਬੀ ਉਹ 'ਸੁਤੰਤਰ ਦੂਜੀ' ਨਹੀਂ ਹੈ, ਕਿਉਂਕਿ ਉਹ ਉਸ 'ਸੱਚ ਦੇ ਸੱਚ-ਸਦਾ ਸੱਚ' ਦੀ ਰਚੀ ਹੋਈ ਤੇ ਉਸ ਦੇ ਆਸਰੇ ਕਾਯਮ ਹੈ।

ਇਹ ਸ਼ਲੋਕ ਕਿਸ ਪਰਥਾਇ ਰਚਿਆ ਗਿਆ? ਇਸ ਦੇ ਭਾਵ ਤੋਂ ਐਉਂ ਪ੍ਰਤੀਤ ਦੇਂਦਾ ਹੈ ਕਿ ਕੋਈ ਵਾਚਜ ਗਿਆਨੀ ਅਪਣੇ ਆਪ ਨੂੰ 'ਸੱਤਜ ਸਰੂਪ' ਕਹਿ ਰਿਹਾ ਹੈ ਤੇ ਉਪਨਿਖਧ ਦਾ ਇਹ ਵਾਕ ਪੇਸ਼ ਕਰ ਰਿਹਾ ਹੈ:-

ਜਿਵੇਂ ਡੋਰਾ ਆਪਨੇ ਫੈਲਾਏ ਜਾਲ ਦੀਆਂ ਤਾਰਾਂ ਵਿਚ ਵਿਚਰਦਾ ਹੈ, ਜਿਵੇਂ ਅਗਨੀ ਤੋਂ ਨਿੱਕੀਆਂ ਚੰਗਿਆੜੀਆਂ ਉਠਦੀਆਂ ਹਨ ਇਸੀ ਤਰ੍ਹਾਂ (ਆਤਮ=) ਬ੍ਰਹਮ ਤੋਂ ਸਾਰੇ ਇੰਦ੍ਰਯ, ਸਾਰੇ ਲੋਕ, ਸਾਰੇ ਦੇਵਤਾ, ਸਾਰੇ ਪ੍ਰਾਣਧਾਰੀ (ਅਥਵਾ ਮਹਾਭੂਤ) ਨਿਕਲਦੇ ਹਨ। ਉਸ ਦਾ ਨਾਮ ਹੈ 'ਸੱਚ' ਦਾ 'ਸੱਚ'; ਇਸੀ ਤਰ੍ਹਾਂ ਨਿਸਚੇ ਕਰਕੇ ਇਹ ਇੰਦ੍ਰਯ ਸਚੇ ਹਨ, ਪਰ ਇਨ੍ਹਾਂ ਸਾਰਿਆਂ ਵਿਚ ਇਹ (ਬ੍ਰਹਮ) 'ਸੱਚ' ਹੈ। (ਬ੍ਰਿਹਦਾ: ਉਪ: ਅਧਯਾਯ ੨, ਬ੍ਰਹਮ ੧.੨੦.)

ਗੁਰੂ ਸਾਹਿਬ ਉਸ ਵਾਚਜ ਗਜਾਨੀ ਨੂੰ ਸਮੋਧ ਕਰਦੇ ਹੋਏ ਸਾਰੇ ਰਚੇ ਹੋਏ ਸਾਮਾਨ, ਸਾਰੇ ਸਾਂਈਂ ਸੰਬੰਧੀ ਮਾਮਲੇ ਗਿਣ ਕੇ ਕਹਿੰਦੇ ਹਨ ਕਿ ਇਹ ਸਾਰੇ ਸੱਚੇ ਹਨ, ਕਿਉਂਕਿ ਉਸ ਸੱਚੇ ਪਾਤਸ਼ਾਹ ਦੇ ਤਾਣ ਤੇ ਜ਼ੋਰ ਦੇ ਆਸ਼੍ਰਿਤ ਕਾਯਮ ਹਨ, ਪਰ ਨਿਸ਼ਚੇ ਜਾਣੋ ਕਿ 'ਸੱਚ ਦਾ ਸੱਚ'- ਸਾਰੇ ਸਚਿਆਂ ਦਾ ਆਧਾਰ ਰੂਪ ਸੱਚ-ਉਹ ਆਪ ਹੈ[੧]। ਬਾਕੀ ਰਿਹਾ ਤੂੰ, ਸੋ ਤੂੰ ਕੱਚਿਆਂ ਤੋਂ ਕੱਚਾ ਹੈਂ, ਕਿਉਂਕਿ 'ਸੱਤਜ ਸਰੂਪ' ਉਹ ਹੋ ਸਕਦਾ ਹੈ ਜੋ ਉਸ 'ਸੱਚ ਦੇ ਸੱਚ' ਨੂੰ ਪ੍ਰਾਪਤ ਹੋ ਚੁੱਕਾ ਹੈ। ਪ੍ਰਾਪਤ ਉਹ ਕਹੀਦਾ ਹੈ ਜੋ ਸੱਚੇ ਦੀ ਧਾਰਨਾ ਵਿਚ ਰਹਿੰਦਾ ਹੈ! ਉਸ ਅਮਰ ਪਦ ਤੋਂ ਉਰ੍ਹੇ ਰਿਹਾ ਜੀਵ ਜੋ ਅਜੇ ਜੰਮਣ ਮਰਣ ਦੇ ਗੇੜ ਵਿਚ ਹੈ, ਅਤੇ ਜੋ ਆਪ ਨੂੰ 'ਸੱਤਜ ਸਰੂਪ' ਕਹਿ ਰਿਹਾ ਹੈ, ਨਿਸਚੇ ਕੱਚਾ ਹੈ, ਕਿਉਂਕਿ ਉਸ ਦੀ ਮਨੌਤ ਅਸੱਤਿ ਹੈ।

ਪਿਛਲੇ ਅੰਕ ਵਿਚ ਵਾਹਿਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਿਹਾ ਹੈ, ਏਸ ਅੰਕ ਵਿਚ ਉਸ ਸੱਚੇ ਪਾਤਸ਼ਾਹ ਦੇ ਨਾਮ ਗੁਣ, ਜ਼ਾਤ ਤੇ ਕਰਮ ਨੂੰ ਵਿਸ਼ੇਸ਼ ਵਰਣਨ ਕੀਤਾ ਹੈ ਕਿ ਓਸ ਸੱਚੇ ਪਾਤਸ਼ਾਹ ਦੀਆਂ ਇਹ ਚਾਰੇ ਚੀਜ਼ਾਂ ਸੰਪੂਰਨ ਹਨ, ਜਿਹੜੀਆਂ ਕਿ ਸੰਸਾਰਿਕ ਪਾਤਸ਼ਾਹਾਂ ਵਿਚ ਊਰੀਆਂ ਰਹਿ ਜਾਂਦੀਆਂ ਹਨ।

---

੧. ਇਸ ਸ਼ਲੋਕ ਵਿਚ 'ਸੱਚ' ਕੇਵਲ ਅਕਾਲ ਪੁਰਖ ਨੂੰ ਕਿਹਾ ਹੈ, ਬਾਕੀ ਸਾਰਿਆਂ ਨੂੰ ਸੱਚਾ, ਸੱਚੀ, ਸਚੇ, ਸਚੈ ਪਦ ਨਾਲ ਯਾਦ ਕੀਤਾ ਹੈ, ਜੋ ਵਿਸ਼ੇਸ਼ਣ ਹਨ। ਸੱਚ ਦਾ ਭਾਵ 'ਸਤਜ ਦਾ ਸਤਜ' ਕਾਇਮ ਬਿਲਜ਼ਾਤ' ਸਾਰੇ ਸੱਚਾਂ ਦਾ 'ਆਧਾਰ ਰੂਪ ਸੱਚ' ਹੈ, ਯਥਾ-ਸਤਿ ਸਤਿ ਸਤਿ ਪ੍ਰਭੁ ਸੋਈ॥ ਸਦਾ ਸਦਾ ਸਦ ਆਪੇ ਹੋਈ॥(ਮਾਝ ਮ:੫-੩੩)


www.sikhbookclub.com

ਮਃ ੧ ॥

ਵਡੀ ਵਡਿਆਈ ਜਾ ਵਡਾ ਨਾਉ ॥
ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ ਥਾਉ॥
ਵਡੀ ਵਡਿਆਈ ਜਾਣੈ ਆਲਾਉ ॥
ਵਡੀ ਵਡਿਆਈ ਬੁਝੈ ਸਭਿ ਭਾਉ ॥
ਵਡੀ ਵਡਿਆਈ ਜਾ ਪੁਛਿ ਨ ਦਾਤਿ॥
ਵਡੀ ਵਡਿਆਈ ਜਾ ਆਪੇ ਆਪਿ॥
ਨਾਨਕ ਕਾਰ ਨ ਕਥਨੀ ਜਾਇ॥
ਕੀਤਾ ਕਰਣਾ ਸਰਬ ਰਜਾਇ ॥੨॥

(ਉਸ ਰਚਣਹਾਰ ਦੀ) ਵਡਿਆਈ ਵੱਡੀ ਹੈ ਕਿਉਂਕਿ (ਉਸ ਦਾ) ਨਾਮ ਵੱਡਾ ਹੈ[1], (ਨਾਮ ਵੱਡਾ ਇਸ ਕਰਕੇ ਹੈ ਕਿ ਜੀਵਾਂ ਨੂੰ ਸਾਂਈਂ ਨਾਲ ਮੇਲ ਦੇਂਦਾ ਹੈ)। (ਫਿਰ ਉਸ ਦੀ) ਵਡਿਆਈ (ਇਸ ਕਰਕੇ ਬੀ) ਵੱਡੀ ਹੈ ਕਿ (ਉਸ ਦਾ) ਨਿਆਉਂ ਸੱਚਾ ਹੈ[2] (ਉਸ ਦੀ) ਵਡਿਆਈ ਵੱਡੀ ਹੈ ਕਿ (ਉਸ ਦਾ) ਆਸਣ ਅਟੱਲ ਹੈ[3]। (ਫਿਰ ਉਸ ਦੀ) ਵਡਿਆਈ ਵੱਡੀ ਹੈ ਕਿ (ਉਹ ਸਭ ਦੇ) ਬੋਲਣ ਨੂੰ ਸਮਝਦਾ ਹੈ। (ਨਾ ਕੇਵਲ ਬੋਲਣ ਨੂੰ ਸਗੋਂ) ਉਹ ਸਭਨਾਂ ਦੇ (ਦਿਲਾਂ ਦੇ) ਭਾਵ (ਮਾਤ੍ਰ) ਨੂੰ (ਬੀ) ਬੁੱਝ ਲੈਂਦਾ ਹੈ[4], ਇਹ (ਉਸ ਤੋਂ ਭੀ) ਵੱਡੀ ਵਡਜਾਈ ਹੈ (ਨਾਉਂ, ਨਿਆਉਂ ਅਟੱਲਤਾ ਤੇ ਅੰਤਰਯਾਮਤਾ ਦੇ ਪੱਖ ਦੱਸ ਕੇ ਹੁਣ ਬਖਸ਼ਿਸ਼ ਦੇ ਪੱਖ ਤੋਂ ਵਡਿੱਤ ਦੱਸਦੇ ਹਨ:) ਬਖ਼ਸ਼ਿਸ਼ (ਕਰਨੀ ਹੋਵੇ) ਤਾਂ (ਉਹ ਕਿਸੇ ਨੂੰ) ਪੁੱਛ ਕੇ ਨਹੀਂ ਕਟਦਾ (ਇਹ ਇਕ ਹੋਰ ਉਸ ਦੀ) ਵਡਿਆਈ ਦੀ ਵਡਿੱਤ ਹੈ[5]। (ਨਿਆਇ ਤੇ ਬਖਸ਼ਿਸ਼ ਦੀਆਂ ਅਦੁੱਤੀ ਸਿਫਤਾਂ ਕਰਕੇ ਵਡਿੱਤ ਦੱਸਦੇ ਹੋਏ ਹੁਣ ਉਸ ਦੀ ਜ਼ਾਤ ਦੀ ਵਡਿੱਤ ਦੱਸਦੇ ਹਨ ਕਿ ਉਹ ਇਸ ਕਰਕੇ) ਵੱਡਾ ਹੈ ਕਿ ਉਹ ਆਪੇ ਆਪ ਹੈ[6]। (ਭਾਵੇਂ ਕਿ ਸਿਫਾਤੀ ਤੌਰ ਤੇ ਜਿਵੇਂ ਵੱਡਾ ਹੈ ਜ਼ਾਤੀ ਤੌਰ ਤੇ ਬੀ ਵੱਡਾ ਹੈ, ਉਹ ਕਾਯਮ ਬਿਲਜ਼ਾਤ ਹੈ)। ਨਾਨਕ! (ਉਸ ਵਡੇ ਦੀ) ਕਾਰ ਦਾ ਵਰਣਨ ਨਹੀਂ ਹੋ ਸਕਦਾ। ਜੋ (ਉਸ ਨੇ) ਕੀਤਾ ਹੈ (ਤੇ ਜੋ ਉਸ ਨੇ) ਕਰਨਾ ਹੈ ਸਭ (ਉਸ ਦੀ ਆਪਣੀ) ਰਜ਼ਾ (=ਮਰਜ਼ੀ ਦੇ ਅਧੀਨ) ਹੈ[7]। (ਕਰਤਾਰ ਪੂਰਨ ਹੈ; ਜੋ ਕੁਛ ਉਹ ਕਰਦਾ ਹੈ ਉਹ ਬੀ ਪੂਰਨ ਹੁੰਦਾ ਹੈ- ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ। (ਸ:ਵਾ:ਵ:ਮ:੧-੩੩) ॥੨॥

---

੧. ਨਾਮ ਤੁਲਿ ਕਿਛੁ ਅਵਰੁ ਨ ਹੋਇ॥ (ਗਉ:ਸੁਖ); ਤਥਾ- ਵਡਾ ਸਾਹਿਬੁ ਊਚਾ ਥਾਉ॥ ਊਚੇ ਊਪਰਿ ਊਚਾ ਨਾਉ॥ (ਜਪੁਜੀ।

੨. ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥(ਵਾਰ ਸਿਰੀ ਮ:੪-੬)। ਪੁਨਾ-ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥(ਬਿਹਾ:ਮ:੫-੧)। ਭਾਵ ਕਿਸੇ ਦੀ ਹੱਕ ਤਲਫੀ ਨਹੀਂ ਹੁੰਦੀ।

੩. ਨਿਹਚਲ ਮਹਲੁ ਨਹੀ ਛਾਇਆ ਮਾਇਆ॥(ਗਉੜੀ ਮ:੧-ਅਸ਼ਟ-੧੫)।

੪. ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥(ਬਿਲਾ:ਮ:੫-੬੪)। ਪੁਨਾ-ਘਟ ਘਟ ਕੇ ਪਟ ਪਟ ਕੀ ਜਾਨਤਿ॥ (ਬੇਨਤੀ ਚਉਪਈ ਪਾ:੧੦)

੫. ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ॥(ਭੈਰਉ ਮ:੪-੧)

੬. ਆਪੇ ਆਪਿ ਨਿਰੰਜਨੁ ਸੋਇ॥ (ਜਪੁਜੀ।

੭. ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕ੍ਰਿਆ ਚਤੁਰਾਈ॥(ਆਸਾ ਮ:੧-੩੬)

'ਸਰਬ ਰਜਾਇ' ਅਰਥਾਤ ਹੁਕਮ ਪਰ ਹੁਣ ਦੂਸਰੇ ਸਤਿਗੁਰਾਂ ਦਾ ਸਲੋਕ ਆਇਆ:-

**ਮਹਲਾ ੨॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

**ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥**

**ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥**

**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥**

**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥**

ਇਹ ਸੰਸਾਰ (ਉਸ) ਸਚੇ (ਵਾਹਿਗੁਰੂ ਦੇ ਵੱਸਣ) ਦੀ (ਮਾਨੋ ਇਕ) ਕੋਠੜੀ ਹੈ (ਜਿਸ) ਵਿਚ (ਕਿ ਉਸ) ਸੱਚੇ ਦਾ ਵਾਸਾ ਹੈ। (ਇਸ ਵਿਚ ਉਹ 'ਮੱਠ ਵਿਚ ਆਕਾਸ਼' ਵਤ ਨਹੀਂ ਵੱਸ ਰਿਹਾ ਪਰ ਕਾਦਰ ਹੋ ਕੇ ਵੱਸ ਰਿਹਾ ਹੈ[1] ਤੇ ਅਪਣੀ ਰਚੀ ਕੁਦਰਤ ਵਿਚ ਉਹ) ਇਕਨਾ (ਜੀਆਂ ਨੂੰ ਅਪਣੇ) ਹੁਕਮ ਨਾਲ (ਅਪਣੇ ਵਿਚ) ਮੇਲ ਲੈਂਦਾ ਹੈ (ਤੇ) ਬਾਜ਼ਿਆਂ ਨੂੰ (ਅਪਣੇ) ਹੁਕਮ ਨਾਲ ਹੀ ਵਿਨਾਸ ਕਰ ਦੇਂਦਾ ਹੈ। ਕਈਆਂ ਨੂੰ (ਉਹ ਅਪਣੇ) ਭਾਣੇ ਨਾਲ (ਮਾਇਆ ਵਿਚੋਂ) ਕੱਢ ਲੈਂਦਾ ਹੈ (ਤੇ) ਇਕਨਾਂ ਨੂੰ ਮਾਇਆ ਵਿਚ ਵਾਸਾ (ਦੇਈ ਰੱਖਦਾ ਹੈ, ਭਾਵ ਉਹ ਮਾਇਆ ਵਿਚੋਂ ਨਹੀਂ ਨਿਕਲਦੇ)। ਇਹ[2] ਭੀ ਪਤਾ ਨਹੀਂ ਲੱਗਦਾ (ਤੇ) ਕਿਹਾ ਨਹੀਂ ਜਾ ਸਕਦਾ (ਕਿ ਘਾਲ ਕਰ ਰਹੇ) ਕਿਸ (ਘਾਲੀ ਦੀ ਘਾਲ) ਨੂੰ (ਉਹ) ਰਾਸ ਲੈ ਆਵੇਗਾ। (ਪਰ) ਹੇ ਨਾਨਕ! ਜਿਸ ਉਤੇ ਉਹ ਆਪ ਪ੍ਰਕਾਸ਼ (ਆਤਮ ਚਾਨਣਾ) ਪਾ ਦੇਵੇ (ਉਸ ਨੂੰ) ਗੁਰਮੁਖ ਜਾਣ ਲਈਦਾ ਹੈ॥੩॥

ਭਾਵ-ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੋਠੜੀ ਦਾ ਰੂਪਕ ਵਰਤਕੇ ਜੋ ਸਾਹਿਤਜਕ ਤਸਵੀਰ ਇਸ ਅੰਕ ਵਿਚ ਖਿੱਚੀ ਹੈ ਇਸ ਦੇ ਭਾਵ ਦੀ ਉਹ ਤਸਵੀਰ ਹੀ ਕੁੰਜੀ ਹੈ। ਜਗਤ ਦੀ ਹੈਸੀਅਤ ਇਕ ਕੋਠੜੀ ਮਾਤ੍ਰ ਹੈ, ਜੋ ਆਪ ਤਾਂ ਮਾਲਕ ਦੇ ਬਣਾਏ ਨਿਯਮਾਂ ਵਿਚ ਬੱਧੀ ਹੈ। ਪਰ ਮਾਲਕ ਨੂੰ ਆਪਣੇ ਕਿਸੇ ਨਿਯਮ ਨਾਲ ਬੰਨ੍ਹ ਨਹੀਂ ਸਕਦੀ। ਵਾਹਿਗੁਰੂ ਕੋਠੜੀ ਦਾ ਮਾਲਕ ਹੋਣ ਦੀ ਹੈਸੀਅਤ ਵਿਚ ਸ੍ਵੈਛੰਦ ਵਰਤਦਾ ਹੈ। ਉਸ ਦੀ ਸੁਤੰਤ੍ਰਤਾ ਇਤਨੀ ਬੇਹਦ ਦੀ ਹੈ ਕਿ ਉਸ ਦੀ ਮਰਜ਼ੀ ਨੂੰ ਕੋਈ ਜਾਣ ਨਹੀਂ ਸਕਦਾ। ਇਸ ਤਸਵੀਰ ਵਿਚ ਦਾਰਸ਼ਨਿਕ ਰਮਜ਼ ਇਹ ਹੈ ਕਿ ਇਨਸਾਨੀ ਦਿਮਾਗ਼ ਦੀਆਂ ਵਿਚਾਰੀਆਂ ਹਦਬੰਦੀਆਂ ਨਾਲ ਉਸ ਅਗੰਮ ਨੂੰ ਹਦਬੰਦ ਕਰਨਾ ਭੁੱਲ ਹੈ। ਉਸ ਦੀ ਜ਼ਾਤ, ਉਸ ਦੇ ਵਿਚਾਰ ਤੇ ਕਰਨੇ ਸਭ ਜੀਵ ਗਜਾਤ ਤੋਂ ਪਰ੍ਹੇ, ਅਮਿਤ, ਸੱਚੇ ਤੇ ਇਸ ਕਰਕੇ ਅਕੱਥ ਹਨ।

**ਪਉੜੀ ॥ ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ**

(ਫੁਰਮਾਉਂਦੇ ਹਨ ਗੁਰੂ) ਨਾਨਕ, (ਪਰਮੇਸੁਰ ਨੇ) ਜੀਵ ਪੈਦਾ ਕਰਕੇ ਲੇਖੇ ਲਿਖਣ ਨੂੰ ਧਰਮ ਅਸਥਾਪਨ ਕੀਤਾ ਹੈ। ਓਥੇ (ਜਿਥੇ ਧਰਮ ਨੂੰ ਬਹਾਲਿਆ ਹੈ) ਸੱਚ ਦੁਆਰਾ ਹੀ ਸੱਚ (ਅਪਣੇ ਆਪ) ਨਿਰਣੈ[3] ਹੋ ਜਾਂਦਾ ਹੈ

੧. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ॥(ਆ:ਵਾਰ ਮ:੧ ਪੌੜੀ ੩)। ੨. ਏਵ, ਏਵਮ੍-ਐਉਂ।

੩. ਏਥੇ 'ਨਿਬੜੈ' ਪਦ ਕ੍ਰਿਯਾ ਹੈ। ਪਰ ਇਹ ਕ੍ਰਿਯਾ 'ਕਰਤ੍ਰੀ ਵਾਚ' ਯਾ 'ਕਰਮ ਵਾਚ' ਨਹੀਂ, ਇਹ 'ਕਰਮ ਕਰਤ੍ਰੀ ਪ੍ਰਕ੍ਰਿਯਾ ਹੈ'। ਇਸ ਦਾ ਅਰਥ ਹੈ 'ਨਿਬੜਦਾ ਹੈ'! ਯਥਾ-ਆਦਮੀ ਦਰੱਖਤ ਫਾੜਦਾ ਹੈ, 'ਕਰਤ੍ਰੀ ਵਾਚ' ਹੈ, ਆਦਮੀ ਤੋਂ ਦਰੱਖਤ ਫਾੜਿਆ ਜਾਂਦਾ ਹੈ 'ਕਰਮ ਵਾਚ' ਹੈ, ਪਰ ਦਰੱਖਤ ਫਟਦਾ ਹੈ, ਇਹ ਕਰਮ ਕਰਤ੍ਰੀ ਪ੍ਰਕ੍ਰਿਯਾ ਹੈ, ਇਸ ਕਿਸਮ ਦੀ ਕ੍ਰਿਯਾ ਨੂੰ ਯੂਨਾਨੀਆਂ ਨੇ ਮਿਡਲ ਵਾਇਸ (Middle voice) ਕਿਹਾ ਹੈ ਜਿਸ ਦੇ ਮੁਕਾਬਲੇ ਤੇ ਅੰਗ੍ਰੇਜ਼ੀ ਵਿਚ


www.sikhbookclub.com

ਵਖਿ ਕਢੇ ਜਜਮਾਲਿਆ ॥

ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥

ਲਿਖਿ ਨਾਵੈ ਧਰਮੁ ਬਹਾਲਿਆ ॥੨॥

(ਜੋ) ਕਸਰਾਂ ਵਾਲੇ[1] (ਨਿਕਲਦੇ ਹਨ ਓਹ) ਚੁਣ ਕੇ ਵੱਖਰੇ ਕੱਢੇ ਜਾਂਦੇ ਹਨ। ਕੂੜਿਆਰਾਂ ਨੂੰ ਟਿਕਾਣਾ ਨਹੀਂ ਲੱਭਦਾ (ਫੇਰ ਓਹ) ਕਾਲੇ ਮੂੰਹ ਨਾਲ ਨਰਕ ਵਲ ਚਲਾਏ ਜਾਂਦੇ ਹਨ (ਤੋਰੇ ਜਾਂਦੇ ਹਨ)। (ਹੇ ਵਾਹਿਗੁਰੂ) ਤੇਰੇ ਨਾਮ ਵਿਚ ਜੋ (ਜੀਉਂਦਿਆਂ) ਰੱਤੇ ਰਹੇ (=ਪਜਾਰ ਨਾਲ ਲਗੇ ਰਹੇ) ਓਹ (ਮਨੁੱਖਾ ਜਨਮ ਨੂੰ) ਜਿੱਤ ਗਏ, (ਤੇ) ਓਹ (ਜੋ ਜੀਉਂਦੇ ਜੀ) ਠੱਗਣ ਵਾਲੇ ਸਨ (ਮਨੁੱਖਾ ਜਨਮ ਨੂੰ) ਹਾਰ ਗਏ। (ਤਾਂਤੇ ਜੀਵੋ! ਖਬਰਦਾਰ ਹੋਵੋ, ਕੀਤੇ ਕਰਮ ਐਵੇਂ ਨਹੀਂ ਮਿਸ ਰਹੇ, ਏਹ ਲਿਖੇ ਜਾਂਦੇ ਹਨ ਤੇ) ਲੇਖੇ ਲਿਖਣੇ ਨੂੰ ਧਰਮ[2] ਸਥਾਪਨ ਕੀਤਾ ਹੋਇਆ ਹੈ (ਭਾਵ ਇਹ ਕਿ ਨਾਮ ਵਿਚ ਰੱਤੇ ਰਹਿਣ ਨਾਲ ਸੁੱਚਾ ਸੱਚ ਪ੍ਰਾਪਤ ਹੁੰਦਾ ਹੈ)॥੨॥

---

੧. ਜਜਮਾਲਿਆ=ਜਜ਼ਮ ਵਾਲਿਆਂ-ਕੱਟੇ ਹੋਏ, ਭਾਵ ਨੇਕੀ ਤੋਂ ਕੱਟੇ ਹੋਏ। ਗੁਰਬਾਣੀ ਵਿਚ ਇਸ ਪਦ ਦਾ ਭਾਵ ਝੂਠ, ਕਪਟੀ ਵਿਕਾਰੀ ਤੇ ਕਮਰਾਂ ਵਾਲੇ ਲਏ ਹਨ। ਯਥਾ-ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ। (ਗਉੜੀ ਵਾਰ ਮ:੪-੧੦)। ਅਰਬੀ, ਜਜ਼ਮ=ਕੱਟਣਾ, ਕਤਲ ਕਰਨਾ। ਇਕ ਪਦਾਂ ਤੇ ਲੱਗਣ ਵਾਲਾ ਨਿਸ਼ਾਨ ਜੋ ਸਾਕਨ ਹਰਫਾਂ ਤੇ ਲਗਦਾ ਹੈ- ਪੱਕਾ ਇਰਾਦਾ। (ਅ) ਅਰਬੀ, ਜੁਜ਼ਿਮ-ਕੋੜ੍ਹ ਦੇ ਰੋਗ ਨਾਲ ਰੋਗੀ ਹੋਣਾ, ਪਰ ਇਸ ਪਦ ਦਾ ਪਾਠ ਜਜ਼ਮ' ਨਹੀਂ, ਜੁਜ਼ਿਮ' ਹੈ, ਫਿਰ ਜੁਜ਼ਮ ਪਦ 'ਜ਼ੇ' ਨਾਲ ਨਹੀਂ 'ਜ਼ਾਲ' ਨਾਲ ਲਿਖੀਦਾ ਹੈ।

੨. ਧਰਮ ਦਾ ਭਾਵ ਜੀਵਾਂ ਦੇ ਅੰਦਰ ਹੈ, ਜਿਸ ਅਨੁਸਾਰ ਅੰਦਰੋ ਸ਼ੁਭ ਅਸ਼ੁਭ ਕੀਤੇ ਦਾ ਗਜਾਨ ਚਿਤ੍ਰਿਤ ਹੋ ਜਾਂਦਾ ਹੈ। ਯਥਾ- ਧਰਮੁ ਦਲਾਲੁ ਪਾਏ ਨੀਸਾਣੁ॥(ਸੂਹੀ ਵਾਰ ਮ:੧-੧੩) ਦੇਖੋ ਸ੍ਰੈਕ੍ਰਿਤ ਭਾਵ ਪ੍ਰਕਾਸ਼ਨੀ ਟੀਕਾ ਆਸਾ ਦੀ ਵਾਰ, ਖਾਲਸਾ ਸਮਾਚਾਰ, ਸੰਨ ੧੯੦੯-੧੯੧੦। (ਅ) ਧਰਮ=ਧਰਮਰਾਜ। ਯਥਾ: ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥ (ਸਿਰੀ ਰਾਗ ਮ:੩-੩੦)

☞ reflexive verbs ਹੁੰਦੇ ਹਨ, ਪਰ ਵੱਖਰੀ ਵਾਇਸ (voice) ਨਹੀਂ ਹੁੰਦੀ। Reflexive forms imply agents action upon itself.

ਇਸ ਤੁਕ ਵਿਚ ਪਹਿਲਾ ਪਦ ਹੈ 'ਸੱਚੇ', ਜੋ ਕਰਣ ਕਾਰਕ ਹੈ=ਸੱਚ ਦੁਆਰਾ। ਦੂਸਰਾ ਪਦ ਹੈ 'ਸਚਿ', ਇਹ ਕਰਤਾ ਕਾਰਕ ਹੈ। ਤੀਸਰਾ ਪਦ ਹੈ 'ਨਿਬੜੈ' ਇਹ 'ਕਰਮ ਕਰਤ੍ਰੀ ਪ੍ਰਕ੍ਰਿਆ' ਹੈ ਓਥੇ ਸੱਚ ਦੁਆਰਾ ਹੀ ਸੱਚ (ਅਪਣੇ ਆਪ) ਨਿਬੜਦਾ ਹੈ। ਭਾਵ, ਸਚ=ਇਹ ਸਚ, ਮਾਨੋ ਓਥੇ ਇਕ ਨਾਪ ਹੈ, ਜਿਸ ਦੁਆਰਾ-ਸਚਿ=ਜਗਤ ਵਿਚ ਕਮਾਇਆ ਹੋਇਆ ਸਚ ਨਿਬੜੈ-ਅਪਣੇ ਆਪ ਦਾ ਨਿਬੇੜਾ ਕਰਦਾ ਹੈ। 'ਕਰਮ ਕਰਤ੍ਰੀ ਪ੍ਰਕ੍ਰਿਆ' ਵਰਤ ਕੇ ਗੁਰੂ ਨਾਨਕ ਦੇਵ ਜੀ ਨੇ ਇਸ ਵਾਕ ਵਿਚ ਇਕ ਉੱਚਾ ਦਾਰਸ਼ਨਿਕ ਕਟਾਖਜ ਰਖਿਆ ਹੈ ਕਿ ਸੱਚ ਅਪਣੇ ਆਪ ਦਾ ਨਿਬੇੜਾ ਆਪ ਕਰ ਲੈਂਦਾ ਹੈ, ਜਦੋਂ ਆਦਰਸ਼ਕ ਸੱਚ ਦੇ ਨਾਪ (Standard) ਦੇ ਸਾਮ੍ਹਣੇ ਆ ਕੇ ਖੜੋਂਦਾ ਹੈ। ਦ੍ਰਿਸ਼ਟਾਂਤ-ਇਕ ਸਰਾਫ ਹੈ, ਉਸ ਪਾਸ ਕੰਡਾ ਹੈ, ਪਾਣੀ ਵਾਲਾ, ਜਿਸ ਪਰ ਸੋਨਾ ਰੱਖਣ ਨਾਲ ਆਪਣੀ 'ਗੁਰਤੱਵ' (Specific graqvity) ਤੋਂ ਹੀ ਆਪ ਪਤਾ ਦੇ ਦੇਂਦਾ ਹੈ ਕਿ ਮੈਂ ਸੁੱਚਾ ਸੋਨਾ ਹਾਂ ਕਿ ਨਹੀਂ। ਇਸ ਕੰਡੇ ਤੇ ਜਦ ਸੋਨਾ ਤੁਲਿਆ, ਸਰਾਫ ਕੰਡੇ ਦੀ ਸੂਈ ਦੇਖ ਕੇ ਕਹਿ ਦੇਂਦਾ ਹੈ ਕਿ ਇਹ ਸੁੱਚਾ ਹੈ, ਖਜ਼ਾਨੇ ਦਾਖਲ ਕਰੋ। ਕਸਰ ਵਾਲੇ ਨੂੰ ਵੱਖਰਾ ਕਰਕੇ ਰੱਖ ਦੇਂਦਾ ਹੈ ਤੇ ਕਹਿੰਦਾ ਹੈ ਸੱਟ ਦਿਓ।

**ਸਲੋਕ ਮਃ ੧ ॥**

ਵਿਸਮਾਦੁ ਨਾਦ ਵਿਸਮਾਦੁ ਵੇਦ ॥

ਵਿਸਮਾਦੁ ਜੀਅ ਵਿਸਮਾਦੁ ਭੇਦ ॥

ਵਿਸਮਾਦੁ ਰੂਪ ਵਿਸਮਾਦੁ ਰੰਗ ॥

ਵਿਸਮਾਦੁ ਨਾਗੇ ਫਿਰਹਿ ਜੰਤ ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥

ਵਿਸਮਾਦੁ ਸਾਦਿ ਲਗਹਿ ਪਰਾਣੀ ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥

ਵਿਸਮਾਦੁ ਭੁਖ ਵਿਸਮਾਦੁ ਭੋਗੁ ॥

(ਕਈ ਤਰ੍ਹਾਂ ਦੇ ਆਪੇ ਹੋ ਰਹੇ, ਗਾਵੇਂ ਅਲਾਪੇ ਜਾ ਰਹੇ) ਨਾਦ ਵਿਸਮਾਦ (ਉਤਪਤ ਕਰ ਰਹੇ) ਹਨ, (ਇਸੀ ਤਰ੍ਹਾਂ ਲਿਖੇ ਗਏ ਸ਼ਬਦ) ਵੇਦ (ਆਦਿ) ਵਿਸਮਾਦ[1] ਦੇਂਦੇ ਹਨ। ਜ਼ਿੰਦਗੀ (ਜੀਵਨ ਨੂੰ ਦੇਖ ਕੇ) ਵਿਸਮਾਦ ਛਾਉਂਦਾ ਹੈ, (ਫਿਰ ਜੀਵਨ ਦੇ) ਭੇਦ (ਪ੍ਰਭੇਦ ਮਾਨੁੱਖ ਜਾਨਵਰ, ਬਨਸਪਤੀ ਆਦਿ ਦੇਖ ਕੇ) ਵਿਸਮਾਦ (ਦਸ਼ਾ ਆਉਂਦੀ ਹੈ[2]। ਫਿਰ ਇਸ ਵਿਚ ਕਈ) ਰੂਪ (ਕਈ) ਰੰਗ (ਹਨ, ਜਿਹਨਾਂ ਨੂੰ ਤੱਕ ਕੇ) ਵਿਸਮਾਦ ਹੁੰਦਾ ਹੈ। (ਫੇਰ ਜੀਵ ਸ਼੍ਰੇਣੀ ਵਿਚੋਂ) ਜਾਨਵਰ ਨੰਗੇ ਫਿਰਦੇ ਹਨ (ਇਹ ਦੇਖ ਕੇ) ਵਿਸਮਾਦ (ਛਾ ਜਾਂਦਾ ਹੈ)। ਪਉਣ (ਇਸ ਦੇ ਵੇਗ ਤੇ ਕੌਤਕ), ਪਾਣੀ (ਇਸ ਦੇ ਪਾਣੀ, ਭਾਫ, ਬਰਫ, ਗੜੇ, ਓਸ ਆਦਿ ਰੂਪ ਤੇ ਕੌਤਕ) ਵਿਸਮਾਦ (ਹਾਲਤ ਲਾ ਦੇਂਦੇ ਹਨ)। ਅਗਨੀ (ਕਈ ਤਰ੍ਹਾਂ ਦੀ ਹੈ ਅਰ ਉਨ੍ਹਾਂ ਦੇ ਕੌਤਕ ਤੇ), ਖੇਡਾਂ ਅਦਭੁਤ ਹੋ ਰਹੀਆਂ ਹਨ (ਜਿਨ੍ਹਾਂ ਨੂੰ ਤੱਕ ਕੇ) ਵਿਸਮਾਦ (ਹੁੰਦਾ) ਹੈ। ਧਰਤੀ (ਇਸ ਦਾ ਪੇਹਨ, ਚਾਲ, ਇਸ ਦੀਆਂ ਪੈਦਾਵਾਰਾਂ, ਫਲ ਫੁੱਲ, ਮੇਵੇ ਤੇ ਹੋਰ ਸਾਮਾਨ) ਅਸਚਰਜ ਕਰ ਦੇਂਦੇ ਹਨ ਤੇ (ਇਸ ਦੀਆਂ) ਖਾਣੀਆਂ (ਬੀ) ਅਚਰਜ (ਲਾ ਦੇਂਦੀਆਂ ਹਨ)। (ਜਿਨ੍ਹਾਂ ਨਾਨਾਂ ਤਰ੍ਹਾਂ ਦੇ) ਸੁਆਦਾਂ ਵਿਚ ਲੱਗੇ ਹੋਏ (ਮਗਨ ਹੋ ਰਹੇ ਹਨ, ਇਹ ਦੇਖ ਕੇ ਬੀ) ਅਚਰਜ ਹੁੰਦਾ ਹੈ। (ਸੰਸਾਰ ਵਿਚ ਜੀਵਾਂ ਦੇ ਕਿਤੇ) ਸੰਜੋਗ (ਮੇਲੇ ਹੋ ਰਹੇ ਹਨ ਕਿਤੇ) ਵਿਛੋੜੇ ਹੋ ਰਹੇ ਹਨ (ਇਹ ਤੱਕ ਕੇ ਬੀ) ਅਚਰਜ ਹੁੰਦਾ ਹੈ। ਭੁੱਖ (ਇਸ ਦਾ ਦੁਖ, ਇਸ ਤੋਂ ਪੈਦਾ ਹੋਏ ਪ੍ਰਯਤਨ, ਭਾਲਾਂ, ਕਾਢਾਂ ਤੇ ਘੋਖਾਂ ਦੇਖ ਕੇ) ਅਸਚਰਜ (ਛਾ ਜਾਂਦਾ ਹੈ ਤੇ ਫੇਰ ਜੀਵਾਂ ਦਾ) ਭੋਗਾਂ (ਵਿਚ ਰਚਣਾ, ਭੋਗਾਂ ਦੇ ਰਸ ਤੇ ਫੇਰ ਮਾੜੇ ਫਲ ਫਿਰ ਜੀਵਾਂ ਦਾ ਭੋਗਾਂ ਵੱਲ ਹੀ ਰੁਖ ਰਹਿਣਾ) ਵਿਸਮਾਦ ਲਾ ਦਿੰਦਾ ਹੈ:

੧. ਸਿਮ=ਮੁਸਕਰਾਉਣਾ। ਵਿ+ਸਮ=ਵਿਸਿਮ=ਹੈਰਾਨ ਹੋ ਜਾਣਾ, ਅਚਰਜ ਹੋਣਾ। ਵਿਸਮਜ=ਹੈਰਾਨੀ, ਅਚਰਜ। ਅਦਭੁਤ ਦਾ ਸਥਾਈ ਭਾਵ ਹੈ-ਵਿਸਮਜ। ਵਿਸਮਾਦ-ਅਦਭੁਤ ਰਸ ਵਿਚ ਲੀਨਤਾ। ਇਹ ਪਦ 'ਵਿਸਮਾਦ' ਸੰਸਕ੍ਰਿਤ ਵਿਚ ਨਹੀਂ ਹੈ, ਇਹ ਸਿਫਤ ਸਲਾਹ ਵਾਲਿਆਂ ਨੇ ਵਿਸਮਜ ਤੋਂ ਬਣਾਇਆ ਹੈ।

੨. ਐਉ ਬੀ ਕਰਦੇ ਹਨ:- ਜੀਵ ਬਹੁਤੇ ਹਨ ਤੇ ਉਨ੍ਹਾਂ ਦੀਆਂ ਕਿਸਮਾਂ ਬਹੁਤੀਆਂ ਹਨ।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥

ਵਿਸਮਾਦੁ ਉਝੜ ਵਿਸਮਾਦੁ ਰਾਹ ॥

ਵਿਸਮਾਦੁ ਨੇੜੈ ਵਿਸਮਾਦੁ ਦੂਰਿ॥

ਵਿਸਮਾਦੁ ਦੇਖੈ ਹਾਜਰਾ ਹਜੂਰਿ॥

ਵੇਖਿ ਵਿਡਾਣੁ ਰਹਿਆ ਵਿਸਮਾਦੁ॥

ਨਾਨਕ ਬੁਝਣੁ ਪੂਰੈ ਭਾਗਿ ॥੧॥

(ਪਰ ਅਸਲ) ਵਿਸਮਾਦ (ਵਿਚ ਲੈ ਜਾਣ ਵਾਲੀ ਖੇਡ) ਪਰਮੇਸ਼ੁਰ ਦੀ ਸਿਫਤ ਤੇ ਸਾਲਾਹ ਹੈ, (ਜਿਸ ਨਾਲ ਸਿਫਤ ਸਲਾਹ ਕਰਨੇ ਵਾਲਾ ਪਰਮੇਸ਼ੁਰ ਨੂੰ ਹਾਜ਼ਰਾ ਹਜ਼ੂਰ ਦੇਖਣ ਲੱਗ ਪੈਂਦਾ ਹੈ, ਪਰ ਇਹ ਬੀ) ਵਿਸਮਾਦ ਹੀ ਹੈ (ਕਿ ਕੋਈ ਐਉਂ ਸਿਫਤ ਸਲਾਹ ਦੇ ਠੀਕ) ਰਸਤੇ ਪੈ ਗਿਆ ਹੈ (ਕੋਈ ਇਸ ਤੋਂ ਉਲਟ ਉਝੜ=) ਕੁਰਾਹੇ ਪੈ ਗਿਆ ਹੈ। (ਜੋ ਰਾਹੇ ਪਿਆ ਹੈ ਉਸ ਨੂੰ ਸਾਈਂ) ਨੇੜੇ ਜਾਪਦਾ ਹੈ, (ਜੋ ਕੁਰਾਹੇ ਪਿਆ ਹੈ ਉਸ ਨੂੰ) ਦੂਰ (ਜਾਪਦਾ ਹੈ, ਇਹ ਬੀ) ਵਿਸਮਾਦ ਹੈ। (ਸਿਰ ਵਿਸਮਾਦਾਂ ਦੇ) ਵਿਸਮਾਦ ਹੈ (ਵਾਹਿਗੁਰੂ ਨੂੰ) ਹਾਜ਼ਰਾ ਹਜ਼ੂਰ ਵੇਖਣਾ[1]। (ਐਉਂ ਸਾਈਂ ਦੀ) ਅਸਚਰਜ ਰੂਪਤਾ ਨੂੰ ਵੇਖ ਵੇਖ ਕੇ ਮੈਂ ਵਿਸਮਾਦ ਹੋ ਰਿਹਾ ਹਾਂ। (ਇਸ ਅਸਚਰਜ ਨੂੰ) ਬੁੱਝ ਸਕਣਾ ਪੂਰੇ ਭਾਗਾਂ ਨਾਲ ਹੁੰਦਾ ਹੈ ਨਾਨਕ! ॥੧॥

ਭਾਵ- ਇਸ ਅੰਕ ਵਿਚ ਵਾਹਿਗੁਰੂ ਦੇ 'ਅਸਚਰਜ ਸਰੂਪ' ਦਾ ਦਰਸ਼ਨ ਹੈ- 'ਆਪਨ ਆਪ ਆਪ ਹੀ ਅਚਰਜਾ॥ ਨਾਨਕ ਆਪਨ ਰੂਪ ਆਪ ਹੀ ਉਪਰਜਾ' ॥ (ਗਉ:ਸੁਖ-੨੧)। ਇਸ ਸਰੂਪ ਦਾ ਨਾਉਂ 'ਵਿਸਮਾਦੁ' ਹੈ, ਇਹ ਅਨੁਭਵ ਇਸ ਤਰ੍ਹਾਂ ਹੁੰਦਾ ਹੈ, 'ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ।' (ਸੂਹੀ ਮ: ੫-੨)। ਇਸ 'ਬਿਸਮਾਦੁ ਸਰੂਪਤਾ' ਨੂੰ ਦ੍ਰਿਸ਼ਟੀ ਗੋਚਰ ਕਰਨ ਵਾਲਾ ਪੁਰਸ਼ ਆਪ ਭੀ ਉਸੇ 'ਵਿਸਮਾਦ' ਨਾਲ ਤਨਮਯ ਹੋ ਜਾਂਦਾ ਹੈ; ਯਥਾ- 'ਬਿਸਮਨ ਬਿਸਮ ਭਏ ਬਿਸਮਾਦ'। (ਗਉ: ਸੁਖ:-੧੬) ਉਸ ਲਈ ਤਾਂ ਸਾਰੀ ਕੁਦਰਤਿ ਹੀ ਆਪਣੇ ਕਾਦਰ ਨਾਲ ਕਿਸੇ ਵਿਸਮਾਦ ਤਦਲੀਨਤਾ ਵਿਚ ਵਸਦੀ ਹੈ- ਤੂੰ ਅਚਰਜੁ ਕੁਦਰਤਿ ਤੇਰੀ ਬਿਸਮਾ॥'(ਵਡ:ਮ:੫-੮)। ਐਸੇ ਪੁਰਸ਼ ਦੀ ਦ੍ਰਿਸ਼ਟੀ ਸੰਸਾਰ ਦੀ ਹਰ ਇਕ ਵਸਤੂ ਨੂੰ ਉਸ ਸਮੁੱਚੇ 'ਵਿਸਮਾਦ ਸਰੂਪ' ਦੇ ਹੀ ਅੰਗ ਲਖਦੀ ਹੈ; ਨਾਦ ਵੇਦ....ਆਦਿ ਜਿਤਨੀਆਂ ਅਡ-ਅਡ ਸ਼ੈਆਂ ਹਨ ਉਹ ਸਾਰੀਆਂ ਹੀ ਵਿਸਮਾਦ ਸਰੂਪ ਦੀ ਸੰਪੂਰਣਤਾ ਤੇ ਅਵਸਥਾ ਪ੍ਰਤੀਤ ਹੋਣ ਲਗ ਜਾਂਦੀਆਂ ਹਨ। ਯਥਾ:- 'ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥ ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥੧॥ ਏਕੁ ਅਚਰਜੁ ਏਕੋ ਹੈ ਸੋਈ॥ ਗੁਰਮੁਖਿ ਵੀਚਾਰੇ ਵਿਰਲਾ ਕੋਈ॥' (ਗਉ:ਮ:੩-੨੯)। ਸੋ ਇਸ ਅੰਕ ਵਿਚ 'ਅਚਰਜ ਰੂਪੁ ਨਿਰੰਜਨ' ਦੀ ਇਕ ਝਾਕੀ ਮਾਤ੍ਰ ਦਰਸਾਈ ਹੈ ਤੇ ਏਸ ਖਿਆਲ ਵਲ ਇਸ਼ਾਰਾ ਸੁਟਿਆ ਹੈ ਕਿ ਇਸ ਵਿਸਮਾਦ ਦ੍ਰਿਸ਼ਟੀ ਦਾ ਗਿਆਨ ਪੂਰਨ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਪਛਮੀ ਵਿਸਮਜ ਹਾਲਤ ਨੂੰ (aesthetics) ਆਖਦੇ ਹਨ।

-o-

ਪਿਛਲੇ ਵਿਸਮਾਦ ਦੇ ਸਲੋਕ ਵਿਚ 'ਕੁਦਰਤੀ ਵਸਤਾਂ ਦੀ ਅਸਚਰਜਤਾ ਦਾ ਅਸਰ ਪੈਦਾ ਕਰਕੇ ਮਨੁੱਖ ਨੂੰ ਰਸਾਵੇਸ਼ ਕਰਨ ਦਾ ਜੋ ਵੇਰਵਾ ਸੀ' ਅਗਲੇ ਸਲੋਕ ਵਿਚ ਉਹਨਾਂ ਯਾ ਉਸ ਪ੍ਰਕਾਰ ਦੇ ਹੀ ਸਮਾਨਾਂ ਨੂੰ ਗਿਣ ਕੇ ਦੱਸਿਆ ਹੈ ਕਿ 'ਕਾਦਰ' ਪਦ ਵਿਚ ਕੀ ਆਉਂਦਾ ਹੈ ਤੇ ਕੁਦਰਤ ਵਿਚ ਕੀ ਕੀ ਆਉਂਦਾ ਹੈ।

੧. ਵਾਹਿਗੁਰੂ ਨੂੰ ਹਾਜ਼ਰ ਵੇਖਣਾ ਤੇ ਆਪ ਨੂੰ ਉਸ ਦੀ ਹਜ਼ੂਰੀ ਵਿਚ ਵੇਖਣਾ।


www.sikhbookclub.com

ਮਃ ੧॥

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥

ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ

(ਜੋ) ਦਿੱਸਦਾ ਹੈ (ਸੋ) ਕੁਦਰਤ[1] ਹੈ, (ਜੋ) ਸੁਣੀਂਦਾ ਹੈ (ਸੋ) ਕੁਦਰਤ ਹੈ (ਭਾਵ ਜੋ ਕੁਛ ਅੱਖਾਂ ਨਾਲ ਦਿੱਸੇ ਤੇ ਕੰਨਾਂ ਨਾਲ ਸੁਣੀਵੇ ਉਹ ਰਚੀ ਹੋਈ ਹੈ)। ਡਰ ਤੇ ਸੁਖ (ਜਿਨ੍ਹਾਂ ਦੇ ਅਸਰ ਹੇਠ ਜਗਤ ਕਰਮ ਕਰ ਰਿਹਾ ਹੈ ਉਸ ਦਾ) ਮੂਲ ਭੀ ਕੁਦਰਤ ਹੈ। ਪਾਤਾਲਾਂ ਤੇ ਅਕਾਸ਼ਾਂ ਵਿਚ (ਜੋ ਸੱਖਣੇ ਟਿਕਾਣੇ ਹਨ ਉਹ ਬੀ) ਕੁਦਰਤ ਹੈ, (ਇਨ੍ਹਾਂ ਵਿਚ ਜੋ) ਸਾਰਾ ਆਕਾਰ (ਵਾਲਾ ਸਾਮਾਨ ਹੈ ਉਹ ਬੀ) ਕੁਦਰਤ ਹੈ। ਵੇਦ ਪੁਰਾਣ ਤੇ (ਹੋਰ) ਕਿਤਾਬਾਂ (ਗੱਲ ਦੀ) ਸਾਰੀ ਵਿਚਾਰ (ਜਿਸ ਨਾਲ ਜੀਵ ਵੀਚਾਰਵਾਨ ਬਣਦਾ ਹੈ) ਕੁਦਰਤ ਹੀ ਕੁਦਰਤ ਹੈ। (ਮਨੁੱਖ ਦਾ ਨਾਨਾ ਤਰ੍ਹਾਂ ਦਾ) ਪਹਿਰਾਵਾ ਪਹਿਰਨਾ ਕੁਦਰਤ ਹੈ, (ਜੀਵਾਂ ਦਾ ਪਰਸਪਰ ਜੋ) ਪਿਆਰ (ਹੈ ਉਹ) ਸਾਰਾ (ਬੀ) ਕੁਦਰਤ ਹੈ। (ਮਨੁੱਖਾਂ ਤੇ) ਜਗਤ ਦੇ ਹੋਰ ਜੀਵ ਜੰਤੂਆਂ ਦੀਆਂ ਜਾਤਾਂ ਕਿਸਮਾਂ (ਤੇ ਅਡ ਅਡ) ਰੰਗਾਂ (ਦੇ ਵੇਰਵਿਆਂ) ਵਿਚ (ਜੋ ਕੁਛ ਬੀ ਹੈ) ਕੁਦਰਤ ਹੈ। ਨੇਕੀਆਂ ਬਦੀਆਂ, ਮਾਨ ਅਭਿਮਾਨ ਸਭ ਕੁਦਰਤ ਹੈ। ਹਵਾ, ਪਾਣੀ, ਅੱਗ, ਧਰਤੀ, ਮਿੱਟੀ ਸਭ ਕੁਦਰਤ ਹੈ। (ਇਹ ਗਿਣਤੀ ਜੋ ਅਸਾਂ ਗਿਣੀ ਹੈ) ਸਾਰੀ ਤੇਰੀ ਕੁਦਰਤ ਹੈ, ਤੂੰ ਇਸ ਦਾ ਕਰਤਾ ਹੈਂ (ਤੂੰ ਹੀ ਇਸ ਦਾ) ਕਾਦਰ ਹੈਂ (ਫੇਰ ਤੇਰੀ)

---

੧. ਕੁਦਰਤ ਪਦ ਦਾ ਏਥੇ ਅਰਥ ਕਰਤਾ ਤੋਂ ਭਿੰਨ ਉਸ ਦੀ ਕੀਤੀ ਹੋਈ ਅਰਥਾਤ ਰਚਨਾ ਹੈ। ਪੌੜੀ ੧ ਵਿਚ ਪਿੱਛੇ ਕੁਦਰਤ ਨੂੰ ਕਰਤਾਰ ਤੋਂ ਭਿੰਨ 'ਦੂਜੀ ਕੁਦਰਤਿ ਸਾਜੀਐ' ਕਰਕੇ ਲਿਖਿਆ ਹੈ। ਪਰ ਰਚਨਾ ਪਦ ਨੂੰ, ਮਤ ਭੇਦ ਅਨੁਸਾਰ ਪਰਮੇਸ਼ੁਰ ਕਰਤਾ ਨਾ ਮੰਨ ਕੇ ਬੀ, ਕਈ ਲੋਕਾਂ ਨੇ ਵਰਤਿਆ ਹੈ। ਸ਼ਕਤੀ, ਮਾਯਾ, ਪ੍ਰਕ੍ਰਿਤੀ ਤੋਂ ਰਚੀ ਗਈ ਨੂੰ ਬੀ ਰਚਨਾ ਕਿਹਾ ਹੈ। ਰਚਨਹਾਰ ਦੀ ਰਚੀ ਮੰਨ ਕੇ ਉਸ ਤੋਂ ਇਸ ਨੂੰ ਸੁਤੰਤਰ ਬੀ ਮੰਨਿਆ ਹੈ। ਇਸ ਤਰ੍ਹਾਂ ਦੇ ਕਾਰਣਾਂ ਕਰਕੇ ਗੁਰੂ ਜੀ ਨੇ ਪਦ 'ਕੁਦਰਤ' ਵਰਤਿਆ ਹੈ, ਜਿਸ ਨਾਲ ਇਨ੍ਹਾਂ ਭਾਵਾਂ ਤੋਂ ਵਿਲੱਖਣਤਾ ਹੋ ਜਾਵੇ; ਕਿਉਂਕਿ ਆਪ ਇਸ ਨੂੰ ਕਰਤਾਰ ਦੀ ਸਾਜੀ ਹੋਈ ਮੰਨਦੇ ਹਨ। ਕੁਦਰਤ ਦੇ ਅਰਬੀ ਵਿਚ ਅਰਥ ਹਨ- ਸ਼ਕਤੀ, ਬਲ, ਰੱਬੀ ਬਲ ਤੇ ਦੂਸਰੇ ਅਰਥ ਓਸੇ ਜੁਬਾਨ ਵਿਚ ਹਨ:- ਰਚਨਾ, ਵਿਸ਼੍ਵ, ਦ੍ਰਿਸ਼ਯ। ਇਥੇ ਗੁਰੂ ਜੀ ਨੇ ਰਚਨਾ ਦੇ ਅਰਥ ਲਏ ਹਨ- ਉਹ ਰਚਨਾ ਜਿਸ ਦਾ ਰਚਨਹਾਰ ਹੈ ਤੇ ਉਹ ਰਚਨਹਾਰ ਸੁਤੰਤਰ ਰਚਨਹਾਰ ਹੈ ਤੇ ਰਚੀ ਹੋਈ ਰਚੀ ਜਾ ਕੇ ਉਸ ਤੋਂ ਸੁਤੰਤਰ ਨਹੀਂ ਚਲ ਰਹੀ; ਉਸ ਦੀ ਚਲਾਈ ਚੱਲ ਰਹੀ ਹੈ ਪਰ ਉਹ ਉਸ ਦਾ ਕਰਤਾ ਹੋਣ ਦੇ ਨਾਲ ਉਸ ਦਾ ਕਾਦਰ ਬੀ ਹੈ। ਕਾਦਰ ਸੁਤੰਤਰ ਹੈ ਤੇ ਕੁਦਰਿਤ ਆਪਣੇ ਕਾਦਰ ਦੇ ਅਧੀਨ ਹੈ।

ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

ਪਵਿੱਤ੍ਰ ਵਡਿਆਈ (ਇਹ ਹੈ ਕਿ ਤੂੰ ਇਸ ਕੁਦਰਤ ਦਾ ਕਾਦਰ ਕਰਤਾ ਹੁੰਦਿਆਂ ਹੋਇਆਂ ਇਸ ਸਾਰੀ ਕੁਦਰਤ ਤੋਂ) ਅਤ੍ਰਿਕਤ ਹੈਂ[1]। (ਦੱਸਦੇ ਹਨ ਗੁਰੂ) ਨਾਨਕ ਦੇਵ ਜੀ, (ਸਾਰੀ ਕੁਦਰਤ ਕਾਦਰ ਤੇ ਕਰਤੇ ਦੇ) ਹੁਕਮ ਵਿਚ (ਕਾਯਮ) ਹੈ, ਉਹ ਉਸ (ਸਾਰੀ) ਨੂੰ ਵੇਖ ਰਿਹਾ ਹੈ (ਪਰ ਫੇਰ ਉਹ ਆਪ) ਇਕੋ ਇਕ ਵਿਦਮਾਨ[2] ਹੈ। (ਭਾਵ ਇਤਨੀ ਨਾਨਤ੍ਵ ਵਾਲੀ ਕੁਦਰਤ ਦਾ ਕਰਤਾ ਕਾਦਰ ਹੋ ਕੇ ਉਸ ਦੀ ਖੂਬੀ ਇਹ ਹੈ ਕਿ ਅਪਣੀ ਏਕੱਤ੍ਵ ਵਿਚ ਰਹਿ ਕੇ ਹੀ ਜਿਉਂ ਕਾ ਤਿਉਂ ਵਿਦਮਾਨ ਹੈ)॥੨॥

ਪਉੜੀ ॥
ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥

ਆਪ ਹੀ[3] (ਜੀਵ) ਨੇ ਭੋਗਾਂ ਨੂੰ ਭੋਗਿਆ (ਤੇ ਭੋਗਾਂ ਦੇ ਅੰਤ ਵਿਚ ਮੌਤ ਆ ਗਈ ਤਾਂ ਸਰੀਰ) ਸੁਆਹ ਦੀ ਢੇਰੀ[4] ਹੋ ਗਿਆ (ਤੇ) ਜੀਵ ਆਤਮਾ ਉੱਠ ਟੁਰਿਆ। (ਜੋ ਦੁਨੀਆਂ ਵਿਚ) ਵੱਡਾ ਦੁਨੀਆਂਦਾਰ ਬਣ ਰਿਹਾ ਸੀ[5] (ਉਸ ਦਾ ਅੰਤ ਇਹ ਹੋਇਆ ਕਿ ਸੰਗਲ ਪਾਉਣ ਵਾਲਿਆਂ ਨੇ) ਗਲ ਵਿਚ ਸੰਗਲ ਪਾ ਕੇ ਟੋਰ ਲਿਆ[6]।

---

੧. 'ਪਾਕ' ਪਦ ਫਾਰਸੀ ਦਾ ਹੈ; ਇਸ ਦੇ ਅਰਥ ਹਨ- ਪਵਿੱਤ੍ਰ ਤੇ ਮੁਬੱਰਾ। 'ਪਾਕ ਨਾਈ' ਦਾ ਅਰਥ ਹੈ ਪਵਿਤ੍ਰ ਵਡਿਆਈ। ਇਥੇ 'ਪਾਕ' ਦਾ ਅਰਥ ਹੈ ਮੁਬੱਰਾ। ਮੁਬੱਰਾ ਦਾ ਭਾਵ ਹੈ ਸਭ ਤਰ੍ਹਾਂ ਅਤ੍ਰਿਕਤ। ਲਿਪਾਇਮਾਨ ਨਾ ਹੋਣਾ। ਗੁਰੂ ਜੀ ਅਪਣੇ ਵਾਹਿਗੁਰੂ ਨੂੰ ਕੁਦਰਤ ਵਸਿਆ ਅਰਥਾਤ 'ਥਾਨੰਤਰੀ ਦੱਸਦੇ ਹੋਏ ਏਥੇ ਉਸ ਨੂੰ 'ਅਪਰੰਪਰ' ਦੱਸ ਰਹੇ ਹਨ। 'ਥਾਨੰਤਰਿ' ਪਦ ਗੁਰੂ ਜੀ ਹਰ ਥਾਂ ਵਿਚ ਵਯਾਪਕ ਸਾਰੇ ਦੇਸ਼ ਦੇ ਅੰਤਰਗਤ' ਲਈ ਵਰਤਦੇ ਹਨ ਅਤੇ 'ਅਪਰੰਪਰ' ਪਦ ਇਸ ਅਰਥ ਲਈ ਵਰਤਦੇ ਹਨ: ਜੋ ਸਾਰੀ ਰਚਨਾ, ਸਾਰੀ ਵਿਸ਼੍ਵ ਤੋਂ ਉਪਰ ਤੇ ਪਰ੍ਹੇ ਹੈ। ਪਾਕ ਪਦ ਫਾਰਸੀ ਦਾ ਹੈ 'ਪਾਕ' ਦਾ ਓਥੇ ਦੂਸਰਾ ਅਰਥ ਹੈ ਪਵਿੱਤ੍ਰਤਾ। 'ਪਾਕੀ ਨਾਈ' ਦਾ ਅਰਥ ਹੈ- ਪਵਿੱਤ੍ਰ ਵਡਿਆਈ। ਪੰਜਾਬੀ ਵਿਚ ਪਾਕ ਦਾ ਸਤ੍ਰੀ ਲਿੰਗ ਹੈ ਪਾਕੀ। ਨਾਈ ਪਦ ਜੋ ਇਸਤ੍ਰੀ ਲਿੰਗ ਪਿਆ ਹੈ ਇਸ ਕਰਕੇ ਪਾਕ ਤੋਂ ਪਾਕੀ ਸਤ੍ਰੀ ਲਿੰਗ ਬਨਾਯਾ ਹੈ, ਇਸੇ ਤਰ੍ਹਾਂ ਦਾ ਪਾਠ ਹੈ-ਵਡਾ ਸਾਹਿਬ ਵਡੀ ਨਾਈ।

੨. ਵੇਖੈ=ਵੇਖਦਾ ਹੈ। ਭਾਵ ਸਾਕਸ਼ੀ ਹੈ। ਕੁਦਰਤ ਦੀਸਣਹਾਰ ਹੈ, ਕਾਦਰ ਦੇਖਣਹਾਰ (ਸਾਕਸ਼ੀ) ਹੈ। ਵਰਤੈ=ਸੰਸ:, ਵਰ੍ਤਨੇ=ਹੋਣਾ, ਵਿਦਮਾਨ ਹੋਣਾ (being, abiding the property or a fixed presence) (ਵਿ:ਕੋ)। ਤਾਕ=ਤਾਕ ਅਰਬੀ ਪਦ ਹੈ, ਅਰਥ ਹੈ ਇਕ। ਪੰਜਾਬੀ ਮੁਹਾਵਰੇ ਵਿਚ ਜੋ ਜੁਸਤ ਤਾਂਕ ਬੋਲਦੇ ਹਨ, ਉਹ ਇਹੋ ਅਰਬੀ ਦਾ 'ਤਾਕ' ਪਦ ਹੈ।

੩ ਆਪੀਨੈ੍' ਏਥੇ ਪਹਿਲੀ ਪਉੜੀ ਵਾਲਾ 'ਆਪੀ ਨੈ' ਨਹੀਂ, ਸਗੋਂ ਇਸੇ ਤੁਕ ਵਿਚ ਪਏ 'ਭਉਰ' ਪਦ ਦਾ ਸਰਬ ਨਾਮ ਪਿਆ ਹੈ।

੪. ਭਸਮੜ=ਭਸਮ ਦੀ ਮੜ੍ਹੀ=ਸੁਆਹ ਦੀ ਢੇਰੀ।

੫. 'ਵਡਾ ਹੋਆ' ਦਾ ਸੰਪ੍ਰਦਾਈ ਤੇ ਯੋਗ ਅਰਥ ਇਹੀ ਹੈ। (ਅ) ਦੀਵੇ ਦੇ ਬੁਝਣ ਨੂੰ ਵੱਡਾ ਹੋਣਾ ਆਖਦੇ ਹਨ, ਅਨੇਕ ਘਨ ਨੇ ਇਸ ਤੋਂ 'ਵਡਾ ਹੋਯਾ' ਦਾ ਅਰਥ 'ਮਰਨਾ' ਲੀਤਾ ਹੈ। ਦੁਨੀਆਂਦਾਰ=ਸੰਸਾਰ ਵਿਹਾਰ ਵਿਚ ਨਿਪੁਨ ਤੇ ਫਸਿਆ ਹੋਇਆ ਆਦਮੀ।

੬. ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ॥ (ਵਡਹੰਸ ਮ:੧-ਅਲਾਹਣੀਆ-੪)

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥

ਮਨਿ ਅੰਧੈ ਜਨਮੁ ਗਵਾਇਆ ॥੩॥

ਅੱਗੇ (=ਪਰਲੋਕ ਵਿਚ) ਦੁਨਿਆਵੀ ਵਡਿੱਤ ਦਾ ਕੁਛ ਮੁੱਲ ਨਹੀਂ ਪੈਂਦਾ ਓਥੇ ਤਾਂ ਜੀਵ ਦੇ) ਕੀਤੇ ਕਰਮਾਂ ਦੀ ਕੀਰਤੀ (ਅਪਕੀਰਤੀ) ਵਾਚੀ ਜਾਂਦੀ ਹੈ (ਸੋ ਇਸ ਨੂੰ) ਬਹਾ ਕੇ (ਚੰਗੀ ਤਰ੍ਹਾਂ) ਲੇਖਾ ਕਰਕੇ ਸਮਝਾ ਦਿੱਤਾ ਗਿਆ (ਕਿ ਤੂੰ ਚੰਗੀ ਕਰਣੀ ਕਰਕੇ ਨਹੀਂ ਆਇਆ)[੧]। (ਹੁਣ) ਮਾਰ ਪੈਂਦਿਆਂ (ਦੰਡ ਮਿਲਦਿਆਂ) ਨੂੰ (ਭੱਜ ਕੇ ਬਚਾਉ ਦੀ) ਥਾਂ ਨਹੀਂ ਲੱਭਦੀ, ਹੁਣ ਉਸ ਦਾ ਰੋਇਆ ਰੁਆਇਆ[੨] ਕੀਹ ਸੁਣਿਆ ਜਾਵੇ[੩] (ਜਦ ਕਿ ਉਸ) ਅੰਨ੍ਹੇ ਮਨ ਵਾਲੇ ਨੇ (ਜਦੋਂ ਕਿ ਉਸ) ਅੰਨ੍ਹੇ ਮਨ ਵਾਲੇ ਨੇ (ਜਦੋਂ ਕਿ ਉਹ ਜਗਤ ਵਿਚ ਸੀ ਕੁਛ ਸ਼ੁਭ ਕਰਣੀ ਨਾ ਸੀ ਕੀਤੀ ਤੇ ਮਨੁੱਖ) ਜਨਮ (ਐਵੇਂ ਹੀ) ਗਵਾ ਲਿਆ ਸੀ॥੩॥

ਕਾਦਰ ਤੇ ਕੁਦਰਤ ਦੀ ਗੇਣਤੀ ਪਿਛਲੇ ਸ਼ਲੋਕ ਵਿਚ ਦੱਸ ਕੇ, 'ਕੁਦਰਤ ਦੇ ਸਾਮਾਨ ਸੁਤੰਤ੍ਰ ਨਹੀਂ ਚੱਲ ਰਹੇ ਕਾਦਰ ਦੇ ਭੈ[੪] ਵਿਚ ਟੁਰ ਰਹੇ ਹਨ', ਇਹ ਅਗਲੇ ਸਲੋਕ ਵਿਚ ਖੁਹਲਦੇ ਹਨ:-

ਸਲੋਕ ਮਃ ੧ ॥
ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ

ਪੌਣ (ਪਰਮੇਸ਼ੁਰ ਦੇ) ਭਉ[੪] ਵਿਚ ਹੀ ਸਦਾ ਵਗਦੀ ਹੈ[੫]। (ਉਸ ਦੇ) ਭੌ ਵਿਚ ਹੀ ਵਗ ਰਹੇ ਹਨ ਲੱਖ ਦਰਿਯਾਉ। (ਉਸ ਦੇ) ਭੌ ਵਿਚ ਹੀ ਅੱਗ (ਸਿਰ ਪਿਆ) ਕੰਮ ਕਰ ਰਹੀ ਹੈ[੬]। (ਉਸ ਦੇ) ਭੈ ਵਿਚ ਹੀ ਧਰਤੀ ਦੱਬੀ ਹੋਈ ਹੈ ਭਾਰ ਨਾਲ[੭]। ਭੈ ਵਿਚ (ਹੀ) ਇੰਦਰ (ਭਾਵ ਬੱਦਲ) ਸਿਰ ਦੇ ਪਰਨੇ (ਭੱਜਾ) ਫਿਰਦਾ ਹੈ। ਭੈ ਵਿਚ ਹੈ ਧਰਮ ਰਾਜਾ (ਤੇ ਭੈ ਵਿਚ

੧. (ਅ) ਕਰਣੀ ਅਤੇ ਕੀਰਤ। ੨. (ਅ) ਰੁਆਇਆ=ਪੁਕਾਰ।

੩. ਭਾਵ ਨਹੀਂ ਸੁਣਿਆ ਜਾਂਦਾ।

੪. ਭੈ ਦਾ ਭਾਵ ਹੇਠਲੀ ⊕ਨਿਸ਼ਾਨ ਵਾਲੀ ਟੂਕ ਵਿਚ ਤੇ ਅਗਲੇ ਪੰਨੇ ਦੀ ੪ਨਿਸ਼ਾਨ ਵਾਲੀ ਟੂਕ ਵਿਚ ਹੈ।

੫. ਗੁਰੂ ਗ੍ਰੰਥ ਕੋਸ਼ ਵਿਚ 'ਸਦਵਾਉ' ਦਾ ਮੂਲ 'ਸਦੈਵ' ਦੱਸ ਆਏ ਹਾਂ। ਸਦਾ+ਇਹ=ਸਦੈਵ, ਸਦਾ, ਹਮੇਸ਼ਾਂ। (ਅ) ਨਰੋਤਮ ਤਾਰਾ ਸਿੰਘ ਜੀ ਨੇ 'ਸਦਾ ਚਲਣੇ ਵਾਲੀ' ਅਰਥ ਕੀਤਾ ਹੈ। ਪੌਣ ਥੋੜੀ ਬਹੁਤ ਚਾਲ ਵਿਚ ਸਦਾ ਰਹਿੰਦੀ ਹੈ, ਇਸ ਕਰਕੇ ਸੰਸਕ੍ਰਿਤ ਵਿਚ 'ਸਦਾ ਗਤਿ' ਪਉਣ ਲਈ ਵਰਤਿਆ ਹੈ। 'ਪਵਣ ਸਦਵਾਉ'=ਸਦਾ ਚਾਲ ਵਿਚ ਰਹਿਣੇ ਵਾਲੀ ਪੌਣ। ਇਹ ਅਰਥ ਭੀ ਸੰਪ੍ਰਦਾਈ ਹੈ।

੬. ਵੇਗਾਰ ਕੱਢਣਾ=ਉਹ ਸੇਵਾ ਜੋ ਅਪਣੀ ਇਛਾ ਨਾ ਹੁੰਦਿਆਂ ਬੀ ਕਰਨੀ ਪਵੇ। ਹਿੰਦੂ ਮਤ ਅਨੁਸਾਰ ਸਾਰੇ ਦੇਉਤਿਆਂ ਦੀਆਂ ਅਹੂਤੀਆਂ ਅਗਨੀ ਲੈਂਦੀ ਹੈ ਤੇ ਉਨ੍ਹਾਂ ਨੂੰ ਪੁਚਾਉਂਦੀ ਹੈ। ਸੋ ਅਗਨੀ ਨੂੰ ਦੂਜੇ ਦੇਵਤਿਆਂ ਦੀ ਮਾਨੋਂ ਵਗਾਰ ਕੱਢਣੀ ਪੈਂਦੀ ਹੈ। ਇਸੇ ਤਰ੍ਹਾਂ ਚੁੱਲ੍ਹੇ, ਭੱਠੀਆਂ ਆਦਿਕਾਂ ਵਿਚ ਪਾ ਕੇ ਆਦਮੀ ਭੀ ਇਸ ਤੋਂ ਕੰਮ ਲੈਂਦਾ ਹੈ।

੭. ਧਰਤੀ ਦਾ ਅਰਥ ਹੈ ਜਿਸ ਪਰ ਕੁਛ ਧਾਰਿਆ ਜਾਵੇ। ਧਰਤੀ ਪਰ ਜਲ, ਵਾਯੂ, ਤੱਤ ਤੇ ਹੋਰ ਬਨਸਪਤੀ, ਜੀਵ ਜੋ ਕੁਛ ਇਸ ਪਰ ਧਰਿਆ ਹੈ, ਉਸ ਦਾ ਭਾਰ ਹੈ।


www.sikhbookclub.com

ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਹੈ ਉਸ ਦਾ) ਦੁਆਰ[੧]। (ਉਸ ਦੇ) ਭੈ ਵਿਚ ਹੀ ਸੂਰਜ ਹੈ (ਤੇ) ਭੈ ਵਿਚ ਹੀ ਚੰਦ ਹੈ, ਕ੍ਰੋੜਾਂ ਕੋਹ ਚਲਦੇ ਹਨ (ਜਿਨ੍ਹਾਂ ਕੋਹਾਂ ਦੀ ਗੇਣਤੀ ਦਾ) ਅੰਤ ਨਹੀਂ। ਸਿਧ, ਬੁਧ, ਨਾਥ[੨] ਤੇ ਦੇਵਤੇ (ਬੀ ਉਸ ਦੇ) ਭੈ ਵਿਚ ਹਨ। (ਇਹ ਜੋ) ਅਕਾਸ਼ ਫੈਲੇ ਹੋਏ ਹਨ ਭੈ ਵਿਚ ਹਨ। (ਇਸ ਧਰਤੀ ਦੇ ਜੀਵਾਂ ਵਿਚੋਂ ਜੋ ਬੜੇ) ਜੋਧ ਮਹਾਂ ਬਲੀ ਸੂਰਮੇ ਹਨ (ਉਹ ਬੀ ਉਸ ਦੇ) ਭੈ ਵਿਚ ਹਨ ਤੇ (ਹੋਰ ਆਮ ਜਨਤਾ ਦੇ) ਪੂਰਾਂ ਦੇ ਪੂਰ ਜੋ ਜੰਮਦੇ ਮਰਦੇ ਰਹਿੰਦੇ ਹਨ (ਸਭ) ਭੈ ਵਿਚ ਹੈਨ। (ਸੋ) ਭਉ[੩] ਦਾ ਲੇਖ ਸਾਰਿਆਂ ਦੇ ਸਿਰ ਤੇ ਲਿਖਿਆ ਹੋਇਆ ਹੈ[੪] ਤੇ ਭਉ ਤੋਂ ਰਹਿਤ (ਕੇਵਲ) ਇਕ ਹੈ (ਜੋ) ਸਚਾ ਹੈ ਤੇ ਨਿਰਾਕਾਰ ਹੈ[੫], (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥੧॥

ਮ:੧॥

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ ਕਹਾਣੀਆ

(ਹੇ) ਨਾਨਕ! (ਇਕ) ਨਿਰੰਕਾਰ (ਵਾਹਿਗੁਰੂ ਹੀ ਹੈ ਜੋ) ਭਉ ਤੋਂ ਰਹਿਤ ਹੈ, ਹੋਰ ਕਿਤਨੇ ਹੀ ਰਾਮ ਹੋਏ ਹਨ (ਤੇ ਕਿਤਨੇ ਹੀ) ਕ੍ਰਿਸ਼ਨ[੬] (ਹੋਏ ਹਨ ਅਤੇ ਉਹਨਾਂ ਦੀਆਂ) ਕਈ ਕਹਾਣੀਆਂ ਚਲ ਰਹੀਆਂ ਹਨ, (ਪਰ ਓਹ ਸਾਰੇ ਅਕਾਲ ਪੁਰਖ ਅਗੇ) ਧੂੜੀ (ਭਾਵ ਤੁੱਛ) ਹਨ[੭]

੧. ਰਾਜਾ ਧਰਮ-ਧਰਮ ਰਾਜਾ। 'ਧਰਮ ਰਾਜਾ' ਤੇ 'ਦੁਆਰ' ਦੁਇ ਪਦ ਕਰਮ ਕਾਰਕ ਵਿਚ ਹੈਨ।

੨. ਸਿਧਿ=ਜੈਨੀਆਂ ਦੇ ਸਭ ਤੋਂ ਵੱਡੇ। ਜੋਗੀ ਬੀ ਇਹ ਪਦ ਆਪਣੇ ਵਡਿਆਂ ਲਈ ਵਰਤ ਲੈਂਦੇ ਹਨ। ਬੁਧ=ਬੋਧੀਆਂ ਦਾ ਸਭ ਤੋਂ ਵੱਡਾ ਆਚਾਰਯ। ਓਹ ਬੁਧ ਇਕ ਨਹੀਂ ਕਈ ਹੋਏ ਮੰਨਦੇ ਹਨ। ਨਾਥ=ਜੋਗੀਆਂ ਦੇ ਸਭ ਤੋਂ ਵੱਡੇ ਜੋ ਨੌਂ ਹਨ। ਸੁਰ=ਦੇਵਤੇ।

੩. 'ਭਯ' ਤੋਂ 'ਭਉ' ਪਦ ਬਣਿਆ ਹੈ। ਸੰਸਕ੍ਰਿਤ 'ਯ' ਪੰਜਾਬੀ ਵਿਚ 'ਓ' ਵਿਚ ਬਦਲਦਾ ਹੈ। ਕੋਸ਼ ਵਿਚ ਇਹ ਨਿਯਮ ਦੱਸ ਆਏ ਹਾਂ।

੪. ਸਾਰੇ ਉਸ ਦੇ ਬੱਧੇ ਨੇਮਾਂ ਵਿਚ ਕੰਮ ਕਰ ਰਹੇ ਹਨ, ਇਨ੍ਹਾਂ ਵਿਚ ਜੋ ਨੇਮ ਉਲੰਘ ਸਕਣ ਦੀ ਰਵਸ਼ ਹੈ ਇਹ ਕਿਸੇ ਹਦਬੰਦੀ ਦੇ ਅੰਦਰ ਹੈ, ਉਹ ਹਦਬੰਦੀ ਕਰਤੇ ਨੇ ਬੰਨ੍ਹੀ ਹੈ। ਹਦਬੰਦੀ ਵਿਚ ਰਹਿਣਾ ਤੇ ਉਸ ਨੂੰ ਉਲੰਘ ਨਾ ਸਕਣਾ 'ਕਰਤੇ' ਦੀ ਜਿਸ ਸ਼ਕਤੀ ਕਰਕੇ ਹੈ 'ਉਹ' ਕੀਤੇ ਹੋਇਆਂ ਲਈ ਉਸ ਦਾ ਭੈ ਹੈ। ਸੰਖੇਪ ਨਾਲ ਸਮਝਣ ਲਈ ਇਉਂ ਹੈ- ਭੈ ਤੋਂ ਮਤਲਬ ਉਹਨਾਂ ਕੁਦਰਤੀ ਨਿਯਮਾਂ ਦਾ ਹੈ ਜੋ ਅਮਿਤ ਹਨ ਤੇ ਜਿਨ੍ਹਾਂ ਦਾ ਉਲੰਘਣ ਅਸੰਭਵ ਹੈ। ਭਾਵ ਇਹੋ ਹੈ ਕਿ ਪੂਜਯ ਉਹੋ ਹੈ ਜੋ ਨਿਰਭਉ ਹੈ, ਹੋਰ ਸਾਰੇ ਜੋ ਭਉ ਹੇਠ ਹਨ ਓਹ ਪੂਜਯ ਨਹੀਂ। ਕੁਦਰਤ ਵਿਚ ਭੈ ਦਿਖਾ ਕੇ ਅਗਲੇ ਸ਼ਲੋਕ ਵਿਚ ਦੱਸਿਆ ਹੈ ਕਿ ਰਾਮ ਆਦਿਕ ਅਵਤਾਰ ਭੀ ਭੈ ਵਿਚ ਹਨ, ਇਕੋ ਆਪ ਨਿਰੰਕਾਰ ਨਿਰਭਉ ਹੈ।

੫. ਉਪਨਿਸ਼ਦ 'ਕਠ' (੬.੭) ਤੇ 'ਤੈਤ੍ਰਿਯ' (੮) ਵਿਚ ਅਗਨੀ, ਸੂਰਜ, ਇੰਦਰ, ਵਾਯੂ ਤੇ ਮੌਤ ਪੰਜੇ ਭੌ ਹੇਠ ਦੱਸੇ ਹਨ।

੬. ਸੰਸ: 'ਕ੍ਰਿਸ਼ਣ' ਪਦ ਦਾ ਪ੍ਰਾਕ੍ਰਿਤ ਰੂਪ ਹੈ 'ਕਨ੍ਹ'।

੭. ਰਵਾਲ=ਥੋੜੀ ਜਿਹੀ ਸ਼ੈ, ਕਿਣਕਾ, ਧੂੜੀ; ਭਾਵ ਤੁੱਛ।

**ਕੇਤੇ ਬੇਦ ਬੀਚਾਰ ॥**

**ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥**

**ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥**

**ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥**

**ਲਖ ਟਕਿਆ ਕੇ ਮੁੰਦੜੇ**

(ਜਿਵੇਂ ਰਾਮ ਕ੍ਰਿਸ਼ਨ[੧] ਨੂੰ ਪਰਮੇਸ਼ੁਰ ਦੱਸਣ ਦੀਆਂ ਕਥਾ ਪੁਰਾਣਾਂ ਵਿਚੋਂ ਕਰਦੇ ਹਨ ਤਿਵੇਂ) ਕਈ ਵੀਚਾਰ ਵੇਦਾਂ ਦੇ ਬੀ (ਦੱਸਦੇ ਹਨ। ਇਹ ਦੱਸਣ ਵਾਲੇ) ਕਈ ਤਾਂ ਮੰਗਤੇ (ਸਾਧੂ ਹਨ ਜੋ ਉਹਨਾਂ ਬਾਬਤ ਕਥਾ ਕਹਾਣੀਆਂ ਕਰਨ ਆਦਿ ਤੋਂ ਛੁੱਟ ਉਹਨਾਂ ਦੇ ਜੀਵਨ ਪ੍ਰਸੰਗ ਪਰਤੱਖ ਕਰਕੇ ਦੱਸਣ ਲਈ ਲੀਲਾ ਰਾਸਾਂ ਪਾਉਂਦੇ ਤੇ) ਨੱਚਦੇ ਹਨ ਤੇ ਫੇਰੀਆਂ ਲੈ ਲੈ ਤੇ ਮੋੜੇ ਖਾ ਕੇ (ਬਤਾਵੇ ਕਰ ਕਰ ਕੇ) ਤਾਲ ਪੂਰਦੇ ਹਨ। (ਕਈ) ਕਮਾਮ ਵਾਲੇ[੨] (ਲੋਕ ਹਨ, ਅਰਥਾਤ ਰਾਸਧਾਰੀਏਂ ਜੋ) ਬਾਜ਼ਾਰ ਵਿਚ (ਇਨ੍ਹਾਂ ਲੀਲਾ ਤੇ ਰਾਸਾਂ ਦਾ ਮਾਨੋ) ਬਾਜ਼ਾਰ ਆ ਲਾਉਂਦੇ ਹਨ[੩]। (ਏਹ ਲੋਗ ਫੇਰ ਸਾਂਗ ਭਰਦੇ ਹਨ ਤੇ) ਰਾਜੇ ਰਾਣੀਆਂ (ਬਣ ਕੇ ਗੌਣ) ਗਾਉਂਦੇ ਹਨ (ਤੇ ਵਾਰਤਕ ਬੀ) ਬੋਲਦੇ ਹਨ (ਪਰ ਜੋ ਕੁਛ ਬੋਲਦੇ ਹਨ) ਆਲ ਪਤਾਲ ਹੁੰਦਾ ਹੈ[੪]। (ਜੈਸਾ ਇਹਨਾਂ ਦਾ ਬੋਲਣਾ ਆਲ ਪਤਾਲ ਭਾਵ ਝੂਠਾ ਹੈ ਇਸੇ ਤਰ੍ਹਾਂ ਇਹਨਾਂ ਦੇ ਕੰਨੀਂ ਤੇ ਗਲੇ

---

੧. ਪੌਰਾਣਕ ਕਥਾ ਬੀ ਕਰਦੇ ਹਨ ਤੇ ਵਿਚ ਵਿਚ ਉਪਨਿਖ਼ਦਾਂ ਆਦਿ ਦੇ 'ਵੇਦ ਵੀਚਾਰ' ਬੀ ਸੁਣਾਉਂਦੇ ਹਨ।

੨. ਬਾਜਾਰੀ= ਬਾਜ਼ਾਰ ਲਾਉਣ ਵਾਲੇ, ਵਪਾਰ ਕਰਕੇ ਪੈਸੇ ਕਮਾਉਣ ਵਾਲੇ, ਕਮਾਮ ਵਾਲੇ।

੩. ਹਿੰਦ ਦੀਆਂ ਕਈ ਪ੍ਰਾਂਤਾਂ ਵਿਚ ਸ਼ਹਿਰਾਂ ਤੋਂ ਦੂਰ ਗਿਰਾਵਾਂ ਵਿਚ ਫਿਰਤੂ ਵਪਾਰੀ ਬਾਜ਼ਾਰ ਆ ਲਾਉਂਦੇ ਹਨ। ਇਰਦ ਗਿਰਦ ਦੇ ਲੋਕ ਆ ਕੇ ਸੌਦੇ ਖਰੀਦ ਲੈਂਦੇ ਹਨ, ਉਹਨਾਂ ਨਾਲ ਗੁਰੂ ਜੀ ਰਾਸਧਾਰੀਆਂ ਨੂੰ ਉਪਮਾ ਦੇ ਰਹੇ ਹਨ।

੪. ਆਲ ਪਤਾਲ= (ਸੰਪ੍ਰਦਾ ਵਿਚ) ਅਕਾਸ਼ ਪਤਾਲ ਦੀਆਂ ਗੱਲਾਂ। ਐਸੀਆਂ ਗੱਲਾਂ ਜੋ ਹਸਾ ਰੁਆ ਜਾਣ, ਪਰ ਹੋਣ ਬੇਥਵੀਆਂ। ਜਿਵੇਂ ਅਕਾਸ਼ ਪਤਾਲ ਨਹੀਂ ਮਿਲਦੇ, ਜਿਨ੍ਹਾਂ ਗੱਲਾਂ ਵਿਚ ਪਾੜਾ ਅਕਾਸ਼ ਪਤਾਲ ਦਾ ਹੋਵੇ, ਅਸੰਗਤ ਤੇ ਅਮੇਲਵੀਆਂ। ਰਾਸਧਾਰੀਏ ਰਾਸਾਂ ਵਿਚ ਰਾਮ ਕ੍ਰਿਸ਼ਨ ਤੋਂ ਛੁੱਟ ਰਾਜਾ ਰਸਾਲੂ, ਭਰਥਰੀ, ਲੂਣਾ, ਇੰਦਮਤੀ ਆਦਿ ਕਿੱਸੇ ਕਹਾਣੀਆਂ ਸਭ ਮੱਲੋ ਮਲੀ ਲਿਆ ਘੁਸੇੜਦੇ ਅਤੇ ਅਸੰਗਤ ਪ੍ਰਸੰਗ ਤੇ ਹਾਸਾ ਮਖੌਲ ਕਰਦੇ ਹਨ। (ਅਰਬੀ, ਆ਼ਅ਼ਲਾ=ਬਹੁਤ ਉੱਚਾ, ਭਾਵ ਅਕਾਸ਼। ਪਾਤਾਲ=ਹੇਠਲੇ ਸੱਤ ਲੋਕਾਂ ਵਿਚੋਂ ਅੰਤਲਾ। ਉਚਿਆਈ ਅਰਥ ਵਾਲਾ ਪਦ ਜਿਸ ਦਾ ਭਾਵ ਅਰਥ ਆਕਾਸ਼ ਹੈ, ਗੁਰਬਾਣੀ ਵਿਚ 'ਪਾਤਾਲ' ਪਦ ਦੇ ਨਾਲ ਹੋਰਥੇ ਬੀ ਆਇਆ ਹੈ ਜੈਸੇ "ਛੂਟਸਿ ਨਾਹੀ ਊਭ ਪਇਆਲ"(ਸੁਖਮਨੀ-੩)=(ਊਭ=ਉੱਚਾ, ਭਾਵ) ਅਕਾਸ਼ ਪਤਾਲ ਵਿਚ ਚੜ੍ਹ ਉਤਰ ਕੇ ਬੀ ਨਹੀਂ ਛੁੱਟ ਸਕਦਾ। (ਅ) 'ਅਸਤ ਵਿਅਸਤ ਗੱਲਾਂ' ਦੇ ਅਰਥ ਵੀ ਇਹ ਪਦ ਗੁਰਬਾਣੀ ਵਿਚ ਆਯਾ ਹੈ- 'ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੇ ਮਦਿ ਮਤਵਾਲੇ' ॥ (ਗਉ:ਵਾ:ਮ:੪-੧੯)(ੲ) 'ਚੰਗਾ, ਮੰਦਾ, ਉੱਚਾ ਨੀਵਾਂ' ਦੇ ਅਰਥ ਵਿਚ ਬੀ ਆਯਾ ਹੈ। ਯਥਾ 'ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲ॥' (ਗਉ: ਰਵਿ:-੧)

ਲਖ ਟਕਿਆ ਕੇ ਹਾਰ ॥

ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥

ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥

ਵਿਚ ਪਹਿਨੇ ਹੋਏ) ਲੱਖ ਟਕਿਆਂ ਦੇ ਬੁੰਦੇ[1] ਤੇ ਲਖ ਟਕਿਆਂ ਦੇ ਹਾਰ (ਝੂਠੇ ਹਨ)। (ਇਹ ਗਹਿਣੇ ਹੀ ਝੂਠੇ ਨਹੀਂ) ਜਿਸ ਤਨ ਨੇ (ਤੇ ਜਿਸ ਤਨ ਦੀ ਪਾਲਣਾ ਦੀ ਖਾਤਰ ਏਹ) ਪਾਏ ਜਾਂਦੇ ਹਨ ਓਹ ਤਨ ਬੀ (ਅੰਤ) ਸੁਆਹ (ਝੂਠੇ) ਹੋ ਜਾਂਦੇ ਹਨ। (ਇਸ ਤਰ੍ਹਾਂ ਦੇ ਬਤਾਵਿਆਂ) ਗੱਲਾਂ (ਤੇ ਕਥਨੀਆਂ ਨਾਲ ਦਿਲ ਪਰਚਾਵੇ ਤਾਂ ਹੁੰਦੇ ਹਨ ਪਰ ਨਿਰੰਕਾਰ ਦਾ) ਗਜਾਨ ਨਹੀਂ ਲੱਭਿਆ ਜਾ ਸਕਦਾ, (ਉਸ ਦੇ ਤਤ ਗਜਾਨ ਦਾ) ਕਥਨ ਕਰ ਸਕਣਾ (ਇੰਨਾ) ਔਖਾ (ਹੈ ਜਿਤਨਾ) ਲੋਹਾ[2]। (ਇਨ੍ਹਾਂ ਨਾਟਕਾਂ ਚੇਟਕਾਂ ਨਾਲ ਤਾਂ ਕੀਹ, ਸਾਰੇ ਸਾਧਨਾਂ ਦੇ ਕਰਦਿਆਂ ਬੀ ਜੇ ਸਾਈਂ ਦੀ) ਮਿਹਰ ਨਾਲ ਮਿਲ ਜਾਏ ਤਾਂ (ਉਹ ਗਜਾਨ) ਪ੍ਰਾਪਤ ਹੁੰਦਾ ਹੈ। (ਇਨ੍ਹਾਂ) ਹਿਕਮਤ[3] ਨਾਲ (ਕਹੋ ਜਾਂ) ਹੁਕਮ (ਨਾਲ ਕਹੋ ਤਾਂ ਉਹ ਨਹੀਂ ਮਿਲਦਾ ਇਹ ਤਾਂ ਸਗੋਂ) ਖੁਆਰੀ ਹੈਨ॥੨॥

ਅਗੇ ਪਉੜੀ ਵਿਚ ਪਰਮੇਸ਼ੁਰ ਦੀ ਮਿਹਰ ਦਾ ਵੇਰਵਾ ਹੈ-

ਪਉੜੀ ॥

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥

(ਹੇ ਅਕਾਲ ਪੁਰਖ ਜੇ ਤੂੰ) ਅਪਣੀ ਮਿਹਰ ਦੀ ਦ੍ਰਿਸ਼ਟੀ ਪਾਵੇਂ ਤਾਂ (ਉਸ) ਮਿਹਰ ਦੀ ਦ੍ਰਿਸ਼ਟੀ ਨਾਲ ਸਤਿਗੁਰ ਪ੍ਰਾਪਤ ਹੁੰਦਾ ਹੈ[4]। (ਇਸ ਤੋਂ ਪਹਿਲਾਂ) ਇਹ ਜੀਵ ਬਹੁਤੇ ਜਨਮਾਂ ਵਿਚ, (ਭਟਕਦਾ) ਫਿਰਿਆ (ਸੀ ਹੁਣ ਜਦ ਨਦਰ ਹੋਈ ਤਾਂ ਸਤਿਗੁਰ ਮਿਲਿਆ) ਸਤਿਗੁਰ ਨੇ (ਮਿਲ ਕੇ ਇਸ ਨੂੰ) ਸ਼ਬਦ ਸੁਣਾਇਆ (=ਨਾਮ ਦਾ ਉਪਦੇਸ਼ ਦਿਤਾ)। ਉਸ ਸ਼ਬਦ ਦੀ ਕਮਾਈ ਨੇ ਭਰਮਣਾ ਭਟਕਣਾ ਦੂਰ ਕਰ ਦਿੱਤਾ) ਹੇ

---

੧. ਮੁੰਦ੍ਰਾ, ਮੁੰਦਰਾਂ, ਮੁੰਦੜਾਂ, ਰੂਪ ਬਦਲਦਾ ਅਜ ਕਲ ਬੁੰਦਾ ਤੇ ਬੁੰਦੜੇ ਰੂਪ ਵਿਚ ਬੋਲਿਆ ਜਾਂਦਾ ਹੈ। ਇਸ ਦਾ ਅਰਥ ਹੈ:- ਵਾਲਾ, ਤਨੌੜਾ, ਕੁੰਡਲ; ਤੇ ਮੁੰਦਰੀਆਂ ਛੱਲੇ ਬੀ ਲਾ ਲੈਂਦੇ ਹਨ।

੨. ਸਿਧ ਗੋਸ਼ਟ ਵਿਚ ਪ੍ਰਸ਼ਨ ਹੈ- 'ਬਿਨੁ ਦੰਤਾ ਕਿਉ ਖਾਈਐ ਸਾਰੁ'॥(ਸਿਧ ਗੋ-੧੯) ਉਤਰ ਹੈ-'ਤ੍ਰੈ ਗੁਣ ਮੇਟੇ ਖਾਈਐ ਸਾਰੁ'॥(ਸਿਧ ਗੋ-੨੦) ਪਰ ਨਾਲ ਦੱਸਿਆ ਹੈ- 'ਮਨਸਾ ਆਸਾ ਸਬਦਿ ਜਲਾਈ',(ਸਿਧ ਗੋ-੨੦) ਇਹ ਮਿਹਰ ਹੈ!

੩. ਹਿਕਮਤ। ਅਰਬੀ ਵਿਚ ਹਿਕਮਤ ਦੇ ਪਹਿਲੇ ਅਰਥ ਹਨ- ਦਾਨਾਈ, ਅਮਲ ਦੀ ਸਚਿਆਈ, ਵਿਦਵਤਾ। ਫਿਰ ਵਿਦਵਤਾ ਦੇ ਬਜਾਨ ਵਿਚ ਇਸ ਦੀਆਂ ਕਈ ਕਿਸਮਾਂ ਕਰਦੇ ਹਨ। ਪੰਜਾਬੀ ਵਿਚ ਇਸ ਦੇ ਅਰਥ ਹਨ, ਵੈਦ ਦੀ ਵੈਦੰਗੀ, ਦਾਨਾਈ, ਚਲਾਕੀ ਦੀ ਤਰਕੀਬ ਯਾ ਚਲਾਕੀ। ਇਥੇ ਵਿਸ਼ੇਸ਼ ਭਾਵ ਤਰਕੀਬਾਂ ਤੇ ਚਾਲਾਕੀਆਂ ਤੋਂ ਹੈ। ਹੁਕਮ= (ਅਰ ਹੁਕਮ)-ਜ਼ੋਰ ਨਾਲ ਗੱਲ ਮਨਾਉਣੀ। ਹੋ ਸਕਦਾ ਹੈ ਕਿ ਹਿਕਮਤ ਹੁਕਮ ਏਥੇ 'ਹਿਕਮਤ ਹੁਕਮਤ' ਦਾ ਸੰਖੇਪ ਹੋਵੇ। 'ਹੁਕਮ' ਸੰਖੇਪ ਹੈ ਹੁਕਮਤ ਦਾ ਤੇ ਇਹ ਹਿਕਮਤ ਦੀ ਤਾਬਿਆ ਮੁਹਮਲ ਹੈ, ਅਰਥਾਤ ਹਿਕਮਤਾਂ ਆਦਿਕਾਂ ਨਾਲ।

੪. (ਅ) 'ਮਹਾਰਾਜ ਜਬ ਹੂੰ ਅਪਣੀ ਨਜ਼ਰ ਕਰਤਾ ਹੈ'। (ਅ:ਘ:)। (ੲ) ਜੇ ਆਪਣੀ ਮੇਹਰ ਕਰੇ ਤਾਂ...(ਸੰ:ਪ੍ਰ

ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥੪॥

ਸਾਰੇ ਲੋਕੋ (ਤੁਸੀਂ) ਸਾਰੇ[1] ਸੁਣ ਲਓ ਕਿ ਸਤਿਗੁਰੂ ਜੇਡਾ ਦਾਤਾ (ਹੋਰ) ਕੋਈ ਨਹੀਂ ਹੈ, (ਕਿਉਂਕਿ) ਜਿਨ੍ਹਾਂ ਨੇ ਸਤਿਗੁਰੂ ਮਿਲ ਪੈਣ ਤੇ (ਆਪਣੇ ਮਨ) ਵਿਚੋਂ ਆਪਾ ਭਾਵ ਗੁਆ ਦਿਤਾ ਹੈ, (ਉਹਨਾਂ ਨੇ) 'ਸਚ' ਨੂੰ ਪ੍ਰਾਪਤ ਕਰ ਲਿਆ ਹੈ, ਜਿਸ (ਗੁਰੂ) ਨੇ (ਕਿ ਸਿਖ ਨੂੰ ਮਿਲ ਕੇ ਉਸ ਨੂੰ ਕੇਵਲ) ਸੱਚ ਹੀ ਸੱਚ (ਵਾਹਿਗੁਰੂ) ਲਖਾ ਦਿਤਾ ਹੈ॥੪॥

ਇਸ ਚੋਥੀ ਪੌੜੀ ਦੇ ਦੂਸਰੇ ਸਲੋਕ ਵਿਚ ਰਾਸਧਾਰੀਆਂ ਦੀ ਰਾਸ ਨੂੰ ਇਕ ਖੇਲ ਤਮਾਸ਼ਾ ਮਾਤ੍ਰ ਵਰਣਨ ਕੀਤਾ ਹੈ ਤੇ ਇਨ੍ਹਾਂ ਦਿਲ ਪਰਚਾਵੇ ਦੀ ਹਾ ਹਾ ਹੂ ਹੂ ਤੋਂ ਗ੍ਯਾਨ ਉਤਪਤੀ ਦੀ ਅਭਾਵਤਾ ਦਿਖਾਈ ਹੈ। 'ਸੰਸਾਰ ਵਿਚ ਹੋ ਰਹੇ ਐਸੇ ਕੌਤਕ ਕੋਡ ਤਮਾਸ਼ਿਆਂ ਦੇ ਆਪਣੇ ਵਿਚ ਮੁਗਧ ਕਰਕੇ ਗ੍ਯਾਨ ਪ੍ਰਾਪਤੀ ਦੇ ਰਾਹ ਤੋਂ ਵਰਜ ਰਹਾਣ ਵਾਲੇ ਨਜ਼ਾਰੇ 'ਤੋਂ ਆਪ ਜੀ ਦਾ ਵਿਸ਼ਾਲ ਮਨ ਕੁਦਰਤ ਦੀ ਵਿਸ਼ਾਲਤਾ ਵਿਚ ਉਪਰ ਨੂੰ ਉਠ ਗਿਆ ਹੈ ਤੇ ਆਪ ਕੁਦਰਤ ਦੇ ਸਾਮਾਨਾਂ ਵਿਚ ਹੀ ਵਿਸ਼੍ਵ ਰਾਸ ਪੈ ਰਹੀ ਅਨੁਭਵ ਕਰਦੇ ਹਨ ਜੋ ਅਗਲੇ ਲੋਕ ਵਿਚ ਹੈ। ਇਸ ਰਾਸ ਵਿਚ ਇਕ ਪਾਸੇ ਤਾਂ ਚੰਦ ਸੂਰਜ ਘੜੀਆਂ ਆਦਿਕ ਹਨ ਜੋ ਮਾਨੋ 'ਕਾਲ' ਦੇ ਸੂਚਕ ਹਨ। ਦੂਜੇ ਪਾਸੇ ਧਰਤੀ ਹੈ ਜੋ 'ਦੇਸ਼' ਦੀ ਸੂਚਕ ਹੈ। ਤੀਜੇ ਪਾਸੇ ਮਾਲ ਧਨ ਪਉਣ ਪਾਣੀ ਬੈਸੰਤਰ ਆਦਿਕ ਹਨ ਜੋ ਮਾਨੋ ਇਕ 'ਵਸਤੂ' ਰੂਪ ਹਨ। ਇਨ੍ਹਾਂ ਸਾਰਿਆਂ ਪਦਾਰਥਾਂ ਦੀ ਪਰਸਪਰ ਵਰਤੋਂ ਮਾਨੋਂ 'ਦੇਸ਼ ਕਾਲ ਵਸਤੂ' ਦੀ ਪਰਸਪਰ ਖੇਡ ਹੈ ਜੋ ਰਾਸ ਦੇ ਤੁਲਜ ਹੈ। ਇਸ ਦੇਸ਼ ਕਾਲ ਆਦਿਕ ਦੀ ਖੇਡ ਦੇ ਮੁਕਾਬਲੇ ਤੇ ਇਕ ਇਨ੍ਹਾਂ ਤੋਂ ਭਿੰਨ ਹੋਰ ਪਦਾਰਥ ਹੈ ਜੋ 'ਗ੍ਯਾਨ' ਹੈ। ਇਸ ਦੇ ਹੋਣ ਨਾਲ ਏਹ ਰਾਸ ਇਕ ਸਾਰਥਿਕ ਚੀਜ਼ ਹੈ, ਜਿਸ ਗ੍ਯਾਨ ਦੀ ਅਣਹੋਂਦ ਮੰਨਣ ਨਾਲ ਇਹ ਸਾਰੀ ਦੇਸ਼ ਕਾਲ ਵਸਤੂ ਦੀ ਖੇਡ ਮਾਨੋਂ ਜਮ ਕਾਲ ਦੇ ਚੱਕ੍ਰ ਭਉਂ ਭਉਂ ਹੀ ਹੈ।

ਸਲੋਕ ਮਃ ੧ ॥
ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥

ਚੰਦ ਤੇ ਸੂਰਜ (ਮਾਨੋਂ ਦੋ) ਅਵਤਾਰ[2] (ਹਨ ਜੋ ਕ੍ਰਿਸ਼ਨ ਤੇ ਰਾਮ ਦੀ ਥਾਵੇਂ ਮੁੱਖ ਨਾਟਕ ਪਾਤ੍ਰ ਹਨ), ਪਹਿਰ (ਮਾਨੋਂ) ਕ੍ਰਿਸ਼ਨ ਦੇ (ਨਾਲ ਉਸ ਦੇ ਸਖੇ) ਗੋਪ[3] ਹਨ (ਤੇ) ਘੜੀਆਂ (ਜੋ ਹਨ ਸੋ) ਸਾਰੀਆਂ (ਮਾਨੋਂ) ਗੋਪੀਆਂ ਹਨ। (ਇਹਨਾਂ ਨਾਟਕ ਪਾਤ੍ਰਾਂ ਨੇ) ਪਉਣ ਪਾਣੀ ਤੇ ਅਗਨਿ ਦੇ (ਮਾਨੋਂ) ਗਹਿਣੇ ਪਾਏ ਹੋਏ ਹਨ। ਸਾਰੀ ਧਰਤੀ (ਇਸ ਰਾਸ ਦੀ ਰੰਗਭੂਮੀ ਹੈ ਤੇ ਧਰਤੀ ਦਾ) ਮਾਲ (ਇਸ ਰਾਸ ਦੇ ਰਾਸ ਪਾਤ੍ਰਾਂ ਦੇ ਤਮਾਸ਼ੇ ਕਰਨ ਦਾ ਸਾਮਾਨ ਹੈ ਤੇ) ਧਨ

੧. (ਅ) ਸਭ=ਸਾਰੇ ਜਗਤ ਵਿਚ। (ਸੰਪ੍ਰ:।

੨. ਪਿਛੇ ਆਏ 'ਨਾਨਕ ਨਿਰਭਉ ਨਿਰੰਕਾਰ' ਵਾਲੇ ਸ਼ਲੋਕ ਵਿਚ ਰਾਮ ਤੇ ਕ੍ਰਿਸ਼ਨ ਦਾ ਜ਼ਿਕਰ ਹੈ, ਇਸ ਤੋਂ ਅਗਲੇ ਸ਼ਲੋਕ ਵਿਚ ਕਾਹਨ ਤੇ ਰਾਮ ਦਾ ਜ਼ਿਕਰ ਹੈ, ਤਾਂਤੇ ਏਥੇ ਬੀ ਭਾਵ ਇਹੋ ਹੈ ਕਿ ਕ੍ਰਿਸ਼ਨ ਤੇ ਰਾਮ ਦੀ ਥਾਵੇਂ ਚੰਦ ਤੇ ਸੂਰਜ ਹਨ।

੩. ਗੁਵਾਲਾ, ਅਹੀਰ, ਗੋਪ। ਕ੍ਰਿਸ਼ਨ ਜੀ ਦੇ ਸਖੇ। (ਅ) ਇਸ ਪਦ ਦਾ ਅਰਥ ਕ੍ਰਿਸ਼ਨ ਤੇ ਪਰਮੇਸ਼ੁਰ ਬੀ ਹੁੰਦਾ ਹੈ।


www.sikhbookclub.com

**ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥**

(ਉਹ ਸ਼ੈ ਹੈ ਜਿਸ ਕਰਕੇ ਜੀਵਾਂ ਦੀ ਪਰਸਪਰ) ਵਰਤੋਂ ਹੁੰਦੀ ਹੈ (ਵਰਤੋਂ ਤੋਂ) ਸਾਰੇ ਜੰਜਾਲ ਪੈਂਦੇ ਹਨ (ਇਹ ਮਾਨੋਂ ਇਸ ਵਿਚ ਨਾਟ ਹੋ ਰਿਹਾ ਹੈ)[1]। (ਇਸ ਰਾਸ ਵਿਚ) ਗਿਆਨ ਤੋਂ ਸੱਖਣੀ (ਸ੍ਰਿਸ਼ਟੀ) ਠੱਗੀ ਜਾ ਰਹੀ ਹੈ ਤੇ ਜਮਕਾਲ (ਇਹਨੂੰ) ਪਾਈ ਜਾਂਦਾ ਹੈ॥੧॥

ਵਿਸ਼੍ਵ ਦੀ ਰਾਸ ਦਾ ਦਰਸ਼ਨ ਦੱਸ ਕੇ ਆਪ ਮੁੜ ਮੁੜ ਅਗਲੇ ਸਲੋਕ ਵਿਚ ਰਾਸਧਾਰੀਆਂ ਦੀ ਰਾਸ ਲੀਲਾ ਪਰ ਅਪਣਾ ਵੀਚਾਰ ਦੇਂਦੇ ਹਨ ਤੇ ਉਸ ਦੀ ਇਖ਼ਲਾਕੀ ਵੀਚਾਰ ਕਰਦੇ ਹੋਏ ਨਾਲ ਉਸ ਪਰ ਸਾਹਿੱਤਜਕ ਪੜਚੋਲ ਬੀ ਦੇਂਦੇ ਹਨ ਕਿ ਉਹ ਇਖ਼ਲਾਕ ਦੇ ਨਾਲ ਆਪਣੇ 'ਨਾਟਕੀ ਰਸ' ਨੂੰ ਬੀ ਕੁਰਸ ਕਰ ਰਹੀ ਹੈ। ਗੋਯਾ ਕਿ ਨਾਟ ਕਲਾ ਬੀ ਗਿਰ ਚੁੱਕੀ ਹੈ; ਤੇ ਇਸ ਦੇ ਮੁਕਾਬਲੇ ਤੇ ਸੱਚੀ ਭਗਤੀ ਦਾ ਰਮਤਾ ਦੱਸਦੇ ਹਨ-

**ਮਃ ੧॥**

**ਵਾਇਨਿ ਚੇਲੇ ਨਚਨਿ ਗੁਰ ॥**
**ਪੈਰ ਹਲਾਇਨਿ ਫੇਰਨਿ੍ ਸਿਰ ॥**

**ਉਡਿ ਉਡਿ ਰਾਵਾ ਝਾਟੈ ਪਾਇ ॥**
**ਵੇਖੈ ਲੋਕੁ ਹਸੈ ਘਰਿ ਜਾਇ ॥**

**ਰੋਟੀਆ ਕਾਰਣਿ ਪੂਰਹਿ ਤਾਲ ॥**
**ਆਪੁ ਪਛਾੜਹਿ ਧਰਤੀ ਨਾਲਿ ॥**

**ਗਾਵਨਿ ਗੋਪੀਆ ਗਾਵਨਿ ਕਾਨ੍ ॥**
**ਗਾਵਨਿ ਸੀਤਾ ਰਾਜੇ ਰਾਮ ॥**

ਚੇਲੇ (ਸਾਜ਼) ਵਜਾਉਂਦੇ ਹਨ, ਗੁਰੂ ਨੱਚਦੇ ਹਨ[2] (ਓਹ ਨੱਚਦੇ ਹੋਏ) ਪੈਰ ਮਾਰਦੇ ਹਨ (ਤੇ) ਸਿਰ ਫੇਰਦੇ ਹਨ (ਭਾਵ ਉਹਨਾਂ ਦਾ ਨਾਚ ਪੈਰ ਮਾਰਨ ਤੇ ਸਿਰ ਫੇਰਨ ਦੀ ਹਰਕਤ ਮਾਤ੍ਰ ਹੈ)। (ਪੈਰ ਮਾਰਨ ਨਾਲ) ਘੱਟਾ (ਉਡਦਾ ਹੈ ਜੋ) ਉਡ ਉਡ ਕੇ (ਉਨ੍ਹਾਂ ਦੇ ਫੇਰੇ ਲੈ ਰਹੇ) ਸਿਰ ਦੇ ਵਾਲਾਂ ਵਿਚ ਪੈਂਦਾ ਹੈ। (ਬਜਾਏ ਇਸ ਦੇ ਕਿ ਉਹ ਲੋਕਾਂ ਵਿਚ ਪ੍ਰੇਮ ਰਸ ਯਾ ਉਨਰ ਰਸ ਪੈਦਾ ਕਰਨ, ਓਹ ਆਪਣੇ ਲਈ ਹਾਸੋਹੀਣੀ ਦਸ਼ਾ ਬਣਾ ਰਹੇ ਹਨ ਕਿ) ਜੋ ਲੋਕ ਵੇਖ ਰਹੇ ਹਨ ਮਖੌਲ ਕਰ ਰਹੇ ਹਨ (ਤੇ ਟਿਚਕਰਾਂ ਕਰਦੇ ਆਪੋ ਆਪਣੇ) ਘਰੀਂ ਜਾ ਰਹੇ ਹਨ (ਪੱਲੇ ਕਿਸੇ ਦੇ ਕੁਛ ਨਹੀਂ ਪੈਂਦਾ)। (ਪਰ ਰਾਸਧਾਰੀਆਂ ਨੂੰ ਪਰਵਾਹ ਨਹੀਂ ਕਿ ਕਿਸੇ ਦੇ ਪੱਲੇ ਕੁਛ ਪਿਆ ਕਿ ਨਹੀਂ, ਹਾਸੇ ਖੇਲ ਦਾ ਪਰਚਾਵਾ ਪਾ ਕੇ ਪੈਸੇ ਲੈਣੇ ਉਨ੍ਹਾਂ ਦਾ ਮੰਤਵ ਹੈ ਇਸ ਲਈ ਓਹ) ਰੋਟੀਆਂ (ਕਮਾਉਣ) ਦੇ ਲਈ ਤਾਲ ਪੂਰਦੇ ਹਨ (ਤੇ) ਆਪਣੇ ਆਪ ਨੂੰ (ਮਾਨੋ) ਧਰਤੀ ਨਾਲ ਪਛਾੜਦੇ ਹਨ। (ਏਹ ਕੁਛ ਏਹ ਲੋਕ ਨਿਰੇ ਨਟ ਬਣ ਕੇ ਨਹੀਂ ਕਰ ਰਹੇ, ਓਹ ਤਾਂ) ਕ੍ਰਿਸ਼ਨ ਤੇ ਗੋਪੀਆਂ (ਦੇ ਸਾਂਗ ਬਣੇ ਹੋਏ ਐਸਾ) ਗਾਇਨ ਕਰ ਰਹੇ ਹਨ (ਯਾ) ਰਾਜੇ ਰਾਮ ਤੇ ਸੀਤਾ (ਦਾ ਸਾਂਗ ਬਣ ਕੇ ਐਸਾ) ਗਾਯਨ ਕਰ ਰਹੇ ਹਨ। (ਹੁਣ ਸੱਚੇ ਹਰੀ ਭਗਤਾਂ ਦੀ ਕਰਨੀ

੧. ਜਗਤ ਦੇ ਜੀਵਾਂ ਦੀ ਇਸ ਦੇਸ਼ ਕਾਲ ਵਾਲੇ ਜਗਤ ਵਿਚ 'ਮਾਲ ਧਨ ਤੇ ਵਰਤੋਂ' ਵਿਚ ਹੀ ਸਾਰੇ ਮਾਮਲੇ ਪੈਂਦੇ ਤੇ ਰੋਜ਼ ਨਵੇਂ ਤੋਂ ਨਵੇਂ ਕਿੱਸੇ ਕਹਾਣੀਆਂ ਤੇ ਨਾਟਕ ਹੋ ਰਹੇ ਹਨ।

੨. ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤ ਬਿਧਿ ਭਾਈ। (ਵਾ:ਭਾ:ਗੁ:)

ਨਿਰਭਉ ਨਿਰੰਕਾਰੁ ਸਚੁ ਨਾਮੁ ॥
ਜਾ ਕਾ ਕੀਆ ਸਗਲ ਜਹਾਨੁ ॥

ਸੇਵਕ ਸੇਵਹਿ ਕਰਮਿ ਚੜਾਉ ॥
ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥

ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲਘਾਏ ਪਾਰਿ ॥

ਕੋਲੂ ਚਰਖਾ ਚਕੀ ਚਕੁ ॥
ਖਲ ਵਾਰੋਲੇ ਬਹੁਤੁ ਅਨੰਤੁ ॥

ਲਾਟੂ ਮਾਧਾਣੀਆ ਅਨਗਾਹ ॥
ਪੰਖੀ ਭਉਦੀਆ ਲੈਨਿ ਨ ਸਾਹ ॥

ਦੱਸਦੇ ਹਨ ਕਿ ਇਨ੍ਹਾਂ ਬਨਾਵਟੀ ਨਟਾਂ ਦੇ ਰਾਮ ਕ੍ਰਿਸ਼ਨ ਦੀ ਓਹ ਪੂਜਾ ਨਹੀਂ ਕਰਦੇ, ਉਹ ਤਾਂ ਉਸ ਦੀ ਪੂਜਾ ਕਰਦੇ ਹਨ) ਜਿਸ ਦਾ (ਇਹ) ਸਾਰਾ ਜਹਾਨ ਰਚਿਆ ਹੋਇਆ ਹੈ, ਜੋ ਨਿਰੰਕਾਰ ਹੈ, (ਅਕਾਰ ਤੋਂ ਰਹਿਤ ਹੈ) ਭਉ ਤੋਂ ਰਹਿਤ ਹੈ ਤੇ ਉਸ ਦਾ ਨਾਮ ਹੈ 'ਸੱਚ'[੧]। (ਓਹ ਸੱਚੇ ਭਗਤ ਤੇ ਸੱਚੇ) ਸੇਵਕ (ਉਸ ਦੀ) ਸੇਵਾ ਮਨ ਤੇ ਚਾਉ ਨਾਲ ਕਰਦੇ ਹਨ (ਤੇ ਉਸ ਨਿਰੰਕਾਰ ਦੀ ਕਰਮ=) ਬਖਸ਼ਿਸ਼ ਨਾਲ (ਉਨ੍ਹਾਂ ਨੂੰ ਸੁਰਤ ਦਾ) ਚੜ੍ਹਉ (ਪ੍ਰਾਪਤ ਹੁੰਦਾ ਹੈ ਤੇ ਉਹਨਾਂ ਦੀ ਰਾਤ) ਭਿੰਨੀ (ਰਸਮਈ) ਰਾਤ ਹੋ ਜਾਂਦੀ ਹੈ[੨]। (ਇਹ) ਸਿੱਖਜਾ (ਜਿਨ੍ਹਾਂ ਨੇ) ਗੁਰੂ ਦੀ ਵੀਚਾਰ ਦੁਆਰਾ ਸਿੱਖੀ ਹੈ[੩], ਮਿਹਰ ਦ੍ਰਿਸ਼ਟੀ ਵਾਲਾ (ਨਿਰੰਕਾਰ ਉਨ੍ਹਾਂ ਨੂੰ) ਮਿਹਰ ਨਾਲ ਪਾਰ ਲੰਘਾ ਲੈਂਦਾ ਹੈ। (ਪਰ ਰਾਸਾਂ ਦਾ ਨਾਚ ਤਾਂ ਕਲਾ ਦੇ ਪੁਰਜ਼ਿਆਂ ਵਤ ਇਕ ਨਿਰਜਿੰਦ ਨਿਰਭਾਵ, ਨਿਰਗਜਾਨ 'ਭਉਣ ਮਾਤ੍ਰ' ਦੀ ਕ੍ਰਿਯਾ ਹੈ, ਜੀਕੂੰ ਭਉਂਦਾ ਹੈ ਤੇਲ ਪੀੜਨ ਵਾਲਾ) ਕੋਹਲੂ, (ਕੱਤਣ ਵਾਲਾ) ਚਰਖਾ, (ਪੀਹਣ ਵਾਲੀ) ਚੱਕੀ ਤੇ ਭਾਂਡੇ (ਘੜੇ ਜਾਣ ਵਾਲਾ) ਚੱਕ। (ਰੇਤ) ਥਲਿਆਂ ਦੇ ਬਹੁਤ ਵਾ ਵਰੋਲੇ (ਪਏ ਘੁੰਮਦੇ ਹਨ, ਜਿਨ੍ਹਾਂ ਦਾ) ਅੰਤ ਕੋਈ ਨਹੀਂ। (ਖੇਡ ਦਾ) ਲਟੂ (ਲੱਸੀ ਰਿੜਕਣ ਵਾਲੀਆਂ) ਮਧਾਣੀਆਂ, ਅੰਨ ਗਾਹੁਣ ਵਾਲੇ (ਫਲ੍ਹੇ ਭਾਉਂਦੇ ਰਹਿੰਦੇ ਹਨ)। (ਫਿਰ) ਪੰਖੀ ਹਨ ਜੈਸੇ (ਕਿ ਇੱਲਾਂ ਹਨ ਜੋ) ਭਉਂਦੀਆਂ ਸਾਹ

---

੧. ਭਾਵ, ਪਰਮੇਸ਼ੁਰ ਨਿਰ ਆਕਾਰ ਹੋਣ ਕਰਕੇ ਅਜੋਨੀ ਹੈ, ਉਸ ਦੇ ਅਵਤਾਰ ਮੰਨਣੇ ਤੇ ਉਨ੍ਹਾਂ ਦੇ ਸਾਂਗ ਉਤਾਰਨੇ ਰਾਸਾਂ ਪਾਣੀਆਂ ਤੇ ਉਹ ਭੀ ਪੈਸੇ ਦੀ ਖ਼ਾਤਰ, ਭਗਤੀ ਦੇ ਨੁਕਤਾ ਨਿਗਾਹ ਤੋਂ ਨਿਸਫਲ ਕ੍ਰਿਯਾ ਹੈ।

੨. ਨਿਰੰਕਾਰ ਦੇ ਸੇਵਕ ਪੈਸੇ ਦੀ ਖ਼ਾਤਰ ਨਕਲ ਨਹੀਂ ਉਤਾਰਦੇ, ਉਨ੍ਹਾਂ ਦੇ ਅੰਦਰ ਮਨ ਦੇ ਚਾਉ ਤੋਂ ਸੇਵਾ ਦਾ ਭਾਉ ਉਪਜਦਾ ਹੈ। ਉਹਨਾਂ ਰਾਸਧਾਰੀਆਂ ਵਾਕਰ ਇਥੇ ਘੱਟਾ ਨਹੀਂ ਸਿਰ ਪੈਂਦਾ ਤੇ ਰਾਤ ਹਾਸੋ ਹੀਣੀ ਨਹੀਂ ਬੀਤਦੀ, ਪਰੰਤੂ ਇਸ ਦੇ ਟਾਕਰੇ ਤੇ ਉਨ੍ਹਾਂ ਦਾ ਸਮਾਂ ਰਾਤ ਦੀ ਤ੍ਰਾਵਤ (ਭਿੰਨੀ ਰੈਣ ਵਿਚ ਆਤਮ ਚਾਉ ਵਿਚ ਗੁਜਰਦਾ ਹੈ। ਨਾ ਹੀ ਉਹਨਾਂ ਨੂੰ ਆਪਣੇ ਆਪ ਨੂੰ ਧਰਤੀ ਤੇ ਪਛਾੜਨਾ ਪੈਂਦਾ ਹੈ, ਪਰੰਤੂ ਇਸ ਦੇ ਉਲਟ ਉਹਨਾਂ ਨੂੰ (ਸੁਰਤ ਦਾ) ਚੜ੍ਹਾਉ ਪ੍ਰਾਪਤ ਹੁੰਦਾ ਹੈ।

੩. ਰਾਸ ਵਿਚ ਚੇਲੇ ਬੈਠ ਕੇ ਸਾਜ ਵਜਾਉਂਦੇ ਹਨ ਤੇ ਗੁਰੂ ਨੱਚਦੇ ਹਨ ਤੇ ਦੋਹਾਂ ਦੀ ਨਜ਼ਰ ਰੋਟੀਆਂ ਤੇ ਹੁੰਦੀ ਹੈ, ਪਰ ਸੱਚੀ ਭਗਤੀ ਵਿਚ ਸਿੱਖ ਸਿੱਖਦਾ ਹੈ ਤੇ ਗੁਰਮੁਖ ਸਿਖਾਉਂਦਾ ਹੈ, ਦੋਹਾਂ ਦੀ ਦ੍ਰਿਸ਼ਟੀ ਨਿਰੰਕਾਰ ਦੀ ਪ੍ਰਾਪਤੀ ਤੇ ਹੁੰਦੀ ਹੈ।

ਸੂਐ ਚਾੜਿ ਭਵਾਈਅਹਿ ਜੰਤ ॥
ਨਾਨਕ ਭਉਦਿਆ ਗਣਤ ਨ ਅੰਤ ॥

ਨਹੀਂ ਲੈਂਦੀਆਂ[੧]। ਸੂਏ ਤੇ ਚਾੜ੍ਹ ਕੇ ਜੰਤ ਭੁਆਈ ਦੇ ਹਨ[੨]। (ਸੋ ਹੇ) ਨਾਨਕ! ਭਉਣ ਵਾਲਿਆਂ ਦੀ ਗਿਣਤੀ ਦਾ ਅੰਤ ਨਹੀਂ।

ਬੰਧਨ ਬੰਧਿ ਭਵਾਏ ਸੋਇ ॥
ਪਇਐ ਕਿਰਤਿ ਨਚੈ ਸਭੁ ਕੋਇ ॥

(ਜਿਨ੍ਹਾਂ) ਬੰਧਨਾਂ (ਵਿਚ ਏਹ ਸਾਰੇ) ਬੱਧੇ ਹੋਏ ਹਨ ਓਹੋ ਬੰਧਨ (ਇਨ੍ਹਾਂ ਨੂੰ) ਭੁਆ ਰਹੇ ਹਨ[੩]। (ਅਰਥਾਤ) ਕਿਰਤ[੪] (ਦੇ ਬੰਧਨ) ਵਿਚ ਪੈ ਕੇ ਸਭ ਕੋਈ ਨੱਚ ਰਿਹਾ ਹੈ (ਪਰ ਜਿਨ੍ਹਾਂ ਦਾ ਕਮਾਮ) ਨੱਚ ਨੱਚ ਕੇ (ਰੋਜ਼ੀ ਪੈਦਾ ਕਰਨ ਦਾ ਹੋ ਗਿਆ ਹੈ, ਅਰਥਾਤ ਰਾਸਧਾਰੀਏ ਹੋ ਗਏ ਹਨ ਓਹ ਭਾਵੇਂ ਨਕਲੀ ਹਾਸੇ) ਹੱਸ ਲੈਣ (ਅੰਤ ਨੂੰ ਓਹ ਏਥੋਂ) ਰੋ ਕੇ ਟੁਰਨਗੇ। ਨਾ ਉੱਡ ਕੇ (ਕਿਤੇ) ਪਹੁੰਚ ਪੈਣਗੇ ਤੇ ਨਾ ਕਿਸੇ ਸਿਧੀ ਨੂੰ ਪ੍ਰਾਪਤ ਹੋਣਗੇ[੫]।

ਨਚਿ ਨਚਿ ਹਸਹਿ ਚਲਹਿ ਸੇ ਰੋਇ॥
ਉਡਿ ਨ ਜਾਹੀ ਸਿਧ ਨ ਹੋਹਿ॥
ਨਚਣੁ ਕੁਦਣੁ ਮਨ ਕਾ ਚਾਉ॥

(ਕਿਉਂਕਿ) ਇਹਨਾਂ ਦਾ ਨੱਚਣਾ ਕੁਦਣਾ (ਕਿਸੇ ਭਾਉ ਭਗਤੀ ਲਈ ਨਹੀਂ, ਇਹ ਤਾਂ ਐਵੇਂ ਇਕ) ਮਨ ਦਾ ਪਰਚਾਵਾ ਹੈ।

---

੧. 'ਪੰਖੀ' ਦਾ ਸੰਪ੍ਰਦਾਈ ਭਾਵ ਏਥੇ 'ਇੱਲਾਂ' ਹੈ, ਜੋ ਇਕੋ ਸਾਹ ਚੱਕ੍ਰਾਕਾਰ ਭਉਂਦੀਆਂ ਉਡਦੀਆਂ ਰਹਿੰਦੀਆਂ ਹਨ। ਉਡਦੀਆਂ ਨਹੀਂ ਮਾਨੋਂ ਮੁਰਦਾ ਤਾਰੀ ਤਰਨ ਵਾਲੇ ਤਾਰੂ ਵਾਂਙੂ ਹਵਾ ਵਿਚ ਬਿਨਾ ਖੰਭ ਮਾਰੇ ਤਰਦੀਆਂ ਹਨ ਤੇ ਇਸ ਤਰ੍ਹਾਂ ਦੀ ਤਾਰੀ ਵਰਗੀ ਉਡਾਰੀ (gliding) ਉਹਨਾਂ ਦੀ ਗੋਲ ਚੱਕ੍ਰਾਕਾਰ ਹੁੰਦੀ ਹੈ, ਜਿਸ ਨੂੰ 'ਭਉਦੀਆਂ' ਲਿਖਿਆ ਹੈ। ਇਥੇ ਭਉਂਦੀਆਂ ਪਦ ਇਸਤ੍ਰੀ ਲਿੰਗ ਵਰਤਿਆ ਹੈ ਸ਼ਬਦ ਦੇ ਅਰਥ ਹਿਤ। ਇਸ ਲਈ ਪੰਖੀ ਪਦ ਪੁਲਿੰਗ ਨਹੀਂ ਤੇ ਇੱਲ ਭਾਵ ਲੈਣਾ ਵਧੇਰੇ ਦਰੁਸਤ ਹੈ। (ਅ) ਅਨਲ ਪੰਛੀ ਬੀ ਭਾਵ ਲੈ ਲੈਂਦੇ ਹਨ ਜੋ ਭਉਂਦਾ ਹੀ ਰਹਿੰਦਾ ਹੈ ਕਦੀ ਹੇਠ ਨਹੀਂ ਆਉਂਦਾ। ਯਥਾ– ਅਨਲ ਅਕਾਸ਼ ਪੰਛੀ ਡੋਲਬੋ ਕਰਤ ਹੈ। (ਅਕਾਲ ਉਸਤਤ)। (ੲ) ਕੂੰਜਾਂ ਚਿੜੀਆਂ, ਭੰਬੀਰੀਆਂ ਬੀ ਅਰਥ ਲਾ ਲੈਂਦੇ ਹਨ।

੨. ਇਸ ਦੇ ਕਈ ਭਾਵ ਲੈਂਦੇ ਹਨ ਇਕ ਜੰਤ ਦਾ ਅਰਥ ਜੀਵ ਕਰਕੇ ਤੇ ਇਕ ਜੰਤ੍ਰ (ਯੰਤ੍ਰ) ਕਰਕੇ। ਜੀਵ ਕਰਕੇ-ਬਾਜ਼ੀਗਰ ਪਿੱਠ ਸੀਖ ਤੇ ਟਿਕਾ ਕੇ ਭਉਂਦੇ ਹਨ। ਦੱਖਣ ਵਿਚ ਮੂਆ ਦੇਵੀ ਦੇ ਅੱਗੇ ਸੁਖਣਾਂ ਦੇ ਬੱਚਿਆਂ ਨੂੰ ਪਿੱਠ ਸੀਖ ਤੇ ਟਿਕਾ ਕੇ ਭੁਆਉਂਦੇ ਹਨ। ਬੱਚੇ ਬਿੰਡੇ ਆਦਿ ਜੀਵਾਂ ਨੂੰ ਮੂਲਾਂ ਤੇ ਰੱਖ ਕੇ ਭੁਆਉਂਦੇ ਹਨ। ਜੰਤ੍ਰ ਕਰਕੇ-ਇਕ ਵਡੇ ਸੂਏ ਤੇ ਇਕ ਚਕ੍ਰਾਕਾਰ ਹਿੰਡੋਲਾ ਭੁਆਉਂਦੇ ਹਨ, ਜਿਸ ਪਰ ਬੱਚੇ ਬੈਠ ਕੇ ਸੁਆਦ ਲੈਂਦੇ ਹਨ, ਇਸ ਨੂੰ ਪੰਘੂੜਾ ਬੀ ਕਹਿੰਦੇ ਹਨ। ਇਕ ਜੰਗਮ ਜੇਹੇ ਫਕੀਰ ਇਕ ਨੋਕਦਾਰ ਸੀਖ ਤੇ ਥਾਲੀ ਰੱਖ ਕੇ ਭੁਆਂਦੇ ਹਨ ਤੇ ਉੱਚੀ ਸੁੱਟ ਕੇ ਫੇਰ ਉਸ ਨੋਕ ਤੇ ਲੈ ਲੈਂਦੇ ਹਨ ਤੇ ਥਾਲੀ ਭਉਂਦੀ ਰਹਿੰਦੀ ਹੈ। ਸੀਖ ਤੇ ਪਿੱਠ ਟਿਕਾ ਕੇ ਦੋਸ਼ੀਆਂ ਨੂੰ ਭੁਆਉਣਾ ਕਿ ਜੁਰਮ ਦਾ ਕਰਾਰ ਕਰ ਲੈਣ ਲਈ ਬੀ ਪਿਛਲੇ ਸਮੇਂ ਹੁੰਦਾ ਸੀ। ਖਰਾਦ ਯੰਤ੍ਰ ਦੇ ਦੋ ਸੂਇਆਂ ਵਿਚ ਸ਼ੈ ਫਸਾ ਕੇ ਘੁਮਾਉਂਦੇ ਤੇ ਖਰਾਦਦੇ ਹਨ।

੩. ਜੋ ਬੀ ਚੀਜ਼ ਬੰਧਨ ਵਿਚ ਬੱਧੀ ਭੌਂ ਰਹੀ ਹੈ ਮੁਕਤ ਨਹੀਂ ਹੋ ਸਕਦੀ।

੪. ਕਿਰਤ=ਰੋਜ਼ੀ। ਜੈਸਾ ਕਿ ਪਿਛੇ ਫਰਮਾ ਆਏ ਹਨ:- 'ਰੋਟੀਆਂ ਕਾਰਣ ਪੂਰਹਿ ਤਾਲ'। (ਅ) ਇਉਂ ਬੀ ਅਰਥ ਲਾ ਲੈਂਦੇ ਹਨ ਜੀਵ ਨੂੰ ਓਹ (ਕਰਤਾਰ ਪ੍ਰਾਰਬਧ ਦੇ) ਬੰਧਨ ਵਿਚ ਭੁਔਂਦਾ ਹੈ। ਅਪਣੀ ਕੀਤੀ ਕਰਤੂਤ ਦੇ ਅਨੁਸਾਰ ਸਭ ਕੋਈ ਨੱਚ ਰਿਹਾ ਹੈ।

੫. ਉਡ ਜਾਣ ਦਾ ਇਸ਼ਾਰਾ ਰਾਸਾਂ ਦੀ ਫਲ ਪ੍ਰਾਪਤੀ ਵਲ ਹੈ ਜੋ ਉਹ ਲੋਕ ਰਾਮ ਕ੍ਰਿਸ਼ਨ ਆਦਿ ਦਿਖਾ ਕੇ ਲੋਕਾਂ ਦਾ ਪ੍ਰਾਪਤ ਹੋਣਾ ਮੰਨਦੇ ਹਨ। ਗੁਰੂ ਜੀ ਦੱਸਦੇ ਹਨ ਕਿ ਇਹ ਰਾਸਾਂ ਉਸ ਮਨੌਤ ਨੂੰ ਸਫਲ ਨਹੀਂ ਕਰਦੀਆਂ। ਲੋਕ ਪ੍ਰਾਪਤੀ ਤੋਂ ਅੱਗੇ ਕੇਵਲ ਮੁਕਤੀ ਦਾ ਫਲ ਮੰਨਿਆਂ ਹੈ, ਇਹ ਭਾਵ 'ਸਿਧ ਨ ਹੋਇ' ਦਾ ਹੈ ਕਿ ਉਹ ਬੀ ਸਫਲ ਨਹੀਂ ਹੁੰਦਾ।

ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥੨॥

(ਭਗਤੀ ਵਿਚ ਅਦਬ ਲੋੜੀਂਦਾ ਹੈ, ਪਰ ਇਹ ਤਾਂ ਰਾਮ ਕ੍ਰਿਸ਼ਨ ਅਪਣੇ ਇਸ਼ਟ ਦੀਆਂ ਨਕਲਾਂ ਕਰਕੇ ਬੇਅਦਬ ਹੁੰਦੇ ਹੁੰਦੇ ਭੈ ਰਹਿਤ ਹੋ ਜਾਂਦੇ ਹਨ) ਹੇ ਨਾਨਕ! ਪ੍ਰੇਮ ਤਾਂ ਉਹਨਾਂ ਦੇ ਮਨ ਉਪਜਦਾ ਹੈ ਜਿਨ੍ਹਾਂ ਦੇ ਮਨ (ਪਰਮੇਸ਼ੁਰ ਦਾ) ਭੈ (=ਅਦਬ) ਹੁੰਦਾ ਹੈ[1]॥੨॥

ਪਿਛਲੇ ਅੰਕ ਵਿਚ ਰਾਸਧਾਰੀਆਂ ਦੀ ਧਾਰਮਕ ਨੁਕਤੇ ਤੋਂ ਨਿਖੇਧੀ ਕਰ ਆਏ ਹਨ ਤੇ ਦੱਸ ਆਏ ਹਨ ਕਿ ਨਕਲ ਉਤਾਰਨ ਵਿਚ ਬੇਅਦਬੀ ਹੋਣ ਕਰਕੇ ਇਸ ਤਰ੍ਹਾਂ ਰਾਸ ਭਗਤੀ ਭਾਵ ਤੋਂ ਊਣੀ ਰਹਿ ਜਾਂਦੀ ਹੈ। ਅਗਲੀ ਪਉੜੀ ਵਿਚ ਉਸੇ ਚੀਜ਼ ਦੀ ਨਿਖੇਧੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਰਣਨ ਹੋਈ ਹੈ, ਜਿਸ ਵਿਚ ਦੱਸਿਆ ਹੈ ਕਿ ਰਾਸਧਾਰੀਏ ਰਾਮ ਕ੍ਰਿਸ਼ਨ ਆਦਿਕ ਦੇ ਸਾਂਗ ਉਤਾਰਕੇ ਪਰਮੇਸ਼ੁਰ ਦੇ ਸਾਕਾਰ ਰੂਪ ਦੀ ਨਕਲ ਉਤਾਰਦੇ ਹਨ, ਇਹ ਨਿਸਫਲ ਯਤਨ ਹੈ। ਉਸ ਦਾ ਸ਼ੁੱਧ ਸਰੂਪ ਨਿਰੰਕਾਰ ਹੈ ਅਰਥਾਤ ਆਕਾਰ ਰਹਿਤ ਤੇ ਉਸ ਦੇ ਏਸੇ ਸਰੂਪ ਦੀ ਆਰਾਧਨਾ ਹੋਣੀ ਚਾਹੀਦੀ ਹੈ। ਉਸ ਦੀ ਅਸਲੀ ਉਪਾਸਨਾ ਉਸ ਦੀ ਨਾਮ ਆਰਾਧਨਾ ਹੈ ਨਾ ਕਿ ਰਾਸਧਾਰੀ ਨਕਲ। ਫੇਰ ਰਾਸਧਾਰੀਏ ਜੋ ਨਕਲ ਉਤਾਰਦੇ ਹਨ ਉਹ ਦਾਨ ਲੈਣ ਦੀ ਖ਼ਾਤਰ ਹੁੰਦੀ ਹੈ, ਹਾਲਾਂਕਿ ਚੰਗੀ ਗੱਲ ਇਹ ਹੈ ਕਿ ਕਿਰਤ ਕਮਾਈ ਕਰਕੇ ਦਾਨ ਦੇਵੇ, ਲਵੇ ਨਾ। ਦਾਨ ਦੀ ਵਿਧਿ ਇਹ ਹੈ, ਸਭ ਕੁਝ ਪਰਮੇਸ਼ੁਰ ਦਾ ਸਮਝੇ। ਏਸ ਸਮਝ ਨਾਲ ਦਾਨ ਦੇਵੇ। ਦੇ ਕੇ ਫੇਰ ਨਿੰਮ੍ਰਤਾ ਨਹੀਂ ਤੇ ਹੰਕਾਰ ਵਿਚ ਹੈ ਤਾਂ ਇਹ ਹੰਕਾਰ ਵਿਅਰਥ ਹੈ। ਕਾਲ ਦੇ ਅੱਗੇ ਸਭ ਨੂੰ ਝੁਕਣਾ ਪੈਂਦਾ ਹੈ, ਉਸ ਨੂੰ ਕੋਈ ਧੋਖਾ ਨਹੀਂ ਦੇ ਸਕਦਾ। ਇਹ ਸਿੱਧਾਂਤ ਅਗਲੀ ਪਉੜੀ ਵਿਚ ਹੈ।

ਪਉੜੀ ॥
ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥

(ਸਾਕਾਰ ਸਭ ਨਾਸ਼ਵੰਤ ਹਨ, ਨਿਰਾਕਾਰ ਅਵਿਨਾਸ਼ੀ ਹੈ)[2]; ਤੂੰ ਨਿਰਾਕਾਰ ਹੈਂ ਤੇਰਾ ਨਾਮ ਲਿਆਂ ਨਰਕ ਵਿਚ ਨਹੀਂ ਜਾਈਦਾ (ਤੈਂ ਨਿਰੰਕਾਰ ਦੇ ਪਾਸ ਜਾਈਦਾ ਹੈ) ਸਰੀਰ ਤੇ ਜੀਵ (ਜਿਸ ਨੂੰ ਅਸੀਂ ਆਪਣਾ ਸਮਝਦੇ ਹਾਂ) ਸਾਰਾ ਕੁਛ ਉਸੇ (ਨਿਰੰਕਾਰ) (ਦਾ ਦਿੱਤਾ ਹੋਯਾ ਹੈ) (ਸੋ ਜੋ ਕੁਛ ਸਾਡੇ ਪਾਸ ਹੈ ਉਹ ਬੀ ਉਸੇ ਦਾ ਹੋਇਆ, ਉਸ ਵਿਚੋਂ) ਵੰਡ ਕੇ ਖਾਈਏ[3] (ਫਿਰ ਵੰਡ ਕੇ ਕਹੀਏ ਨਾ ਕਿ ਮੈਂ ਦਿੱਤਾ ਹੈ ਕਿਉਂਕਿ ਹੈਸੀ ਜੋ ਸਭ ਕੁਛ ਓਸੇ ਦਾ, ਸੋ ਇਉਂ) ਕਹਿਣ ਨਾਲ (ਫਲ) ਗੁਆ ਲਈਦਾ ਹੈ। ਜੇ (ਹੁਣ ਅਸੀਂ) ਆਪਣਾ ਭਲਾ ਚਾਹੁੰਦੇ ਹਾਂ (ਤਾਂ ਇਹ ਸੁਭਾਵ ਬਣਾਈਏ ਕਿ) ਪੁੰਨਾਂ ਨੂੰ ਕਰਦੇ ਹੋਏ (ਫੇਰ) ਨੀਚ ਸਦਵਾਈਏ। (ਹੁਣ ਵੇਲਾ ਹੈ ਇਹਨਾਂ ਦੋ ਕੰਮਾਂ-ਨਾਮ ਤੇ ਦਾਨ-ਦੇ

---

੧. ਬਾ ਅਦਬ ਬਾਸ਼ੰਦ ਦਾਯਮ ਬਾ ਅਦਬ (ਭਾ: ਨੰਦ ਲਾਲ)

੨. ਗੁਰੂ ਸਾਹਿਬ ਦਾ ਭਗਤੀ ਮਾਰਗ ਨਿਰਕਾਰ ਹੈ। ਸਾਕਾਰ ਉਪਾਸਨਾ ਦੇ ਗਿਰਾਉ ਵਿਚ ਚਲੇ ਗਏ ਸਾਮਾਨ ਦੀ ਨਿਸ਼ਫਲਤਾ ਵਰਣਨ ਹੋ ਰਹੀ ਹੈ।

੩. ਦੇ ਖਾਜੈ=ਦੇ ਕੇ (ਵੰਡ ਕੇ) ਖਾਈਏ।

**ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥**
**ਕੋ ਰਹੈ ਨ ਭਰੀਐ ਪਾਈਐ ॥੫॥**

ਕਰਨ ਦਾ,) ਮਤ ਜਾਣ (ਕਿ ਕਿਸੇ ਗਲੇ[1]) ਜ਼ਾਲਮ (ਕਾਲ ਤੈਨੂੰ) ਛੱਡ ਜਾਏਗਾ, (ਪ੍ਰਤੱਖ ਦੇਖ ਲੈ ਕਿ ਕਾਲ ਦੀ ਹਲਕਾਰਣ) ਬ੍ਰਿਧ ਅਵਸਥਾ[2] (ਆਪਣਾ) ਵੇਸ[3] ਧਾਰਦੀ ਹੋਈ (ਤੁਰੀ) ਆ ਰਹੀ ਹੈ (ਤੇ ਤੇਰੀ ਕੋਈ ਪੇਸ਼ ਨਹੀਂ ਜਾ ਰਹੀ[4]। (ਨਿਸਚੇ ਹੈ ਕਿ ਇਸ ਜਗਤ ਵਿਚ ਉਮਰਾ ਦਾ) ਪੈਮਾਨਾ[5] ਪੂਰਾ ਹੋ ਜਾਣੇ ਤੇ ਕੋਈ ਨਹੀਂ ਰਹਿੰਦਾ॥੫॥

ਪਿਛਲੇ ਸਲੋਕਾਂ ਵਿਚ ਭਗਤੀ ਦਾ ਜੋ ਗਿਰਾਉ ਰਾਸਾਂ ਤੇ ਲੀਲਾ ਵਿਚ ਹੋਯਾ ਸੀ ਉਹ ਦੱਸਿਆ ਹੈ। ਪਉੜੀ ਵਿਚ ਸੱਤਜ ਮਾਰਗ-ਨਿਰਗੁਨ ਉਪਾਸਨਾ ਤੇ ਨਿਸ਼ਕਾਮ ਦਾਨ ਦਾ-ਦੱਸਿਆ ਸੀ। ਇਸ ਅਗਲੇ ਸਲੋਕ ਵਿਚ ਮੁਸਲਮਾਨਾਂ, ਹਿੰਦੂਆਂ, ਹੋਰ ਮੱਤਾਂ ਦੇ ਆਦਰਸ਼ਾਂ ਤੇ ਉਹਨਾਂ ਤੋਂ ਗਿਰਾਉ ਦਾ ਨਕਸ਼ਾ ਖਿੱਚ ਕੇ ਤੇ ਗੁਣਹੀਨਾਂ ਦਾ ਕਥਨ ਕਰਦੇ ਅੰਤ ਵਿਚ ਸੱਚੇ ਵਾਹਿਗੁਰੂ ਪ੍ਰੇਮੀਆਂ ਦਾ ਲੱਛਣ ਦੱਸਦੇ ਹਨ।

**ਸਲੋਕ ਮਃ ੧ ॥ ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥**

ਮੁਸਲਮਾਨ ਵਿਚ ਸ਼ਰੀਅਤ ਦੀ ਸਿਫਤ ਕੀਤੀ ਜਾਂਦੀ ਹੈ, ਓਹ ਸ਼ਰਹ ਫ਼ਿਕਰ ਦੇ ਪੁਸਤਕ) ਪੜ੍ਹਦੇ (ਤੇ ਉਸ ਦੀ) ਵੀਚਾਰ ਕਰਦੇ ਰਹਿੰਦੇ ਹਨ। (ਤੇ ਕਹਿੰਦੇ ਹਨ ਕਿ ਜੋ ਸ਼ਰਹ ਦੀ) ਕੈਦ ਵਿਚ ਸਾਂਈਂ ਦਾ ਦੀਦਾਰ ਦੇਖਣੇ ਲਈ ਪੈਂਦੇ ਹਨ ਉਹੋ ਹੀ ਬੰਦੇ ਹਨ[6]। ਸਾਡੇ)

---

੧. ਤੰਤ੍ਰ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ॥ (ਆਸਾ ਕਬੀਰ ਜੀ।)

੨. ਜਰੁ=ਜਰਾ। ਅਖਜਾਣਕਾਂ ਵਿਚ 'ਜਰਾ' ਨਾਮ ਕਾਲ ਦੀ ਧੀ ਦਾ ਹੈ ਜੋ ਸਾਰੇ ਰੋਗਾਂ ਦੇ ਸਣੇ ਸਰੀਰ ਨੂੰ ਜੀਰਣ ਕਰਦੀ ਤੇ ਕਾਲ ਗ੍ਰਾਸ ਵਿਚ ਪਾਉਂਦੀ ਹੈ। ਜਰਾ ਪਦ ਇਸਤ੍ਰੀਲਿੰਗ ਹੈ, ਇਸ ਕਰਕੇ 'ਕਰੇਦੀ' ਇਸਤ੍ਰੀ ਲਿੰਗ ਕ੍ਰਿਯਾ ਵਰਤੀ ਗਈ ਹੈ।

੩. ਬ੍ਰਿਧ ਅਵਸਥਾ ਦਾ ਵੇਸ ਹੈ- ਚਿੱਟੇ ਕੇਸ ਤੇ ਚਿੱਟਾ ਦਾੜ੍ਹਾ, ਸਰੀਰ ਤੇ ਝੁਰੀਆਂ, ਅੰਗਾਂ ਵਿਚ ਨਤਾਕਤੀ, ਦੰਦਾਂ ਦਾ ਘਸਣਾ ਤੇ ਟੁੱਟਣਾ, ਨਜ਼ਰ ਦਾ ਹੁੱਟਣਾ ਆਦਿ।

੪. ਇਉਂ ਬੀ ਅਰਥ ਲਾਉਂਦੇ ਹਨ: ਜੋ (ਜਰਾ+ਬਾਣਾ) ਬੁਢਾਪੇ ਦਾ ਵੇਸ- ਚਿੱਟੇ ਕੇਸ- ਕੋਈ ਦੂਰ ਕਰ ਦੇਵੇ ਕਲਫ ਆਦਿ ਲਾ ਕੇ ਤਾਂ ਬੁਢੇਪਾ ਹੋਰ ਵੇਸ ਕਰੀ ਆਉਂਦਾ ਹੈ। ਪਰ ਪਉੜੀ ਵਿਚ ਚੱਲ ਰਹੀ ਮੁਰਾਦ ਦੱਸਦੀ ਹੈ ਕਿ 'ਜੇ' ਦਾ ਭਾਵ 'ਮਤੇ ਜਾਣੇ' ਯਾ 'ਮਤ ਜਾਣ' ਤੋਂ ਹੈ। 'ਜੇ' ਪਦ ਦਾ ਅਰਥ 'ਕਿਵੇਂ' ਤੇ 'ਮਤੇ' ਆਦਿ ਬੀ ਹੁੰਦਾ ਹੈ।

੫. ਅਗਲੇ ਸਮੇਂ ਦਾਣੇ ਮਿਣ ਕੇ ਵੇਚਦੇ ਸਨ, ਤੋਲਣਾ ਪਿੱਛੋਂ ਚੱਲਿਆ ਹੈ। 'ਪਾਈ ਇਕ ਮਿਣਤੀ ਦੇ ਭਾਂਡੇ ਦਾ ਨਾਮ ਸੀ ਜਿਸ ਨੂੰ ਟੋਪਾ ਤੇ ਪੜੋਪਾ ਆਖਦੇ ਸਨ! ਸ੍ਰੀ ਮਾਨ ਸੰਤ ਫਤਹ ਚੰਦ ਜੀ ਸੰਪ੍ਰਦਾਈ ਗਿਆਨੀ 'ਪਾਈ' ਪਦ ਦਾ ਦੂਸਰਾ ਅਰਥ 'ਜਲ ਘੜੀ' ਯਾ ਬੇਲੀ ਬੀ ਕਰਦੇ ਹੁੰਦੇ ਸਨ, ਜਿਸ ਦੇ ਪਾਣੀ ਨਾਲ ਭਰੀ ਜਾ ਕੇ ਡੁਬ ਜਾਣ ਤੋਂ ਲੋਕ ਵਕਤ ਦੀ ਗੇਣਤੀ ਕਰਦੇ ਹੁੰਦੇ ਸਨ। ਇਹ ਜਦ ਭਰ ਜਾਂਦੀ ਹੈ ਤਾਂ ਆਪੇ ਡੁੱਬ ਜਾਂਦੀ ਹੈ।

੬. ਇਸ ਦਾ ਅਰਥ ਐਉਂ ਬੀ ਹੈ 'ਪਰ ਰੱਬ ਦੇ ਬੰਦੇ ਓਹ ਹਨ ਜੋ ਦੀਦਾਰ ਦੇਖਣ ਲਈ ਬੰਦਗੀ ਵਿਚ ਪੈਂਦੇ ਹਨ!' ਪਰ ਇਸ ਸਲੋਕ ਵਿਚ ਨਿਜ ਸਿਧਾਂਤਾਤਮਿਕ ਬਚਨ ਸਮੁੱਚਾ ਅਖੀਰ ਤੇ ਆਉਂਦਾ ਹੈ, ਵਿਚ ਵਿਚ ਨਹੀਂ ਆਉਂਦਾ! ਤਾਂਤੇ ਇਸ ਦੇ ਅਰਥ ਬੀ ਪਹਿਲੀ ਤੁਕ ਦੇ ਖਯਾਲ ਦੀ ਲੜੀ ਦੇ ਜਾਰੀ ਰਹਿਣ ਵਾਲੇ ਹਨ। ਭਾਈ ਗੁਰਦਾਸ ਜੀ ਇਸ ਸ਼ਰਈ ਬੰਦਸ਼ ਦਾ ਵੇਰਵਾ ਦੇਂਦੇ ਹਨ 'ਰੋਜ਼ੇ, ਈਦ, ਨਿਮਾਜ ਕਰਿ ਕਰਮੀ ਬੰਦਿ ਕੀਆ ਸੰਸਾਰਾ'॥(ਵਾਰ ੧-੨੦)। ਸੋ ਭਾਵ ਇਹ ਹੈ ਕਿ ਮੁਸਲਮਾਨ ਦੀ ਆਦਤ ਸ਼ਰਅ ਦੀ ਸਿਫ਼ਤ ਕਰਨ, ਪੜ੍ਹਨ, ਵੀਚਾਰਨ ਤੇ ਇਸ ਵਿਚ ਜਕੜਬੰਦ ਹੋਣ ਦੀ ☞

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥

ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥

ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

ਸਲਾਹੁਣ ਯੋਗ (ਨਿਰੰਕਾਰ) ਨੂੰ ਹਿੰਦੂ ਬੀ ਸਲਾਹੁੰਦੇ ਹਨ, ਦਰਸ਼ਨ (ਸ਼ਾਸਤ੍ਰ) ਦੁਆਰਾ (ਉਸਨੂੰ) ਰੂਪ ਵਿਚ ਅਪਾਰ (ਦੱਸਦੇ ਹਨ, ਭਾਵ ਨਿਰਗੁਣ ਵਰਣਨ ਕਰਦੇ ਹਨ ਪ੍ਰੰਤੂ ਫੇਰ) ਤੀਰਥਾਂ ਤੇ ਨ੍ਹਾਉਂਦੇ ਹਨ, (ਮੂਰਤੀਆਂ ਦੀ ਪੂਜਾ ਅਰਚਨਾ (ਕਰਦੇ ਹਨ ਤੇ) ਅਗਰ (ਆਦਿ ਧੁਖਾਕੇ) ਵਾਸ਼ਨਾ (=ਖੁਸ਼ਬੋ) ਦੇਂਦੇ (ਤੇ ਹੋਰ ਚੰਦਨ ਅਤਰ ਆਦਿ ਦੀ) ਮਹਿਕਾਰ ਦੇਂਦੇ ਹਨ[1] (ਭਾਵ ਨਿਰਗੁਣ ਨੂੰ ਜਾਣਦੇ ਹੋਏ ਕਰਮਕਾਂਡ ਵਿਚ ਫਸੇ ਪਏ ਮੂਰਤੀਆਂ ਦੀ ਪੂਜਾ ਕਰਦੇ ਹਨ)। ਜਿਤਨੇ ਜੋਗੀ ਹਨ (ਭਾਵ ਜਤਨ ਤਾਂ) ਸੁੰਨ ਵਿਚ (ਟਿਕਣ ਦਾ ਕਰਦੇ ਹਨ ਪਰ ਇਹ ਜਤਨ ਚੂੰਕਿ) ਧਿਆਨ ਦ੍ਵਾਰਾ ਹੁੰਦਾ ਹੈ (ਇਸ ਕਰਕੇ ਜੋ ਵੀ ਚੀਜ਼ ਉਹ ਸਾਖਜਾਤਕਾਰ ਕਰਨਗੇ ਉਹ ਚਾਹੇ ਕਿੱਡੀ ਹੀ) ਸੂਖਮ ਸ਼ਕਲ ਦੀ (ਕਿਉਂ ਨਾ ਹੋਵੇ ਉਹ ਜ਼ਰੂਰ) ਕਾਇਆ ਦੇ ਆਕਾਰ ਵਾਲੀ ਹੋਵੇਗੀ; ਨਾਮ (ਚਾਹੇ ਉਸ) ਕਰਤਾਰ ਦਾ ਓਹ ਨਿਰੰਜਨ (ਨਿਰਾਕਾਰ) ਤੇ ਅਲਖ (ਆਦ ਰੱਖ ਲੈਂਦੇ ਹਨ)[2]। ਦਾਨੀਆਂ ਦੇ ਮਨ ਵਿਚ ਦਾਨ ਦੇਣ ਦੇ ਵੀਚਾਰ ਨਾਲ (ਅਪਣੇ ਲਈ ਘੱਟ ਖਰਚ ਕਰਨੇ ਦਾ) ਸੰਤੋਖ ਉਪਜਦਾ ਹੈ। (ਪਰ ਦਾਨ) ਦੇ ਦੇ ਕੇ (ਵਾਹਿਗੁਰੂ ਤੋਂ ਓਹ) ਹਜ਼ਾਰ ਗੁਣਾਂ (ਫਲ) ਮੰਗਦੇ ਹਨ (ਤੇ ਨਾਲ ਹੀ ਮੰਗਦੇ ਹਨ ਕਿ) ਸੰਸਾਰ ਸਾਡੀ ਸੋਭਾ ਕਰੇ।

(ਹੁਣ ਤਾਈਂ ਧਰਮ ਅਵਿਲੰਬੀਆਂ ਦੀ ਤਸਵੀਰ ਖਿੱਚੀ ਜਾਂਦੀ ਰਹੀ ਹੈ, ਹੁਣ ਅਧਰਮ ਵਿਚ ਪਰਵਿਰਤਾ ਦੀ ਤਸਵੀਰ ਵਾਹੁੰਦੇ ਹਨ:)

---

੧. ਮੂਰਤੀਆਂ ਉਤੇ ਚੰਦਨ ਕੇਸਰ ਛਿੜਕਣੇ, ਘੰਟੀਆਂ ਖੜਕਾ ਕੇ ਹੋਰ ਪੂਜਾ ਦੇ ਸਾਮਾਨ ਅੱਗੇ ਧਰਕੇ ਜੋ ਅਰਾਧਨਾ ਕਰਨੀ ਹੈ ਸੋ ਅਰਚਨ ਹੈ। ਬਹਿਕਾਰ=ਮਹਿਕਾਰ। (ਅ) 'ਕਾਰ ਕੱਢ ਕੇ ਬੈਠਦੇ ਹਨ' ਬੀ ਅਰਥ ਕਰ ਲੈਂਦੇ ਹਨ।

੨. ਇਸ ਵਿਚੋਂ ਇਹ ਗੱਲ ਨਿਕਲਦੀ ਹੈ ਕਿ ਜਿਸ ਨੂੰ ਅਲਖ ਨਿਰੰਜਨ ਕਹਿੰਦੇ ਹਨ ਤੇ ਸੁੰਨ ਦੱਸਦੇ ਹਨ ਉਸ ਦਾ ਮਨ ਵਿਚ ਧਜਾਨ ਧਰਦੇ ਹਨ। ਮਨ ਦੇ ਧਜਾਨ ਵਿਚ ਚਾਹੇ ਕਿੰਨੀ ਸੂਖਮ ਸ਼ੈ ਹੋਵੇ ਉਹ ਮੂਰਤੀ ਅਖਤਜਾਰ ਕਰੇਗੀ ਕਾਯਾਂ ਦੇ ਆਕਾਰ ਦੀ। ਕਿਉਂਕਿ ਜੋ ਕੁਝ ਦਿੱਸਦਾ ਹੈ ਯਾ ਮਨ ਵਿਚ ਖੱੜਦਾ ਹੈ ਸੋ ਦੇਸ਼ ਕਾਲ ਵਾਲਾ ਹੁੰਦਾ ਹੈ, ਮਨ ਜੋ ਦੇਸ਼ ਕਾਲ ਵਾਲਾ ਹੋਇਆ। ਇਹ ਬੀ ਕਈ ਦੱਸਦੇ ਹਨ ਕਿ ਜੋਗੀ ਧਜਾਨ ਆਕਾਰ ਦਾ ਧਾਰਦੇ ਹਨ।

ਹੋ ਗਈ ਹੈ। ਚਾਹੀਦਾ ਸੀ ਕਿ ਨਿਰੰਕਾਰ ਦੀ ਕੀਰਤੀ ਉਸ ਦਾ ਦੀਦਾਰ ਆਦਰਸ਼ ਬਣਦਾ ਤੇ ਸ਼ਰਅ ਇਕ ਵਸੀਲਾ ਬਣਦੀ ਨਾ ਕਿ ਸ਼ਰਅ ਅਤਣੀਆ ਫ਼ਰੁਈਆਤ ਵਿਚ ਨੱਪ ਲੈਂਦੀ।

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥

ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ॥

ਇਕ (ਐਸੇ ਹਨ ਜਿਨ੍ਹਾਂ ਨੇ ਪਿਛੇ ਕੁਛ ਭਲਾ ਕੀਤਾ ਸੀ ਉਹ ਉਹਨਾਂ ਪਾਸ ਕੁਛ ਰਾਸ ਸੀ ਉਹ) ਪੱਲੇ ਹੁੰਦੀ ਰਾਸ ਏਥੇ ਹੀ ਖਾ ਚੱਲੇ ਹਨ, (ਜਿਹਾ ਕੁ) ਚੋਰਾਂ ਯਾਰਾਂ, ਕੂੜਿਆਰਾਂ (ਹੋਰ ਅਨੇਕਾਂ) ਖਰਾਬੀਆਂ ਤੇ ਵਿਕਾਰਾਂ ਦੇ ਕਰਨ ਵਾਲਿਆਂ ਦੀ (ਕਰਨੀ ਕਰਤੂਤ ਹੈ), ਕੀ ਉਹਨਾਂ ਦੀ ਕਰਨੀ ਬੀ ਕੋਈ ਕਮਾਈ ਹੈ? (ਜੋ ਸਤੀਆਂ ਵਾਂਙ ਉਹਨਾਂ ਨੂੰ ਬੀ ਕੁਛ ਮਿਲੇ)। ਭਾਵ ਉਹ ਤਾਂ 'ਹੈ' ਬੀ ਨਹੀਂ ਤੇ 'ਸ਼ੂਨ' [=ਸਿਫ਼ਰ] ਵੀ ਨਹੀਂ, ਉਹ ਤਾਂ 'ਮਨਫੀਅਤ' [-] ਹੈ)। (ਹੁਣ ਉਸ ਸ੍ਰਿਸ਼ਟੀ ਵਲ ਦ੍ਰਿਸ਼ਟੀ ਦੇਂਦੇ ਹਨ ਜੋ ਇਨਸਾਨੀ ਸਮਾਲੋਚਨਾ ਤੋਂ ਪਰ੍ਹੇ ਹੈ-):

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥

ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

ਜਲ ਵਿਚ ਥਲ ਵਿਚ ਜੀਵ (ਹਨ, ਫਿਰ) ਪੁਰੀਆਂ ਦੇ ਲੋਕਾਂ (ਵਿਚ ਜੀਵ ਨਾਨਾ ਤਰ੍ਹਾਂ ਦੀਆਂ) ਸੂਰਤਾਂ ਸ਼ਕਲਾਂ ਵਾਲੇ ਹਨ! (ਹੇ ਕਰਤਾਰ!) ਜੋ ਕੁਛ ਓਹ ਆਖਦੇ ਹਨ, ਸੋ ਤੂੰ ਆਪ ਹੀ ਜਾਣਦਾ ਹੈਂ[1] ਤੇ ਉਹਨਾਂ ਨੂੰ ਬੀ ਤੇਰੀ ਸਾਰ ਹੈ? (ਇਹ ਗੱਲ ਬੀ ਤੂੰਹੋਂ ਜਾਣਦਾ ਹੈਂ)।

(ਹੁਣ ਉਹਨਾਂ ਦਾ ਜ਼ਿਕਰ ਕਰਦੇ ਹਨ, ਜੋ ਰਸਤੇ ਸਿਰ ਠੀਕ ਚੱਲ ਰਹੇ ਹਨ):-

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥

ਹੇ ਨਾਨਕ! (ਇਕ ਪਰਮੇਸ਼ੁਰ ਦੇ ਭਗਤ ਸੱਚੇ-ਭਗਤ ਹਨ, ਇਹਨਾਂ) ਭਗਤਾਂ ਨੂੰ ਵਾਹਿਗੁਰੂ ਦੀ ਗੁਣ ਕੀਰਤੀ ਦੀ ਭੁੱਖ (ਲੱਗੀ ਰਹਿੰਦੀ) ਹੈ (ਤੇ) ਸਤਜਨਾਮ ਉਹਨਾਂ ਦਾ ਆਧਾਰ ਹੁੰਦਾ ਹੈ (ਇਸ ਦੇ ਨਾਲ ਓਹ ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹਨ ਤੇ ਕਦਰਦਾਨ ਐਤਨੇ ਹੁੰਦੇ ਹਨ ਕਿ ਆਪਨੂੰ ਐਸੇ) ਗੁਣਵਾਨਾਂ ਦੇ ਪੈਰਾਂ ਦੀ ਖਾਕ ਸਮਝਦੇ ਹਨ[2], (ਇਹਨਾਂ ਤਿੰਨਾਂ[3] ਗੱਲਾਂ ਕਰਕੇ ਓਹ) ਦਿਨ ਰਾਤ (ਕੀਹ) ਸਦਾ ਅਨੰਦ ਰਹਿੰਦੇ ਹਨ[4] ॥੧॥

---

੧. ਆਸਾ ਦੀ ਵਾਰ ਪਉੜੀ ਅੱਠ ਦੇ ਪਹਿਲੇ ਸਲੋਕ ਵਿਚ ਇਹ ਗੱਲ ਦੱਸੀ ਹੈ:- ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥ ਸਗੋਂ ਇਹ ਬੀ ਫ਼ੁਰਮਾਯਾ ਹੈ- 'ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ॥' (ਪੰਨਾ-੪੨੫)

੨. ਐਸੇ ਗੁਣਵੰਤਿਆਂ ਦੇ ਪੈਰਾਂ ਦੀ ਧੂੜੀ ਮੈਂ ਮੰਗਦਾ ਹਾਂ' ਬੀ ਭਾਵ ਕਰ ਲੈਂਦੇ ਹਨ।

੩. ੧. ਸੱਚਾ ਨਾਮ। ੨. ਸਿਫਤ ਸਲਾਹ। ੩. ਸ਼ੁਭ ਗੁਣ।

੪. (ਅ) (ਪਰ ਪਰਮੇਸ਼ੁਰ ਨੂੰ ਪਿਆਰ ਕਰਨ ਵਾਲੇ ਚਾਹੇ ਕੋਈ ਹੋਣ ਉਸ ਦੇ ਭਗਤ ਹਨ) ਭਗਤਾਂ ਦਾ ਆਧਾਰ ਹੈ (ਵਾਹਿਗੁਰੂ ਦਾ) ਸੱਚਾ ਨਾਮ (ਪਰ ਇਹ ਆਧਾਰ ਐਸਾ ਹੈ ਕਿ ਓਹ ਨਾਮ ਰਸ ਲੈਂਦੇ ਹੋਏ ਬੀ ਉਸ ਦੀ) ਸਿਫਤ ਸਲਾਹ ਕਰਦੇ ਰੱਜਦੇ ਨਹੀਂ (ਉਹਨਾਂ ਦਾ ਪ੍ਰੇਮ ਭਾਵ ਸਦਾ ਉਮੰਗ ਤੇ ਉਤਸ਼ਾਹ ਵਿਚ ਰਹਿੰਦਾ ਹੈ ਜਿਸ ਨਾਲ ਓਹ) ਦਿਨੇ ਬੀ ਤੇ ਰਾਤੀਂ ਬੀ ਸਦਾ ਅਨੰਦ ਵਿਚ ਰਹਿੰਦੇ ਹਨ! (ਫਿਰ ਹੰਕਾਰ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ, ਓਹ ਇਸ ਪ੍ਰਕਾਰ ਦੇ ਗੁਰਮੁਖੀ) ਗੁਣਾਂ ਵਾਲਿਆਂ ਦੀ ਆਪ ਨੂੰ ਧੂੜ (ਸਮਝਦੇ ਹਨ)!

 www.sikhbookclub.com

ਮੁਸਲਮਾਨ ਮੁਰਦੇ ਦੱਬਦੇ ਹਨ ਤੇ ਹਿੰਦੂਆਂ ਨੂੰ, ਜੋ ਸਾੜਦੇ ਹਨ ਕਹਿੰਦੇ ਹਨ, ਕਿ ਜਿਨ੍ਹਾਂ ਦੀ ਦੇਹ ਸਾੜੀ ਜਾਂਦੀ ਹੈ ਦੋਜ਼ਖ ਨੂੰ ਜਾਂਦੇ ਹਨ, ਐਸੇ ਕੱਚੇ ਖਿਆਲ ਨੂੰ ਰੱਦ ਕਰਨ ਲਈ ਸ੍ਰੀ ਗੁਰੂ ਜੀ ਅਗਲੇ ਸਲੋਕ ਵਿਚ ਇਕ ਨਕਸ਼ਾ ਵਾਹੁੰਦੇ ਹਨ, ਜਿਸ ਵਿਚ ਮੁਸਲਮਾਨ ਦੀ ਮਿੱਟੀ ਭੀ ਸੜਦੀ ਦਿਖਾਲਦੇ ਹਨ-

ਮਃ ੧ ॥

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥

ਮੁਸਲਮਾਨ ਦੀ ਮਿੱਟੀ ਕੁਮ੍ਹਿਆਰ ਦੇ ਪੇਟੇ ਪੈ ਗਈ[1] (ਉਸ ਨੇ ਉਸ ਮਿੱਟੀ ਤੋਂ) ਭਾਂਡੇ ਘੜੇ ਤੇ ਇੱਟਾਂ ਬਣਾਈਆਂ (ਤੇ ਆਵੇ ਵਿਚ ਬੀੜ ਕੇ ਅੱਗ ਦੇ ਦਿੱਤੀ, ਹੁਣ ਉਹ ਓਥੇ) ਸੜਦੀ ਹੋਈ (ਜੋ ਸੂੰ ਸੂੰ ਕਰਦੀ ਹੈ) ਪੁਕਾਰ ਕਰਦੀ ਹੈ (ਹਾਂ) ਵਿਚਾਰੀ ਸੜ ਸੜ ਕੇ ਰੋਂਦੀ ਹੈ (ਤੇ ਇਹ ਜੋ) ਝੜ ਝੜ ਕੇ ਅੰਗਾਰ ਡਿੱਗਦੇ ਹਨ (ਮਾਨੋਂ ਉਸ ਦੇ ਰੋਣ ਦੇ ਅੱਥਰੂ ਡਿੱਗਦੇ ਹਨ)। (ਮੁਸਲਮਾਨ ਨੂੰ ਦੱਬਿਆ ਸੀ ਤੇ ਸਾੜਿਆ ਨਹੀਂ ਸੀ ਕਿ ਨਰਕਾਂ ਨੂੰ ਨਾ ਜਾਵੇ ਪਰ ਦੇਖੋ ਉਸ ਦੇ ਸੜਨ ਦਾ ਕਾਰਣ ਬੀ ਸਾਂਈਂ ਵਲੋਂ ਬਣਾ ਦਿਤਾ ਗਿਆ, ਹੁਣ ਉਹ ਸੁਰਗ ਵਿਚ ਰਿਹਾ ਕਿ ਨਰਕ ਨੂੰ ਗਿਆ, ਇਹ ਗੱਲ) ਉਹ ਕਰਤਾਰ ਹੀ ਜਾਣੇ ਜਿਸ (ਕਾਰਣਾਂ ਦੇ) ਕਰਤੇ ਨੇ ਇਹ ਕਾਰਣ ਬਣਾ ਦਿੱਤਾ (ਕਿ ਚੰਗਾ ਭਲਾ ਦੱਬਿਆ ਹੋਇਆ ਫੇਰ ਅੱਗ ਵਿਚ ਜਾ ਪਿਆ)[2], (ਕਹਿੰਦੇ ਹਨ ਗੁਰੂ) ਨਾਨਕ॥੨॥

ਅਪਣੇ ਰੱਬ ਨੂੰ ਗੁਰੂ ਜੀ ਨਿਰੰਕਾਰ ਕਹਿੰਦੇ ਚਲੇ ਆ ਰਹੇ ਹਨ, ਉਸ ਨੂੰ ਮਿਲਣ ਦਾ ਸਾਧਨ ਨਿਰੰਕਾਰ ਦਾ 'ਨਾਮ' 'ਸਿਫਤ ਸਲਾਹ' ਤੇ 'ਗੁਣ ਧਾਰਨਾ' ਦੱਸਦੇ ਆ ਰਹੇ ਹਨ। ਹੋਰ ਸਾਧਨ ਸਰਗੁਣ ਉਪਾਸਨਾਂ ਤੇ ਸ਼ਰਅ ਦੇ ਝੇੜੇ ਤੇ ਅਕਾਰਾਂ ਦੇ ਧਿਆਨ ਆਦਿ ਦੇ ਸਲੋਕਾਂ ਵਿਚ ਖੰਡੇ ਗਏ ਹਨ। ਹੁਣ ਪ੍ਰਸ਼ਨ ਹੁੰਦਾ ਹੈ ਕਿ ਨਿਰਾਕਾਰ ਤਾਂ ਫੇਰ ਮੂਲੋਂ ਹੀ ਅਲੱਭ ਹੋ ਗਿਆ, ਉਹ ਕਿਸੇ ਸਕਾਰਤਾ ਬਿਨਾਂ ਮਨੁੱਖ ਨੂੰ ਲੱਭੇ ਕੀਕੂੰ? ਇਸ ਗੱਲ ਦਾ ਉੱਤਰ ਇਸ ਪਉੜੀ ਵਿਚ ਵਿਦਮਾਨ ਹੈ:-

ਪਉੜੀ ॥
ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥

ਸਤਿਗੁਰ ਤੋਂ ਬਿਨਾਂ (ਉਸ ਨੂੰ ਜੋ, ਨਿਰੰਕਾਰ ਹੈ,) ਕਿਸੇ ਨੇ ਨਹੀਂ ਪ੍ਰਾਪਤ ਕੀਤਾ (ਹਾਂ) ਸਤਿਗੁਰ ਤੋਂ ਬਿਨਾਂ ਕਿਸੇ ਨੇ ਨਹੀਂ ਪ੍ਰਾਪਤ ਕੀਤਾ[3]।

---

੧. ਪੇਟੇ ਪੈ ਗਈ, ਭਾਵ ਹੈ ਉਸ ਦੇ ਹੱਥ ਆ ਗਈ। ਵੱਸ ਵਿਚ ਪੈ ਗਈ। ਪੁਰਾਣੇ ਕਬਰਸਤਾਨਾਂ ਦੀ ਮਿੱਟੀ ਦੇ ਭਾਂਡੇ ਤੇ ਇੱਟਾਂ ਬਹੁਤ ਚੰਗੇ ਬਣਦੇ ਹਨ, ਇਸ ਲਈ ਕੁਮਿਹਾਰ ਉਨ੍ਹਾਂ ਨੂੰ ਚਾਹ ਕੇ ਲੱਭਦੇ ਤੇ ਵਰਤਦੇ ਹਨ।

੨. ਕਾਰਣ ਦਾ ਅਰਥ 'ਕਾਰਜ' ਲੈ ਕੇ ਇਸ ਦੇ ਅਰਥ ਐਉਂ ਬੀ ਕਰ ਦੇਂਦੇ ਹਨ ਕਿ ਜਿਸ ਨੇ ਸ੍ਰਿਸ਼ਟੀ ਰਚੀ ਹੈ ਓਹੋ ਜਾਣੇ। ਪਰ ਇਥੇ ਤਾਂ ਗੁਰੂ ਨਾਨਕ ਸਾਹਿਬ ਜੀ 'ਇਸੇ ਨਾਂ ਆਸ ਕੀਤੀ ਗਈ ਦੇ ਵਰਤ ਜਾਣ ਦੇ ਕਾਰਣ ਵਲ' ਅਸਚਰਜ ਭਰੀ ਰਮਜ਼ ਸੱਟ ਰਹੇ ਹਨ, ਕਿ ਜੋ ਦੱਬਿਆ ਸੀ ਉਹ ਬੀ ਫੇਰ ਸੜਿਆ

੩. ਦੋ ਵੇਰ 'ਪਾਇਓ' ਤੇ 'ਪਾਇਆ' ਕਹਿਣ ਵਿਚ ਭਾਵ ਤਾਕੀਦ ਹੈ। ਅਰਥਾਤ ਬੀਤ ਚੁਕੇ ਚਿਰ ਕਾਲ ਦੇ ਸਮੇਂ ਵਿਚ ਕਿਸੇ ਨੇ ਨਹੀਂ ਸੀ ਪਾਇਆ ਤੇ ਨੇੜੇ ਦੇ ਬੀਤੇ ਸਮੇਂ ਵਿਚ ਬੀ ਕਿਸੇ ਨੇ ਨਹੀਂ ਪਾਇਆ।

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

**ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥**

(ਉਸ ਦਾਤੇ ਨੇ) ਸਤਿਗੁਰ ਵਿਚ ਆਪਣੇ ਆਪ ਨੂੰ ਰਖਿਆ ਹੈ (ਜਿਸ ਗੱਲ ਨੂੰ ਅਸਾਂ) ਪ੍ਰਗਟ ਕਹਿਕੇ (ਵੱਜ ਵਜਾ ਕੇ) ਸੁਣਾ ਦਿੱਤਾ ਹੈ। ਜਿਸ ਨੇ ਸਤਿਗੁਰ ਨਾਲ ਮੇਲ ਪ੍ਰਾਪਤ ਹੋਣ ਤੇ (ਉਸ ਦੇ ਉਪਦੇਸ਼ ਨਾਲ ਅਪਣੇ) ਅੰਦਰੋਂ ਮੋਹ ਦੂਰ ਕਰ ਦਿੱਤਾ ਹੈ, ਉਹ ਸਦਾ ਮੁਕਤ ਹੈ।

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥**
**ਜਗਜੀਵਨੁ ਦਾਤਾ ਪਾਇਆ ॥੬॥**

ਇਹ ਵੀਚਾਰ (ਪਰਮ) ਉੱਤਮ ਹੈ ਕਿ ਜੋ ਕੋਈ ਸਤਿਗੁਰ ਨੂੰ ਮਿਲ ਕੇ ਹਉਂ ਤੋਂ ਚਿਤ (ਚੁਕ ਕੇ) ਸੱਚੇ ਨਾਲ ਚਿੱਤ ਲਾ ਲੈਂਦਾ ਹੈ (ਉਹੋ ਹੀ) ਜਗਤ ਦੇ ਜੀਵਨ ਦਾਤੇ (ਸੱਚੇ ਪਰਮੇਸ਼ਰ) ਨੂੰ ਪਾ ਲੈਂਦਾ ਹੈ॥੬॥

**ਸਲੋਕ ਮਃ ੧ ॥**
**ਹਉ ਵਿਚਿ ਆਇਆ ਹਉ ਵਿਚਿ ਗਇਆ॥**

**ਹਉ ਵਿਚਿ ਜੰਮਿਆ ਹਉ ਵਿਚਿ ਮੁਆ॥**

**ਹਉ ਵਿਚਿ ਦਿਤਾ ਹਉ ਵਿਚਿ ਲਇਆ॥**
**ਹਉ ਵਿਚਿ ਖਟਿਆ ਹਉ ਵਿਚਿ ਗਇਆ॥**

(ਜੀਵ ਜਗਤ ਵਿਚ) ਹਉਂ[1] (ਦੇ ਅਧਜਾਸ) ਵਿਚ (ਪਰਪੱਕ ਹੋਇਆ ਹੋਇਆ ਹੀ) ਆਉਂਦਾ ਹੈ, (ਇਸੇ) ਹਉਂ (ਦੇ ਅਧਜਾਸ) ਵਿਚ (ਮੁੜ ਪਰਪੱਕ ਹੋ ਕੇ ਹੀ ਜਗਤ ਤੋਂ ਫੇਰ) ਟੁਰ ਜਾਂਦਾ ਹੈ। ਸੋ (ਇਉਂ) ਹਉਂ ਵਿਚ (ਹੀ) ਜੰਮਦਾ (ਤੇ) ਹਉਂ ਵਿਚ (ਹੀ) ਮਰਦਾ ਹੈ (ਭਾਵ ਇਸ ਤਰ੍ਹਾਂ ਹਉਂ ਵਿਚ ਬੱਝੇ ਹੋਏ ਹੋਣ ਕਰਕੇ ਇਸ ਦੇ ਜਨਮ ਮਰਨ ਦਾ ਗੇੜ ਤੁਰਿਆ) ਰਹਿੰਦਾ ਹੈ (ਜੰਮ ਕੇ ਵੱਡਾ ਹੋ ਕੇ ਦੇਣ ਲੈਣ ਕਰਦਾ ਹੈ ਸੋ) ਹਉਂ ਵਿਚ ਦੇਂਦਾ ਹੈ ਤੇ ਹਉਂ ਵਿਚ (ਹੀ) ਲੈਂਦਾ ਹੈ। (ਜੇ ਇਸ ਨੇ) ਖੱਟਿਆ (ਤਾਂ) ਹਉਂ ਵਿਚ, ਜੇ (ਇਸ ਦਾ) ਗੁਆਚਾ (ਘਾਟਾ ਪਿਆ) ਤਾਂ ਹਉਂ ਵਿਚ। (ਇਹ ਜੋ)

੧. ਹਉਂ: (ਸੰਸ), ਅਹੰ=ਮੈਂ ਦਾ ਭਾਵ। ਜਦੋਂ ਇਹ ਭਾਵ ਸ਼ੁਧ ਹੁੰਦਾ ਹੈ ਤਾਂ ਇਹ ਇਸ ਦਾ ਅਪਣਾ ਰੂਪ ਹੈ। ਜਦ ਇਹ ਗ੍ਰਹਣ (Assertion) ਦਾ ਰੂਪ ਲੈਂਦਾ ਹੈ ਤਾਂ ਇਹ 'ਹਉਂ' ਉਹ 'ਹਉਂ' ਬਣਦੀ ਹੈ, ਜਿਸ ਦਾ ਵੇਰਵਾ ਇਸ ਸ਼ਲੋਕ ਵਿਚ ਹੈ। ਜਦੋਂ ਜੀਵ ਏਸ ਗ੍ਰਹਣ ਵਾਲੀ ਹਉਂ ਵਿਚ ਪੈਂਦਾਂ ਹੈ ਤਦੋਂ ਮੇਰੀ ਦਾ ਭਾਵ ਉਪਜਦਾ ਹੈ ਤੇ ਵਰਤੋਂ ਮੋਟ ਮਾਯਾ ਦੀ ਹੋ ਜਾਂਦੀ ਹੈ, ਇਹ ਜੀਵ ਦੇ ਬੰਧ ਦਾ ਕਾਰਣ ਹੈ। ਜਦੋਂ ਇਸ ਭਾਵ ਤੋਂ ਨਿਵਿਰਤੀ (Denial) ਕਰਦਾ ਹੈ ਤਾਂ ਸ਼ੁਧ 'ਅਹੰ' ਭਾਵ ਯਾ ਅਪਣੇ ਸਰੂਪ ਵਿਚ ਆ ਜਾਂਦਾ ਹੈ। ਹਉਂ ਤੋਂ ਯਾ ਹਉਮੈਂ ਤੋਂ ਨਵਿਰਤੀ ਵਾਲਾ ਜੀਉਂਦਾ ਹੈ, ਕੰਮ ਕਰਦਾ ਹੈ, ਖਾਂਦਾ ਪੀਂਦਾ ਹੈ ਸ਼ੁਧ ਆਚਰਣੀਯ ਤੇ ਬੰਦਗੀ ਵਾਲਾ ਹੁੰਦਾ ਹੈ, ਪਰ ਉਹ 'ਗ੍ਰਹਣ' (Assertion) ਵਾਲੀ ਹਉਂ ਦੇ ਹਨ੍ਹੇਰੇ ਵਿਚ ਨਹੀਂ ਹੁੰਦਾ। ਉਹ ਇਸ ਹਉਂ ਨੂੰ ਬੂਝ ਲੈਂਦਾ ਹੈ। ਫੇਰ ਉਸ ਦੇ ਵਿਚਾਰ ਤੇ ਕਰਮ 'ਮਮੱਤ੍ਰ' ਤੇ 'ਮੇਰੀ' ਦੀ ਪਕੜ ਵਾਲੇ ਨਹੀਂ ਹੁੰਦੇ, ਪਰ ਜੇ ਜੀਵ ਰਜਾਨ ਵਿਚ ਅਰਥਾਤ ਹਉਮੈਂ ਨੂੰ ਬੁੱਝ ਲੈਣ ਵਾਲੀ ਅਵਸਥਾ ਵਿਚ ਨਹੀਂ ਆਏ ਉਹ੍ਹਨਾਂ ਦੇ ਕਰਮ ਚੰਗੇ ਕਿ ਮਾੜੇ ਇਸ ਹਉਮੈਂ ਦੇ ਪ੍ਰਭਾਵ ਵਿਚ ਹੁੰਦੇ ਹਨ, ਇਸ ਸ਼ਲੋਕ ਵਿਚ ਇਸੇ ਕਰਕੇ 'ਸਚਿਆਰ ਕੂੜਿਆਰ' ਆਦਿ ਦ੍ਵੰਦ ਅਰਥਾਤ ਤਜ਼ਾਦ ਵਾਲੇ ਜੋੜੇ ਜੋੜੇ ਹੀ ਵਰਣਨ ਕੀਤੇ ਹਨ।


www.sikhbookclub.com

ਹਉ ਵਿਚਿ ਸਚਿਆਰੁ ਕੂੜਿਆਰੁ॥

ਹਉ ਵਿਚਿ ਪਾਪ ਪੁੰਨ ਵੀਚਾਰੁ॥

ਹਉ ਵਿਚਿ ਨਰਕਿ ਸੁਰਗਿ ਅਵਤਾਰੁ॥

ਹਉ ਵਿਚਿ ਹਸੈ ਹਉ ਵਿਚਿ ਰੋਵੈ॥

ਹਉ ਵਿਚਿ ਭਰੀਐ ਹਉ ਵਿਚਿ ਧੋਵੈ॥

ਹਉ ਵਿਚਿ ਜਾਤੀ ਜਿਨਸੀ ਖੋਵੈ ॥

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥

ਮੋਖ ਮੁਕਤਿ ਕੀ ਸਾਰ ਨ ਜਾਣਾ ॥

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥

ਹਉਮੈ ਕਰਿ ਕਰਿ ਜੰਤ ਉਪਾਇਆ ॥

ਸਚਜਾਰ (ਬਣਦਾ ਹੈ ਤਾਂ ਉਸ ਵੇਲੇ ਬੀ) ਹਉਂ ਵਿਚ (ਹੁੰਦਾ ਹੈ ਤੇ ਜੇ) ਕੂੜਿਆਰ ਹੋ ਜਾਵੇ (ਤਾਂ ਬੀ ਉਸੇ) ਹਉਂ ਵਿਚ (ਹੁੰਦਾ ਹੈ)। (ਜਦੋਂ ਇਹ) ਪਾਪਾਂ ਪੁੰਨਾਂ ਦੀ ਵੀਚਾਰ (ਕਰਦਾ ਹੈ ਤਦ ਬੀ) ਹਉਂ ਵਿਚ (ਹੁੰਦਾ ਹੈ)। (ਇਸ) ਹਉਂ (ਦੇ ਪਰਪੱਕ ਅਧਜਾਸ) ਵਿਚ (ਅਪਣੇ ਕੀਤੇ ਪਾਪ ਪੁੰਨ ਦੇ ਹਿਸਾਬ ਮੂਜਬ) ਨਰਕ (ਕਿ) ਸੁਰਗ ਵਿਚ (ਇਸ ਦਾ) ਜਾਣਾ ਹੁੰਦਾ ਹੈ। ਹੱਸਦਾ ਹੈ (ਤਾਂ ਬੀ) ਹਉਂ ਵਿਚ ਹੁੰਦਾ ਹੈ, ਰੋਂਦਾ ਹੈ (ਤਾਂ ਬੀ) ਹਉਂ ਵਿਚ (ਹੁੰਦਾ ਹੈ। ਜਦੋਂ ਪਾਪਾਂ ਨਾਲ ਆਪ ਨੂੰ) ਭਰ ਲੈਂਦਾ ਹੈ (ਤਾਂ) ਹਉਂ ਵਿਚ (ਹੁੰਦਾ ਹੈ ਪਰ ਜਦੋਂ ਉਨ੍ਹਾਂ ਪਾਪਾਂ ਤੋਂ ਆਪ ਨੂੰ) ਧੋਂਦਾ ਹੈ (ਤਾਂ ਬੀ) ਹਉਂ ਵਿਚ। (ਜਦੋਂ ਇਹ) ਜਾਤ (ਤੇ) ਜਿਨਸ (ਦੇ ਮਾਣ ਵਿਚ ਹੁੰਦਾ ਹੈ[1] ਤਾਂ ਬੀ) ਹਉਂ ਵਿਚ ਹੁੰਦਾ ਹੈ, (ਪਰ ਜਦੋਂ ਇਸ ਜਾਤ ਅਭਿਮਾਨ ਨੂੰ ਖੋਵੈ=) ਦੂਰ ਕਰਦਾ ਹੈ (ਤਦ ਬੀ ਹਉਂ ਵਿਚ ਹੀ ਰਹਿ ਕੇ ਕਰਦਾ ਹੈ)[2]। ਹਉਂ ਵਿਚ (ਹੀ ਇਹ ਮੂਰਖਤਾਈ ਦੇ ਕੰਮ ਕਰਕੇ) ਮੂਰਖ (ਬਣ ਜਾਂਦਾ ਹੈ, ਫੇਰ ਅਕਲ ਇਲਮ ਸਿੱਖ ਕੇ) ਸਿਆਣਾ (ਬਣਦਾ ਹੈ ਤਾਂ ਬੀ) ਹਉਂ ਵਿਚ (ਹੀ ਹੁੰਦਾ ਹੈ)। (ਇਸ ਤਰ੍ਹਾਂ ਹਉਂ ਵਿਚ ਬੱਝਿਆਂ ਇਸ ਨੂੰ ਜਗਤ ਜਾਲ ਤੋਂ) ਛੁਟਕਾਰੇ ਦੀ (ਤੇ ਛੁਟਕੇ) ਪਰਮਾਤਮਾ ਵਿਚ ਮੇਲ ਦੀ ਸੋਝੀ ਨਹੀਂ ਪੈਂਦੀ[3]। (ਕਿਉਂਕਿ) ਮਾਯਾ (ਭੁਲੇਵਾ)[4] ਤੇ ਛਾਇਆ (ਅੰਨ੍ਹੇਰਾ[5] ਦੋਹਾਂ ਕਰਕੇ ਇਸ ਨੂੰ ਮੋਖ ਦੀ ਸੋਝੀ ਨਹੀਂ ਪੈਂਦੀ, ਓਹ ਦੋਇ ਬੀ ਇਸ ਦੇ) ਹਉਂ ਵਿਚ (ਹੋਣ ਕਰਕੇ ਹਨ)। ਜੀਵਾਂ (ਦੇ ਜਨਮ ਲੈ ਲੈ ਕੇ ਮੁੜ ਮੁੜ) ਹਉਮੈਂ ਕਰਦੇ ਰਹਿਣ ਕਰਕੇ ਹੀ (ਇਨ੍ਹਾਂ ਨੂੰ ਮੁੜ ਮੁੜ) ਉਪਾਇਆ (ਜਾਂਦਾ ਹੈ ਜਨਮ ਦਿੱਤਾ ਜਾਂਦਾ ਹੈ)।

---

੧. 'ਜਾਤੀਂ ਦੀ ਹਉਂ ਵਿਚ ਨਾਮ ਰੂਪੀ (ਜਿਨਸ) ਵੱਖਰ ਨੂੰ ਖੋ ਬੈਠਦਾ ਹੈ' ਬੀ ਅਰਥ ਲਾਉਂਦੇ ਹਨ।

੨. ਜਾਤ=ਜੈਸੇ ਬ੍ਰਾਹਮਣ, ਖੱਤ੍ਰੀ। ਜਿਨਸ=ਜੈਸੇ ਢਾਈ ਘਰ ਖੱਤ੍ਰੀ, ਗੌੜ ਬ੍ਰਾਹਮਣ। ਖੋਵੈ ਦਾ ਭਾਵ ਹੈ 'ਹਉ ਵਿਚ ਜਾਤੀ ਜਿਨਸੀ ਖੋਵੈ' ਇੰਨੇ ਵਾਕ ਨੂੰ ਸਤਿਗੁਰੂ ਜੀ ਨੇ ਖੋਵੈ ਨਾਲ ਪ੍ਰਗਟ ਕਰ ਦਿੱਤਾ ਹੈ। ਕਿਉਂਕਿ ਜਾਤੀ ਜਿਨਸੀ ਪਹਿਲੇ ਪਿਆ ਹੈ, ਤੇ ਹਰ ਸਤਰ ਵਿਚ ਮੁਕਾਬਲੇ ਦੇ ਜੋੜੇ (ਦ੍ਵੰਦ) ਆ ਰਹੇ ਹਨ, ਇਸ ਵਿਚ ਭੀ ਉਹੀ ਭਾਵ ਹੈ ਕਿ ਜਾਤੀ ਜਿਨਸੀ ਵਿਚ ਹੈ ਤਾ ਹਉਂ ਵਿਚ ਹੈ ਜੇ ਇਸ ਨੂੰ ਖੋਵੇ ਤਾਂ ਬੀ ਹਉਂ ਵਿਚ ਹੈ।

੩. ਮੋਖ=ਜੀਵ ਤੱਤ ਦਾ ਜਨਮ ਮਰਨ ਤੋਂ ਛੁਟਕਾਰਾ ਤੇ ਅਪਣੇ ਵਿਚ ਟਿਕਾਉ। ਮੁਕਤਿ=ਜਗਤ ਜੀਵਨ ਤੋਂ ਛੁਟਕਾਰਾ ਅਤੇ ਪਰਮ ਤੱਤ ਵਿਚ ਮਿਲਾਪ।

੪. ਮਾਇਆ= ਜੋ ਹੋਰ ਦਾ ਹੋਰ ਦਿਖਾਵੇ।

੫. ਛਾਇਆ=ਜੋ ਦਿਸਣ ਹੀ ਨਾ ਦੇਵੇ, ਹਨ੍ਹੇਰਾ, ਅਵਿਦਯਾ।

ਹਉਮੈ ਬੂਝੈ ਤਾ ਦਰੁ ਸੂਝੈ ॥

(ਜੇ ਇਹ ਜੀਵ) ਹਉਮੈ (ਨੂੰ) ਸਮਝ ਲਵੇ (ਤਾਂ ਇਸ ਨੂੰ ਸਾਈਂ ਦਾ) ਦਰ ਦਿਸ ਪਵੇ। (ਅਰਥਾਤ ਜਦ ਇਸ ਨੂੰ ਸਮਝ ਪੈ ਜਾਵੇ ਕਿ ਮੇਰੇ ਸ਼ੁਭ ਅਸ਼ੁਭ ਸਾਰੇ ਕੰਮ ਹਉਮੈ ਕਰਾ ਰਹੀ ਹੈ ਤਾਂ ਇਹ ਸਮਝ ਲਉ ਕਿ ਇਸ ਨੂੰ ਨਵਿਰਤ ਕਰਨ ਨਾਲ ਮੈਂ ਸੁਖ ਸਰੂਪ ਹੋ ਜਾਣਾ ਹੈ। ਇਸ ਯਥਾਰਥ) ਗਜਾਨ (ਤੋਂ ਜੋ) ਸੱਖਣਾ (ਹੈ ਸੋ ਗਜਾਨ ਦੀਆਂ ਸੱਖਣੀਆਂ) ਗੱਲਾਂ ਹੀ ਗੱਲਾਂ ਮਾਰਦਾ, ਝਗੜੇ ਕਰਦਾ ਰਹਿੰਦਾ ਹੈ[੧]।

ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥

ਹੇ ਨਾਨਕ! (ਵਾਹਿਗੁਰੂ ਦੇ) ਹੁਕਮੁ ਨਾਲ ਹੀ ਲੇਖ ਲਿਖੇ ਜਾਂਦੇ ਹਨ (ਜਿਹਾ ਕੁ ਆਦਿ ਲੇਖ ਹਉਮੈ ਦਾ ਲਿਖਿਆ ਗਿਆ- 'ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥' ਹਉਮੈ ਹੁਕਮ ਨਾਲ ਬਣੀ ਹੈ, ਇਸ ਵਿਚ ਪੈ ਕੇ ਕਰਮ ਕਰੀਦੇ ਹਨ, ਫੇਰ ਉਹ ਕਰਮ ਲੇਖ ਹੋ ਕੇ ਪਏ ਫਿਰਾਉਂਦੇ ਹਨ। ਸੋ ਜੇ ਹਉਂ ਵਿਚੋਂ ਨਿਕਲਨਾ ਹੈ ਤਾਂ ਦਰਵਾਜ਼ੇ ਬੰਦ ਨਹੀਂ, ਤੇਰੀ ਦ੍ਰਿਸ਼ਟੀ ਹੀ ਹੈ)

ਜੇਹਾ ਵੇਖਹਿ ਤੇਹਾ ਵੇਖੁ ॥੧॥

ਜੇਹਾ ਵੇਖੇਂਗਾ ਤੇਹਾ ਵੇਖ ਲਈਂ[੨]। (ਜੇ ਹਉਂ ਨਾਲ ਨਿਜ ਨੂੰ ਅਭੇਦ ਵੇਖੇਂਗਾ ਤਾਂ ਉਪਰ ਕਥੇ ਹਉਂ ਦੇ ਜਾਲ ਤੇ ਢੂੰਢ ਦੇ ਫੇਰ ਵਿਚ ਆਪ ਨੂੰ ਵੇਖੇਂਗਾ ਤੇ ਜੇ ਹਉਂ ਨੂੰ ਬੁੱਝ ਕੇ ਨਿਜ ਨੂੰ ਹਉਂ ਤੋਂ ਅਤੀਤ ਦੇਖੇਂਗਾ ਤਾਂ ਆਪੇ ਨੂੰ ਉਪਰ ਕਥੇ ਢੂੰਢਾ ਜਾਲ ਤੋਂ ਮੁਕਤ ਦੇਖੇਂਗਾ ਫੇਰ ਤੈਨੂੰ 'ਦਰ' ਸਪਸ਼ਟ ਪਿਆ ਦਿੱਸੇਗਾ)॥੧॥

ਇਹ ਗਜਾਨ ਦ੍ਰਿਸਟੀ 'ਹਉਮੈ ਬੂਝੈ' ਵਾਲੀ ਕੀਕੂੰ ਮਿਲੇ, ਇਸ ਦਾ ਵੇਰਵਾ ਅਗਲੇ ਸਲੋਕ ਵਿਚ ਹੈ:-

---

੧. ਲੂਝੈ=ਸੜਦਾ ਰਹਿੰਦਾ ਹੈ। (ਅ) ਝਗੜਾ ਕਰਨਾ ਬੀ ਅਰਥ ਹੈ, ਯਥਾ-ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ॥ (ਵਾਰ ਸਿਰੀ:ਮ:੩-੧੨)

੨. ਇਉਂ ਬੀ ਇਸ ਤੁਕ ਦੇ ਪੁਰਾਤਨ ਅਰਥ ਹੈਨ-ਜੇਹਾ ਤੂੰ ਅਪਣੇ ਅੰਦਰ ਦੁੱਖ ਦੀ ਪੀੜਾ ਅਤੇ ਅਨੰਦ ਦੇਖਦਾ ਹੈਂ, ਐਸਾ ਦੂਜਿਆਂ ਵਿਚ ਵੀ ਵੇਖ, ਐਸਾ ਦੇਖਣ ਨਾਲ ਤੇਰੀ ਦੁਜੈਗੀ ਮਿਟ ਜਾਏਗੀ। ਯਥਾ:- ਜਿਉ ਮਨ ਦੇਖਹਿ ਪਰ ਮਨੁ ਤੈਸਾ॥ ਜੈਸੀ ਮਨਸਾ ਤੈਸੀ ਦਸਾ॥(ਪ੍ਰਭਾ:ਮ:੧:ਅਸ਼ਟ-੧) (ਅ) (ਜੋ ਲੇਖ ਦੇਖਣੇ ਚਾਹੇਂ ਤਾਂ ਆਪਣੇ ਕਰਮਾਂ ਨੂੰ ਦੇਖ ਕਿਉਂਕਿ) ਜੇਹੋ ਜਿਹਾ ਤੂੰ (ਆਪਣੇ ਕਰਮਾਂ ਨੂੰ) ਵੇਖੇਂ ਓਹੋ ਜਿਹਾ (ਅਪਣਾ) ਲੇਖ (ਲਿਖਯਾ ਗਿਆ) ਵੇਖ ਲਈਂ (ਸਮਝ ਲਈਂ)। (ੲ) ਜੇਹਾ ਤੂੰ ਜਗਤ ਨੂੰ ਵੇਖੇਂਗਾ (ਤੇਹੋ ਜਿਹਾ ਵੇਖੇ ਜਾਣ ਦੀ) ਆਸ ਜਗਤ ਤੋਂ ਰੱਖ। ਪਰ ਉਪਰਲੇ ਅਰਥ 'ਹਉਮੈਂ' ਦੇ ਚਲ ਰਹੇ ਪ੍ਰਸੰਗ ਨਾਲ ਠੀਕ ਢੁਕਦੇ ਹਨ।

ਮਹਲਾ ੨ ॥

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥

ਇਹੋ ਹਉਮੈ (ਹੀ ਇਸ ਜੀਵ ਦੀ) ਉਤਪਤੀ[੧] ਹੈ (ਭਾਵ ਮੂਲ ਹੈ ਤੇ ਅਗੋਂ) ਕਰਮਾਂ ਵਿਚ ਪਰਵਿਰਤ ਬੀ ਹਉਮੈਂ ਹੀ[੨] (ਜੀਵ ਨੂੰ) ਕਰਦੀ ਹੈ। (ਕਰਮ ਪ੍ਰਵਿਰਤੀ ਦੇ ਕਾਰਣ) ਏਹੋ ਹਉਮੈਂ ਹੀ (ਜੀਵ ਲਈ) ਬੰਧਨ ਰੂਪ (ਹੋ ਜਾਂਦੀ) ਹੈ, (ਇਹੋ ਬੰਧਨ ਰੂਪ ਹੋ ਕੇ ਇਸ ਨੂੰ) ਮੁੜ ਮੁੜ ਜੂਨਾਂ ਵਿਚ ਪਾਉਂਦੀ ਹੈ। (ਪ੍ਰਸ਼ਨ-ਇਹ) ਹਉਮੈ ਕਿਥੋਂ ਉਗਮ ਪੈਂਦੀ ਤੇ ਕਿਸ ਉਪਾਉ ਨਾਲ ਦੂਰ ਹੋ ਸਕਦੀ ਹੈ? (ਉਤਰ:-) ਏਹ ਹਉਮੈ ਤਾਂ (ਵਾਹਿਗੁਰੂ ਦਾ) ਹੁਕਮ ਹੈ (ਭਾਵ ਵਾਹਿਗੁਰੂ ਦੇ ਹੁਕਮ ਤੋਂ ਹੁੰਦੀ ਤੇ ਜੀਵ ਨੂੰ ਪੈਂਦੀ ਹੈ), (ਜਦ ਇਹ) ਪੈ ਗਈ ਤਾਂ (ਫੇਰ ਕਰਮ ਕਰੀਦੇ ਹਨ, ਜਿਨ੍ਹਾਂ ਤੋਂ ਕਿਰਤ ਦਾ ਗੇੜ ਬੱਝਦਾ ਹੈ ਉਹ) ਕਿਰਤ (ਜੂਨਾਂ ਵਿਚ) ਫੇਰਦੀ ਹੈ। (ਐਉਂ) ਹਉਮੈ ਦੀਰਘ ਰੋਗ[੩] ਹੈ (ਪਰ ਅਸਾਧ ਰੋਗ ਨਹੀਂ) ਦਾਰੂ ਬੀ ਏਸ ਵਿਚ ਹੈ। ਜੇ (ਵਾਹਿਗੁਰੂ) ਅਪਣੀ ਕ੍ਰਿਪਾ ਕਰੇ ਤਾਂ (ਜੀਵ) ਗੁਰੂ ਦੇ ਸ਼ਬਦ ਦੀ ਕਮਾਈ ਵਿਚ ਲੱਗ ਪੈਂਦਾ ਹੈ। (ਗੁਰੂ) ਨਾਨਕ (ਦੇਵ ਜੀ) ਕਹਿੰਦੇ ਹਨ ਹੇ ਸਜਣੋ! ਸੁਣੋ ਇਹ ਉਪਾਉ ਹੈ (ਜਿਸ ਨਾਲ ਹਉਂ ਤੋਂ ਉਪਜੇ) ਦੁੱਖ ਦੂਰ ਹੁੰਦੇ ਹਨ॥੨॥

ਇਸ ਸਲੋਕ ਦਾ ਭਾਵ ਇਉਂ ਹੈ ਕਿ ਏਹ ਜੋ ਜੀਵ ਦਿਸ ਰਹੇ ਹਨ, ਹਉਂ ਹੀ ਇਨ੍ਹਾਂ ਦੇ ਜੀਵੱਤ੍ਰ ਦਾ ਮੂਲ ਹੈ। ਇਹ ਹਉਂ ਸਾਂਈਂ ਦੇ ਹੁਕਮ ਵਿਚ ਪਾਈ ਗਈ ਹੈ। ਹਉਂ ਵਾਲਾ ਜੀਵ ਅਪਣੀ ਪਾਲਨਾ ਤੇ ਸਲਾਮਤੀ ਆਦਿ ਲੋੜਾਂ ਲਈ ਫਿਰ ਯਤਨ ਕਰਦਾ ਹੈ, ਐਉਂ ਹਉਮੈਂ ਹੀ ਇਸ ਨੂੰ ਕਰਮ ਵਿਚ ਪ੍ਰਵਿਰਤ ਕਰਦੀ ਹੈ। ਸੁਖ ਦੀ ਇੱਛਾ, ਦੁੱਖ ਦੀ ਨਵਿਰਤੀ ਤੇ ਭੋਗਾਂ ਦੇ ਰਸ ਤੋਂ ਵਾਸ਼ਨਾ ਤ੍ਰਿਸ਼ਨਾ ਬਣਦੀ ਹੈ, ਜੋ ਵਾਸ਼ਨਾ ਤੇ ਕਰਮ ਦਾ ਆਪੋ ਵਿਚ ਕਾਰਣ ਕਾਰਜ ਦਾ ਇਕ ਗੇੜ ਬਣ ਜਾਂਦਾ ਹੈ, ਜਿਸ ਤੋਂ ਜਨਮ ਮਰਨ ਹੁੰਦਾ ਹੈ। ਇਸ ਕਿਰਤ ਦੇ ਗੇੜ ਵਿਚੋਂ ਨਿਕਲਣਾ ਕਠਨ ਹੋ ਜਾਂਦਾ ਹੈ ਜਿਵੇਂ ਟਿੰਡਾਂ ਦਾ ਬੇੜ ਦੇ ਗੇੜ ਵਿਚੋਂ ਨਿਕਲਣਾ। ਇਸ ਤਰ੍ਹਾਂ ਹਉਮੈਂ ਹੀ ਇਸ ਲਈ ਬੰਧਨ ਰੂਪ ਹੋ ਗਈ।

---

੧. 'ਜਾਤਿ' ਪਦ ਸੰਸਕ੍ਰਿਤ ਹੈ, ਇਸ ਦਾ ਅਰਥ ਹੈ ਉਤਪਤੀ। ਅਰਬੀ ਪਦ ਹੈ ਜ਼ਾਤ, ਇਸ ਦਾ ਅਰਥ ਹੈ ਪੁਰਖਤ੍ਵ, ਸ਼ਖ਼ਸੀਅਤ। ਦੁਹਾਂ ਦਾ ਭਾਵ ਹੈ-ਹਉਮੈ ਦਾ ਮੂਲ ਕਾਰਣ ਜਿਸ ਤੋਂ ਜੀਵ ਤੇ ਜੀਵਤ੍ਵ-ਸਾਂਈਂ ਤੋਂ ਅਡਰਾਪਨ ਵਾਲੇ ਆਪੇ-ਦੀ ਉਤਪਤੀ ਹੋਈ ਹੈ। (ਸੰ:;ਜਾਤਿ=ਉਤਪਤੀ, ਜਨਮ)।

(ਅ) ਜਨਮ ਸੇ ਨਿਸਚਿਤ ਹੋਣੇ ਵਾਲੀ ਜਾਤੀ। ਵੰਸ਼, ਕੁਲ, ਕਿਸੀ ਵਸਤੂ ਯਾ ਜੀਵ ਕੀ ਵਿਸ਼ੇਸ਼ਤਾ ਆਦਿ।

(ਸੰ:ਸ਼:ਕੋਸ:)। ਅਰਬੀ, ਜ਼ਾਤ=ਮਾਲਿਕ, ਸਾਹਿਬ। (ਅ) ਹਰ ਸ਼ੈ ਦੀ ਹਸਤੀ, ਹਕੀਕਤ। ਹਰ ਸ਼ੈ ਦਾ ਨਫ਼ਸ। ਸੰਪ੍ਰਦਾਈ ਅਰਥ=ਉਤਪਤੀ ਅਸਲੀਅਤ ਆਦਿ ਹੈ।

੨. 'ਏਹਾ' ਨੂੰ ਜਾਤਿ ਨਾਲ ਹੀ ਅੰਨ੍ਵਯ ਕਰਨ ਨਾਲ ਅਰਥ ਏਹ ਹੁੰਦਾ ਹੈ:-ਹਉਮੈ (ਜੋ ਹੈ ਸੋ) ਇਹੋ ਹੀ (ਜੀਵ ਦੇ ਜੀਵਤ੍ਵ ਦੀ) ਉਤਪਤੀ ਹੈ। ਇਸ ਦਾ ਭਾਵ ਬੀ ਉਹੋ ਹੈ ਜੋ ਉਪਰ ਅਰਥ ਵਿਚ ਦਿੱਤਾ ਹੈ।

੩. ਸੰਸ:, ਦੀਰਘ=ਲੰਮਾ। ਦੀਰਘ ਰੋਗ=ਲੰਮਾ ਰੋਗ, ਚਿਰੰਕਾਲ ਦਾ ਲੱਗਾ ਹੋਇਆ ਰੋਗ। ਇਸ ਦਾ ਅਰਥ ਵੱਡਾ ਰੋਗ ਤੇ ਕੋੜ੍ਹ ਬੀ ਕਰਦੇ ਹਨ।

ਸੋ ਪ੍ਰਸ਼ਨ ਹੁੰਦਾ ਹੈ ਕਿ ਇਹ ਕਿਥੋਂ ਉਪਜਦੀ ਹੈ ਤੇ ਬੰਧਨ ਰੂਪ ਹੋ ਢੁੱਕੀ ਕਿਵੇਂ ਨਿਵਿਰਤ ਹੁੰਦੀ ਹੈ? ਇਸ ਦਾ ਉਤਰ ਦੇਂਦੇ ਹਨ ਕਿ ਇਸ ਨੂੰ ਪੈਦਾ ਕਰਨ ਵਾਲਾ ਸਾਂਈਂ ਦਾ ਹੁਕਮ ਹੈ, ਇਹ ਜੀਵ ਦੇ ਕਿਸੇ ਪਹਿਲੇ ਕਰਮ ਤੋਂ ਨਹੀਂ ਸੀ ਬਣੀ, ਪਰ ਜਦ ਇਹ ਬਣ ਗਈ ਤੇ ਇਸ ਦੇ ਜੀਵੱਤ੍ਵ ਦਾ ਮੂਲ ਇਹੋ ਹੋਈ ਫੇਰ ਇਸੇ ਕਰਕੇ ਜੀਵ ਕਰਮਾਂ ਵਿਚ ਪਰਵਿਰਤ ਹੋ ਗਿਆ, ਤਦ ਹੁਣ ਕਰਮ ਦਾ ਗੇੜ ਤੁਰ ਪਿਆ, ਜਿਸ ਵਿਚ ਜੀਵ ਘੁਮੇਟੇ ਖਾਂਦਾ ਹੈ ਤੇ ਨਿਕਲ ਨਹੀਂ ਸਕਦਾ, ਸੋ ਹੁਣ ਇਹ ਬੰਧਨ ਯਾ ਰੋਗ ਰੂਪ ਹੋ ਗਈ, ਪਰ ਇਹ ਰੋਗ ਅਸਾਧਜ ਨਹੀਂ ਹੈ, ਇਸ ਰੋਗ ਵਿਚ ਦਾਰੂ ਬੀ ਹੈ।

ਦਾਰੂ ਹੁਣ ਐਉਂ ਹੁੰਦਾ ਹੈ:- 'ਹਉਂ ਤੋਂ ਉਪਜੇ ਦੁਖਾਂ ਦੀ ਪੀੜਾ ਵਿਆਕੁਲ ਕਰਦੀ ਹੈ ਤੇ ਭੋਗ ਕੌੜੇ ਲੱਗਦੇ ਹਨ ਤੇ ਮਨ ਬਚਾਉ ਦੇ ਰਸਤੇ ਭਾਲਦਾ ਹੈ। ਦਾਰੂ ਹੈ ਨਾਮ। ਯਥਾ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ (ਗਉ:ਬਾ:ਅ:ਮ:੫-੨੪)। ਸੋ ਜੇ ਵਾਹਿਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਮਿਲ ਪੈਂਦਾ ਹੈ, ਨਾਮ ਦਾਨ ਦੇਂਦਾ ਹੈ, ਜੀਵ ਉਸ ਨਾਮ ਦੀ ਕਮਾਈ ਕਰਦਾ ਹੈ, ਉਸ ਨਾਲ ਉਸ ਦਾ ਵਾਹਿਗੁਰੂ ਨਾਲ ਸੰਜੋਗ ਹੁੰਦਾ ਹੈ। ਹਉਂ ਨੇ ਹੀ ਤਾਂ ਵਾਹਿਗੁਰੂ ਤੋਂ ਦੂਜੈਗੀ ਪੁਆਈ ਸੀ, ਜਦੋਂ ਨਾਮ ਅਭਜਾਸ ਨਾਲ ਸਾਂਈਂ ਸੰਜੋਗ ਹੋ ਗਿਆ ਤਾਂ ਹਉਮੈ ਗਈ। ਉਧਰ ਕਰਮ ਜਾਲ, ਜਿਸ ਵਿਚ ਹਉਂ ਨੇ ਫਸਾਯਾ ਸੀ ਐਉਂ ਛੁੱਟਦਾ ਹੈ ਕਿ ਪਰਮੇਸ਼ੁਰ ਨੂੰ ਆਰਾਧਣ ਵਾਲਾ ਮਾੜੇ ਕਰਮ ਆਪੇ ਛੱਡ ਦੇਂਦਾ ਹੈ, ਉਹ ਉਸ ਦੇ ਪ੍ਰੀਤਮ ਪਰਮੇਸ਼ੁਰ ਨੂੰ ਭਾਉਂਦੇ ਨਹੀਂ, ਇਸ ਕਰਕੇ ਉਹ ਹੁਣ ਮਾੜੇ ਕਰਮ ਕਰਦਾ ਹੀ ਨਹੀਂ ਤੇ ਸ਼ੁਭ ਕਰਮ ਕਰਕੇ ਵਾਹਿਗੁਰੂ ਨੂੰ ਅਰਪਨ ਕਰਦਾ ਹੈ। 'ਕਾਹੂ ਫਲ ਕੀ ਇੱਛਾ ਨਹੀਂ ਬਾਛੈ॥ ਕੇਵਲ ਭਗਤ ਕੀਰਤਨ ਸੰਗ ਰਾਚੈ'। (ਸੁਖਮਨੀ) ਐਉਂ ਕਰਮ ਜਾਲ ਤੋਂ ਬੀ ਛੁੱਟ ਗਿਆ। ਸੋ ਉਹ ਸਰੀਰ ਦੇ ਹੁੰਦਿਆਂ ਹੀ ਮਾੜੇ ਕਰਮਾਂ ਤੋਂ ਉੱਚਾ-ਸ਼ੁਭ ਕਰਮਾਂ ਦਾ ਨਿਸ਼ਕਾਮ ਧਾਰਣੀ- ਤੇ ਪਰਮੇਸ਼ੁਰ ਦਾ ਪਿਆਰਾ ਹੋ ਗਿਆ ਤੇ 'ਹਉਂ ਦੇ' ਜਾਲ ਤੋਂ ਮੁਕਤ ਹੋ ਗਿਆ। ਉਸ ਦਾ ਪੁਰਖੱਤ੍ਵ (ਸ਼ਖਸੀਅਤ) ਨਿਰਅਭਿਮਾਨ ਹੋ ਗਿਆ। ਨਾਲ ਹੀ ਉਹ ਸ਼ੁਭ ਤੇ ਪ੍ਰੇਮ ਸੰਯੁਕਤ ਸੁਖਦਾਈ ਬੱਦਲ ਵਤ ਸੁਖ ਵਰਸਾਉਂਦਾ ਹੋ ਗਿਆ। ਐਸੇ ਵਾਹਿਗੁਰੂ ਨੂੰ ਧਿਆਉਣ ਵਾਲੇ ਦਾ ਕਰਤਬ ਗੁਰੂ ਨਾਨਕ ਦੇਵ ਜੀ ਦੀ ਅਗਲੀ ਪਉੜੀ ਵਿਚ ਵਰਣਨ ਹੁੰਦਾ ਹੈ।

**ਪਉੜੀ ॥**

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥**

**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**

**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**

(ਸੱਚੀ) ਸੇਵਾ ਸੰਤੋਖੀਆਂ ਨੇ ਕੀਤੀ ਹੈ ਜਿਨ੍ਹਾਂ ਨੇ 'ਨਿਰੋਲ ਸੱਚ' (ਅਕਾਲ ਪੁਰਖ) ਦੀ ਅਰਾਧਨਾ ਕੀਤੀ ਹੈ। ਉਹਨਾਂ ਨੇ (ਕਦੇ) ਮਾੜੇ ਪਾਸੇ ਵਲ (ਜਿਧਰ ਗਿਆਂ ਪਾਪ ਹੋਣ) ਪੈਰ (ਹੀ) ਨਹੀਂ ਧਰੇ, ਨੇਕੀ ਦੇ ਕੰਮ ਕਰਕੇ (ਉਹਨਾਂ ਨੇ ਸਦਾ) ਧਰਮ ਕਮਾ ਲਿਆ[੧] ਹੈ। (ਭਾਵ ਨੇਕੀ ਧਰਮ ਦੀ ਖ਼ਾਤਰ ਕਰਦੇ ਹਨ, ਕਿਸੇ ਦਿਖਾਵੇ ਮਨੋਰਥ ਯਾ ਗ਼ਰਜ਼ ਲਈ ਨਹੀਂ ਕਰਦੇ। ਨੇਕੀ, ਨੇਕੀ ਦੀ ਖਾਤਰ ਹੋਣ ਕਰਕੇ ਉਹਨਾਂ ਦੇ ਪੱਲੇ ਧਰਮ ਪੈਂਦਾ ਹੈ)। ਉਹਨਾਂ ਨੇ ਅੰਨ ਪਾਣੀ ਥੋੜ੍ਹਾ ਖਾਧਾ ਹੈ (ਜੋ ਸੁਰਤ ਸਾਵਧਾਨ ਰਹੇ ਸਿਮਰਨ ਵਿਚ ਫੇਰ ਉਨ੍ਹਾਂ ਨੇ) ਦੁਨੀਆਂ ਦੇ (ਉਲਝਾਉ ਜੋ ਸੁਰਤ ਨੂੰ ਆਪਣੇ ਵਿਚ ਫਸਾ ਕੇ) ਬੰਧਨ (ਖਣ ਜਾਂਦੇ ਹਨ, ਬੀ) ਤੋੜ ਦਿਤੇ ਹਨ। (ਪਰ

੧. ਮਿਹਨਤ ਕਰਕੇ ਹਾਸਲ ਕਰ ਲੈਣ ਨੂੰ ਬੀ ਕਮਾਉਣਾ ਕਹਿੰਦੇ ਹਨ।


www.sikhbookclub.com

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

ਹੇ ਦਾਤਾ!) ਤੂੰ ਬਹੁਤ ਵੱਡਾ ਬਖਸ਼ਿਸ਼ਾਂ ਕਰਨ ਵਾਲਾ ਹੈਂ, (ਇਕ ਵੇਰ ਨਹੀਂ ਤੂੰ) ਸਦਾ ਦੇਂਦਾ (ਹੀ ਦੇਂਦਾ) ਹੈਂ (ਤੇ ਤੇਰਾ ਦੇਣ ਘਟਦਾ ਨਹੀਂ ਸਗੋਂ) ਸਵਾਇਆ (ਚੜ੍ਹਦਾ=) ਵਧਦਾ ਹੈ (ਪਹਿਲੇ ਨਾਲੋਂ, ਭਾਵ ਐਸੇ ਸੰਤੋਖੀਆਂ ਤੇ ਤੇਰੀ ਮਿਹਰ) ਦੂਣ ਸਵਾਈ ਹੁੰਦੀ ਹੈ। (ਉਨ੍ਹਾਂ ਸੰਤੋਖੀਆਂ

ਵਡਿਆਈ ਵਡਾ ਪਾਇਆ ॥੭॥

ਨੇ ਪਰਮੇਸ਼ੁਰ ਦੀ) ਵਡਿਆਈ ਕਰਕੇ (ਭਾਵ ਗੁਣ ਗਾ ਗਾ ਕੇ ਹੀ ਉਸ ਸਭ ਤੋਂ ਵੱਡੇ ਤੇ ਸਦਾ) ਵੱਡੇ ਨੂੰ ਪਾ ਲਿਆ ਹੈ! ॥੭॥

ਅਗਲੀ ਅਰਥਾਤ ਅੱਠਵੀਂ ਪੌੜੀ ਵਿਚ 'ਸਚਾ ਨੀਸਾਣ' ਦੱਸਿਆ ਹੈ। ਇਸ ਸਲੋਕ ਵਿਚ ਉਸ ਦਾ 'ਮੂਲ' ਅਤੇ ਬਾਹਰਲੇ ਨਿਸ਼ਾਨਾਂ ਦੀ ਨਿਸ਼ਫਲਤਾ ਦੱਸੀ ਹੈ, ਇਹੋ ਗੱਲ ਅਗਲੇ ਸਲੋਕ ਵਿਚ ਦੱਸੀ ਹੈ।

ਸਲੋਕ ਮਃ ੧ ॥

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥

ਡੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥

ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥

ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ

ਆਦਮੀਆਂ, ਰੁਖ਼ਾਂ, ਤੀਰਥਾਂ, (ਨਦੀਆਂ ਸਮੁੰਦਰਾਂ ਦੇ) ਕਿਨਾਰਿਆਂ[1], ਬੱਦਲਾਂ, ਖੇਤਾਂ, ਟਾਪੂਆਂ, ਲੋਕਾਂ, ਮੰਡਲਾਂ, ਖੰਡਾਂ, ਬ੍ਰਹਮੰਡਾਂ, ਅੰਡਜ਼ਾਂ, ਜੇਰਜਾਂ, ਉਤਭੁਜਾਂ, ਸੇਤਜਾਂ, (ਚੌਹਾਂ) ਖਾਣੀਆਂ[2] (ਤੋਂ ਉਪਜੇ ਜੀਵਾਂ ਜੰਤਾਂ ਬੂਟਿਆਂ) ਸਮੁੰਦਰਾਂ ਤੇ ਪਹਾੜਾਂ[3] (ਵਿਚ ਵਸਦੇ ਜੀਵਾਂ) ਜੰਤਾਂ ਸਭਨਾਂ ਦੀ ਗਿਣਤੀ ਮਿਣਤੀ ਹੇ ਨਾਨਕ! ਉਹ (ਪਰਮੇਸ਼ੁਰ) ਜਾਣਦਾ ਹੈ। (ਇਹ ਸਾਰੇ ਉਸ ਨੇ ਉਪਾਏ ਹਨ, ਸੋ ਗਿਣਤੀ ਮਿਣਤੀ ਉਪਾਵਨਹਾਰ ਤੋਂ ਗੁੱਝੀ ਨਹੀਂ ਹੋ ਸਕਦੀ ਪਰ ਦੇਖੋ ਓਹ ਐਤਨੇ) ਜੀਵ ਜੰਤੂ ਪੈਦਾ ਕਰਕੇ (ਬੇਫਿਕਰ ਨਹੀਂ ਹੋ ਬੈਠਾ), ਸਭ ਦੀ (ਪਾਲਣ ਪੋਖਨ ਸਿਖਜਾ ਆਦਿ ਦੀ ਸਾਰੀ) ਸੰਭਾਲ (ਆਪ) ਰੱਖਦਾ ਹੈ। (ਹਾਂ) ਜਿਸ ਕਰਤਾਰ ਨੇ ਸ੍ਰਿਸ਼ਟੀ ਰਚੀ ਹੈ (ਇਸ ਦੇ ਪਾਲਣ ਪੋਖਣ ਸੁਧਾਰਣ ਦੀ) ਚਿੰਤਾ ਬੀ ਉਸੇ (ਪਿਤਾ) ਨੂੰ ਕਰਨੀ ਬਣਦੀ ਸੀ (ਸੋ ਦੇਖ ਲਓ ਕਿ) ਕਰਤਾਰ ਜਿਸ ਨੇ ਜਗਤ ਪੈਦਾ ਕੀਤਾ ਸੀ (ਇਸ ਦਾ) ਫਿਕਰ ਉਹੀ ਕਰ ਰਿਹਾ ਹੈ। ਉਸ (ਉਪਾਵਨਹਾਰ ਜਾਣਨਹਾਰ, ਚਿੰਤਾ ਕਰਨਹਾਰ, ਸੰਭਾਲਣਹਾਰ

---

੧. ਤੀਰਥ=ਹਿੰਦੂ ਧਰਮ ਦਾ ਪਵਿੱਤ੍ਰ ਮੰਨਿਆਂ ਟਿਕਾਣਾ, ਚਾਹੇ ਨਦੀ ਦੇ ਕਿਨਾਰੇ ਤੇ ਹੋਵੇ ਚਾਹੇ ਉਂਞ। ਤਟ=ਤੋਂ ਮੁਰਾਦ ਉਨ੍ਹਾਂ ਤੀਰਥਾਂ ਦੀ ਹੈ ਜੋ ਜ਼ਰੂਰ ਨਦੀ ਸਮੁੰਦਰ ਦੇ ਕਿਨਾਰੇ ਤੇ ਹੋਵੇ। ਜਿਵੇਂ ਬਨਾਰਸ ਦ੍ਵਾਰਕਾ।

੨. ਚਾਰ ਖਾਣੀਆਂ ਤੇ ਸਾਰੀ ਸ੍ਰਿਸ਼ਟੀ ਦੀ ਉਪਜ ਵੰਡੀ ਹੋਈ ਹੈ: ਅੰਡਿਆਂ ਤੋਂ, ਜੇਰ ਤੋਂ ਦੁਹਾਂ ਤੋਂ ਛੁਟ ਹੋਰ ਤਰ੍ਹਾਂ ਪਸੀਨੇ ਆਦਿ ਤੋਂ ਤੇ ਬਨਸਪਤੀ ਤੋਂ।

੩. ਮੇਰ-ਸੁਮੇਰੁ ਪਰਬਤ, ਮੇਰਾਂ=(ਆਮ) ਪਰਬਤਾਂ।

ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥

ਪਰਮੇਸ਼ੁਰ ਨੂੰ ਮੇਰੀ) ਨਮਸਕਾਰ[੧] ਹੈ, ਉਸੇ ਦੀ (ਮੈਂ) ਕਲਜਾਨ ਗਾਉਂਦਾ ਹਾਂ[੨] (ਤੇ ਦੱਸਦਾ ਹਾਂ ਕਿ) ਉਸ ਦਾ ਦਰਬਾਰ (ਇਹ ਸਾਰੇ ਦਾਨ ਕਰਨ ਵਾਲਾ) ਅਟੱਲ ਹੈ[੩] ਹੇ ਨਾਨਕ! (ਐਸੇ ਪਰਮੇਸ਼ੁਰ ਦੇ) ਸੱਚੇ ਨਾਮ ਦੀ (ਅਰਾਧਨਾ ਕਰ, ਇਸ) ਬਿਨਾ ਟਿੱਕਾ ਕੀਹ ਹੈ ਤੇ ਜਨੇਊ[੪] ਕੀਹ ਹੈ? (ਭਾਵ ਕੁਛ ਨਹੀਂ)॥੧॥

ਭਾਵ- 'ਪੁਰਖਾਂ....' ਤੋ ਲੈ ਕੇ......'ਜਗੁ' ਤਕ ਪਰਮੇਸ਼ੁਰ ਦੇ ਰਚਣਹਾਰ ਤੇ ਸੰਭਾਲਣਹਾਰ ਹੋਣ ਦਾ ਕਥਨ ਕਰਕੇ ਅਗੋਂ 'ਤਿਸੁ' ਤੋਂ......ਤਗੁ' ਤੱਕ ਰਚੇ ਗਏ ਦਾ ਉਸ ਵਲ ਫ਼ਰਜ਼ ਦੱਸਦੇ ਹਨ ਜੋ ਇਹ ਹੈ- ਉਸਨੂੰ ਨਮਸਕਾਰ ਕਰਨੀ ਤੇ ਉਸ ਦੇ ਸੁਅਸਤੀ ਭਾਵ ਵਿਚ ਜੀਉਣਾ। ਇਸ ਭਾਵ ਵਿਚ ਸਦਾ ਰਹਿਣ ਦਾ ਤਰੀਕਾ ਸੱਚਾ ਨਾਮ ਹੈ। ਬਾਕੀ (ਟਿਕਾ) ਸੰਪ੍ਰਦਾਇਕ ਚਿੰਨ੍ਹ ਤੇ (ਤਗ) ਵਰਣਾਸ਼੍ਰਮਿਕ ਚਿੰਨ੍ਹ ਹਨ, ਏਹ ਵਾਹਿਗੁਰੂ ਨਾਲ ਨਿਜ ਸੰਬੰਧ ਹੋਣ ਦੇ ਲਖਾਯਕ ਨਹੀਂ ਹਨ। ਸ਼ਲੋਕ ਦਾ ਭਾਵ ਇਹ ਹੈ- ਵਾਹਿਗੁਰੂ ਰਚਨਹਾਰ ਹੈ ਇਉਂ ਸਾਡੇ ਪਾਲਣ ਆਦਿ ਦੀ ਚਿੰਤਾ ਉਸ ਨੂੰ ਹੋਣੀ ਉਸ ਦਾ ਸੁਤੇ ਫ਼ਰਜ਼ ਹੈ, ਤਿਵੇਂ ਅਸੀਂ ਜੋ ਰਚੇ ਗਏ ਪਾਲੇ ਪੋਸੇ ਜਾ ਰਹੇ ਹਾਂ, ਸਾਡਾ ਸੁਤੇ ਫ਼ਰਜ਼ ਪਾਲਣਹਾਰ ਵਲ ਇਹ ਹੈ ਕਿ ਉਸ ਦੇ ਪਜਾਰ ਵਿਚ ਜੀਵੀਏ ਤੇ ਉਸ ਦੇ ਆਗਜਾਕਾਰੀ ਸਪੁਤ੍ਰ ਬਣੀਏ।

ਮਃ੧॥

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥

ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥

ਨਾਨਕ ਮਤੀ ਮਿਥਿਆ

(ਦੂਜੇ ਨੂੰ ਸੁਖ ਦੇਣ ਵਾਲੀਆਂ) ਲੱਖਾਂ ਨੇਕੀਆਂ, (ਆਪ ਨੂੰ ਚੰਗਾ ਬਨਾਉਣ ਵਾਲੀਆਂ) ਚੰਗਿਆਈਆਂ (-ਗੁਣ ਤੇ ਖੂਬੀਆਂ ਅਤੇ ਸ਼ਾਸਤ੍ਰਾਂ ਵਿਚ ਦੱਸੇ ਯਗ ਆਦਿ) ਪ੍ਰਮਾਣੀਕ ਲੱਖਾਂ ਪੁੰਨ ਹੋਣ[੫]। ਤੀਰਥਾਂ ਤੇ ਬੈਠ ਕੇ ਲੱਖਾਂ ਹੀ ਤਪ ਕੀਤੇ ਜਾਣ ਤੇ ਉਜਾੜਾਂ[੬] ਵਿਚ ਬੈਠ ਕੇ ਜੋਗ ਦੇ (ਕਠਨ ਤੇ) ਸਹਿਜ (ਦੋਵੇਂ ਅਭਜਾਸ) ਕੀਤੇ ਜਾਣ। ਜੁੱਧਾਂ (ਵਿਚ ਜਾ ਕੇ)ਲੱਖਾਂ ਸੂਰਮਗਤੀਆਂ (ਦੇ ਕੰਮ ਕੀਤੇ ਜਾਣ, ਇਥੋਂ ਤਾਈਂ ਕਿ) ਪ੍ਰਾਣ ਹੀ ਮੈਦਾਨ ਜੰਗ ਵਿਚ ਛੁਟ ਜਾਣ[੭]। ਲੱਖਾਂ (ਪਾਠ) ਸ਼੍ਰੁਤੀਆਂ (ਦੇ ਕੀਤੇ ਜਾਣ ਤੇ) ਲੱਖਾਂ ਗਜਾਨ ਕੀਤੇ ਜਾਣ ਤੇ) ਲੱਖਾਂ ਵਾਰ ਧਜਾਨ ਜੋੜੇ ਜਾਣ (ਤੇ) ਪੁਰਾਣਾਂ (ਆਦਿਕ) ਦੇ ਪਾਠ ਪੜ੍ਹੇ ਜਾਣ। (ਇਹ ਸਭੇ ਜੀਵ ਦੇ ਮਨ ਦੀ) ਮਤਿ (ਦੇ ਵੀਚਾਰ ਤੋਂ ਕੀਤੇ ਗਏ ਕੰਮ ਹਨ, ਇਸ ਲਈ) ਇਹ ਕੂੜੀਆਂ (ਨਿਸ਼ਾਨੀਆਂ ਹਨ) ਹੇ ਨਾਨਕ! ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਤੇ ਜੰਮਣ

੧. ਜੁਹਾਰੀ=ਨਮਸਕਾਰ ਹੈ।
੨. ਸ੍ਵਸਤਿ= ਕਿਸੇ ਨੂੰ ਕਹਿਣਾ ਤੇਰੀ ਕਲਜਾਨ ਹੋਵੇ, ਭਲਾ ਹੋਵੀ, ਸ਼ੁਭ ਤੇ ਅਸ਼ੀਰਵਾਦਿਕ ਵਾਕ ਕਹਿਣੇ।
੩. ਅਭਗ= ਜੋ ਨਾ ਟੁੱਟੇ, ਅਟੱਲ।
੪. ਤਗੁ=ਧਾਗਾ, ਭਾਵ ਹੈ ਜਨੇਊ।
੫. ਪੁੰਨਾ ਪਰਵਾਣ=ਪ੍ਰਮਾਣੀਕ ਪੁੰਨ, ਸ਼ਾਸਤ੍ਰਾਂ ਨੇ ਜੋ ਕਰਨੇ ਦੱਸੇ ਹਨ।
੬. ਬੇਬਾਣ=ਫ਼ਾ:, ਬੀਆਬਾਨ ਉਜਾੜ।
੭. ਰਣ ਵਿਚ ਮਰਣਾ ਛਤ੍ਰੀ ਲਈ ਸਦਗਤੀ ਪ੍ਰਾਪਤ ਹੋਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ।


www.sikhbookclub.com

ਕਰਮੁ ਸਚਾ ਨੀਸਾਣੁ ॥੨॥

ਮਰਣ ਲਿਖਿਆ ਹੈ (ਨੀਯਤ ਕੀਤਾ ਹੈ, ਉਸ ਦਾ) ਫਜ਼ਲ (ਹੀ ਜੀਵ ਦੇ ਉਧਾਰ ਦਾ) ਸੱਚਾ ਨਿਸ਼ਾਨ[1] ਹੈ। (ਤਾਂ ਤੇ ਬਖਸ਼ਿਸ਼ ਉਤੇ ਟੇਕ ਰੱਖ, ਬਖਸ਼ਿਸ਼ ਉਤੇ ਟੇਕ ਵਾਲਾ ਅਪਣੇ ਆਪ ਨੂੰ ਉਸ ਦੇ ਪਰਨੇ ਤੇ ਸੁੱਟ ਦੇਂਦਾ ਹੈ ਤੇ ਸਿਫਤ ਸਲਾਹ ਕਰਦਾ ਹੈ, ਨਾਮ ਸਿਮਰਦਾ ਹੈ ਤੇ ਅਰਦਾਸ ਤੇ ਸ਼ੁਕਰ ਵਿਚ ਜੀਉਂਦਾ ਹੈ)॥੨॥

ਭਾਵ- ਪਿਛਲੇ ਸਲੋਕ ਵਿਚ ਦੱਸਿਆ ਸੀ ਕਿ 'ਸੱਚਾ ਨਾਮ' ਪਰਮੇਸ਼ੁਰ ਨਾਲ ਨਿਜ ਸੰਬੰਧ ਹੈ, ਇਸ ਸ਼ਲੋਕ ਵਿਚ ਵਾਹਿਗੁਰੂ ਦੀ ਅਰਾਧਨਾ ਉਤੇ ਜੋ ਉਸ ਦਾ ਫਜ਼ਲ ਹੁੰਦਾ ਹੈ ਉਹ ਜੀਵ ਦੇ ਉਧਾਰ ਦੀ ਪੱਕੀ ਨਿਸ਼ਾਨੀ ਹੈ ਇਹ ਗੱਲ ਨਿਰੂਪਣ ਕੀਤੀ ਹੈ। ਮਨੁੱਖ ਦੇ ਅਪਣੇ ਕੀਤੇ ਸਾਧਨਾਂ ਤੋਂ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਓਹ ਪਰਮੇਸ਼ੁਰ ਦੀ ਦਰਗਾਹੇ ਪਰਵਾਣ ਹੋ ਗਿਆ ਹੈ ਕਿ ਨਹੀਂ, ਕਿਉਂਕਿ ਮਨੁੱਖ ਅਪਣੀ ਮਤ ਅਨੁਸਾਰ ਕਰਦਾ ਹੈ ਤੇ ਮਤ 'ਹਉਂ' ਵਿਚ ਕੰਮ ਕਰਦੀ ਹੈ, ਸੋ ਬਖਸ਼ਿਸ਼ ਪੱਕੀ ਨਿਸ਼ਾਨੀ ਹੈ।

ਪਉੜੀ ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ੀ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥

ਤੂੰ ਹੀ (ਹੇ ਨਿਰੰਕਾਰ!) ਇਕ ਸੱਚਾ ਮਾਲਕ ਹੈਂ ਜੋ (ਅਪਣੇ ਸੇਵਕਾਂ ਵਿਚ) ਸੱਚ ਹੀ ਸੱਚ ਵਰਤਾ ਦੇਂਦਾ ਹੈਂ (ਕਿਉਂਕਿ) ਸੱਚ ਤਾਂ (ਕੇਵਲ) ਉਸ ਨੂੰ ਮਿਲਦਾ ਹੈ ਜਿਸ ਨੂੰ ਤੂੰ (ਆਪ) ਦੇ ਦੇਂਦਾ ਹੈਂ, ਉਹੋ (ਫੇਰ) ਸੱਚ ਦੀ ਕਮਾਈ ਕਰਦਾ ਹੈ (ਪਰ ਇਹ) ਸੱਚ ਜਿਨ੍ਹਾਂ ਦੇ ਹਿਰਦੇ ਵਿਚ (ਤੂੰ) ਵਸਾਇਆ ਹੈ ਉਨ੍ਹਾਂ ਨੇ ਇਹ ਸੱਚ ਸਤਿਗੁਰੂ ਦੇ ਮਿਲ ਪੈਣ ਨਾਲ ਹੀ ਪ੍ਰਾਪਤ ਕੀਤਾ ਹੈ।

ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥੮॥

(ਪਰ) ਮੂਰਖ ਸੱਚ ਨਹੀਂ ਜਾਣਦੇ, (ਐਸੇ) ਮਨਮੁਖਾਂ ਨੇ ਜਨਮ (ਹੀ) ਬਿਰਥਾ ਗੁਆ ਲਿਆ ਹੈ। (ਐਸੇ ਲੋਕਾਂ ਦਾ) ਜਗਤ ਵਿਚ ਆਇਆ ਕਿਸ ਲਈ ਸੀ? (ਭਾਵ ਬਿਰਥਾ ਸੀ। ਯਥਾ- 'ਮਾਨੁਖੁ ਬਿਨੁ ਬੂਝੈ ਬਿਰਥਾ ਆਇਆ॥' (ਟੋਡੀ ਮ:੫-੪) ॥੮॥

ਇਸ ਪਉੜੀ ਵਿਚ 'ਇਖਲਾਕੀ ਸੱਚ' ਤੇ 'ਰਹੱਮਜਕ ਸੱਚ' ਦੁਇ ਪ੍ਰਤਿਪਾਦਨ ਕੀਤੇ ਹਨ। ਰਹੱਸਜਕ ਸੱਚ ਨੂੰ ਪ੍ਰਾਪਤ ਹੋਏ ਬਾਝ ਜੀਵ ਮਨ ਬਚ ਕਰਕੇ ਸੱਚਾ ਨਹੀਂ ਹੋ ਸਕਦਾ। ਹਿਰਦੇ ਵਿਚ ਸੱਚੇ-ਪਰਮਾਤਮਾ ਦਾ ਨਿਵਾਸ-ਮੂਲ ਸੱਚ ਹੈ। ਵਿਸ਼ੇਸ਼ ਲਈ ਦੇਖੋ ਦਸਵੀਂ ਪਉੜੀ ਦਾ ਦੂਸਰਾ ਸ਼ਲੋਕ ਜੋ ਅੱਗੇ ਆਵੇਗਾ- 'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥'

---

੧. ਨਿਸ਼ਾਨ=ਚਿੰਨ੍ਹ। ਵੈਸ਼ਨਵਾਂ ਵਿਚ ਦੁਆਰਕਾ ਵਿਚ ਲੱਗਾ ਠੱਪਾ (ਚਰਮ ਮੁਦ੍ਰਾ) ਇਸ ਲਈ ਹੁੰਦਾ ਹੈ ਕਿ ਇਹ ਨੀਸ਼ਾਨ ਅੱਗੇ ਗਿਆਂ ਨੂੰ ਪਰਖਾ ਦੇਵੇਗਾ। ਇਸੀ ਤਰ੍ਹਾਂ ਭਿੰਨ ਭਿੰਨ ਸੰਪ੍ਰਦਾਵਾਂ ਦੇ ਆਪੋ ਆਪਣੇ ਨੀਸ਼ਾਨ ਹੁੰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਇਹੋ ਜਿਹੇ ਨੀਸ਼ਾਨ ਕੰਮ ਨਹੀਂ ਆਉਂਦੇ ਪਰ ਉਸ ਦਾ ਫਜ਼ਲ ਹੀ ਸੱਚਾ ਨੀਸ਼ਾਨ ਹੈ।


www.sikhbookclub.com

ਪਿਛਲੀ ਪਉੜੀ ਵਿਚ 'ਸੱਚ' ਦਾ ਪ੍ਰਤਿਪਾਦਨ ਕੀਤਾ ਸੀ। ਹੁਣ ਅਗਲੇ ਦੋ ਸ਼ਲੋਕਾਂ ਵਿਚ ਪਹਿਲੇ ਪੜ੍ਹਨ ਤੇ ਫੇਰ ਹੋਰ ਤਪਾਂ, ਹਠਾਂ ਨੂੰ ਹਉਂ ਤੇ ਅਵਿਦਜਾ ਦੇ ਕੰਮ ਦੱਸ ਕੇ ਨਾਮ ਦੀ ਪ੍ਰੌੜ੍ਹਤਾ ਦੱਸੀ ਹੈ। ਅਤੇ ਪਉੜੀ ਵਿਚ ਭਗਤੀ ਦੀ ਵਡਿਆਈ ਵਰਣਨ ਹੈ।

ਸਲੋਕੁ ਮਃ ੧ ॥

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥

(ਐਤਨਾ) ਪੜ੍ਹੀਏ ਕਿ ਪੜ੍ਹ ਕੇ ਗੱਡੀਆਂ ਲੱਦ ਲਈਏ (ਸਗੋਂ ਐਤਨਾ ਪੜ੍ਹੀਏ ਕਿ ਪੁਸਤਕਾਂ) ਪੜ੍ਹ ਕੇ ਬਲੇਦੇ[1] ਲੱਦ ਲਈਏ। (ਹਾਂ ਇੰਨਾਂ ਪੜ੍ਹੀਏ ਕਿ) ਪੜ੍ਹ ਪੜ੍ਹ ਕੇ (ਪੁਸਤਕਾਂ ਨਾਲ) ਬੇੜੀਆਂ ਭਰ ਲਈਏ (ਜਾਂ ਪੜ੍ਹੀਆਂ ਪੋਥੀਆਂ ਐਨੀਆਂ ਹੋ ਜਾਣ ਕਿ) ਖਾਤੇ[2] ਭਰੇ ਜਾ ਸਕਣ[3]। (ਪਹਿਲੇ ਪੋਥੀਆਂ ਦੀ ਬਹੁਲਤਾ ਦੱਸੀ ਹੁਣ ਓਹਨਾਂ ਨੂੰ ਪੜ੍ਹਨ ਦੇ ਵਕਤ ਦੀ ਬਹੁਲਤਾ ਦੱਸਦੇ ਹਨ)। ਜਿੰਨੇ ਮਹੀਨੇ (ਸਾਲ ਦੇ ਹੋਣ ਸੋ) ਹਰ ਮਹੀਨੇ (ਤੇ ਉਮਰਾਂ ਦੇ ਜਿੰਨੇ ਵਰ੍ਹੇ ਹੋਣ ਹਰ) ਵਰ੍ਹੇ ਪੜ੍ਹਦੇ ਹੀ ਰਹੀਏ (ਐਉਂ) ਸਾਰੀ ਉਮਰ ਪੜ੍ਹਦੇ ਰਹੀਏ ਤੇ ਜਿੰਨੇ ਸਾਸ (ਮਿਲੇ ਹਨ ਹਰ ਸੁਆਸ) ਪੜ੍ਹਦੇ ਹੀ ਰਹੀਏ (ਭਾਵ ਲਗਾਤਾਰ ਜੁਟੇ ਹੀ ਰਹੀਏ, ਪਰ ਵਾਹਿਗੁਰੂ ਦੇ ਦਰ) ਲੇਖੇ ਪੈਣ ਵਾਲੀ ਗਲ ਤਾਂ ਇਕ (ਨਾਮ) ਹੈ ਹੋਰ (ਉਸ ਬਿਨ ਪੜ੍ਹਨਾ ਤਾਂ) ਹਉਮੈ ਵਿਚ ਖਪਦੇ ਰਹਿਣਾ ਹੈ[4] (ਯਥਾ- 'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥' (ਸੂਹੀ ਮ:੫-੫੦)॥੧॥

(ਜਿਤਨਾਂ ਪੁਸਤਕਾਂ ਆਦਿ ਵਿਚ ਹੋਰਨਾਂ ਦਾ) ਲਿਖਿਆ (ਕੋਈ) ਪੜ੍ਹਦਾ ਹੈ (ਤੇ ਫੇਰ ਅਗੋਂ ਆਪ ਜਿਤਨਾ) ਲਿਖਦਾ ਹੈ (ਜਾਣੋ) ਉਤਨਾ ਹੀ (ਉਹ) ਕੁੜ੍ਹਦਾ

---

੧. ਸਾਥ=ਸੰਗ। ਪੁਰਖ ਇਕੱਠ। ਲਦੇ ਹੋਏ ਢੇਰ ਸਾਰੇ ਬੌਲਦ ਊਠ ਆਦਿ, ਬਲੇਦਾ (ਸੰਸ:, ਸਾਰ੍ਥ=ਇਕ ਕਿਸਮ ਦੇ ਪਸ਼ੂਆਂ ਦਾ ਸਮੁਦਾਯ)

੨. ਖਾਤ=ਖਾਤ। ਜਿਵੇਂ ਦਾਣਿਆਂ ਦੇ ਖਾਤੇ ਭਰੀਦੇ ਹਨ ਤਿਵੇਂ ਪੁਸਤਕਾਂ ਦੇ ਭਰੇ ਜਾ ਸਕਣ। ਭੋਰੇ ਅਤੇ ਤਹਿਖਾਨਿਆਂ ਵਲ ਇਸ਼ਾਰਾ ਹੈ।

੩. ਬਹੁਤ ਪੜ੍ਹੇ ਦਿਗਵਿਜਈ ਪੰਡਤ ਪੋਥੀਆਂ ਨਾਲ ਰਖਦੇ ਸਨ, ਸੜਕਾਂ ਤੇ ਗੱਡਿਆਂ ਵਿਚ ਲੱਦ ਕੇ, ਪਹਾੜੀ ਅਤੇ ਤੰਗ ਰਾਹਾਂ ਤੇ ਊਠਾਂ, ਬੋਲਦਾਂ ਉਤੇ ਲੱਦ ਕੇ, ਨਦੀਆਂ ਟੱਪਣੀਆਂ ਤਾਂ ਬੇੜੀਆਂ ਉਤੇ ਲੱਦ ਕੇ, ਜੇ ਘਰੀਂ ਟਿਕਾਣਾ ਕਰ ਬੈਠਦੇ ਸਨ ਤਾਂ ਸੰਦੂਕਾਂ ਨੂੰ ਘਰਾਂ ਦੇ ਹੇਠਾਂ ਭੋਰਿਆਂ ਤੇ ਤਹਿਖਾਨਿਆਂ ਵਿਚ ਸਾਂਭਦੇ ਸਨ ਜੋ ਚੋਰੀ ਨਾ ਹੋ ਜਾਣ।

੪. ਇਸ ਸ਼ਲੋਕ ਵਿਚ ਕਵਿਤਾ ਦਾ ਕੈਸਾ ਕਮਾਲ ਹੈ। 'ਇਕ ਗੱਲ' ਦੇ ਟਾਕਰੇ ਤੇ ਬਾਕੀ ਗੇਣਤੀਆਂ ਦੀ ਅਨੇਕਤਾ ਕਿਸ ਵਿਸ਼ਾਲਤਾ ਨਾਲ ਗਿਣੀ ਹੈ ਤੇ 'ਇਕ ਗੱਲ' ਤੇ ਸਾਰਾ ਜ਼ੋਰ ਭਰ ਦਿੱਤਾ ਹੈ। 'ਇਕ ਗਲ' ਦੀ ਵਿਆਖਜਾ ਅਗਲੇ ਸ਼ਲੋਕ ਵਿਚ ਹੈ -ਦੇਖੋਂ ਸਤਰ ੧੨-੧੫।

ਬਹੁ ਤੀਰਥ ਭਵਿਆ ॥

ਤੇਤੋ ਲਵਿਆ ॥

ਬਹੁ ਭੇਖ ਕੀਆ ਦੇਹੀ ਦੁਖੁ ਦੀਆ॥

ਸਹੁ ਵੇ ਜੀਆ ਅਪਣਾ ਕੀਆ॥

ਅੰਨੁ ਨ ਖਾਇਆ ਸਾਦੁ ਗਵਾਇਆ॥

ਬਹੁ ਦੁਖੁ ਪਾਇਆ ਦੂਜਾ ਭਾਇਆ॥

ਬਸਤ੍ਰ ਨ ਪਹਿਰੈ ॥

ਅਹਿਨਿਸਿ ਕਹਰੈ ॥

ਮੋਨਿ ਵਿਗੂਤਾ ॥

ਕਿਉ ਜਾਗੈ ਗੁਰ ਬਿਨੁ ਸੂਤਾ ॥

ਪਗ ਉਪੇਤਾਣਾ ॥

ਰਹਿੰਦਾ ਹੈ[੧]। (ਜਿਤਨਾ ਕੋਈ) ਤੀਰਥਾਂ ਉਤੇ ਬਹੁਤਾ ਫਿਰਦਾ ਹੈ ਉਤਨਾ ਹੀ (ਵਧ) ਬਕਵਾਸੀ ਹੋ ਜਾਂਦਾ ਹੈ (ਭਾਵ ਗੱਪਾਂ ਬਹੁਤ ਮਾਰਦਾ ਹੈ। (ਜਿਤਨਾ ਕੋਈ) ਬਹੁਤੇ ਭੇਖ ਕਰਦਾ ਹੈ (ਉਤਨਾਂ ਵਧੀਕ ਅਪਣੇ) ਸਰੀਰ ਨੂੰ ਕਸ਼ਟ ਦੇਂਦਾ ਹੈ (ਭੇਖੀ ਸਾਧੂ ਸਰੀਰ ਨੂੰ ਔਖਿਆਂ ਕਰਕੇ ਹੀ ਅਪਣੇ ਹਠਾਂ ਦਾ ਅਸਰ ਪਾਉਂਦੇ ਹਨ। ਇਉਂ ਏਹ ਕਸ਼ਟ ਜੋ ਓਹ ਆਪੇ ਝੱਲਦੇ ਹੈਨ ਆਪਣੇ ਆਪ ਨੂੰ ਦੰਡ ਦੇ ਰਹੇ ਹੈਨ ਸੋ ਕਹਿਣਾ ਚਾਹੀਏ ਕਿ) ਸਹੁ ਭਾਈ (ਇਹ ਦੁਖ ਤੇਰਾ) ਆਪਣਾ (ਹੀ) ਪੈਦਾ ਕੀਤਾ ਹੋਇਆ ਹੈ[੨]। (ਜਿਸ ਨੇ ਕਠਨ ਬ੍ਰਤ ਧਾਰੇ ਤੇ) ਅੰਨ ਨਹੀਂ ਖਾਧਾ (ਉਸ ਨੇ ਇਕ ਤਾਂ ਆਪਣਾ) ਸੁਆਦ ਗੁਆਇਆ ਹੈ (ਦੂਜੇ ਫਾਕੇ ਕਸ਼ੀ ਦਾ) ਬਹੁਤ ਦੁਖ ਪਾਇਆ ਹੈ, (ਤੀਜੇ ਉਹ) ਦ੍ਵੈਤ ਭਾਵ ਵਿਚ ਹੈ[੩]। ਜੋ ਕਪੜੇ ਨਹੀਂ ਪਹਿਨਦਾ (ਭਾਵ ਨਾਂਗਾ ਰਹਿੰਦਾ ਹੈ) ਉਹ ਦਿਨੇ ਰਾਤ[੪] (ਆਪ ਨੂੰ) ਦੁਖੀ ਕਰਦਾ ਹੈ[੫]। ਜੋ ਮੋਨੀ (ਅਰਥਾਤ ਮੋਨ ਧਾਰੀ ਹੈ ਉਸ ਨੇ ਆਪਣੇ ਆਪ ਨੂੰ) ਵਿਗੋਚੇ ਵਿਚ ਪਾ ਲਿਆ ਹੋਇਆ ਹੈ, (ਪਰ ਕੀ ਕਰੇ ਅਗਜਾਨ ਨਿੰਦ੍ਰਾ ਵਿਚ) ਸੁੱਤਾ ਪਿਆ ਹੈ ਗੁਰੂ ਬਿਨ ਕੀਕੂੰ ਜਾਗੇ (ਜੋ) ਜੁਤੀ ਬਿਨਾ (ਪੈਰੋਂ ਨੰਗਾ) ਫਿਰਦਾ ਹੈ[੬]।

---

੧. ਕੜਨਾ=ਤਪਨਾ, ਕੁੜ੍ਹਨਾ। ਇਸ ਪਦ ਦਾ ਅਰਥ-ਤਪਣਾ, ਸੜਨਾ, ਕੁਝਣਾ, ਕੁੜਨਾ, ਹੋਰਨਾਂ ਤੁਕਾਂ ਵਿਚ ਬੀ ਆਇਆ ਹੈ, ਯਥਾ-ਤੂ ਕਰਹ ਸੋ ਮਚੇ ਹੋਇਸੀ ਤਾ ਕਾਇਤ ਕੜੀਐ॥ (ਗਉ:ਵਾ:ਮ:੪ ਪੌੜੀ੩। (ਅ) 'ਲਿਖਿ ਲਿਖਿ ਪੜਿਆ' ਦਾ ਅਰਥ ਲਿਖ ਲਿਖ ਕੇ ਪੜ੍ਹਿਆ ਅਰ ਲਿਖਿਆ ਪੜ੍ਹਿਆ ਬੀ ਕਰ ਲੈਂਦੇ ਹਨ।

੨. ਭਾਵ- ਇਹ ਕਸ਼ਟ ਸਹਿਣੇ ਭੇਖੀ ਬਣਨ ਦੀ ਸਜ਼ਾ ਹੈ।

੩. ਬ੍ਰਤਧਾਰੀ ਤੇ ਰੋਜ਼ੇਦਾਰ ਦੂਸਰਿਆਂ ਨੂੰ, ਜੋ ਬ੍ਰਤ ਯਾ ਰੋਜ਼ਾ ਨਾ ਰਖੇ, ਮਾੜਾ ਸਮਝਦਾ ਹੈ, ਐਉਂ ਦ੍ਵੈਤ ਭਾਵ ਵਿਚ ਚਲਾ ਜਾਂਦਾ ਹੈ।

੪. ਅਹਿ=ਦਿਨ, ਨਿਸ=ਰਾਤ। ਸੰਸ:, ਅਹਰੁ ਨਿਸ=ਦਿਨ ਰਾਤ। ਪ੍ਰਾ:, ਅਹਰ੍ਨਿਸ, ਪ੍ਰ: ਪੰ:, ਅਹਿਨਿਸ।

੫. ਕਹਰ ਅਰਬੀ ਪਦ ਹੈ। ਕਹਰ=ਗਾਲਬ ਆਉਣਾ, ਮਜਬੂਰ ਕਰਨਾ, ਦੁੱਖ ਦੇਣਾ। ਗੁਰੂ ਜੀ ਨੇ ਇਸ ਦੀ ਪੰਜਾਬੀ ਕ੍ਰਿਯਾ ਬਣਾਈ ਹੈ 'ਕਹਰੇ'=ਕਹਿਰ ਕਰਦਾ ਹੈ, ਦੁਖੀ ਕਰਦਾ ਹੈ। (ਅ) (ਹੁਨਾਲ ਦਾ) ਦਿਨ ਤੇ (ਸਿਆਲ ਦੀ) ਰਾਤ ਉਸ ਤੇ ਕਹਿਰ ਕਰਦੀ ਹੈ।

੬. ਜੈਸੇ ਕਈ ਸਾਧੂ, ਜੈਨੀ ਭਿਖੂ ਆਦਿ ਨੰਗੇ ਪੈਰੀਂ ਰਹਿੰਦੇ ਹਨ। ਸੰਸਕ੍ਰਿਤ ਲਫਜ਼ 'ਪਾਦ ਤ੍ਰਾਣ' (ਜਾਂ ਪਗ ਤ੍ਰਾਣ) ਨਾਮ ਹੈ ਪੈਰਾਂ ਦੀ ਰਖਜਾ ਕਰਨੇ ਵਾਲੀ ਸ਼ੈ ਦਾ, ਜੈਸਾ ਕਿ ਜੁੱਤੀ, ਖੜਾਵਾਂ ਆਦਿ। ਸੋ 'ਪਗ ਉਪੇ ਤਾਣਾ' ਹੈ- ਉਪੇ+ਪਗ+ਤ੍ਰਾਣ+ਾ=ਬਿਨਾ ਜੁੱਤੀ ਦੇ ਰਹਿਣਾ। 'ਉਪੇ' ਸੰਸਕ੍ਰਿਤ 'ਆਪ ਉਪਸਰਗ ਤੋਂ ਬਣਿਆ ਹੈ ਜੋ ਨਿਖੇਧ ਦੇ ਅਰਥ ਦੇਂਦਾ ਹੈ। ਇਸੇ ਲਫਜ਼ 'ਪਾਦ ਤ੍ਰਾਣ' ਦਾ ਨਿਖੇਧ ਵਾਚਕ ਅਰਥ ਵਾਲਾ ਰੂਪ ਸੰਸਕ੍ਰਿਤ ਵਿਚ ਹੈ- 'ਅਪ ਪਾਦਤ੍ਰ' ਲਫਜ਼ 'ਅਪ' ਉਪ-ਸਰਗ ਲੱਗ ਕੇ ਹੀ ਬਣਿਆ ਹੈ। ਅਪ ਪਾਦਤ੍ਰ=ਜਿਸ ਦੇ ਪੈਰਾ ਪਰ ਰਖਜਾ ਦਾ ਸਾਮਾਨ ਨਾ ਹੋਵੇ ☞

| | |
|---|---|
| ਅਪਣਾ ਕੀਆ ਕਮਾਣਾ ॥<br>ਅਲੁ ਮਲੁ ਖਾਈ ਸਿਰਿ ਛਾਈ ਪਾਈ ॥<br>ਮੂਰਖਿ ਅੰਧੈ ਪਤਿ ਗਵਾਈ ॥<br>ਵਿਣੁ ਨਾਵੈ ਕਿਛੁ ਥਾਇ ਨ ਪਾਈ ॥<br>ਰਹੈ ਬੇਬਾਣੀ ਮੜੀ ਮਸਾਣੀ ॥<br>ਅੰਧੁ ਨ ਜਾਣੈ ਫਿਰਿ ਪਛੁਤਾਣੀ ॥<br>ਸਤਿਗੁਰੁ ਭੇਟੇ ਸੋ ਸੁਖੁ ਪਾਏ ॥<br>ਹਰਿ ਕਾ ਨਾਮੁ ਮੰਨਿ ਵਸਾਏ ॥<br>ਨਾਨਕ ਨਦਰਿ ਕਰੇ ਸੋ ਪਾਏ ॥<br>ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥ | (ਉਸ ਨੂੰ ਜੋ ਖੇਦ ਹੈ ਸੋ) ਅਪਣੀ ਕੀਤੀ (ਇਸੇ ਮੂਰਖਤਾ ਦਾ) ਫਲ ਹੈ। ਜਿਸ ਨੇ ਗੰਦਮੰਦਾ[1], ਖਾਧੇ (ਉਸ ਨੇ ਆਪਣੇ ਸਿਰ ਸੁਆਹ[2] ਪਾ ਲਈ ਹੈ। (ਹਾਂ ਉਸ) ਅੰਨ੍ਹੇ ਮੂਰਖ ਨੇ (ਲੋਕਾਂ ਵਿਚ) ਪਤ ਗੁਆ ਲਈ ਹੈ[3]। (ਪਰ ਸੱਚ ਇਹ ਹੈ ਕਿ) ਨਾਮ ਤੋਂ ਬਿਨਾਂ ਕੋਈ ਗੱਲ (ਦਰ) ਪਰਵਾਨ ਨਹੀਂ ਹੁੰਦੀ। ਜੋ ਉਜਾੜਾਂ, ਕਬਰਾਂ ਤੇ ਮਸਾਣਾਂ ਵਿਚ ਰਹਿੰਦਾ ਹੈ, (ਉਹ) ਮੂਰਖ ਨਹੀਂ ਜਾਣਦਾ (ਕਿ ਇਸ ਦਾ ਫਲ ਖੋਟਾ ਹੈ, ਉਹ) ਫਿਰ (ਪਿਛੋਂ) ਪਛੋਤਾਉਂਦਾ ਹੈ[4]। ਸੁਖ (ਤਾਂ) ਉਹੋ ਪਾਉਂਦਾ ਹੈ ਜਿਸ ਨੂੰ ਸਤਿਗੁਰੂ ਮਿਲ ਪੈਂਦਾ ਹੈ (ਤੇ ਸਤਿਗੁਰ ਦੇ ਮਿਲ ਪਿਆਂ ਜੋ) ਹਰੀ ਦੇ ਨਾਮ ਨੂੰ ਮਨ ਵਿਚ ਵਸਾ ਲੈਂਦਾ ਹੈ, (ਪਰ) ਹੇ ਨਾਨਕ! ਜਿਸ ਤੇ (ਵਾਹਿਗੁਰੂ) ਨਦਰ ਕਰੇ ਓਹੀ (ਗੁਰੂ ਨੂੰ) ਪਾਉਂਦਾ ਹੈ, (ਓਹੀ ਗੁਰੂ ਦੇ ਦਿੱਤੇ ਸਬਦਿ=) ਨਾਮ ਨਾਲ ਆਸ ਤੇ ਅੰਦੇਸੇ ਤੋਂ ਸ਼ੁਧ ਹੋ ਜਾਂਦਾ ਹੈ[5] (ਅਤੇ ਅਪਣੀ) ਹਉਮੈਂ ਨੂੰ (ਮੂਲੋਂ) ਸਾੜ ਸੁਟਦਾ ਹੈ॥੨॥ |

ਐਸੇ ਪੁਰਸ਼ ਅਸਲੀ ਭਗਤ ਹਨ। ਅੱਗੇ ਪਉੜੀ ਵਿਚ ਉਹਨਾਂ ਦੀ ਕਰਨੀ, ਕੀਰਤ ਹੈ-

| | |
|---|---|
| ਪਉੜੀ ॥<br>ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥<br>ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ | (ਹੇ ਨਿਰੰਕਾਰ!) ਤੇਰੇ ਮਨ ਨੂੰ ਭਗਤ ਪਿਆਰੇ ਲੱਗਦੇ ਹਨ, (ਓਹ ਤੇਰੇ) ਦਰ ਉਤੇ (ਤੇਰਾ) ਜਸ ਗਾਉਂਦੇ ਸ਼ੋਭ ਰਹੇ ਹਨ। (ਪਰ ਉਸ) ਦਰ ਉਤੇ ਕਰਮ ਹੀਣ ਲੋਕਾਂ ਨੂੰ ਢੋਈ ਨਹੀਂ ਮਿਲਦੀ, ਓਹ ਧਾਂਵਦੇ ਰਹਿੰਦੇ ਹਨ[6]। ਇਕ (ਐਸੇ ਹਨ ਕਿ ਜੋ) ਆਪਣਾ |

---

੧. ਅਲ ਮਲ= ਗੰਦ ਮੰਦ। (ਅ) ਸੱਜਰੀ ਮੈਲ।

੨. ਸਿਰਿ ਛਾਈ= ਉਨ੍ਹਾਂ ਦੇ ਸਿਰ ਸੁਆਹ ਪਾਈ, ਯਥਾ-'ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।' (ਮਾਝ ਵਾ:ਮ:੧-੨੬)। (ਅ) ਸਿਰ ਛਾਈ ਪਾਈ=ਅਤੇ ਉਹਨਾਂ ਨੇ ਆਪਣੇ ਸਿਰ ਵਿਚ ਸੁਆਹ ਪਾਈ ਹੋਈ ਹੈ।

੩. ਅਘੋਰੀਆਂ ਤੋਂ ਭਾਵ, ਜੋ ਘ੍ਰਿਣਤ ਪਦਾਰਥ (ਗੰਦਗੀ) ਬੀ ਖਾ ਜਾਂਦੇ ਹਨ:

੪. ਭਾਵ ਐਉਂ ਬੀ ਲੈਂਦੇ ਹਨ- ਮਰ ਕੇ ਪਛਤਾਉਂਦਾ ਹੈ।

੫. ਨਿਹਕੇਵਲ=ਅਲੇਪ, ਸ਼ੁਧ।

੬. ਭਾਵ, ਅਮੁਕਤ ਰਹਿੰਦੇ ਹਨ। ਸੰਪ੍ਰਦਾ ਵਿਚ ਐਉਂ ਬੀ ਭਾਵ ਲੈਂਦੇ ਹਨ- ਕਿਉਂਕਿ ਓਹ ਸਿਮਰਨ ਛੱਡ ਕੇ ਬਾਹਜ ਕਰਮਾਂ ਵਿਚ ਭੱਜੇ ਫਿਰਦੇ ਹਨ ਇਸ ਕਰਕੇ ਢੋਈ ਨਹੀਂ ਮਿਲਦੀ ਕਰਮਾ ਬਾਹਰੇ=ਕਰਮਹੀਣ।

☞ ਜੁਤੀ ਤੋਂ ਹੀਨ। 'ਪਗ ਤ੍ਰਾਣ' ਪਦ ਹੋਰਨਾਂ ਕਵੀਆਂ ਨੇ ਬੀ ਵਰਤਿਆ ਹੈ, ਯਥਾ- 'ਸੁਨਿ ਕੈ ਨਿਸ਼ਾਨ ਧੁਨਿ, ਦੂਰੇ ਅਰਿ ਕਾਨਨ ਮੈਂ ਬਿਨ ਪਗੁ ਤ੍ਰਾਣੁ ਕਾਂਟੇ ਪਾਇਨ ਕੇ ਜੋਵੇਂ ਹੈਂ। (ਬ੍ਰਿਜਰਾਬ ਵਿਨੋਦ, ਮੇਘ ਸਿੰਘ ਕਵੀ ਕ੍ਰਿਤ) 'ਉਪੇਤਾਣ' ਨੂੰ ਇਕ ਪਦ ਸਮਝ ਕੇ ਉਪਾਨਹ ਜਾਂ ਉਪਾਨਤ ਜਾਂ ਪਨਨਦਧਰੀ ਤੋਂ ਬਣਿਆ ਸਮਝਣਾ ਦਰੁਸਤ ਨਹੀਂ।

ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ ॥

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

ਤਿਨ੍ ਮੰਗਾ ਜਿ ਤੁਝੈ ਧਿਆਇਦੇ ॥ ੯॥

ਅਸਲਾ ਨਹੀਂ ਪਛਾਣਦੇ (ਜਿਨ੍ਹਾਂ ਵਿਚ ਗੁਣ ਤਾਂ ਕੋਈ ਨਹੀਂ ਤੇ) 'ਗੁਣਹੀਣਤਾ' ਵਿਚ ਅਪਣੇ ਆਪ ਨੂੰ ਗੁਣਵਾਨ ਜਣਾਉਂਦੇ ਹਨ, ਪਰ (ਮੈਂ) ਕੀਹ ਹਾਂ[1]? (ਇਕ) ਢਾਡੀ (ਤੇਰੇ ਜਸ ਗਾਉਣ ਵਾਲਾ ਅਤੇ ਵਰਣਾਸ਼੍ਰਮੀਆਂ ਮੂਜਬ ਢਾਡੀ ਦੀ ਜਾਤ ਨੀਵੀਂ ਹੈ, ਸੋ) ਮੈਂ ਨੀਚ ਜਾਤ ਵਾਲਾ ਹੋਇਆ[2] ਅਤੇ ਹੋਰ ਉੱਤਮ ਜਾਤ ਵਾਲੇ ਸਦਵਾਉਂਦੇ ਹਨ। (ਪਰ ਮੈਨੂੰ ਜਾਤੀ ਨਾਲ ਕੀਹ, ਮੈਂ ਤਾਂ ਤੈਥੋਂ) ਓਹਨਾਂ ਦੀ ਮੰਗ ਕਰਦਾ ਹਾਂ ਜੋ ਤੈਨੂੰ ਧਿਆਉਂਦੇ ਹਨ (ਚਾਹੇ ਕਿਸੇ ਜਾਤੀ ਦੇ ਹੋਣ ਓਹਨਾਂ ਦੇ ਸਤਿਸੰਗਿ ਦੀ ਮੈਨੂੰ ਖੈਰ ਪਾ। ਭਾਵ ਮੈਂ ਤੇਰੀ ਵਾਰ ਕੀਤੀ ਹੈ, ਮੈਂ ਢਾਡੀ ਹਾਂ, ਮੈਨੂੰ ਇਨਾਮ ਇਹ ਦੇਹ ਕਿ ਤੇਰੇ ਪਜਾਰੇ ਮੈਨੂੰ ਮਿਲਣ)[3] ॥੯॥

ਏਥੇ ਪਹਿਲੀਆਂ ੯ ਪਉੜੀਆਂ ਸਮਾਪਤ ਹੈ। ਢਾਡੀ ਪਦ ਦਾ ਇਸ ਵਿਚ ਹੋਣਾ ਤੇ ਮਜ਼ਮੂਨ ਦਾ ਭਾਵ ਕੁਛ ਸਮਾਪਤੀ ਦਾ ਸੂਚਕ ਭਾਸਦਾ ਹੈ। ਵਾਹਿਗੁਰੂ ਦੇ ਗੁਣ ਗਾਇਨ ਕਰਦੇ ਗੁਰੂ ਜੀ ਆਪ ਨੂੰ ਢਾਡੀ ਕਿਹਾ ਕਰਦੇ ਸਨ।

ਸਲੋਕੁ ਮਃ ੧ ॥

(ਕਰਤਾਰ ਬਿਨਾਂ ਸਭ ਚੱਲਣਹਾਰ ਹੈ, ਯਥਾ- ਦ੍ਰਿਸਮਿਟਾਨ ਹੈ ਸਗਲ ਮਿਥੇਨਾ। ਸੋ ਪਰਪੰਚ ਵਿਚ)

---

੧. 'ਕਾ' ਪਦ ਗੁਰਬਾਣੀ ਵਿਚ ਕਈ ਅਰਥਾਂ ਵਿਚ ਆਯਾ ਹੈ ਯਥਾ:-

ਕਾ-ਦਾ-ਖੋਟੇ ਕਾ ਮੁਲੁ ਏਕੁ ਦੁਗਾਣਾ॥ (ਧਨਾ:ਮ:੧) ਇਥੇ 'ਕਾ' ਪਦ ਦਾ ਇਹ ਪੰਜਵਾਂ ਅਰਥ

ਕਾ=ਕੋਈ-ਕਾ ਵਿਰਲੀ ਜਾਇ ਵੁਠੀ॥ (ਗਉ:ਮ:੫) 'ਕੀਹ' ਲੱਗਦਾ ਹੈ 'ਹਉ ਢਾਢੀ ਕਾ'=

ਕਾ=ਕੁਛ-ਤਿਨ੍ਹਾਂ ਭੁਖ ਨਾ ਕਾ ਰਹੀ॥ (ਗਉ:ਵਾ:ਮ:੫) ਹਉ ਕਾ ਢਾਢੀ? ਮੈਂ ਕੀ ਹਾਂ ਢਾਢੀ

ਕਾ=ਕਿਸ ਉਇ ਸੁਖ ਕਾ ਸਿਉ ਬਰਨਿ ਸੁਨਾਵਤ॥(ਮਾ:ਮਾ:)(ਮਾੜ੍ਹ)। ਇਹ ਅਰਥ ਸੰਪ੍ਰਦਾ ਵਿਚ ਬੀ ਕਾ=ਕੀਹ-ਕਹੁ ਜਨ ਕਾ ਨਾਹੀ ਘਰ ਤਾਕੇ॥(ਗਉ:ਕਬੀਰ ਜੀ) ਪਰਵਾਣ ਹੈ। ਇਸ ਤੋਂ ਛੁਟ ਓਹ ਇਉਂ ਬੀ ਲਾਉਂਦੇ ਹਨ-ਮੈਂ ਆਪ ਦਾ ਢਾਡੀ ਨੀਚ ਜਾਤ ਦਾ ਹਾਂ।ਅਤੇ ਮੈਂ ਜਾਤ ਦਾ ਨੀਚ ਢਾਢੀ ਹਾਂ।

੨. ਗੁਰੂ ਸਾਹਿਬ ਜਨਮ ਕਰਕੇ ਜਾਤ ਦੀ ਨਿਖੇਧੀ ਕਰਦੇ ਹਨ, ਜਿਸ ਤੋਂ ਮੁਰਾਦ ਹੈ ਕਿ ਜ਼ਾਤ ਗੁਣ ਕਰਮ ਅਨੁਸਾਰ ਹੋਣੀ ਚਾਹੀਏ। ਏਥੇ ਦੱਸਦੇ ਹਨ ਕਿ ਕਿਉਂਕਿ ਮੈਂ ਢਾਡੀ ਦਾ ਕਰਤਵਜ ਅਖਤਿਆਰ ਕਰ ਲਿਆ ਹੈ ਤੇ ਵਰਣ ਆਸ਼੍ਰਮ ਵਾਲਿਆਂ ਅਨੁਸਾਰ ਢਾਡੀਆਂ ਦੀ ਜ਼ਾਤ ਨੀਵੀਂ ਹੈ, ਇਸ ਲਈ ਮੈਂ ਜ਼ਾਤ ਅਭਿਮਾਨ ਦੀ ਕੋਈ ਗਲ ਅਪਣੇ ਗੁਣ ਵਿਸ਼ੇਸ਼ ਵਿਚ ਪੇਸ਼ ਨਹੀਂ ਕਰਦਾ। ਮੈਂ ਤਾਂ ਤੇਰੇ ਦਰ ਦਾ ਢਾਡੀ ਹਾਂ, ਮੈਨੂੰ ਅਪਣੇ ਗੁਣ ਗਾਇਕਾਂ ਦਾ ਸੰਗ ਬਖਸ਼।

੩. ਪੁ: ਜਨਮ ਸਾਖੀ ਅਨੁਸਾਰ ਅਗੋਂ ਹੁਣ ਲਾਹੌਰ ਦੁਨੀ ਚੰਦ ਪਰਥਾਇ ਉਚਾਰੀਆਂ ੧੫ ਪਉੜੀਆਂ ਚੱਲੀਆਂ। ਪਉੜੀ ਦਸਵੀਂ ਵਿਚ ਕੂੜੇ ਲਾਲਚ ਛੱਡਣ ਦਾ ਤੇ ਅਲੇਖ ਅਰਾਧਨ ਦਾ ਉਪਦੇਸ਼ ਹੈ। ਸੋ ਪਉੜੀ ਤੋਂ ਪਹਿਲੇ ਦੋ ਸ਼ਲੋਕ ਆਏ ਹਨ, ਜਿਨ੍ਹਾਂ ਵਿਚ ਕੂੜ ਤੇ ਸੱਚ ਦੀ ਵਜਾਖਜਾ ਹੈ।


www.sikhbookclub.com

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥

ਰਾਜਾ ਝੂਠ[੧] ਹੈ ਪਰਜਾ ਝੂਠ ਹੈ ਤੇ ਸਾਰਾ ਸੰਸਾਰ ਹੀ ਝੂਠ ਹੈ। ਝੂਠ ਹੈਨ ਮੰਡੂਏ[੨], ਝੂਠ ਹੈਨ ਮਾੜੀਆਂ, ਝੂਠ ਹੈ (ਇਨ੍ਹਾਂ ਵਿਚ) ਬੈਠਣੇ ਵਾਲਾ। ਝੂਠ ਹੈ ਸੋਨਾ, ਝੂਠ ਹੈ ਚਾਂਦੀ, ਝੂਠ ਹੈ (ਸੋਨੇ ਚਾਂਦੀ ਤੋਂ ਬਣੇ ਗਹਿਣੇ) ਪਹਿਨਣੇ ਵਾਲਾ। ਝੂਠ ਹੈ ਸਰੀਰ, ਝੂਠ ਹੈ ਕੱਪੜਾ, ਝੂਠ ਹੈ ਅਦੁਤੀ ਸੁੰਦਰਤਾ (ਜਿਸ ਲਈ ਕਪੜੇ ਗਹਿਣੇ ਪਹਿਨਦੇ ਹਨ)।

ਝੂਠ ਹੈ ਪਤੀ, ਝੂਠ ਹੈ ਵਹੁਟੀ (ਜੋ ਗ੍ਰਿਹਸਤ ਦੇ ਝੇੜਿਆਂ ਵਿਚ ਉਲਝ) ਖਪ ਖਪ ਕੇ ਖੁਆਰ[੩] ਹੋਏ! ਝੂਠੇ ਦਾ ਝੂਠੇ ਨਾਲ ਪਿਆਰ ਪੈ ਗਿਆ ਹੈ ਤੇ ਕਰਤਾਰ ਭੁੱਲ ਗਿਆ ਹੈ (ਸੋ ਹੁਣ ਦੱਸੋ) ਕਿਸ ਨਾਲ ਦੋਸਤੀ ਪਾਈਏ, ਸਾਰਾ ਸੰਸਾਰ ਹੀ ਤਾਂ ਚੱਲਣਹਾਰ ਹੈ। (ਚੱਲਣਹਾਰ ਦੇਖਦਿਆਂ ਬੀ ਲੋਕੀ ਇਸ ਕੂੜੇ ਜਗਤ ਵਿਚ ਹੀ ਵਿਆਪ ਰਹੇ ਹੈਨ ਇਸ ਦਾ ਕਾਰਣ ਇਹ ਹੈ ਕਿ) ਕੂੜ ਮਿੱਠਾ ਹੈ, ਕੂੜ (ਮਿੱਠਾ ਬੀ ਐਸਾ ਹੈ ਜੈਸਾ) ਸ਼ਹਿਤ। (ਇਸ ਡਾਢੀ ਮਿਠਾਸ ਦੇ ਕਾਰਣ) ਕੂੜ ਨੇ ਤਾਂ ਪੂਰਾਂ ਦੇ ਪੂਰ ਡੋਬ (ਘੱਤੇ) ਹਨ[੪]। (ਗੁਰੂ) ਨਾਨਕ ਦੇਵ ਜੀ (ਸਾਂਈਂ ਅੱਗੇ) ਬੇਨਤੀ ਕਰਦੇ ਹਨ (ਸਚ ਮੁਚ ਹੇ ਦਾਤਾ!) ਤੈਥੋਂ ਬਿਨਾਂ (ਸਭ ਕੁਛ) ਝੂਠ ਹੀ ਝੂਠ ਹੈ॥੧॥

ਹੁਣ 'ਤੁਧੁ ਬਾਝ' ਵਿਚ ਆਖੇ 'ਤੁਧੁ' ਦਾ ਭਾਵ ਖੁੱਲ੍ਹਦਾ ਹੈ। ਜੇ ਸਭ ਕੁਛ 'ਤੁਧੁ ਬਾਝ' ਕੂੜ (ਅਸੱਤ) ਹੈ ਤਾਂ ਤੂੰ 'ਸੱਤ' ਹੈਂ। ਫੇਰ ਦੇਖਦੇ ਹਾਂ ਕਿ ਸੱਤ ਨਾਲ ਨੇਹੁੰ ਲਾਏ ਬਿਨਾਂ 'ਕੂੜ ਨਾਲ ਨੇਹੁੰ ਵਾਲੇ' ਖੁਆਰ ਹੋ ਰਹੇ ਹਨ ਤਾਂ ਦੱਸੋ ਉਸ ਸੱਚ ਨੂੰ ਕੀਕੂੰ ਜਾਣਿਆ ਜਾਵੇ? ਉੱਤਰ-

ਮਃ੧॥ ਸਚੁ ਤਾ ਪਰੁ ਜਾਣੀਐ

(ਉਹ ਸੱਚ 'ਸੱਚ ਬੋਲਣ ਮਾਤ੍ਰ ਨਹੀਂ ਉਹ) ਸੱਚ ਤਾਂ ਹੀ[੫] ਜਾਣ ਸਕੀਦਾ ਹੈ ਜੇ ਰਿਦੇ ਵਿਚ ਸੱਚ

---

੧. (ਸੰਸ:, ਕੂਟ, ਪ੍ਰਾਕ੍ਰਿਤ ਕੂਡ, ਪੰਜਾ: ਕੂੜ=) ਅਸੱਤਜ, ਝੂਠ। ਭ੍ਰਾਂਤਿਜਨਕ, ਰੂਪ ਆਦਿ। ਜਿਸ ਸਰੂਪ ਵਿਚ ਦਿੱਸੇ ਉਸ ਨੂੰ ਛੱਡ ਦੇਵੇ। ਕੂੜਾ=ਝੂਠਾ। ਕੂੜੇ=ਝੂਠੇ ਨਾਲ। ਇਸੇ ਸ਼ਲੋਕ ਵਿਚ ਹੀ 'ਕੂੜੇ' ਦਾ ਭਾਵ ਚੱਲਣਹਾਰ ਦੱਸਿਆ ਗਿਆ ਹੈ ਯਥਾ- ...ਸਭੁ ਜਗੁ ਚਲਣਹਾਰੁ।

੨. ਮੰਡਪ=ਆਰਜ਼ੀ ਬੰਗਲੇ ਤੇ ਉਸਾਰੇ ਮੰਦਰ ਨੂੰ ਬੀ ਕਹਿੰਦੇ ਹਨ। ਯਥਾ-ਕੋਠੇ ਮੰਡਪ ਮਾੜੀਆ ਉਸਾਰੇ ਦੇ ਭੀ ਗਏ। (ਸਲੋ:ਫ਼ਰੀ:)।

੩. ਫ਼ਾ:, ਖ਼੍ਵਾਰ=ਜ਼ਲੀਲ, ਖੱਜਲ। ਸੰਸ: ਕਸ਼ਾਰ-ਛਾਰ-ਸੁਆਹ।

੪. ਸੰਪ੍ਰ: ਅਰਥ ਅਉਂ ਬੀ ਹੈ- ਮਿਠਾ ਕੂੜ ਹੈ, ਸ਼ਹਿਤ ਕੂੜ, ਕੂੜ ਨੇ ਪੂਰਾਂ ਦੇ ਪੂਰ ਡੋਬੇ ਹਨ।

੫. ਤਾਂ ਪਰੁ=ਤਦੋਂ ਹੀ, ਤਾਂ ਹੀ ਤਾਂ, ਪੂਰੀ ਤਰ੍ਹਾਂ।

ਜਾ ਰਿਦੈ ਸਚਾ ਹੋਇ ॥

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

(ਪਰਮੇਸ਼ੁਰ) ਹੋਵੇ[੧]। (ਇਸ ਸੱਚ ਦੇ ਅੰਦਰ ਹੋਣ ਨਾਲ) ਕੂੜ ਦੀ ਮੈਲ (ਮਨ ਤੋਂ) ਉਤਰਦੀ ਹੈ (ਤੇ ਇਹ ਸੱਚ ਸਰੀਰ ਨੂੰ ਕੂੜੇ ਪਾਸੇ ਜਾਣ ਦੇ ਸੁਭਾਵ ਤੋਂ ਵਰਜ ਕੇ) ਤਨ ਨੂੰ ਬੀ ਧੋ ਕੇ ਸੁੱਛ ਕਰ ਦੇਂਦਾ ਹੈ! (ਫੇਰ) ਸੱਚ ਤਾਂ (ਹੀ) ਜਾਣ ਸਕੀਦਾ ਹੈ ਜੇ (ਇਸ) ਸੱਚ ਨਾਲ ਪਿਆਰ (ਸ਼ਰਧਾ) ਧਾਰਨ ਕਰੇ। (ਐਤਨਾ ਕਿ ਇਸ ਸੱਚ ਦਾ) ਨਾਮ ਸੁਣ ਕੇ ਮਨ ਆਨੰਦ ਹੋਵੇ ਤਦੋਂ (ਜੀਵ) ਮੁਕਤੀ ਦਾ ਦਰ ਪਾਉਂਦਾ ਹੈ। (ਪਰ ਇਹ) ਸੱਚ ਤਾਂ ਹੀ ਜਾਣ ਸਕੀਦਾ ਹੈ (ਜੇ ਆਪਣੇ) ਜੀਉ ਨੂੰ ਜੋੜਨ (ਦੀ ਜੁਗਤੀ ਪਹਿਲਾਂ) ਜਾਣ ਲਵੇ, (ਉਹ ਇਉਂ ਹੈ ਕਿ) ਸਰੀਰ ਨੂੰ ਧਰਤੀ ਵਾਂਙੂ ਤਯਾਰ ਕਰਕੇ ਕਰਤਾ (ਪੁਰਖ ਦੇ ਨਾਮ ਨੂੰ ਮਨ ਵਿਚ ਬੀਜ ਵਾਂਙੂ) ਬੀਜ ਦੇਵੇ, (ਪਰ ਇਹ ਤਾਂ ਹੋ ਸਕਦਾ ਹੈ ਜੇ ਪਹਿਲੋਂ ਗੁਰੂ ਪਾਸੋਂ) ਸੱਚੀ ਸਿਖਯਾ ਲੈ ਲਵੇ। (ਇਉਂ ਜਦ ਸੁਸਿੱਖਯਤ ਹੋ ਨਾਮ ਬੀਜੇਗਾ ਤਾਂ ਉਸ ਦਾ ਬ੍ਰਿੱਛ ਹੋ ਕੇ ਉਸ ਨੂੰ ਇਹ ਫਲ ਲਗੇਗਾ ਕਿ ਇਹ) ਜੀਅਦਾਨ ਕਰਨ ਦੀ ਦਇਆ ਨੂੰ ਸਮਝੇਗਾ ਤੇ ਪੁੰਨ ਦਾਨ ਕਰੇਗਾ। (ਭਾਵ ਨਾਮ ਦੇ ਬ੍ਰਿੱਛ ਦਾ ਫਲ ਨਾਮ ਇਹ ਦਾਨ ਕਰੇਗਾ, ਇਉਂ ਜੀਅਦਾਨ ਦਾਤਾ ਹੋ ਵਰਤੇਗਾ[੨])। (ਫਿਰ) ਤਾਂ ਹੀ ਸੱਚ ਜਾਣ ਸਕੀਦਾ ਹੈ, (ਜੇ ਇਸ ਤਰ੍ਹਾਂ ਦਾ ਪੁੰਨ ਦਾਨ ਕਰਦਾ ਹੋਇਆ ਇਹ ਅਪਨੇ ਅੰਦਰੋਂ ਉਥਾਨ ਨਾ ਹੋਵੇ ਸਗੋਂ ਅਪਨੇ ਅੰਦਰ) ਆਤਮਾ ਰੂਪੀ ਤੀਰਥ ਤੇ ਟਿਕ ਜਾਵੇ (ਪਰ ਇਹ ਤਾਂ ਹੋ ਸਕਦਾ ਹੈ ਜੇ) ਸਤਿਗੁਰੂ ਤੋਂ (ਜਾਚ) ਪੁੱਛ ਕੇ (ਆਤਮ ਤੀਰਥ ਉਤੇ ਤੀਰਥਵਾਸੀ ਵਾਂਙੂ) ਟਿਕ ਹੀ ਜਾਵੇ (ਭਾਵ ਪੱਕਾ ਅਭਯਾਸ ਕਰਕੇ ਅੰਤਰਮੁਖ ਹੋ ਕੇ ਆਤਮਾ ਨੂੰ ਉਸ ਸੱਚ ਨਾਲ ਇਕ ਰੂਪ ਕਰ ਲਵੇ। ਇਹ ਸੱਚ ਜੋ ਹੁਣ ਅਪਨੇ ਆਤਮਾ ਨਾਲ ਅਭੇਦ ਹੋ ਗਿਆ ਹੈ, ਉਹ) ਸੱਚ ਹੈ ਜੋ (ਕੂੜ ਦੇ ਮੋਹ ਵਿਚ ਸਹੇੜੇ) ਸਾਰੇ ਪਾਪਾਂ ਨੂੰ ਧੋ ਕੱਢਦਾ ਹੈ, (ਤੇ ਉਹਨਾਂ ਪਾਪਾਂ ਤੋਂ ਪੈਦਾ ਹੋਏ ਦੁਖਾਂ ਦਾ) ਦਾਰੂ ਬਣ ਜਾਂਦਾ ਹੈ

---

੧. ਇਹ 'ਸੱਚ' ਹੈ ਜੋ 'ਕੂੜ ਨਹੀਂ', ਸੋ ਇਹ ਸੱਚ ਨਿਰੰਕਾਰ ਦਾ ਹੀ ਨਾਉਂ ਹੈ। ਯਥਾ-ਤੇਰਾ ਸਚੁ ਨਾਮੁ ਪਰਮੇਸਰਾ॥ (ਬਸੰਤ ਮ:੧-੨) ਅਰਥਾਤ- ਹੇ ਪਰਮੇਸ਼ੁਰ ਤੇਰਾ ਨਾਮ ਹੈ 'ਸੱਚ'। ਪੁਨ:, ਨਾਨਕ ਸਾਚੇ ਕਉ ਸਚੁ ਜਾਣੁ॥ (ਸਿਰੀ ਰਾ:ਮ:੧-੫)

੨. ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (ਸੂਹੀ ਮ:੫-੫੪) (ਅ) ਐਉਂ ਬੀ ਕਰਦੇ ਹਨ- ਜੀਵ ਦਇਆ ਨੂੰ ਜਾਣੇਗਾ ਤੇ ਪੁੰਨ ਦਾਨ ਕਰੇਗਾ।


www.sikhbookclub.com

| | |
|---|---|
| **ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥** | (ਐਸਾ) ਸੱਚ ਜਿਨ੍ਹਾਂ ਦੇ ਪਾਸ ਹੈ (ਉਨ੍ਹਾਂ ਅੱਗੇ) ਨਾਨਕ ਦੀ ਅਰਦਾਸ ਹੈ[੧]॥੨॥ |

ਇਸ ਸ਼ਲੋਕ ਵਿਚ ਸੱਚ ਦੇ ਜਾਣਨੇ ਦਾ ਜ਼ਿਕਰ ਕੀਤਾ ਹੈ। ਪਿਛਲੇ ਸ਼ਲੋਕ ਵਿਚ 'ਕੂੜ' ਪਦ ਦੇ ਹੇਠਾਂ ਗਿਣੇ ਜਾ ਸਕਣ ਵਾਲੇ ਪਦਾਰਥਾਂ ਤੇ ਵਜਕਤੀਆਂ ਦੀ ਗੇਣਤੀ ਸੀ। ਉਸੇ ਸ਼ਲੋਕ ਵਿਚ 'ਵਿਸਰਿਆ ਕਰਤਾਰ' ਤੇ 'ਤੁਧੁ ਬਾਝੁ ਕੂੜੋ ਕੂੜੁ' ਕਹਿ ਕੇ ਸੈਨਤ ਦੇ ਦਿਤੀ ਸੀ ਕਿ 'ਸੱਚ' ਕੀ ਹੈ। ਇਸ ਸ਼ਲੋਕ ਵਿਚ ਉਸੇ ਅਸਲੀ ਸੱਚ ਦਾ ਪਤਾ ਦੇਂਦੇ ਹਨ ਤੇ ਨਿਰੇ 'ਇਖ਼ਲਾਕੀ ਸੱਚ' ਤੇ ਬੱਸ ਨਹੀਂ ਕਰਦੇ ਪਰ 'ਰਹੱਸਜਕ ਸੱਚ' ਦਾ ਨਿਖੇੜਵਾਂ ਵਰਣਨ ਕਰਦੇ ਹਨ ਤੇ ਦੱਸਦੇ ਹਨ ਕਿ 'ਸੱਚ' ਜੇ ਰਿਦੇ ਵਿਚ ਆ ਟਿਕੇ ਤਾਂ ਹੀ ਸੱਚ ਨੂੰ ਜਾਣ ਸਕੀਦਾ ਹੈ। ਉਸ ਦੇ ਆਇਆਂ ਮਨ ਵਿਚੋਂ ਕੂੜ ਦੀ ਮੈਲ ਉਤਰਦੀ ਹੈ ਤੇ ਤਨ ਬੀ ਸੁੱਛ ਹੋ ਜਾਂਦਾ ਹੈ। ਭਾਵ ਫਿਰ ਆਦਮੀ ਮਨ ਬਾਣੀ ਕਰਮ ਕਰਕੇ ਸੱਚਾ ਹੋ ਜਾਂਦਾ ਹੈ। ਇਖ਼ਲਾਕੀ ਸੱਚ ਬੋਲਣ ਵਾਲੇ ਸਚੇ ਦੇ ਹੰਕਾਰ ਵਿਚ ਆ ਜਾਂਦੇ ਹਨ। ਅਰ ਕਈ ਗ਼ਰਜ਼ਾਂ ਤੇ ਕਈ ਵਿੰਗ ਰੱਖ ਕੇ ਬੀ ਸਤਜਵਾਦੀ ਬਣ ਜਾਂਦੇ ਹਨ, ਪਰ ਇਨ੍ਹਾਂ ਗੱਲਾਂ ਨਾਲ ਮਨ ਵਿਚ ਕੂੜ ਦੀ ਮੈਲ ਲੱਗੀ ਰਹਿੰਦੀ ਹੈ। ਇਸ ਕਰਕੇ ਉਸ ਸੱਚ ਦੇ ਜਾਣਨ ਦੀ ਲੋੜ ਹੈ ਜੋ ਤਨ ਮਨ ਦੋਹਾਂ ਨੂੰ ਧੋ ਦੇਂਦਾ ਹੈ। ਉਸ ਸੱਚ ਦਾ ਜਾਣਨਾ ਉਸ ਨੂੰ ਧਾਰਨਾ ਹੈ। ਉਸ ਨੂੰ ਜਾਣਨੇ ਦੀ ਵਿਧਿ ਇਹ ਹੈ-ਕਿ ਪਹਿਲੋਂ ਉਸ ਸੱਚ ਦੇ ਜਾਣਨੇ ਵਿਚ ਪਿਆਰ ਅਥਵਾ ਸ਼ਰਧਾ ਹੋਵੇ, ਫੇਰ ਗੁਰੂ ਦੀ ਸਿਖਜਾ ਲਵੇ, ਉਸ ਅਨੁਸਾਰ ਸਰੀਰ ਨੂੰ ਧਰਤੀ ਵਾਂਙੂ ਤਜਾਰ ਕਰਕੇ ਭਾਵ ਸਰੀਰਕ ਸੰਜਮ ਸਾਧ ਕੇ ਮਨ ਵਿਚ ਨਾਮ ਦਾ ਬੀਜ ਬੋਵੇ ਤੇ ਅਭਜਾਸ ਕਰੇ। ਇਸ ਤਰ੍ਹਾਂ ਉਸ ਨੂੰ 'ਜੀਉ ਦੇ ਜੋੜਨ ਦੀ' ਵਿਧੀ ਆ ਜਾਵੇਗੀ। ਪਿਛਲੇ ਸ਼ਲੋਕ ਵਿਚ ਕਿਹਾ ਸੀ 'ਵਿਸਰਿਆ ਕਰਤਾਰੁ' ਏਥੇ ਕਿਹਾ ਹੈ 'ਵਿਚਿ ਦੇਇ ਕਰਤਾ ਬੀਉ' ਕਿ 'ਨਾਮ' ਉਸ ਕਰਤਾਰ ਨੂੰ ਅੰਦਰ ਵਸਾ ਲੈਣ ਦਾ ਬੀਜ ਵਾਂਙੂ ਵਸੀਲਾ ਹੈ। ਜਦੋਂ ਇਹ ਕਰਤਾਰ ਦੇ ਨਾਮ ਦਾ ਬੀਜ ਬ੍ਰਿਛ ਬਣ ਕੇ ਫਲੇ ਫੁੱਲੇਗਾ ਤਾਂ ਇਨਸਾਨ ਦੀ ਵਰਤੋਂ ਬੀ ਬਦਲੇਗੀ। ਇਸ ਦੀ ਕ੍ਰਿਤੀ ਪੁੰਨ ਦਾਨ ਤੇ ਜੀਵਾਂ ਪਰ ਦਇਆ ਕਰਨੇ ਦੀ ਹੋ ਜਾਏਗੀ। ਸਭ ਤੋਂ ਵੱਡਾ ਪੁੰਨ ਜੀਅ ਦਾਨ ਹੈ। ਇਹ ਕ੍ਰਿਤੀ ਉਸ ਸੱਚ ਨੂੰ ਵਜਾਪਕ ਤੇ ਅਨੰਤ ਅਨੁਭਵ ਕਰਨੇ ਕਰਕੇ ਹੋਵੇਗੀ ਤੇ ਇਨਸਾਨ ਦਾ ਅਪਣਾ ਅੰਦਹਲਾ (ਰਹਸੀਐ=) ਸੁਖੀ ਹੁੰਦਾ ਹੋਇਆ ਅਪਣੇ ਆਤਮਾ ਵਿਚ ਨਿਵਾਸੀ ਹੋ ਜਾਵੇਗਾ ਐਸਾ ਕਿ ਹੁਣ ਉਹ ਉਸ ਨੂੰ ਅਪਣੇ ਆਤਮਾ ਨਾਲ ਯੁਕਤ ਦੇਖੇਗਾ। ਉਥੇ ਫਿਰ ਇਹ ਐਸਾ ਟਿਕ ਜਾਏਗਾ ਕਿ ਮਾਨੋ ਉਥੇ ਦਾ ਵਾਸੀ ਹੋ ਗਿਆ ਹੈ ਤੇ ਇਹ ਗੱਲ ਇਸ ਨੂੰ ਆਪੇ ਪਈ ਪ੍ਰਤੀਤ ਦੇਵੇਗੀ। ਇਹ ਆਤਮ ਟਿਕਾਉ ਤੀਰਥ ਤੁੱਲ ਹੋ ਜਾਏਗਾ। ਇਥੋਂ ਹੁਣ ਜੋ ਕੁਛ ਨਿਕਲੇਗਾ ਸੁਤੇ ਹੀ ਧੋਤਾ ਹੋਇਆ ਤੇ ਪਵਿੱਤ੍ਰ ਨਿਕਲੇਗਾ। ਝੂਠ ਦੇ ਭਾਵ, ਕੂੜ ਦੇ ਨੇਹੁ ਤੇ ਹੋਰ ਪਾਪਮਈ ਭਾਵ ਸਾਰੇ ਅੰਦਰੋਂ ਹੀ ਉਠਦੇ ਹੁੰਦੇ ਸਨ ਪਰ ਹੁਣ ਉਥੋਂ ਜੋ ਕੁਝ ਨਿਕਲੇਗਾ ਉਹ 'ਸੱਚ' ਹੋਵੇਗਾ, ਜਿਸ 'ਸੱਚ' ਨਾਲ ਕਿ ਸਾਰੇ ਪਾਪ ਧੋਤੇ ਜਾਂਦੇ ਹਨ ਭਾਵ ਉਹ ਸੱਚ ਨਿਰੀ ਪਵਿੱਤ੍ਰਤਾ ਹੈ। ਸੋ ਇਸ 'ਰਹਸਜਕ ਸੱਚ' ਦੇ ਅੰਦਰ ਨਿਵਾਸ ਹੋ ਜਾਣ ਨਾਲ-ਆਤਮਾ ਨਾਲ ਤਦਰੂਪ ਹੋ ਜਾਣ ਨਾਲ- ਇਨਸਾਨ ਦੇ ਸਾਰੇ ਵੀਚਾਰ, ਬੋਲ ਤੇ ਕਰਮ ਸਤਜ ਵਾਲੇ ਹੋ ਜਾਣਗੇ। ਉਹ ਸੱਚ ਕਿਹੜਾ ਸੱਚ ਹੈ? (ਉੱਤਰ:) ਜਿਸ ਨੂੰ ਕਿਹਾ ਹੈ- 'ਤੁਧ ਬਾਝੁ ਕੂੜੋ ਕੂੜੁ' ਅਰਥਾਤ- ਉਹ ਜੋ ਕਦੀ ਕੂੜ ਨਹੀਂ=ਅਮਰ ਹੈ, (ਸੱਚ ਹੈ=) ਸਦਾ ਥਿਰ ਹੈ, ਅਨੰਤ ਹੈ, ਵਜਾਪਕ ਹੈ, ਚੇਤਨ ਹੈ ਤੇ ਆਤਮਾ ਨਾਲ ਅਵਿਰਲ ਹੈ।

---

੧. ਇਹ ਸ਼ਲੋਕ ਬੜੇ ਮੁਆਦਲੇ ਥਾਂ ਆਇਆ ਹੈ, ਇਸ ਦੀ ਅੰਤਲੀ ਤੁਕ ਵਿਚ ਸਚਜਾਰਾਂ ਅੱਗੇ ਬੇਨਤੀ ਹੈ ਤੇ ਅਗਲੀ ਪਉੜੀ ਵਿਚ ਚਰਨ ਧੂੜ ਦੀ ਯਾਚਨਾ ਹੈ, ਜਿਥੇ 'ਤਿਨ੍ਹਾਂ ਦੀ' ਧੂੜ ਕਿਹਾ ਹੈ, ਜਿਸ ਤੋਂ ਉਹਨਾਂ ਸਚਜਾਰਾਂ ਦੀ ਹੀ ਚਰਣ ਧੂੜ ਦੀ ਮੁਰਾਦ ਹੈ। ਇਹ ਗੱਲ ਪਿਛਲੀ ਪਉੜੀ ਨਾਲ ਬੀ ਮੇਲ ਖਾਂਦੀ ਹੈ, ਜਿਥੇ ਪਾਠ ਹੈ:- ਤਿਨ੍ ਮੰਗਾ ਜਿ ਤੁਝੈ ਧਿਆਇੰਦੇ।

ਪਉੜੀ ॥

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥

ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥

ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥

ਮਤਿ ਥੋੜੀ ਸੇਵ ਗਵਾਈਐ ॥੧੦॥

ਮੇਰਾ ਦਾਨ (ਸੱਚ ਪੱਲੇ ਵਾਲਿਆਂ ਦੀ) ਤਲੀਆਂ ਦੀ ਧੂੜ ਹੈ[੧], ਜੇ (ਇਹ ਦਾਨ) ਮਿਲ ਪਵੇ ਤਾਂ ਮੱਥੇ ਉਤੇ ਲਾ ਲਈਏ। (ਉਨ੍ਹਾਂ ਤੋਂ ਹੋਰ ਪਦਾਰਥਾਂ ਦੇ ਦਾਨ ਮੰਗਣ ਦਾ ਲਾਲਚ) ਕੂੜਾ ਲਾਲਚ (ਹੈ[੨] ਇਸ ਨੂੰ) ਛੱਡ ਦੇਈਏ। (ਤੇ ਪਰਮੇਸ਼ੁਰ ਦਾ ਨਾਮ ਮੰਗ ਕੇ) ਇਕ ਮਨ ਵਾਲੇ (=ਏਕਾਗਰ ਚਿਤ) ਹੋ ਕੇ ਨਿਰੰਕਾਰ ਨੂੰ[੩] ਧਿਆਈਏ। (ਕਿਉਂਕਿ ਪ੍ਰਤੱਖ ਹੈ ਕਿ) ਜੇਹੋ ਜੇਹੀ ਕਰਨੀ ਕਰੀਦੀ ਹੈ, ਓਹੋ ਜੇਹੇ ਫਲ ਪਾਈਦੇ ਹਨ। (ਸੋ ਜੇ ਅਭਿਮਾਨ ਛੱਡ ਕੇ ਸਚਿਆਰਾਂ ਦੇ ਕਹੇ ਲੱਗ ਕੇ ਅਲਖ ਨੂੰ ਧਿਆਵਾਂਗੇ ਤਾਂ ਅਲਖ ਦੀ ਪ੍ਰਾਪਤੀ ਰੂਪ ਫਲ ਪਾਵਾਂਗੇ ਪਰ) ਉਹਨਾਂ ਦੀ ਧੂੜੀ (ਤਾਂ ਹੀ) ਪ੍ਰਾਪਤ ਹੋ ਸਕਦੀ ਹੈ (ਭਾਵ ਉਨ੍ਹਾਂ ਦਾ ਮਿਲਾਪ ਤਾਂ ਹੀ ਹੁੰਦਾ ਹੈ) ਜੇ ਪੂਰਬਲਾ ਲਿਖਿਆ ਲੇਖ ਹੋਵੇ। (ਸਾਡੀ ਅਪਣੀ) ਮਤਿ (ਤਾਂ ਨਾ ਉਚੀ ਹੈ ਨਾ ਵਿਸ਼ਾਲ ਹੈ ਨਾ ਵਾਹਿਗੁਰੂ ਦੀ ਰਾਖੀ ਵਿਚ ਹੈ ਤਾਂਤੇ) ਥੋੜੀ ਹੈ (ਨਿਰੀ ਇਸ ਨਾਲ ਕੀਤੀ ਸੇਵਾ) ਗਵਾ ਲਈਦੀ ਹੈ[੪] ॥੧੦॥

ਪਿਛਲੇ ਜੁਗਾਂ ਵਿਚ 'ਧਰਮ' ਬੀਜ ਸੀ, ਇਸ ਨੂੰ ਸੰਚਯ ਕਰਦੇ ਸਨ, ਪਰ ਦਿਲਾਂ ਵਿਚ ਸੱਚ ਹੋਣ ਕਰਕੇ ਇਹ ਬੀਜ ਸਾਬਤ ਸੀ, ਹੁਣ ਕਲਜੁਗ ਵਿਚ ਸੱਚ ਨਾ ਰਹਿਣ ਕਰਕੇ ਧਰਮ ਦਾ ਬੀਜ ਟੁੱਟ ਕੇ ਦਾਲ ਵਾਂਙੂ ਦੁਫਾੰਕ ਹੋ ਗਿਆ ਹੈ, ਇਹ ਉਗ ਨਹੀਂ ਸਕਦਾ। ਦਾਲ ਜੁੜ ਕੇ ਇਕ ਨਹੀਂ ਹੋ ਸਕਦੀ ਤੇ ਰੁਤ ਬੀ ਨਹੀਂ ਰਹੀ ਕਰਮ ਦੇ ਉਗਣ ਦੀ[੫]: ਫਟੇ ਬੀਜ ਦਾ ਦ੍ਰਿਸ਼ਟਾਂਤ 'ਮੁੜ ਸੁਧਾਰ' ਤੇ ਨਹੀ ਘਟ ਸਕਦਾ ਇਸ ਲਈ ਬੇਤਾਲ ਹੋਏ ਮਨਾਂ ਦੇ ਸੁਧਾਰ ਲਈ ਨਵਾਂ ਦ੍ਰਿਸ਼ਟਾਂਤ 'ਰੰਗ' ਦਾ ਲੈਂਦੇ ਹਨ ਅਤੇ ਦਾਰੂ ਹੁਣ ਇਹ ਦੱਸਦੇ ਹਨ ਕਿ ਪਰਮੇਸ਼ੁਰ ਦੀ ਭਗਤੀ ਕੀਤੀ ਜਾਵੇ ਤਦ 'ਸੱਚਾਂ ਦਾ ਮੂਲ ਸੱਚ' ਸੱਚਾ ਵਾਹਿਗੁਰੂ ਪ੍ਰਾਪਤ ਹੋ ਜਾਏਗਾ, ਫੇਰ ਕੂੜ, ਜਿਸ ਨੇ ਬ੍ਰਿਤੀਆਂ ਭੂਤ ਕਰ ਰੱਖੀਆਂ ਹਨ, ਮੂਲੋਂ ਉਡ ਜਾਏਗਾ। ਪਰ ਨਾਮ ਨਾਲ ਦੋ ਚੀਜ਼ਾਂ ਦੀ ਲੋੜ ਹੈ, ਭੈ ਤੇ ਸ਼ਰਮ ਦੀ। ਇਸ ਲਈ ਹੁਣ ਦ੍ਰਿਸ਼ਟਾਂਤ 'ਬੀਜ' ਦਾ ਨਹੀਂ ਪਰ 'ਰੰਗ' ਦਾ ਵਰਤਦੇ ਹਨ ਤੇ ਦੱਸਦੇ ਹਨ ਕਿ ਭਗਤੀ ਦਾ ਰੰਗ ਕੋਰੇ ਮਨ ਤੇ ਨਹੀਂ ਚੜ੍ਹਦਾ। ਇਸ ਲਈ ਮਨਾਂ ਨੂੰ

---

੧. 'ਧੂੜੀ ਮਜਨੁ ਸਾਧਖੇ ਸਾਈ ਥੀਏ ਕ੍ਰਿਪਾਲ॥' (ਸਿਰੀ ਰਾ:ਮ:੫ ਡਖਨਾ-੩)

੨. ਕਿਉਂਕਿ ਪਦਾਰਥ ਸਭ ਕੂੜ ਹਨ।

੩. ਜੋ ਇੰਦ੍ਰੇ ਗੋਚਰਾ ਨਹੀਂ। ਨਿਰੰਕਾਰ।

੪. ਐਉਂ ਬੀ ਲਾਉਂਦੇ ਹਨ- (ਅ) ਸੇਵਾ ਕਰਕੇ ਤੁੱਛ ਬੁੱਧੀ ਨੂੰ ਗੁਆ ਲਈਏ। (ੲ) ਮਤ ਥੋੜੀ ਜਾਣ ਕੇ ਸੇਵਾ ਗੁਆ ਬਹੀਏ, ਜਿੰਨੀ ਕੁ ਮਿਲ ਜਾਏ ਲਾਭ ਹੀ ਹੈ, 'ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥' (ਪ੍ਰਭਾਤੀ ਮ:੧-੩)।

੫. ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥੧॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ।(ਭੈਰਉ ਮ:੩-੧੦)। ਕਲਿਜੁਗ ਮਹਿ ਹਰਿ ਜੀਉ ਏਕੁ ਹੋਰੁ ਰੁਤਿ ਨ ਕਾਈ॥ (ਭੈ:ਮ:੩-੧੦)। ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥ ਮਨ ਰੁਤਿ ਨਾਮ ਰੇ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥੨॥੧੮॥ (ਬਸੰਤ ਮ:੫)।

ਸਾਂਈ ਦੇ ਭੈ ਨਾਲ ਧੋ ਕੇ ਚਿੱਟਾ ਕਰਨਾ ਚਾਹੀਏ, ਸਰਮ ਦੀ ਪਾਹ ਦੇਣੀ ਚਾਹੀਏ, ਫੇਰ ਭਗਤੀ ਦਾ ਰੰਗ ਚੜ੍ਹੇਗਾ। ਫੇਰ ਕੂੜ ਦੀ ਸੋ ਬੀ ਨਹੀਂ ਰਹੇਗੀ; ਸੱਚ ਹੀ ਸੱਚ ਵਰਤ ਜਾਏਗਾ। ਇਹ ਤਸਵੀਰ ਹੈ ਜੋ ਅਗਲੇ ਸ਼ਲੋਕ ਵਿਚ ਖਿੱਚੀ ਗਈ ਹੈ-

**ਸਲੋਕੁ ਮਃ ੧ ॥**

**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥**

**ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥**

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥**

ਕਲਿਜੁਗ (ਦਾ ਸਮਾ ਹੈ ਕਿਉਂਕਿ) ਸੱਚ ਦਾ ਕਾਲ ਪੈ ਰਿਹਾ ਹੈ ਤੇ ਕੂੜ ਪਰਵਿਰਤ ਹੋ ਰਿਹਾ (ਫੈਲ ਰਿਹਾ) ਹੈ, (ਸੋ ਹੁਣ ਪਰਵਿਰਤ ਹੋ ਗਏ ਕੂੜ ਦੀ) ਕਾਲਖ (ਨਾਲ ਜੀਵ) ਭੂਤਨੇ ਬਣ ਰਹੇ ਹਨ। (ਪਿਛਲੇ ਜੁਗਾਂ ਦੇ ਕਈ ਲੋਕੀ ਆਪੋ ਆਪਣੇ ਜੁਗ ਦਾ ਧਰਮ[੧] ਰੂਪੀ) ਬੀ ਬੀਜ ਕੇ ਇੱਜ਼ਤ ਅਬਰੋ ਲੈ ਗਏ, ਹੁਣ (ਉਹ ਬੀਜ ਦਾਲ ਵਾਂਙੂ ਟੁਕੜੇ ਹੋ ਗਿਆ[੨] ਹੈ ਸੋ) ਦਾਲ ਕੀਕੂੰ ਉੱਗੇ। (ਜੇ ਉਸ ਬੀਉ ਦਾ ਦਾਣਾ) ਇਕ ਹੋਵੇ (=ਸਬੂਤ ਹੋਵੇ ਅਰ) ਰੁਤਾਂ ਵਿਚੋਂ ਰੁਤ (ਬੀ ਉਸ ਦੇ ਉਗਣੇ ਦੀ) ਹੋਵੇ ਤਾਂ ਉਹ ਉੱਗ ਪਵੇ। (ਪਰ ਨਾ ਰੁਤ ਹੈ ਨਾ ਦਾਣਾ ਸਬੂਤ ਹੈ[੩] ਸੋ ਉਹ ਹੁਣ ਉਗ ਨਹੀਂ ਸਕਦਾ। ਹੁਣ ਕੀ ਹੋਵੇ? ਉੱਤਰ- [੪]ਹੁਣ ਜੇ ਕੋਈ) ਭਗਤੀ (ਦੇ ਰੰਗ) ਵਿਚ ਰੰਗਿਆ ਜਾਵੇ (ਤਾਂ ਸੱਚ ਹੀ ਸੱਚ ਵਰਤ ਜਾਵੇਗਾ, ਐਸਾ ਕਿ) ਫੇਰ ਕੂੜ ਦੀ ਕੋਈ ਲੇਸ਼[੫] ਨਹੀਂ ਲੱਗੇਗੀ।

---

੧. ਸਤਯੁਗ ਵਿਚ ਧਰਮ ਸਤਜ ਸੀ, ਪੁੰਨ ਤੇ ਸਤਜ ਵਿਚ ਸਾਰੇ ਵਰਤਦੇ ਸੇ। ਤ੍ਰੇਤਾ ਵਿਚ ਯੱਗ ਤੇ ਦੁਆਪਰ ਵਿਚ ਪੂਜਾ ਸੀ। ਯਥਾ- ਸਤਿਜੁਗਿ ਸਤ ਤੇਤਾਜਗੀ ਦੁਆਪਰਿ ਪੂਜਾਚਾਰ॥ (ਗਉ:ਬੈਰਾ:ਰਵਿ:-੧)

੨. ਧਰਮ ਦੇ ਚਾਰ ਪੈਰ ਸਨ ਤ੍ਰੈ ਟੁੱਟ ਚੁੱਕੇ ਹਨ, ਸੋ ਉਹ ਹੁਣ ਇਕ ਟੁਕੜਾ ਰਹਿ ਗਿਆ ਹੈ; ਸਤਜੁਗਿ ਧਰਮੁ ਪੈਰ ਹੈ ਚਾਰ....॥ ਤ੍ਰੇਤੈ ਇਕ ਕਲ ਕੀਨੀ ਦੂਰਿ....॥ ਦੁਆਪੁਰਿ ਧਰਮਿ ਦੁਇ ਪੈਰ ਰਖਾਏ....। ਕਲਜੁਗਿ ਧਰਮ ਕਲਾ ਇਕ ਰਹਾਏ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ। (ਰਾਮਕਲੀ ਮ:੩-੧)

੩. ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥੧॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ (ਭੈਰਉ ਮ:੩--੧੦)

੪. ਸੁਗਮਤਾ ਲਈ ਛੇਕੜਲੀ ਤੁਕ ਦਾ ਅਰਥ ਪਹਿਲੋਂ ਲਾਯਾ ਹੈ।

੫. ਕੂੜ ਕਲਜੁਗ ਦੀ ਕਾਲਖ ਜੋ ਪਹਿਲੀ ਤੁਕ ਵਿਚ ਦੱਸੀ ਹੈ। ਭਗਤੀ ਦਾ ਰੰਗ ਐਸਾ ਰੰਗ ਹੈ ਕਿ ਉਸ ਨੂੰ ਫੇਰ ਕੂੜ ਦੀ ਕਾਲਖ ਦਾ ਲੇਸ਼ ਨਹੀਂ ਲੱਗ ਸਕਦਾ। (ਸੰਸ:, ਛੁਪ੍:, ਪ੍ਰ: ਛਵ, ਪੁ: ਪੰ: ਛੋਇ, ਸੋਇ=ਸਪਰਸ਼, ਲੇਸ਼, ਲਿਪਾਇਮਾਨਤਾ)। ਗੁਰਬਾਣੀ ਵਿਚ 'ਸੋਇ' ਪਦ ਦੇ ਕਈ ਅਰਥ ਲੱਗਦੇ ਹਨ:-

ਸੋਇ=ਲੇਸ਼, ਕੂੜੇ ਸੋਇ ਨ ਕੋਇ॥ (ਵਾਰ ਆਸਾ ਮ:੧)।
ਸੋਇ=ਉਹ-ਚਤੁਰ ਸਿਆਣਾ ਸੁਘੜੁ ਸੋਇ॥ (ਥਿਤੀ ਗਉ: ਮ:੫-੪)।
ਸੋਇ=ਸੋਭਾ-ਸਚੈ ਸਚੀ ਸੋਇ॥ ਸੋਇ=ਸ਼ੋਭਦਾ-ਕੋਰੈ ਰੰਗੁ ਨ ਸੋਇ॥
ਸੋਇ=ਸੌਣਾ-ਸੋਇ ਅਚਿੰਤਾ ਜਾਗਿ ਅਚਿੰਤਾ॥ (ਭੈਰ:ਮ:੫--੨)।
ਸੋਇ=ਪੌਣ, ਖੁਸ਼ਬੋ ਵਾਲੀ ਪੌਣ- ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥ (ਬ:ਮ:੩-੧੬)।
ਸੋਇ=ਕਨਸੋ, ਖਬਰ-ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ (ਸਿਰੀ ਮ:੧-੨੪)।
ਇਸ ਤੁਕ ਵਿਚ ਬੀ 'ਕਨਸੋ' ਅਰਥ ਲਾ ਲੈਂਦੇ ਹਨ: ਫਿਰ ਕੂੜ ਦੀ ਕਨਸੋ ਤੱਕ ਕੋਈ ਨਹੀਂ ਪਹੁੰਚਦੀ।


www.sikhbookclub.com

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥

ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥

(ਪਰੰਤੂ ਜੀਵਾਂ ਦੇ ਮਨ ਕੋਰੇ ਹੋ ਰਹੇ ਹਨ ਤੇ) ਕੋਰੇ (ਕਪੜੇ ਤੇ ਜਿਵੇਂ ਧੋਤੇ ਬਿਨਾਂ ਤੇ) ਪਾਹ[1] ਦੇ ਚਾੜ੍ਹੇ ਬਿਨਾਂ ਰੰਗ ਸ਼ੋਭਾ ਨਹੀਂ ਦੇਂਦਾ (ਤਿਵੇਂ ਕੋਰੇ ਮਨ ਤੇ ਪ੍ਰੇਮਾ ਭਗਤੀ ਦਾ ਰੰਗ ਠੀਕ ਨਹੀਂ ਚੜ੍ਹਦਾ, ਇਸ ਲਈ ਪਹਿਲਾਂ) ਭੈ[2] ਵਿਚ (ਮਨ ਨੂੰ) ਖੁੰਬ ਚਾੜ੍ਹੀਏ (ਤੇ ਫੇਰ) ਸਰਮ[3] ਦੀ ਪਾਹ ਤਨ ਨੂੰ ਦੇਵੀਏ (ਫੇਰ ਭਗਤੀ ਦਾ ਰੰਗ ਸ਼ੋਭਨੀਕ ਚੜ੍ਹੇਗਾ) ॥੧॥

ਹੁਣ ਕਲਜੁਗ ਨੂੰ, ਜਿਸ ਵਿਚ ਸੱਚ ਨਹੀਂ ਰਿਹਾ, ਕੂੜ ਪ੍ਰਵਿਰਤ ਹੈ ਤੇ ਲੋਕੀ ਭੂਤ ਹੋ ਰਹੇ ਹਨ ਇਕ ਪਾਤਸ਼ਾਹ ਦੇ ਰੂਪਕ ਵਿਚ ਵਰਣਨ ਕਰਦੇ ਹਨ। ਇਸ ਵਿਚ ਉਸ ਸਮੇਂ ਦੇ ਰਾਜਿਆਂ, ਵਡਿਆਂ, ਧਰਮੀਆਂ ਤੇ ਰਈਅਤ ਆਦਿ ਸਭ ਦੀ ਇਤਿਹਾਸਕ ਹਾਲਤ ਅੱਖਾਂ ਅਗੇ ਆ ਜਾਂਦੀ ਹੈ-

ਮਃ ੧ ॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥

ਰਾਜਾ ਤੇ ਵਜ਼ੀਰ (ਇਸ ਸਮੇਂ ਵਿਚ) ਦੁਇ ਲਬ ਤੇ ਪਾਪ ਹਨ (ਭਾਵ ਲੋਭ ਤਾਂ ਰਾਜਾ ਹੈ, ਤੇ ਪਾਪ[4] ਵਜ਼ੀਰ[5] ਹੈ ਤੇ) ਝੂਠ ਸਿਕਦਾਰ[6] ਹੈ। ਕਾਮ ਨਾਇਬ[7] ਹੈ, (ਜਿਸ ਨੂੰ ਹਰ ਗੱਲ ਵਿਚ) ਸੱਦ ਕੇ (ਸਲਾਹ) ਪੁੱਛੀ ਜਾਂਦੀ ਹੈ ਤੇ ਜੋ ਨਾਲ ਬੈਠ ਬੈਠ ਕੇ ਵੀਚਾਰ ਕਰਦਾ ਹੈ। ਰਈਅਤ ਗਜਾਨ (ਵਿਦਜਾ ਤੇ ਅਕਲਮੰਦੀ) ਤੋਂ ਖਾਲੀ ਅੰਨ੍ਹੀ ਹੋ ਰਹੀ ਹੈ, (ਉਹ ਬਿਨਾ ਸੋਚੇ ਵੀਚਾਰੇ ਇਨ੍ਹਾਂ ਦੀ ਤ੍ਰਿਸ਼ਨਾ ਦੀ) ਅੱਗ ਵਿਚ (ਜੋ ਮੰਗਣ ਸੋ ਦੇ ਕੇ ਉਸ ਨੂੰ ਮਾਨੋ) ਮੁਰਦਾਰ[8] ਨਾਲ ਭਰ ਰਹੀ ਹੈ (ਭਾਵ ਅਗੋਂ ਬੋਲਣੋਂ, ਕੁਸਕਣੋ, ਮੁਕਾਬਲਾ ਕਰਨੋਂ ਸੱਚ

---

੧. ਕੋਰਾ ਕਪੜਾ ਮੈਲਾ, ਖਰ੍ਹਵਾ ਤੇ ਕੁਛ ਪਾਣ ਦੀ ਬੋ ਵਾਲਾ ਹੁੰਦਾ ਹੈ। ਕੋਰੇਪਨ ਤੋਂ ਮੁਰਾਦ ਮੈਲੇ ਤੇ ਖਰ੍ਹਾ (ਕਠੋਰ ਹੋਏ) ਮਨ ਦੀ ਹੈ। ਪਾਹ=ਮਾਂਈਂ ਯਾ ਫਟਕੜੀ ਆਦਿ ਵਿਚ ਕਪੜੇ ਨੂੰ ਦਿਤਾ ਡੋਬਾ ਜੋ ਧੋਣ ਤੋਂ ਪਿਛੋਂ ਤੇ ਰੰਗਣ ਤੋਂ ਪਹਿਲੋਂ ਦੇਂਦੇ ਹਨ।

੨. ਭੈ ਪਰਮੇਸ਼ੁਰ ਦਾ।

੩. ਸਰਮ=ਫ਼ਾ:, ਸ਼ਰਮ, ਲਾਜ, ਹਯਾ। ਭਾਵ ਹੈ ਮਾੜੇ ਕਰਮ ਕਰਨ ਤੋਂ ਲਾਜ ਆਵੇ। ਸੰਪ੍ਰਦਾ ਵਿਚ ਵੈਰਾਗ ਅਰਥ ਬੀ ਕਰਦੇ ਹਨ। (ਅ) ਸ੍ਰਮ=ਘਾਲ। (ਸੰ:ਸ਼੍ਰਮ=ਮਿਹਨਤ)।

੪. ਲੋਭ ਫੁਰਨਾ ਹੈ ਲਾਲਚ ਦਾ ਤੇ ਪਾਪ ਉਸ ਕ੍ਰਿਆ ਦਾ ਨਾਮ ਹੈ ਜੋ ਫੁਰਨਿਆਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ।

੫. ਮਹਤਾ=(ਸੰ:, ਮਹੱਤਰ) ਵੱਡਾ। ਪਿਛਲੇ ਸਮੇਂ ਛੋਟੇ ਰਾਜੇ ਵਜ਼ੀਰਾਂ ਤੇ ਕਾਰਦਾਰਾਂ ਚੋਧਰੀਆਂ ਨੂੰ ਮਹਿਤਾ ਕਰਕੇ ਕੁਆਉਂਦੇ ਸਨ।

੬. ਅਰਬੀ-ਸ਼ਿੱਕ=ਕਿਸੇ ਸ਼ੈ ਦਾ ਅੱਧਾ ਹਿੱਸਾ। ਦੇਸ਼ ਦਾ ਹਿੱਸਾ ਜੋ ਮਾਮਲਾ ਉਗ੍ਰਾਹੁਣ ਲਈ ਨੀਯਤ ਕੀਤਾ ਜਾਵੇ। ਜਿਵੇਂ ਅੱਜ ਕਲ ਤਸੀਲ ਹੈ। ਸ਼ਿਕਦਾਰ, (ਸ਼ਿੱਕਦਾਯਰ)=ਹਾਕਮ ਦੇਹਾਤ ਵ ਆਮਿਲ ਪਰਗਨਾਤ; ਸ਼ਿਕ ਦਾ ਮਾਮਲਾ ਉਗ੍ਰਾਹੁਣ ਵਾਲਾ ਅਹੁਦੇਦਾਰ, ਦੇਸ਼ ਬੰਧ ਆਦਿ ਵਿਚ ਬੀ ਇਸ ਦਾ ਜ਼ਿੰਮਾ ਹੁੰਦਾ ਹੈ ਸੀ।

੭. ਨੇਬ। ਫ਼ਾ:ਨਾਯਬ ਮਾਤਹਿਤ। ਮੁਰਾਦ ਵਜ਼ੀਰ ਦੇ ਨਾਇਬ ਤੋਂ ਹੈ।

੮. ਮੁਰਦਾਰ ਮੁਰਦੇ ਜਾਨਵਰ ਦੀ ਲੋਥ। ਭਾਵ ਧਰਮ ਤੇ ਕਾਨੂੰਨ ਵਿਰੁੱਧ ਸਾਮਾਨ ਜੋ ਵੱਢੀ ਵਜੋਂ ਦਿਤੇ ਜਾਣ।
(ਅ) ਭਾਹਿ ਭਰੇ ਮੁਰਦਾਰ=ਲੋਕੀ ਤ੍ਰਿਸ਼ਨਾ ਅੱਗ ਨਾਲ ਭਰੇ (ਧਰਮ ਕਰਮ ਵਲੋਂ) ਮੁਰਦਾ ਲੋਥ ਹੋ ਰਹੇ ਹਨ।

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥

ਤੇ ਖੜੋਕੇ ਸ਼ਹੀਦ ਹੋ ਜਾਣੋ ਮੁਰਦਾ ਹੋ ਰਹੀ ਹੈ। ਹੁਣ ਸਵਾਲ ਹੁੰਦਾ ਹੈ ਕਿ ਪਰਮਾਰਥ ਦੇ ਆਗੂ ਤੇ ਗਜਾਨ ਸੰਯੁਕਤ ਲੋਕ ਕਿਉਂ ਨਹੀਂ ਅਗੇ ਹੁੰਦੇ, ਤਾਂ ਦੱਸਦੇ ਹਨ) ਗਜਾਨੀ[1] (ਹੁਣ ਉਸਨੂੰ ਕਹਿੰਦੇ ਹਨ ਜੋ ਰਾਸਧਾਰੀਏ ਬਣ ਕੇ) ਨੱਚਦੇ ਹਨ, ਵਾਜੇ ਵਜਾਉਂਦੇ ਹਨ ਤੇ (ਬਨਾਵਟੀ) ਰੂਪ (ਬਣਾ ਕੇ, ਭਾਵ ਮਾਂਗ ਭਰ ਕੇ ਗਹਿਣੇ ਆਦਿ ਦਾ) ਸ਼ਿੰਗਾਰ ਕਰਦੇ ਹਨ।

ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

(ਕਦੇ ਪਿਛਲੇ ਬਜ਼ੁਰਗਾਂ ਦੇ ਜਸ) ਉੱਚੀ ਉੱਚੀ ਕੂਕ ਕੇ (ਸੁਣਾਉਂਦੇ ਹਨ ਕਦੇ) ਜੁੱਧਾਂ ਦੇ ਪ੍ਰਸੰਗ ਗਾਉਂਦੇ ਹਨ, (ਜਿਨ੍ਹਾਂ ਵਿਚ) ਸੂਰਮਿਆਂ ਦੀ (ਸੂਰਮਗਤੀ ਦੇ ਹਾਲਾਂ ਦਾ) ਵੀਚਾਰ (ਵੀ ਹੁੰਦਾ ਹੈ)।

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥

(ਪ੍ਰਸ਼ਨ :- ਪੰਡਤਾਂ ਨੂੰ ਕੀ ਹੋ ਗਿਆ ਹੈ? ਉੱਤਰ) ਪੰਡਤ (ਪੜ੍ਹ ਸੁਣਕੇ) ਮੂਰਖ ਹੋ ਰਹੇ ਹਨ (ਜੋ ਸੱਚ ਪ੍ਰਤੀਪਾਦਨ ਕਰਨੇ ਦੀ ਥਾਂ) ਹੁੱਜਤਬਾਜ਼ੀ ਵਿਚ (ਰਹਿੰਦੇ ਹਨ ਤੇ) ਹਿਕਮਤ (ਚਲਾਕੀ ਦੀ ਜੋੜ ਤੋੜ ਵਿਚ ਰਹਿੰਦੇ ਹਨ ਕਿਉਂਕਿ ਓਹ ਮੋਖ ਨੂੰ ਨਹੀਂ ਪਰ ਧਨ) ਕੱਠਾ ਕਰਨ ਨੂੰ ਪਿਆਰ ਕਰਦੇ ਹਨ।

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥

ਧਰਮੀ ਧਰਮ ਕਰਦੇ ਹਨ (ਫਲ ਉਸਦਾ ਸੂਰਗ ਆਦਿਕ ਹੀ) ਮੰਗਦੇ ਹਨ, ਮੋਖ ਦੁਆਰ ਤਾਂ ਉਹ (ਮੁਢੋਂ ਹੀ) ਗੁਆ ਲੈਂਦੇ ਹਨ[2]।

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥

(ਜੋ) ਜਤੀ ਸਦਾਉਂਦੇ ਹਨ (ਓਹ ਅਸਲੀ ਗ੍ਰਿਹਸਤ ਜਤੀ ਹੋਣ ਦੀ) ਜੁਗਤ ਨਹੀਂ ਜਾਣਦੇ (ਓਹ ਬ੍ਰਿਥਾ) ਘਰ ਬਾਰ ਛੱਡ ਬਹਿੰਦੇ ਹਨ (ਇਉਂ ਪ੍ਰਜਾ ਤੋਂ ਪਰ੍ਹੇ ਚਲੇ ਜਾਣ ਕਰਕੇ ਕੁਛ ਉਸ ਦੀ ਭਲਿਆਈ ਨਹੀਂ ਕਰਦੇ ਨਾ ਆਪਣਾ ਕੁਛ ਸੁਆਰਦੇ ਹਨ।

---

੧. ਰਾਸਧਾਰੀਆਂ ਵਿਚ ਅਗੂਏ ਨੂੰ ਗਜਾਨੀ ਕਹਿੰਦੇ ਹਨ। ਗੋਯਾ ਇਤਨਾ ਅੰਧਕਾਰ ਛਾਇਆ ਹੋਇਆ ਹੈ ਕਿ ਗਜਾਨ ਪ੍ਰਕਾਸ਼ਨ ਵਾਲੇ ਦੀ ਥਾਂ ਨਟਾਂ ਨੂੰ ਗਜਾਨੀ ਕਹਿੰਦੇ ਹਨ, ਯਾ ਗਜਾਨੀ ਕਹਾਣ ਵਾਲੇ ਨਟਾਂ ਦਾ ਕੰਮ ਕਰਦੇ ਹਨ।

੨. ਧਰਮ ਦੀ ਸਾਰੀ ਕਾਰਗੁਜ਼ਾਰੀ ਕਰਮ ਕਾਂਡ ਦੇ ਅਧੀਨ ਹੋਣ ਕਰਕੇ ਮੁਕਤੀ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਉਂਦੀ ਪਰੰਤੂ ਸ਼ੁਭ ਕਰਮਾਂ ਦੇ ਫਲ-ਸੂਰਗ ਆਦਿਕ ਨੂੰ ਹੀ ਪ੍ਰਾਪਤ ਕਰਨਾ ਚਾਹੁੰਦੀ ਹੈ। (ਅ) ਧਰਮੀ ਧਰਮ (ਤਾਂ) ਕਰਦੇ ਹਨ (ਪਰ ਗਾਵਾਵਹਿ=) ਲੋਕਾਂ ਵਿਚ ਅਪਣੇ ਕੀਤੇ ਦੀ ਕੀਤੀ ਕਰਵਾਉਂਦੇ ਹਨ (ਫੇਰ) ਮੁਕਤੀ ਦਾ ਦੁਆਰਾ ਮੰਗਦੇ ਹਨ। (ਜੋ ਧਰਮ ਕੀਤਾ ਸ਼ੋਭਾ ਲੈਣ ਵਾਸਤੇ ਉਸ ਦਾ ਫਲ ਸ਼ੋਭਾ ਮਿਲ ਗਿਆ ਫੇਰ ਮੁਕਤ ਦੁਆਰਾ ਕੀਕੂੰ ਮਿਲੇ; ਸੋ ਉਹਨਾਂ ਦੀ ਮੰਗ ਅਚਰਜ ਜਨਕ ਹੈ)। (ੲ) ਬਹੁਤਿਆਂ ਦੀ ਰੁਚੀ ਇਹ ਅਰਥ ਕਰਨੇ ਵਲ ਰਹਿੰਦੀ ਹੈ:- ਧਰਮੀ ਧਰਮ ਕਰਦੇ ਹਨ, ਪਰ ਮੰਗਦੇ ਹਨ ਮੁਕਤੀ ਦਾ ਦੁਆਰਾ (ਇਸ ਸਕਾਮ ਮੰਗ ਕਰਕੇ ਕੀਤੇ ਦਾ ਫਲ) ਗੁਆ ਲੈਂਦੇ ਹਨ। ਪਰ ਇਸ ਵਿਚ 'ਮੋਖਛਾ' ਨੂੰ ਸਕਾਮ ਕਰਮ ਗਿਣਨ ਦੀ ਤ੍ਰੁੱਟੀ ਰਹਿ ਜਾਂਦੀ ਹੈ।


www.sikhbookclub.com

| | |
|---|---|
| ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥ | ਇਹ ਕੁਛ ਕਰਦਿਆਂ ਫਿਰ ਅਸਚਰਜ ਇਹ ਹੈ ਕਿ) ਸਭ ਕੋਈ (ਅਪਣੇ ਵਹਿਮ ਵਿਚ ਤੇ ਕਥਨੀ ਵਿਚ) ਪੂਰਾ ਹੋ ਹੋ ਪੈਂਦਾ ਹੈ ਤੇ ਆਪ ਨੂੰ ਘੱਟ ਕੋਈ ਨਹੀਂ ਕਹਿੰਦਾ। (ਪਰ) ਹੇ ਨਾਨਕ! (ਜੇ ਉਸ ਦੇ ਕਰਮ, ਧਰਮ, ਗਜਾਨ ਆਦਿ ਨੂੰ ਤੱਕੜੀ ਦੇ ਇਕ ਛਾਬੇ ਵਿਚ ਪਾਇਆ ਜਾਵੇ ਤੇ) ਪਿਛਲੇ (ਛਾਬੇ) ਵਿਚ ਪਤ ਦਾ ਵੱਟਾ ਪਾਇਆ ਜਾਵੇ ਫੇਰ ਤੋਲਿਆਂ ਪਤਾ ਲਗੇ (ਕਿ ਕੌਣ ਪੂਰਾ ਹੈ, ਭਾਵ ਦਰਗਾਹ ਵਿਚ ਇੱਜਤ ਮਿਲਣੀ ਇਹ ਵੱਟਾ ਹੈ, ਜਿਸ ਨੇ ਦਸਣਾ ਹੈ ਕਿ ਸਚਮੁਚ ਪੂਰਾ ਕੌਣ ਹੈ)॥੨॥ |

ਪਿਛਲੇ ਸ਼ਲੋਕ ਵਿਚ ਉਸ ਸਮੇਂ ਜੋ ਕੁਛ ਰਾਜੇ, ਰਯਤ, ਧਰਮੀ, ਪੰਡਤ, ਜਤੀ, ਗਜਾਨੀ ਆਦਿ ਕਰ ਰਹੇ ਸਨ, ਉਸ ਹਾਲਤ ਦਾ ਨਕਸ਼ਾ ਖਿਚਿਆ ਸੀ ਤੇ ਦੱਸਿਆ ਸੀ ਕਿ ਏਹ ਕੁਛ ਕਰਨ ਵਾਲੇ ਫੇਰ ਸੱਚੇ ਤੇ ਪੂਰੇ ਬਣਦੇ ਹਨ ਪਰ ਪਤ ਦੇ ਤੋਲ ਨਾਲ ਤੋਲਿਆਂ ਪੂਰੇ ਊਰੇ ਦਾ ਪਤਾ ਲਗੇਗਾ। ਅਗਲੇ ਸ਼ਲੋਕ ਵਿਚ 'ਪਰਲੋਕ' ਵਿਚ ਗਿਆਂ ਜੋ ਵਰਤਣੀ ਹੈ ਸੋ ਦੱਸਦੇ ਹਨ-

| | |
|---|---|
| ਮਃ ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ | (ਕਰਮ ਕਰਨ ਵੇਲੇ ਜੀਵ ਨੇ ਭਾਵਨੀ ਅਪਣੇ ਅੰਦਰ) ਜੋ ਧਾਰੀ ਸੀ (ਅੰਤ) ਓਹੋ ਪ੍ਰਗਟੇਗੀ[੧] (ਕਿਉਂਕਿ) ਓਹੋ ਸੱਚਾ (ਵਾਹਿਗੁਰੂ ਹਿਰਦਿਆਂ ਨੂੰ) ਵੇਖ ਰਿਹਾ ਹੈ। ਹੇ ਨਾਨਕ! ਸਭਨਾਂ ਨੇ ਛਾਲਾਂ ਮਾਰੀਆਂ ਹਨ (ਭਾਵ ਕਰਮ ਛੇਤਰ ਵਿਚ ਯਤਨ ਕੀਤੇ ਹਨ ਪਰ ਅੰਦਰਲੀ ਭਾਵਨੀ ਨੂੰ ਦੇਖਣਹਾਰ) ਕਰਤਾਰ ਜੋ (ਫੈਸਲਾ) ਕਰੇਗਾ ਸੋਈਓ (ਠੀਕ) ਹੋਵੇਗਾ। ਪਰ ਇਕ ਗਲ ਨਿਸਚੇ ਜਾਣ ਲਓ ਕਿ) ਅਗੇ ਤਾਂ ਨਾ ਜੋਰ ਦਾ ਨਾ ਜਾਤ (ਦਾ ਵੱਸ ਚੱਲਦਾ) ਹੈ, |

੧. ਵਜਗਿ=ਵੱਜੇਗੀ। ਢੋਲ ਵਜਾਕੇ ਕਿਸੇ ਖ਼ਬਰ ਦੇ ਪ੍ਰਚਾਰਣ ਨੂੰ 'ਵਜਗਿ' ਕਿਹਾ ਹੈ, ਤਾਂਤੇ ਇਸ਼ਾਰਾ ਕਿਸੇ ਛਿਪੀ ਗਲ ਵਲ ਹੈ, ਜਿਸ ਨੂੰ 'ਸੱਚਾ' ਤਾਂ ਹੁਣ ਬੀ ਵੇਖ ਰਿਹਾ ਹੈ, ਪਰ ਪਰਲੋਕ ਵਿਚ ਜਿਸ ਵਜਣਾ=ਉਘੜਨਾ ਹੈ, ਛਿਪ ਨਹੀਂ ਰਹਿਣਾ, ਸੋ ਹੈ ਜੀਵ ਦੇ ਅੰਦਰਲੀ ਨੀਤ ਯਾ ਭਾਵਨੀ ਜਿਸ ਨੂੰ ਧਾਰਕੇ ਕੰਮ ਕਰਦਾ ਹੈ। ਤਾਂਤੇ ਵਦੀ (ਜੋ ਜੀਵ ਨੇ ਅਪਣੇ ਅੰਦਰ ਭਾਵਨੀ ਯਾ ਨੀਯਤ) ਠਟੀ ਹੈ ਯਾ ਧਾਰੀ ਹੈ। (ਵਦਨਾ=ਠਹਿਰਣਾ, ਨੀਯਤ ਕਰਨਾ, ਪਹਿਲੇ ਤੋਂ ਮੁਕਰਰ ਕਰਨਾ। (ਹਿੰਦੀ ਕੋਸ਼:)। ਵਦਣਾ=to determine (ਪੰਜਾਬੀ ਕੋਸ਼))। ਇਸ ਅਰਥ ਦੇ ਹੱਲ ਕਰਨ ਵਿਚ ਦਾਨਿਆਂ ਨੇ ਚਾਰ ਪੰਜ ਟੋਹਾਂ ਹੋਰ ਬੀ ਲਾਈਆਂ ਹਨ:-- ੧. ਵਦੀ=ਕ੍ਰਿਸ਼ਨਾ ਪਖ, ਸੁਵਜਗ=ਸ਼ੁਕਲਾ ਪਖ। ਭਾਵ ਕ੍ਰਿਸ਼ਨ ਕਰਮ-ਪਾਪ, ਸ਼ੁਕਲ ਕਰਮ-ਪੁੰਨ, ਅਰਥਾਤ ਪਾਪ ਪੁੰਨ (ਦੋਹਾਂ ਨੂੰ) ਕਰਤਾ ਵੇਖ ਰਿਹਾ ਹੈ। (੧੯੫੬ ਬਿ:) ੨. ਵਦੀ ਸੁ ਵਜਗਿ- ਜੋ ਠਟੀ ਗਈ ਹੈ (ਕਰਤਾਰ ਵਲੋਂ) ਸੋ ਪ੍ਰਗਟੇਗੀ। (੧੯੭੭ ਬਿ:)। ੩. ਜੀਵ ਨੇ ਜੋ ਕ੍ਰਿਯਾ ਕੀਤੀ ਅਥਵਾ ਜੋ ਕਰਨੀ ਇਸ ਤੋਂ ਹੋਈ। ੪. ਵਦੀ=(ਕਾਲ ਦਾ) ਵਾਜਾ (ਭੇਰੀ ਆਦਿ) ਜਦ (ਸੁ ਵਜਗਿ) ਵੱਜੇਗਾ।

ਜਿਨ ਕੀ ਲੇਖੈ ਪਤਿ ਪਵੈ
ਚੰਗੇ ਸੇਈ ਕੇਇ ॥੩॥

ਅੱਗੇ ਤਾਂ ਜੀਵ ਹੀ ਨਵੀਂ (ਭਾਂਤ ਦੇ) ਹਨ[1]। (ਉਥੇ) ਜਿਨ੍ਹਾਂ ਦੀ ਪਤ ਲੇਖੇ ਪਵੇਗੀ ਓਹੀ ਕੋਈ (ਵਿਰਲੇ) ਚੰਗੇ ਮੰਨੇ ਜਾਣਗੇ[2] ॥੩॥

ਅਗਲੀ ਪਉੜੀ ਵਿਚ ਜੀਵ ਦੀ ਨਿਰਾਸਤਾ ਪੁਰ ਤਰਸ ਦੇ ਭਾਵ ਵਿਚ, ਗੁਰੂ ਜੀ ਕਰਤਾਰ ਅੱਗੇ ਅਰਦਾਸ ਕਰਦੇ ਹਨ-

ਪਉੜੀ ॥
ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥
ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥
ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥
ਸਹਜੇ ਹੀ ਸਚਿ ਸਮਾਇਆ॥੧੧॥

(ਹੇ ਕਰਤਾਰ!) ਤੂੰ ਜਿਨ੍ਹਾਂ ਨੂੰ ਧੁਰੋਂ ਕਰਮ (ਬਖਸ਼ਿਸ਼ ਦਾ ਲੇਖ) ਪਾਇਆ ਹੈ ਉਹਨਾਂ ਨੇ (ਹੀ ਤੈਂ) ਖਸਮ ਨੂੰ ਧਿਆਇਆ ਹੈ। ਇਨ੍ਹਾਂ ਜੀਵਾਂ ਦੇ ਵੱਸ ਕੁਝ ਨਹੀਂ, ਤੂੰ ਭਿੰਨ ਭਿੰਨ (ਤਰ੍ਹਾਂ ਦੇ ਜੀਵਾਂ ਵਾਲਾ) ਸੰਸਾਰ ਉਤਪਤ ਕੀਤਾ ਹੈ। ਇਕਨਾਂ ਨੂੰ ਤੂੰ ਮੇਲ ਲੈਂਦਾ ਹੈਂ, ਇਕਨਾਂ ਨੂੰ ਤੂੰ ਆਪਣੇ ਤੋਂ ਦੂਰ ਰੱਖਦਾ ਹੈਂ[3]।

ਜਿਥੇ ਤੈਂ (ਕਿਸੇ ਨੂੰ) ਆਪਣਾ ਆਪ ਬੁਝਾ ਦਿਤਾ ਹੈ ਓਥੇ ਗੁਰੂ ਦੀ ਕਿਰਪਾ ਨਾਲ (ਹੀ ਉਸ ਨੇ ਤੈਨੂੰ) ਜਾਣਿਆ ਹੈ। (ਅਰ ਉਹ) ਸਹਿਜੇ ਹੀ (ਤੇਰੇ) ਸੱਚ (ਸਰੂਪ) ਵਿਚ ਸਮਾ ਗਿਆ ਹੈ। (ਭਾਵ ਇਹ ਕਿ ਇਨ੍ਹਾਂ ਨੂੰ ਤੂੰ ਆਪ ਹੀ ਕਲਜਾਨ ਦਾ ਰਾਹ ਦਿਖਾਲ)॥੧੧॥

ਸਲੋਕੁ ਮਃ ੧ ॥
ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥

(ਹੇ ਨਿਰੰਕਾਰ! ਤੇਰੀ ਕੁਦਰਤ ਅਸਚਰਜ ਹੈ) ਸੁਖ (ਜਿਸ ਨੂੰ ਪਾ ਕੇ ਤੈਂ ਸੁਖ ਸਰੂਪ ਨਾਲ ਜੁੜਨਾ ਚਾਹੀਦਾ ਸੀ ਉਹ ਸੁਖ ਜੀਵਾਂ ਨੂੰ) ਰੋਗ ਹੋ ਢੁੱਕਾ ਹੈ (ਤੇ) ਦੁੱਖ (ਸਗੋਂ) ਦਾਰੂ ਹੋ ਗਿਆ ਹੈ[4], ਜਦੋਂ (ਇਨ੍ਹਾਂ ਨੂੰ) ਸੁਖ ਹੁੰਦਾ ਹੈ ਤਦੋਂ (ਇਨ੍ਹਾਂ ਦੀ ਰੁਚੀ ਤੇਰੇ ਵਲ) ਨਹੀਂ

---

੧. (ਅ) ਐਉਂ ਬੀ ਅਰਥ ਲਾਉਂਦੇ ਹਨ- 'ਜੀਉ' ਨ, 'ਵੇ'। ਅੱਗੇ ਗਿਆਂ ਕਿਸੇ ਨੇ 'ਜੀਉ' ਨਹੀਂ ਕਹਿਣਾ, 'ਵੇ ਵੇ' ਕਰਕੇ ਬੁਲਾਉਣਗੇ। ਹਾਂ, ਜਿਨ੍ਹਾਂ ਦੀ ਪਤ ਲੇਖੇ ਪਵੇਗੀ ਉਹ ਚੰਗੇ ਮੰਨੇ ਜਾਣਗੇ ਭਾਵ ਹੈ ਕਿ ਉਹਨਾਂ ਨੂੰ 'ਜੀਉ ਜੀਉ' ਹੋਵੇਗੀ।

੨. ਓਥੇ ਜਾਤ ਜ਼ੋਰ ਛੱਡ ਕੇ ਜਿਨ੍ਹਾਂ ਦੀ ਪਤ ਪ੍ਰਮਾਣੀਕ ਸਮਝੀ ਜਾਊ ਉਹੋ ਚੰਗੇ ਹੋਣਗੇ। ਪਿਛਲੇ ਸ਼ਲੋਕ ਵਿਚ ਰਾਜੇ ਵਜ਼ੀਰ ਆਦਿ ਜ਼ੋਰ ਦੇ ਅਭਿਮਾਨੀ ਤੇ ਰਈਅਤ ਵਿਚੋਂ ਪੰਡਤ ਆਦੀ ਜ਼ਾਤ ਦੇ ਅਭਿਮਾਨੀ ਗਿਣੇ ਸਨ।

੩. ਪੁਰਾਤਨ ਅਰਥ ਭਾਵ ਇਉਂ ਹੈ-ਇਕਨਾ (ਗੁਰਮੁਖਾਂ) ਨੂੰ ਤੂੰ ਮੇਲ ਲੈਂਦਾ ਹੈਂ, ਇਕਨਾ (ਮਨਮੁਖਾਂ) ਨੂੰ ਤੂੰ ਘੁਸਾ ਦੇਂਦਾ ਹੈਂ। (ਅ) ਇਉਂ ਬੀ ਲਾਉਂਦੇ ਹਨ-ਇਕਨਾ ਨੇ ਤੈਥੋਂ (ਆਪਣੇ ਆਪ ਨੂੰ) ਆਪ ਹੀ ਖੁੰਝਾ ਲਿਆ ਹੈ।

੪. ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ॥(ਪ੍ਰਭਾਤੀ ਮ:੧)। ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ। (ਆਸਾ ਮ:੫)

**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥**

ਹੁੰਦੀ[1] (ਪਰ ਜਦੋਂ ਦੁਖ ਹੁੰਦਾ ਹੈ ਤਾਂ ਯਾਦ ਕਰਦੇ ਹਨ[2], ਤੂੰ ਹੀ ਇਨ੍ਹਾਂ ਨੂੰ ਸੁਮਤਿ ਦੇਹਿ ਕਿਉਂਕਿ) ਤੂੰ (ਹੀ ਇਨ੍ਹਾਂ ਦਾ) ਕਰਤਾ ਹੈਂ, (ਜੋ ਚਾਹੇਂ ਸੋ) ਕਰਨੇ ਨੂੰ ਸਮਰਥ ਹੈਂ, ਮੈਂ (ਕੁਛ) ਨਹੀਂ, ਮੈਂ ਜੇ (ਕੋਈ ਜਤਨ) ਕਰਦਾ ਹਾਂ ਤਾਂ ਹੁੰਦਾ ਨਹੀਂ॥੧॥

**ਬਲਿਹਾਰੀ ਕੁਦਰਤਿ ਵਸਿਆ ॥**

**ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**

(ਮੈਂ ਤੈਥੋਂ) ਹੇ ਕੁਦਰਤ (ਸਾਜਕੇ ਫੇਰ ਇਸ ਦੇ) ਵਿਚੇ ਵੱਸ ਰਹੇ (ਨਿਰੰਕਾਰ!) ਸਦਕੇ ਹਾਂ, ਤੇਰਾ ਅੰਤ (ਮੈਥੋਂ) ਨਹੀਂ ਲਖਿਆ ਜਾਂਦਾ॥੧॥ਰਹਾਉ॥

ਇਨ੍ਹਾਂ ਤੁਕਾਂ ਦਾ ਭਾਵ ਐਉਂ ਵਧੇਰੇ ਸਪਸ਼ਟ ਹੁੰਦਾ ਹੈ- (ਹੇ ਨਿਰੰਕਾਰ ਤੇਰੀ ਕੁਦਰਤ ਵਿਚ ਅਸਚਰਜ ਰੰਗ ਹਨ) ਜਦੋਂ ਸੁਖ (ਸਮਝ ਕੇ ਸੁਖ ਕੱਠਾ ਕਰੀਦਾ ਹੈ) ਤਾਂ (ਉਹ ਸੁਖ) ਨਹੀਂ ਨਿਕਲਦਾ (ਉਹ) ਰੋਗ ਹੋ ਢੁੱਕਦਾ ਹੈ। (ਜਦੋਂ ਤੇਰੇ ਭਾਣੇ ਵਿਚ) ਦੁਖ (ਆਉਂਦਾ ਹੈ ਤੇ ਘਾਬਰੀਦਾ ਹੈ, ਓਹ ਸਗੋਂ) ਦਾਰੂ ਹੋਕੇ ਲੱਗਦਾ ਹੈ। (ਸੋ ਉਸ ਸੁਖ ਦਾ ਜੋ ਸੁਖ ਹੋਕੇ ਲੱਗੇ) ਕਰਤਾ ਤੂੰ ਹੈਂ, (ਉਹ ਸੁਖ ਸਾਨੂੰ ਤੂੰਹੋਂ) ਕਰਣਾ ਹੈ ਮੈਂ (ਉਸ ਨੂੰ) ਨਹੀਂ (ਕਰ ਸਕਣਾ, ਕਿਉਂਕਿ) ਜਦ ਮੈਂ ਕਰਦਾ ਹਾਂ (ਉਹ) ਨਹੀਂ ਹੁੰਦਾ। (ਹੇ ਕੁਦਰਤ ਰਚਕੇ ਅਸੰਗ ਪਰ ਫੇਰ ਅਪਣੀ) ਕੁਦਰਤ ਦੇ ਵਿਚ ਵੱਸ ਰਹੇ (ਚੋਜੀ) ! (ਮੈਂ ਸਦਕੇ! ਤੇਰਾ ਅੰਤ (ਸਾਥੋਂ) ਲਖਿਆ ਨਹੀਂ ਜਾ ਸਕਦਾ।

**ਜਾਤਿ ਮਹਿ ਜੋਤਿ**

ਹਰ ਉਤਪਤ ਹੋਈ[3] ਚੀਜ਼ ਵਿਚ (ਤੇਰੀ) ਜੋਤਿ ਹੈ (ਤੇ ਤੇਰੀ) ਜੋਤ ਵਿਚ ਏਹ ਸਾਰੀਆਂ ਉਤਪਤ ਹੋਈਆਂ

---

੧. ਇਸ ਤੁਕ ਦੇ ਅਰਥਾਂ ਵਿਚ ਕਠਨਤਾ 'ਤਾਮਿ ਨ ਹੋਈ' ਤੋਂ ਪੈਂਦੀ ਹੈ। ਤਾਮਿ ਦਾ ਅਰਥ ਹੈ 'ਤਾਂ' ਨਾ ਹੋਈ=ਨਹੀਂ ਹੁੰਦੀ। ਪ੍ਰਸ਼ਨ ਹੁੰਦਾ ਹੈ ਕਿ ਕੀਹ ਨਹੀਂ ਹੁੰਦੀ? ਇਹ ਗੱਲ ਦੱਸੀ ਨਹੀਂ ਹੋਈ, ਸੋ ਅਧਜਾਹਾਰ ਦੀ ਲੋੜ ਪੈਂਦੀ ਹੈ ਤੇ 'ਰੁਚੀ' ਯਾ 'ਇੱਛਾ' ਪਦਾ ਦਾ ਅਧਜਾਹਾਰ ਠੀਕ ਢੁਕਦਾ ਹੈ ਤੇ ਅਰਥ ਸਾਫ ਹੋ ਜਾਂਦਾ ਹੈ। ਪਰ ਕਈ ਇਥੇ ਅਧਜਾਹਾਰ 'ਦੁਖ' ਦਾ ਕਰਦੇ ਹਨ ਤੇ ਸੁਖ ਦਾ ਅਰਥ ਆਤਮ ਸੁਖ ਲਾਉਂਦੇ ਹਨ। ਅਰਥਾਤ ਜਾਂ ਆਤਮ-ਮੁਖ ਹੋਇਆ ਤਾਂ ਦੁਖ ਨਹੀਂ ਹੁੰਦਾ। ਕਈ 'ਪਰਮੇਸ਼ੁਰ' ਦਾ ਅਧਜਾਹਾਰ ਕਰਦੇ ਹਨ।

ਕਿਵੇਂ ਅਧਜਾਹਾਰ ਤੋਂ ਬਿਨਾਂ ਬੀ ਅਰਥ ਬਣ ਸਕੇ, ਪੁਰਾਤਨ ਦਾਨੇ 'ਤਾਮਿ' ਪਦ ਨੂੰ 'ਹੋਈ' ਦਾ ਕਰਤਾ ਕਾਰਕ ਰੱਖਕੇ ਘੁੰਡੀ ਖੁਹਲਦੇ ਸਨ। ਤਾਮਿ=ਤਮਅ਼=ਭਾਵ ਇਛਾ। ਤਾਮਿ ਨ ਹੋਈ=ਇਛਾ ਨਹੀਂ ਹੁੰਦੀ। ਯਾ ਐਉਂ :- ਤਾ+ਆਮਿ=(ਤਾ=ਤਦੋਂ।ਆਮਯ=ਰੋਗ) ਤਾਂ ਰੋਗ ਨਹੀਂ ਹੁੰਦਾ। ਅਰਥਾਤ ਜਦ (ਆਤਮ) ਸੁਖ ਹੋ ਜਾਵੇ ਤਾਂ ਫੇਰ ਰੋਗ ਨਹੀਂ ਹੁੰਦਾ।

ਸੰਪ੍ਰ: ਗਜਾਨੀ ਇਸ ਦੇ ਭਾਵ ਵਿਚ ਬੀ ਵਿਲੱਖਣਤਾ ਕਰਦੇ ਹਨ:-

ੳ. 'ਵਿਸ਼ੇ ਸੁਖ' ਰੋਗ ਤੇ 'ਸਰੀਰਕ ਮਾਨਸਿਕ ਦੁਖ' ਜੋ ਵਿਸ਼ਿਆਂ ਦਾ ਫਲ ਹਨ ਦਾਰੂ।

ਅ. ,, ,, ,, 'ਜਪ ਤਪ ਸਾਧਨ ਦਾਰੂ' ਜੋ ਦੁਖ ਰੋਗ ਨੂੰ ਕੱਟਦੇ ਹਨ।

ੲ. 'ਦੁਖ' (ਜਨਮ ਮਰਨ ਦਾ) ਰੋਗ ਭਇਆ ਤੇ 'ਸੁਖ' (ਨਾਮ ਦਾ) ਦਾਰੂ ਭਇਆ। ਜਦੋਂ ਇਹ ਸੁਖ (ਨਾਮ ਦਾ) ਹੋਇਆ ਤਾਂ ਫੇਰ ਰੋਗ (ਜਨਮ ਮਰਨ) ਦਾ ਨਾਂ ਹੋਇਆ।

੨. ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ॥ (ਮਾ:ਸੋ:ਮ: ੧.੧੦।

੩. ਭਾਵ ਹਰ ਵਜੂਦ ਵਿਚ ਤੇਰੀ ਜੋਤਿ ਤੇ ਤੇਰੀ ਜੋਤਿ ਵਿਚ (ਸਾਰੇ) ਵਜੂਦ ਹੈਨ। 'ਜਾਤਿ' ਪਦ ਦੀ ਵਿਤਪਤੀ ਤੇ ਅਰਥ ਲਈ ਦੇਖੋ ਸਫਾ ੪੨੧ ਦੀ ਹੇਠਲੀ ਟੂਕ'[2]' ਵਾਲੀ।

ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਮਃ੨॥

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥

ਚੀਜ਼ਾਂ ਹਨ, (ਇਸ ਤਰ੍ਹਾਂ ਤੂੰ) ਕਲਾ ਰੂਪ[੧] (=ਪਰਛਿੰਨ ਹੋ ਕੇ ਸਭਨਾਂ ਵਿਚ) ਭਰਪੂਰ ਹੁੰਦਾ ਹੋਇਆ (ਬੀ ਫੇਰ) ਅਕਲ (ਅਪ੍ਰਛਿੰਨ) ਹੈਂ। (ਤੇਰਾ ਅੰਤ ਨਹੀਂ ਲਖਿਆ ਜਾ ਸਕਦਾ) ਤੂੰ ਸੱਚਾ ਮਾਲਕ ਹੈਂ, (ਤੇਰੀ) ਸਿਫਤ-ਸਲਾਹ (ਸਭ ਤੋਂ ਸੁਹਣੀ ਵਸਤੂ ਹੈ) ਜਿਸ ਨੇ (ਇਹ) ਕੀਤੀ ਉਹ (ਸੰਸਾਰ ਸਮੁੰਦਰ ਤੋਂ) ਪਾਰ ਹੋ ਗਿਆ। ਹੇ ਨਾਨਕ! ਤੂੰ ਕਰਤਾਰ ਦੀਆਂ ਗੱਲਾਂ ਕਹੁ[੨] (ਭਾਵ ਉਸ ਦੀ ਸਿਫਤ ਸਲਾਹ ਕਰ, ਉਸ ਦੇ ਕਰਨਿਆਂ ਦੀ ਪੜਚੋਲ ਵਿਚ ਨਾ ਪਉ) ਜੋ ਕੁਛ (ਉਸ ਨੇ) ਕਰਨਾ ਹੁੰਦਾ ਹੈ ਸੋ (ਉਹ ਆਪ ਹੀ) ਪਿਆ ਕਰਦਾ ਹੈ॥੨॥

ਜੋਗ (ਮਾਰਗ ਵਾਲਿਆਂ ਦਾ) ਧਰਮ[੩] ਗਿਆਨ (ਪ੍ਰਾਪਤੀ) ਦਾ ਧਰਮ ਹੈ, ਬ੍ਰਾਹਮਣਾਂ ਦਾ ਧਰਮ ਹੈ ਵੇਦ (ਦਾ ਅਭਜਾਸ)। ਖੱਤ੍ਰੀਆਂ ਦਾ ਧਰਮ ਹੈ ਸੂਰਮਗਤੀ ਵਾਲਾ ਧਰਮ ਤੇ ਸ਼ੂਦਰਾਂ ਦਾ ਧਰਮ ਹੈ ਪਰਾਈ ਕਿਰਤ ਕਰਨੀ[੪]; ਪਰ ਸਰਬ (ਧਰਮਾਂ) ਦਾ ਧਰਮ ਇਕ 'ਸ਼ਬਦ' (ਨਾਮ) ਹੈ, ਜੇ ਕੋਈ ਇਸ (ਸ਼ਬਦ=ਬ੍ਰਹਮ) ਦਾ ਭੇਦ ਜਾਣਦਾ ਹੋਵੇ, ਨਾਨਕ ਉਸ ਦਾ ਦਾਸ ਹੈ, ਉਹੀ ਮਾਯਾ ਰਹਿਤ ਤੇ ਪ੍ਰਕਾਸ਼ ਸਰੂਪ ਹੈ॥੩॥

---

੧. ਕਲਾ ਸੰਸਕ੍ਰਿਤ ਪਦ ਹੈ ਇਸ ਦਾ ਅਰਥ ਹੈ ਕਿਸੇ ਸ਼ੈ ਦਾ ਕੋਈ ਹਿੱਸਾ ਯਾ ਭਾਗ ਦਾ ਟੁਕੜਾ। ਵਾਹਿਗੁਰੂ ਦੀ ਜੋਤਿ ਹਰ ਉਪਜੀ ਸ਼ੈ ਵਿਚ- ਜੋ ਇਕ ਦੂਜੇ ਤੋਂ ਜੁਦਾ ਹਨ-ਜਦ ਵਜਾਪਕ ਹੋਏਗਾ ਤਾਂ ਜੋਤ ਦੇ ਮਾਨੋ ਹਿੱਸੇ ਹੋ ਹੋ ਕੇ ਇਕ ਇਕ ਵਿਚ ਵਜਾਪਣਗੇ। ਐਉਂ ਉਹ ਪ੍ਰਛਿੰਨ ਅਰਥਾਤ ਹਿੱਸਿਆਂ ਜਾਂ ਟੁਕੜਿਆਂ ਵਾਲਾ ਹੋ ਜਾਏਗਾ, ਪਰ ਉਸ ਦੀ ਅਚਰਜ ਰੂਪਤਾ ਇਹ ਹੈ ਕਿ ਉਹ ਇਉਂ ਹਰ ਹਰ ਵਿਚ 'ਕਲਾ' ਵਿਚ ਵੰਡਿਆ ਜਾ ਕੇ ਭਰਪੂਰ ਹੁੰਦਾ ਹੋਇਆ ਫਿਰ 'ਅਕਲ' ਅਰਥਾਤ-ਟੁਕੜੇ ਰਹਿਤ ਅਪ੍ਰਛਿੰਨ-ਨਿਰ ਅਵਜਵ ਹੈ। ਇਸ ਤੁਕ ਦਾ ਅਰਥ ਗੁਰ ਨਾਨਕ ਦੇਵ ਜੀ ਨੇ ਆਪ ਐਉਂ ਕੀਤਾ ਹੈ:-

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥ ਏਕੁ ਪੁਰਖੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥ (ਸੋਰ:ਮ:੧-੪)। (ਅ) ਅਕਲ=ਸ਼ਕਤੀ ਰਹਿਤ, ਨਿਰਗੁਣ। ਕਲਾ=ਸ਼ਕਤੀ ਸੰਯੁਕਤ, ਸਰਗੁਣ। ਕਲਾ ਦਾ ਅਰਥ ਗੁਣ ਤੇ ਖੇਡ ਆਦਿ ਹੋਰ ਵੀ ਹਨ।

੨. ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥ (ਆਸਾ ਮ:੧-੯)। ਭਾਵ ਸਭ ਤੋਂ ਸ੍ਰੇਸ਼ਟ ਗੱਲਾਂ ਵਾਹਿਗੁਰੂ ਦੀਆਂ ਹਨ।

੩. ਧਰਮ=ਦਾਤਾ ਦੀ ਆਗਯਾ ਤੋਂ ਧਰਮ ਬਿਵਸਥਾ ਬੱਝਦੀ ਹੈ, ਆਗਯਾ ਸ਼ਬਦ ਦੁਆਰਾ ਹੁੰਦੀ ਹੈ, ਸੋ ਏਸ ਲੱਛਣਾ (ਬ੍ਰਿਤੀ) ਕਰਕੇ ਸ਼ਬਦ ਦਾ ਅਰਥ ਧਰਮ ਬੀ ਹੁੰਦਾ ਹੈ। (ਗੁ:ਗ੍ਰੰਥ ਕੋਸ਼)। ਯਥਾ-ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ॥ (ਸੋਰ:ਵਾਰ ਮ:੪-੧)

੪. ਕਈ ਸਿਆਣੇ ਇਸ ਵਿਚ ਵੈਸ਼ ਧਰਮ ਬੀ ਸਮਝਦੇ ਹਨ। ਪਰਾਕ੍ਰਿਤਹ ਨੂੰ ਸ਼ਲੇਖ ਲੋਂਦੇ ਹਨ। ਪਰਾਈ ਕਿਰਤ ਕਰਨੀ ਸ਼ੂਦ੍ਰ ਦਾ ਧਰਮ ਹੈ ਤੇ (ਪਰਾਕ੍ਰਿਤ) ਭਲੀ ਕ੍ਰਿਤ (ਵਪਾਰ, ਖੇਤੀ ਆਦਿ) ਜੋ ਕਰੈ ਸੋ ਵੈਸ਼।

ਮਃ੨॥ ਏਕ ਕ੍ਰਿਸਨੰ ਸਰਬ ਦੇਵਾਦੇਵ ਦੇਵਾਤ ਆਤਮਾ ॥
ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥

ਇਕ ਬ੍ਰਹਮ[1] ਸਾਰੇ (ਦੇਵਾਦੇਵ=) ਦੇਵਤਿਆਂ ਤੇ ਅਦੇਵ[2] ਦਾ ਪ੍ਰਕਾਸ਼ ਸਰੂਪ ਆਤਮਾ[3] ਹੈ। (ਫੇਰ ਉਹੀ) ਆਤਮਾ ਬ੍ਰਹਮ[4] ਦਾ (ਅਪਨਾ ਰੂਪ ਹੈ, ਇਸ) ਭੇਤ ਨੂੰ ਜੇ ਕੋਈ ਜਾਣ ਲਵੇ ਤਾਂ ਉਹੀ ਮਾਯਾ ਰਹਿਤ ਪ੍ਰਕਾਸ਼ ਸਰੂਪ ਹੋ ਜਾਂਦਾ ਹੈ, ਨਾਨਕ ਉਸ ਦਾ ਦਾਸ ਹੈ[5]॥੪॥

ਮਃ੧ ॥
ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

ਘੜੇ ਦਾ ਬੰਨ੍ਹਿਆ ਹੋਇਆ ਪਾਣੀ ਟਿਕਿਆ ਰਹਿੰਦਾ ਹੈ, (ਪਰ) ਘੜਾ ਪਾਣੀ ਤੋਂ ਬਿਨਾਂ ਨਹੀਂ ਬਣਦਾ।

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥

ਗਿਆਨ ਦਾ ਬੱਧਾ ਮਨ ਟਿਕ ਜਾਂਦਾ ਹੈ (ਪਰ ਮਨ ਤੋਂ ਬਿਨਾਂ ਗਜਾਨ ਦੀ ਪ੍ਰਾਪਤੀ ਨਹੀਂ ਹੋ ਸਕਦੀ) (ਫੇਰ) ਗੁਰੂ ਤੋਂ ਬਿਨਾਂ (ਉਹ) ਗਿਆਨ (ਜਿਸ ਨਾਲ ਕਿ ਮਨ ਟਿਕਦਾ ਹੈ) ਪ੍ਰਾਪਤ ਨਹੀਂ ਹੁੰਦਾ (ਪਰ ਬਿਨਾਂ ਗਿਆਨ ਦੇ ਗੁਰੂ ਪ੍ਰਾਪਤ ਨਹੀਂ ਹੁੰਦਾ)॥੫॥

---

੧. ਕ੍ਰਿਸ਼ਨ ਪਦ ਦਾ ਇਕ ਅਰਥ ਬ੍ਰਹਮ ਹੈ ਤੇ ਦੂਜਾ ਗੀਤਾ ਵਾਲੇ ਸ੍ਰੀ ਕ੍ਰਿਸ਼ਨ ਜੀ। ਕ੍ਰਿਸ਼ਨ ਦਾ ਪਦ ਅਰਥ ਜੇ ਗੀਤਾ ਵਾਲੇ ਕ੍ਰਿਸ਼ਨ ਜੀ ਹੋਵੇ ਤਾਂ ਇਹ ਪਦ ਪੁਲਿੰਗ ਹੈ। ਪਰ ਏਥੇ 'ਕ੍ਰਿਸ਼ਨੰ' ਟਿੱਪੀ ਨਾਲ ਹੈ। ਇਹ ਨਿਪੁੰਸਕ ਲਿੰਗ ਵਿਚ ਹੈ। ਬ੍ਰਹਮ ਪਦ ਬੀ ਨਿਪੁੰਸਕ ਹੈ। ਤਾਂਤੇ ਕ੍ਰਿਸ਼ਨ ਪਦ ਦੇ ਦੋ ਅਰਥਾਂ ਵਿਚੋਂ ਏਥੇ 'ਬ੍ਰਹਮ' ਅਰਥ ਲੈਣਾ ਠੀਕ ਹੈ। ਕ੍ਰਿਸ਼ਨ ਪਦ ਦਾ ਬ੍ਰਹਮ ਅਰਥ ਇਸ ਪ੍ਰਮਾਣ ਕਰਕੇ ਬੀ ਹੈ, ਯਥਾ- 'ਕ੍ਰਿਖ਼ਿਰ੍ ਭੂ ਵਾਚਕ: ਸ਼ਬਦ: ਣਸ੍ਚ ਨਿਰਵ੍ਰਿਤੀ ਵਾਚਕ:। ਤਯੋਰੈਕਜੰ ਪਰ ਬ੍ਰਹਮ ਕ੍ਰਿਖ੍ਣ ਇਤਜ ਭਿਧੀਯਤੇ।' (ਸ੍ਰੀ ਧਰ। ਦੇਖੋ ਗੁਰੂ ਗ੍ਰੰਥ ਕੋਸ਼) ਅਰਥਾਤ- ਹੋਣਾ ਔਰ ਨਵਿਰਤੀ, ਇਨ੍ਹਾਂ ਦੀ ਜੋ ਏਕਤਾ ਹੈ, ਉਸ ਪਰੰਬ੍ਰਹਮ ਦਾ ਵਾਚਕ ਕ੍ਰਿਸ਼ਨ ਪਦ ਹੈ। ਭਾਵ ਪਾਰ ਬ੍ਰਹਮ ਦਾ ਨਾਮ ਕ੍ਰਿਸ਼ਨ ਹੈ।

੨. ਦੇਵ+ਅਦੇਵ=ਦੇਵਾਦੇਵ।

੩. ਦੇਵਾਤ ਆਤਮਾ=ਦੇਵਾਤਮਨ=ਪ੍ਰਕਾਸ਼ ਸਰੂਪ ਆਤਮਾ।

੪. ਵਾਸੁਦੇਵ=ਇਕ ਅਰਥ ਹੈ ਵਸੁਦੇਵ ਦਾ ਪੁਤ੍ਰ-ਕ੍ਰਿਸ਼ਨ। ਦੂਸਰਾ ਅਰਥ ਹੈ ਸਰਬ ਵਜਾਪਕ ਬ੍ਰਹਮ। (ਵਸ੍=ਨਿਵਾਸੇ ਧਾਤੂ ਹੈ)। ਗੁਰੂ ਜੀ ਨੇ ਲਿਖਿਆ ਹੈ, 'ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥' (ਗਉ:ਬਾ:ਅਖ:-੪੬) ਵਿਸ਼ਨੂੰ ਪੁਰਾਣ ਵਿਚ ਬੀ ਇਹੋ ਅਰਥ ਕੀਤੇ ਹਨ। ਯਥਾ:- सर्वत्रासौ समस्तं च वसत्यत्रेति वैयत:।। ततः स वास देवेति विद्वाद्भिः परि पठस्ते।। (ਵਿਸ਼ਨੂੰ ਪੁਰਾਣ ਅਸ਼:੧:ਅ:੨, ਅੰਕ੧੨)

ਅਰਥਾਤ-ਉਹ ਸਰਵਤ੍ਰ ਹੈ ਅਤੇ ਉਸ ਵਿਚ ਸਮਸਤ ਵਿਸ਼ੁ ਵਸਿਆ ਹੋਇਆ ਹੈ, ਇਸ ਵਾਸਤੇ ਵਿਦਵਾਨ ਉਸ ਨੂੰ ਵਾਸੁਦੇਵ ਕਹਿੰਦੇ ਹਨ।

੫. (ਅ) ਸਰਬ ਦੇਵਾਂ ਦਾ ਦੇਵ ਇਕ ਕ੍ਰਿਸ਼ਨ (=ਬ੍ਰਹਮ) ਹੈ, ਫਿਰ (ਉਹੀ) ਦੇਵਤਿਆਂ ਦਾ ਆਤਮਾ ਹੈ, (ਉਹੀ) ਆਤਮਾ (ਫਿਰ) ਪਰਮਾਤਮਾ ਦਾ (ਅਪਨਾ ਆਪ ਹੈ) ਆਦਿ। (ੲ) ਇਕ ਹੈ ਬ੍ਰਹਮ, ਜੋ ਦੇਵਤਿਆਂ, ਅਦੇਵਾਂ, (ਦੇਵਾਤ) ਤੇਜੱਸ੍ਵੀਆਂ, ਸਭ ਦੀ ਆਤਮਾ ਹੈ, ਆਤਮਾ (ਫਿਰ) ਬ੍ਰਹਮ ਹੈ। ਇਸੀ ਤਰ੍ਹਾਂ ਤ੍ਰੈ ਭਿੰਨਤਾ ਵਾਲੇ ਅਰਥ ਬੀ ਗਜਾਨੀ ਕਰਦੇ ਹਨ, ਪਰ ਭਾਵ ਇਕੋ ਹੈ ਜੋ ਗੁਰਬਾਣੀ ਦੀ ਇਸ ਤੁਕ ਵਿਚ ਹੈ- 'ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥' (ਭੈਰਉ :ਮ:੧:ਅਸ਼ਟ-੧)

ਭਾਵ- ਇਸ ਦੋ ਸਤਰੇ ਸ਼ਲੋਕ ਵਿਚ ਭਾਵ ਬਹੁਤ ਵੱਡਾ ਸਾਰਾ ਹੈ। ਵਿਚ ਲੁਪਤੀਆਂ ਹਨ, ਜਿਨ੍ਹਾਂ ਦਾ ਅਧਜਾਹਾਰ ਵਿਚੋਂ ਹੀ ਕਿਆਸ ਹੋ ਜਾਂਦਾ ਹੈ, ਉਹਨਾਂ ਦਾ ਅਧਜਾਹਾਰ ਕਰਨੇ ਨਾਲ ਅਰਥ ਭਾਵ ਖੁੱਲ੍ਹ ਆਉਂਦਾ ਹੈ। (ਦ੍ਰਿਸ਼ਟਾਂਤ)- ਜਿਵੇਂ ਪਾਣੀ ਨੂੰ ਟਿਕਾ ਕੇ ਰੱਖਣ ਵਾਲਾ ਘੜਾ ਹੈ ਪਰ ਘੜੇ ਦੀ ਬਣਤਰ ਵਿਚ ਪਾਣੀ ਦਾ ਹਿੱਸਾ ਹੈ। (ਦ੍ਰਿਸ਼ਟਾਂਤ)- ਤਿਵੇਂ ਮਨ ਨੂੰ ਟਿਕਾਉਣ ਵਾਲੀ ਵਸਤੂ ਗਿਆਨ ਹੈ, ਪਰ ਮਨ ਹੀ ਗਜਾਨੇਂਦ੍ਰਯ ਹੈ (ਮਨ੍=ਗਜਾਨੇ)। ਹੋਰ ਇੰਦ੍ਰੇ ਗਜਾਨ ਦੇ ਇੰਦ੍ਰੇ ਨਹੀਂ ਹਨ। ਫੇਰ ਮਨ ਚਾਹੇ ਗਜਾਨੇਂਦ੍ਰਯ ਹੈ; ਪਰ ਇਸ ਨੂੰ ਟਿਕਾਉ ਦੇਣ ਵਾਲਾ ਗਿਆਨ ਗੁਰੂ ਤੋਂ ਮਿਲਦਾ ਹੈ, ਪਰ ਜੇ ਮਨ ਵਿਚ 'ਗੁਰੂ ਸਿਆਣ' ਮਾਤ੍ਰ ਦਾ ਪਹਿਲੋਂ ਗ਼ਜਾਨ ਨਾ ਹੋਵੇ ਤਾਂ ਮਨ ਗੁਰੂ ਗਜਾਨ ਨੂੰ ਸ੍ਵੀਕਾਰ ਕਿਵੇਂ ਕਰੇ।

ਪਉੜੀ॥

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥

ਮੁਹਿ ਚਲੈ ਸੁ ਅਗੈ ਮਾਰੀਐ ॥੧੨॥

(ਜੇ ਇਕ) ਪੜ੍ਹਿਆ ਹੋਇਆ (ਆਦਮੀ) ਪਾਪੀ ਹੋਵੇ (ਤੇ ਇਕ) ਅਨਪੜ੍ਹ[1] (ਹੋਵੇ, ਪਰ ਹੋਵੇ) ਸਾਧੂ (ਭਲਾ, ਨਿਸ਼ਪਾਪ ਤਾਂ ਉਸ ਅਨਪੜ੍ਹ ਨੂੰ ਇਸ ਕਰਕੇ ਤਾਂ ਦਰਗਾਹੇ) ਮਾਰ ਨਹੀਂ ਪੈਣੀ (ਕਿ ਉਹ ਅਨਪੜ੍ਹ ਹੈ ਤੇ ਪੜ੍ਹਿਆ ਹੋਇਆ ਛੱਡਿਆ ਨਹੀਂ ਜਾਣਾ ਕਿ ਉਹ ਪੜ੍ਹਿਆ ਹੋਇਆ ਹੈ। ਪ੍ਰਤੱਖ ਦੇਖ ਲਓ ਕਿ) ਜੇਹੇ ਜੇਹੇ ਕੋਈ ਕਰਮ ਕਰਦਾ ਹੈ[2] (ਏਥੇ ਹੀ) ਓਹੋ ਜੇਹਾ (ਉਸ ਦਾ) ਨਾਂ ਪ੍ਰਸਿੱਧ ਹੋ ਜਾਂਦਾ ਹੈ (ਭਾਵ ਪੜ੍ਹਿਆ ਅਨਪੜ੍ਹਿਆ ਕਰਤੂਤਾਂ ਮੂਜਬ ਚੰਗਾ ਮੰਦਾ ਸਦਾਉਂਦਾ ਹੈ। ਇਸ ਲਈ ਇਸ ਜਗਤ ਵਿਚ ਜੀਉਂਦਿਆਂ) ਐਸੀ ਖੇਡ ਨਹੀਂ ਖੇਡਣੀ ਚਾਹੀਦੀ[3] ਕਿ ਜਿਸ ਨਾਲ ਦਰਗਾਹੇ ਜਾ ਕੇ ਹਾਰ ਜਾਈਏ। ਅੱਗੇ ਤਾਂ ਪੜ੍ਹਿਆਂ ਤੇ ਅਨਪੜ੍ਹਿਆਂ ਦੀ ਵੀਚਾਰ (ਕਰਮਾਂ ਅਨੁਸਾਰ) ਵੀਚਾਰੀ ਜਾਵੇਗੀ। (ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥) ਜੋ ਮੂੰਹ ਜ਼ੋਰ[4] ਹੋ ਕੇ (ਏਥੇ) ਚੱਲਦਾ ਹੈ ਉਹ ਅੱਗੇ ਜਾ ਕੇ ਮਾਰੀਦਾ ਹੈ॥੧੨॥

ਸਲੋਕੁ ਮਃ ੧ ॥
ਨਾਨਕ ਮੇਰੁ ਸਰੀਰ ਕਾ ਇਕੁ ਰਥੁ

ਹੇ ਨਾਨਕ! ਇਕ ਹੈ ਜੀਵ[5] ਤੇ ਇਕ ਹੈ ਉਸ ਦਾ ਸਰੀਰ[6] ਤੇ ਇਕ ਜੀਵ ਹੈ ਜੀਵ ਦੇ ਅੰਦਰ ਫੁਰਨਿਆਂ ਦੀ

---

੧. ਅਰਬੀ, ਉਮੀ=ਅਨਪੜ੍ਹ। ਲੁਗਾਤਾਂ ਵਿਚ ਲਿਖਿਆ ਹੈ ਕਿ 'ਉਮ' ਨਾਮ ਹੈ 'ਮਾਂ' ਦਾ। ਜਿਸ ਬੱਚੇ ਦਾ ਪਿਤਾ ਛੋਟੀ ਉਮਰੇ ਗੁਜਰ ਜਾਵੇ ਤੇ ਮਾਂ ਕੋਲ ਹੀ ਪਲੇ ਤੇ ਪੜ੍ਹਨੋਂ ਲਿਖਣੋਂ ਰਹਿ ਜਾਵੇ ਉਸ ਨੂੰ ਉੱਮੀ ਕਹਿੰਦੇ ਹਨ। ਆਮ ਅਰਥ ਹਨ-ਅਨਪੜ੍ਹ।

੨. ਘਾਲੇ ਘਾਲਣਾ, ਘਾਲ ਘਾਲੇ, ਮਿਹਨਤ ਕਰੇ, ਕੰਮ ਕਰੇ, ਅਮਲ ਕਰੇ।

੩. ਕਲਾ ਖੇਡੀਐ ਦਾ ਭਾਵ ਹੈ ਕਰਮ ਕਰੀਏ-ਖੇਡ ਖੇਡੀਏ। ਪਰ ਕਲਾ ਖੇਡੀਐ ਵਿਚ ਧੁਨੀ ਹੈ, ਕਲਾ ਨਾਲ ਕੀਤੇ ਕੰਮ, ਚਲਾਕੀਆਂ ਤੇ ਹੁਸ਼ਿਆਰੀਆਂ ਨਾਲ ਕੀਤੇ ਕੰਮ ਤੇ ਉਹਨਾਂ ਨੂੰ ਕਰਕੇ ਖੇਡ ਤਮਾਸ਼ੇ ਵਾਂਙੂ ਕਰਨ ਵਾਲਾ ਖੁਸ਼ ਹੁੰਦਾ ਹੈ ਕਿ ਚਲਾਕੀ ਸਿਰੇ ਚੜ੍ਹੀ।

੪. ਮੁਹਿ ਚਲੈ=ਜੋ ਮੁਤਾਣਾ, ਮੂੰਹ ਜ਼ੋਰ ਹੋ ਕੇ ਟੁਰੇ।

੫. ਮੇਰੁ ਸਰੀਰ ਕਾ=ਸਰੀਰ ਕਾ ਮੇਰ, ਸਰੀਰ ਦਾ ਸ਼ਿਰੋਮਣੀ, ਭਾਵ ਜੀਵ।

੬. ਰਥ=ਬਹਿਲ ਵਰਗੀ ਪਰ ਉਸ ਤੋਂ ਸੁਹਣੀ ਇਕ ਸਵਾਰੀ ਦੀ ਗੱਡੀ, ਭਾਵ ਸਰੀਰ।


www.sikhbookclub.com

ਇਕੁ ਰਥਵਾਹੁ ॥

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥

ਰੀਂਢ[1]। (ਇਹ ਫੁਰਨਿਆਂ ਦੀ ਰੀਂਢ ਬਾਹਰੋਂ ਰੂਪ ਆਦਰਸ਼ ਦਾ ਧਾਰਨ ਕਰਦੀ ਹੈ, ਪਰ ਅੰਦਰੋਂ ਵਾਸ਼ਨਾ ਮੂਲਕ ਹੀ ਹੁੰਦੀ ਹੈ। ਜੀਵ ਰਥ ਉਤੇ ਬੈਠਾ ਚੱਲ ਰਿਹਾ ਹੈ, ਪਰ ਜਿਸ ਥਾਂ ਤੇ ਜੀਵ ਨੇ ਪਹੁੰਚਣਾ ਹੈ ਉਥੇ ਪਹੁੰਚਦਾ ਨਹੀਂ। ਰਥ ਟੁੱਟਣ ਨਾਲ ਵੀ ਇਹ ਪੈਂਡਾ ਖਤਮ ਨਹੀਂ ਹੁੰਦਾ, ਜਦ ਇਕ ਰਥ ਟੁੱਟਦਾ ਹੈ ਤਾਂ ਦੂਜਾ ਵਟਾ ਲੈਂਦਾ ਹੈ, ਇਹ) ਵਟਾਉ ਜੁਗ ਜੁਗ ਚੱਲ ਰਿਹਾ ਹੈ, ਏਸ ਗੱਲ ਨੂੰ ਕੇਵਲ ਗਜਾਨੀ ਬੁੱਝਦਾ ਹੈ। ਸਤਿਜੁਗ ਵਿਚ (ਜੀਵਾਤਮਾ ਦਾ ਸਰੀਰ ਰੂਪੀ) ਰਥ ਸੰਤੋਖ ਦਾ ਸੀ (ਤੇ ਸਰੀਰ ਦੇ ਅੰਦਰ) ਧਰਮ (ਦੀ ਪ੍ਰੇਰਣਾ) ਰਥਵਾਹੀ (ਵਾਂਙੂ) ਆਗੂ (ਹੋ ਕੇ ਇਸਨੂੰ ਟੋਰਦੀ ਸੀ)[2]। ਤ੍ਰੇਤੇ (ਜੁਗ) ਵਿਚ (ਸਰੀਰ ਰੂਪੀ) ਰਥ ਜਤ ਦਾ (ਤੇ ਸਰੀਰ ਦੇ ਅੰਦਰ) 'ਜ਼ੋਰ' (ਦੀ ਪ੍ਰੇਰਣਾ) ਅੱਗੇ ਰਥਵਾਹੀ ਹੋ ਗਈ। ਦੁਆਪਰ (ਜੁਗ) ਵਿਚ (ਸਰੀਰ ਰੂਪੀ) ਰਥ ਤਪ ਦਾ ਹੋ ਗਿਆ ਤੇ (ਸਰੀਰ ਦੇ ਅੰਦਰ) ਸਤ (ਦੀ ਪ੍ਰੇਰਣਾ) ਅੱਗੇ ਰਥਵਾਹੀ ਹੋ ਗਈ। ਕਲਿਜੁਗ ਵਿਚ (ਸਰੀਰ ਰੂਪੀ) ਰਥ ਅਗ (ਤ੍ਰਿਸ਼ਨਾ) ਦਾ ਹੋ ਗਿਆ ਤੇ (ਸਰੀਰ ਦੇ ਅੰਦਰ) ਝੂਠ (ਦੀ ਪ੍ਰੇਰਣਾ) ਅਗੇ ਰਥਵਾਹੀ ਹੋ ਗਈ॥੧॥

ਭਾਵ- ਮਨੁੱਖ ਦੀ ਜ਼ਿੰਦਗੀ ਨੂੰ ਰਥ-ਯਾਤ੍ਰਾ ਦੇ ਰੂਪਕ ਵਿਚ ਵਰਣਨ ਕੀਤਾ ਹੈ। ਸਰੀਰ ਨੂੰ ਰਥ ਕਿਹਾ ਹੈ, ਅੰਤਹਕਰਣ ਵਿਚ ਜੋ ਵਾਸ਼ਨਾ ਵਸਦੀਆਂ ਹਨ, ਉਨ੍ਹਾਂ ਦੀ ਰੀਂਢ ਨੂੰ ਰਥਵਾਹੀ ਗਿਣਿਆ ਹੈ, ਜੀਵਾਤਮਾ ਯਾਤਰੂ ਹੈ ਜੋ ਰੂਹਾਨੀ ਉੱਨਤੀ ਦੀ ਯਾਤ੍ਰਾ ਕਰ ਰਿਹਾ ਹੈ। ਜਿਸ ਤਰ੍ਹਾਂ ਯਾਤ੍ਰਾ ਦੀ ਸਫਲ ਪੂਰਣਤਾ ਰਥ ਅਤੇ ਰਥਵਾਹੀ ਦੇ ਉਪਰ ਨਿਰਭਰ ਹੁੰਦੀ ਹੈ, ਏਸ ਤਰ੍ਹਾਂ ਆਤਮਕ ਉੱਨਤੀ ਲਈ ਸਰੀਰਕ ਕ੍ਰਮ ਸ਼ੁੱਧ ਹੋਣੇ ਅਤੇ ਅੰਤਹਕਰਣ ਵਿਚ ਵਸਣ ਵਾਲੀਆਂ ਵਾਸ਼ਨਾ (ਜੋ ਕਰਮਾਂ ਦੀਆਂ ਪ੍ਰੇਰਕ ਹਨ) ਦਾ ਨਵਿਰਤ ਹੋਣਾ ਜ਼ਰੂਰੀ ਹੈ। ਅੱਜ ਕੱਲ ਦੇ ਜ਼ਮਾਨੇ ਵਿਚ ਜ਼ਾਹਿਰਾ ਤੌਰ ਤੇ ਪਿਛਲੇ ਜੁਗਾਂ ਦੇ ਮੁਕਾਬਲੇ ਤੇ ਆਤਮਕ ਜੀਵਨ ਬਸਰ ਕਰਨਾ ਜ਼ਜਾਦਾ ਮੁਸ਼ਕਲ ਹੈ, ਪਰ ਮੁਕਤੀ ਦੇ ਖਿਆਲ ਤੋਂ ਇਹ ਗੱਲ ਗ਼ਲਤ ਹੈ। ਚਾਰ ਜੁਗਾਂ ਦੀ ਧਾਰਮਕ ਅਵਸਥਾ ਵਿਚ ਭੇਦ ਹੁੰਦਿਆਂ ਹੋਇਆਂ ਵੀ ਮੋਖ ਪ੍ਰਾਪਤੀ ਦੇ ਅਵਸਰ ਮਨੁੱਖ ਲਈ ਇਕੋ ਜੇਹੇ ਹਨ। ਸਤਿਜੁਗ ਵਿਚ ਰਥ ਰੂਪੀ ਸਰੀਰ ਸੰਤੋਖ ਦਾ ਸੀ[2]। ਸਰੀਰ ਦੇ ਇੰਦ੍ਰੇ ਵਿਸ਼ਿਆਂ ਪਿਛੇ ਚੰਚਲ ਨਹੀਂ ਸਨ ਪਰੰਤੂ ਸੰਤੋਖ ਦੀ ਧਾਰਨਾ ਵਿਚ ਹੀ ਸੰਤੁਸ਼ਟ ਸਨ। 'ਅੰਦਰ ਦੇ ਖਿਆਲਾਂ ਦੀ ਰੀਂਢ' ਧਰਮ ਦੇ ਭਾਵ ਦੀ ਪਰਪੱਕਤਾ ਵਾਲੀ ਸੀ, ਜੋ ਸਰੀਰ ਨੂੰ ਕਰਮ ਛੇੜ੍

੧. ਰਥਵਾਹ=ਰਥ ਨੂੰ ਚਲਾਉਣ ਵਾਲਾ, ਸਾਰਥੀ। ਭਾਵ-ਜੀਵ ਦੇ ਅੰਦਰ ਵਿਚਰਨ ਵਾਲੇ ਉਹਨਾਂ ਖਿਆਲਾਂ (ਫੁਰਨਿਆਂ) ਦੀ ਰੀਂਢ ਜੋ ਇਸ ਨੂੰ ਬਾਹਰੋਂ ਤਾਂ ਆਦਰਸ਼ ਦਾ ਰੂਪ ਧਾਰ ਕੇ ਕਰਮਾਂ ਵਲ ਪ੍ਰੇਰਦੀ ਹੈ, ਪਰ ਅੰਦਰੋਂ ਵਾਸ਼ਨਾ ਮੂਲਕ ਹੋਣ ਕਰਕੇ ਵਧੇਰੇ ਪੱਕੀ ਹੁੰਦੀ ਰਹਿੰਦੀ ਹੈ ਤੇ ਨਿਵਿਰਤ ਨਹੀਂ ਹੁੰਦੀ।

੨. ਸਤਜੁਗਿ ਸਤੁ ਸੰਤੋਖੁ ਸਰੀਰਾ॥ (ਮਾਰੂ ਸੋਲ: ਮ:੧-੪)।

ਵਿਚ ਚਲਾਉਣ ਵਿਚ ਰਥਵਾਹੀ ਦਾ ਕੰਮ ਦੇਂਦੀ ਸੀ। ਜਿਤਨੀ ਕ੍ਰਿਯਾ ਸਰੀਰ ਤੋਂ ਹੁੰਦੀ ਸੀ ਉਸ ਦਾ ਕਾਰਣ ਵਿਸ਼ਿਆਂ ਦੀ ਖਿੱਚ ਨਹੀਂ ਸੀ ਸਗੋਂ ਅੰਦਰੋਂ ਧਰਮ ਦੀ ਪ੍ਰੇਰਨਾ ਕੰਮ ਕਰਾਉਂਦੀ ਸੀ। ਨਤੀਜਾ ਇਹ ਸੀ ਕਿ ਏਸ ਜੁਗ ਵਿਚ ਲੋਕਾਂ ਦੀ ਰਹਿਣੀ ਬਹਿਣੀ ਵਰਤੋਂ ਵਿਹਾਰ ਵਿਚ ਸੱਚ ਦਾ ਵਰਤਾਰਾ ਸੀ[੧]। ਜ਼ਮਾਨੇ ਦਾ ਐਸਾ ਸੁੱਚਾ ਵਿਹਾਰ ਹੁੰਦੇ ਹੋਇਆਂ ਵੀ ਇਹ ਜ਼ਰੂਰੀ ਨਹੀਂ ਸੀ ਕਿ ਹਰ ਇਕ ਵਜਕਤੀ ਮੁਕਤੀ ਨੂੰ ਪ੍ਰਾਪਤ ਹੁੰਦਾ ਸੀ। ਮਨੁੱਖਾਂ ਨੂੰ ਮੁੜ ਮੁੜ ਜਨਮ ਧਾਰਨ ਕਰਨੇ ਪੈਂਦੇ ਸਨ[੨]। ਇਸ ਦਾ ਕਾਰਣ ਉਹ ਸੂਖਮ ਵਾਸ਼ਨਾ ਹੁੰਦੀਆਂ ਮਨ ਜੋ ਵਿਸ਼ਿਆਂ ਤੋਂ ਅਸੰਗ ਹੋ ਕੇ ਵੀ ਨਹੀਂ ਮਰਦੀਆਂ ਤੇ ਜੋ ਸਥੂਲ ਭਰਮਾਂ ਦੇ ਆਧਾਰ ਬਣਦੀਆਂ ਸਨ, ਜਿਨ੍ਹਾਂ ਦਾ ਨਤੀਜਾ ਇਹ ਹੁੰਦਾ ਸੀ ਕਿ ਮਨੁੱਖ ਨੂੰ ਇਤਨੀ ਵੇਰ ਜਨਮ ਭੁਗਤਣੇ ਪੈਂਦੇ ਸਨ ਕਿ ਸਤਿਜੁਗ ਬੀਤ ਕੇ ਤ੍ਰੇਤਾ ਆ ਜਾਂਦਾ ਸੀ[੩]।

ਸਤਿਜੁਗ ਜ਼ਦ ਖਤਮ ਹੋਇਆ ਅਤੇ ਤ੍ਰੇਤਾ ਸ਼ੁਰੂ ਹੋਇਆ ਤਾਂ ਮਨੁੱਖ ਦੇ ਜੀਵਨ ਵਿਚ ਵੀ ਫਰਕ ਆ ਗਿਆ। ਸਤਿਜੁਗ ਵਿਚ ਤਾਂ ਰਥਵਾਹੀ ਧਰਮ ਸੀ ਪਰ ਤ੍ਰੇਤੇ ਵਿਚ ਇਹ ਗੱਲ ਨਾ ਰਹੀ[੪]। ਧਰਮ ਦੀ ਥਾਂ ਰਥਵਾਹੀ 'ਜੋਰ' ਹੋ ਗਿਆ। ਅਗੇ ਜੋ ਸਰੀਰਕ ਕੰਮ ਹੁੰਦੇ ਸਨ, ਉਹਨਾਂ ਦੀ ਪ੍ਰੇਰਕ ਉਹ ਵਾਸ਼ਨਾ ਹੁੰਦੀ ਸੀ, ਜਿਸ ਦਾ ਆਦਰਸ਼ ਧਰਮ ਕਰਮ ਸੀ ਪਰ ਤ੍ਰੇਤੇ ਵਿਚ ਆਦਰਸ਼ 'ਜੋਰ' ਹੋ ਗਿਆ[੫] ਤੇ ਮਨੁੱਖ ਦੇ ਸਾਰੇ ਕਰਤੱਵ ਸੂਰਮਗਤੀ ਦਾ ਨਿਸ਼ਾਨਾ ਸਾਹਮਣੇ ਰੱਖ ਕੇ ਹੋਣ ਲੱਗ ਪਏ, ਏਸ ਕਰਕੇ ਸਰੀਰ 'ਜਤ' ਦਾ ਹੋ ਗਿਆ। ਬਹਾਦਰੀ ਦੇ ਕਰਤੱਵਾਂ ਲਈ ਇੰਦ੍ਰਿਆਂ ਵਿਚ ਜਤ ਦਾ ਸੰਜਮ ਵਰਤੀਣ ਲੱਗਾ। ਪਰ ਇਹ ਮੁਕਤੀ ਦੇ ਸਾਧਨ ਨਹੀਂ ਸਨ। ਤ੍ਰੇਤੇ ਦੇ ਕਰਮਾਂ ਵਿਚ ਬੱਧੇ ਮਨੁੱਖ ਨੂੰ ਇਤਨੀ ਵੇਰ ਜਨਮ ਧਾਰਨ ਕਰਨਾ ਪਿਆ ਕਿ ਤ੍ਰੇਤਾ ਬੀਤ ਕੇ ਅਗਲਾ ਜੁਗ ਦੁਆਪੁਰ ਆ ਗਿਆ[੬]। ਤ੍ਰੇਤੇ ਜੁਗ ਦੇ ਬਾਅਦ ਪ੍ਰੇਰਕ ਨਿਸ਼ਾਨਾ ਬਿਲਕੁਲ ਬਦਲ ਗਿਆ। ਸਤਿਜੁਗ ਦਾ ਨਿਸ਼ਾਨਾ ਧਰਮ ਸੀ, ਤ੍ਰੇਤੇ ਦਾ ਸੂਰਮਗਤੀ ਪਰ ਦੁਆਪੁਰ ਵਿਚ ਜੋ ਨਿਸ਼ਾਨਾ ਮਨੁੱਖ ਦੇ ਕਰਤਵਾਂ ਨੂੰ ਪ੍ਰੇਰਨ ਲੱਗਾ ਉਹ 'ਸਾਕਾਮ ਸਿੱਧੀ' ਦਾ ਆਦਰਸ਼ ਸੀ। ਏਸ ਜੁਗ ਵਿਚ ਮਨੁੱਖ ਨੇ ਜੋ ਸੱਤ ਬ੍ਰਤ ਧਾਰਿਆ ਉਹ ਕੇਵਲ ਆਪਣੀਆਂ ਕਾਮਨਾ ਨੂੰ ਪੂਰਣ ਕਰਨ ਲਈ ਸੀ। ਜੋ ਯੱਗ ਹਵਨ ਕੀਤੇ ਉਹ ਨਤੀਜੇ ਵਿਚ ਨਿਰੀ ਦਇਆ ਰਹਿਤ ਜੀਵ ਹੱਤਿਆ ਹੋਈ[੭]। ਜੋ ਦਾਨ ਪੁੰਨ ਕੀਤੇ ਉਹ ਵਧੇਰੇ ਮਿਲਣ ਦੀ ਲੋਭ ਮਈ ਆਸਾ ਧਾਰ ਕੇ ਕੀਤੇ[੮] ਹੋਰ ਜੋ ਵੀ ਜ਼ਾਹਿਰਾ ਧਰਮ ਦੇ ਕੰਮ ਕੀਤੇ ਉਹ ਕਿਸੇ ਆਪਣੇ ਮਤਲਬ ਪਰਥਾਇ ਕੀਤੇ[੯] ਇਸ ਤੋਂ ਸਿਵਾ ਜੋ ਹੋਰ ਜਪ, ਤਪ, ਹਠ ਨਿਗ੍ਰਹ ਹੋਏ ਉਹ ਸੁਰਗ ਦੇ ਸੁਖ ਭੋਗਣ ਦੀ ਸਾਕਾਮਤਾ ਨੂੰ ਮੁੱਖ ਰੱਖਕੇ ਹੋਏ। ਦੁਆਪਰ ਵਿਚ ਏਸ ਕਰਕੇ ਪ੍ਰੇਰਨਾ 'ਸਾਕਾਮ ਸੱਤ ਬ੍ਰਤ' ਦੀ ਸੀ ਤੇ ਸਰੀਰ ਉਸ ਦੇ ਮੁਤਾਬਿਕ ਤਤਿਖਜਾ ਵਾਲੇ ਅਤੇ ਤਾਪਸੀਆਂ ਵਾਲੇ ਹੋ ਗਏ। ਸਰੀਰ ਦੀ ਤਪੱਸਿਆ ਚਾਹ ਕਸ਼ਟ ਵਾਲੀ ਸੀ ਪਰ ਮਨੋਰਥ 'ਸਾਕਾਮ ਸਿੱਧੀ' ਦਾ ਹੋਣ ਕਰਕੇ 'ਹਰਿ ਮਿਲਣ' ਨੁਕਤੇ ਤੋਂ ਇਕ

---

੧. ਸਤਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥ (ਮਾਰੂ ਸੋਲ:ਮ:੧-੪)

੨. ਜੁਗ ਜੁਗਿ ਮੇਰੁ ਸਰੀਰ ਕਾ ਵਾਸਨਾ ਬਧਾ ਆਵੈ ਜਾਵੈ॥ ਫਿਰ ਫਿਰ ਫੇਰ ਵਟਾਈਐ ਗਿਆਨੀ ਹੋਇ ਮਰਮ ਕਉ ਪਾਵੈ॥ (ਭਾ: ਗੁਰਦਾਸ ਵਾਰ ੧-੧੫

੩. ਸਤਿਜੁਗਿ ਦੂਜਾ ਭਰਮੁ ਕਰ ਤ੍ਰੇਤੇ ਵਿਚ ਜੋਨੀ ਫਿਰਿ ਆਵੈ। (ਭਾਈ ਗੁਰਦਾਸ ਵਾਰ ੧-੧੫)

੪. ਤ੍ਰੇਤੈ ਧਰਮ ਕਲਾ ਇਕ ਚੂਕੀ (ਮਾਰੂ ਸੋਲ:ਮ:੧-੪)
ਪੁਨਾ: ਤ੍ਰੇਤੈ ਇਕ ਕਲ ਕੀਨੀ ਦੂਰਿ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥ (ਰਾਮ:ਮ:੩)

੫. ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥ (ਆਸਾ ਮ:੪)

੬. ਤ੍ਰੇਤੇ ਕਰਮਾ ਬਾਧਤੇ ਦੁਆਪੁਰਿ ਫਿਰਿ ਅਵਤਾਰ ਕਰਾਵੈ॥ (ਭਾ:ਗੁਰਦਾਸ ਵਾਰ ੧-੧੫)

੭. ਦਇਆ ਦੁਆਪੁਰਿ ਅਧੀ ਹੋਈ॥ (ਮਾਰੂ ਸੋਲ:ਮ:੧-੪)।

੮. ਆਸਾ ਬੰਧੇ ਦਾਨੁ ਕਰਾਏ॥ (ਮਾਰੂ ਸੋਲ:ਮ:੧-੪)।

੯. ਰਾਜੇ ਧਰਮੁ ਕਰਹਿ ਪਰਥਾਇ॥ (ਮਾਰੂ ਸੋਲ:ਮ:੧-੪)।

ਭਰਮ ਦਾ ਜਾਲ ਹੀ ਸੀ[੧]। ਕਲਿਜੁਗ ਵਿਚ ਤਬਦੀਲੀ ਹੋਰ ਵਧੇਰੇ ਹੋ ਗਈ, ਦੁਆਪੁਰ ਦੇ ਹੋਰ ਲੁਕੇ ਛਿਪੇ ਪਾਖੰਡ ਹਟ ਕੇ ਖੁੱਲ੍ਹਮ ਖੁੱਲ੍ਹਾ ਕੂੜ ਪ੍ਰਧਾਨ ਹੋ ਗਿਆ। ਮਨੁੱਖ ਦੇ ਸਰੀਰਕ ਕਰਤੱਵ ਤ੍ਰਿਸ਼ਨਾ ਦੀ ਅੱਗ ਨਾਲ ਭੜਕ ਉਠੇ। ਜੋ ਕੰਮ ਵੀ ਮਨੁੱਖ ਨੇ ਕੀਤਾ ਕੂੜ ਦੀ ਪ੍ਰੇਰਨਾ ਕਰਕੇ ਕੀਤਾ, ਇਸ ਕਰਕੇ ਸਰੀਰ ਦੀ ਸਾਰੀ ਕ੍ਰਿਆ ਮੋਹ ਮਾਇਆ ਦੀ ਤਪਸ਼ ਵਾਲੀ ਹੋ ਗਈ[੨]। ਜਦ ਪਹਿਲੇ ਤਿੰਨਾਂ ਜੁਗਾਂ ਵਿਚ ਮਨੁੱਖ ਮੁਕਤੀ ਦੇ ਨਿਸ਼ਾਨੇ ਤੋਂ ਉਟਕ ਗਿਆ ਤਾਂ ਕਲਿਜੁਗ ਵਿਚ ਇਸ ਦਾ ਜਨਮ ਮਰਨ ਦਾ ਸੰਸਾ ਕੱਟਿਆ ਜਾਣਾ ਹੋਰ ਵੀ ਕਠਨ ਹੋ ਗਿਆ[੩]।

ਇਨ੍ਹਾਂ ਜੁਗਾਂ ਦੇ ਕਥਨ ਵਿਚ ਸਿੱਧਾਂਤਕ ਗੱਲ ਇਹ ਹੈ ਕਿ ਪਾਰ ਉਤਾਰੇ ਲਈ ਸਭ ਤੋਂ ਉੱਤਮ ਚੀਜ਼ ਨਾਮ ਹੈ। ਚਾਰੇ ਜੁਗਾਂ ਵਿਚ ਏਹ ਮੁਕਤੀ ਦਾਤਾ ਸਾਧਨ ਹੈ। ਕਲਿਜੁਗ ਵਿਚ ਵੀ ਏਸੇ ਹੀ ਦਵਾਰਾ ਮੋਖ ਪ੍ਰਾਪਤ ਹੁੰਦੀ ਹੈ[੪] ਕਿਉਂਕਿ ਨਾਮ ਸਿਮਰਨ ਨਾਲ ਉਹਨਾਂ ਸੂਖਮ ਵਾਸ਼ਨਾਵਾਂ ਦੀ ਨਿਵਿਰਤੀ ਹੋ ਜਾਂਦੀ ਹੈ ਜੋ ਜੁਗਾਂ ਤੇ ਜੁਗਾਂਤਰਾਂ ਵਿਚ ਜੀਵਾਤਮਾਂ ਨੂੰ ਜਨਮਾਂ ਵਿਚ ਭਟਕਾਉਂਦੀਆਂ ਰਹਿੰਦੀਆਂ ਹਨ[੫]। ਇਨ੍ਹਾਂ ਵਾਸ਼ਨਾਵਾਂ ਦੀ ਨਿਵਿਰਤੀ 'ਧਰਮ' 'ਜੋਰ' 'ਸਤ' ਆਦਿਕ ਆਦਰਸ਼ਾਂ ਦੇ ਮਗਰ ਲੱਗਿਆਂ ਨਹੀਂ ਹੁੰਦੀ। ਇਹ ਆਦਰਸ਼ ਅਪਣੇ ਅਸਲ ਵਿਚ ਉਨ੍ਹਾਂ ਵਾਸ਼ਨਾਵਾਂ ਤੋਂ ਹੀ ਉਪਜਦੇ ਹਨ, ਜੋ ਮਨੁੱਖ ਨੂੰ ਕਿਸਮ ਕਿਸਮ ਦੇ ਭੁਲੇਵਿਆਂ ਹੇਠ ਭੋਗ ਭੁਗਤਾਉਂਦੀਆਂ ਹਨ।

ਸੂਚਨਾ:- ਕਠੋਪਨਿਖਦ ਵਿਚ ਬੀ ਰਥ ਦਾ ਅਲੰਕਾਰ ਆਇਆ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਇਹ ਅਲੰਕਾਰ ਕੁਛ ਵਿਲੱਖਣ ਹੈ। ਉਥੇ ਰੂਪਕ ਇਹ ਹੈ ਕਿ ਸਰੀਰ ਰਥ ਹੈ, ਆਤਮਾ ਰਥੀ ਹੈ, ਬੁੱਧੀ ਸਾਰਥੀ ਹੈ, ਮਨ ਲਗਾਮ ਹੈ; ਇੰਦ੍ਰੀਆਂ ਘੋੜੇ ਹਨ, ਵਿਸ਼ਿਆਂ ਦੀ ਸੜਕ ਹੈ, ਜਿਸ ਪਰ ਇਦਾ ਜਾ ਰਿਹਾ ਹੈ। ਜਦ ਆਤਮਾ ਇਨ੍ਹਾਂ ਨਾਲ ਯੁਕਤ ਹੈ ਤਾਂ ਭੋਗਦਾ ਹੈ, ਉਹ ਪਰਮ ਪਦ ਤੇ ਨਹੀਂ ਪਹੁੰਚ ਸਕਦਾ ਸਗੋਂ ਸੰਸਾਰ (=ਜਨਮ ਮਰਨ) ਵਿਚ ਰਹਿੰਦਾ ਹੈ, ਪਰ ਜਿਸ ਆਤਮਾ ਦਾ 'ਵਿਗਜਾਨ' ਸਾਰਥੀ ਹੈ ਤੇ ਮਨ ਵੱਸ ਵਿਚ ਹੈ ਤੇ ਉਹ ਪਰਮ ਪਦ ਤੇ ਜਾ ਟਿਕਦਾ ਹੈ।

ਗੁਰੂ ਨਾਨਕ ਦੇਵ ਜੀ ਰਥ ਦੇ ਰੂਪਕ ਵਿਚ ਏਸ ਪਾਸੇ ਵਲ ਲਿਜਾ ਰਹੇ ਹਨ ਕਿ ਸੂਖਮ ਵਾਸ਼ਨਾਂ ਜੋ ਅੰਤਹਕਰਣ ਵਿਚ ਵਸਦੀਆਂ ਹਨ ਉਹ ਵਿਸ਼ਿਆਂ ਤੋਂ ਅਸੰਗ ਹੋ ਕੇ ਵੀ ਨਹੀਂ ਹਟਦੀਆਂ ਤੇ ਚਾਰੇ ਜੁਗਾਂ ਵਿਚ ਨਹੀਂ ਹਟਦੀਆਂ। ਉਹਨਾਂ ਨੂੰ ਹਟਾਉਣ ਦਾ ਤਰੀਕਾ (ਉਹ ਨਹੀਂ ਜੋ ਤਰੀਕਾ ਕਠ ਉਪਨਿਸ਼ਦ[੬] ਨੇ ਦੱਸਿਆ ਹੈ, ਪਰੰਤੂ) ਮਨ ਨੂੰ ਨਾਮ ਸਿਮਰਨ ਦੇ ਵਿਚ ਰੰਗਣ ਦਾ ਹੈ।

'ਬੁਧ ਸਾਹਿਤ' ਵਿਚ ਵੀ ਰਥ ਦਾ ਅਲੰਕਾਰ ਵਰਤਿਆ ਗਿਆ ਹੈ। ਮਲਿੰਦ ਬਾਦਸ਼ਾਹ ਅਤੇ ਨਾਗ ਸੇਨ ਦੀ ਪ੍ਰਸ਼ਨੋਤਰੀ ਵਿਚ 'ਰਥ ਕੀ ਚੀਜ਼ ਹੈ?' ਇਸ ਉਪਰ ਬਹਿਸ ਹੈ। ਇਹ ਵਾਰਤਾਲਾਪ ਏਸ ਸਿੱਟੇ ਪੁਰ ਪੁੱਜਦੀ ਹੈ ਕਿ 'ਰਥ' ਆਪਣੇ ਆਪ ਵਿਚ ਕੁਛ ਚੀਜ਼ ਨਹੀਂ ਅਤੇ ਫੇਰ ਏਹੋ ਦ੍ਰਿਸ਼ਟਾਂਤ

---

੧. ਦੁਆਪੁਰਿ ਦੂਜੈ ਦੁਬਿਧਾ ਹੋਇ॥ ਭਰਮਿ ਭੁਲਾਨੇ ਜਾਣਹਿ ਦੋਇ॥ (ਰਾਮ:ਮ:੩-੧)
੨. ਕਲਜੁਗਿ ਧਰਮ ਕਲਾ ਇਕ ਰਹਾਏ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥ (ਰਾਮ:ਮ:੩-੧)
੩. ਤ੍ਰਿਹੁ ਜੁਗਾ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ॥ ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰਿ ਫਸਾਵੈ॥ (ਭਾ: ਗੁਰਦਾਸ ਵਾਰ ੧-੧੫)
੪. ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥ (ਗਉ:ਮ:੩:ਅਸ਼ਟ-੧)
੫. ਬਾਸਨਾ ਬਧਾ ਆਵੈ ਜਾਵੈ॥(ਭਾ: ਗੁਰਦਾਸ)
੬. ਕਠ ਉਪਨਿਸ਼ਦ ਦਾ ਤਰੀਕਾ ਇਹ ਹੈ ਕਿ (ਘੋੜੇ ਰੂਪੀ ਇੰਦ੍ਰਿਆਂ) ਨੂੰ ਵਿਸ਼ਯ ਰੂਪੀ ਸੜਕ ਤੋਂ ਅਸੰਗ ਕਰਕੇ ਮਨ ਵਿਚ ਲਯ ਕਰੇ, ਫੇਰ ਮਨ ਨੂੰ ਬੁਧਿ ਵਿਚ ਲਯ ਕਰੇ। ਏਸ ਤਰ੍ਹਾਂ ਦਰਜੇ ਵਾਰ ਵਧਦੇ ਵਧਦੇ ਆਤਮਾ ਵਿਚ ਲੀਨ ਹੋ ਜਾਵੇ: (ਦੇਖੋ ਕਠ ਉਪਨਿਸ਼ਦ ਅਧਯਾਯ ੧, ਵੱਲੀ ੩, ਮੰਤ੍ਰ ੧੩)

ਆਤਮਾ ਦੀ ਅਣਹੋਂਦ ਉਪਰ ਘਟਾਇਆ ਹੈ, ਦੇਖੋ Malinda II.I.I. ਏਸ ਪ੍ਰਸ਼ਨੋਤਰੀ ਵਿਚ ਉਪਨਿਸ਼ਦ ਵਾਲਾ ਰਥ ਦਾ ਰੂਪਕ ਨਹੀਂ ਵਰਤਿਆ। ਪਲਾਤੂਸ ਨੇ ਵੀ ਰਥ ਦਾ ਦ੍ਰਿਸ਼ਟਾਂਤ ਲੀਤਾ ਹੈ। ਇਹ ਉਪਨਿਸ਼ਦ ਦੇ ਖਿਆਲ ਦੇ ਜ਼ਿਆਦਾ ਨਜ਼ਦੀਕ ਹੈ। ਫਰਕ ਇਤਨਾ ਹੈ ਕਿ ਉਪਨਿਸ਼ਦ (ਵਿਸ਼ਿਆਂ ਦੀ ਸੜਕ ਉਤੋਂ) ਅਸੰਗ ਹੋਣ ਦਾ ਉਪਦੇਸ਼ ਕਰਦੀ ਹੈ, ਪਲਾਤੂਸ ਦਾ ਸਿੱਧਾਂਤ ਮਨ ਨੂੰ ਸੋਧਣ ਦੇ ਉਪਾਉ ਦੱਸਣ ਦਾ ਹੈ।

ਮਃ ੧॥ ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥
ਸਭੁ ਕੋ ਸਚਿ ਸਮਾਵੈ॥
ਰਿਗੁ ਕਹੈ ਰਹਿਆ ਭਰਪੂਰਿ॥
ਰਾਮ ਨਾਮੁ ਦੇਵਾ ਮਹਿ ਸੂਰੁ॥
ਨਾਇ ਲਇਐ ਪਰਾਛਤ ਜਾਹਿ॥
ਨਾਨਕ ਤਉ ਮੋਖੰਤਰੁ ਪਾਹਿ॥
ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥
ਕਲਿ ਮਹਿ ਬੇਦੁ ਅਥਰਬਣੁ

ਸਾਮ ਵੇਦ (ਮੁਤਾਬਕ) ਸੇਤੰਬਰ[1] ਸੁਆਮੀ ਕਹਿੰਦਾ ਹੈ (ਭਾਵ ਉਪਦੇਸ਼ ਕਰਦਾ ਹੈ) ਸਦਾ[2] ਸੱਚ ਵਿਚ ਟਿਕੇ ਰਹਿਣ[3] ਦਾ, (ਉਸ) ਸੱਚ ਵਿਚ (ਜੋ) ਸਰਬ ਵਜਾਪਕ ਹੈ[4]।

(ਰਾਮ) ਕਹਿੰਦਾ (ਹੈ ਕਿ) ਮੈਂ ਰਿਗਵੇਦ ਨੂੰ ਪੂਰਨ ਭਰ ਰਿਹਾ ਹਾਂ[5]। ਰਾਮ ਦਾ ਨਾਮ (ਸਾਰੇ) ਦੇਵਤਿਆਂ ਵਿਚ ਬਲਵਾਨ[6] (ਗਿਣਿਆਂ ਜਾਂਦਾ) ਹੈ। (ਉਸ ਰਾਮ ਦਾ) ਨਾਮ ਲੈਣ ਨਾਲ ਪਾਪ ਝੜ ਜਾਂਦੇ ਹਨ, ਤਦ (ਐਉਂ ਲੋਕ) ਮੁਕਤੀ ਪ੍ਰਾਪਤ ਕਰ ਲੈਂਦੇ ਹਨ, ਹੇ ਨਾਨਕ!

ਯਜੁਰਵੇਦ ਵਿਚ (ਜ਼ਿਕਰ ਹੈ) ਕਾਨ੍ਹ (ਦਾ ਜਿਸ ਨੂੰ) ਕ੍ਰਿਸ਼ਨ (ਵੀ ਕਹਿੰਦੇ ਹਨ ਤੇ ਜੋ) ਯਾਦਵ (ਵੰਸ਼ ਵਿਚੋਂ) ਸੀ, (ਇਹ ਉਹ ਕ੍ਰਿਸ਼ਨ ਸੀ ਜਿਸ ਨੇ) ਜ਼ੋਰ ਨਾਲ ਚੰਦ੍ਰਾਵਲੀ[7] ਨੂੰ ਛਲਿਆ ਮੋਹਿਆ ਤੇ ਅਪਨੀ ਗੋਪੀ (ਸਤਿਭਾਮਾ ਵਾਸਤੇ) ਪਾਰਜਾਤ[8] ਦਾ ਦਰਖਤ ਲੈ ਆਇਆ ਤੇ ਬਿੰਦ੍ਰਾਬਨ ਵਿਚ ਮੌਜਾਂ ਮਾਣੀਆਂ।

ਕਲਿਜੁਗ ਵਿਚ ਅਥਰਬਣ ਵੇਦ ਦੀ (ਪ੍ਰਸਿੱਧੀ)

---

੧. ਸੇਤੰਬਰੁ=ਸ਼੍ਵੇਤ ਕੇਤੂ, ਇਕ ਰਿਸ਼ੀ-ਪੁਤ੍ਰ ਦਾ ਨਾਮ। ਸ਼੍ਵੇਤ ਕੇਤੂ ਦਾ ਜ਼ਿਕਰ ਬਹੁਤਾ ਸਾਮ ਦੀ ਛਾਂਦੋਗਜ ਉਪਨਿਸ਼ਦ ਵਿਚ ਹੈ। ਸ਼ਬਦ 'ਸ਼੍ਵੇਤ ਕੇਤੂ' ਇਕ ਅਰਥ ਦੇ ਲਿਹਾਜ਼ ਨਾਲ ਸ਼੍ਵੇਤਾਂਬਰ' ਦਾ ਪ੍ਰਯਾਯ ਉਕਤਿ ਹੈ। (ਦੇਖੋ ਸੰਸ ਕੋ.ਮੋ:ਵਿ:)। ਸ਼੍ਵੈਤੰਬਰੁ ਸੁਆਮੀ=ਉਦਾਲਕ ਰਿਖੀ, ਸ਼੍ਵੇਤ ਕੇਤੂ ਦਾ ਪਿਤਾ ਤੇ ਉਪਦੇਸ਼ਟਾ।

੨. ਸਾਚਿ=ਸਦਾ। ੩. ਆਛੈ ਰਹੇ=ਟਿਕਿਆ ਰਹੇ।

੪. ਸਭੁ ਕੋ ਸਚਿ ਸਮਾਵੈ=ਉਹ ਸੱਚ ਜੋ ਸਭ ਨੂੰ (ਅਪਨੇ ਵਿਚ) ਸਮਾ ਲੈਂਦਾ ਹੈ, ਸਭ ਨੂੰ ਸਮਾਉਣ ਵਾਲਾ ਸੱਚ, ਭਾਵ ਸਰਬ ਵਜਾਪੀ ਸੱਚ। ੫. ਰਹਿਆ=ਰਹਿਆਂ-ਰਿਹਾ ਹਾਂ।

੬. ਦੇਵਤਿਆਂ ਨੂੰ ਰਾਵਣ ਨੇ ਜ਼ੇਰ ਕਰ ਲੀਤਾ ਸੀ ਤੇ ਉਨ੍ਹਾਂ ਕੋਲੋਂ ਘਰ ਦੇ ਨੌਕਰਾਂ ਵਾਲੇ ਕੰਮ ਕਰਾਉਂਦਾ ਹੁੰਦਾ ਸੀ। ਰਾਮ ਨੇ ਰਾਵਣ ਨੂੰ ਮਾਰਿਆ, ਦੇਵਤੇ ਸਾਰੇ ਕੈਦੋਂ ਛੁਟੇ, ਏਸ ਕਰਕੇ ਦੇਵਤਿਆਂ ਵਿਚ ਰਾਮ ਸੂਰਬੀਰ ਮੰਨਿਆਂ ਗਿਆ।

੭. ਚੰਦ੍ਰਾਵਲੀ ਗੋਵਰਧਨ ਮੱਲ ਦੀ ਇਸਤ੍ਰੀ ਸੀ। ਇਸ ਦੀ ਕੁੰਜ ਵਿਚ ਜਾ ਕੇ ਕ੍ਰਿਸ਼ਨ ਦੀਆਂ ਰੰਗ ਰਲੀਆਂ ਕਰਨ ਦੀਆਂ ਕਥਾ ਕਹਾਣੀਆਂ ਕਈ ਹਨ।

੮. ਗੋਪਾਲ ਦੀ ਵਹੁਟੀ ਹੋਣ ਕਰਕੇ ਸਤਿਭਾਮਾਂ ਨੂੰ ਗੋਪੀ ਕਿਹਾ ਹੈ। ਸਤਿਭਾਮਾ ਦੀ ਖਾਤਰ ਇੰਦਰ ਦੇ ਬਾਗ ਵਿਚੋਂ ਪਾਰਜਾਤ ਦਾ ਦਰੱਖਤ ਪੁੱਟ ਕੇ ਲੈ ਆਉਣ ਦੀ ਕਥਾ ਕ੍ਰਿਸ਼ਨ ਬਾਬਤ ਆਮ ਪ੍ਰਸਿੱਧ ਹੈ। (ਪਾਰਜਾਤਿ=ਸ੍ਵਰਗ ਦੇ ਪੰਜ ਬ੍ਰਿਛਾਂ ਵਿਚੋਂ ਇਕ)

ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥
ਚਾਰੇ ਵੇਦ ਹੋਏ ਸਚਿਆਰ॥
ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥
ਭਾਉ ਭਗਤਿ ਕਰਿ ਨੀਚੁ ਸਦਾਏ॥
ਤਉ ਨਾਨਕ ਮੋਖੰਤਰੁ ਪਾਇ ॥੨॥

ਹੋਈ ਹੈ। ਪਰਮੇਸ਼ੁਰ ਦਾ ਨਾਉਂ ਅਲਾਹ ਹੋ ਗਿਆ ਹੈ। ਨੀਲੇ ਰੰਗ ਦੇ ਬਸਤ੍ਰ (ਤੋਂ ਬਣੇ ਹੋਏ) ਕਪੜੇ ਪਾਏ ਹੋਏ ਤੁਰਕਾਂ ਤੇ ਪਠਾਣਾਂ ਦਾ ਰਾਜ ਹੋ ਗਿਆ ਹੈ। ਚਾਰੇ ਵੇਦ (ਆਪੋ ਆਪਣੇ ਨੁਕਤੇ ਤੋਂ) ਸੱਚੇ ਹੋਏ ਹਨ, (ਪਰ ਜੋ) ਇਹਨਾਂ ਨੂੰ (ਵਿਧਿ ਨਿਸ਼ੇਧ[1] ਦੇ ਤ੍ਰੀਕੇ ਨਾਲ) ਪੜ੍ਹਦੇ (ਤੇ ਇਸ ਵਿਚੋਂ) ਗੁਣ ਲੈਂਦੇ ਹਨ (ਵਰਣ ਵਿਵਸਥਾ ਮੁਤਾਬਿਕ), ਉਹਨਾਂ ਦੇ ਪੱਲੇ ਚਾਰ ਵੀਚਾਰ ਪੈਂਦੀ ਹੈ[2]।

(ਪ੍ਰੰਤੂ) ਮੁਕਤਿ ਦੀ ਪ੍ਰਾਪਤੀ ਲਈ (ਮਨੁੱਖ ਨੂੰ ਲੋੜ ਹੈ) ਪ੍ਰੇਮ ਭਗਤਿ ਦੀ (ਅਤੇ ਆਪਣੇ ਆਪ ਨੂੰ ਵਰਣ ਵਿਵਸਥਾ ਦੇ ਕਰਮ ਧਰਮ ਛੱਡ ਕੇ) ਨੀਵਾਂ ਕਹਾਉਣ ਦੀ॥੨॥

ਭਾਵ- ਵਰਣ ਵਿਵਸਥਾ ਦੀ ਜਕੜ ਵਿਚ ਬੱਧੇ ਹੋਏ ਹਿੰਦੂ ਸਮਾਜ ਲਈ ਵੇਦ ਭਾਵੇਂ ਯੱਗ ਹੋਮ ਆਦਿਕ ਕਰਮਾਂ ਵਿਚ ਮੁੱਖ ਚੀਜ਼ ਹੈ ਪਰ ਵੇਦ ਗਿਆਨ ਅਤੇ ਭਗਤੀ ਤੋਂ ਖਾਲੀ ਨਹੀਂ, ਇਸ ਗੱਲ ਵਲ ਸ੍ਰੀ ਗੁਰੂ ਜੀ ਦਾ ਇਸ਼ਾਰਾ ਹੈ। ਕਈ ਪੁਰਾਤਨ ਲੋਕ ਵੀ ਸਾਮ ਵੇਦ ਨੂੰ ਕਰਮ ਕਾਂਡ ਤੋਂ ਪਰ੍ਹੇ ਦੀ ਚੀਜ਼ ਮੰਨਦੇ ਸਨ। ਸਾਮ ਸ਼ਬਦ ਦੇ ਅਰਥ ਹਨ ਸਮਾਪਤੀ ਅਰਥਾਤ ਜੋ 'ਕਰਮ' ਨੂੰ ਸਮਾਪਤ ਕਰਦਾ ਹੈ[3] ਤੇ ਉਪਾਸਨਾ ਆਦਿਕਾਂ ਦਾ ਪ੍ਰਤਿਪਾਦਨ ਕਰਦਾ ਹੈ। ਕਈ ਨਵੀਨ ਵਿਦਵਾਨਾਂ ਦਾ ਵੀ ਇਸੇ ਤਰ੍ਹਾਂ ਦਾ ਖਿਆਲ ਹੈ ਕਿ 'ਸਾਮ ਵੇਦ ਦਾ ਮੁਖ ਵਿਸ਼ਯ ਉਪਾਸਨਾ ਕਾਂਡ ਹੈ'[4]।

ਸਾਮ ਵੇਦ[5] ਦੀ ਮੁਖ ਉਪਨਿਸ਼ਦ ਦਾ ਨਾਮ ਛਾਂਦੋਗਯ ਉਪਨਿਸ਼ਦ ਹੈ। ਇਹ ਸਾਮ ਵੇਦ ਦੇ ਛਾਂਦੋਗਯ ਬ੍ਰਾਹਮਣ ਦੇ ਅਰਣਯਕ ਭਾਗ ਦਾ ਇਕ ਅੰਸ਼ ਹੈ। ਇਸ ਵਿਚ ਸ੍ਵੇਤਕੇਤੂ ਨਾਮ ਦੇ ਰਿਸ਼ੀ-ਪੁਤ੍ਰ ਨੂੰ ਉਸ ਦੇ ਪਿਤਾ ਉਦਾਲਕ (=ਸ੍ਵੇਤੰਬਰ ਸੁਆਮੀ) ਵਲੋਂ ਸੱਚ ਬਾਰੇ ਉਪਦੇਸ਼ ਹੈ[6]।

---

੧. ਕਰਮ ਕਾਂਡ ਆਦਿ। ੨. ਅਰਥਾਤ ਉਹ ਚੰਗੀ ਵੀਚਾਰ ਜੋ ਕਰਮ ਕਾਂਡੀ ਨੂੰ ਯਗ ਆਦਿ ਕਰਮਾਂ ਵਲ ਪ੍ਰੇਰਤ ਕਰਦੀ ਹੈ।

੩. धा, सो, सयति कर्माणि समापयति इति साम :- ਸੰਧਯਾ ਦਰਪਣ, ਸਫਾ :

੪. ਸਾਮ ਵੇਦ ਸੰਹਿਤਾ ਭਾਸ਼ ਸ੍ਰੀ ਪੰਡਿਤ ਜੈ ਦੇਵ ਸ਼ਰਮਾ ਸਫਾ ੧੬.

੫. ਵੇਦ ਪਦ ਤੋਂ ਮਤਲਬ ਮਾਗ, ਬ੍ਰਾਹਮਣ ਤੇ ਉਪਨਿਸ਼ਦ ਆਦਿ ਸਾਰੇ ਤੋਂ ਹੈ। ਵੇਦ ਨੂੰ ਨਿਰੀ ਮੰਤ੍ਰ ਸੰਹਿਤਾ' ਸਮਝ ਲੈਣਾ ਨਵੀਨ ਪਰਿਪਾਟੀ ਹੈ।

੬. The man that was not burnt, lived in Truth. Remember that all visible things live intruth, remember that truth and self are one, Shwet Ketu i you are that (Sawami & W.B. Yeats, the Doctrine of Chandogyas, Book VI.

ਭਾਸ਼ਾ ਵਿਚ ਇਸ ਛਾਂਦੋਗਯ ਮੰਤ੍ਰ ਦਾ ਇਹ ਅਨੁਵਾਦ ਹੈ:-

ਹੇ ਪ੍ਰਿਯ ਪੁੱਤ੍ਰ ਜਿਸ ਤਰਹ ਵੁਹ ਸਤਯਵਾਦੀ ਉਸ ਪ੍ਰੀਖਯਾ ਮੇਂ ਨਹੀਂ ਜਲਤਾ ਹੈ ਉਸੀ ਤਰਹ ਬ੍ਰਹਮਨਿਸ਼ਟ ਸਤਯਵਾਦੀ ਪੁਰਸ਼ ਸੰਸਾਰ ਵਿਖੇ ਦੁਖੋਂ ਕਰਕੇ ਨਹੀਂ ਤਪਾਯਮਾਨ ਹੋਤਾ ਹੈ। ਔਰ ਜੋ ਯਿਹ ਸਤਯ ਵਯਾਪਕ ਆਤਮਾ ਹੈ ਵੋਹ ਵੁਹ ਸਭ ਜਗਤ ਹੈ ਔਰ ਵਹੀ ਤੇਰਾ ਆਤਮਾ ਹੈ, ਵਹੀ ਸੱਤ ਹੈ, ਹੇ ਸ਼੍ਵੇਤ ਕੇਤੂ ਵਹੀ ਤੂ ਹੈ। ਇਸ ਪ੍ਰਕਾਰ ਉਸ ਆਪਨੇ ਪਿਤਾ ਕੇ ਉਸ ਉਪਦੇਸ਼ ਕੋ ਭਲੀ ਪ੍ਰਕਾਰ ਸਮਝਤਾ ਭਯਾ। ਇਸ ਪ੍ਰਕਾਰ ਸਮਝਤਾ ਭਯਾ। ਛਾਂਦੋਗਯ ਉਪਨਿਸ਼ਦ ਉਤ੍ਰਾਰਥ ੬ ਟੀਕਾ ਜ਼ਾਲਮ ਸਿੰਘ।

 www.sikhbookclub.com

ਰਿਗ ਵੇਦ ਬਾਬਤ ਭੀ ਸ੍ਰੀ ਗੁਰੂ ਜੀ ਦਾ ਆਸ਼ਾ ਇਹ ਗੱਲ ਦਰਸਾਉਂਦਾ ਹੈ ਕਿ ਇਹ ਭਗਤੀ ਮਾਰਗ ਤੋਂ ਖਾਲੀ ਨਹੀਂ। ਪੁਰਾਤਨਾਂ ਨੇ ਰਿਗ ਦੇ ਅਰਥ ਵੀ ਐਉਂ ਕੀਤੇ ਹਨ: ('ਰਿਕ' ਸ਼ਬਦ ਦੀ ਵਜੁਤਪਤਿ ਇਹ ਹੈ ਕਿ ਜਿਸ ਨਾਲ ਕਿਸੀ ਦੇਵਤਾ ਵਿਸ਼ੇਸ਼ ਯਾ ਸਾਧਨ ਵਿਸ਼ੇਸ਼ ਦੀ ਪੂਜਾ ਜਾਂ ਪ੍ਰਸੰਸਾ ਕੀਤੀ ਜਾਂਦੀ ਹੈ, ਉਹ ਰਿਕ ਹੈ[੧])।

ਭਗਤਾਂ ਲਈ ਰਿਗ ਵੇਦ ਦੀ ਹਰ ਇਕ ਰਿਚ (ਮੰਤ੍ਰ) ਵਿਚ ਰਾਮ ਹੀ ਭਰਪੂਰ ਹੈ 'ਮੁਕਤਿਕ ਉਪਨਿਸ਼ਦ' ਵਿਚ ਖੁਦ ਸ੍ਰੀ ਰਾਮ ਜੀ ਨੇ ਹਨੂੰਮਾਨ ਨੂੰ ਕਿਹਾ ਹੈ:- 'ਰਿਗ ਵੇਦ ਦੀਆਂ ੨੧ ਸ਼ਾਖਾਂ ਹਨ ਯਜੁਰ ਵੇਦ ਦੀਆਂ ੧੦੯ ਸ਼ਾਖਾਂ ਹਨ, ਸ਼ਾਮ ਵੇਦ ਦੀਆਂ ੧੦੦੦ ਸ਼ਾਖਾਂ ਹਨ। ਅਥਰਵ ਵੇਦ ਦੀਆਂ ੫੦ ਸ਼ਾਖਾਂ ਹਨ, ਹਰ ਇਕ ਸ਼ਾਖ ਦੇ ਨਾਲ ਇਕ ਇਕ ਉਪਨਿਸ਼ਦ ਹੈ। ਜਿਹੜਾ ਇਨ੍ਹਾਂ ਵਿਚੋਂ ਇਕ ਰਿਚ (ਰਿਗ ਵੇਦ ਦਾ ਮੰਤਰ) ਭਗਤੀ ਨਾਲ ਪੜ੍ਹੇਗਾ ਉਸ ਨੂੰ ਮੇਰੇ ਨਾਲ ਸਾਯੁਜ ਪਦਵੀ ਪ੍ਰਾਪਤ ਹੋਵੇਗੀ ਜੋ ਮੁਨੀਆਂ ਲਈ ਵੀ ਦੁਰਲਭ ਹੈ[੨]'। ਸੋ ਇਹ ਉਪਨਿਖਦ ਦੱਸਦੀ ਹੈ ਕਿ ਰਾਮ ਜੀ ਹਰ ਇਕ ਰਿਚ ਵਿਚ ਆਪਾ ਭਰਪੂਰ ਕਰ ਰਹੇ ਹਨ!

ਏਸੇ ਤਰ੍ਹਾਂ ਯਜੁਰ ਵੇਦ ਕਰਮ ਕਾਂਡ ਦੀ ਸਭ ਤੋਂ ਵੱਡੀ ਪੁਸਤਕ ਹੈ ਪਰ ਇਸ ਦੇ ਭਾਗ ਵੀ ਕ੍ਰਿਸ਼ਨ ਦੇ ਜ਼ਿਕਰ ਤੋਂ ਖਾਲੀ ਨਹੀਂ। 'ਕ੍ਰਿਸ਼ਨ ਯਜੁਰ ਵੇਦ' ਦੀ ਨਾਰਾਯਣ ਉਪਨਿਸ਼ਦ ਵਿਚ ਸਾਫ ਕਿਹਾ ਹੈ:-

ब्रहमरायो देवकी पुत्रो ब्रहमरायो मधुसूदन :

ਅਰਥਾਤ- ਦੇਵਕੀ ਦਾ ਪੁੱਤ੍ਰ ਬ੍ਰਾਹਮਣ ਹੈ, ਮਧੁਸੂਦਨ ਬ੍ਰਾਹਮਣ ਹੈ[੩]।

ਫੇਰ, 'ਕਲਿ ਸੰਤਰਣ ਉਪਨਿਸ਼ਦ' ਵਿਚ ਰਾਮ ਅਤੇ ਕ੍ਰਿਸ਼ਨ ਦੋਹਾਂ ਦਾ ਨਾਮ ਹੈ। ਇਹ ਉਪਨਿਸ਼ਦ ਵੀ ਯਜੁਰ ਵੇਦ ਦੀ ਹੈ। ਜ਼ਿਕਰ ਇਸ ਤਰ੍ਹਾਂ ਹੈ: ਦ੍ਵਾਪਰ ਦੇ ਮੁੱਕਣ ਉੱਪਰ ਨਾਰਦ ਬ੍ਰਹਮਾ ਕੋਲ ਗਿਆ ਤੇ ਉਸ ਨੂੰ ਏਸ ਤਰ੍ਹਾਂ ਆਖਿਆ:- ਹੇ ਭਗਵਨ ਮੈਂ ਇਸ ਪ੍ਰਿਥਵੀ ਉਪਰ ਰਟਨ ਕਰਦਾ ਹੋਇਆ 'ਕਲਿ' ਨੂੰ ਕਿਸ ਤਰ੍ਹਾਂ ਪਾਰ ਉਤਰਾਂਗਾ? ਤਦ ਬ੍ਰਹਮਾ ਨੇ ਉੱਤਰ ਦਿਤਾ ਤੂੰ ਠੀਕ ਪੁੱਛਿਆ ਹੈ, ਏਸ ਗੱਲ ਨੂੰ ਸੁਣ ਜੋ ਸਾਰੇ ਵੇਦਾਂ ਨੇ ਲੁਕਾ ਕੇ ਰੱਖੀ ਹੋਈ ਹੈ, ਜਿਸ ਨਾਲ ਤੂੰ ਕਲਿ ਸੰਸਾਰ ਤੋਂ ਪਾਰ ਉਤਰੇਂਗਾ। ਨਾਰਾਯਣ ਜੋ 'ਭਗਵਾਨ' ਹੈ ਜੋ ਆਦਿ 'ਪੁਰਸ਼' ਹੈ, ਉਸ ਦਾ ਨਾਮ ਉਚਾਰਣ ਮਾਤ੍ਰ ਨਾਲ ਕਲਿ ਦਾ ਅਸਰ ਉਤਰ ਜਾਏਗਾ[੪]। ਫੇਰ ਨਾਰਦ ਨੇ ਬ੍ਰਹਮਾ ਨੂੰ ਪੁੱਛਿਆ, ਉਹ ਕਿਹੜਾ ਨਾਮ ਹੈ? ਹਿਰਣਯ ਗਰਭ (ਬ੍ਰਹਮਾਂ) ਨੇ ਉੱਤ੍ਰ ਦਿਤਾ :-

'ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ। ਹਰੇ ਕ੍ਰਿਸ਼ਣ ਹਰੇ ਕ੍ਰਿਸ਼ਣ ਕ੍ਰਿਸ਼ਣ ਕ੍ਰਿਸ਼ਣ ਹਰੇ ਹਰੇ।'

(ਕਲਿ ਸੰਤਰਣ ਉਪਨਿਸ਼ਦ ਕ੍ਰਿਸ਼ਣ ਯਜੁਰ ਵੇਦ ਦੀ।)

ਉਪਨਿਸ਼ਦਾਂ ਵਿਚ ਹਨੂਮਾਨ ਸ਼ਤ੍ਰ ਘਨ, ਵਰਤ ਆਦਿ ਨਾਮਿ ਵੀ ਆਏ ਹਨ। ਦੇਖੋ ਤਾਰ ਸਾਰ ਉਪਨਿਸ਼ਦ। ਜਨਕ (ਜੋ ਰਾਮਚਦ੍ਰ ਜੀ ਦਾ ਸਹੁਰਾ ਸੀ ਅਤੇ ਜੋ ਵਿਦੇਹ ਦਾ ਰਾਜਾ ਸੀ) ਦਾ ਜ਼ਿਕਰ ਬਹੁਤ ਕਰਕੇ ਵੇਦ ਦੇ ਬ੍ਰਾਹਮਣ ਭਾਗ ਵਿਚ ਆਉਂਦਾ ਹੈ, ਦੇਖੋ ਸ਼ਤਪਥ ਬ੍ਰਾਹਮਣ[੫]।

ਵੇਦ ਵਿਚ ਰਾਮ ਆਦਿਕ ਦੇ ਨਾਮ ਲਈ ਹੋਰ ਦੇਖੋ, ਰਾਮ ਰਹਸਯ ਉਪਨਿਸ਼ਦ, ਰਾਮ ਤਾਪਿਨਿ

---

੧. ऋक्‘ अर्च्यते प्रशस्यते अनय देव विशेषा : (ਸੰਧਯਾ ਦਰਪਣ ਸਫਾ ੧੦੦)

੨. तासामेकामृचं यश्च पठते भक्तितो मयि॥१४॥ समत्सायुज्यपदवीं प्राप्नोति मुनिदुर्लभाम्‘॥

੩. ਦੇਵਕੀ ਦਾ ਪੁਤ=ਕ੍ਰਿਸ਼ਨ। ਮਧੁਸੂਦਨ=ਕ੍ਰਿਸ਼ਨ।

੪. भगवत आदि पुरूषस्य नारायरणास्य, नामोच्च ाररा मात्रेरा निर्धूत कलिर्भवित॥ । निर्धूतः= ਧੁਲ ਜਾਣਾ

੫. ਜੂਲੀਅਤ ਐਂਗਲਿੰਗ ਦੇ 'ਸ਼ਤਪਥ' ਦੇ ਅੰਗਰੇਜ਼ੀ ਤਰਜਮੇ ਦੇ ਇਹ ਸਫੇ ਹਨ:- (Part V.Pages 64, 66, 112, 114, 115)

ਉਪਨਿਸ਼ਦ। ਸੀਤਾ ਦਸ਼ਰਥ ਆਦਿ ਦੇ ਨਾਮ ਲਈ ਦੇਖੋ ਪੰਡਤ ਜਵਾਲਾ ਪ੍ਰਸ਼ਾਦ ਦਾ ਰਿਗਵੇਦ ੩,੮,੯, ਮੰਤ੍ਰ ੫੭-੬. ੨-੧-੧੩-੪। ਵੇਦਾਂ ਵਿਚੋਂ ਰਾਮ ਕ੍ਰਿਸ਼ਨ ਆਦਿਕ ਤੇ ਹੋਰ ਅਵਤਾਰ ਸਿਧੀ ਦੀਆਂ ਯੁਕਤੀਆਂ ਲਈ ਦੇਖੋ ਪੰਡਿਤ ਜਵਾਲਾ ਪ੍ਰਸ਼ਾਦ ਕ੍ਰਿਤ 'ਦਯਾ ਨੰਦ ਤਿਮਿਰ ਭਾਸਕਰ' ਸਪਤਮ ਉਲਾਸ ਸਫਾ ੧੬੩-੧੭੩।

ਅਥਰਵ ਵੇਦ ਨੂੰ ਕਲਿਯੁਗ ਦਾ ਵੇਦ ਕਿਹਾ ਹੈ। ਇਹ ਵੇਦ ਸਭ ਤੋਂ ਪਿਛੋਂ ਬਣਿਆ ਹੈ। ਪਹਿਲੇ ਤਿੰਨ ਵੇਦ ਹੀ ਹੁੰਦੇ ਸਨ। ਅਥਰਵ ਵੇਦ ਦੀ ਇਸ ਕਰਕੇ ਵੈਸੀ ਪ੍ਰਤਿਸ਼ਠਾ ਨਹੀਂ ਜੈਸੀ ਕਿ ਪਹਿਲੇ ਤਿੰਨਾਂ ਵੇਦਾਂ ਦੀ ਹੈ। ਕਈ ਸ਼ਾਸਤ੍ਰਾਂ ਵਿਚ ਤਾਂ ਇਸ ਦੀ ਕਾਫੀ ਨਿੰਦਾ ਹੈ ਅਰ ਇਸ ਨੂੰ ਬਹੁਤ ਨੀਵਾਂ ਗਿਣਿਆਂ ਹੈ[1]। ਕਈਆਂ ਨੇ ਤਾਂ ਇਸ ਦੇ ਕੁਛ ਅਭਿਚਾਰਿਕ ਮੰਤ੍ਰ[2] ਪੜ੍ਹਨ ਵਾਲੇ ਨੂੰ ਹੱਤਜਾ ਕਰਨ ਵਾਲੇ ਪਾਪੀਆਂ ਵਿਚ ਗਿਣਿਆ ਹੈ[3]। ਖੁਦ ਉਪਨਿਸ਼ਦਾਂ ਵਿਚ ਵੀ ਏਸ ਲਈ ਨਜੂਨਤਾ ਦੇ ਪਦ ਵਰਤੇ ਗਏ ਹਨ। ਅਥਰਵ ਵੇਦ ਦੀ ਬਾਕੀ ਤਿੰਨਾਂ ਵੇਦਾਂ ਦੀ ਪੂਛ ਵਿਚ ਸਥਿਤੀ ਗਿਣੀ ਹੈ[4]।

ਮੁਸਲਮਾਨੀ ਮਤ ਨਾਲ ਅਥਰਵ ਵੇਦ ਦਾ ਤਅੱਲੁਕ ਬਹੁਤ ਮੁੱਦਤ ਤੋਂ ਗਿਣਿਆਂ ਜਾ ਰਿਹਾ ਹੈ। ਬਦਾਯੂਨੀ ਨੇ ਲਿਖਿਆ ਹੈ, "ਏਸ ਸਾਲ (੯੮੩ ਹਿਜਰੀ) ਦੱਖਣ ਦੇਸ਼ ਵਿਚ ਸ਼ੇਖ ਭਾਵਨ ਨਾਮ ਦਾ ਇਕ ਪੜ੍ਹਿਆ ਹੋਇਆ ਬ੍ਰਾਹਮਣ ਆਇਆ ਅਤੇ ਮੁਸਲਮਾਨ ਬਣ ਗਿਆ। ਉਸ ਸਮੇਂ ਬਾਦਸ਼ਾਹ ਅਕਬਰ ਨੇ ਸਾਨੂੰ ਅਥਰਵਨ ਅਨੁਵਾਦ ਕਰਨ ਲਈ ਹੁਕਮ ਦਿੱਤਾ। ਇਸ ਗ੍ਰੰਥ ਦੇ ਕਿਤਨੇ ਹੀ ਧਰਮ ਉਪਦੇਸ਼ ਇਸਲਾਮ ਦੇ ਧਰਮ ਸ਼ਾਸਤ੍ਰ ਨਾਲ ਮਿਲਦੇ ਹਨ। ਅਨੁਵਾਦ ਦੇ ਵਕਤ ਐਸੇ ਕਿਤਨੇ ਹੀ ਮੁਸ਼ਕਲ ਹਿੱਸੇ ਦੇਖਣ ਵਿਚ ਆਏ ਜਿਨ੍ਹਾਂ ਦਾ ਸ਼ੇਖ ਭਾਵਨ ਜੈਸੇ ਪੰਡਤ ਵੀ ਮਤਲਬ ਸਪਸ਼ਟ ਨਾ ਕਰ ਸਕੇ। ਅਸਾਂ ਇਹ ਗੱਲ ਬਾਦਸ਼ਾਹ ਨੂੰ ਕਹੀ। ਉਹਨਾਂ ਨੇ ਸ਼ੇਖ਼ ਫ਼ੈਜ਼ੀ ਅਰ ਹਾਜੀ ਇਬਰਾਹੀਮ ਨੂੰ ਅਨੁਵਾਦ ਕਰਨ ਲਈ ਸਲਾਹ ਦਿਤੀ। ਹਾਜੀ ਇਬਰਾਹੀਮ ਨੇ ਇਛਾ ਰਹਿਨੇ ਪਰ ਭੀ ਕੁਛ ਨਾ ਲਿਖਿਆ। ਅਥਰਵਨ ਦੇ ਉਪਦੇਸ਼ਾਂ ਵਿਚ ਇਕ ਜਗ੍ਹਾ ਲਿਖਿਆ ਹੈ ਕਿ ਏਸ ਗ੍ਰੰਥ ਦਾ ਕੋਈ ਨਾ ਕੋਈ ਹਿੱਸਾ ਨਾ ਪੜ੍ਹਨੇ ਨਾਲ ਕੋਈ ਭੀ ਰਖਜਾ ਨਾ ਪਾਏਗਾ। ਏਸ ਹਿੱਸੇ ਵਿਚ ਮੁੜ ਮੁੜ 'ਲਾ' ਲਿਖਿਆ ਗਿਆ ਹੈ ਜੋ ਸਾਡੇ ਕੁਰਾਨ ਦੇ ਕਹੇ ਅਲਾਹ, ਇਲਾਹ ਇਤਜਾਦਿ ਜੈਸਾ ਹੈ[5]। ਸ਼ੇਖ ਨੇ ਇਨ੍ਹਾਂ ਅੰਸ਼ਾਂ ਦੇ ਆਧਾਰ ਉਪਰ ਬ੍ਰਾਹਮਣਾਂ ਨੂੰ ਹਰਾਇਆ ਸੀ ਤੇ ਉਹ ਇਸਲਾਮ ਦਾ ਮਜ਼ਹਬ ਕਬੂਲਣ ਲਈ ਤਜਾਰ ਹੋ ਗਏ ਸਨ।" (ਮੁੰਤਖਿੱਬੁਲ ਤਵਾਰੀਖ, ੨, ੨੧੨.)

ਕੁਰਾਨ ਸ਼ਰੀਫ ਅਤੇ ਅਥਰਵ ਵੇਦ ਦਾ ਤਅੱਲੁਕ ਬਦਾਯੂਨੀ ਤੋਂ ਵੀ ਬਹੁਤ ਪੁਰਾਣਾ ਲੋਕਾਂ ਵਿਚ ਮਸ਼ਹੂਰ ਤੁਰਿਆ ਆਉਂਦਾ ਹੈ। ਅਥਰਵ ਵੇਦ ਤੇ ਜ਼ੈਂਦ ਅਵਸਥਾ ਦੇ ਆਪਸ ਵਿਚ ਮਿਲਦੇ ਜੁਲਦੇ ਹੋਣ ਲਈ ਦੇਖੋ Haugs Essays on the Parsis P. 182. ਅਥਰਵ ਵੇਦ ਦੀ ਲੋਪ ਹੋ ਚੁੱਕੀ 'ਭ੍ਰਿਗੂ ਸੰਹਿਤਾ' ਦਾ ਤਅੱਲੁਕ ਪਾਰਸੀਆਂ ਦੀ ਧਰਮ ਪੁਸਤਕ 'ਜ਼ੈਂਦ ਅਵਸਥਾ' ਨਾਲ ਤੇ ਫੇਰ 'ਜ਼ੈਂਦ ਅਵਸਥਾ' ਦਾ ਤਅੱਲੁਕ ਕੁਰਾਨ ਨਾਲ ਭੀ ਹੈ। ਇਸ ਬਹਿਸ ਲਈ ਦੇਖੋ ਪੁਸਤਕ ਐਥੀਕਲ ਕਨਸੈਪਸ਼ਨ ਔਫ ਦੀ ਗਾਥਾ-ਜੇ.ਐਮ.ਚੈਟਰਜੀ।

---

੧. The inferiority of the Atharvan is stated outright at APasta.II.29,10.11. (Bloomfield XIIX.)

੨. ਜਾਦੂ ਟੂਣੇ ਵਾਲੇ ਮੰਤ੍ਰ।

੩. Vishnu. V. 191 counts him that recites a deadly incantation from the Atharvana Veda as one of the seven kinds of assasins, (Ibidem,)

੪. अथर्वांङ्ग रस: पुच्छं प्रतिष्ठा॥ (ਤੈ: ਉ:)

੫. ਖ਼ੁਦਾ ਦਾ ਮੂਲ ਹੈ ਖੁਦ+ਆ, ਜੋ ਆਪਣੇ ਆਪ ਤੋਂ ਆਪ ਆਯਾ ਹੈ ਪਦ 'ਖੁਦ' ਸੰਸਕ੍ਰਿਤ ਦੇ 'ਸ੍ਵਯੰ' ਤੋਂ ਬਣਿਆ ਹੈ। ਈਰਾਨੀਆਂ ਦਾ ਈਸ਼੍ਵਰੀ ਨਾਮ ਖ਼ੁਦਾ ਸੀ ਜੋ ਸੰਸਕ੍ਰਿਤ ਮੂਲਕ ਸੀ, ਅਰਬ ਵਾਲਿਆਂ ਜਦ ਈਰਾਨ ਮੁਸਲਮਾਨ ਕੀਤਾ ਤਾਂ ਖ਼ੁਦਾ ਦਾ ਨਾਮ ਅੱਲਾ ਹੋ ਗਿਆ, ਓਥੋਂ ਇਹ ਹਿੰਦ ਵਿਚ ਆਇਆ।


www.sikhbookclub.com

ਅਥਰਵ ਵੇਦ ਵਿਚ ਕਈ ਗੱਲਾਂ ਐਸੀਆਂ ਹਨ ਜੋ ਹਿੰਦੂ ਮਤ ਦੇ ਬਿਲਕੁਲ ਵਿਰੁੱਧ ਹਨ। ਇਸ ਮੁਤਾਬਿਕ ਵਿਧਵਾ ਵਿਵਾਹ ਅਤੇ ਇਕ ਪਤੀ ਦੇ ਹੁੰਦਿਆਂ ਹੋਇਆਂ ਹੋਰ ਪਤੀ ਗ੍ਰਹਿਣ ਦੀ ਲਿਖਤ ਮੌਜੂਦ ਹੈ, ਦੇਖੋ ਅਥਰਵ ਵੇਦ ੯,੫,੨੭-੨੮।

ਇਕ ਗੱਲ ਹੋਰ ਹੈ ਜੋ ਵਿਚਾਰ ਗੋਚਰੀ ਹੈ। ਬਹੁਤ ਸਾਰੇ ਟੀਕਾ-ਕਾਰਾਂ ਨੇ ਚਾਰਾਂ ਵੇਦਾਂ ਨੂੰ ਚਾਰ ਜੁਗਾਂ ਦੇ ਪ੍ਰਤਿਨਿਧ ਅਰਥ ਕੀਤੇ ਹਨ ਤੇ ਦੱਸਿਆ ਹੈ ਕਿ ਇਨ੍ਹਾਂ ਤੁਕਾਂ ਵਿਚ ਚਾਰ ਮੁਖ਼ਤਲਿਫ ਜੁੱਗਾਂ ਦੀਆਂ ਵੱਡੀਆਂ ਵਜਕਤੀਆਂ ਤੇ ਉਨ੍ਹਾਂ ਜੁਗਾਂ ਦੀ ਵੱਖੋ ਵੱਖ ਧਰਮ ਅਵਸਥਾ ਦਾ ਜ਼ਿਕਰ ਹੈ। ਇਨ੍ਹਾਂ ਅਰਥਾਂ ਦੀ ਪ੍ਰੋੜ੍ਹਤਾ ਪਿਛਲੇ ਸ਼ਲੋਕ ਤੋਂ ਮਿਲਦੀ ਹੈ ਜਿਸ ਵਿਚ 'ਸਤਿਜੁਗ ਰਥ ਸੰਤੋਖ ਕਾ' ਆਦਿਕ ਜ਼ਿਕਰ ਹੈ। ਸੰਪ੍ਰਦਾਈ ਅਰਥ[1] ਵੀ ਏਸੇ ਖਿਆਲ ਵੱਲ ਝੁਕਦੇ ਹਨ।

ਕਈ ਗਿਆਨੀਆਂ ਦਾ ਖਿਆਲ, ਇਨ੍ਹਾਂ ਤੁਕਾਂ ਵਿਚ ਆਏ ਰੰਗਾਂ ਕਰਕੇ, ਜੁਗਾਂ ਤੇ ਵੇਦਾਂ ਦੇ ਰੰਗਾਂ ਵਲ ਗਿਆ ਹੈ। ਸਤਿਗੁਰ ਜੀ ਦਾ ਅਪਣਾ ਕਥਨ ਵੀ ਕਿਸੇ ਹੋਰ ਥਾਵੇਂ ਰੰਗਾਂ ਬਾਬਤ ਇਸ ਤਰ੍ਹਾਂ ਹੈ:- 'ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ॥' (ਮਾਝ ਵਾਰ ਮ:੧-੪)। ਰੰਗਾਂ ਬਾਬਤ ਅਨੇਕ ਮਤ ਹਨ ਜਿਨ੍ਹਾਂ ਵਿਚ ਭਿੰਨ ਭੇਦ ਹੈ ਪਰ ਜੋ ਆਮ ਲੋਕਾਂ ਵਿਚ ਮਸ਼ਹੂਰ ਹੋਏ ਹਨ ਉਹ ਇਸ ਤਰ੍ਹਾਂ ਹਨ-

ਸਤਿਜੁਗ ਸ਼ੁਕਲ, ਤ੍ਰੇਤਾ ਰਕਤ, ਦੁਆਪਰ ਪੀਤ, ਕਲਿਜੁਗ ਨੀਲ, ਇਹ ਸਾਰ 'ਗੀਤਾ' ਦੇ ਮੁਤਾਬਿਕ ਹੈ। ਏਸੇ ਪੁਸਤਕ ਵਿਚ ਇਕ ਥਾਂਵੇਂ ਰਿਗ ਵੇਦ ਦਾ ਨੀਲ ਵਰਣ ਕਿਹਾ ਹੈ ਅਰ ਯਜੁਰ ਵੇਦ ਦਾ ਪੀਤ ਪਰ ਦੂਜੀ ਥਾਂਵੇਂ ਹਿਸਾਬ ਨਾਲ ਰਿਗ ਦਾ ਨੀਲ ਨਿਕਲਦਾ ਹੈ ਅਰ ਯਜੁਰ ਦਾ ਸ਼ੁਕਲ (ਚਿੱਟਾ)। ਅਸਲ ਵਿਚ ਵੇਦਾਂ ਦੇ ਰੰਗ ਦਾ ਵਿਸ਼ਯ ਇਨ੍ਹਾਂ ਦੀ ਉਤਪਤੀ ਨਾਲ ਸੰਬੰਧਿਤ ਹੈ। ਵੇਦਾਂ ਦੇ ਪ੍ਰਗਟ ਹੋਣ ਬਾਬਤ ਮਨੂੰ (੧੨੩) ਵਿਚ ਇਸ ਤਰ੍ਹਾਂ ਲਿਖਿਆ ਹੈ: 'ਯਗ ਆਦਿਕ ਕੀ ਸਿਧੀ ਕੇ ਲੀਏ ਉਨ੍ਹੋਂ ਨੇ ਅਗਨੀ ਸੇ ਰਿਗ ਵੇਦ, ਵਾਯੂ ਸੇ ਯਜੁਰ ਵੇਦ ਔਰ ਸੂਰਯ ਸੇ ਸਾਮ ਵੇਦ ਉਪ੍ਰਿਤ ਕੀਆ।' ਇਸ ਕਥਨੀ ਦੇ ਮੁਤਾਬਿਕ ਰੰਗਾਂ ਬਾਬਤ ਮਤ ਭੇਦ ਹੁੰਦਿਆਂ ਹੋਇਆਂ ਭੀ ਇਹੋ ਵੰਡ ਜ਼ਿਆਦਾ ਮੁਨਾਸਬ ਮਲੂਮ ਹੁੰਦੀ ਹੈ: ਸਾਮ ਵੇਦ (ਬੱਗਾ=) ਚਿੱਟਾ, ਰਿਗ (ਰਤਾ=) ਲਾਲ, ਯਜੁਰ (ਪੀਅਲਾ=)ਪੀਲਾ।

ਸਾਡੇ ਖਿਆਲ ਵਿਚ ਹੁਣ ਤੱਕ ਦੀ ਕੀਤੀ ਖੋਜ ਅਨੁਸਾਰ ਇਨ੍ਹਾਂ ਤੁਕਾਂ ਦੇ ਮੁੱਖ ਅਰਥ ਉਹੋ ਹੀ ਹਨ ਜੋ ਅਸੀਂ ਪਿਛੇ ਕਰ ਆਏ ਹਾਂ। ਬਾਕੀ ਗੱਲਾਂ ਇਨ੍ਹਾਂ ਤੁਕਾਂ ਦੇ ਕਾਵਿਕ ਰਸ ਦੀ ਗੁੱਝੀ ਰਮਜ਼ ਦੇ ਝਲਕਾਰੇ ਹਨ। ਕਾਵਜ ਦੇ ਨੁਕਤੇ ਤੋਂ ਜਾਚੀਏ ਤਾਂ 'ਸਾਮ ਕਹੇ ਸੇਤੰਬਰ ਸੁਆਮੀ' ਵਿਚ ਕੇਵਲ 'ਸ' ਅਖਰ ਦਾ ਅਨੁਪ੍ਰਾਸ (Alliteration) ਹੀ ਨਹੀਂ ਬਲਕਿ ਸਾਮ ਵੇਦ ਦਾ ਸੰਬੰਧ ਜੋ ਚਿੱਟੇ ਰੰਗ ਨਾਲ ਹੈ ਉਸ ਨੂੰ ਭੀ ਗੁਰੂ ਜੀ ਨੇ ਸ਼ਬਦਾਂ ਦੀ ਗੋਂਦ ਵਿਚੋਂ ਝਲਕਾ ਦਿੱਤਾ ਹੈ।

---

੧. ਸੰਪ੍ਰਦਾਈ ਅਰਥ ਇਸ ਤਰ੍ਹਾਂ ਚੱਲਦੇ ਹਨ, '(ਸਤਿਜੁਗ ਦਾ) ਸਾਮਵੇਦ (ਹੈ ਜੋ) ਸ੍ਵਾਮੀ ਨੂੰ ਸੇਤੰਬਰ (ਹੰਸ ਅਵਤਾਰ) ਕਹਿੰਦਾ ਹੈ (ਓਦੋਂ) ਸਭ ਕੋਈ ਸੱਚ ਵਿਚ ਰਹਿੰਦਾ ਹੁੰਦਾ ਸੀ ਤੇ ਸੱਚ ਵਿਚ ਸਮਾਉਂਦਾ ਸੀ। ਹੇ ਨਾਨਕ! ਤ੍ਰੇਤੇ ਜੁਗ ਦਾ (ਵੇਦ) ਰਿਗ ਹੈ ਜੋ ਸ੍ਵਾਮੀ ਨੂੰ ਭਰਪੂਰ ਦੱਸਦਾ ਹੈ (ਕਿ ਉਸ ਦਾ) ਨਾਮ ਰਾਮ ਸੀ ਤੇ ਦੇਵਤਿਆਂ ਵਿਚ (ਸੂਰਯ ਸਮਾਨ) ਸੀ, (ਉਹ) ਨਾਮ ਲੈਣ ਨਾਲ ਪਾਪ ਝੜਦੇ ਸਨ, (ਤਦ ਲੋਕੀਂ) ਅੰਦਰ (ਹੀ) ਮੁਕਤੀ ਪਾ ਲੈਂਦੇ ਸਨ। ਹੇ ਨਾਨਕ! (ਦੁਆਪਰ ਜੁਗ ਦਾ ਵੇਦ ਹੈ) ਯਜੁਰ (ਉਸ ਜੁਗ) ਵਿਚ ਯਾਦਵ ਕੁਲ ਵਾਲਾ ਕ੍ਰਿਸ਼ਨ (ਪ੍ਰਸਿੱਧ ਨਾਮ) ਕਾਨ੍ਹ ਹੋਇਆ, (ਜਿਸ ਨੇ) ਚੰਦ੍ਰਾਵਲਿ ਜੋਰ ਨਾਲ ਛਲੀ ਤੇ ਪਾਰਜਾਤ (ਬ੍ਰਿਛ ਅਪਨੀ) ਗੋਪੀ ਵਾਸਤੇ ਲੈ ਆਇਆ ਤੇ ਬਿੰਦ੍ਰਾਬਨ ਵਿਚ ਰੰਗ ਰਲੀਆਂ ਕਰਦਾ ਰਿਹਾ। ਕਲਜੁਗ ਵਿਚ ਵੇਦ ਅਥਰਬਣ ਹੋਇਆ ਤੇ (ਖ਼ੁਦਾਈ) ਸ੍ਵਾਮੀ ਦਾ ਨਾਉਂ ਅੱਲਾ ਪੈ ਗਿਆ ਹੈ। ਤੁਰਕਾਂ ਤੇ ਪਠਾਣਾਂ ਦਾ ਰਾਜ ਹੋ ਗਿਆ ਹੈ, (ਜਿਨ੍ਹਾਂ ਨੇ ਨੀਲੇ ਬਸਤ੍ਰ ਲੈ ਕੇ (ਕਪੜੇ) ਬਣਵਾਕੇ ਪਹਿਨੇ ਹੋਏ ਹਨ। (ਅ) ਸੰਪ੍ਰਦਾਈ ਗਯਾਨੀ 'ਕਹੇ' ਦਾ ਅਰਥ 'ਕੋਈ ਕਹਿੰਦਾ ਹੈ' ਕਰਕੇ ਬੀ ਅਰਥ ਢੁਕਾਉਂਦੇ ਹਨ।

ਕਈ ਹੋਰ ਕਵੀਆਂ ਨੇ ਸਾਮ ਵੇਦ ਦੀ ਸਫ਼ੈਦੀ ਨੂੰ ਅਪਣੀ ਛੰਦ ਰਚਨਾ ਵਿਚ ਰਚਿਆ ਹੈ। ਕੇਸ਼ੋ ਦਾਸ ਨੇ ਭਾਰਦਵਾਜ ਬੁੱਢੇ ਰਿਸ਼ੀ ਦੀਆਂ ਚਿੱਟੀਆਂ ਭੋਹਾਂ ਨੂੰ ਸਾਮਵੇਦ ਦੇ (ਸਫ਼ੈਦ) ਮੰਤ੍ਰਾਂ ਨਾਲ ਉਪਮਾ ਦਿੱਤੀ ਹੈ[੧]।

ਮੀਮਾਂਸਿਕ ਖਿਆਲਾਂ ਮੂਜਬ ਸਾਮਵੇਦ ਇਕ ਪੁਸਤਕ ਹੀ ਨਹੀਂ ਬਲਕਿ ਅਪਣੇ ਮੰਤ੍ਰਾਤਮਿਕ ਦੇਵਤੇ ਦਾ 'ਸ਼ਬਦ ਸਰੂਪ' ਹੈ। ਏਸ ਵੇਦ ਦੇ ਮੰਤ੍ਰ ਚਿੱਟੇ ਹੋਣ ਕਰਕੇ ਸਾਮਵੇਦ ਦੇਵਤਾ ਆਪ ਵੀ ਸੇਤੰਬਰ ਸੁਆਮੀ ਹੈ। ਸ਼ੈਵ ਮਤ ਅਨੁਸਾਰ ਸਾਮ ਵੇਦ ਸ਼ਿਵਜੀ ਨਾਲ ਅਭੇਦ ਹੈ। ਸ਼੍ਵੇਤਾਂਬਰ[੨] ਸ਼ਬਦ ਦਾ ਇਕ ਅਰਥ ਸਿਵ ਬੀ ਹੈ। (ਦੇਖੋ ਹਿੰਦੀ ਸ਼ਬਦ ਸਾਗਰ)। ਪਰ ਇਹ ਸਾਰੀਆਂ ਗੱਲਾਂ ਚਿਟਿਆਈ ਦੀਆਂ ਹੀ ਸੂਚਕ ਹਨ। ਸੱਚ ਵੀ ਚਿੱਟਾ ਹੈ। ਸ੍ਰੀ ਗੁਰੂ ਜੀ ਨੇ ਸਾਮ ਵੇਦ ਵਿਚ ਆਏ 'ਸੱਚ' ਵੱਲ ਇਸ਼ਾਰਾ ਕੀਤਾ ਹੈ, ਜਿਸ ਦਾ ਪ੍ਰਤਿਪਾਦਨ ਸ਼੍ਵੇਤ ਕੇਤੂ ਦੇ ਪਿਤਾ ਨੇ ਕੀਤਾ ਹੈ ਤੇ ਜਿਸ ਸੱਚ ਦੀ ਵਿਦਿਆ ਨੂੰ ਸ਼੍ਵੇਤਕੇਤੂ ਨੇ ਰਾਜ ਰਿਸ਼ੀ ਜਨਕ ਪਾਸੋਂ ਜਾ ਕੇ ਸਭ ਤੋਂ ਪਹਿਲੇ ਗ੍ਰਹਿਣ ਕੀਤਾ ਸੀ।

ਪਰ ਏਸ ਸਾਰੇ ਕਹਿਣ ਤੋਂ ਭਾਵ ਗੁਰੂ ਜੀ ਦਾ ਆਪਣਾ ਆਸ਼ਾ ਵੇਦਾਂ ਦੇ ਕਰਮ-ਕਾਂਡ ਦੇ ਖੰਡਨ ਨੂੰ ਪ੍ਰਗਟ ਕਰਦਾ ਹੈ। ਵੇਦ ਬਹੁਤ ਵੱਡੀ ਚੀਜ਼ ਹੋਣ ਦੇ ਕਾਰਣ ਓਹਨਾਂ ਦਾ ਖਿਆਲ ਵੇਦਾਂ ਬਾਬਤ ਕੁਛ ਐਸ ਤਰ੍ਹਾਂ ਦਾ ਹੈ ਜ਼ਿਸ ਤਰ੍ਹਾਂ ਦਾ ਕਿ ਗੀਤਾ ਵਿਚ ਕਿਹਾ ਹੈ: "ਹੇ ਅਰਜਨ ਵੇਦ ਤਿਨ ਗੁਣਾਂ ਵਿਚ ਵਿਚਰ ਰਹੇ ਹਨ ਤੂੰ ਤਿੰਨਾਂ ਗੁਣਾਂ ਤੋਂ ਪਰ੍ਹੇ ਹੋ ਜਾ, ਸਭ ਪਾਸਿਆਂ ਤੋਂ ਭਰੇ ਹੋਏ ਜਲ ਨਾਲ ਜਿਤਨਾ ਕੁ ਪਾਣੀ ਲੈਣ (ਜਾਂ ਪੀਣ) ਦੀ ਜ਼ਰੂਰਤ ਹੈ ਉਤਨਾ ਕੁ ਹੀ ਪ੍ਰਯੋਜਨ ਸਾਰੇ ਵੇਦਾਂ ਦੇ ਮੱਧ ਨਾਲ ਗਯਾਨਵਾਨ ਬ੍ਰਾਹਮਣ ਨੂੰ ਹੋਣਾ ਚਾਹੀਦਾ ਹੈ।" ਅਗਲੀ ਪਉੜੀ ਵਿਚ ਗਿਆਨ ਦਾ ਹੀ ਉਪਦੇਸ਼ ਹੈ।

**ਪਉੜੀ ॥**

**ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥**

**ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੑੀ ਨੇਤ੍ਰੀ ਜਗਤੁ ਨਿਹਾਲਿਆ॥**

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**

**ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥**

ਮੈਂ (ਅਪਣੇ) ਸਤਿਗੁਰੂ ਤੋਂ ਸਦਕੇ ਹਾਂ, ਜਿਸ ਦੇ ਮਿਲਨੇ ਨਾਲ (ਮੈਂ ਅਪਣੇ) ਮਾਲਕ (ਵਾਹਿਗੁਰੂ) ਨੂੰ ਯਾਦ ਕੀਤਾ ਹੈ। ਜਿਸ ਨੇ (ਮੈਨੂੰ) ਉਪਦੇਸ਼ ਕਰਕੇ ਗਿਆਨ ਰੂਪੀ ਸੁਰਮਾ[੩] ਦਿੱਤਾ, ਜਿਸ ਗਯਾਨ (ਸੁਰਮੇ ਦੀ ਤੁਫ਼ੈਲ ਮੈਂ) ਇਹਨਾਂ ਅੱਖਾਂ ਨਾਲ ਜਗਤ ਨੂੰ ਵੇਖਿਆ। (ਤਾਂ ਅਗਯਾਨ ਦ੍ਰਿਸ਼ਟੀ ਜਿਸ ਕਰਕੇ ਹੋਰ ਦਾ ਹੋਰ ਦਿਸਦਾ ਸੀ ਨਾਸ਼ ਹੋ ਗਈ, ਫਿਰ ਸ਼ਕ ਆਇਆ ਅਗਯਾਨ ਦ੍ਰਿਸ਼ਟੀ ਵਾਲੇ) ਵਪਾਰੀਆਂ (ਤੇ ਕਿ ਜੋ ਵਾਹਿਗੁਰੂ) ਮਾਲਕ ਨੂੰ ਛੱਡ ਕੇ ਦੂਜੇ (ਪਾਸੇ) ਲੱਗੇ ਹੋਏ ਹਨ (ਕਿਉਂਕਿ) ਓਹ (ਨਿਸਚੇ) ਡੁੱਬ ਰਹੇ ਹਨ। (ਉਹਨਾਂ ਡੁਬਦਿਆਂ ਨੂੰ ਬੀ ਤਾਰਨਹਾਰ) ਜਹਾਜ਼ ਸਤਿਗੁਰੂ ਹੀ

---

੧. ਭ੍ਰਿਕੁਟੀ ਵਿਰਾਜਤ ਸ੍ਵੇਤ ਮਾਨਹੁ ਮੰਤ੍ਰ ਅਦਭੁਤ ਸਾਮ ਕੇ। ਜਿਨਕੇ ਵਿਲੋਕਤ ਹੀ ਖਿਲਾਤ ਅਸ਼ੇਸ਼ ਕਾਰਮੁਕ ਕਾਮ ਕੇ।

੨. ਦੇਖੋ ਚੰਡੀ ਸਪ੍ਤਸ਼ਤੀ ਪ੍ਰਥਮ ਮੱਧਮ ਉਤਮ ਤੀਨ ਚਰਿੱਤ੍ਰ। ਇਸ ਮੁਤਾਬਿਕ ਸਾਮ ਵੇਦ ਦੀ ਅਭੇਦਤਾ ਸ਼ਿਵ ਨਾਲ, ਯਜੁਰ ਦੀ ਵਿਸ਼ਨੂੰ ਨਾਲ ਤੇ ਰਿਗ ਦੀ ਬ੍ਰਹਮਾ ਨਾਲ ਹੈ।

੩. ਗਯਾਨ ਅੰਜਨ ਨਾਲ ਅਗਯਾਨ ਦੂਰ ਹੁੰਦਾ ਹੈ:- ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ (ਗਉ.ਸੁਖ.ਮ:੫-੨੩)। ਗਯਾਨ ਅੰਜਨ ਨਾਲ ਵਾਹਿਗੁਰੂ ਇਕ ਦਿੱਸ ਪੈਂਦਾ ਹੈ-ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ (ਅਨੰਦ)। ਪੁਨਾ:- ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥(ਅਨੰਦ)।


www.sikhbookclub.com

ਕਰਿ ਕਿਰਪਾ ਪਾਰਿ ਉਤਾਰਿਆ ॥੧੩॥

ਹੈ (ਇਹ ਗੱਲ) ਕਿਸੇ ਵਿਰਲੇ ਹੀ ਵੀਚਾਰੀ ਹੈ। (ਜਿਸ ਕਿਸੇ ਇਹ ਗੱਲ ਸਮਝ ਲਈ ਹੈ ਤੇ ਗੁਰੂ ਦੀ ਸ਼ਰਨ ਲੈ ਲਈ ਹੈ ਉਸ ਨੂੰ ਗੁਰੂ ਨੇ) ਕਿਰਪਾ ਕਰਕੇ ਪਾਰ ਕਰ ਦਿੱਤਾ ਹੈ॥੧੩॥

ਸਲੋਕੁ ਮਃ ੧॥

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

(ਭਾਵੇਂ) ਸਿੰਮਲ ਦਾ ਰੁੱਖ ਸਿੱਧਾ[1] ਬਹੁਤ ਲੰਮਾ ਤੇ ਬਹੁਤ ਮੋਟਾ ਹੁੰਦਾ ਹੈ (ਪਰੰਤੂ) ਓਹ[2] (ਪੰਛੀ) ਜਿਹੜੇ (ਫਲ ਦੀ) ਆਸ ਕਰਕੇ (ਪਾਸ) ਆਉਂਦੇ ਹਨ ਕਿਸ ਤਰ੍ਹਾਂ[3] ਨਿਰਾਸੇ (ਹੋ ਕੇ) ਚਲੇ ਜਾਂਦੇ ਹਨ। (ਦੇਖੋ ਇਡੀ ਵਡਿੱਤ ਦੇ ਹੁੰਦਿਆਂ ਇਸ ਦੇ) ਫਲ ਫਿੱਕੇ ਹਨ, ਫੁਲ ਬਕਬਕੇ ਹਨ ਤੇ ਪੱਤੇ (ਬੀ) ਕੰਮ ਨਹੀਂ ਆਉਂਦੇ। (ਸੋ ਮਿਠਾਸ ਤੋਂ ਬਿਨਾਂ ਉੱਚਾਪਨ, ਵੱਡਾਪਨ ਤੇ ਸੁਹਣਾ ਦਿਖਾਵਾ ਨਿਕੰਮੇ ਹਨ, ਇਸ ਦੇ ਟਾਕਰੇ ਤੇ) ਹੇ ਨਾਨਕ! ਮਿੱਠਤ (ਵਰਤਨੀ ਤੇ ਨਿੰਮ੍ਰਤਾ ਇਕ) ਨੀਵੀਂ[4] (ਗੱਲ ਲੱਗਦੀ ਹੈ, ਪਰ ਇਹ ਨਿਉਂ ਜਾਣਾ ਸਾਰੇ) ਗੁਣਾਂ ਤੇ ਸਾਰੀਆਂ ਚੰਗਿਆਈਆਂ ਦਾ ਸਾਰ ਹੈ। (ਅਸਲ ਵਿਚ ਨਿਉਂਣਾ ਨੀਵਾਂ ਪਨ ਨਹੀਂ, ਇਹ ਤਾਂ ਆਪਣੇ ਆਪੇ ਨੂੰ ਗੌਰਵ ਕਰਨਾ ਹੈ, ਇਸ ਲਈ) ਸਭ ਕੋਈ (ਜੋ) ਨਿਉਂਦਾ ਹੈ ਆਪਣੇ ਆਪ ਅਗੇ ਨਿਉਂਦਾ ਹੈ, ਪਰਾਏ ਅਗੇ ਕੋਈ ਨਹੀਂ ਨਿਉਂਦਾ। (ਸੋ ਇਹ ਨੀਊਂਣਾ ਨੀਚਾ-ਪਨ ਨਹੀਂ, ਇਸੇ ਵਿਚ ਗੌਰਵਤਾ ਹੈ, ਪ੍ਰਤੱਖ ਦੇਖੋ ਜਦ ਕੋਈ ਸ਼ੈ) ਤੱਕੜੀ ਉਤੇ ਧਰ ਕੇ ਤੋਲੀਏ ਤਾਂ (ਜੋ ਛਾਬਾ) ਨਿਉਂਦਾ ਹੈ ਉਹੋ ਭਾਰਾ ਹੁੰਦਾ ਹੈ,

---

੧. ਸਰਾਇਰਾ ਦਾ ਸੰਪ੍ਰਦਾਈ ਅਰਥ ਹੈ ਸਿੱਪਾ, ਸੂਧਾ। ਇਸ ਦਾ ਮੂਲ ਕੋਸ਼ ਵਿਚ ਦੱਸ ਆਏ ਹਾਂ- ਸਰ+ਆਇਰਾ=ਤੀਰ ਵਰਗਾ। (ਅ) ਦੂਸਰਾ ਅਰਥ ਸਰਾਇਰਾ ਦਾ ਹੈ-ਸਰਾਇ+ਰਾ=ਸਰਾਂ ਵਰਗਾ ਫੈਲਾਉਦਾਰ, ਜਿੱਥੇ ਸੁਖ ਦੀ ਆਸਾ ਕਰਕੇ ਮੁਸਾਫਰ ਲੋਕੀ ਆਉਂਦੇ ਹਨ। (ੲ) ਨੈਨੀਤਾਲ ਆਦੀ ਪਹਾੜਾਂ ਵਿਚ ਇਕ ਬਹੁਤ ਹੀ ਉੱਚਾ ਬ੍ਰਿੱਛ ਹੁੰਦਾ ਹੈ 'ਸਰਾਯ'। ਉਸ ਦਾ ਦੂਜਾ ਨਾਮ ਹੈ ਗੁੱਲਰ। ਸਰਾਯਰਾ=ਸਰਾਯ ਬ੍ਰਿੱਛ ਵਰਗਾ ਉੱਚਾ। ਭਾਵ, ਉੱਚਾ ਤਾਂ ਗੁੱਲਰ ਨਾਮੇ ਬ੍ਰਿਛ ਵਰਗਾ ਹੈ ਪਰ ਉਸ ਵਰਗਾ ਗੁਣਾਂ ਵਿਚ ਨਹੀਂ।

੨. 'ਓਇ' ਤੋਂ ਭਾਵ ਪੰਛੀ ਹੈ ਤੇ ਪੰਛੀ ਵਿਸ਼ੇਸ਼ ਤੋਤਾ ਹੈ, ਜੈਸਾ ਕਿ ਭਾਈ ਗੁਰਦਾਸ ਜੀ ਨੇ ਦੱਸਿਆ ਹੈ:- ਫੁਲ ਰਤੇ ਫਲ ਬਕਬਕੇ ਹੁਇ ਅਫਲ ਫਲੰਦਾ। ਸਾਵਾ ਤੋਤਾ ਚੁਹੁਚੁਹਾ ਤਿਸ ਦੇਖਿ ਭੁਲੰਦਾ। (੩੯-੧੦)।

੩. ਹੋਰ ਥਾਈਂ ਬੀ ਸ੍ਰੀ ਗੁਰੂ ਜੀ 'ਕਿਤੁ' ਪਦ 'ਕਿਸ ਤਰ੍ਹਾਂ' ਦੇ ਅਰਥ ਵਿਚ ਵਰਤਦੇ ਹਨ ਯਥਾ-ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥(ਸੂਹੀ ਮ:੧-੩)

੪. 'ਮਿਠਤ ਨੀਵੀ' ਦਾ ਅਰਥ ਬੇਰੀ ਵੀ ਲੈਂਦੇ ਹਨ ਜੋ ਹੁੰਦੀ ਨੀਵੀਂ ਹੈ ਪਰ ਮਿਠੇ ਫਲਾਂ ਵਾਲੀ ਹੈ। ਇਹ ਲਾਕਸਨਿਕ ਅਰਥ ਹਨ। (ੲ) ਨਿੰਮ੍ਰਤਾ ਜੋ ਮਿੱਠਤ (ਵਾਲੀ ਹੈ)।

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥

ਪਰ (ਅੰਦਰ ਅਵਗੁਣ ਰੱਖ ਕੇ ਜੋ ਨੀਉਣਾ ਹੈ ਉਹ ਨੀਉਣਾ ਕਿਸੇ ਕੰਮ ਨਹੀਂ[1], ਦੇਖੋ) ਅਪ੍ਰਾਧੀ ਦੂਣਾ ਨੀਉਂਦਾ ਹੈ ਜੀਕੂੰ ਮਿਰਗਾਂ ਦਾ ਸ਼ਿਕਾਰੀ (ਨੀਉਂਦਾ ਹੈ)। (ਸੋ) ਸਿਰ ਨਿਵਾਉਣ ਦਾ ਕੀ ਲਾਭ ਹੁੰਦਾ ਹੈ ਜਦੋਂ ਕਿ ਦਿਲ ਵਿਚ (ਉਹ ਨਿਵਾਣ) ਖੋਟੇ (ਪਾਸੇ ਵਲ) ਜਾ ਰਹੀ ਹੈ॥੧॥

ਭਾਵ- ਇਸ ਸ਼ਲੋਕ ਵਿਚ 'ਮਿੱਠਤ ਤੇ ਨਿੰਮ੍ਰਤਾ' ਉਤੇ ਜ਼ੋਰ ਹੈ। ਮਿੱਠਤ ਹੀਨ ਉੱਚਾਪਨ ਕਿਸੇ ਕੰਮ ਨਹੀਂ, ਮਿੱਠਤ ਹੀਨ ਯਾ ਖੋਟ ਵਾਲੀ ਨਿੰਮ੍ਰਤਾ ਕਿਸੇ ਕੰਮ ਨਹੀਂ। ਮਿੱਠਤ ਇਕ ਐਸੀ ਗੌਰਵਤਾ ਹੈ, ਜਿਸ ਦੇ ਅੰਦਰ ਆਇਆਂ ਸੁਤੇ ਨਿੰਮ੍ਰਤਾ ਉਪਜਦੀ ਹੈ। ਇਹ ਨਿੰਮ੍ਰਤਾ ਨੀਵਾਂ ਪਨ ਨਹੀਂ, ਇਹ ਆਪੇ ਦਾ ਗੌਰਵ ਹੈ, ਇਹੋ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਸਾਰ ਹੈ। ਸਿੰਮਲ ਤੋਂ ਗਜਾਨੀ ਭਾਵ ਦਿਖਾਵੇ ਦੇ ਉਪਕਾਰੀ ਤੇ ਸੰਤ ਦਾ ਬੀ ਲੈਂਦੇ ਹਨ, ਜਿਸ ਪਾਸ ਜਗਜਾਸੂ ਆ ਕੇ ਨਿਰਾਸ ਜਾਂਦੇ ਸਨ। ਅਸਲੀ ਆਤਮ ਰਸ-ਮਈ ਅਵਸਥਾ ਵਾਲੇ ਸੰਤ ਜੋ ਨਿੰਮ੍ਰਤਾ ਵਿਚ ਵੱਸਦੇ ਹਨ ਤੇ ਮਿੱਠਤ ਨਾਲ ਵਰਤਦੇ ਹਨ ਉਹਨਾਂ ਤੋਂ ਉਪਕਾਰ ਹੁੰਦਾ ਹੈ ਸੋ ਅਸਲ ਗੌਰਵ ਵਾਲੇ ਓਹੋ ਮੰਨੇ ਜਾਂਦੇ ਹਨ।

ਇਸ ਦੇ ਅਗੇ ਜੋ ਸ਼ਲੋਕ ਰਖਿਆ ਗਿਆ ਹੈ ਉਸ ਵਿਚ ਪਖੰਡੀ ਪੰਡਿਤ ਦਾ ਹੀ ਨਿਰੂਪਣ ਹੈ।

ਮਃ ੧ ॥

ਪੜਿ ਪੁਸਤਕ ਸੰਧਿਆ ਬਾਦੰ॥

ਸਿਲ ਪੂਜਸਿ ਬਗੁਲ ਸਮਾਧੰ॥

ਮੁਖਿ ਝੂਠ ਬਿਭੂਖਣ ਸਾਰੰ॥

ਤ੍ਰੈਪਾਲ ਤਿਹਾਲ ਬਿਚਾਰੰ ॥

ਗਲਿ ਮਾਲਾ ਤਿਲਕੁ ਲਿਲਾਟੰ ॥

ਦੁਇ ਧੋਤੀ ਬਸਤ੍ਰ ਕਪਾਟੰ ॥

ਜੇ ਜਾਣਸਿ ਬ੍ਰਹਮੰ

(ਫੋਕਟ ਕਰਮੀ ਪੰਡਿਤ) ਪੁਸਤਕਾਂ ਪੜ੍ਹਦਾ ਹੈ (ਪਰ) ਵਾਦ ਵਿਵਾਦ (ਬਹਿਸ ਤੇ ਝਗੜੇ ਕਰਨ ਲਈ)। ਮੂਰਤੀ ਪੂਜਦਾ ਹੈ, ਸੰਧਯਾ (ਉਚਾਰਦਾ ਹੈ, ਪਰ ਉਸ ਵਿਚ ਉਸ ਦੀ ਧਾਰਨਾ) ਬਗਲੇ ਦੀ ਸਮਾਧੀ (ਵਾਂਙੂ ਹੈ। ਉਸ ਦੇ) ਮੂੰਹ ਵਿਚ ਜੋ ਸਾਰ (ਸ੍ਰੇਸ਼ਟ ਗੱਲ ਬਾਤ ਪ੍ਰਤੀਤ ਹੁੰਦੀ ਹੈ ਉਹ ਝੂਠ=) ਮੁਲੰਮੇ ਦੇ ਗਹਿਣਿਆਂ (ਵਾਂਙੂ) ਹੈ। ਤਿੰਨ ਵੇਲੇ[2] ਗਾਯਤ੍ਰੀ[3] ਮੰਤ੍ਰ ਦਾ ਵਿਚਾਰ ਕਰਦਾ ਹੈ। ਗਲ ਵਿਚ ਮਾਲਾ (ਪਈ) ਹੈ ਤੇ ਮੱਥੇ ਤੇ ਤਿਲਕ (ਲਾਇਆ) ਹੈ। ਦੋ ਧੋਤੀਆਂ (ਪਾਸ ਰੱਖਦਾ ਹੈ ਤੇ ਪੂਜਾ ਵੇਲੇ) ਕਪੜਾ (ਤਾਣ ਕੇ) ਪਰਦਾ[4] (ਕਰ ਲੈਂਦਾ ਹੈ)। ਜੇ (ਇਹ ਪੰਡਿਤ

---

੧. ਇਸ ਅੱਧੀ ਤੁਕ ਦਾ ਇਕ ਅਰਥ ਹੈ ਕਿ ਭਾਰਾ ਛਾਬਾ ਨਿਵੇਂਗਾ, ਦੂਜਾ ਅਰਥ ਹੈ, ਗੁਣਾਂ ਦੀ ਗੌਰਵਤਾ ਵਾਲਾ ਪੁਰਖ ਨਿੰਮ੍ਰਤਾ ਵਾਲਾ ਹੋਵੇਗਾ। ਇਹ ਵਾਕ ਇਸ ਖੂਬੀ ਦਾ ਹੈ ਕਿ ਪੰਜਾਬੀ ਵਿਚ ਤਦ ਤੋਂ ਜ਼ਰਬੁਲ ਮਿਸਲ ਅਰਥਾਤ ਅਖਾਵਤ ਬਣ ਗਿਆ ਹੈ। ਵੱਡਾ ਪੁਰਖ ਜਦ ਨਿੰਮ੍ਰਤਾ ਕਰੇ ਤਦ ਲੋਕੀਂ ਬੋਲਦੇ ਹਨ: 'ਨਿਵੈ ਸੁ ਗਉਰਾ ਹੋਇ॥'

੨. ਸੰਸ: ਤ੍ਰਿਕਾਲ, ਪ੍ਰਾ: ਤਿਆਲ, ਦੇਸ਼ ਭਾਸ਼ਾ, ਤਿਹਾਲ, ਤਿੰਨ ਵੇਲੇ।

੩. ਤ੍ਰੈ ਪਾਲ= ਤ੍ਰਿਪਦਾ=ਗਾਯਤ੍ਰੀ। (ਤਿਪਾਲ=ਤਿੰਨਾਂ ਸਤਰਾਂ ਵਾਲੀ ਭਾਵ ਗਾਯਤ੍ਰੀ)। (ਅ) ਗਜਾਨੀ ਇਉਂ ਬੀ ਲਾ ਲੈਂਦੇ ਹਨ। ਤਿੰਨਾਂ ਲੋਕਾਂ ਨੂੰ ਪਾਲਣ ਵਾਲਾ ਤੇਰੇ ਹਾਲ ਦੀ ਵੀਚਾਰ ਕਰਦਾ ਹੈ।

੪. ਸੰਸ: ਕਪਾਟ=ਪਰਦਾ। ਪੂਜਾ ਵੇਲੇ ਦੁਆਲੇ ਪਰਦਾ ਤਾਣ ਲੈਂਦੇ ਹਨ। (ਅ) 'ਕਪਾਟ' ਨੂੰ 'ਕਪਾਲ' ਸਮਝ ਕੇ ਬਸਤ੍ਰ ਕਪਾਟ ਦਾ ਅਰਥ 'ਸੰਧਯਾ ਕਰਨ ਵੇਲੇ ਸਿਰ ਤੇ ਰੱਖਣ ਵਾਲਾ ਗਿੱਲਾ ਕੱਪੜਾ' ਬੀ ਅਰਥ ਕਰ ਲੈਂਦੇ ਹਨ। (ੲ) ਬਸਤ੍ਰਕ+ਪਾਟੰ ਕਰਕੇ ਪਟ ਦਾ ਕਪੜਾ ਬੀ ਅਰਥ ਲਾ ਲੈਂਦੇ ਹਨ।

ਕਰਮੰ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥੨॥

ਅਸਲੀ) ਬ੍ਰਹਮ ਕਰਮ[1] ਨੂੰ ਜਾਣਦਾ ਹੋਵੇ ਤਾਂ ਨਿਸਚੇ (ਮਾਣ ਲਵੇ ਕਿ ਉਸ ਦੇ ਏਹ) ਸਾਰੇ ਕਰਮ ਫੋਕਟ ਹਨ। (ਬ੍ਰਹਮ ਕਰਮ ਦੱਸਦੇ ਹਨ:-) ਕਹਿੰਦੇ ਹਨ (ਗੁਰੂ ਨਾਨਕ), (ਲੋੜ ਤਾਂ ਕੇਵਲ ਇਸ ਗੱਲ ਦੀ ਸੀ ਕਿ) ਸ਼ਰਧਾ ਨਾਲ (ਪਰਮੇਸ਼ੁਰ ਨੂੰ) ਧਿਆਵੇ[2] (ਪਰ ਇਹ ਸ਼ਰਧਾ ਵਾਲਾ) ਮਾਰਗ ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ॥੨॥

ਪਉੜੀ ॥
ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥੧੪॥

ਬਸਤ੍ਰ ਤੇ ਸੁੰਦਰ ਰੂਪ[3] (ਇਸ) ਦੁਨੀਆਂ ਵਿਚ (ਹੀ) ਛੱਡ ਕੇ (ਜੀਵ ਨੇ ਪ੍ਰਲੋਕ ਨੂੰ) ਤੁਰ ਜਾਣਾ ਹੈ, (ਪਰ ਕਰਮਾਂ ਨੇ ਨਾਲ ਜਾਣਾ ਹੈ ਸੋ) ਸ਼ੁਭ ਅਸ਼ੁਭ (ਜੇਹਾ ਕੁਛ) ਆਪਣਾ ਕੀਤਾ (ਕਰਮ ਹੈ ਉਹੋ ਜੇਹਾ ਉਸ ਦਾ ਫਲ ਅੱਗੇ ਜਾ ਕੇ) ਆਪ ਹੀ ਪਾਉਣਾ ਹੈ। (ਏਸ ਦੁਨੀਆਂ ਵਿਚ ਭਾਵੇਂ) ਮਨ ਭਾਂਵਦੇ ਹੁਕਮ ਕੀਤੇ ਹੋਣ, (ਪਰ) ਅਗੇ ਤਾਂ ਭੀੜੇ ਰਸਤੇ ਥਾਣੀ ਲੰਘਣਾ ਹੈ[4]। (ਐਸਾ ਜੀਵ ਜਦ) ਦੋਜ਼ਕ ਨੂੰ ਨੰਗਾ ਟੋਰਿਆ ਜਾਂਦਾ ਹੈ ਤਾਂ ਬੜਾ ਭਯਾਨਕ ਨਜ਼ਰ ਆਉਂਦਾ ਹੈ। (ਐਉਂ) ਔਗੁਣ ਕਰਕੇ (ਜੀਵ ਨੂੰ ਮਗਰੋਂ) ਪੱਛੋਤਾਉਣਾ ਪੈਂਦਾ ਹੈ॥੧੪॥

ਸੂਚਨਾ- ਜਾਪਦਾ ਹੈ ਕਿ ਇਸ ਪਉੜੀ ਦਾ ਪਹਿਲਾ ਸ਼ਲੋਕ 'ਸਿੰਮਲ ਰੁਖ' ਕਿਸੇ ਕਰਨੀ ਹੀਨ ਪਰ ਕਾਮਯਾਬ ਬਨਾਵਟੀ ਸਾਧੂ ਪਰਥਾਇ ਹੈ; ਦੂਸਰਾ ਸ਼ਲੋਕ ਕਿਸੇ ਵੈਸੇ ਪੰਡਤ ਪਰਥਾਇ ਹੈ ਅਤੇ ਇਹ ਪੌੜੀ ਕਿਸੇ ਜ਼ੋਰਾਵਰ ਦੇ ਚਲਾਣੇ ਪਰਥਾਇ ਹੈ। 'ਦੋਜ਼ਖ' ਪਦ ਤੋਂ ਸੰਭਵ ਜਾਪਦਾ ਹੈ ਕਿ ਉਹ ਮੁਸਲਮਾਨ ਹੋਵੇ। ਅਗਲੇ ਚਾਰੇ ਸ਼ਲੋਕ ਜਨੇਊ ਪਰਥਾਇ ਹਨ। ਜਨਮ ਸਾਖੀਆਂ ਵਿਚ ਲਿਖਤ ਹੈ ਕਿ ਏਹ ਗੁਰੂ ਜੀ ਨੇ ਆਪਣੀ ਯਗਯੋਪਵੀਤ ਹੋਣ ਵੇਲੇ ਉਚਾਰ ਕੇ ਪਾਂਧੇ ਪ੍ਰਤੀ ਸਮੋਪ ਕੀਤਾ ਸੀ।

ਸਲੋਕੁ ਮਃ ੧॥ ਦਇਆ ਕਪਾਹ

ਦਇਆ (ਰੂਪੀ) ਕਪਾਹ (ਹੋਵੇ, ਉਸ ਤੋਂ) ਸੰਤੋਖ

੧. ਐਉਂ ਬੀ ਕਰਦੇ ਹਨ, ਜੋ ਬ੍ਰਹਮ ਦੇ ਕਰਮ ਨੂੰ ਸਮਝਦਾ ਹੈ ਉਹ ਨਿਸਚੇ ਇਹਨਾਂ ਨੂੰ ਫੋਕਟ ਕਰਮ ਸਮਝੇਗਾ, ਪਰ ਇਸ ਵਿਚ 'ਜੇ' ਦਾ ਅਰਥ 'ਜੋ' ਲਾਉਣਾ ਪੈਂਦਾ ਹੈ।

੨. ਇਸ ਤੋਂ ਪਤਾ ਲਗਦਾ ਹੈ ਕਿ 'ਬ੍ਰਹਮੰ ਕਰਮੰ' ਤੋਂ ਮੁਰਾਦ ਸਤਿਗੁਰਾਂ ਦੀ ਬ੍ਰਹਮ ਕਰਮ ਸਮਾਧਿ ਦੀ ਹੈ, ਜਿਸ ਦਾ ਅਰਥ ਹੈ-ਸਮਾਧਿ ਕਰਕੇ ਜੀਵਾਤਮਾ ਨੂੰ ਪਰਮਾਤਮਾ ਵਿਚ ਯੁਕਤ ਕਰਨਾ, ਕਿਉਂਕਿ ਨਿਹਚਉ ਧਿਆਵੈ ਦਾ ਬੀ ਇਹੀ ਅਰਥ ਭਾਵ ਹੈ, ਅਤੇ ਸ਼ਲੋਕ ਦੇ ਆਰੰਭ ਵਿਚ ਜ਼ਿਕਰ ਬਗੁਲ ਸਮਾਧੀ ਦਾ ਹੈ।

੩. 'ਕਪੜ' ਪਦ ਵਿਚ ਸਾਰੀ ਸੰਪਤੀ ਦਾ ਭਾਵ ਹੈ ਤੇ 'ਰੂਪ' ਪਦ ਵਿਚ ਸਰੀਰ ਤੇ ਇਸ ਦੀ ਸੁੰਦਰਤਾ ਦਾ ਤਾਤਪਰਜ ਹੈ।

੪. ਇਥੇ ਕਾਵ੍ਯ ਦਾ ਇਕ ਸੁੰਦਰ ਅਲੰਕਾਰ ਹੈ। ਦੁਨੀਆਂ ਵਿਚ ਉਸ ਨੂੰ ਮਨ ਭਾਂਵਦੇ ਕਰਮ ਕਰਨ ਦੀ ਖੁੱਲ੍ਹ ਪ੍ਰਾਪਤ ਸੀ, ਪਰ ਅਗੋਂ (ਖੁੱਲ੍ਹ ਦੇ ਉਲਟ) ਭੀੜ ਦੀ ਮਜਬੂਰੀ ਆ ਗਈ।

ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥

ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥

(ਰੂਪੀ) ਸੂਤ (ਬਣਾਯਾ ਜਾਵੇ), ਸਤ ਦੇ ਉਸ (ਸੂਤ) ਨੂੰ ਵੱਟ (ਦਿੱਤੇ ਜਾਣ ਤੇ) ਜਤ ਦੀਆਂ ਗੰਢਾਂ (ਪਾਈਆਂ ਜਾਣ)। ਇਹ (ਜਨੇਊ ਤੇਰੇ ਪਿੰਡੇ ਤੇ ਪਾਏ ਜਾਣ ਵਾਲੇ ਜਨੇਊ ਦੇ ਟਾਕਰੇ ਤੇ) ਜੀਵ ਦੇ (ਗਲੇ ਪੈਣ ਵਾਲਾ) ਜਨੇਊ ਹੈ, (ਜੇ ਇਹ ਤੇਰੇ ਪਾਸ) ਹੈ (ਤਾਂ ਸਾਨੂੰ) ਹੇ ਪਾਂਡੇ! ਪਾ ਦੇਹ! ਇਹ (ਉਸ ਜਨੇਊ ਵਾਂਙੂ) ਟੁੱਟਦਾ ਨਹੀਂ, ਨਾ (ਇਸ ਨੂੰ) ਮੈਲ ਲੱਗਦੀ ਹੈ, ਨਾਂ ਇਹ (ਅੱਗ ਨਾਲ) ਸੜਦਾ ਹੈ ਨਾ ਗੁਆਚਦਾ ਹੈ, ਤੇ ਜੋ (ਇਸ ਨੂੰ) ਗਲ ਵਿਚ ਪਾ ਕੇ ਟੁਰੇ ਹਨ[੧], ਹੇ ਨਾਨਕ! ਓਹ (ਧਾਰਨਹਾਰ) ਮਨੁੱਖ ਬੀ ਧੰਨ ਹਨ।

(ਪਰ ਜੋ ਜਨੇਊ ਤੂੰ ਪਾਉਣ ਖੜੋਤਾ ਹੈਂ ਇਹ ਤਾਂ) ਚਾਰ ਕੌਡੀਆਂ ਨੂੰ ਮੁੱਲ ਆ ਜਾਂਦਾ ਹੈ, ਚਉਕੇ ਵਿਚ ਬੈਠ ਕੇ ਪਾ ਲਈਦਾ ਹੈ। (ਪਾਉਣ ਵਾਲਾ) ਬ੍ਰਾਹਮਣ ਕੰਨ ਵਿਚ ਸਿਖਜਾ ਦੇਂਦਾ ਹੈ ਤੇ (ਇੰਨੇ ਮਾਤ੍ਰ ਨਾਲ ) ਗੁਰੂ ਬਣ ਬਹਿੰਦਾ ਹੈ[੨]।

(ਜਦੋਂ ਦਿਨ ਪੁੱਗੇ ਤਦ) ਓਹ (=ਧਾਰਨ ਵਾਲਾ) ਮਰ ਜਾਂਦਾ ਹੈ (ਤੇ) ਉਹ (ਜਨੇਊ ਸਰੀਰ ਤੋਂ) ਲਹਿ ਜਾਂਦਾ ਹੈ, ਸੋ (ਧਾਰਨਹਾਰ ਦਾ ਜੀਵ ਪਰਲੋਕ ਨੂੰ) ਜਨੇਊ ਤੋਂ ਖਾਲੀ ਹੀ ਜਾਂਦਾ ਹੈ[੩]॥੧॥

(ਉਪਰਲੇ ਜਨੇਊ ਦੇ ਰਸਮੀ ਸੰਸਕਾਰ ਮਾਤ੍ਰ ਨਾਲ ਜੋ ਸਮਝ ਲਿਆ ਗਿਆ ਕਿ ਦੀਖਜਾ ਹੋ ਗਈ ਤੇ ਇਸ ਦੀਖਜਾ ਨੇ ਕਲਜਾਨ ਕਰ ਦਿੱਤੀ ਉਹ ਨਹੀਂ

੧. ਅੰਤਲੀ ਤੁਕ 'ਵੇਤਗਾ ਗਇਆ' ਦੱਸਦੀ ਹੈ ਕਿ ਏਥੇ 'ਜੋ ਗਲਿ ਚਲੇ ਪਾਇ' ਦਾ ਭਾਵ ਹੈ ਕਿ ਏਹ ਜਨੇਊ ਜੀਵ ਦੇ ਗਲੇ ਪੈ ਗਿਆ ਹੈ, ਜੀਵ ਦੇ ਨਾਲ ਅਗੇ ਜਾਏਗਾ।

੨. ਬ੍ਰਾਹਮਣ ਛੱਤ੍ਰੀ ਵੈਸ਼ ਤਿੰਨਾਂ ਦਾ- ਯਗ੍ਯੋਪਵੀਤ, ਉਪਨਜਨ ਯਾ ਜਨੇਊ ਦਾ ਸੰਸਕਾਰ ਹੁੰਦਾ ਹੈ। 'ਯਗਜੋਪਵੀਤੇ ਪਰਮ ਪਵਿਤ੍ਰੰ' ਇਕ ਸਲੋਕ ਪੜ੍ਹ ਕੇ ਪਹਿਨਾਉਂਦੇ ਹਨ। ਫੇਰ ਸਾਵਿਤ੍ਰੀ ਦਾ ਅਧਜਯਨ ਕਰਾਉਂਦੇ ਹਨ ਦੀਖਜਤ ਕਰਦੇ ਹਨ। ਉਹ ਹੈ ਗਾਯਤ੍ਰੀ ਮੰਤ੍ਰ ਦਾ ਪੜ੍ਹਾਉਣਾ। ਇਸ ਦਾ ਬੀ ਕੁਛ ਵਿਸਥਾਰ ਹੈ, ਪਰ ਹੁਣ ਬ੍ਰਾਹਮਣ ਉਸ ਵੇਲੇ ਕੰਨ ਵਿਚ ਮੰਤ੍ਰ ਦੇਣ ਮਾਤ੍ਰ ਨਾਲ ਖਤਮ ਕਰਦਾ ਹੈ। ਅਗੇ ਇਹ ਸੰਸਕਾਰ ਹੋ ਕੇ ਗੁਰੂ ਪਾਸ ਵਿਦਜਾ ਪਾਉਣ ਵਾਸਤੇ ਜਾਂਦੇ ਸਨ, ਹੁਣ ਬਸ ਕੰਨ ਵਿਚ ਜੋ ਮੰਤ੍ਰ ਬ੍ਰਹਮਣ ਕਹਿ ਦੇਂਦਾ ਹੈ ਉਹ ਸੰਸਕ੍ਰਿਤ ਵਿਚ ਹੋਣ ਕਰਕੇ ਧਾਰਨ ਵਾਲਾ ਸਮਝਦਾ ਨਹੀਂ। ਉਸ ਦੇ ਆਚਰਣ ਅਤੇ ਹੋਰ ਦ੍ਵਿਜ ਧਰਮ ਆਦਿ ਦਾ ਬ੍ਰਾਹਮਣ ਕੋਈ ਉਪਰਾਲਾ ਨਹੀਂ ਕਰਦਾ, ਕੇਵਲ ਸਮਝੇ ਨਾ ਪਏ ਪਦ ਮਾਤ੍ਰ ਕੰਨ ਵਿਚ ਚੜ੍ਹਾ ਦੇਣ ਨਾਲ ਗੁਰੂ ਬਣ ਬਹਿੰਦਾ ਹੈ। (ਸਿਖਾ=ਸਿਖਜਾ। ਸੰਸ:, ਸਿਕ੍ਸ਼ਾ। ਪ੍ਰਾਕ੍ਰਿਤ, ਸਿਕ੍ਖਾ। ਪੁ: ਪੰਜਾਬੀ, ਸਿੱਖਾ।

੩. ਸੈਨਤ ਇਹ ਹੈ ਕਿ ਦ੍ਵਿਜ ਜੀਵ ਜਦ ਪ੍ਰਲੋਕ ਨੂੰ ਗਿਆ ਜਨੇਊ ਲਹਿ ਜਾਣ ਕਰਕੇ (ਏਥੇ ਰਹਿ ਜਾਣ ਕਰਕੇ) ਸ਼ੂਦ੍ਰ ਹੋ ਗਿਆ।

ਮ: ੧ ॥
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥

(ਹੁੰਦੀ ਕਿਉਂਕਿ) ਜੀਵ ਦੇ ਨਾ ਅਨੇਕਾਂ[1] ਚੋਰੀਆਂ, ਅਨੇਕਾਂ ਯਾਰੀਆਂ[2], ਅਨੇਕਾਂ ਝੂਠੀਆਂ (ਵੀਚਾਰਾਂ) ਅਨੇਕਾਂ ਗ਼ਾਲੀਆਂ, ਅਨੇਕਾਂ ਠੱਗੀਆਂ, (ਅਨੇਕਾਂ) ਬੇਈਮਾਨੀਆਂ ਦਿਨ ਰਾਤ ਰਹਿੰਦੀਆਂ ਹਨ। ਜੰਞੂ[3] (ਤਾਂ ਆਪ ਹੀ) ਕਪਾਹ ਤੋਂ ਕੱਤੀਦਾ ਹੈ, ਬ੍ਰਾਹਮਣ ਆ ਕੇ (ਉਸ ਨੂੰ) ਵੱਟ ਕੇ (ਜਨੇਊ) ਬਣਾ ਲੈਂਦਾ ਹੈ (ਜਿਸ ਨੂੰ ਪਹਿਨਣ ਲਗਿਆਂ) ਬੱਕਰਾ ਕੋਹ ਕੇ ਰਿੰਨ੍ਹ ਕੇ ਖਾਧਾ ਜਾਂਦਾ ਹੈ[4] ਤੇ ਸਭ ਕੋਈ ਆਖਦਾ ਹੈ (ਜਨੇਊ) ਪੈ ਗਿਆ ਹੈ। (ਇਹ ਜਨੇਊ ਜੋ ਐਡੇ ਅਡੰਬਰ ਨਾਲ ਪਿਆ ਸੀ) ਪੁਰਾਣਾ ਹੋਣ ਤੇ (ਝਟ ਲਾਹ ਕੇ) ਸੁੱਟ ਦੇਈਦਾ ਹੈ, ਫੇਰ (ਬਿਨਾ ਅਡੰਬਰ ਕੀਤੇ ਦੇ) ਹੋਰ ਭੀ ਪਾ ਲਈਦਾ ਹੈ। (ਪਰ ਜੇ ਇਸ) ਜਨੇਊ ਵਿਚ (ਸ਼ੁਭ ਗੁਣਾਂ ਦੀ ਧਾਰਨਾਂ ਦਾ) ਜ਼ੋਰ ਹੁੰਦਾ ਤਾਂ ਟੁੱਟਦਾ ਨਾਂ (ਜਿਵੇਂ ਕਿ ਇਹ ਤਾਗਾ ਟੁੱਟ ਜਾਂਦਾ ਹੈ)॥੨॥

ਮ: ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥

(ਪਰਮੇਸ਼ੁਰ ਦੇ) ਨਾਮ ਦੇ ਮੰਨਣ ਨਾਲ ਪਤ ਉਪਜਦੀ ਹੈ (ਤੇ ਉਸ ਦੀ ਸਿਫਤ) ਸਲਾਹ ਨਾਲ ਸੱਚਾ ਜਨੇਊ ਬਣਦਾ ਹੈ। (ਇਹ) ਪਵਿੱਤ੍ਰ ਜਨੇਊ ਪਾਈਏ, (ਕਿਉਂਕਿ) ਇਹ ਟੁੱਟਦਾ ਬੀ ਨਹੀਂ ਤੇ ਦਰਗਾਹ ਵਿਚ (ਨਾਲ ਵੀ ਜਾਂਦਾ ਹੈ)॥੩॥

ਭਾਵ- ਜੰਞੂ ਦਾ ਮਤਲਬ ਹੁੰਦਾ ਹੈ ਦ੍ਵਿਜ (ਦੁਜਨਮਾ) ਬਣਾਉਨਾ, ਦ੍ਵਿਜ ਹੋ ਜਾਣ ਨਾਲ ਪ੍ਰਤਿਸ਼ਠਾ ਹੋ ਜਾਂਦੀ ਹੈ, ਪਰ ਅਸਲੀ ਅਰਥਾਂ ਵਿਚ ਪੁਰਖ ਏਸ ਤਰ੍ਹਾਂ ਪ੍ਰਤਿਸ਼ਠਿਤ ਨਹੀਂ ਹੁੰਦਾ, ਕਿਉਂਕਿ ਠੱਗੀਆਂ ਪਹਿਨਾਮੀਆਂ ਜੀਵ ਦੇ ਨਾਲ ਰਹਿੰਦੀਆਂ ਹਨ ਤੇ ਜੰਞੂ ਇਨ੍ਹਾਂ ਨੂੰ ਰੋਕਦਾ ਨਹੀਂ। ਇਸ ਲਈ ਦੱਸਦੇ ਹਨ ਕਿ ਲੋਕ ਪ੍ਰਲੋਕ ਦੀ ਪਤਿ ਨਾਮ ਨਾਲ ਉਪਜਦੀ ਹੈ ਤੇ ਸਿਫਤ ਸਲਾਹ ਨਾਲ ਪਵਿੱਤ੍ਰ ਤੇ ਅਟੁੱਟ ਜੰਞੂ ਪ੍ਰਾਪਤ ਹੁੰਦਾ ਹੈ ਜੋ ਸਭ ਲੱਖਾਂ ਪਹਿਨਾਮੀਆਂ ਆਦਿਕਾਂ ਤੋਂ ਪਵਿੱਤ੍ਰ ਕਰਦਾ ਹੈ ਤੇ ਦਰਗਾਹ ਵਿਚ ਬੀ ਨਾਲ ਜਾਂਦਾ ਹੈ।

ਪਿਛਲਿਆਂ ਤ੍ਰੈ ਸ਼ਲੋਕਾਂ ਵਿਚ ਜਨੇਊ ਤੇ 'ਪਹਿਨਣਹਾਰ' ਬਾਬਤ ਜ਼ਿਕਰ ਸੀ ਹੁਣ 'ਪਹਿਨਾਵਣਹਾਰ' ਬਾਬਤ ਜ਼ਿਕਰ ਕਰਦੇ ਹਨ। ਇਸ ਵਿਚ ਤਗ ਤੋਂ ਮੁਰਾਦ 'ਰੋਕ' ਹੈ ਕਿ ਇਸ ਤੱਗ ਨੇ ਮੰਦ ਕਰਮਾਂ ਵਲੋਂ ਰੋਕ ਨਹੀਂ ਪਾਈ।

ਮ: ੧॥ ਤਗੁ ਨ ਇੰਦ੍ਰੀ ਤਗੁ

(ਹੇ ਬ੍ਰਹਮਣ! ਤੈਂ ਆਪਣੇ) ਕਾਮ ਵਿਕਾਰ ਨੂੰ ਜੰਞੂ ਨਹੀਂ ਪਹਿਰਾਇਆ (ਭਾਵ ਰੋਕ ਨਹੀਂ ਪਾਈ) ਨਾ

੧. ਲਖ ਤੋਂ ਭਾਵ ਅਨੇਕਾਂ ਹੈ। ੨. ਸੰਸ:- ਜਾਰ। ਫ਼ਾਰਸੀ, ਯਾਰ; ਪੰਜਾਬੀ-ਯਾਰ।
੩. ਤਗੁ=ਤਾਗਾ, ਜਨੇਊ। ਦੱਸ ਕੇ ਉਸ ਪਰ ਕਿੰਤੂ ਕਰ ਰਹੇ ਹਨ।
੪. ਬੱਕਰੇ ਕੁਹਣ ਨੂੰ ਧਾਰਮਕ ਰਸਮ ਦਾ ਇਕ ਅੰਗ ਬਣਾ ਲੈਣਾ ਦੱਸ ਕੇ ਉਸ ਪਰ ਕਿੰਤੂ ਕਰ ਰਹੇ ਹਨ।


www.sikhbookclub.com

ਨ ਨਾਰੀ॥
ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥
ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥
ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥੪॥

ਆਪਣੀਆਂ ਨਾੜਾਂ ਨੂੰ ਜੰਞੂ ਪਹਿਰਾਇਆ ਹੈ[1]। (ਇਸ ਤੇਰੀ) ਨਿਤਪ੍ਰਤੀ (ਦੀ ਬੇ ਨਿਯਮੀ ਉਪਰ) ਰੋਜ਼ ਲਾਨਤ ਪੈਂਦੀ ਹੈ[2]। ਪੈਰਾਂ ਤੇ ਹੱਥਾਂ ਨੂੰ ਬੀ (ਮਾੜੇ ਕਰਮਾਂ ਤੋਂ ਰੁਕਣ ਦਾ ਕੋਈ) ਧਾਗਾ (ਰੋਕ ਰੁਕਾਵਾ) ਨਹੀਂ ਪਿਆ ਹੋਇਆ। (ਇਸੇ ਤਰ੍ਹਾਂ) ਜੀਭ ਨੂੰ (ਫਿੱਕੇ ਵਾਕਾਂ ਤੋਂ ਰੁਕਣ ਦਾ ਤੇ ਰਸਾਂ ਤੋਂ ਰੋਕਣ ਦਾ ਅਤੇ) ਅੱਖਾਂ ਨੂੰ (ਮੰਦੀ ਦ੍ਰਿਸ਼ਟੀ ਤੋਂ ਵਰਜੇ ਜਾਣ ਦਾ ਕੋਈ) ਧਾਗਾ ਨਹੀਂ ਪਿਆ ਹੋਇਆ। (ਸੋ ਅਸਲ ਵਿਚ ਬ੍ਰਹਮਨ) ਆਪ (ਜੰਞੂ ਪਹਿਨੇ ਹੋਏ ਬੀ) ਬੇ-ਜਨੇਊ ਹੋ ਕੇ ਵਰਤ ਰਿਹਾ ਹੈ, (ਪਰ ਅਚਰਜ ਹੈ ਕਿ) ਲੋਕਾਂ ਨੂੰ ਧਾਗੇ ਵੱਟ ਵੱਟ ਕੇ ਪਹਿਨਾ ਰਿਹਾ ਹੈ। (ਜੇ ਇਸ ਬ੍ਰਹਮਣ ਦੇ ਹੋਰ ਕਰਮ ਦੇਖੋ ਤਾਂ) ਵਿਆਹ ਕਰਾਉਂਦਾ ਹੈ ਤਾਂ ਭਾੜਾ ਲੈ ਕੇ ਕਰਾਉਂਦਾ ਹੈ! (ਜੇ ਕੋਈ ਸਫਰ ਬਾਬਤ ਸਲਾਹ ਆ ਪੁੱਛੇ ਤਾਂ) ਪਤ੍ਰੀ ਕੱਢ ਕੇ ਰਸਤੇ ਦੱਸਦਾ ਹੈ (ਹਾਲਾਂਕਿ ਉਸ ਨੂੰ ਆਪ ਕੁਝ ਪਤਾ ਨਹੀਂ ਹੁੰਦਾ)। ਹੇ ਲੋਕੋ! ਸੁਣੋ ਤੇ ਵੇਖੋ ਕੇਡੇ ਅਚਰਜ ਦੀ ਗੱਲ ਹੈ (ਕਿ ਇਹ ਆਪ ਹੈ ਤਾਂ) ਮਨ ਦਾ ਅੰਨ੍ਹਾਂ, ਪਰ ਇਸ ਦਾ ਨਾਉਂ ਹੈ ਪੰਡਿਤ[3] ॥੪॥

੧੪ਵੀਂ ਪਉੜੀ ਵਿਚ ਫੁਰਮਾਯਾ ਸੀ ਕਿ ਪਾਪੀ ਨੰਗਾ ਦੋਜ਼ਖ ਨੂੰ ਜਾਂਦਾ ਹੈ ਤੇ ਉਪਰਲੇ ਸਲੋਕਾਂ ਵਿਚ ਬੀ ਇਥੇ ਸ਼ਰਮਿੰਦਗੀ ਵਾਲੇ ਕਰਮਾਂ ਵਿਚ ਲੱਗੇ ਰਹਿਣ ਦਾ ਜ਼ਿਕਰ ਹੈ, ਹੁਣ ਦੱਸਦੇ ਹਨ ਕਿ ਕਿਵੇਂ ਉਹੋ ਜੀਵ ਇਥੋਂ ਸੁਰਖਰੂ ਬੀ ਜਾ ਸਕਦਾ ਹੈ ਤੇ ਅੱਗੇ ਅਬਰੋ ਪਾ ਸਕਦਾ ਹੈ।

ਪਉੜੀ॥
ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾ ਇਸੀ ॥

(ਜਿਸ ਉਤੇ) ਮਾਲਕ (ਵਾਹਿਗੁਰੂ) ਦਿਆਲ ਹੋਵੇ (ਤੇ ਆਪਣੀ) ਕਿਰਪਾ ਕਰੇ ਤਾਂ (ਉਸ ਪੁਰਖ ਤੋਂ) ਓਹ ਕੰਮ ਕਰਾਏਗਾ (ਜੋ ਸਾਹਿਬ ਨੂੰ ਭਾਉਂਦਾ ਹੈ)। ਉਹੋ ਸੇਵਕ (ਉਸ ਦੀ) ਸੇਵਾ ਕਰੇਗਾ ਜਿਸ ਨੂੰ (ਸਾਹਿਬ ਆਪ ਆਪਣਾ) ਹੁਕਮ ਮਨਾਏਗਾ।

---

੧. ਇੰਦ੍ਰੀ ਤੋਂ ਮੁਰਾਦ ਕਾਮ 'ਵਿਕਾਰ' ਦੀ ਹੈ। ਕਾਮ ਵਿਕਾਰ ਨੂੰ ਮਰਿਯਾਦਾ ਦੀ ਰੋਕ ਨਹੀਂ ਪਾਈ, ਅਤੇ ਨਾ ਹੀ ਆਪਣੀਆਂ ਨਾੜਾਂ-ਇੜਾ ਪਿੰਗਲਾ ਆਦਿ-ਨੂੰ ਕਿਸੇ ਸੰਜਮ ਵਿਚ ਸਾਧਿਆ ਹੈ। ਨਾਰੀ=ਨਾੜੀ। (ਅ) ਨਾਰੀ=ਇਸਤ੍ਰੀ, ਇਸਤ੍ਰੀ ਨੂੰ ਜੰਞੂ ਨਹੀਂ ਪਾਉਂਦੇ ਹੋ, ਬੀ ਅਰਥ ਕਰਦੇ ਹਨ।

੨. ਧਰਮ ਸ਼ਾਸਤ੍ਰ ਮੂਜਬ ਇਸਤ੍ਰੀ ਬਿਵਹਾਰ ਕੇਵਲ ਸੰਤਾਨ ਉਤਪਤੀ ਹਿਤ ਅਨੇਕ ਪ੍ਰਕਾਰ ਦੇ ਨਿਯਮਾਂ ਤੇ ਰੁਕਾਵਟਾਂ ਵਿਚ ਬੱਝਾ ਹੋਇਆ ਹੈ, ਇਸ ਦਾ ਉਲੰਘਨ ਦ੍ਵਿਜ ਨੂੰ ਆਪਣੀ ਸ਼੍ਰੇਣੀ ਤੋਂ ਨੀਵਾਂ ਕਰਦਾ ਹੈ। (ਦਾੜ੍ਹੀ ਤੇ ਥੁੱਕ ਪੈਣਾ= ਫਿਟਕਾਰ ਪੈਣੀ)।

੩. ਮੂਰਖ ਪੰਡਿਤੁ ਨਾਉ॥ (ਮਲਾਰ ਵਾਰ ਮ: ੨,੨੨)

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਹ ਪੈਧਾ ਜਾਇਸੀ ॥੧੫॥

(ਸੇਵਕ) ਹੁਕਮ ਹੀ ਦੇ ਮੰਨਣੇ ਨਾਲ ਪਰਵਾਨ ਹੋਵੇਗਾ। ਤਾਂ (ਅਰਥਾਤ ਪਰਵਾਣ ਹੋਣ ਨਾਲ) ਸਾਹਿਬ ਦਾ ਮਹਿਲ ਪ੍ਰਾਪਤ ਕਰੇਗਾ। ਜੋ (ਕਾਰ) ਕਰੇਗਾ ਉਹ ਮਨ ਚਿੰਦਿਆਂ ਫਲ ਪਾਵੇਗਾ[1]। ਤਦ ਦਰਗਾਹ ਵਿਚ ਪਹਿਨਿਆ ਹੋਇਆ ਜਾਏਗਾ[2]॥੧੫॥

ਇਸ ਅਗਲੇ ਸ਼ਲੋਕ ਵਿਚ ਖੱਤਰੀ ਮੁਲਾਜ਼ਮਾਂ ਦੀ ਗਿਰਾਵਟ ਦੱਸੀ ਹੈ-

ਸਲੋਕ ਮਃ ੧ ॥
ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥
ਨਾਮਿ ਲਇਐ ਜਾਹਿ ਤਰੰਦਾ ॥੧॥

ਗਊ ਤੇ ਬ੍ਰਾਹਮਣ (ਜੋ ਤੁਹਾਡੇ ਪੂਜਨੀਕ ਹਨ) ਉਤੇ (ਤਾਂ ਤੁਸੀਂ) ਮਸੂਲ ਲਾਉਂਦੇ ਹੋ[3], (ਪਰ ਉਸ ਗਊ ਦੇ ਗੋਹੇ ਨੂੰ ਪਵਿੱਤ੍ਰ ਜਾਣ ਕੇ ਉਸ ਨਾਲ ਚੌਕਾ ਦਿੰਦੇ ਹੋ, ਪਰ ਜਾਣ ਲਓ ਕਿ) ਇਹ ਗੋਹੇ ਨਾਲ ਤਰਿਆ ਨਹੀਂ ਜਾਣਾ। (ਤੇੜ) ਧੋਤੀ, (ਮੱਥੇ) ਟਿੱਕਾ ਤੇ (ਹੱਥ ਵਿਚ) ਜਪ ਕਰਨ ਦੀ ਮਾਲਾ (ਤਾਂ ਤੁਸੀਂ ਧਾਰਨ ਕਰ ਰੱਖੀ ਹੈ, ਪਰ) ਧਾਨ ਮਲੇਛਾਂ ਦਾ ਖਾਂਦੇ ਹੋ[4]। ਅੰਦਰ (ਵੜ ਕੇ ਤਾਂ ਠਾਕੁਰ) ਪੂਜਾ ਕਰਦੇ ਹੋ (ਤੇ ਬਾਹਰ ਮੁਸਲਮਾਨਾਂ ਦੀਆਂ) ਕਿਤਾਬਾਂ ਪੜ੍ਹਦੇ ਹੋ (ਤੇ) ਰਹੁ ਰੀਤਿ (ਬੀ) ਤੁਰਕਾਂ ਵਾਲੀ ਤੁਹਾਨੂੰ ਭਾਉਂਦੀ ਹੈ[5]। (ਧਰਮ ਇਹ ਹੈ ਕਿ ਇਸ ਪ੍ਰਕਾਰ ਦਾ) ਪਖੰਡ ਛੱਡ ਦੇਹ, (ਪਰਮੇਸ਼ੁਰ ਦਾ) ਨਾਮ ਲੈਣ ਨਾਲ ਹੀ ਤਰ ਸਕੇਂਗਾ॥੧॥

ਅੱਗੇ ਹੁਣ ਹਿੰਦੂ ਮੁਸਲਮਾਨ ਦੋਹਾਂ ਅਧਰਮੀਆਂ ਦਾ ਹਾਲ ਦੱਸਦੇ ਹਨ-

---

੧. ਭਾਵ ਹੈ ਕਿ ਇਸ ਜਗਤ ਵਿਚ ਮਨ ਚਿੰਦਿਆ ਫਲ ਪਾਵੇਗਾ ਤੇ ਅੱਗੇ ਪੈਂਧਾ ਜਾਏਗਾ।

੨. ਪਿਛੇ ਕਹੇ 'ਨੰਗਾ ਦੋਜਕਿ ਚਾਲਿਆ' ਦਾ ਉਲਟ ਇਥੇ ਦਿਖਾਇਆ ਹੈ, ਹੋਰਥੇ ਬੀ ਫੁਰਮਾਯਾ ਹੈ:- ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ॥ (ਆਸਾ ਮ:੪ ਛੰਤ-੬)

੩. ਕਹਿੰਦੇ ਹਨ ਕਿਸੇ ਖੱਤ੍ਰੀ ਤੇ ਵੈਸ਼ਨਵ ਧਰਮੀ ਮਸੂਲੀਏ ਨੇ ਇਕ ਬ੍ਰਾਹਮਣ ਨੂੰ ਗਊ ਸਮੇਤ ਪੁਲ ਪਾ ਪੱਤਣ ਤੋਂ ਲੰਘਣ ਨਾ ਦਿੱਤਾ, ਕਿਉਂਕਿ ਉਸ ਪਾਸ ਗਾਂ ਦਾ ਮਸੂਲ ਦੇਣ ਵਾਸਤੇ ਮਾਯਾ ਨਾ ਸੀ ਤੇ ਉਸੇ ਗਾਂ ਦਾ ਗੋਹਾ ਲੈ ਕੇ ਚੌਕਾ ਪਾ ਕੇ ਥਾਂ ਪਵਿੱਤ੍ਰ ਕੀਤੀ, ਉਸ ਦੇ ਪਖੰਡ ਧਰਮ ਪਰ ਗੁਰੂ ਜੀ ਨੇ ਇਹ ਵਾਕ ਉਚਾਰਿਆ।

੪. ਹਿੰਦੂ ਮਸੂਲੀਏ ਮੁਸਲਮਾਨ ਸਰਕਾਰ ਦੇ ਨੌਕਰ ਹੁੰਦੇ ਸਨ, ਜਿਨ੍ਹਾਂ ਨੂੰ ਉਹ ਉਂਞ ਮਲੇਛ ਦੱਸਦੇ ਸਨ।

੫. ਭਾਵ ਕਿਤਾਬਾਂ ਪੜ੍ਹ ਕੇ ਉਹਨਾਂ ਦੇ ਅਸਰ ਹੇਠ ਆ ਕੇ ਅਪਣੀ ਸਭ੍ਯਤਾ ਨੂੰ ਵਿਦੇਸ਼ੀਆਂ ਦੇ ਅਸਰ ਨਾਲ ਪ੍ਰਭਾਵਿਤ ਕਰ ਰਹੇ ਹੋ। ਜਿਨ੍ਹਾਂ ਨੂੰ ਮਲੇਛ ਤੇ ਅਛੂਤ ਦੱਸਦੇ ਹੋ।
(ਅ) 'ਭਾਈ' ਦਾ ਅਰਥ 'ਹੇ ਭਾਈ' ਬੀ ਲਾ ਲੈਂਦੇ ਹਨ।

ਮਃ ੧ ॥

ਮਾਣਸ ਖਾਣੇ ਕਰਹਿ ਨਿਵਾਜ ॥

ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਉਨ੍ਹਾ ਭਿ ਆਵਹਿ ਓਈ ਸਾਦ ॥

ਕੂੜੀ ਰਾਸਿ ਕੂੜਾ ਵਾਪਾਰੁ ॥

ਕੂੜੁ ਬੋਲਿ ਕਰਹਿ ਆਹਾਰੁ ॥

ਸਰਮ ਧਰਮ ਕਾ ਡੇਰਾ ਦੂਰਿ ॥

ਨਾਨਕ ਕੂੜੁ ਰਹਿਆ ਭਰਪੂਰਿ ॥

ਮਥੈ ਟਿਕਾ ਤੇੜਿ ਧੋਤੀ ਕਖਾਈ ॥

ਮਨੁੱਖਾਂ ਨੂੰ ਖਾ ਜਾਣ ਵਾਲੇ (=ਜ਼ਾਲਮ ਤੁਰਕ ਹਾਕਮ ਤਾਂ) ਨਿਮਾਜ਼ਾਂ ਪਏ ਪੜ੍ਹਦੇ ਹਨ (ਤੇ ਇਨ੍ਹਾਂ ਦੇ ਖਾਣ ਲਈ ਮਨੁੱਖਾਂ ਦਾ) ਛੁਰੀ ਚਲਾ ਕੇ (ਮਾਸ ਤਿਆਰ ਕਰਨ ਵਾਲੇ ਇਨ੍ਹਾਂ ਦੇ ਮੁਲਾਜ਼ਮ ਖੱਤ੍ਰੀ[1] ਹਨ) ਉਹਨਾਂ ਦੇ ਗਲ ਵਿਚ ਜਨੇਊ ਹਨ। ਇਨ੍ਹਾਂ (ਕਸਾਈ ਖੱਤਰੀਆਂ) ਦੇ ਘਰੀਂ ਬ੍ਰਾਹਮਣ (ਭੋਜਨ ਖਾਣ ਜਾਂਦੇ ਹਨ ਤੇ) ਨਾਦ ਵਜਾਉਂਦੇ (ਸੰਖ ਪੂਰਦੇ) ਹਨ। ਇਨ੍ਹਾਂ (ਬ੍ਰਹਮਣਾਂ ਨੂੰ ਬੀ ਉਸ ਅੰਨ ਦੇ ਉਹੀ ਸੁਆਦ ਆਉਂਦੇ ਹਨ (ਭਾਵ ਕੀਤਾ ਤਾਂ ਖੱਤ੍ਰੀ ਨੇ ਹੈ ਬ੍ਰਹਮ ਭੋਜ ਪਰ ਬ੍ਰਾਹਮਣਾਂ ਨੂੰ ਉਥੇ ਬ੍ਰਹਮ ਭੋਜ ਦਾ ਸਤੋਗੁਣੀ ਸੁਆਦ ਨਹੀਂ ਆਵੇਗਾ, ਉਹਨਾਂ ਨੂੰ ਤਾਮਸੀ ਸੁਆਦ ਆਵੇਗਾ[2]। ਇਹ ਹਾਲਤ ਹਿੰਦੂਆਂ ਦੀ ਤੁਰਕਾਂ ਦੀ ਗੁਲਾਮੀ ਕਬੂਲ ਲੈਣ ਤੋਂ ਹੋਈ ਜੋ ਮੂਲਕ ਭੁੱਲ ਸੀ, ਜਦ ਇਹ) ਰਾਸ ਹੀ ਕੂੜੀ ਸੀ (ਤਾਂ ਇਸ ਦਾ ਅਗੋਂ) ਵਿਹਾਰ (ਵਰਤੋਂ ਸਾਰੀ) ਕੂੜੀ ਹੋਣੀ ਹੀ ਸੀ। (ਹੁਣ ਇਥੋਂ ਤਕ ਗਿਰਾਵਟ ਆਈ ਕਿ) ਰੋਟੀ ਭੀ ਝੂਠ ਬੋਲ ਕੇ ਹੀ ਪ੍ਰਾਪਤ ਹੁੰਦੀ ਹੈ[3]। (ਇਥੋਂ ਤਾਈਂ ਕਿ) ਧਰਮ (ਤਾਂ ਨਹੀਂ ਸੀ ਰਿਹਾ, ਹੁਣ) ਸ਼ਰਮ ਬੀ ਉੱਕੀ ਨਹੀਂ ਰਹੀ। (ਸਾਰੇ) ਕੂੜ ਹੀ ਕੂੜ ਭਰਪੂਰ ਹੋ ਰਿਹਾ ਹੈ, ਹੇ ਨਾਨਕ! (ਇਸ ਕੂੜ ਨਾਲ ਇਨ੍ਹਾਂ ਦੀ 'ਸ਼ਕਲ ਮੋਮਨਾ ਤੇ ਕਰਤੂਤ ਕਾਫਰਾਂ' ਵਰਗੀ ਇੰਨੀ ਹੋ ਰਹੀ ਹੈ ਕਿ) ਮੱਥੇ ਤੇ ਟਿੱਕਾ (ਲੱਗਾ ਹੁੰਦਾ ਹੈ) ਤੇੜ ਪਿੱਛੇ ਲੜ-ਟੁੰਗਵੀਂ ਧੋਤੀ[4]

---

੧. ਭਾਵ ਜੋ ਹਿੰਦੂ ਕਿ ਹਕੂਮਤ ਦੇ ਨੌਕਰ ਹੋ ਕੇ ਹਿੰਦੀ ਪ੍ਰਜਾ ਤੇ ਜ਼ੁਲਮ ਦਾ ਹਥਜਾਰ ਮੁਸਲਮਾਨਾਂ ਦੇ ਹੱਥ ਵਿਚ ਬਣ ਰਹੇ ਹਨ।

੨. ਜਦੋਂ ਸ੍ਰੀ ਗੁਰੂ ਜੀ ਨੂੰ ਆਪ ਐਸਾ ਸਮਾਂ ਬਣਿਆ ਕਿ ਐਸੇ ਖਤ੍ਰੀ-ਮਲਕ ਭਾਗੋ ਦੇ ਘਰ ਬ੍ਰਹਮ ਭੋਜ ਤੇ ਜਾਣਾ ਪਿਆ ਤਾਂ ਨਾ ਗਏ ਅਰ ਓਹ ਜ਼ੋਰ ਜ਼ੁਲਮ ਦਾ ਤਾਮਸੀ ਅਹਾਰ ਨਾ ਖਾਧਾ। ਜ਼ੁਲਮ ਪਾਪ ਤੇ ਅਨਜਾਯ ਨੂੰ ਬੁਰਾ ਦੱਸਦਿਆਂ ਇਨ੍ਹਾਂ ਤੁਕਾਂ ਵਿਚ ਹਿੰਦੂਆਂ ਦੀ ਤੁਰਕਾਂ ਹੇਠ ਹੋ ਚੁੱਕੀ ਗਿਰਾਵਟ ਨੂੰ ਤੱਕ ਕੇ ਅਪਣੇ ਹੁੱਬਲ-ਵਤਨੀ ਦੇ ਜਜ਼ਬੇ ਦੀ ਝਲਕ ਦਿਖਾਈ ਹੈ।

੩. ਕਿਉਂਕਿ ਗੁਲਾਮ ਦਾ ਗੁਜ਼ਾਰਾ ਜ਼ਾਲਮ ਮਾਲਕ ਨਾਲ ਝੂਠ ਛਲ ਬਿਨਾਂ ਨਹੀਂ ਹੋ ਸਕਦਾ। ਇਨ੍ਹਾਂ ਤੁਕਾਂ ਦਾ ਭਾਵ ਇਹ ਬੀ ਲੈਂਦੇ ਹਨ ਕਿ ਜੋ ਤੁਰਕਾਂ ਦੀ ਨੌਕਰੀ ਕਰਦੇ ਹਨ ਉਹਨਾਂ ਦਾ ਹਾਲ ਤਾਂ ਆ ਗਿਆ ਹੁਣ ਵਪਾਰ ਕਰਨ ਵਾਲੇ ਖੱਤ੍ਰੀਆਂ ਦਾ ਹਾਲ ਦੱਸਦੇ ਹਨ ਕਿ ਓਹ ਵਪਾਰ ਝੂਠ ਦਾ ਕਰਦੇ ਹਨ; ਝੂਠ ਹੀ ਮਾਨੋਂ ਉਹਨਾਂ ਦੀ ਪੂੰਜੀ ਹੈ। ਝੂਠ ਲਾਲ ਹੀ ਅਹਾਰ ਦਾ ਅੰਨ ਕਮਾਉਂਦੇ ਹਨ ਇੰਨਾ ਕਿ ਸਰਮ ਧਰਮ ਦਾ ਡੇਰਾ ਹੋਰ ਦੂਰ ਹੋ ਗਿਆ।

੪. ਕਕਸ਼ਾਂ ਵਾਲੀ ਧੋਤੀ। ਪਿੱਛੇ ਪਿੱਠ ਵਲ ਲੜ ਟੁੰਗ ਕੇ ਧੋਤੀ ਬੰਨ੍ਹਣੀ, ਸ਼ਾਸਤ੍ਰ ਮੂਜਬ ਇਹ ਗ੍ਰਿਹਸਤੀ ਦੀ ਧੋਤੀ ਹੈ। ਕਈ ਤ੍ਰੈ ਕਈ ਪੰਜ ਲੜ ਟੁੰਗਣਾ ਬੀ ਇਸ ਧੋਤੀ ਦਾ ਰੂਪ ਦੱਸਦੇ ਹਨ। (ਅ) ਕਖਾਯ ਦਾ ਅਰਥ ਗੇਰੂ ਰੰਗੀ ਯਾ ਨੀਮ ਭਗਵੀ ਵੀ ਕਰਦੇ ਹਨ। (ੲ) ਮਗਜ਼ੀ ਯਾ ਡੋਰੇ ਵਾਲੀ ਨੂੰ ਭੀ ਕਖਾਈ ਕਹਿੰਦੇ ਹਨ।

ਹਥਿ ਛੁਰੀ ਜਗਤ ਕਾਸਾਈ ॥

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥

ਅਭਾਖਿਆ ਕਾ ਕੁਠਾ ਬਕਰਾ ਖਾਣਾ॥

ਚਉਕੇ ਉਪਰਿ ਕਿਸੈ ਨ ਜਾਣਾ ॥

ਦੇ ਕੈ ਚਉਕਾ ਕਢੀ ਕਾਰ ॥

ਉਪਰਿ ਆਇ ਬੈਠੇ ਕੂੜਿਆਰ ॥

ਮਤੁ ਭਿਟੈ ਵੇ ਮਤੁ ਭਿਟੈ ॥

ਇਹੁ ਅੰਨੁ ਅਸਾਡਾ ਫਿਟੈ ॥

ਤਨਿ ਫਿਟੈ ਫੇੜ ਕਰੇਨਿ ॥

ਮਨਿ ਜੂਠੈ ਚੁਲੀ ਭਰੇਨਿ ॥

ਕਹੁ ਨਾਨਕ ਸਚੁ ਧਿਆਈਐ ॥

(ਬੱਧੀ ਹੁੰਦੀ ਹੈ, ਪਰ) ਹੱਥ ਵਿਚ ਛੁਰੀ ਹੁੰਦੀ ਹੈ (ਜਿਸ ਨਾਲ ਇਕ ਅੱਧੇ ਦੇ ਨਹੀਂ ਪਰ) ਜਗਤ ਦੇ ਕਸਾਈ (ਹੋ ਕੇ ਹਿੰਸਾ ਕਮਾਉਂਦੇ ਹਨ)। (ਇਨ੍ਹਾਂ ਛੁਰੀ ਵਗਾਉਣ ਵਾਲਿਆਂ ਦੀ ਦੇਖੋ ਹੁਣ ਸੂਰਤ ਕੀ ਬਣ ਰਹੀ ਹੈ ਕਿ ਤੁਰਕ ਹਾਕਮਾਂ ਨੂੰ ਰੀਝਾਉਣ ਵਾਸਤੇ) ਨੀਲੇ ਕਪੜੇ[1] (ਬੀ) ਪਹਿਨ ਲੈਂਦੇ ਹਨ (ਤੇ ਏਸ ਤਰ੍ਹਾਂ ਉਹਨਾਂ ਦੀ ਨਜ਼ਰ ਵਿਚ) ਪ੍ਰਵਾਨਗੀ ਹੋ ਜਾਂਦੀ ਹੈ। (ਇਸ ਲਈ ਕਿ ਪ੍ਰਵਾਨ ਹੋ ਕੇ ਉਹਨਾਂ ਤੋਂ ਧਨ ਮਿਲੇਗਾ, ਪਰ ਉਹ ਧਨ) ਮਲੇਛ (ਧਾਨ ਹੈ, ਫਿਰ ਅਚਰਜ ਦੇਖੋ ਕਿ ਇਸ) ਧਨ ਨਾਲ (ਪੂਜਾ ਪਾਠ ਬ੍ਰਹਮ ਭੋਜ ਆਦਿਕ ਕਰਦੇ ਹੈਨ ਅਤੇ ਭਾਗਵਤ) ਪੁਰਾਣ ਦੀ ਪੂਜਾ ਕਰਦੇ ਹੈਨ[2]। (ਫੇਰ ਦੇਖੋ ਇਹ ਲੋਕ) ਬਕਰਾ ਖਾਂਦੇ ਹਨ ਜੋ ਤੁਰਕਾਂ ਦੇ ਤ੍ਰੀਕੇ ਨਾਲ ਉਹਨਾਂ ਦੀ) ਕਲਾਮ ਪੜ੍ਹ ਕੇ[3] ਕੁੱਠਾ ਕੀਤਾ ਹੋਇਆ ਹੁੰਦਾ ਹੈ। (ਇਹ ਅਪਵਿੱਤ੍ਰ ਮਾਸ ਜਦ ਰਿੰਨ੍ਹਦੇ ਹਨ ਤੇ ਆਖਦੇ ਹਨ ਵੇਖਣਾ) ਕੋਈ ਚਉਂਕੇ ਵਿਚ ਨਾ ਜਾਵੇ, ਪਰ ਚਉਂਕੇ ਉਪਰ ਆ ਕੇ ਕੂੜਿਆਰ (ਝੂਠੇ ਲੋਕ) ਬੈਠ ਜਾਂਦੇ ਹਨ (ਤੇ ਦੂਸਰਿਆਂ ਨੂੰ ਕਹਿੰਦੇ ਹਨ) ਛੂਹਣਾ ਨਾ, ਮਤਾਂ (ਸਾਡਾ ਚੌਂਕਾ) ਭਿੱਟ ਜਾਏ ਤੇ ਇਹ ਸਾਡਾ ਅੰਨ ਫਿੱਟ (ਭਿਟ ਯਾ ਖਰਾਬ ਹੋ) ਜਾਏ। (ਪਰ ਦੇਖੋ ਇਹਨਾਂ ਦਾ) ਸਰੀਰ (ਤਾਂ ਅਗੇ ਹੀ ਵਿਕਾਰਾਂ ਨਾਲ) ਫਿੱਟ ਰਿਹਾ ਹੈ, ਕਰਮ (ਏਹ=) ਮੰਦੇ ਕਰਦੇ ਹਨ ਤੇ ਮਨ, (ਖੋਟੇ ਸੰਕਲਪਾਂ ਨਾਲ) ਜੂਠੇ ਹੈਨ, (ਪਰ ਮੂੰਹ ਨਾਲ) ਚੁਲੀਆਂ ਭਰ ਭਰ ਕੇ (ਸੁੱਚੇ ਬਣ ਰਹੇ ਹਨ); ਕਹਿੰਦੇ ਹਨ (ਗੁਰੂ) ਨਾਨਕ (ਠੀਕ ਰਸਤਾ ਇਹ ਹੈ ਕਿ) ਸੱਚੇ (ਵਾਹਿਗੁਰੂ) ਨੂੰ

---

੧. ਨੀਲੇ ਬਸਤ੍ਰ ਹਿੰਦੂਆਂ ਵਿਚ ਨਖਿੱਧ ਚੀਜ਼ ਸਮਝੀ ਜਾਂਦੀ ਹੈ।

੨. ਭਾਗਵਤ ਪੁਰਾਣ ਦੀ ਕਥਾ ਸੁਣਨੀ ਤੇ ਇਸ ਪੁਰਾਣ ਦੀ ਪੂਜਾ ਕਰਨੀ ਤੇ ਕਥਾ ਕਰਨ ਵਾਲੇ ਨੂੰ ਮਾਯਾ ਦੇਣੀ ਇਕ ਆਮ ਰਿਵਾਜ ਸੀ।

੩. ਲੌਕਿਕ ਸੰਸਕ੍ਰਿਤ ਲਈ ਸ਼ਬਦ 'ਭਾਖਾ' ਪ੍ਰਵਿਰਤ ਰਿਹਾ ਹੈ, ਹੋਰ ਕੋਈ ਵਿਦੇਸ਼ੀ ਬੋਲੀ ਜੋ ਭਾਖਾ ਤੋਂ ਅਤ੍ਰਿਕਤ ਹੋਵੇ ਉਹ ਅਭਾਖਾ ਹੈ। ਸੋ ਅਭਾਖਿਆ ਤੋਂ ਏਥੇ ਮੁਰਾਦ ਅਰਬੀ ਹੈ ਜਿਸ ਦੇ ਸ਼ਬਦ 'ਬਿਸਮਿੱਲਾ' ਵਗੈਰਾ ਕਹਿ ਕੇ ਕੁੱਠਾ ਕੀਤਾ ਹੈ, ਜਿਸ ਨੂੰ ਅਸਾਂ ਕਲਾਮ ਲਿਖਿਆ ਹੈ।

 www.sikhbookclub.com

ਸੁਚਿ ਹੋਵੈ ਤਾ ਸਚੁ ਪਾਈਐ ॥੨॥

ਪਉੜੀ ॥

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥

ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥

ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥

ਦਰਿ ਮੰਗਨਿ ਭਿਖ ਨ ਪਾਇਦਾ ॥੧੯॥

ਸਲੋਕੁ ਮਃ੧॥ ਜੇ ਮੋਹਾਕਾ ਘਰੁ

ਧਿਆਈਏ[1] (ਜਿਸ ਨਾਲ ਮਨ ਤੇ ਤਨ ਦੀ ਸੁੱਚ ਆਉਂਦੀ ਹੈ ਇਹ) ਸੁੱਚ ਹੋਵੇ ਤਾਂ ਹੀ ਸੱਚੇ (=ਵਾਹਿਗੁਰੂ) ਨੂੰ ਪਾਈਦਾ ਹੈ॥੨॥

(ਚੇਤਨ ਵਾਹਿਗੁਰੂ ਦੇ) ਚਿੱਤ ਵਿਚ ਸਭ ਕੋਈ ਹੈ (ਓਹ 'ਚਿਤ ਸਰੂਪ' ਸਭਨਾਂ ਨੂੰ) ਵੇਖਦਾ (ਤੇ ਅਪਣੀ) ਨਜ਼ਰ ਹੇਠ ਤੋਰਦਾ ਹੈ। (ਉਹ) ਆਪ ਹੀ ਕਰਮ ਕਰਵਾਉਂਦਾ ਹੈ ਤੇ ਆਪ ਹੀ ਵਡਿਆਈਆਂ ਦੇਂਦਾ ਹੈ[2]। (ਸਾਰੇ) ਵੱਡਿਆਂ ਤੋਂ (ਉਹ ਆਪ) ਵੱਡਾ ਹੈ (ਤੇ ਏਡਾ ਵੱਡਾ ਹੋ ਕੇ ਉਹ ਸਾਰੇ ਵੇਰਵੇ ਵਿਚ ਆਪ ਵਰਤਦਾ ਹੈ ਇਥੋਂ ਤਾਈਂ ਕਿ ਇੱਡੀ) ਵੱਡੀ ਸ੍ਰਿਸ਼ਟੀ[3] ਦੇ ਹਰ ਇਕ ਜੀਵ ਨੂੰ (ਆਪੋ ਅਪਣੇ) ਕੰਮ ਵਿਚ ਲਾਈ ਰੱਖਦਾ ਹੈ[4]। (ਜਗਤ ਦੇ ਵੱਡਿਆਂ ਨੂੰ ਸੁਤੰਤ੍ਰ ਵੱਡੇ ਨਾ ਜਾਣੋ, ਉਹ ਕਿਸੇ ਵਲ) ਜੇ ਪੁੱਠੀ ਨਜ਼ਰ ਚਾ ਕਰੇ ਤਾਂ ਪਾਤਸ਼ਾਹਾਂ ਨੂੰ ਘਾਹੀ ਬਣਾ ਦੇਂਦਾ ਹੈ[5]। (ਚਾਹੇ ਤਾਂ ਘਾਹੀ ਤੋਂ ਬੀ ਨੀਵਾਂ ਕਰਕੇ ਐਸੇ ਮੰਗਤੇ ਬਣਾ ਦੇਂਦਾ ਹੈ ਕਿ) ਦਰ ਦਰ ਮੰਗਦਿਆਂ ਨੂੰ ਖੈਰ ਬੀ ਨਹੀਂ ਪੈਂਦੀ॥੧੯॥

ਜੇ ਚੋਰ[6] (ਕਿਸੇ) ਘਰ ਨੂੰ ਭੰਨੇ (ਭਾਵ ਚੋਰੀ ਕਰੇ)

---

੧. ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ)। ਇਉਂ ਸੁੱਚੇ ਹੋ ਜਾਣ ਤੇ ਜੋ ਨਾਮ ਜਪੀਦਾ ਹੈ ਉਸ ਨਾਲ ਨਾਮ ਅੰਮ੍ਰਿਤ ਹੋ ਕੇ ਰਿਦੇ ਵਿਚ ਸਮਾਉਂਦਾ ਤੇ ਨਾਮੀ ਮਿਲਾਉਂਦਾ ਹੈ। ਯਥਾ-'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥'(ਸੁਖਮਨੀ-੧)

੨. ਭਾਵ, ਆਪੇ ਹੀ ਵਡਿਆਈ ਦਾ ਆਦਰਸ਼ ਦੁਨੀਆਂ ਦੇ ਸਾਹਮਣੇ ਰੱਖਦਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਲੋਕਾਂ ਤੋਂ ਕੰਮ ਕਰਾਉਂਦਾ ਹੈ।

੩. ਮੇਦਨੀ=ਧਰਤੀ। ਧਰਤੀ ਉਪਲਖਤ ਸ੍ਰਿਸ਼ਟੀ।

੪. ਯਥਾ-'ਜਿਨਿ ਜਗਤੁ ਉਪਾਇਆ ਧੰਧੈ ਲਾਇਆ....॥' (ਆਸਾ ਛੰਤ ਮ:੧-੪)

੫. 'ਘਾਹ ਕਰਨਾ' ਲਹਿੰਦੇ ਵਲ ਘਾਹ ਕੱਟਣ ਨੂੰ ਕਹਿੰਦੇ ਹਨ। ਘਾਹ ਕਰਾਇੰਦਾ=ਘਾਹ ਕਟਵਾਉਂਦੇ ਭਾਵ ਘਾਸੀ ਬਣਾ ਦੇਂਦਾ ਹੈ। 'ਰਾਜ' ਦੇ ਟਾਕਰੇ ਤੇ 'ਘਾਸੀ' ਪਦ ਗੁਰਬਾਣੀ ਵਿਚ ਆਯਾ ਹੈ, 'ਜੇ ਰਾਜਿ ਬਹਾਲੇ ਤਾਂ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ॥' (ਗਉ: ਬੈਰਾ:ਮ:੪-੪੬)

੬. 'ਮੋਹਾਕਾ' ਪਦ ਸੰਸਕ੍ਰਿਤ ਦੇ 'ਮੋਸ਼ਕ' ਪਦ ਤੋਂ ਬਣਿਆ ਹੈ, ਮੋਖਕ ਦੇ ਅਰਥ ਹਨ ਚੋਰ। ਮੁਹਾਕਾ ਦੇ ਅਖੀਰ ਜੋ 'ਕ' ਹੈ ਉਹ ਪ੍ਰਾਣਨੀਯ ਸੂਤ੍ਰ ਕੁਤਿਸਤੇ (੫.੩.੭੪) ਅਨੁਸਾਰ ਕੁਤਸਿਤ ਅਰਥ ਦਾ ਪ੍ਰਤਯ ਨਹੀਂ ਹੈ 'ਮੋਖਕ' ਪਦ ਵਿਚ 'ਅਕ' ਪ੍ਰਤਜ (ਪਾਣਨੀ ੭.੧.੧.) ਣ੍ਵੁਲ੍ (ਪਾਣਨੀ ੭.੧.੧੩੩) ਦਾ ਆਦੇਸ਼ ਹੈ। ਇਸ ਪਦ ਦਾ ਧਾਤੂ ਹੈ ਮੁਸ਼=ਚੋਰੀ ਕਰਨਾ। ਮੋਸ਼ਕ ਪਦ ਇਸ ਤਰ੍ਹਾਂ ਬਣਿਆ ਹੈ:- ਮੁਖ+ਣ੍ਵੁਲ੍ (ਅ)=ਮੋਖਕ। 'ਣ੍ਵੁਲ੍' ਪ੍ਰਤਜ 'ਕਰਤਾ' ਅਰਥਾਂ ਵਿਚ ਹੁੰਦਾ ਹੈ, ਸੋ ਮੋਹਾਕਾ ਦਾ 'ਕਾ' 'ਮੂਲਕ' 'ਅਕ' ਦੇ ਦਾ ਬਦਲਿਆ ਹੋਇਆ ਰੂਪ ਹੈ। ਇਸ ਪਦ ਦੇ ਠੀਕ ਅਰਥ ਚੋਰ ਹਨ, ਇਹ ਗੱਲ ਅਗਲੀ ਤੁਕ ਤੋਂ ਸਪਸ਼ਟ ਹੋ ਜਾਂਦੀ ਹੈ, ਜਿਥੇ ਚੋਰ ਪਦ ਵਰਤਿਆ ਹੋਇਆ ਹੈ।

ਮੁਹੈ ਘਰੁ ਮੁਹਿ ਪਿਤਰੀ ਦੇਇ ॥

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥

ਤੇ ਘਰ ਭੰਨ ਕੇ (ਪ੍ਰਾਪਤ ਕੀਤੇ ਪਦਾਰਥ ਅਪਣੇ) ਪਿਤਰਾਂ ਦੇ ਨਮਿਤ ਦੇਵੇ (ਤਾਂ ਉਹ) ਪਦਾਰਥ ਅੱਗੇ (ਪ੍ਰਲੋਕ ਵਿਚ) ਪਛਾਣੇ ਜਾਣਗੇ (ਕਿ ਚੋਰੀ ਦੇ ਹਨ, ਇਉਂ ਉਟ ਉਸ ਦਾਨ ਨਾਲ ਪ੍ਰਲੋਕ ਗਏ ਪਿਤਰਾਂ ਨੂੰ ਬੀ) ਚੋਰ ਬਣਾ ਦਏਗਾ[੧]। (ਓਥੇ ਮੁਨਸਿਫ ਫਿਰ) ਇਹ ਮੁਨਸਫੀ (ਨਿਆਂ ਬੀ) ਕਰੇਗਾ ਕਿ ਦਲਾਲ ਦੇ ਹੱਥ (ਬੀ) ਵੱਢ ਦਿਓ[੨]। (ਅਸਲ ਗੱਲ ਇਹ ਹੈ) ਕਿ ਅੱਗੇ ਜਾ ਕੇ (ਜੀਵ ਨੂੰ ਸੁਖਦਾਈ ਹੋਣ ਵਾਲਾ) ਉਹ (ਕੁਛ) ਮਿਲਦਾ ਹੈ ਜੋ (ਉਹ) ਘਾਲ ਕਮਾਈ ਨਾਲ ਖੱਟ ਕੇ ਦਾਨ ਕਰਦਾ ਹੈ, ਹੇ ਨਾਨਕ! ॥੧॥

ਮ: ੧ ॥ ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥

ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥

ਜਿਵੇਂ ਇਸਤ੍ਰੀ ਦਾ ਰਜੋ ਧਰਮ[੩] ਆਉਂਦਾ ਬਾਰ ਬਾਰ (ਦੀ ਅਪਵਿਤ੍ਰਤਾ ਦਾ ਕਾਰਣ) ਹੁੰਦਾ ਹੈ। ਏਸੇ ਤਰ੍ਹਾਂ ਮੂੰਹ ਦਾ (ਹਰ ਵੇਲੇ) ਜੂਠਾ ਰਹਿਣਾ ਇਸ ਦਾ ਸੁਭਾਵਕ ਕਰਮ ਹੈ (ਜੋ ਆਦਮੀ ਨੂੰ) ਹਮੇਸ਼ਾ ਅਪਵਿੱਤ੍ਰ ਰੱਖਦਾ ਹੈ[੪]। ਪਿੰਡਾ ਧੋਣ ਨਾਲ ਅਪਵਿੱਤ੍ਰਤਾ ਨਹੀਂ ਹਟਦੀ[੫] (ਸਰੀਰ ਤਾਂ ਹੈ ਹੀ -'ਮਾਟੀ ਕਾ ਕਿਆ ਧੋਪੈ', ਮਨ ਧੋਣਾ ਹੈ, ਉਹ ਜਲ ਨਾਲ ਨਹੀਂ, ਪਰ ਨਾਮ ਨਾਲ ਪਵਿੱਤ੍ਰ ਹੁੰਦਾ ਹੈ ਤਾਂ ਤੇ) ਪਵਿੱਤ੍ਰ ਓਹੀ ਹਨ ਜਿਨ੍ਹਾਂ ਦੇ ਮਨ ਵਿਚ ਉਹ (ਪਰਮੇਸ਼ੁਰ) ਵਸਦਾ ਹੈ[੬], ਹੇ ਨਾਨਕ! ॥੨॥

---

੧. ਸੰਪ੍ਰਦਾਈ ਅਰਥ ਭਾਵਾਂ ਵਿਚ ਦੱਸਦੇ ਹਨ ਕਿ ਜਿਨ੍ਹਾਂ ਦੀ ਵਸਤੂ ਚੋਰੀ ਹੋਈ ਸੀ ਉਹਨਾਂ ਦੇ ਪਿਤਰ ਪਰਲੋਕ ਵਿਚ ਵਸਤੁ ਸਿਆਣ ਕੇ ਪਿਤਰਾਂ ਨੂੰ ਚੋਰੀ ਦਾ ਦੂਸ਼ਣ ਦੇਂਦੇ ਹਨ।

੨. ਉਸ ਸਮੇਂ ਚੋਰ ਚੋਰੀ ਦਾ ਮਾਲ ਲੈਣ ਤੇ ਵਿਕਵਾਉਣ ਵਾਲੇ ਨੂੰ ਹੱਥ ਵੱਢੇ ਜਾਣ ਦਾ ਦੰਡ ਮਿਲਦਾ ਸੀ। ਏਥੇ ਭਾਵ ਇਹ ਹੈ ਕਿ ਚੋਰ, ਉਸ ਦੇ ਪਿਤਰ ਤੇ ਵਿਚੋਲਾ ਬ੍ਰਾਹਮਣ ਤਿੰਨੇ ਦੰਡ ਯੋਗ ਹੋਣਗੇ! ਦਲਾਲ ਤੋਂ ਭਾਵ ਬ੍ਰਾਹਮਣ ਦਾ ਹੈ ਜੋ ਬਦਦਿਆਨਤੀ ਨਾਲ ਪ੍ਰਾਪਤ ਕੀਤੇ ਮਾਲ ਨਾਲ ਕੀਤੇ ਗਏ ਸ਼ਰਾਧ ਪਰ ਵਿਚੋਲਾ ਬਣ ਕੇ ਪਿਤਰਾਂ ਨੂੰ ਵਸਤੂ ਪੁਚਾਉਣ ਦੀ ਵਿਚੋਲਗੀ ਕਰਦਾ ਹੈ।

੩. ਮਹੀਨੇ ਦੇ ਮਹੀਨੇ ਆਪਣੇ ਰਜੋ ਧਰਮ ਤੋਂ ਇਸਤ੍ਰੀਆਂ ਸਿਰ ਨ੍ਹਾ ਕੇ ਸ਼ੁੱਧ ਹੁੰਦੀਆਂ ਹਨ, ਇਸ ਕਰਕੇ ਉਸ ਵਾਸਤੇ ਸੱਭਯ ਪਦ 'ਸਿਰ ਨ੍ਹਾਵਣੀ' ਵਰਤਿਆ ਜਾਂਦਾ ਹੈ!

੪. ਮੂੰਹ ਨੂੰ ਕੁਲੀਆਂ ਆਦਿਕ ਨਾਲ ਸੁੱਚਾ ਕਰਨ ਲਈ ਕੇਵਲ ਥੋੜ੍ਹੇ ਚਿਰ ਲਈ ਸੁੱਚਤਾ ਹੁੰਦੀ ਹੈ। ਫੇਰ ਮੂੰਹ ਜੂਠੇ ਦਾ ਜੂਠਾ ਹੀ ਰਹਿੰਦਾ ਹੈ। (ਅ) ਸੰਪ੍ਰਦਾ ਵਿਚ 'ਜੂਠੇ' ਦਾ 'ਝੂਠਾ' ਅਰਥ ਬੀ ਲਾ ਲੈਂਦੇ ਹਨ। (ੲ) ਖੁਆਰ=ਖਰਾਬ, ਗੰਦਾ, ਅਪਵਿੱਤਰ।

੫. "ਜੋ ਪਿੰਡੇ ਨੂੰ ਧੋ ਲੈਣ ਨਾਲ ਸੁੱਚੇ ਬਣ ਬੈਠਦੇ ਹਨ ਸੁੱਚੇ ਨਹੀਂ ਕਹੀਦੇ" ਦੀ ਮੁਰਾਦ ਹੈ-ਪਿੰਡਾ ਧੋਣ ਨਾਲ ਅਪਵਿੱਤ੍ਰਤਾ ਨਹੀਂ ਹਟਦੀ।

੬. ਤਨੋ ਬੀ ਤੇ ਮਨੋ ਬੀ ਉਹੀ ਸੁੱਚੇ ਹੈਨ ਜਿਨ੍ਹਾਂ ਦੇ ਚਿੱਤ ਵਿਚ ਸਾਂਈਂ ਵਸਦਾ ਹੈ। ਯਥਾ- 'ਤਨਿ ਮਨਿ ਸੂਚੈ ਸਾਚ ਸੁ ਚੀਤਿ॥" (ਗਉ: ਮ: ੧-ਅਸ਼ਟ-੨)

ਜਾਪਦਾ ਹੈ ਕਿ ਇਹ ਸ਼ਲੋਕ ਕਿਸੇ ਨ੍ਹਾ ਧੋ ਕਰੂਲੀਆਂ ਕਰ ਆਪ ਨੂੰ ਸੁੱਚਾ ਮੰਨ ਕੇ ਸ਼ਰਾਧ ਆਦਿ ਆ ਕੇ ਖਾਣ ਬੈਠੇ ਬ੍ਰਾਹਮਣ ਦੀ ਜ਼ਾਹਰੀ ਪਵਿੱਤਰਤਾ ਤੇ ਅੰਦਰ ਦੀ ਵੱਧ ਰਹੀ ਅਪਵਿਤ੍ਰਤਾ ਉਤੇ ਸਮੋਧ ਕੀਤਾ ਗਿਆ ਹੈ, ਅਗੇ ਪਉੜੀ ਵਿਚ ਅਯਾਸ਼ਾਂ ਪਾਪੀਆਂ ਦਾ ਅੰਤ ਦੱਸਿਆ ਹੈ:-

**ਪਉੜੀ ॥**

**ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥**

**ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥**

**ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥**

**ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥**

**ਜਰੁ ਆਈ ਜੋਬਨਿ ਹਾਰਿਆ ॥੧੭॥**

(ਜਿਨ੍ਹਾਂ ਪਾਸ) ਕਾਠੀਆਂ (ਆਦਿ) ਨਾਲ ਸਜੇ ਹੋਏ ਪਉਣ ਦੇ ਵੇਗ ਵਾਲੇ (=ਤਿੱਖੇ) ਘੋੜੇ ਹਨ, (ਜਿਨ੍ਹਾਂ ਨੇ ਆਪਣੀਆਂ) ਬੇਗਮਾਂ[੧] ਨੂੰ ਹਰ ਰੰਗ (ਦੇ ਬਸਤ੍ਰ ਭੂਖਣਾਂ ਨਾਲ) ਸਜਾਇਆ ਹੈ। (ਜਿਨ੍ਹਾਂ ਨੇ) ਘਰ ਮਹਲ ਤੇ ਮੰਡਪ[੨] (ਬਣਾ ਕੇ ਸਾਮਾਨਾਂ ਨਾਲ ਸੰਵਾਰੇ ਹਨ ਤੇ ਵਿਚ) ਬਿਰਾਜ ਰਹੇ ਹਨ (ਤੇ ਹੋਰ) ਪਸਾਰੇ ਕਰ ਰਹੇ ਹਨ। (ਇਸ ਤਰ੍ਹਾਂ ਦੇ ਸਾਮਾਨ ਵਿਦਮਾਨ ਕਰਕੇ ਜੋ) ਮਨ ਮੰਨੀਆਂ ਐਸ਼ਾਂ[੩] ਕਰ ਰਹੇ ਹਨ ਤੇ ਪਰਮੇਸ਼ੁਰ ਨੂੰ ਨਹੀਂ ਸਮਝ ਰਹੇ (ਉਨ੍ਹਾਂ ਨੇ ਆਪਣਾ ਜਨਮ ਹੀ) ਹਾਰ ਦਿੱਤਾ ਹੈ। (ਹਾਂ ਜਿਨ੍ਹਾਂ ਨੇ ਨਿਰੀ) ਹਕੂਮਤ ਨਾਲ[੪] ਰੋਟੀ ਖਾਧੀ (ਹੈ ਤੇ ਅਪਣੇ) ਮਹਲਾਂ ਮਾੜੀਆਂ ਨੂੰ ਵੇਖ ਵੇਖ ਕੇ (ਉਸ ਦੀ ਮਸਤੀ ਵਿਚ) ਮਰਣਾ ਭੁਲਾ ਦਿੱਤਾ ਹੈ। (ਜਦ) ਬੁਢੇਪਾ ਆ ਜਾਂਦਾ ਹੈ[੫] (ਤਦ ਉਹ) ਜੋਬਨ[੬] (ਜੋ ਭੋਗਾਂ ਵਿਚ ਸਹਾਈ ਸੀ) ਹਾਰਿਆ ਜਾਂਦਾ ਹੈ। (ਯਥਾ-ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁੰਚੈ ਮਰਿ ਜਾਈ॥) (ਸਲੋ:ਮ:੩ ਵਾ:ਵ:-੧੯)॥੧੭॥

---

੧. ਪਦ 'ਹਰਮ' ਤੇ 'ਮਹਲਤ' ਵਿਚ ਸੈਨਤ ਹੈ ਕਿ ਇਹ ਵਾਕ ਉਮ ਵੇਲੇ ਦੇ ਕਿਸੇ ਤੁਰਕ ਹਾਕਮ ਪਰਿਥਾਇ ਉਚਾਰ ਹੋਇਆ ਹੈ। 'ਹਰਮ' ਅਰਬੀ ਪਦ ਹੈ- ਹਰਮ=ਖਾਨਾ ਕਾਬਾ ਦੇ ਉਦਾਲੇ ਦੀ ਕੰਧ, ਇਸ ਅੰਦਰ ਜਾਨਵਰ ਮਾਰਨਾ ਮਨ੍ਹੇ ਹੈ। ਫਾਰਸੀ ਵਿਚ ਬੇਗਮ, ਇਸਤ੍ਰੀ, ਘਰ ਪਈ ਬਾਂਦੀ ਨੂੰ ਤੇ ਬੇਗਮਾਂ ਦੇ ਰਹਿਣ ਦੀ ਥਾਂ ਨੂੰ ਬੀ ਕਹਿੰਦੇ ਹਨ। ਗੁਰਬਾਣੀ ਵਿਚ ਇਹ ਪਦ ਬੇਗਮਾਂ ਦੇ ਅਰਥ ਵਿਚ ਹੋਰ ਥੇ ਬੀ ਆਯਾ ਹੈ, 'ਹਰਮਾ ਹੋਈਆ ਛਾਈ ਮਾਈ॥' (ਆਸਾ ਮ:੧)। ਨਸੀਹਤ ਨਾਮੇ ਵਿਚ ਬੀ ਹੈ:-' ਹਰਮਾ ਜਿਉ ਖੇਲੇ ਖੁਸਬੋਈ ਹਵਾਇ।' ਪਲਾਣੇ=ਕਾਠੀਆਂ ਆਦਿਕਾਂ ਨਾਲ ਸਜੇ ਹੋਏ।

੨. ਕੋਠੇ ਮਾੜੀਆਂ ਤੋਂ ਮੁਰਾਦ ਟਿਕ ਕੇ ਰਹਿਣ ਦੇ ਵਸੇਬੇ ਹੈ, ਜਿਨ੍ਹਾਂ ਵਿਚ ਹਰਮਾਂ ਨੇ ਤੇ ਮਾਲਕਾਂ ਨੇ ਆਪ ਰਹਿਣਾ ਦੱਸਿਆ ਹੈ। ਮੰਡਪ ਤੋਂ ਮੁਰਾਦ ਬਾਹਰ ਬਾਗਾਂ, ਜੂਹਾਂ ਵਿਚ ਰਚੇ ਆਰਜ਼ੀ ਵਸੇਬੇ ਤੇ ਤੰਬੂ ਡੇਰਿਆਂ ਤੋਂ ਹੈ, ਜਿਨ੍ਹਾਂ ਵਿਚ ਘੋੜਿਆਂ ਤੇ ਚੜ੍ਹ ਕੇ ਸ਼ਿਕਾਰ ਆਦਿ ਤੇ ਗਿਆਂ ਜਾ ਕੇ ਟਿਕਾਣਾ ਕਰਦੇ ਤੇ ਰਸ ਮਾਣਦੇ ਹਨ। ਮਹਲਤਿ=(ਅ:, ਮਹੱਲਾਤ) ਉਤਰਨੇ ਦਾ ਥਾਂ, ਮਹਿਲਾਂ ਦਾ ਸਮੁਦਾਯ। ਮਹਿਲ ਮਾੜੀਆਂ। ਭਾਵ ਹੈ ਜਾਇਦਾਦਾਂ, ਵਿਭੂਤੀ।

੩. ਚੀਜ=ਚੋਜ, ਮੌਜਾਂ, ਐਸ਼ਾਂ।

੪. ਫੁਰਮਾਇਸ਼ ਕਰਕੇ ਖਾਧਾ=ਕੋਈ ਖੇਤੀ, ਕਿਰਤ, ਵਪਾਰ, ਕਾਰੀਗਰੀ, ਆਦਿ ਕਰਕੇ ਰੋਜ਼ੀ ਨਹੀਂ ਪੈਦਾ ਕਰਦੇ, ਫੌਜਾਂ ਰੱਖ ਕੇ ਹਕੂਮਤ ਦੇ ਜ਼ੋਰ ਨਾਲ ਨਿਰੇ ਕਰ ਅਤੇ ਮਸੂਲ ਲਾ ਕੇ ਧਨ ਕੱਠਾ ਕਰਕੇ ਖਾਂਦੇ ਪੀਂਦੇ ਐਸ਼ਾਂ ਤੇ ਪਾਪ ਕਰਦੇ ਹਨ।

੫. 'ਜੇਰੁ' ਦੇ ਅਰਥ ਭਾਵ ਲਈ ਦੇਖੋ ਪੰਨਾ ੪੧੬ ਪਉੜੀ ੫ ਦੀ ਤੂਕ੨ ਨਿਸ਼ਾਨ ਵਾਲੀ।

੬. ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥(ਧਨਾ:ਮ:੯-੨)

ਅਗੇ ਹੁਣ ਸੂਤਕ ਦਾ ਦ੍ਰਿਸ਼ਜ ਟੁਰਿਆ:-

ਸਲੋਕੁ ਮਃ ੧ ॥
ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥

੧. ਜੇਕਰ ਸੂਤਕ[1] (ਦਾ ਭਰਮ ਸੱਚਾ) ਮੰਨ ਲਈਏ (ਤਦ) ਸਭ ਕਿਸੇ (ਦੇ ਜਨਮ ਮਰਨ) ਤੇ ਸੂਤਕ ਪੈ ਜਾਣਾ ਚਾਹੀਏ। ੫. (ਫਿਰ ਦੇਖੋ ਕਿ) ਸੂਤਕ (ਦਾ ਭਰਮ) ਰੱਖਿਆ (ਬੀ) ਕੀਕੂੰ ਜਾ ਸਕਦਾ ਹੈ (ਜਦ ਕਿ ਹਰ ਵਕਤ ਸੂਤਕ (ਸਾਡੀ) ਰਸੋਈ ਵਿਚ ਪੈ ਹੀ ਰਿਹਾ ਹੈ। ੨. (ਰਸੋਈ ਵਿਚ ਜੋ ਅਸੀਂ) ਗੋਹੇ ਅਤੇ ਲਕੜੀ (ਬਾਲ ਰਹੇ ਹਾਂ ਉਨ੍ਹਾਂ) ਵਿਚ ਕੀੜੇ ਹੁੰਦੇ ਹਨ (ਜੋ ਗੋਹੇ ਵਿਚ ਹੀ ਜੰਮਦੇ ਤੇ ਮਰਦੇ ਹਨ ਤੇ ਕਈ ਵੇਰ ਗੋਹੇ ਬਲਣ ਵੇਲੇ ਮਰਦੇ ਹਨ)। ੩. (ਫੇਰ ਉਸ ਰਸੋਈ ਵਿਚ ਜੋ ਅੰਨ ਵਰਤ ਰਹੇ ਹਾਂ ਉਹ) ਅੰਨ ਦਾ ਹਰੇਕ ਦਾਣਾ ਜੀਵ ਤਤ ਨਾਲ ਭਰਪੂਰ ਹੈ। ੪. (ਅੰਨ ਤੋਂ) ਪਹਿਲਾਂ ਪਾਣੀ ਹੀ ਜੀਵ (ਭਰਪੂਰ) ਹੈ[2] (ਜੋ ਜੀਵ ਕਿ ਰਸੋਈ ਦੀ ਵਰਤਣ ਵਿਚ ਮਰਦੇ ਹਨ ਫੇਰ ਇਹ ਪਾਣੀ ਰਸੋਈ ਤੋਂ ਬਾਹਰ) ਹਰੇਕ ਚੀਜ਼ ਦਾ ਜੀਵਨ ਆਧਾਰ ਹੈ[3] (ਤੇ ਜਿੱਥੇ ਜਿੱਥੇ ਇਹ ਜੀਵਨ ਪ੍ਰਦਾਤਾ ਹੋ ਕੇ ਵਰਤ ਰਿਹਾ ਹੈ ਓਥੇ ਓਥੇ ਜਨਮ ਹੋ ਰਿਹਾ ਹੈ, ਤਾਤੇ ਸੂਤਕ ਸਾਰੇ ਪੈ ਰਿਹਾ ਹੈ)। ੬. ਹੇ ਨਾਨਕ! ਸੂਤਕ ਐਉਂ (ਅਰਥਾਤ ਭਰਮਾਂ ਦੀਆਂ ਵਿਧੀਆਂ[4] ਨਾਲ ਉਤਾਰਿਆਂ) ਨਹੀਂ ਉਤਰਦਾ (ਕੇਵਲ) ਗਿਆਨ (ਹੀ ਇਸ ਨੂੰ) ਧੋ ਕੇ ਲਾਹ ਸਕਦਾ ਹੈ॥੧॥

ਹੁਣ ਮਾਨਸਕ ਅਵਸਥਾ ਇਖ਼ਲਾਕੀ ਸੂਤਕ ਦੱਸਦੇ ਹਨ ਜੋ ਅਮਲੀ ਹੈ ਤੇ ਦੂਰ ਕਰਨਾ ਚਾਹੀਏ-

ਮਃ੧ ॥
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ

ਮਨ ਦਾ ਸੂਤਕ ਲੋਭ ਹੈ, ਜੀਭ ਦਾ ਸੂਤਕ ਝੂਠ ਹੈ। ਅੱਖੀਆਂ ਦਾ ਸੂਤਕ ਹੈ ਪਰਾਈ ਇਸਤ੍ਰੀ ਦਾ ਰੂਪ (ਦੇਖਣਾ ਤੇ) ਪਰਾਏ ਧਨ ਵੱਲ (ਉਸ ਨੂੰ ਲੈਣ ਲਈ) ਤੱਕਣਾ।

---

੧. ਹਿੰਦੂ ਮਤ ਵਿਚ ਜਨਮ ਸਮੇਂ ਜੋ ਅਪਵਿੱਤ੍ਰਤਾ ਮੰਨੀ ਹੈ ਉਸ ਨੂੰ ਸੂਤਕ ਕਹਿੰਦੇ ਹਨ ਤੇ ਮਰਨ ਵੇਲੇ ਦੀ (ਅਪਵਿੱਤ੍ਰਤਾ) ਨੂੰ ਪਾਤਕ। ਪਰ ਵਰਤਾਰੇ ਵਿਚ ਦੋਹਾਂ ਨੂੰ ਸੂਤਕ ਬੋਲਦੇ ਹਨ ਤੇ ਇਸ ਤੋਂ ਅੱਗੇ ਤੀਜੇ ਸ਼ਲੋਕ ਵਿਚ 'ਜੰਮਣੁ ਮਰਣਾ' ਕਹਿਣ ਤੇ ਗੁਰੂ ਜੀ ਦਾ ਭਾਵ ਵੀ ਦੋਹਾਂ ਵੇਲਿਆਂ ਦੀ ਮੰਨੀ ਹੋਈ ਅਪਵਿੱਤ੍ਰਤਾ ਤੋਂ ਸਹੀ ਹੋ ਜਾਂਦਾ ਹੈ। ਇਸ ਸ਼ਲੋਕ ਵਿਚ ਇਸ ਅਪਵਿੱਤ੍ਰਤਾ ਦਾ ਭਰਮ ਦੂਰ ਕਰਦੇ ਹਨ।

੨. ਯਥਾ- 'ਬਇਆਲੀਸ ਲਖ ਜੀ ਜਲ ਮਹਿ ਹੋਤੇ॥' (ਆਸਾ ਨਾਮ ਦੇਵ ਜੀ-੨)

੩. ਐਉਂ ਬੀ ਅਰਥ ਕਰਦੇ ਹਨ- ਪਹਿਲਾਂ ਤਾਂ ਪਾਣੀ ਹੀ ਜੀਵ ਹੈ ਜਿਸ ਤੋਂ ਸਭ ਕੋਈ ਹਰਿਆ ਹੋ ਰਿਹਾ ਹੈ।

੪. ਅੱਗੇ ਤੀਜੇ ਸ਼ਲੋਕ ਵਿਚ 'ਸਭੋ ਸੂਤਕੁ ਭਰਮੁ ਹੈ' ਆਪ ਹੀ ਗੁਰੂ ਜੀ ਦੱਸਦੇ ਹਨ।

ਸੂਚਨਾ-ਸੂਤਕ ਉਤਾਰਨ ਵਾਸਤੇ ਹਿੰਦੂ ਮਤ ਵਿਚ ਇਸ਼ਨਾਨ, ਕੱਪੜੇ ਧੋਣ, ਪੰਜ ਗਰਭੇ ਖਾਣ ਆਦਿ ਕਈ ਵਿਧੀਆਂ ਹਨ।

| | |
|---|---|
| ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥<br>ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥<br>ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥ | (ਜਦ) ਚੁਗਲੀ[1] (ਕੋਈ) ਖਾਵੇ (=ਵੱਟੇ ਤੇ ਉਹ) ਕੰਨਾਂ ਵਿਚ ਪਵੇ ਤਦ ਕੰਨਾਂ ਵਿਚ ਸੂਤਕ (ਪੈ ਜਾਂਦਾ) ਹੈ। ਹੇ ਨਾਨਕ! (ਐਸੇ) ਆਦਮੀ (ਜਿਨ੍ਹਾਂ ਨੇ ਆਪ ਨੂੰ ਸੂਤਕ ਦੂਰ ਕਰਨ ਲਈ ਨ੍ਹਾ ਨ੍ਹਾ ਕੇ ਅਪਣੀ ਵਲੋਂ) ਹੰਸਾਂ[2] (ਵਾਂਙੂ ਉੱਜਲ ਕੀਤਾ ਹੋਯਾ ਹੈ ਇਨ੍ਹਾਂ ਮਾਨਸਕ ਸੂਤਕਾਂ ਨਾਲ ਉਹ) ਬੱਝੇ[3] ਹੋਏ ਜਮਪੁਰੀ ਨੂੰ ਜਾਣਗੇ॥੨॥ |

ਉਪਰਲੇ ਸਲੋਕ ਵਿਚ ਅਸਲ ਸੂਤਕ ਵਰਣਨ ਹੋਇਆ ਹੈ ਹੁਣ ਦੱਸਦੇ ਹਨ ਕਿ-

| | |
|---|---|
| ਮਃ ੧ ॥<br>ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥<br>ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥<br>ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ | (ਉਹ) ਸੂਤਕ (ਜੋ ਤੁਸਾਂ ਨੇ ਮੰਨਿਆ ਹੈ ਕਿ ਦੂਜੇ ਨੂੰ ਜਾ ਲੱਗਦਾ ਹੈ[4] ਉਹ) ਸਾਰਾ ਭਰਮ (ਰੂਪ) ਹੈ (ਜੋ ਭਰਮ ਕਰਨ ਵਾਲਿਆਂ ਦੇ ਮਾਨੋਂ ਦਿਲਾਂ ਨੂੰ) ਜਾ ਚੰਬੜਦਾ ਹੈ। ਜੰਮਣ ਮਰਨ (ਮਾਤ੍ਰ) ਵਿਚ (ਕੋਈ ਸੂਤਕ ਨਹੀਂ ਇਹ ਤਾਂ) ਹੁਕਮ (ਦੀ ਖੇਡ) ਹੈ, (ਜੰਮਣਾ ਮਰਨਾ, ਤਾਂ) ਆਉਣ ਜਾਣ (ਵਾਂਙੂ ਹੈ ਜੋ) ਭਾਣੇ ਵਿਚ ਹੋ ਰਿਹਾ ਹੈ। (ਇਸੇ ਤਰ੍ਹਾਂ) ਖਾਣ ਪੀਣ (ਮਾਤ੍ਰ ਵਿਚ ਸੂਤਕ ਨਹੀਂ, ਉਹ) ਪਵਿਤ੍ਰ ਹੈ, (ਉਹ ਤਾਂ) ਰਿਜ਼ਕ ਹੈ (ਜੋ |

੧. ਲਾ ਇਤਬਾਰੀ=ਚੁਗਲੀ। ਅਰਬੀ 'ਲਾ ਏਅਤਬਾਰ' ਤੋਂ। ਅੰਨ੍ਵਯ-ਲਾਇਤਬਾਰੀ ਖਾਹਿ, ਕੰਨ ਪੈ, ਕੰਨੀ ਸੂਤਕ। 'ਖਾਹਿ' ਦਾ ਅਰਥ ਕਰਨਾ, 'ਚੁਗਲੀ ਸੁਣਨੀ' ਅਸ਼ੁੱਧ ਹੈ, ਇਸ ਦਾ ਅਰਥ ਚੁਗਲੀ ਵੱਟਣੀ ਹੈ। ਦੇਖੋ ਭਾ: ਗੁਰਦਾਸ ੧੪.੫:-

ਨਾਰਦ ਮੁਨੀ ਅਖਾਇ ਗਲ ਸੁਣਾਇਆ। ਲਾਇਤਬਾਰੀ ਖਾਇ ਚੁਗਲੁ ਸਦਾਇਆ॥

੨. ਹੰਸ=ਹੰਸ ਪੰਛੀ। ਉਸ ਵਾਂਗ ਨ੍ਹਾ ਨ੍ਹਾ ਕੇ ਆਪ ਨੂੰ ਉੱਜਲ ਮੰਨਣ ਵਾਲਾ ਮਨੁੱਖ। (ਅ) ਸੰਸ:, ਹੰਸ-ਪੰਛੀ ਵਿਸ਼ੇਸ਼। ਉਂਵ ਇਸ ਦੇ ਕਈ ਅਰਥ ਹਨ: ਬ੍ਰਹਮਾ, ਵਿਸ਼ਨੂੰ, ਸ਼ਿਵ, ਗੁਰੂ, ਇਕ ਅਵਤਾਰ, ਜੀਵਾਤਮਾ, ਸੂਰਜ, ਸਾਧੂ, ਸੰਤੁਸ਼ਟ ਰਾਜਾ, ਇਕ ਉਜਲ ਪੰਛੀ, ਪਰਬਤ, ਪ੍ਰਾਣ ਵਾਯੂ, ਗਊ ਵਿਸ਼ੇਸ਼, ਸੰਨਯਾਸੀ ਸੰਤ ਆਦਿ। ਇਸ ਦੇ ਨਾਲ ਹੀ ਇਸ ਪਦ ਦਾ ਅਰਥ ਹੈ ਕਾਮਦੇਵ, ਮਤਸਰ, ਦ੍ਵੈਖ। ਇਨ੍ਹਾਂ ਤੁਕਾਂ ਵਿਚ ਕਾਮ ਤੇ ਦ੍ਵੈਖ ਆਦਿ ਅਵਗੁਣਾਂ ਦਾ ਵਰਣਨ ਹੈ ਇਸ ਕਰਕੇ ਐਸੇ ਔਗੁਣਾਂ ਵਾਲੇ ਨੂੰ ਹੰਸ ਕਹਿ ਕੇ ਕਟਾਖਜ ਸੁੱਟਿਆ ਹੈ। (ੲ) ਹੰਸ ਦਾ ਧਾਤੂ ਹੈ ਹਨ੍=ਮਾਰਨਾ, ਹੰਸ ਦਾ ਅਰਥ ਹਿੰਸਕ ਬੀ ਲਾ ਲੈਂਦੇ ਹਨ।

(ਸ) ਗੁਰਬਾਣੀ ਵਿਚ 'ਹੰਸਾ' ਪਦ ਇਨ੍ਹਾਂ ਅਰਥਾਂ ਵਿਚ ਖੀ ਆਯਾ ਹੈ:- ਹੰਸਾ=ਜੀਵਾਤਮਾ, ਯਥਾ-'ਨਿਰਮਲ ਹੰਸਾ ਪ੍ਰੇਮ ਪਿਆਰ॥' (ਮਾਝ ਮ:੩-ਅਸ਼ਟ-੩੨)। ਹੰਸਾ ਆਦਮੀ=ਆਦਮੀਆਂ ਦਾ ਜੀਵਾਤਮਾ।

ਹੰਸਾ=ਬ੍ਰਹਮਾ ਯਥਾ-'ਤਾਚੇ ਹੰਸਾ ਸਗਲੇ ਜਨਾਂ' (ਧਨਾ: ਨਾਮ-੪)। ਹੰਸ=ਉਤਮ; ਯਥਾ ਹੰਸ ਸਿ ਹੰਸਾ। (ਆਸਾ ਮ:੧ ਛੰਤ)।

੩. ਯਥਾ-'ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥' (ਸੋਰਠਿ ਮ:੧-੧)

੪. ਮੰਨਦੇ ਹਨ ਕਿ ਸੂਤਕ ਨਿਰਾ ਪ੍ਰਸੂਤਾ ਨੂੰ ਨਹੀਂ ਲਗਦਾ, ਉਹ ਸ਼ਰੀਕੇ ਆਦਿ ਸਾਰੇ ਪਰਿਵਾਰ ਵਿਚ ਜਾ ਲਗਦਾ ਹੈ। 'ਦੂਜੇ ਲਗੈ' ਦਾ ਭਾਵ ਇਹ ਹੈ। 'ਦੂਜੇ ਲਗੈ ਜਾਇ' ਦਾ ਭਾਵ ਇਟ ਬੀ ਲੈਂਦੇ ਹਨ, ਸਾਰਾ ਸੂਤਕ ਤਾਂ ਭਰਮ ਹੈ ਜਿਸ ਕਰਕੇ ਜੀਵ ਦ੍ਵੈਤ ਵਿਚ ਲਗ ਰਿਹਾ ਹੈ।

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥

ਸਾਂਈਂ ਨੇ ਸਭ ਨੂੰ) ਮੁਹੱਯਾ ਕਰ ਦਿੱਤਾ ਹੈ[1]। (ਸੋ) ਜਿਨ੍ਹਾਂ ਨੇ ਗੁਰੂ ਦੁਆਰਾ ਬੁੱਝ ਲਿਆ ਹੈ ਕਿ (ਸਭੋ ਸੂਤਕ ਭਰਮ ਹੈ) ਉਹਨਾਂ ਨੂੰ ਸੂਤਕ ਨਹੀਂ ਪੈਂਦਾ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੩॥

ਪਉੜੀ ॥
ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥
ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥੧੮॥

ਸਤਿਗੁਰੂ ਨੂੰ ਵੱਡਾ ਮੰਨ ਕੇ ਸਲਾਹੁਣਾ ਚਾਹੀਦਾ ਹੈ (ਕਿਉਂਕਿ) ਉਸ ਵਿਚ ਮਾਮੂਲੀ ਨਹੀਂ, ਸਗੋਂ ਬਹੁਤ) ਵੱਡੀਆਂ ਵਡਿਆਈਆਂ[2] (ਦਾ ਨਿਵਾਸ) ਹੈ। (ਉਹ ਵਡਿਆਈਆਂ ਸਚਮੁਚ ਦੀਆਂ ਗੁਣ ਚੰਗਿਆਈਆਂ ਸਨ ਜੋ) ਤਦੋਂ (ਪਰਤੱਖ) ਦਿੱਸ ਪਈਆਂ (ਜਦੋਂ ਕਿ) ਸ਼ਹੁ (ਵਾਹਿਗੁਰੂ) ਨੇ (ਗੁਰੂ ਦੇ) ਮੇਲ ਕਰਾਏ (ਤੇ ਏਹ ਨਾ ਕੇਵਲ ਦਿੱਸ ਪਈਆਂ, ਸਗੋਂ) ਜਦੋਂ ਉਸ ਨੂੰ ਭਾ ਗਿਆ ਤਦ ਏਹ ਮਨ ਵਿਚ ਬੀ ਵੱਸ ਗਈਆਂ। (ਸਾਡੇ ਅੰਦਰ ਤਾਂ ਕੇਵਲ ਆਪਣੀਆਂ ਬੁਰਿਆਈਆਂ ਸਨ, ਉਸ ਗੁਰੂ ਨੇ) ਮੱਥੇ ਤੇ ਹੱਥ ਧਰਿਆ ਤੇ ਹੁਕਮ ਦੇ ਕੇ ਓਹ ਬੁਰਿਆਈਆਂ ਮਾਰ ਕੇ ਅੰਦਰੋਂ ਕੱਢ ਦਿਤੀਆਂ। (ਇਉਂ) ਸ਼ਹੁ ਦੇ ਤ੍ਰੁੱਠਣੇ ਕਰਕੇ (ਗੁਰੂ ਦੁਆਰਾ) ਨੌ ਨਿੱਧਾਂ ਮਿਲ ਪਈਆਂ[3]॥੧੮॥

ਵਹਿਮੀ 'ਸੁੱਚਮਤਾ' ਪੈਦਾ ਕਰਨ ਦੇ ਯਤਨ ਕੁਦਰਤੀ ਪਾਚਨ ਕ੍ਰਿਯਾ ਉਤੇ ਕੋਈ ਕਰਾਮਾਤੀ ਅਸਰ ਪਾ ਕੇ ਉਨ੍ਹਾਂ ਦੇ ਅੰਤਮ ਮਲ ਅਵਸਥਾ ਦੀ ਅਸੁਚੀ ਨੂੰ ਸੁੱਚਤਾ ਨਹੀਂ ਦੇ ਸਕਦੇ ਇਸ ਪਰਥਾਇ ਅਗਲੇ ਬਚਨ ਹਨ--

---

੧. ਸੰਬਾਹ ਪਦ ਸੰਸਕ੍ਰਿਤ ਮੂਲਕ ਹੈ-ਸੰਵਹ੍ , ਸੰਵਾਹ੍। ਇਸ ਦੇ ਅਰਥਾਂ ਵਿਚ ਮਾਲਸ਼ ਕਰਨੀ, ਮੁਠੀਆਂ ਭਰਨੀਆਂ ਆਦਿ ਤੋਂ ਛੁੱਟ ਦੋ ਭਾਵ ਹੋਰ ਹਨ: 'ਇਕੱਤ੍ਰ ਕਰਨਾ' ਤੇ 'ਲੈ ਜਾਣਾ'। ਗੁਰਬਾਣੀ ਵਿਚ ਦੁਹਾਂ ਭਾਵਾਂ ਵਾਲੇ ਅਰਥਾਂ ਵਿਚ ਆਇਆ ਹੈ:

(ੳ) ੧. ਪਹੁੰਚਾਉਣਾ-ਯਥਾ-ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ॥ (ਗੂ:ਮ:੫-੧੨)। ਇਥੇ ਸੰਬਾਹ ਇਕੱਲਾ ਕ੍ਰਿਯਾ ਰੂਪ ਵਿਚ ਹੈ। ੨. ਮੁਹੱਯਾ ਕਰਦਾ ਹੈ-ਯਥਾ-'ਦੇ ਜੀਆਂ ਰਿਜਕ ਸੰਬਾਹ'।

ਪੁਨਾ:- 'ਸਭਨਾ ਪ੍ਰਤਿਪਾਲ ਕਰੇ ਜਗ ਜੀਵਨੁ ਦੇਦਾ ਰਿਜਕੁ ਸੰਬਾਹਾ ਹੇ॥'(ਮਾਰੂ ਸੋਲ:ਮ:੩-੧੨)। ਏਥੇ ਸੰਬਾਹ ਦੇ ਨਾਲ 'ਦੇ' ਤੇ 'ਦੇਦਾ' ਮਿਲ ਕੇ ਕ੍ਰਿਯਾ ਰੂਪ ਲਿਆ ਹੈ। (ਦੇਖੋ ਗੁ:ਗ੍ਰੰਥ ਕੋਸ਼: ਖਾ:ਟ੍ਰੈ:ਸੁ:)

(ਅ) ੩. ਸਮੂਹ, ਸਮੁਦਾਯ-ਯਥਾ-- 'ਲਸਕਰ ਜੋੜੇ ਕੀਆ ਸੰਬਾਹਾ'॥ (ਆਸਾ ਮ:੫-੮੬)

੪. ਇਕੱਤ੍ਰ ਕੀਤੇ--ਯਥਾ-'ਹੈਵਰ ਗੈਵਰ ਰਥ ਸੰਬਾਹੇ॥' (ਗੂ:ਮ:੫--੮)

੨. ਵਡਿਆਈਆਂ ਦੀ ਮੁਰਾਦ ਹੈ ਗੁਣ, ਚੰਗਿਆਈਆਂ, ਖੂਬੀਆਂ'।

੩. ਸ੍ਰੀ ਦਰਬਾਰ ਸਾਹਿਬ ਵਿਚ ਸਨਾਤਨ ਮਰਿਆਦਾ ਅਕਾਲੀ ਲਹਿਰ ਤਕ ਚਲੀ ਆਈ ਸੀ ਕਿ ਇਕ ਸਿੰਘ ਸ੍ਰੀ ਦਰਬਾਰ ਸਾਹਿਬ ਸੁਖਮਨੀ ਸਾਹਿਬ ਦਾ ਅੰਮ੍ਰਿਤ ਵੇਲੇ ਪਾਠ ਕਰਿਆ ਕਰਦਾ ਸੀ, ਜਦੋਂ ਅੰਦਰ ਰਾਗੀ ਸਿੰਘ ਇਸ ਪੌੜੀ ਦਾ ਭੋਗ ਪਾਉਂਦੇ ਸੀ ਤਾਂ ਉਹ ਸੁਖਮਨੀਆ ਸਿੱਖ ਦੀਵਾਨ ਵਿਚ ਅਖੀਰਲੀਆਂ ਭੋਗ ਦੀਆਂ ਪੌੜੀਆਂ ਉੱਚੀ ਪੜ੍ਹ ਕੇ ਸੁਣਾਉਂਦਾ ਹੁੰਦਾ ਸੀ, ਉਸ ਤੋਂ ਮਗਰੋਂ ੧੯ਵੀਂ ਪਉੜੀ ਆਸਾ ਦੀ ਵਾਰ ਦੇ ਸ਼ਲੋਕਾਂ ਦਾ ਉਚਾਰ ਸ਼ੁਰੂ ਹੁੰਦਾ ਸੀ।


www.sikhbookclub.com

ਸਲੋਕੁ ਮਃ ੧ ॥
ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥

ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥

ਤਾ ਹੋਆ ਪਾਕੁ ਪਵਿਤੁ ॥

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥

(ਕਿ ਕੋਈ ਸਾਈਂ ਤੋਂ ਭੁੱਲਾ ਸਰੀਰਕ ਸੁੱਚਤਾ ਦਾ ਅਭਿਮਾਨੀ ਬ੍ਰਹਮਨ ਯਾ ਕਰਮ ਕਾਂਡੀ ਹੈ ਉਹ) ਪਹਿਲਾਂ ਆਪ (ਸ਼ਨਾਨ ਆਦਿ ਕਰਮ ਕਰਕੇ) ਸੁੱਚਾ ਬਣਦਾ ਹੈ, (ਫਿਰ ਉਹ) ਸੁਚੇ (ਕੀਤੇ ਹੋਏ ਚੌਂਕੇ) ਵਿਚ ਆ ਬੈਠਦਾ ਹੈ। (ਅੱਗੇ ਸੁੱਚਮਾਂ ਨਾਲ) ਸੁਚੇ ਹੋਏ (ਰਸੋਈਏ) ਨੇ (ਉਸ) ਅਗੇ (ਭੋਜਨ) ਰਖਿਆ ਜੋ ਭੋਜਨ ਬੀ ਸੁੱਚਾ ਸੀ[1], (ਹੁਣ ਸਭ ਤਰ੍ਹਾਂ) ਸੁੱਚਾ ਹੋ ਕੇ (ਭੋਜਨ) ਖਾਣ ਲੱਗ ਪੈਂਦਾ ਹੈ, (ਫੇਰ ਵਿਚ ਵਿਚ) ਸਲੋਕ ਪੜ੍ਹਦਾ ਹੈ (ਜੋ ਸੁੱਚਮਤਾ ਜਾਰੀ ਰਹੇ[2]। ਪਰ ਐਡੀ ਸੁੱਚਮਤਾ ਨਾਲ ਖਾਧੇ ਅੰਨ ਦਾ ਅੰਤ ਉਹੋ ਹੋਇਆ ਜੋ ਹੋਰਨਾਂ ਦੇ ਖਾਧੇ ਅੰਨ ਦਾ ਹੁੰਦਾ ਹੈ ਕਿ ਉਸ ਦਾ ਵਿਸ਼ਟਾ ਬਣ ਕੇ) ਮੈਲੇ ਥਾਂ ਸੁਟਿਆ ਗਿਆ, (ਹੁਣ ਦੱਸੋ) ਇਹ ਦੂਸ਼ਣ ਕਿਸ ਨੂੰ ਲੱਗਾ (ਕਿ) ਅੰਨ ਤਾਂ ਦੇਵਤਾ ਸੀ, ਪਾਣੀ ਬੀ ਦੇਵਤਾ ਸੀ, ਬੈਸੰਤਰ ਬੀ ਦੇਵਤਾ ਸੀ (ਚੌਥਾ) ਲੂਣ ਤੇ ਪੰਜਵਾਂ ਘਿਉ ਪਾਇਆ ਸੀ (ਉਹਨਾਂ ਦੇ ਪੈਣ ਨਾਲ ਸਾਰਾ) ਭੋਜਨ[3] ਪਵਿੱਤ੍ਰ[4] ਹੋ ਗਿਆ ਸੀ[5]। (ਐਸੇ ਪਵਿੱਤ੍ਰ ਪਦਾਰਥਾਂ ਤੇ) ਥੁੱਕਾਂ ਜੁ ਪਈਆਂ (ਕਿਉਂ? ਇਸ ਕਰਕੇ ਕਿ) ਸਰੀਰ ਵਿਚ ਉਸ ਨੇ ਪ੍ਰਵੇਸ਼ ਕੀਤਾ ਸੀ (ਤਾਂ ਤੇ) ਸਰੀਰ ਪਾਪੀ (ਹੋਇਆ? ਜਿਸ ਨਾਲ ਮਿਲ ਕੇ ਇਹ ਪਾਕ ਪਵਿਤ੍ਰ ਅੰਨ ਗੰਦਾ ਹੋ ਕੇ ਸੁਟਿਆ ਗਿਆ ਤੇ ਥੁੱਕਿਆ ਗਿਆ। ਭਾਵ ਦੋਸ਼ ਸਰੀਰ ਦੇ ਸਿਰ ਆਇਆ। ਹੁਣ ਸਰੀਰ ਦੀ ਪਵਿੱਤ੍ਰਤਾ ਅਪਵਿੱਤ੍ਰਤਾ ਇਸ ਕੁਦਰਤੀ ਪੇਟ ਅੰਦਰ ਦੀ ਪਾਚਨ ਵਿਧੀ ਵਿਚ ਨਹੀਂ ਉਹ ਤਾਂ ਸਭ ਦੀ ਇਕੋ ਜਿਹੀ ਹੈ, ਸਰੀਰ ਦੀ ਅਪਵਿੱਤ੍ਰਤਾ ਪਵਿੱਤ੍ਰਤਾ ਦਾ ਵੀਚਾਰ ਇਹ ਹੈ ਕਿ)

---

੧. ਕੋਇ ਨ ਭਿਟਿਓ ਜਾਇ= ਛੋਹ ਨਾਲ ਭੋਜਨ ਸੁੱਚਾ ਨਹੀਂ ਰਹਿੰਦਾ। ਇਸ ਕਰਕੇ ਜਿਸ ਭੋਜਨ ਨੂੰ ਅਜੇ ਕਿਸੇ ਨੇ ਨਹੀਂ ਸੀ ਭਿਟਿਆ ਉਹ ਭੋਜਨ ਭੀ ਸੁੱਚਾ ਹੈ ਸੀ।

੨. ਭੋਜਨ ਦੇ ਪਹਿਲੋਂ ਕੁਛ ਪੜ੍ਹਦੇ ਹਨ। ਕਈ ਥਾਂਈਂ ਵਿਚ ਵਿਚ ਵੀ ਸ਼ਲੋਕ ਪੜ੍ਹਦੇ ਹਨ; ਫਿਰ ਅੰਤ ਪਰ ਬੀ ਕੁਛ ਪੜ੍ਹਦੇ ਹਨ।

੩. ਪਾਕ=ਪੱਕੀ ਹੋਈ ਸ਼ੈ, ਰਿੱਧਾ ਹੋਇਆ ਭੋਜਨ।

੪. ਪਵਿਤ=ਪਵਿਤ੍ਰ।

੫. ਹਿੰਦੂ ਮਤ ਵਿਚ ਅੰਨ, ਪਾਣੀ, ਬੈਸੰਤਰ ਦੇਵਤੇ ਮੰਨੇ ਜਾਂਦੇ ਹਨ। ਘਿਉ ਪਿਆਂ ਪਵਿਤ੍ਰਤਾ ਮੰਨੀ ਹੈ ਬਿਨਾਂ ਘਿਉ ਭੂਤ ਰਸੋਈ ਮੰਨਦੇ ਹਨ ਤੇ ਵੈਦਕ ਨੁਕਤੇ ਤੋਂ ਲੂਣ ਰਸੋਈ ਨੂੰ ਸੁੱਧਤਾ ਦੇਂਦਾ ਹੈ ਤੇ ਇਸ ਨੂੰ ਰਸਾਂ ਦਾ ਰਾਜਾ ਮੰਨਦੇ ਹਨ।

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥

ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥

ਜਿਹੜਾ ਮੂੰਹ[1] ਨਾਮ ਨਹੀਂ ਜਪਦਾ ਤੇ ਨਾਮ (ਰਸ) ਤੋਂ ਵਿਰਵਾ ਰਹਿ ਕੇ ਰਸ (ਸ੍ਵਾਦੀ ਭੋਜਨ) ਖਾਂਦਾ ਹੈ, ਜਾਣ ਲਓ ਕਿ (ਉਹ ਮੂੰਹ ਨਫਰਤ ਯੋਗ ਹੈ ਤੇ) ਉਸ ਮੂੰਹ ਤੇ ਥੁੱਕਾਂ ਪੈਂਦੀਆਂ ਹਨ (ਭਾਵ ਉਹ ਮੂੰਹ ਘ੍ਰਿਣਤ ਹੁੰਦਾ ਹੈ) (ਇਹ ਹੈ ਗੁਰੂ) ਨਾਨਕ (ਦੇਵ ਜੀ ਦਾ ਆਸ਼ਾ) ॥੧॥

ਇਸਤ੍ਰੀ ਜਾਤੀ ਨੂੰ ਸ਼ੂਦ੍ਰ ਦਾ ਦਰਜਾ ਸ਼ਾਸਤ੍ਰਾਂ ਨੇ ਦਿੱਤਾ ਹੈ, ਅਗਲੇ ਸ਼ਲੋਕ ਵਿਚ ਉਸ ਖਿਆਲ ਦੀ ਭਰਮ ਨਵਿਰਤੀ ਕਰਦੇ ਹਨ:-

ਮਃ ੧ ॥
ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਇਸਤ੍ਰੀ[2] ਤੋਂ ਜੰਮੀਦਾ ਹੈ, ਇਸਤ੍ਰੀ (ਦੇ ਗਰਭ) ਵਿਚ (ਹੀ) ਨਿੰਮੀਦਾ ਹੈ[3], ਇਸਤ੍ਰੀ ਨਾਲ ਹੀ ਮੰਗੇਵਾ ਤੇ ਵਿਆਹ (ਹੁੰਦਾ ਹੈ)। ਇਸਤ੍ਰੀ ਤੋਂ ਹੀ ਅਨੁਰਾਗ ਪੈਦਾ ਹੁੰਦਾ ਹੈ ਇਸਤ੍ਰੀ ਤੋਂ ਹੀ ਸਭਜਤਾ ਟੁਰਦੀ ਹੈ[4]। (ਜਦੋਂ) ਇਸਤ੍ਰੀ ਮਰ ਜਾਏ (ਤਾਂ ਹੋਰ) ਇਸਤ੍ਰੀ ਲੱਭੀਦੀ ਹੈ (ਕਿਉਂਕਿ) ਇਸਤ੍ਰੀ ਨਾਲ ਹੀ ਗ੍ਰਿਹ ਪ੍ਰਬੰਧ ਟੁਰਦਾ ਹੈ।

---

੧. 'ਜਿਸ ਮੂੰਹ ਨਾਲ' ਬੀ ਅਰਥ ਕਰਦੇ ਹਨ।

੨. ਇਕ ਵਿਦਵਾਨ ਦਾ ਵੀਚਾਰ ਹੈ ਕਿ ਸੰਸਕ੍ਰਿਤ ਧਾਤੂ 'ਭੇਦ੍' ਦੇ ਅਰਥ ਹਨ ਸੋਭਾਗਜ ਮਯ ਹੋਣਾ। ਇਸ ਤੋਂ ਪਦ ਬਣਿਆਂ ਭਾਂਡ ਤੇ ਭੰਡ। ਸੋਭਾਗਜ ਦਾ ਖਜਾਲ ਹੋਣ ਕਰਕੇ 'ਭੰਡ' ਇਸਤ੍ਰੀ ਵਾਚਕ ਹੋਇਆ। ਪਰ ਕਈ ਵੇਰ ਚੰਗੇ ਪਦ ਨਫਰਤ ਲਈ ਵਰਤ ਲੈਂਦੇ ਹਨ ਜੈਸੇ ਭਦ (=ਨੇਕ) ਡਾਕੂਆਂ ਲਈ ਵਰਤਦੇ ਹਨ। ਇਸ ਤਰ੍ਹਾਂ ਸ਼ੁਭ ਅਰਥਾਂ ਵਾਲਾ ਪਦ ਭੰਡ ਇਸਤ੍ਰੀ (ਸ਼ੂਦਰ) ਲਈ ਵਰਤਿਆ ਗਿਆ। ਭੰਡ ਦੇ ਸ਼ਬਦੀ ਅਰਥ ਬਰਤਨ ਦੇ ਹਨ (ਸੰਸ: ਭਾਂਣ੍ਡ, ਪ੍ਰਾ: ਭੰਡ)। ਏਥੇ ਇਹ ਸ਼ਬਦ ਇਸਤ੍ਰੀ ਦਾ ਵਾਚਕ ਹੈ। ਅੰਜੀਲ ਵਿਚ ਵੀ ਵੈਸਲ (Vessel=ਭਾਂਡਾ) ਸ਼ਬਦ ਇਸਤ੍ਰੀ ਸੰਬੰਧੀ ਵਰਤਿਆ ਗਿਆ ਹੈ। ਦੇਖੋ I. Thes ੪-੪। ਇਕ ਥਾਵੇਂ ਅੰਜੀਲ ਵਿਚ ਇਸਤ੍ਰੀ ਦੀ ਕਮਜ਼ੋਰ ਭਾਂਡੇ (weaker vessel) ਨਾਲ ਤਸ਼ਬੀਹ ਦਿਤੀ ਹੈ, ਦੇਖੋ (Peter. ੩-੭) ਅੱਜ ਕਲ ਅੰਗਰੇਜ਼ੀ ਵਿਚ The weaker vessel (ਕਮਜ਼ੋਰ ਭਾਂਡਾ) ਇਸਤ੍ਰੀ ਲਈ ਮਖ਼ੌਲ ਨਾਲ ਵੀ ਵਰਤਿਆ ਜਾਂਦਾ ਹੈ। ਭਾਂਡੇ ਦੇ ਅਰਥਾਂ ਵਾਲਾ ਦੂਜਾ ਸ਼ਬਦ ਰੂਪ ਵਿਚ ਏਸੇ ਨਾਲ ਮਿਲਦਾ ਜੁਲਦਾ ਪਦ 'ਹਾਂਡਾ' ਹੈ, ਇਹ ਸੰਸਕ੍ਰਿਤ ਨਾਟਕਾਂ ਵਿਚ ਸੇਵਕ ਸ਼੍ਰੇਣੀ ਦੀ ਇਸਤ੍ਰੀ ਦੇ ਸੰਬੋਧਨ ਲਈ ਵਰਤੋਂ ਵਿਚ ਆਇਆ ਹੈ। ਪ੍ਰਾਕ੍ਰਿਤ ਵਿਚ ਇਸੇ ਸ਼ਬਦ ਨੂੰ ਸਹੇਲੀ ਨੂੰ ਬੁਲਾਉਣ ਲਈ ਸੰਬੋਧਨ ਰੂਪ ਵਿਚ ਵਰਤਦੇ ਹਨ। ਇਸੇ ਵਾਰ ਦੇ ਸਲੋਕ ੨੪-੧ ਵਿਚ 'ਆਪੇ ਭਾਂਡੇ ਸਾਜਿਅਨੁ' ਭਾਂਡਾ ਪਦ ਸਰੀਰ ਵਾਸਤੇ ਵਰਤਿਆ ਗਿਆ ਹੈ। ਜੈਸੇ 'ਮੁਆ', 'ਮੰਦਾ' ਇਸ ਤੋਂ ਪਤਾ ਲੱਗਦਾ ਹੈ ਕਿ ਭੰਡ ਦਾ ਅਰਥ ਭਾਂਡਾ ਹੈ ਜੋ ਪੁਲਿੰਗ ਹੈ ਤੇ ਇਹ ਪਦ ਇਸਤ੍ਰੀ ਲਈ 'ਲੱਛਣਾ ਬ੍ਰਿਤੀ' ਦੁਆਰਾ ਵਰਤਿਆ ਗਿਆ ਹੈ।

੩. ਨਿੰਮਣਾ=(ਸੰਸ:, ਨਿਰ੍ਮਾਣ। ਪ੍ਰਾ:ਨਿਮਮ) ਗਰਭ ਵਿਚ ਬੱਚੇ ਦਾ ਬਣਨਾ ਤੇ ਵਸਣਾ।

੪. ਫ਼ਾ:, ਰਾਹ=ਰਸਤਾ, ਤਰੀਕਾ, ਰਿਵਾਜ, ਕਾਨੂੰਨ। ਓਹ ਤਰੀਕੇ ਜਿਨ੍ਹਾਂ ਪਰ ਸੁਸਾਇਟੀ ਦੀ ਹਸਤੀ ਨਿਰਭਰ ਹੈ, ਸਭਜਤਾ।

 www.sikhbookclub.com

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥

ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥

(ਫਿਰ) ਜਿਸ (ਇਸਤ੍ਰੀ ਤੋਂ) ਰਾਜੇ[1] (ਆਦਿ ਪ੍ਰਤਾਪ ਸ਼ੀਲ ਲੋਕ ਬੀ) ਜੰਮਦੇ ਹਨ, ਉਸ (ਇਸਤ੍ਰੀ) ਨੂੰ ਮਾੜਾ ਕਿਉਂ ਕਹੀਏ। (ਫਿਰ ਦੇਖੋ ਕਿ ਐਤਨੇ ਗੁਣਾਂ ਵਾਲੀ) ਇਸਤ੍ਰੀ ਦੀ ਉਤਪਤੀ ਬੀ (ਇਸੇ) ਇਸਤ੍ਰੀ ਤੋਂ ਹੀ ਹੁੰਦੀ ਹੈ, ਇਸਤ੍ਰੀ ਤੋਂ ਬਿਨਾਂ ਕਿਸੇ ਦੀ (ਉਤਪਤੀ) ਨਹੀਂ ਹੁੰਦੀ[2]। ਹੇ ਨਾਨਕ! ਉਹ ਸੱਚਾ (ਅਕਾਲ ਪੁਰਖ) ਹੀ ਇਕ ਹੈ ਜੋ (ਇਸਤ੍ਰੀ ਤੋਂ ਬਿਨਾਂ ਹੈ (ਅਰਥਾਤ ਸ੍ਵਯੰਭੂ ਹੈ।) (ਇਸਤ੍ਰੀ ਨੂੰ ਨਿੰਦਣਾ ਤੇ ਮਰਦ ਨੂੰ ਸਲਾਹੁਣਾ ਚੰਗਾ ਨਹੀਂ) ਜਿਸ (ਬੀ) ਮੂੰਹ ਨਾਲ (ਚਾਹੋ ਇਸਤ੍ਰੀ ਦਾ ਹੈ ਚਾਹੇ ਮਰਦ ਦਾ, ਪਰਮੇਸ਼ੁਰ ਨੂੰ) ਸਦਾ ਧਿਆਈਏ (ਉਸ ਉਤੇ) ਭਾਗਾਂ ਦੀ ਮਣੀ[3] ਦੀ ਸੁੰਦਰਤਾ (ਆ ਜਾਂਦੀ ਹੈ ਅਤੇ ਅੱਗੇ ਚੱਲ ਕੇ) ਉਸ ਸੱਚੇ ਦਰਬਾਰ ਵਿਚ ਉਹੋ ਮੁਖ ਉਜਲੇ ਹੋਣਗੇ (ਚਾਹੋ ਓਹ ਇਸਤ੍ਰੀ ਦੇ ਹੋਣ ਚਾਹੋ ਮਰਦਾਂ ਦੇ), ਹੇ ਨਾਨਕ! ॥੨॥

ਅਗਲੀ ਪਉੜੀ ਵਿਚ ਅਡ ਅਡ ਮਜ਼ਹਬਾਂ ਤੇ ਮਤਾਵਲੰਬੀਆਂ ਪ੍ਰਤੀ ਸਮੋਧ ਕੀਤਾ ਹੈ ਜੋ ਵਾਹਿਗੁਰੂ ਨੂੰ ਕੇਵਲ ਆਪਣਾ ਕਹਿ ਕਹਿ ਕੇ ਹੰਕਾਰ ਕਰਦੇ ਤੇ ਦੂਸਰੇ ਦੇ ਮਜ਼ਹਬ ਤੇ ਵਿਸ਼ਵਾਸ਼ ਨੂੰ ਮੰਦਾ ਕਹਿੰਦੇ ਹਨ ਤੇ ਆਪੋ ਵਿਚ ਮੂਰਖਾਂ ਵਾਂਙੂ ਝਗੜਦੇ ਹਨ।

ਪਉੜੀ॥

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥

(ਕਹਿਣ ਮਾਤ੍ਰ ਤਾਂ) ਸਭ ਕੋਈ (ਪਰਮੇਸ਼ੁਰ ਨੂੰ) ਅਪਣਾ (ਅਪਣਾ) ਕਹਿ ਕੇ (ਉਸ ਦਾ ਦਾਅਵੇਦਾਰ ਬਣ ਬੈਠਦਾ ਹੈ, ਤੇ ਹੈ ਬੀ ਠੀਕ ਕਿਉਂਕਿ) ਜਿਸ ਦਾ (ਪਰਮੇਸ਼ੁਰ) ਨਹੀਂ ਉਹ ਚੁਣ ਕੇ ਕੱਢ ਦਿਖਾਓ ਤਾਂ (ਪਰ ਨਿਰਾ ਇਸ ਦਾਅਵੇ ਨਾਲ ਕਿ ਓਹ ਮੇਰਾ ਹੈ, ਗੱਲ ਨਹੀਂ ਬਣਦੀ, ਦੇਖਣਾ ਤਾਂ ਇਹ ਹੈ ਕਿ ਦਾਅਵੇਦਾਰਾਂ ਨੇ ਕਰਮ ਨਾਲ ਉਸ ਨੂੰ ਕਿਤਨਾ ਕੁ ਅਪਣਾਇਆ ਹੈ, ਕਿਉਂਕਿ) ਆਪੋ ਆਪਣੇ ਕੀਤੇ (ਕਰਮਾਂ ਦਾ) ਲੇਖਾ (ਸਭ ਕਿਸੇ ਨੇ) ਆਪ ਹੀ ਭਰਨਾ

---

੧. ਸੰਸ:, ਰਾਜਨ੍= ਰਾਜਾ। ਖਤ੍ਰੀ, ਪ੍ਰਤਾਪਸ਼ੀਲ ਪੁਰਖ। ਰਾਜਾਨ ਪਦ ਇਥੇ ਰਾਜਾ ਦਾ ਬਹੁ ਵਚਨ ਹੈ।

੨. ਇਸ ਵਿਚ ਮਟਕ ਹੈ ਕਿ ਤੁਸੀਂ ਮਰਦ ਜੋ ਇਸਤ੍ਰੀ ਨੂੰ ਮਾੜਾ ਕਹਿੰਦੇ ਹੋ, ਉਸੇ ਇਸਤ੍ਰੀ ਤੋਂ ਜੰਮਦੇ ਹੋ ਮਾੜੇ ਸੋਮੇ ਤੋਂ ਉਪਜ ਕੇ ਬੀ ਤੁਸੀਂ ਚੰਗੇ ਹੋ?

੩. ਰਤਨ ਤੋਂ ਰੱਤੀ। ਰਤਨ=ਮਾਣਕ, ਤਾਂਤੇ ਰੰਤੀ=ਮਣੀ। ਭਾਗਾ ਰਤੀ, ਭਾਗਾਂ ਦਾ ਰਤਨ, ਭਾਗਾਂ ਦੀ ਮਣੀ, ਯਥਾ- 'ਭਾਗ ਮਣੀ ਸੋਹਾਗਣਿ ਮੇਰੇ ਪਿਆਰੇ॥' (ਆਸਾ ਮ:੪ ਛੰਤ-੧) ਭਾਗ ਜਾਗਿਆਂ ਜੀਕੂੰ ਮੱਥਾ ਖਿੜਦਾ ਹੈ, ਤੀਕੂੰ ਨਾਮ ਰਸ ਨਾਲ ਮਸਤਕ ਖਿੜ ਜਾਏਗਾ। (ਅ) ਪੁਰਾਤਨ ਅਰਥ ਐਉਂ ਬੀ ਹੈ- ਧਰਮ, ਅਰਥ, ਕਾਮ, ਮੋਖ, ਰੂਪ ਚਾਰ ਰਤੀਆਂ ਉਹਨਾਂ ਦੇ ਭਾਗਾਂ ਵਿਚ ਆ ਜਾਂਦੀਆਂ ਹਨ। ਯਥਾ:- ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ॥(ਬਿਲਾ:ਮ:੪-੪)

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥੧੯॥

ਹੈ[1]। ਜਦ (ਇਹ ਗੱਲ ਅਮਿਟ ਹੈ ਕਿ ਕਿਸੇ ਨੇ) ਇਸ ਜਗਤ ਵਿਚ (ਸਦਾ) ਨਹੀਂ ਰਹਿਣਾ ਤਾਂ ਹੰਕਾਰ ਵਿਚ (ਅਪਣੇ ਆਪ ਨੂੰ) ਕਿਉਂ ਖੀਨ ਕਰੀਏ[2]? (ਸਗੋਂ) ਕਿਸੇ (ਦੂਸਰੇ ਮਤ ਵਾਲੇ) ਨੂੰ ਮੰਦਾ ਨਾ ਕਹੀਏ, ਵਿਦਜਾ ਪਾ ਕੇ[3] ਇਹ ਗੱਲ (ਚੰਗੀ ਤਰ੍ਹਾਂ) ਸਮਝ ਲੈਣੀ ਚਾਹੀਦੀ ਹੈ (ਕਿ ਆਪਣੇ ਮਤ ਨੂੰ ਚੰਗਾ ਦੱਸਣ ਲਈ ਕਿਸੇ) ਮੂਰਖ ਨਾਲ ਝਗੜੇ ਬਹਿਸਾਂ ਨਾ ਕਰੀਏ॥੧੯॥

ਦੂਸਰੇ ਨਾਲ ਫਿੱਕਾ ਵਾਕ ਉਸ ਦੀ ਹਾਨੀ ਲਈ ਬੋਲੀਦਾ ਹੈ ਪਰ ਨਾਲ ਜੋ ਆਪਣੀ ਹਾਨੀ ਹੁੰਦੀ ਹੈ, ਉਸ ਵਲ ਨਜ਼ਰ ਪੁਆਉਂਦੇ ਹਨ :-

ਸਲੋਕੁ ਮਃ ੧ ॥
ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥

ਹੇ ਨਾਨਕ! ਫਿੱਕਾ[4] ਬੋਲਣ ਨਾਲ (ਅਪਣਾ) ਤਨ ਤੇ ਮਨ (ਦੁਇ) ਫਿਕੇ ਪੈ ਜਾਂਦੇ ਹਨ (ਭਾਵ ਫਿਕਾ ਬੋਲਿਆ ਤਾਂ ਜੀਭ ਨੇ ਸੀ ਪਰ ਉਸ ਦਾ ਅਸਰ ਸਾਰੇ ਸਰੀਰ ਅਤੇ ਮਨ ਉਤੇ ਉਦਾਸੀ ਦਾ ਪੈਂਦਾ ਹੈ)। (ਸਰੀਰ ਤੇ ਮਨ ਦੀ ਹਾਨੀ ਤੋਂ ਛੁੱਟ) ਫਿਕੇ ਨੂੰ ਲੋਕੀ 'ਫਿਕਾ' ਸੱਦਣ ਲਗ ਜਾਂਦੇ ਹਨ ਤੇ ਫਿਕੇ ਦੀ ਸ਼ੋਭਾ ਬੀ ਫਿੱਕੀ ਪੈ ਜਾਂਦੀ ਹੈ) =ਬਦਨਾਮ ਹੋ ਜਾਂਦਾ ਹੈ)। (ਜਗਤ ਦੇ ਅਪਜਸ ਤੋਂ ਛੁੱਟ) ਫਿਕਾ ਦਰਗਾਹ ਵਿਚੋਂ ਬੀ ਧੱਕਿਆ ਜਾਂਦਾ ਹੈ ਤੇ ਉਸ ਤੋਂ ਘ੍ਰਿਣਾ ਕੀਤੀ ਜਾਂਦੀ ਹੈ[5]; (ਫਿਕਾ ਬੋਲਦਿਆਂ ਕਈ ਵੇਰ ਲੜਾਈ ਤਕ ਨੌਬਤ ਆ ਪਹੁੰਚਦੀ ਹੈ ਤੇ ਜੁੱਤੀ ਪੈਜਾਰ ਹੋ ਪੈਂਦੇ ਹਨ, ਯਾ ਅਦਾਲਤਾਂ ਤਕ ਪਹੁੰਚ ਕੇ ਸਜ਼ਾ ਪਾਉਂਦੇ ਹਨ ਸੋ ਦੱਸਦੇ ਹਨ ਕਿ ਇਹ ਮਾਨੋ) ਫਿੱਕੇ ਨੂੰ ਜੁੱਤੀਆਂ ਦੀ ਸਜ਼ਾ ਮਿਲਦੀ ਹੈ ਤੇ (ਜਗਤ ਵਿਚ) ਮੂਰਖ ਕਿਹਾ ਜਾਂਦਾ ਹੈ॥੧॥

---

੧. ਯਥਾ-ਪੁੱਛਨਿ ਫੋਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ॥ ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋਂ ਰੋਈ॥ (ਵਾ:ਭਾ:ਗੁ:੧.੩੩)। ਸੰਢੀਐ=(ਸੰਸ:, ਸਾਧਨੰ, ਇਸ ਪਦ ਦੇ ੩੦ ਤੋਂ ਵਧੀਕ ਅਰਥਾਂ ਵਿਚੋਂ ਇਕ ਹੈ ਕਰਜ਼ਾ ਯਾ ਜੁਰਮਾਨਾ ਆਦਿ ਭਰਨਾ)। ਭਰਨਾ।

੨. 'ਫਿਰੀਏ' ਬੀ ਅਰਥ ਕਰਦੇ ਹਨ। ਪੰਜਾਬੀ, ਹੰਢਣਾ=ਫਿਰਨਾ, ਖੀਨ ਹੋਣਾ, ਘਸਣਾ।

੩. ਪੜ੍ਹ ਅਖਰੁ=ਅਖਰ ਪੜ੍ਹ ਕੇ, ਭਾਵ ਵਿਦਜਾ ਪਾ ਕੇ।

੪. ਫਿਕਾ, ਗੁਰੂ ਜੀ ਨੇ ਬੜਾ ਸੁਸਤਾ ਪਦ ਵਰਤਿਆ ਹੈ, ਮੁਰਾਦ ਹੈ ਕੌੜੇ ਵਾਕਾਂ ਤੋਂ ਜੋ ਮਜ਼ਹਬੀ ਬਹਿਸਾਂ ਵੇਲੇ ਵਰਤ ਲੈਂਦੇ ਸਨ। ਯਥਾ: ਸੱਚੁ-ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ। (ਭਾ:ਗੁ:੧-੨੧)

੫. ਇਹ ਤੁਕ ਦੱਸਦੀ ਹੈ ਕਿ ਮਜ਼ਹਬੀ ਨਫਰਤ ਤੇ ਝਗੜਾਲੂਆਂ ਪ੍ਰਤਿ ਉਪਦੇਸ਼ ਹੈ ਕਿ ਗੁੱਸੇ ਵਿਚ ਆ ਕੇ ਕੌੜੇ ਵਾਕਾਂ ਵਿਚ ਜੋ ਆਪੋ ਵਿਚ ਚਿੱਕੜ ਉਛਾਲਦੇ ਹੋ, ਜਿਸ ਰਬ ਦੇ ਦਾਅਵੇ ਬੰਨ੍ਹ ਐਸਾ ਕੁਛ ਕਰਦੇ ਹੋ, ਉਸ ਦੀ ਦਰਗਾਹ ਵਿਚ ਹੀ ਤੁਹਾਨੂੰ ਢੋਈ ਨਹੀਂ ਲੱਭਣੀ ਤੇ ਦੁਨੀਆਂ ਵਿਚ ਮੂਰਖ ਸਦੀਵੋਗੇ। ਥੁੱਕਾਂ ਪੈਣੀਆਂ ਦਾ ਭਾਵ ਹੈ ਘ੍ਰਿਣਾ ਕੀਤੀ ਜਾਂਦੀ ਹੈ।

 www.sikhbookclub.com

ਕਿਸੇ ਹਾਥੀ ਘੋੜੇ ਆਦਿ ਦਾ ਫੈਲਾਉ ਤੇ ਸਾਧ ਭੇਖ ਦਾ ਦਿਖਾਵਾ ਬਣਾ ਕੇ ਤੀਰਥਾਂ ਤੇ ਫਿਰ ਰਹੀ ਸਾਧ ਮੰਡਲੀ ਪਰਥਾਇ ਅਗਲੇ ਵਾਕ ਉਚਾਰੇ ਸਹੀ ਹੁੰਦੇ ਹਨ।

ਮਃ ੧ ॥
ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥
ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ ॥
ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥
ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥
ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥
ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥

(ਜੋ) ਅੰਦਰੋਂ (ਤਾਂ) ਝੂਠੇ ਹਨ (ਪਰ) ਬਾਹਰੋਂ (ਜਿਨ੍ਹਾਂ ਨੇ ਅਪਣੀ) ਇੱਜ਼ਤ (ਬਣਾਈ ਹੋਈ ਹੈ) ਤੇ ਦੁਨੀਆਂ ਵਿਚ ਅਡੰਬਰ (ਰਚ ਰਖਿਆ) ਹੈ; (ਓਹ ਜੇ) ਅਠਾਹਠ ਤੀਰਥ ਬੀ ਨਹਾ ਲੈਣ ਤਾਂ (ਅੰਦਰ ਦੀ) ਮੈਲ ਨਹੀਂ ਉਤਰਨ ਲੱਗੀ। (ਪਰ) ਜਿਨ੍ਹਾਂ (ਸਾਧੂਆਂ) ਦੇ ਬਾਹਰ (ਤਾਂ) ਗੋਦੜਾ[1] ਕੀਤਾ ਹੋਯਾ ਹੈ (ਪਰ) ਅੰਦਰੋਂ ਰੇਸ਼ਮ[2] (ਵਾਂਙੂ ਸਚੇ ਪ੍ਰੇਮ ਦੀ ਕੋਮਲਤਾ ਵਾਲੇ) ਹਨ ਓਹ ਸੰਸਾਰ ਵਿਚ ਭਲੇ ਹਨ। ਉਨ੍ਹਾਂ ਦਾ ਵਾਹਿਗੁਰੂ ਨਾਲ ਪ੍ਰੇਮ ਲੱਗ ਗਿਆ ਹੈ (ਤੇ ਇਹ ਪ੍ਰੇਮ ਕੇਵਲ ਵਾਹਿਗੁਰੂ ਦੇ) ਦਰਸ਼ਨ ਦੇ ਖਯਾਲ ਤੋਂ (ਲੱਗਾ ਹੈ)[3]। (ਓਹ ਕਦੇ) ਪ੍ਰੇਮ ਵਿਚ (ਆਕੇ) ਹੱਸ ਪੈਂਦੇ ਹਨ (ਕਦੇ) ਪ੍ਰੇਮ ਵਿਚ (ਆ ਕੇ) ਰੋ ਪੈਂਦੇ ਹਨ, (ਕਦੇ ਕਦੇ ਮਗਨ ਹੋ) ਚੁੱਪ ਬੀ ਕਰ ਜਾਂਦੇ ਹਨ। (ਉਨ੍ਹਾਂ ਨੂੰ) ਸੱਚੇ ਪਤੀ (ਪਰਮੇਸ਼ੁਰ) ਤੋਂ ਬਿਨਾਂ ਕਿਸੇ ਦੀ ਪ੍ਰਵਾਹ ਨਹੀਂ[4]। (ਇਸ ਲਈ ਮੈਂ ਤਾਂ ਐਸੇ ਰੱਬੀ ਪਯਾਰ ਵਾਲਿਆਂ ਦੇ) ਦਰ ਉਤੇ ਰਸਤੇ ਦਾ ਖਰਚ (ਬੈਠਾ)ਮੰਗਦਾ ਹਾਂ[5], ਜਦੋਂ ਦੇਣਗੇ ਤਦੋਂ ਖਾ ਲਵਾਂਗਾ, (ਭਾਵ ਨਾਮ ਦੀ ਦਾਤ ਮੰਗ ਰਿਹਾ ਹਾਂ)[6]। (ਦਿਖਾਵੇ ਦੀ ਸਾਧ ਮੰਡਲੀ ਨੂੰ ਕਹਿੰਦੇ ਹਨ ਕਿ ਏਥੇ ਤਾਂ ਤੁਸੀਂ ਮੌਜਾਂ ਵਿਚ ਹੋ ਤੇ ਪ੍ਰੇਮੀ ਆਤੁਰ ਹਨ, ਪਰ ਅੱਗੇ ਜਾ ਕੇ ਜਿਥੇ) ਸਭ ਕਿਸੇ ਦਾ ਮੇਲਾ ਹੋਣਾ ਹੈ (ਓਥੇ) ਦੀਵਾਨ ਇਕੋ ਹੈ (ਜਿਸ ਪਾਸ ਜਾਣਾ ਹੈ ਤੇ) ਕਲਮ ਬੀ ਇਕੋ ਹੈ। (ਉਸ) ਦਰ ਉਤੇ (ਜਦ ਉਹ) ਲੇਖਾ ਲਏਗਾ (ਤਦ ਐਉਂ ਲਏਗਾ) ਜਿਵੇਂ ਤਿਲਾਂ ਨੂੰ ਪੀੜਿਆਂ ਤੇਲ ਛੁੱਟਦਾ ਹੈ,

---

੧. ਗੁਦੜੁ=ਗੋਦੜੀ। ਟੁੱਟੇ ਖੁੱਥੇ ਉਨ ਰੇਸ਼ਮ ਨੂੰ ਬੀ ਕਹਿੰਦੇ ਹਨ।

੨. (ਅ) ਪਟੁ=ਨਿਪੁਨ ਭਾਵ ਗਜਾਨਵਾਨ। (ਸੰਸ:, ਪਟ=ਚਤੁਰ, ਨਿਪੁਨ ਆਦਿ)। ਯਥਾ-ਗੁਰ ਸਿਖ ਐਸਾ ਜਾਣੀਏ ਅੰਦਰੋਂ ਸਿਆਣਾ, ਬਾਹਰੋਂ ਭੋਲਾ।

੩. ਭਾਵ ਨਿਸ਼ਕਾਮ ਭਗਤੀ ਕਰ ਰਹੇ ਹਨ।

੪. ਬਾਹਰਲੀ ਪੈਜ ਬਣਾਈ ਰੱਖਣ ਵਾਲਾ ਮਤਲਬ ਵੇਲੇ ਹਸਦਾ ਹੈ, ਮਤਲਬ ਸਾਧਣ ਵੇਲੇ ਰੋ ਭੀ ਪੈਂਦਾ ਹੈ, ਪਰ ਸੱਚੇ ਪ੍ਰੇਮ ਵਾਲਾ ਆਪਣੇ ਅੰਦਰ ਨਾਲ ਸੱਚਾ ਹੁੰਦਾ ਹੈ, ਪ੍ਰੇਮ ਦੇ ਉਛਾਲ ਆਇਆਂ ਹੱਸਦਾ, ਪ੍ਰੇਮ ਵਿਚ ਵਯੋਗ ਦੇ ਭਾਵ ਹੇਠ ਰੋ ਪੈਂਦਾ ਹੈ, ਪ੍ਰੇਮ ਵਿਚ ਟਿਕਾਉ ਵੇਲੇ ਚੁਪ ਹੁੰਦਾ ਹੈ। ਕਿਸੇ ਦੀ ਪ੍ਰਵਾਹ ਨਹੀਂ ਰਖਦਾ ਕਿ ਕੋਈ ਕੀਹ ਆਖੇਗਾ ਤੇ ਕੀਹ ਟੀਕਾ ਟਿੱਪਣੀ ਕਰੇਗਾ।

੫. ਵਾਟ ਖਰਚੁ=ਰਸਤੇ ਦਾ ਖਰਚ।

੬. ਐਉਂ ਬੀ ਕਰਦੇ ਹਨ-ਪਰਮੇਸ਼ੁਰ ਦੇ ਦਰ ਤੋਂ ਰਸਤੇ ਦੀ ਖ਼ੁਰਾਕ (ਨਾਮ) ਮੰਗਦੇ ਹਨ।

 www.sikhbookclub.com

(ਫੁਰਮਾਉਂਦੇ ਹਨ ਗੁਰੂ) ਨਾਨਕ ਦੇਵ ਜੀ। (ਯਥਾ- ਲੇਖਾ ਲੀਜੈ ਤਿਲ ਜਿਉ ਪੀੜੀ)॥੨॥

ਪਉੜੀ ॥
ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥
ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥
ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥
ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥

(ਹੇ ਵਾਹਿਗੁਰੂ ਤੂੰ) ਆਪ ਹੀ (ਜਗਤ ਦੀ) ਰਚਨਾ ਰਚੀ ਹੈ ਤੇ ਆਪ ਹੀ ਤੂੰ ਇਸ (ਵਿਚ ਆਪਣੀ) ਸੱਤਾ (ਸ਼ਕਤੀ) ਪਾਈ ਹੈ, (ਜਿਸ ਨਾਲ ਤੂੰ ਇਸ ਖੇਲ) ਨੂੰ ਧਾਰਨ ਕਰ ਰਿਹਾ ਹੈਂ (ਕਾਇਮ ਰਖ ਰਿਹਾ ਹੈਂ। ਇਸ) ਆਪਣੇ ਕੀਤੇ (ਖੇਲ ਵਿਚ ਤੂੰ ਆਪ ਹੀ) ਕੱਚੀਆਂ ਪੱਕੀਆਂ ਨਰਦਾਂ[1] ਰਖ ਰਖ ਕੇ (ਆਪ ਹੀ) ਇਸ ਖੇਲ ਨੂੰ ਦੇਖ ਰਿਹਾ ਹੈਂ। (ਇਸ ਚੌਪਟ ਦੇ ਉਪਰ ਨਰਦਾਂ ਵਾਂਙੂ) ਜੋ ਆਇਆ ਹੈ ਸੋ ਚਲਾ ਜਾਏਗਾ (ਪਾਸੇ ਢਾਲਣਹਾਰ ਦੇ ਢਾਲਣ ਅਨੁਸਾਰ) ਹਰ ਕਿਸੇ ਦੀ (ਟੁਰ ਪੈਣ ਦੀ) ਵਾਰੀ ਆ ਜਾਂਦੀ ਹੈ। (ਪਰ ਇਸ ਖੇਲ ਵਿਚ ਇਕ ਗੱਲ ਇਨ੍ਹਾਂ ਚੇਤਨ ਨਰਦਾਂ ਦੇ ਅਪਣੇ ਕਰਨ ਦੀ ਬੀ ਹੈ, ਉਹ ਇਤਨੀ ਮਾਤ੍ਰ ਹੈ ਕਿ) ਜਿਸ (ਰਚਨ ਤੇ ਖੇਲਨਹਾਰ) ਮਾਲਕ (ਦੇ ਦਿਤੇ) ਜੀਵ ਤੇ ਪ੍ਰਾਣ ਹੈਨ ਉਸ ਨੂੰ ਮਨੋਂ ਨਾ ਵਿਸਾਰੀਏ। (ਇਉਂ) ਆਪਣੇ ਹੱਥੀਂ ਆਪਣਾ ਕੰਮ ਆਪੇ ਹੀ ਸੰਵਾਰ ਲਈਏ। (ਭਾਵ ਉਸ ਨੂੰ ਯਾਦ ਰਖਣਾ ਹੀ ਆਪਣਾ ਕਾਰਜ ਆਪ ਸੰਵਾਰਣਾ ਹੈ)॥੨੦॥

ਅਗੇ ਹੁਣ ਵਾਹਿਗੁਰੂ-ਪ੍ਰੇਮ ਯਾ ਗੁਰੂ-ਪ੍ਰੇਮ ਦੇ ਲੱਛਣ ਦੱਸਦੇ ਹਨ-

ਸਲੋਕੁ ਮਹਲਾ ੨ ॥
ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥

(ਜੇ ਕੋਈ ਅਪਣੇ ਪਜਾਰੇ ਤੋਂ ਛੁੱਟ ਕਿਸੇ) ਦੂਸਰੇ ਨਾਲ (ਪ੍ਰੀਤ) ਜਾ ਲਾਵੇ (ਤਾਂ) ਇਹ ਆਸ਼ਕੀ ਕੇਹੀ ਹੋਈ (ਭਾਵ ਇਹ ਆਸ਼ਕੀ ਯਾ ਪ੍ਰੇਮ ਨਹੀਂ ਹੈ)। ਹੇ ਨਾਨਕ! ਆਸ਼ਕ ਉਹੀ ਕਹੀਦਾ ਹੈ (ਜੋ ਆਪਣੇ ਪ੍ਰੀਤਮ ਵਿਚ ਹੀ) ਸਦਾ ਸਮਾਇਆ ਰਹੇ। ਜੋ ਚੰਗਿਆਈ ਨੂੰ ਚੰਗਿਆਈ ਕਰਕੇ ਮੰਨਦਾ ਹੈ ਤੇ ਮੰਦਿਆਈ ਨੂੰ ਮੰਦਿਆਈ ਕਰਕੇ ਜਾਣਦਾ ਹੈ, ਉਹ ਤਾਂ ਲੇਖੇ ਵਿਚ ਵਰਤ ਰਿਹਾ ਹੈ, ਉਹ ਆਸ਼ਕ ਨਹੀਂ ਕਿਹਾ ਜਾਂਦਾ॥੧॥

ਭਾਵ- ਇਸ ਸ਼ਲੋਕ ਵਿਚ ਪ੍ਰੇਮ ਤੇ ਅਪ੍ਰੇਮ ਦਾ ਵਿਤ੍ਰੇਕ ਹੈ। ਪ੍ਰੇਮ ਉਹ ਹੈ ਜੋ ਜਦ ਲੱਗਦਾ ਹੈ

੧. ਸਾਰੀ=ਨਰਦ। ਯਥਾ ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ। (ਆਸਾ:ਮ:੧ ਪਟੀ-੨੬)

ਤਾਂ ਉਸ ਪ੍ਰੀਤਮ ਵਿਚ ਸਮਾਈ ਰੱਖਦਾ ਹੈ, ਜੇ ਉਹ-ਚਾਹੇ ਕਾਰਣ ਕੋਈ ਹੋਵੇ- ਉਥੋਂ ਤ੍ਰੁਟਦਾ ਤੇ ਹੋਰਥੇ ਜਾਂਦਾ ਹੈ ਤਾਂ ਕਰਨ ਵਾਲਾ ਪ੍ਰੇਮੀ ਨਹੀਂ ਸੀ। ਫੇਰ ਜੋ ਵਰਤਾਉ ਪਜਾਰੇ ਵਲੋਂ ਹੋਵੇ ਪਜਾਰ ਕਰਨ ਵਾਲਾ ਉਸ ਨੂੰ ਮਿੱਠਾ ਕਰਕੇ ਮੰਨੇ, ਜੋ ਚੰਗੇ ਵਰਤਾਉ ਨਾਲ ਪ੍ਰਸੰਨ ਤੇ ਮਾੜੇ ਨਾਲ ਅਪ੍ਰਸੰਨ ਹੁੰਦਾ ਹੈ, ਉਹ ਹਿਸਾਬ ਵਿਚ ਹੈ, ਪ੍ਰੇਮ ਵਿਚ ਨਹੀਂ। ਸੁਖ ਮਿਲੇ ਤਾਂ ਵਾਹਿਗੁਰੂ ਨਾਲ ਪ੍ਰੇਮ, ਦੁੱਖ ਆਵੇ ਤਾਂ ਉਪਰਾਮਤਾ ਇਹ ਪ੍ਰੇਮੀ ਦੇ ਲੱਛਣ ਨਹੀਂ ਹਨ।

ਹੁਣ ਸੁਆਰਥੀ ਜਗਜਾਸੂ ਦਾ ਵਰਣਨ ਕਰਦੇ ਹਨ[੧]-

**ਮਹਲਾ ੨ ॥**

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**

**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥**

(ਮਾਲਕ ਤੋਂ ਕੁਛ ਮਿਲਣ ਵੇਲੇ ਜੇ ਨੌਕਰ) ਸਲਾਮ[੨] ਕਰਦਾ ਹੈ, (ਮਾਲਕ ਵਲੋਂ ਕੋਈ ਹੁਕਮ ਹੋਣ ਉਤੇ ਜੇ ਅਗੋਂ) ਜ੍ਵਾਬ ਦੇਂਦਾ ਹੈ[੩], (ਅਰਥਾਤ ਜੋ ਏਹ ਪਰਸਪਰ ਵਿਰੋਧੀ) ਦੋਵੇਂ (ਗੱਲਾਂ) ਕਰਦਾ ਹੈ, ਉਹ (ਆਪਣੇ ਸੇਵਾ ਦੇ) ਆਰੰਭ ਤੋਂ ਹੀ ਭੁੱਲੀ ਪੈ ਗਿਆ ਹੈ[੪]। (ਉਹ ਸੁਆਰਥੀ ਹੈ, ਸੇਵਕ ਨਹੀਂ, ਉਸ ਦੀਆਂ) ਦੁਇ (ਗੱਲਾਂ ਕੂੜੀਆਂ=) ਬਨਾਵਟੀ ਹਨ, ਕੋਈ ਬੀ ਸਿਰੇ ਨਹੀਂ ਚੜ੍ਹਨੀ[੫], (ਫੁਰਮਾਉਂਦੇ ਹਨ ਗੁਰੂ) ਨਾਨਕ ਦੇਵ ਜੀ॥੨॥

ਨਾਮ ਸਿਮਰਨ ਤੇ ਸ਼ੁਭ ਕਰਨੀ ਕਰਨ ਦਾ ਉਪਦੇਸ਼ ਦੇਂਦੇ ਹਨ-

**ਪਉੜੀ॥**

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥**

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**

**ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ**

ਜਿਸ ਮਾਲਕ (ਵਾਹਿਗੁਰੂ) ਦੀ ਸੇਵਾ ਕਰਨ ਨਾਲ ਸੁਖ ਪਾਈਦਾ ਹੈ, (ਚਾਹੀਦਾ ਹੈ ਕਿ) ਉਸ ਨੂੰ ਸਦਾ ਯਾਦ ਕਰੀਏ[੬]। ਜਿਸ ਅਪਣੀ (ਕੀਤੀ ਮੰਦੀ) ਕਰਨੀ ਦਾ (ਫਲ) ਆਪ ਹੀ ਪਾਉਣਾ ਪੈਂਦਾ ਹੈ: (ਚਾਹੀਦਾ ਹੈ ਕਿ) ਉਹ ਬੁਰੀ ਕਰਨੀ ਕਰੀਏ ਹੀ ਨਾ[੭]। (ਫਿਰ) ਡੂੰਘੀ ਦ੍ਰਿਸ਼ਟੀ ਨਾਲ ਵੀਚਾਰ ਕਰੀਏ (ਤਾਂ ਦਿਸ ਪਏਗਾ ਕਿ) ਮੰਦਿਆਈ (ਹੈ ਹੀ ਮੰਦੀ ਵਸਤੂ, ਇਹ) ਮੂਲੋਂ ਹੀ ਨਹੀਂ ਕਰਨੀ ਚਾਹੀਏ। (ਗੱਲ ਕੀ ਇਸ ਜੀਵਨ ਵਿਚ ਚੌਪੜ ਦੀ ਖੇਲ ਵਾਂਙੂ) ਪਾਸਾ ਐਉਂ ਦਾ ਢਾਲੀਏ ਜਿਸ ਤਰ੍ਹਾਂ ਦਾ ਕਿ ਮਾਲਕ ਅੱਗੇ

---

੧. ਏਹ ਵਾਕ ਬੇਥਵੇ ਜਗਜਾਸੂ ਪਰ ਬੀ ਕਿਹਾ ਜਾ ਸਕਦਾ ਹੈ।

੨. ਸਲਾਮ-ਇਤਾਇਤ। ਝੁਕਣਾ, ਸਿਰ ਨਿਵਾਉਣਾ।

੩. 'ਜਵਾਬ ਦੇਣਾ' ਮੁਹਾਵਰਾ ਹੈ ਸਾਹਮਣੇ ਬੋਲਣ ਦਾ। ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥ ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥ (ਰਾਮ:ਮ:੧ ਦ:ਓ:-੪੫)

੪. ਘੁਥਾ=ਖੁੰਝਿਆ, ਭੁੱਲਾ ਹੋਇਆ।

੫. (ਅ) ਅਥਵਾ, (ਐਸਾ ਕਰਨੇ ਵਾਲਾ) ਕਿਤੇ ਢੋਈ ਪ੍ਰਾਪਤ ਨਹੀਂ ਕਰੇਗਾ। (ਸੰਪ੍ਰ:

੬. ਸਮ੍ਾਲੀਏ=ਸਿਮਰੀਏ, ਯਾਦ ਕਰੀਏ, (ਹਿੰ:,ਸਮਾਰਣਾ=ਸਿਮਰਨ ਕਰਨਾ)।

੭. 'ਕਿਉ ਘਾਲੀਐ'? ਦਾ ਭਾਵ ਹੈ 'ਨਾ ਕਰੀਏ।'

 www.sikhbookclub.com

ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥

(ਬਾਜ਼ੀ) ਹਾਰ ਨਾ ਜਾਈਏ[1]। (ਜੋ ਕੁਛ ਕਰੀਏ ਘਾਟੇ ਦੇ ਪੱਖ ਦਾ ਨਾ ਹੋਵੇ ਸਗੋਂ) ਕੁਛ ਨਫੇਵੰਦਾ ਕਰੀਏ॥੨੧॥

ਚੰਗੇ ਸੇਵਕ ਦੇ ਰੂਪਕ ਵਿਚ ਨਿਰਅਭਿਮਾਨ ਜਗਜਾਸੂ ਦਾ ਮਾਰਗ ਦੱਸਦੇ ਹਨ-

ਸਲੋਕੁ ਮਹਲਾ ੨ ॥
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥

(ਜੇ ਕੋਈ) ਸੇਵਕ ਸੇਵਾ ਵਿਚ ਲੱਗੇ ਤੇ ਨਾਲ ਹੀ ਹੰਕਾਰ ਕਰੇ, (ਕਿਸੇ ਵੇਲੇ ਮਾਲਕ ਨਾਲ) ਝਗੜਾ (ਬੀ) ਕਰ ਲਵੇ (ਤੇ) ਚਬੜ ਚਬੜ ਕਰਕੇ ਬੀ ਬਹੁਤ ਬੋਲੇ (ਉਹ) ਮਾਲਕ ਦੀ (ਪ੍ਰਸੰਨਤਾ) ਦਾ ਸੁਆਦ ਨਹੀਂ ਪ੍ਰਾਪਤ ਕਰ ਸਕਦਾ। (ਹਾਂ ਜੇ) ਆਪਾ ਭਾਵ ਗੁਆ ਕੇ ਸੇਵਾ ਕਰੇ ਤਾਂ ਉਹ ਕੁਛ ਸਤਿਕਾਰ ਪਾ ਲਏਗਾ, (ਪਰ) ਹੇ ਨਾਨਕ! (ਕਿਸੇ ਜਗਜਾਸੂ ਦਾ) ਲਗਣਾ ਤਾਂ ਪਰਵਾਨ (=ਸਫਲ ਲਗਣਾ ਸਮਝੀਦਾ ਹੈ ਜੋ ਓਹ ਇਸ ਤਰ੍ਹਾਂ ਟੁਰੇ ਕਿ) ਜਿਸ ਨੂੰ ਲਗਾ ਹੈ ਉਸ ਨੂੰ ਪ੍ਰਾਪਤ ਹੋ ਜਾਵੇ[2]॥੧॥

ਮਹਲਾ ੨ ॥
ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥

ਜੋ ਕੁਛ (ਕਿਸੇ ਦੇ) ਜੀ ਵਿਚ (ਬੀਜ ਰੂਪ ਵਿਚ) ਹੁੰਦਾ ਹੈ ਓਹੋ ਉੱਗਦਾ ਹੈ (ਮੂੰਹੋਂ ਨਿਕਲ ਆਉਂਦਾ ਹੈ)। (ਜੋ ਕੁਛ ਕੋਈ ਉਪਰੋਂ ਉਪਰੋਂ ਆਖਦਾ ਹੈ ਉਹ ਉਸ ਦਾ) ਮੂੰਹ (ਮਾਤ੍ਰ ਤੋਂ) ਆਖਿਆ ਨਿਸਫਲ ਜਾਂਦਾ ਹੈ। ਜੇ ਕੋਈ ਵਿਹੁ ਬੀਜੇ (ਤੇ ਫਲ ਉਸ ਦਾ) ਮੰਗੇ ਅੰਮ੍ਰਿਤ (ਹੁਣ ਤੁਸੀਂ ਹੀ) ਦੇਖੋ! (=ਸੋਚ ਕਰੋ ਕਿ ਕੀ)

---

੧. ਤੁਕ ੨ ਤੇ ੩ ਵਿਚ ਸ਼ੁਭ ਕਰਮਾਂ ਦਾ ਉਪਦੇਸ਼ ਹੈ, ਪਹਿਲੀ ਵਿਚ ਨਾਮ ਜਪ ਦਾ ਉਪਦੇਸ਼ ਹੈ ਤੁਕ ੪ ਤੇ ੫ ਵਿਚ ਪਹਿਲੀ ਤੁਕ ਵਲ ਇਸ਼ਾਰਾ ਹੈ ਕਿ ਇਸ ਜੀਵਨ ਵਿਖ ਨਿਰੇ ਕਰਮ ਹੀ ਕਾਫੀ ਨਹੀਂ, ਪਰ ਚੌਪੜ ਦੀ ਖੇਡ ਵਾਂਙੂ ਪਾਸਾ ਸੁਟੇ ਜੋ ਕਾਮ ਕ੍ਰੋਧ ਪਰ ਤੁਸਾਡੀ ਜਿੱਤ ਹੋ ਕੇ ਸਾਂਈਂ ਦੀ ਪ੍ਰਾਪਤੀ ਹੋ ਜਾਏ। 'ਪਾਸਾ ਢਾਲਣ' ਦਾ ਭਾਵ ਨਾਮ ਸਿਮਰਨ ਹੈ, ਇਹ ਗੱਲ ਗੁਰੂ ਜੀ ਨੇ ਇਉਂ ਦੱਸੀ ਹੈ:-"ਇਨਿ ਬਿਧਿ ਪਾਸਾ ਢਾਲਹੁ ਬੀਰ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧। ਰਹਾਉ॥ ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥" (ਬਸੰ: ਮ:੫-੧੯)

ਪਾਸਾ ਢਾਲਣ ਦੀ ਉਪਮਾ ਨਾਮ ਨਾਲ ਕਿਉਂ ਦਿੱਤੀ ਹੈ? ਇਸ ਲਈ ਕਿ ਪਾਸਾ ਸਿੱਧਾ ਪੈਣ ਵਿਚ ਕਿਸਮਤ ਦੀ ਸਹਾਯਤਾ ਦੀ ਲੋੜ ਹੁੰਦੀ ਹੈ, ਇਸ ਤਰ੍ਹਾਂ ਨਾਮ ਆਰਾਧਣ ਦੀ ਸਫਲਤਾ ਲਈ ਪ੍ਰਭੂ ਦੀ ਮੇਹਰ ਦੀ ਲੋੜ ਹੈ।

੨. ਪਹਿਲੇ ਕਿਹਾ ਹੈ 'ਤਾ ਕਿਛੁ ਪਾਏ ਮਾਨ'। ਇਸ ਤੋਂ ਸੰਭਾਵਨਾ ਹੁੰਦੀ ਹੈ ਸਾਰਾ ਕੰਮ ਕੀਕੂੰ ਹੋਵੇ? ਤਾਂ ਦੱਸਦੇ ਹਨ ਕਿ ਆਪਾ ਭਾਵ ਗੁਆ ਕੇ ਐਸੀ ਲੱਗ ਕੇ ਸੇਵਾ ਕਰੀ ਜਾਏ ਕਿ ਜਿਸ ਤਰ੍ਹਾਂ ਮਾਲਕ ਪ੍ਰਸੰਨ ਹੁੰਦਾ ਹੈ। ਇਥੋਂ ਤਾਂਈਂ ਕਿ ਮਾਲਕ ਉਸ ਨੂੰ ਅਪਨਾ ਲਵੇ ਤਦ ਸੇਵਾ ਵਿਚ ਲੱਗਣਾ ਪਰਵਾਨ ਅਰਥਾਤ ਸਫਲ ਹੈ। ਭਾਵ ਸੇਵਕ ਦਰ ਕਬੂਲ ਪੈਂਦਾ ਹੈ।

ਮਹਲਾ ੨ ॥

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥

ਇਹ ਨਿਆਉਂ ਹੈ[1]? (ਭਾਵ ਇਹ ਨਿਆਉਂ ਨਹੀਂ ਹੈ)॥੨॥

ਅਗਜਾਨੀ[2] ਨਾਲ (ਲਾਈ ਹੋਈ) ਦੋਸਤੀ ਕਦੇ ਸੂਤ ਨਹੀਂ ਬੈਠਦੀ, (ਕਿਉਂਕਿ) ਜਿਹੋ ਜਿਹਾ ਉਸ ਦਾ ਗਜਾਨ ਹੈ ਉਹੋ ਜਿਹੀ ਹੀ ਉਸ ਦੀ ਵਰਤਣ ਹੁੰਦੀ ਹੈ। ਕੋਈ ਇਸ ਗੱਲ ਦਾ ਨਿਰਣਾ[3] (ਆਪ) ਕਰਕੇ ਦੇਖ ਲਵੇ। (ਜੇ ਅਗਜਾਨੀ ਦਾ ਅਗਜਾਨ ਦੂਰ ਕਰਨਾ ਚਾਹੁੰਦੇ ਹੋ ਤਾਂ ਉਸ ਨੂੰ ਗਜਾਨ ਦੇਣਾ ਆਰੰਭ ਕਰੋ ਕਿਉਂਕਿ ਜਿਉਂ ਜਿਉਂ ਤੁਸੀਂ) ਅਗੇ ਪਈ ਕਿਸੇ ਵਸਤੂ ਵਿਚ ਹੋਰ ਵਸਤੂ ਪਾਈ ਜਾਓਗੇ ਤਾਂ ਦੂਸਰੀ (ਵਸਤੂ ਜੋ ਪਹਿਲੇ ਪਈ ਹੋਈ ਸੀ ਉਹ) ਦੂਰ ਹੁੰਦੀ ਜਾਏਗੀ[4]। (ਪਰ ਇਹ ਗੱਲ ਜ਼ੋਰ ਦੀ ਨਹੀਂ ਕਿਉਂਕਿ) ਮਾਲਕ ਨਾਲ ਹੁਕਮ ਨਹੀਂ ਟੁਰਦਾ (ਉਸ ਅਗੇ ਤਾਂ) ਅਰਦਾਸ ਹੀ ਕੀਤੀ ਬਣਦੀ ਹੈ। (ਅਰਦਾਸ ਦੇ ਨਾਲ) ਸਿਫਤ ਸਲਾਹ (ਵਿਚ ਪੈਣਾ ਚਾਹੀਏ, ਜਿਸ) ਨਾਲ (ਕਿ ਕੂੜ ਦੀ ਮੈਲ ਦੂਰ ਹੋ ਕੇ ਆਤਮ-) ਵਿਕਾਸ ਪ੍ਰਾਪਤ ਹੋਵੇਗਾ (ਭਾਵ ਗਜਾਨ ਦਾ ਖੇੜਾ ਪ੍ਰਾਪਤ ਹੋਵੇਗਾ, ਪਰ ਜੋ ਪਹਿਲੇ ਵਾਂਙੂ) ਕੂੜ ਹੀ ਪਿਆ ਕਮਾਵੇਗਾ ਤਾਂ ਕੂੜ ਹੀ ਪੱਲੇ ਪਿਆ ਰਹੇਗਾ, (ਆਤਮ ਵਿਕਾਸ਼ ਪ੍ਰਾਪਤ ਨਹੀਂ ਹੋਵੇਗਾ)॥੩॥

---

੧. ਹਿਰਦੇ ਵਿਚ ਬੀਜ ਵੈਰ ਦਾ ਹੈ, ਮੂੰਹੋਂ ਗੱਲਾਂ ਪਿਆਰ ਦੀਆਂ ਕਰਦਾ ਹੈ, ਕਿਸੇ ਨਾ ਕਿਸੇ ਵੇਲੇ ਇਹ ਵੈਰ ਮੂੰਹ ਚੜ੍ਹ ਬੋਲੇਗਾ। ਭਲਾ ਸੋਚੋ ਜਦ ਅੰਦਰ ਬੀਜ ਤਾਂ ਪਿਆ ਹੈ ਵਿਹੁ (ਵੈਰ) ਦਾ, ਇਹ ਜਦ ਉਗੇਗਾ ਫਲ ਅੰਮ੍ਰਿਤ ਕੀਕੂੰ ਪਵੇਗਾ?

੨. ਦੂਸਰੀ ਤੁਕ ਵਿਚ ਜਦ 'ਜਾਣੈ' ਦੱਸਦਾ ਹੈ ਕਿ ਇਆਣੇ ਤੋਂ ਮੁਰਾਦ ਅ-ਜਾਣ-ਨਾ ਜਾਣਨਹਾਰ ਅਥਵਾ ਅਗਜਾਨੀ ਦੀ ਹੈ। ਸੰਸਕ੍ਰਿਤ ਪਦ ਅਗਜਾਨ ਦਾ ਪ੍ਰਾਕ੍ਰਿਤ ਰੂਪ ਹੈ-ਅਜਾਣ। ਪੰਜਾਬੀ ਰੂਪ ਹਨ-ਅਞਾਣ, ਅਜਾਣ, ਇਆਣ। ਇਸੇ ਕਰਕੇ ਇਆਣਾ ਬੱਚੇ ਨੂੰ ਕਹਿੰਦੇ ਹਨ। ਸੰਪ੍ਰ: ਗਿ: 'ਅਞਾਣਾ' ਅਰਥ ਲਾ ਕੇ ਭਾਵ ਐਉਂ ਲੈਂਦੇ ਹਨ ਕਿ ਇਆਣਾ ਹੈ ਮਨ, ਇਸ ਦੇ ਆਖੇ ਲਗੇ ਤਾਂ ਫਲ ਮਾੜਾ ਹੁੰਦਾ ਹੈ ਸੋ ਮਨ ਨੂੰ ਅਜਾਣ ਤੋਂ ਸੁਜਾਣ ਬਣਾਉਣਾ ਚਾਹੀਏ, ਇਹ ਤਾਂ ਹੁੰਦਾ ਹੈ ਜੇ ਇਸ ਨੂੰ ਗਿਆਨ ਦਿਓ। ਇਹ ਗਜਾਨ ਤੁਸੀਂ ਜ਼ੋਰ ਨਾਲ ਨਹੀਂ ਦੇ ਸਕਦੇ, ਇਹ ਵਾਹਿਗੁਰੂ ਦੇ ਵੱਸ ਵਿਚ ਹੈ, ਉਸ ਤੋਂ ਇਹ ਅਰਦਾਸ ਨਾਲ ਮਿਲ ਸਕਦਾ ਹੈ, ਸੋ ਅਰਦਾਸ ਕਰੋ ਉਸ ਦੀ ਸਿਫਤ ਸਲਾਹ ਕਰੋ, ਇੰਸ ਨਾਲ ਗਜਾਨ ਦਾ ਵਿਗਾਸ ਹੋਵੇਗਾ। ਪਰ ਜੇ ਮਨ ਅਪਣੀਆਂ ਕੂੜੀਆਂ (ਵਾਸ਼ਨਾਂ) ਵਿਚ ਲੱਗਾ ਰਹਿ ਕੇ ਕੂੜ ਕਮਾਵੇਗਾ ਤਾਂ ਕੂੜ ਹੀ ਪੱਲੇ ਪਏਗਾ। ਕੂੜ ਵਿਚ ਪਜਾਰ ਹੋਣਾ ਬੀ ਅਗਜਾਨ ਹੈ।

੩. ਸੰਸ:, ਨਿਰ੍ਯਾਸ= ਕਿਸੇ ਸ਼ੈ ਦਾ ਕੱਢਿਆ ਹੋਇਆ ਸਤ ਯਾ ਤੱਤ। ਨਿਰਣਾ।

੪. ਜਿਵੇਂ ਕੋਥਰੇ ਜਲ ਦੇ ਛੰਭ ਵਿਚ ਨਿਰਮਲ ਜਲ ਦੀ ਰੌ ਛੱਡ ਦਿਓ, ਜਿਉਂ ਜਿਉਂ ਇਹ ਨਿਰਮਲ ਜਲ ਪੈਂਦਾ ਜਾਏਗਾ, ਮੈਲਾ ਜਲ ਨਿਕਲ ਨਿਕਲ ਕੇ ਦੂਰ ਹੁੰਦਾ ਜਾਏਗਾ, ਅਤੇ ਉਸ ਛੰਭ ਵਿਚ ਕੇਵਲ ਨਿਰਮਲ ਜਲ ਰਹਿ ਜਾਏਗਾ। (ਅ) ਇਥੇ 'ਭਾਂਡੇ' ਦਾ ਅਧਜਾਹਾਰ ਕਰਕੇ ਸੰਪ੍ਰ: ਗਿਆਨੀ ਇਉਂ ਬੀ ਅਰਥ ਲਾਉਂਦੇ ਹਨ ਕਿ ਕਿਸੇ ਭਾਂਡੇ ਵਿਚ ਜੇ ਨਵੀਂ ਵਸਤੂ (ਆਤਮ ਗਜਾਨ) ਪਾਉਣਾ ਚਾਹੁੰਦੇ ਹੋ ਤਾਂ ਦੂਜੀ ਸ਼ੈ (ਹੰਕਾਰ ਯਾ ਅਵਿਦਜਾ) ਨੂੰ ਜੋ, ਉਸ ਵਿਚ ਪਹਿਲੋਂ ਪਈ ਹੋਈ ਹੈ, ਪਹਿਲਾਂ ਪਾਸੇ (ਲਾਂਭੇ) ਕਰ ਲਓ, ਭਾਵ ਕੱਢ ਦਿਓ।


www.sikhbookclub.com

ਮਹਲਾ ੨ ॥
ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥

ਅਜਾਣ[1] (ਯਾ ਇਆਣੇ) ਨਾਲ ਮਿਤ੍ਰਤਾ (ਯਾ ਕਿਸੇ ਆਪ ਤੋਂ) ਵੱਡੇ ਨਾਲ ਪਿਆਰ (ਐਸਾ ਹੈ ਜੈਸੇ) ਪਾਣੀ ਵਿਚ ਲੀਕ (ਹੁੰਦੀ ਹੈ, ਜੋ ਪੈਂਦੀ ਤਾਂ ਹੈ, ਪਰ ਤਤਛਿਨ ਉਸ ਦਾ) ਥਹੁ ਥਿੱਤਾ ਨਹੀਂ ਰਹਿੰਦਾ॥੪॥

ਮਹਲਾ ੨॥
ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥

ਹੋਵੇ ਅਜਾਣ (ਯਾ ਇਆਣਾ) ਤੇ ਕਰੇ ਕੰਮ (ਤਾਂ ਉਹ ਉਸ ਨੂੰ) ਸੂਤ ਨਹੀਂ ਲਿਆ ਸਕਦਾ। ਜੇ ਕੋਈ ਇਕ ਅੱਧੀ (ਗੱਲ) ਚੰਗੀ ਬੀ ਕਰ ਲਵੇ ਤਾਂ ਦੂਜੀ ਕੁਸੂਤ ਕਰ ਦੇਊ (ਭਾਵ ਵਿਗਾੜ ਦੇਵੇਗਾ)॥੫॥

ਭਗਤੀ ਕਰਨ ਵਾਲਿਆਂ ਲਈ ਰਜ਼ਾ ਵਿਚ ਟੁਰਨਾ ਕ੍ਰਿਤੱਗਜ ਹੋਣਾ ਤੇ ਅਰਦਾਸ ਕਰਨੀ ਭਗਤੀ ਦੀ ਸਫਲਤਾ ਹੈ।

ਪਉੜੀ॥ ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥

(ਕੋਈ) ਨਕਰ ਨੌਕਰੀ (ਦੇ ਕੰਮ) ਵਿਚ ਲੱਗ ਪਵੇ, (ਹੁਣ) ਜੇ ਤਾਂ (ਉਹ ਅਪਣੇ) ਮਾਲਕ ਦੇ ਭਾਣੇ ਵਿਚ ਤੁਰ ਪਵੇ (ਤਦ) ਉਸ ਨੂੰ ਬਹੁਤ ਇੱਜ਼ਤ[2] ਮਿਲਦੀ ਹੈ ਤੇ ਰੁਜ਼ੀਨਾ[3] ਬੀ ਉਹ ਦੂਣਾ ਖਾਂਦਾ ਹੈ। ਪਰ ਜੇ (ਚਾਕਰ) ਮਾਲਕ ਦੀ ਬਰੱਬਰੀ ਕਰੇਗਾ ਤਾਂ ਸਗੋਂ (ਅਪਣੇ) ਅੰਦਰ ਦੁਜਾਇਗੀ[4] ਪਾ ਲਵੇਗਾ। (ਅਤੇ) ਅਪਣਾ

---

੧. ਅੰਞਾਣੇ ਦਾ ਭਾਵ ਬਾਲਕ ਤੇ ਮਨ ਬੀ ਲੈਂਦੇ ਹਨ। ਵਡਾਰੂ ਦਾ ਪੰ: ਕੋਸ਼ ਵਿਚ ਅਰਥ ਹੈ ਵੱਡਾ ਵਡੇਰਾ। ਇਥੇ ਮੁਰਾਦ ਹੈ ਅਪਣੇ ਤੋਂ ਵੱਡਾ- ਇਜ਼ਤ, ਦੌਲਤ, ਉਮਰ ਆਦਿ ਵਿਚ। ਸੰਪ੍ਰ: ਅਰਥ ਹਨ-ਰਾਜਾ। ਰਾਜੇ ਨੂੰ ਨੀਤੀ ਮੁੱਖ ਹੁੰਦੀ ਹੈ ਪਿਆਰ ਮੁੱਖ ਨਹੀਂ ਹੁੰਦਾ, ਇਸ ਲਈ ਪਿਆਰ ਨਹੀਂ ਨਿਭਾਉਂਦਾ। ਵਡਾਰੂ ਦਾ ਅਰਥ ਮੁਸਾਫਰ ਬੀ ਲਿਆ ਹੈ, ਕਈ ਗਜਾਨੀ ਇਸਤ੍ਰੀ ਅਰਥ ਬੀ ਲੈਂਦੇ ਹਨ।

੨. ਹੁਰਮਤ=ਪਤ, ਇੱਜ਼ਤ (ਅ:, ਹੁਰਮਤ=ਇੱਜ਼ਤ)।

੩. ਵਜਹੁ=ਤਨਖਾਹ। ਰੁਜ਼ੀਨਾ। (ਅ: ਵਜ਼ੀਫਾ=ਰੁਜ਼ੀਨਾ। ਅ:, ਵਜਹ=ਉਹ ਸ਼ੈ ਜਿਸ ਦੇ ਸਬੱਬ ਰੋਜ਼ੀ ਮਿਲੇ। ਫ਼ਾਰਸੀ: ਤੇ ਹਿਦੀ: ਵਿਚ ਵੀ ਵਜਹ ਦਾ ਅਰਥ 'ਤਨਖਾਹ' ਹੀ ਲੈਂਦੇ ਹਨ। (ਸ਼ੈ:ਕੋ:।

੪. ਭਾਵ ਇਹ ਹੈ ਕਿ ਯਤਨ ਦੇ ਉਲਟ ਨਤੀਜਾ ਨਿਕਲਦਾ ਹੈ ਕਿ ਉਸ ਨਾਲ ਸਗੋਂ ਅਪਣੇ ਅੰਦਰ ਦੁਜਾਇਗੀ ਪੈ ਜਾਂਦੀ ਹੈ। (ਅ) ਗ਼ੈਰਤ ਪਦ ਅਰਬੀ ਦਾ ਹੈ, ਇਸ ਦਾ ਅਰਥ ਹੈ ਓਪਰਾ ਹੋ ਜਾਣਾ, ਦੁਜਾਇਗੀ, ਸ਼ਰਮ। ਇਸ ਦਾ ਅਰਥ ਅਣਖ ਤੇ ਰਸ਼ਕ ਬੀ ਹੈ! ਅ:ਘ: ਨੇ ਅਰਥ ਇਉਂ ਕੀਤਾ ਹੈ:- 'ਤੌ ਖਸਮ ਕੈ ਅੰਤਰ ਗੈਰਤ ਜਾਏਗੀ।' ਪਰ ਖਸਮ ਦਾ ਭਾਵ ਏਥੇ ਵਾਹਿਗੁਰੂ ਹੈ, ਵਾਹਿਗੁਰੂ ਸਦਾ ਨਿਰਲੇਪ ਹੈ, ਉਸ ਨੂੰ ਗੁੱਸੇ ਅਣਖ ਨਾਲ ਕੀ ਸਨਬੰਧ? ਸੋ ਕਰਤਾ ਪੁਰਖ ਦਾ ਚਾਕਰ ਤਾਂ ਬੇਅਦਬੀ ਕਰਕੇ ਆਪ ਹੀ ਅਪਣੇ ਅੰਦਰ ਮਾਲਕ ਨਾਲ ਦੁਜਾਯਗੀ ਦਾ ਭਾਵ ਅਰਥਾਤ ਵਿੱਥ ਵਧਾ ਲਏਗਾ। ਵਿੱਥ ਹਉਮੈ ਦੀ ਹੈ, ਜਿਸ ਦਾ ਫਲ ਭਟਕਣਾ ਤੇ ਖੁਆਰੀ ਹੁੰਦਾ ਹੈ।

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥

ਪਹਿਲਾ ਰੁਜ਼ੀਨਾ ਬੀ ਗੁਆ ਲਵੇਗਾ। ਤੇ ਮੂੰਹੋਂ ਮੂੰਹ ਜੁਤੀਆਂ ਖਾਏਗਾ[1]। (ਇਸੇ ਤਰ੍ਹਾਂ) ਜਿਸ (ਵਾਹਿਗੁਰੂ) ਦਾ ਦਿੱਤਾ ਖਾਈਦਾ ਹੈ ਉਸ ਦੇ ਗੁਣ ਗਾਉਣੇ ਚਾਹੀਏ[2], (ਕਿਉਂਕਿ ਉਸ ਮਾਲਕ ਵਾਹਿਗੁਰੂ) ਨਾਲ, ਹੇ ਨਾਨਕ! ਹੁਕਮ ਨਹੀਂ ਟੁਰਦਾ, ਮਾਲਕ ਨਾਲ ਤਾਂ ਬੇਨਤੀ ਹੀ ਟੁਰਦੀ ਹੈ (ਭਾਵ ਪ੍ਰਾਪਤੀ ਜ਼ੋਰ ਨਾਲ ਨਹੀਂ ਪਰ ਭਗਤੀ ਨਾਲ ਹੁੰਦੀ ਹੈ)॥੨੨॥

ਸਲੋਕੁ ਮਹਲਾ ੨ ॥

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥

ਜੋ (ਪ੍ਰਾਪਤੀ ਕਿ) ਅਪਣੇ (ਸ਼੍ਰਮ ਨਾਲ) ਆਪ ਹੀ ਪ੍ਰਾਪਤ ਕਰ ਲਈਏ ਉਹ 'ਦਾਤ' ਕਿਵੇਂ ਹੋਈ? ਹੇ ਨਾਨਕ! ਬਖਸ਼ਿਸ਼[3] ਉਹ ਹੈ ਜੋ ਮਾਲਕ ਦੇ ਤ੍ਰੁੱਠ ਪੈਣ ਨਾਲ ਮਿਲੇ। (ਭਾਵ ਸੇਵਕ ਨੇ 'ਦਾਤ' ਨਾਲ ਤਰਨਾ ਹੈ। ਇਹ ਦਾਤ ਨਿਰੇ 'ਕਰਮਾਂ' ਨਾਲ ਪ੍ਰਾਪਤ ਨਹੀਂ ਹੋ ਸਕਦੀ। ਜੋ ਸ਼ੈ ਅਪਣੇ ਕਰਮ ਨਾਲ ਪ੍ਰਾਪਤ ਹੋਵੇ ਉਹ ਦਾਤ ਹੋ ਨਹੀਂ ਸਕਦੀ। ਦਾਤ ਤਾਂ 'ਬਖਸ਼ਿਸ਼' ਹੈ ਜੋ ਸਾਹਿਬ ਦੇ ਤ੍ਰੁੱਠਣ ਨਾਲ ਮਿਲਦੀ ਹੈ।)॥੧॥

ਮਹਲਾ ੨ ॥

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥

ਜਿਸ (ਸੇਵਾ) ਨਾਲ ਮਾਲਕ ਦਾ ਭਉ ਨਾ ਦੂਰ ਹੋ ਜਾਵੇ ਉਹ ਕਾਹਦੀ ਸੇਵਾ ਹੋਈ? (ਸਗੋਂ) ਹੇ ਨਾਨਕ! (ਸਫਲ) ਸੇਵਕ (ਤਾਂ ਉਹੀ) ਕਹੀਦਾ ਹੈ ਜੋ ਅਪਣੇ ਮਾਲਕ ਵਿਚ ਸਮਾ ਹੀ ਜਾਵੇ। (ਭਾਵ-ਸੇਵਾ ਅਦਬ ਤੋਂ ਅਰੰਭ ਹੁੰਦੀ ਹੈ, ਅਦਬ ਬਿਨਾਂ ਸੇਵਾ ਕਦੇ ਸਿਰੇ ਨਹੀਂ ਚੜ੍ਹੀ। ਗੁਰੂ ਜੀ ਆਪਣਾ ਸਿੱਧਾਂਤ ਇਹ ਦੱਸਦੇ ਹਨ ਕਿ ਅਦਬ ਵਾਲੀ ਸੇਵਾ ਵਿਚ ਪਿਆਰ ਪਵੇ ਤੇ ਇਹ ਪਿਆਰ ਵਾਲੀ ਸੇਵਾ ਹਉਂ ਨੂੰ ਮੇਟਕੇ ਮਾਲਕ ਨਾਲ ਤਦਰੂਪਤਾ ਵਿਚ ਲੀਨ ਕਰ ਦੇਵੇ। 'ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸ਼ਟਾਇਆ'। (ਵਾਰ ਗੂਜ:ਮ:੫,ਵਾਰ-੨੧)। ਬਰੱਬਰੀ ਕਰਨੀ ਗੁਸਤਾਖੀ ਹੈ, ਲੀਨ ਹੋ ਜਾਣਾ ਸਫਲਤਾ ਹੈ)॥੨॥

---

੧. ਭਾਵ ਖੁਆਰ ਹੋਵੇਗਾ।

੨. ਸਾਬਾਸਿ=(ਫ਼ਾ:,ਸ਼ਾਦਬਾਸ਼ ਦਾ ਸੰਖੇਪ ਸ਼ਾਬਾਸ਼=ਖ਼ੁਸ਼ ਰਹੋ, ਆਫਰੀਨ) ਮਹਿਮਾਂ, ਗੁਣ ਗਾਇਨ।

੩. ਕਰਮਾਤ (ਫ਼ਾ:, ਕਰਾਮਤ=ਬਜ਼ੁਰਗੀ, ਬਖਸ਼ਿਸ਼। ਇਸ ਦਾ ਬਹੁ ਵਚਨ ਹੈ ਕਰਾਮਾਤ) ਪੰਜਾਬੀ ਵਿਚ 'ਕਰਮਾਤ' ਇਕ ਵਚਨ ਵਿਚ ਵਰਤੀਂਦਾ ਹੈ ਤੇ ਅਰਥ ਹੁੰਦਾ ਹੈ-ਮੁਅਜਿਜ਼ਾ। ਇਸ ਤੁਕ ਵਿਚ ਇਹ ਪਦ ਫ਼ਾਰਸੀ ਦੇ ਅਸਲੀ ਅਰਥ- 'ਬਖਸ਼ਿਸ਼ ਵਿਚ ਵਰਤਿਆ ਗਿਆ ਹੈ। ਕਰਮਾਤ ਪਦ ਕਰਾਮਾਤ ਦਾ ਸੰਖੇਪ ਹੈ।


www.sikhbookclub.com

ਪਉੜੀ ॥

ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥

ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥

ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥

(ਫੁਰਮਾਉਂਦੇ ਹਨ ਗੁਰੂ ਜੀ, ਹੇ) ਨਾਨਕ! (ਉਸ) ਹਰੀ ਦੇ (ਅਤੇ) ਉਸ ਦੇ ਪਾਰਾਵਾਰ[੧] ਦੇ ਅੰਤ ਨਹੀਂ ਪਤਾ ਲਗਦੇ। (ਭਾਵ ਉਹ ਬੇਅੰਤ ਹੈ, ਉਸ ਨੂੰ ਸਮਝ ਨਹੀਂ ਸਕੀਦਾ। ਉਹ) ਆਪ ਹੀ (ਸ੍ਰਿਸ਼ਟੀ) ਰਚਾਉਂਦਾ ਹੈ ਫੇਰ ਆਪ ਹੀ ਉਸ ਦੀ ਪ੍ਰਲਯ ਕਰਾ ਦੇਂਦਾ ਹੈ[੨]। (ਫਿਰ ਉਸ ਦੇ ਵਚਿਤ੍ਰ ਕਰਨਿਆਂ ਵਲ ਤੱਕੋ ਕਿ) ਇਕਨਾਂ (ਜੀਵਾਂ ਦੇ) ਗਲਾਂ ਵਿਚ (ਤਾਂ) ਸੰਗਲੀਆਂ ਪਈਆਂ (ਹੋਈਆਂ) ਹਨ[੩] ਤੇ ਇਕ ਬਹੁਤੇ ਘੋੜਿਆਂ ਉਤੇ ਚੜ੍ਹਦੇ ਹਨ[੪]! ੬. ਹੇ ਨਾਨਕ! ਜਿਸ ਨੇ (ਇਸ ਤਰ੍ਹਾਂ ਦੀ ਵਚਿਤ੍ਰ) ਰਚਨਾ ਰਚੀ ਹੈ ਮੁੜ ਉਸੇ ਨੇ ਆਪ ਹੀ ਇਸ ਦੀ ਸਾਰ ਸੰਭਾਲ ਕਰਨੀ ਹੈ। ੫. (ਜਦ ਸਭ ਕੁਛ ਉਹ) ਆਪ ਹੀ ਕਰ ਤੇ ਆਪ ਹੀ ਕਰਾ ਰਿਹਾ ਹੈ ਤਾਂ ਮੈਂ (ਉਸ ਤੋਂ ਛੁਟ ਹੋਰ) ਕਿਸ ਅਗੇ ਪੁਕਾਰ ਕਰਾਂ! (ਭਾਵ-ਹਰ ਅਵਸਥਾ ਵਿਚ ਉਸੇ ਅਗੇ ਅਰਦਾਸ ਕਰਨੀ ਹੀ ਜੀਵ ਦੇ ਕਰਨੇ ਜੋਗ ਕਰਮ ਹੈ)॥੨੩॥

ਸਲੋਕੁ ਮਃ ੧ ॥

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥

ਆਪੇ (ਹੀ ਵਾਹਿਗੁਰੂ ਜੀ ਨੇ ਇਨਸਾਨਾਂ ਦੇ ਸਰੀਰ ਰੂਪੀ) ਭਾਂਡੇ[੫] ਰਚੇ ਹਨ (ਤੇ) ਆਪੇ ਹੀ (ਇਨ੍ਹਾਂ ਨੂੰ) ਪੂਰਣਤਾ ਬਖਸ਼ੇਗਾ। (ਇਹ ਪੂਰਣਤਾ ਇਨ੍ਹਾਂ ਸਰੀਰਾਂ

---

੧. ਸੰਸ:, ਪਾਰਾਵਾਰ= ਪਾਰ ਉਰਾਰ-'ਅੰਤੁ ਨ ਜਾਪੈ ਪਾਰਾਵਾਰੁ॥'(ਜਪੁਜੀ) (ਅ) ਪਾਰਾਵਾਰ ਨਾਮ ਸਮੁੰਦਰ ਦਾ ਬੀ ਹੈ।

੨. ਐਉਂ ਬੀ ਲਾਉਂਦੇ ਹਨ-ਆਪ ਜੀਵਾਂ ਤੋਂ ਕਠੋਰਤਾ ਕਰਵਾਉਂਦਾ ਤੇ ਆਪ ਹੀ ਸਜ਼ਾ ਦੇਂਦਾ ਹੈ ਪਰ ਸਾਖਤੀ ਪਦ ਸਾਖ਼ਤਗੀ ਤੋਂ ਬਣਿਆ ਹੈ ਜੋ ਮਸਦਰ ਸਾਖ਼ਤਨ ਤੋਂ ਬਣਿਆ ਹੈ, ਫ਼ਾ: ਸਾਖਤਨ=ਬਨਾਉਣਾ। ਚੌਥੀ ਪਾਤਸ਼ਾਹੀ ਦਾ ਵਾਕ ਹੈ-'ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ॥'(ਸੋਰ:ਮ:੪-੧) ਕਰਾਏ ਮਾਰ=ਮਾਰ ਕਰ ਦੇਂਦਾ, ਮੁਕਾ ਦੇਂਦਾ, ਪ੍ਰਲਯ ਕਰ ਦੇਂਦਾ ਹੈ।

੩. ਭਾਵ ਗੁਲਾਮੀ ਵਿਚ ਹੁੰਦੇ ਹਨ।

੪. ਬਿਸੀਆਰ=ਬਹੁਤੇ (ਫ਼ਾ:, ਬਿਸਯਾਰ=ਬਹੁਤੇ। ਬਹੁਤਾ (ਸੈ:ਕੋ:)। ਬਿਸੀਆਰ ਤੁਰੀਂ=ਬਹੁਤੇ ਘੋੜਿਆਂ ਉਤੇ, ਭਈ ਇਕ ਘੋੜਾ ਨਹੀਂ ਕਈ ਕਈ ਘੋੜੇ ਚੜ੍ਹਨ ਲਈ ਜਿਨ੍ਹਾਂ ਪਾਸ ਹੈਨ। ਤੁਰੀ=ਘੋੜੀ, ਤੁਰੀਂ=ਘੋੜਿਆਂ ਤੇ। (ਸੰਸ:, ਤੁਰੰਗ, ਪ੍ਰਾ:, ਤੁਰਯ=ਘੋੜਾ। ਪੁ: ਪੰਜਾਬੀ, ਤੁਰਾ=ਘੋੜਾ, ਤੁਰੀ=ਘੋੜੀ)। (ਅ) ਬਿਸੀਆਰ+ਤੁਰੀ=ਬਹੁਤੇ ਲੋਕ ਘੋੜਿਆਂ ਤੇ। (ੲ) ਬਿਸੀਆਰ ਤੁਰੀ=ਬਹੁਤੇ ਵਡੇ ਘੋੜਿਆਂ ਉਤੇ।

੫. ਭਾਂਡਾ-ਬਰਤਨ, ਭਾਵ ਹੈ ਸਰੀਰ। ਦੇਖੋ ਪਉੜੀ ੧੯ ਦਾ ਸਲੋਕ ੨।


www.sikhbookclub.com

ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ੍ ਚੜੇ ॥

ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ॥

ਤਿਨ੍ਹਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੧॥

ਦੀਆਂ ਪਰਵਿਰਤ ਹਾਲਤਾਂ ਤੋਂ ਨਹੀਂ ਮਨੀ ਜਾ ਸਕਦੀ, ਜੋ ਕਿ ਇਸ ਪ੍ਰਕਾਰ ਦੀਆਂ ਹਨ-) ਇਕਨਾ ਵਿਚ ਦੁੱਧ ਭਰਿਆ ਹੈ (ਭਾਵ ਸੁਖੀ ਹਨ), ਇਕ ਚੁੱਲ੍ਹੇ ਤੇ ਚੜ੍ਹੇ ਰਹਿੰਦੇ ਹਨ (ਭਾਵ ਦੁਖੀ ਹਨ)। ਇਕ ਤੁਲਾਈਆਂ[1] ਉੱਤੇ ਪੈਕੇ ਸਾਉਂਦੇ ਹਨ (ਤੇ) ਇਕ (ਉਹਨਾਂ ਆਰਾਮ ਨਾਲ ਸੁੱਤਿਆਂ ਦੇ ਪਲਘਾਂ) ਉਤੇ (ਪਹਿਰਾ ਦੇਂਦੇ) ਖੜੇ ਰਹਿੰਦੇ ਹਨ। (ਇਨ੍ਹਾਂ ਜ਼ਾਹਰਾ ਸੁਖੀਆਂ ਦੁਖੀਆਂ ਵਿਚੋਂ) ਹੇ ਨਾਨਕ! ਉਹਨਾਂ ਨੂੰ ਸਵਾਰੇਗਾ, ਜਿਨ੍ਹਾਂ ਉਤੇ ਮਿਹਰ ਨਜ਼ਰ ਰੱਖੇਗਾ॥੧॥

ਭਾਵ--ਸਰੀਰਕ ਸੁਖ ਆਰਾਮ ਤੇ ਦੁਖ ਦੀਆਂ ਭਿੰਨ ਅਵਸਥਾ ਵਿਚ ਵਿਚਰਣ ਤੋਂ ਨਿਰਨਯ ਨਹੀਂ ਹੋ ਸਕਦਾ ਕਿ ਕਿਹੜੇ ਜੀਵ ਪਰਵਾਣ ਹਨ ਤੇ ਕਿਹੜੇ ਨਹੀਂ। ਪਰਵਾਣ ਓਹ ਹੁੰਦੇ ਹਨ ਜਿਨ੍ਹਾਂ ਨੂੰ ਆਪਣੀ ਮਿਹਰ ਦੀ ਨਜ਼ਰ ਨਾਲ ਸੰਵਾਰਦਾ ਹੈ, ਓਹੀ ਪੂਰਣਤਾ ਨੂੰ ਅੱਪੜੇ ਸਮਝ।

ਮਹਲਾ ੨ ॥
ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥

ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥

ਆਪ (ਵਾਹਿਗੁਰੂ ਸਾਰੀ ਸਾਜਨਾ) ਸਾਜਦਾ ਹੈ, (ਉਸ ਸਾਜਨਾਂ ਵਿਚ ਕ੍ਰਿਯਾ ਸ਼ਕਤੀ ਬੀ) ਆਪ (ਹੀ ਪੈਦਾ) ਕਰ ਦੇਂਦਾ ਹੈ; (ਇਸ ਕ੍ਰਿਯਮਾਨ ਨੂੰ ਤਰਤੀਬ ਤੇ ਕ੍ਰਮ ਦੇਕੇ) ਜ਼ਾਈ (=ਥਾਂ ਟਿਕਾਣੇ ਸਿਰ) ਬੀ ਆਪ ਹੀ ਰਖ ਰਿਹਾ ਹੈ। ਇਸ (ਸਾਜਨਾ) ਵਿਚ (ਫਿਰ ਜੀਵ ਧਾਰੀ) ਜੰਤੂ ਉਤਪਤ ਕਰਦਾ ਹੈ; (ਇਸ ਸਾਰੀ ਖੇਡ ਨੂੰ ਆਪ ਹੀ) ਥਾਪਕੇ ਸੰਭਾਲਦਾ[2] ਹੈ ਤੇ ਫੇਰ (ਆਪ ਹੀ) ਉਠਾ ਦੇਂਦਾ ਹੈ[3]। (ਗੁਰੂ ਜੀ ਫ਼ੁਰਮਾਉਂਦੇ ਹਨ ਕਿ) ਹੇ ਨਾਨਕ! ਜਦ (ਕਰਨ ਕਰਾਵਨਹਾਰ) ਸਭ ਕੁਛ ਉਹ ਆਪ ਹੀ ਆਪ ਹੈ ਤਾਂ ਕਿਸ (ਹੋਰ) ਨੂੰ ਕੁਛ ਕਹੀਏ[4]॥੨॥

੧. ਫ਼ਾ:, ਨਿਹਾਲੀ-ਹੇਠ ਵਿਛਾਉਣ ਦਾ ਰੂੰ ਦਾਰ ਕਪੜਾ, ਤੁਲਾਈ। ਯਥਾ 'ਲੈਫੁ ਨਿਹਾਲੀ ਪਟ ਕੀ'॥ (ਮਾਰੂ ਕਾਫੀ ਮ:੧)। ਲੇਫ ਉਤੇ ਲੈਣ ਦਾ, ਨਿਹਾਲੀ ਹੇਠ ਵਿਛਾਉਣ ਦੀ।

੨. ਸੰਪ੍ਰਦਾਈ 'ਦੇਖੈ' ਦਾ ਅਰਥ ਏਥੇ ਪਾਲਣਾ ਯਾ ਸੰਭਾਲਣਾ ਹੀ ਲਾਉਂਦੇ ਹੈਨ।

੩. ਥਾਪ ਉਥਾਪ ਪਦ ਸੰਸਕ੍ਰਿਤ ਮੂਲਕ ਹਨ, ਇਨ੍ਹਾਂ ਦਾ ਸੰਸਕ੍ਰਿਤ ਰੂਪ ਹੈ 'ਸਤ੍ਥਾਪਨ' ਉਤ੍ਥਾਪਨ। ਸਤ੍ਥਾਪਨ=ਥਾਪਣਾ, ਕਾਯਮ ਕਰਨਾ ਤੇ ਉਤ੍ਥਾਪਨ ਦੇ ਕਈ ਅਰਥ ਹਨ:- ਖੜਾ ਕਰਨਾ, ਉਚਿਆਂ ਕਰਨਾ, ਉਠਾਉਣਾ, ਭੜਕਾਉਣਾ, ਸਮਾਪਤ ਕਰਨਾ। ਜੈਸਾ ਕਿ ਵੇਦ ਦੀ ਅਖੀਰਲੀ ਰਿਚ ਦਾ ਨਾਮ ਹੈ 'ਉਤ੍ਥਾਪਨੀ' (ਰਿਚ) ਹੈ। ਉਤ੍ਥਾਪਨ=ਮਿਟਾ ਦੇਣਾ (causing to cease (ਮੋ:ਵਿ:)). 'ਥਾਪ ਉਥਾਪ' ਪੁ: ਪੰਜਾਬੀ ਦੇ ਮੁਹਾਵਰੇ ਵਿਚ ਥਾਪਣ ਤੇ ਉਠਾ ਦੇਣ ਯਾ ਮਿਟਾ ਦੇਣ ਦੇ ਅਰਥਾਂ ਵਿਚ ਵਰਤੀਂਦੇ ਰਹੇ ਹਨ, ਜੈਸਾ ਕਿ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਆਇਆ ਹੈ-ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀਂ ਕੋਈ॥ (ਜੈਤ:ਵਾਰ ਮ:੫-੧)। ਪੁਨਾ-ਖਿਨ ਮਹਿ ਥਾਪਿ ਉਥਾਪਨਹਾਰਾ॥(ਗੂਜ:ਮ:੫-੫)

੪. ਸੰਪ੍ਰਦਾ ਵਿਚ ਇਉਂ ਬੀ ਲਾਉਂਦੇ ਹਨ-ਇਹ ਉਤਪਤਿ, ਪ੍ਰਲੈ, ਸੰਭਾਲ ਆਦਿ ਦੇ ਗੁਣ ਹੋਰ ਕਿਸ ਵਿਚ ਕਹੀਏ, ਸਭ ਕੁਛ ਤਾਂ ਓਹ ਆਪ ਹੋਇਆ।

 www.sikhbookclub.com

ਭਾਵ- ਉਸੇ ਸਾਜਣਹਾਰ ਅਗੇ ਅਰਦਾਸ ਕਰਨੀ ਚਾਹੀਏ! ਪੰਜਵੇਂ ਸਤਿਗੁਰਾਂ ਨੇ ਮਾਨੋਂ ਇਸੇ ਤੁਕ ਦਾ ਭਾਵ ਐਉਂ ਖੁਹਲਿਆ ਹੈ- 'ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ॥ ਸਭੁ ਕਿਛੁ ਕੀਤਾਂ ਤੇਰਾ ਵਰਤੈ ਸਦਾ ਸਦਾ ਤੇਰੀ ਆਸ॥' (ਆਸਾ ਮ:੫-੪੬)

ਪਉੜੀ ॥

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥

ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥

ਸੋ ਕਰੇ ਜਿ ਤਿਸੈ ਰਜਾਇ ॥੨੪॥੧॥

ਸੁਧੁ ॥

(ਉਸ) ਵੱਡੇ ਦੀਆਂ ਵਡਿਆਈਆਂ (ਇੰਨੀਆਂ ਵੱਡੀਆਂ ਹਨ ਕਿ ਉਨ੍ਹਾਂ ਬਾਬਤ) ਕੁਛ ਕਿਹਾ ਨਹੀਂ ਜਾ ਸਕਦਾ (ਪਰ ਤਦ ਬੀ ਮੈਂ ਉਨ੍ਹਾਂ ਬਾਬਤ ਜ਼ਰੂਰ) ਕਹਿਣਾ ਹੈ[1]। (ਇਹ ਵਡਿਆਈਆਂ ਵੱਡੇ ਦੀਆਂ ਹਨ) ਉਸ (ਵੱਡੇ ਦੀਆਂ ਜੋ) ਕਰਤਾਰ ਹੈ, ਕਾਦਰ ਹੈ, ਦਾਤਾਰ ਹੈ ਤੇ ਜੀਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ[2]। (ਚਾਹੋ ਉਸ ਦੀਆਂ ਵਡਿਆਈਆਂ ਅਕੱਥਨੀਜ ਹੈਨ, ਪਰ ਮੈਨੂੰ) ਉਸ ਨੇ ਧੁਰੋਂ ਇਹੋ ਕਾਰ ਕਮਾਉਣੀ ਪਾ ਛੱਡੀ ਹੈ (ਕਿ ਮੈਂ ਉਸ ਦੀ ਵਡਿਆਈ ਕਰਦਾ ਰਹਾਂ)[3]। (ਉਸ ਵਡਿਆਉਣ ਯੋਗ ਦੀ) ਇਕ (ਟੇਕ) ਤੋਂ ਬਿਨਾ ਨਾਨਕ ਦੀ ਹੋਰ (ਕੋਈ) ਦੂਸਰੀ ਟੇਕ ਨਹੀਂ ਹੈ। (ਤੇ ਨਾਨਕ ਉਸ ਦੀ ਰਜ਼ਾ ਵਿਚ ਰਾਜ਼ੀ ਹੈ, ਉਹ ਸੁਛੰਦ ਹੈ) ਜੋ ਉਸ ਨੂੰ ਭਾਉਂਦਾ ਹੈ ਉਹ ਕਰਦਾ ਹੈ। (ਯਥਾ-ਜੋ ਤਿਸੁ ਭਾਵੈ ਸੋਈ ਕਰਸੀ.....)।

– ਇਤਿ –

---

੧. ਕਹਿਣਾ ਦਾ ਅਰਥ ਏਥੇ ਹੈ ਮੈਂ ਕਹਿਣਾ ਹੈ ਭਾਵ 'ਮੈਂ ਕਹਿਣੀਆਂ ਹਨ', ਜੈਸੇ ਹੋਰ ਥਾਵੇਂ ਆਪ ਨੇ ਫੁਰਮਾਯਾ ਹੈ:-= 'ਕਹਣਾ ਹੈ ਕਿਛੁ ਕਹਣ ਨ ਜਾਇ॥ (ਗਉ:ਮ:੧-੩)। (ਅ) ਐਉਂ ਬੀ ਲਾਉਂਦੇ ਹਨ-ਵਡੇ ਦੀਆਂ ਵਡਿਆਈਆਂ ਦਾ ਕਹਿਣਾ ਕਹੀਏ ਤਾਂ ਕੁਛ ਕਿਹਾ ਨਹੀਂ ਜਾ ਸਕਦਾ। ਪਰ ਗੱਲ ਤਾਂ ਇਹ ਹੈ ਕਿ ਭਾਵੇਂ ਉਸ ਦੀ ਸਾਰੀ ਵਡਿਆਈ ਅਸੀਂ ਨਹੀਂ ਕਹਿ ਸਕਦੇ, ਪਰ ਕੁਛ ਤਾਂ ਕਹਿ ਸਕਦੇ ਹਾਂ ਤੇ ਗੁਰਸਿੱਖੀ ਦਾ ਮਾਰਗ ਹੀ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'(ਜਪੁਜੀ-੪) ਹੈ। 'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ'॥(ਜਪੁਜੀ-੨੫) ਮਟਕ ਇਹ ਹੈ ਕਿ ਵਡਿਆਈ ਨਾਲ ਅੰਤ ਨਹੀਂ ਪਾ ਸਕੀਦਾ, ਪਰ ਸਾਂਈਂ ਵਿਚ ਸਮਾਉਣ ਲਈ ਵਡਿਆਈ ਜ਼ਰੂਰ ਕਰਨੀ ਹੈ। ਇਹੀ ਮਾਰਗ ਹੈ-ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥ (ਆਸਾ ਮ:੧)

੨. ਸੰਬਾਹਿ=ਦੇਖੋ ਪੌੜੀ ੧੮-੩ ਦੀ ਹੇਠਲੀ ਟੂਕ੧ ਪੰਨਾ ੪੬੮ ਅਤੇ ਸ੍ਰੀ ਗੁਰੂ ਗ੍ਰੰਥ ਕੋਸ਼ (ਖਾ:ਟ੍ਰੈ:ਸੁ:)।

੩. ਧੁਰੋਂ ਕਾਰ-ਵਾਰਾਂ ਉਚਾਰਨ ਅਰਥਾਤ ਵਡਿਆਈਆਂ ਕਰਨ ਦੀ ਕਾਰ=ਸਾਈਂ ਨੇ ਗੁਰੂ ਜੀ ਨੂੰ ਪਾਈ ਹੈ, ਜੈਸੇ ਕਿ ਆਪ ਜੀ ਨੇ ਫੁਰਮਾਯਾ ਹੈ=ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ (ਵਾਰ ਮਾਝ ਮ:੧-੨੭), ਅਰਥਾਤ ਧੁਰੋਂ ਹੁਕਮ ਹੋਇਆ ਕਿ ਦਿਨੇ ਰਾਤ (ਮੇਰਾ) ਜਸ (ਵਡਿਆਈਆਂ) ਕਰੋ। ਵਾਰ=ਜਸ, ਹਰੀ ਜਸ।


www.sikhbookclub.com